੧ ੴ ਸਤਿਗੁਰ ਪ੍ਰਸਾਦਿ॥



ਕੱਬਿਤ ਸਵਯੇ

ਭਾਈ ਗੁਰਦਾਸ ਜੀ

ਸਟੀਕ



ਟੀਕਾਕਾਰ- ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ, ਅੰਮ੍ਰਿਤਸਰ

ਪ੍ਰਕਾਸ਼ਕ

ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਭੇਟਾ ੬ ਰੁਪੈ

ਸਿੱਖ ਜੀਵਨ ਕਸੌਟੀ

ਕਬਿੱਤ ਸਵੱਯੇ ਸਟੀਕ

ਭਾਈ ਗੁਰਦਾਸ ਜੀ

—ਟੀਕਾਕਾਰ—

ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ

ਪਿੰਡ ਲੱਖੂ ਵਾਲ, ਤਹਿਸੀਲ ਅਜਨਾਲਾ (ਅੰਮ੍ਰਿਤਸਰ)

—ਟੀਕਾਕਾਰ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਅੱਠ ਪੋਥੀਆਂ

ਸ੍ਰੀ ਦਸਮਗੁਰੂ ਗ੍ਰੰਥ ਸਾਹਿਬ ਸਟੀਕ ਛੇ ਪੋਥੀਆਂ

ਵਾਰਾਂ ਭਾਈ ਗੁਰਦਾਸ, ਭਗਤ ਬਾਣੀ, ਬਾਈ ਵਾਰਾਂ,

ਦਸ ਗ੍ਰੰਥੀ ਟੀਕਾ ਆਦਿ

ਪ੍ਰਕਾਸ਼ਕ

ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪੰਜਵੀਂ ਵਾਰ

ਭੇਟਾ ੬)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਪਹਿਲੇ ਤੇ ਪ੍ਰਸਿਧ ਪੰਜਾਬੀ ਟੀਕੇ ਦੇ ਪ੍ਰਸੰਸਨੀਯ

ਦੋ ਤਤਕਰਿਆਂ ਸਹਿਤ ਅੱਠ ਸੈਂਚੀਆਂ ਮੋਖ ੬੦) ਡਾਕ ਖਰਚ ਵੱਖ

ਇਹ ਟੀਕਾ ੧੯੬੫ ਬਿ: ਵਿਚ ਤਿਆਰ ਹੋਇਆ ਸੀ ਇਸ ਟੀਕੇ ਬਾਬਤ ਹੇਠ ਲਿਖੇ ਮਹਾਨ ਚੋਟੀ ਦੇ ਵਿਦਵਾਨਾਂ ਨੇ ਪ੍ਰਸੰਸਾ ਪੱਤ੍ਰ ਲਿਖੇ ਹਨ ਤੇ ਇਸ ਨੂੰ ਪੜ੍ਹਕੇ ਵਡਿਆਇਆ ਹੈ।

੧. ਬਾਬਾ ਸੁਮੇਰ ਸਿੰਘ ਮਹੰਤ ਤਖਤ ਪਟਨਾ ਸਾਹਿਬ ਜੀ
੨. ਹਜ਼ੂਰੀ ਗਿਆਨੀ ਸੰਤ ਸਿੰਘ ਜੀ ਕਪੂਰਥਲਾ।
੩. ਗਿਆਨੀ ਭਗਵਾਨ ਸਿੰਘ ਜੀ ਸੰਪਰਦਾਈ ਟਕਸਾਲੀ ਬੁੰਗਾ ਕਪੂਰਥਲਾ।
੪. ਗਿਆਨੀ ਬਖਸ਼ੀਸ਼ ਸਿੰਘ ਜੀ ਟਕਸਾਲੀ ਦਸਮ ਗ੍ਰੰਥ ਸਾਹਿਬ।
੫. ਦਿਗਵਿਜੇ ਪੰਡਤ ਸਰੂਪ ਦਾਸ ਜੀ ਉਦਾਸੀ, ਚਹੁਵੇਦਾਂ ਛਿਆਂ ਸ਼ਾਸਤ੍ਰਾਂ, ਅਠਾਰਾਂ ਪੁਰਾਣਾਂ ਦੇ ਅਧਿਆਪਕ।
੬. ਸੰਤ ਸੰਪੂਰਨ ਸਿੰਘ ਜੀ ਵੈਦ ਰਾਜ ਜਥੇਦਾਰ ਅਨੰਦਪੁਰ।
੭. ਸੋਢੀ ਸੰਤ ਸਿੰਘ ਜੀ ਮਹਾਨ ਵਿਦਵਾਨ ਅਨੰਦਪੁਰੀ।
੮. ਗਿਆਨੀ ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼ ਤੇ ਖਾਲਸਾ ਤਵਾਰੀਖ।
੯. ਮਹੰਤ ਭਗਤ ਸਿੰਘ ਜੀ ਦਮਦਮਾ ਸਾਹਿਬ ਜੀ।
੧੦. ਭਾਈ ਹਜ਼ੂਰਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ ਜੀ।
੧੧. ਸਰਦਾਰ ਕਾਨ ਸਿੰਘ ਜੀ, ਡਾਕਟਰ ਚਰਨ ਸਿੰਘ ਜੀ ਨਾਭਾ।
੧੨. ਮਹਾਰਾਜਾਧਿਰਾਜ ਸ੍ਰੀ ਹਜ਼ੂਰ ਜਗਤਜੀਤ ਸਿੰਘ ਸਾਹਿਬ
੧੩. ਸਰਦਾਰ ਬਹਾਦਰ ਸਰਦਾਰ ਧਰਮ ਸਿੰਘ ਜੀ।
੧੪. ਗਿਆਨੀ ਠਾਕਰ ਸਿੰਘ ਜੀ ਸਿੰਘ ਸਭਾ ਦੇ ਮੋਢੀ।
੧੫. ਪਰੋਫੈਸਰ ਪ੍ਰਤਾਪ ਸਿੰਘ ਜੀ ਚੀਫ ਕਾਲਜ ਲਾਹੌਰ (ਵਡਾ ਬਾਬਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰੀ ਮੰਦਰ ਅੰਦਰ ਅਖੰਡ ਪਾਠ ਸਮੇਂ ਪ੍ਰਕਾਸ਼ ਹੋਣ ਵਾਲੇ ਦੇ ਲਿਖਾਰੀ)।
੧੬. ਸੰਤ ਹੀਰਾ ਸਿੰਘ ਜੀ ਨਿਰਮਲੇ ਡੇਰਾ ਬਾਬਾ ਖੁਦਾ ਸਿੰਘ ਲਾਹੌਰ।
੧੭. ਪ੍ਰਿੰਸੀਪਲ ਜੋਧ ਸਿੰਘ ਜੀ ਖਾਲਸਾ ਕਾਲਜ।
੧੮. ਪਰੋਫੈਸਰ ਤੇਜਾ ਸਿੰਘ ਜੀ ਖਾਲਸਾ ਕਾਲਜ।

ਸੋ ਅਜੇਹੇ ਅਮੋਲਕ ਟੀਕੇ ਨੂੰ ਮੰਗਾਓ ਤੇ ਪੜ੍ਹੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਣ ਦਾ ਪਤਾ:-

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ (ਅੰਮ੍ਰਿਤਸਰ)

ਬਾਈ ਵਾਰਾਂ ਸਟੀਕ

ਅਖਬਾਰ ਪੰਥ ਸੇਵਕ ਲਾਹੌਰ ੩੧ ਅਕਤੂਬਰ ੧੯੧੭

ਭਾਈ ਬਿਸ਼ਨ ਸਿੰਘ ਜੀ ਗਿਆਨੀ ਅਧਯਾਪਕ ਖਾਲਸਾ ਕਾਲਜ ਅੰਮ੍ਰਿਤਸਰ ਜੀ ਦੀ ਵਿਦਵਤਾ ਤੇ ਪੰਥਕ ਪਰੇਮ ਸਾਡੀ ਕੌਮ ਵਿਚ ਕਾਫੀ ਪਰਸਿਧ ਹੈ ਇਹਨਾਂ ਬਹੁਤ ਸਾਰੀਆਂ ਪੁਸਤਕਾਂ ਸਿਖ ਇਤਿਹਾਸ ਤੇ ਗੁਰਬਾਣੀ ਸਬੰਧੀ ਰਚੀਆਂ ਹਨ ਜੋ ਬਹੁਤ ਹੀ ਲਾਭਦਾਇਕ ਹਨ ਆਪਦੀ ਨਵੀਂ ਰਚਨਾਂ ਸਾਡੇ ਪਾਸ ਹੁਣੇ ਹੀ ਪਹੁੰਚੀ ਹੈ ਜੋ ਇਹਨਾਂ ਦੀ ਅਥੱਕ ਮਿਹਨਤ ਦਾ ਸਿਟਾ ਹੈ ਇਹ ਰਚਨਾ ਬਾਈ ਵਾਰਾਂ ਦਾ ਟੀਕਾ ਹੈ, ਇਸ ਵਿਚ ਨਿਹੈਤ ਸੁਖੱਲੀ ਇਬਾਰਤ ਵਿਚ ਮੂਲ ਦੀ ਹਰ ਇਕ ਤੁਕ ਦੇ ਨਾਲ ਨਾਲ ਉਸਦਾ ਟੀਕਾ ਦਿਤਾ ਗਿਆ ਹੈ ਜਿਸਨੂੰ ਹਰ ਕੋਈ ਸਮਝ ਸਕਦਾ ਹੈ, ਹੋਰ ਵਾਧਾ ਇਹ ਹੈ ਕਿ ਸਾਥ ਸਾਥ ਉਥਾਨਕਾ ਤੇ ਭਾਵਾਰਥ ਭੀ ਦਿਤੇ ਗਏ ਹਨ ਸਭ ਤੋਂ ਜਰੂਰੀ ਤੇ ਲਾਭਦਾਇਕ ਗਲਾਂ ਇਸ ਦਾ ਇੰਡੈਕਸ ਹੈ ਤੇ ੮੩੦ ਵਡੇ ਸਫੇ ਦੀ ਭਾਰੀ ਪੁਸਤਕ ਹੈ.

ਬਾਈ ਵਾਰਾਂ ਸਟੀਕ

ਖਾਲਸਾ ਅਖਬਾਰ ਉਰਦੂ ਲਾਹੌਰ ੧੧ ਜਨਵਰੀ ੧੯੧੮

ਯੇਹ ਏਕ ਆਠ ਸੌ ਤੀਸ ਸਫੇ ਕੀ ਜਖੀਮ ਕਤਾਬ ਹੈ ਜਿਸ ਮੇਂ ਬਾਈ ਵਾਰੋਂ ਕਾ ਨਿਹਾਯਤ ਉਮਦਾ ਬਜੁਬਾਨ ਪੰਜਾਬੀ ਟੀਕਾ ਕੀਆ ਗਿਆਹੈ, ਅਰ ਮੋਟੇ ਟਾਇਪ ਮੇਂ ਗੁਰਬਾਣੀ ਕਾ ਫਿਕਰਾ ਹੈ, ਔਰ ਨੀਚੇ ਸਾਦਾ ਵ ਆਮ ਫਹਮ ਤਰੀਕਾ ਪੁਰ ਮਤਲਬ ਲਿਖਾ ਹੈ ਮੁਸੱਨਫ ਕਾ ਨਾਮ ਭਾਈ ਬਿਸ਼ਨ ਸਿੰਘ ਜੀ ਗਿਆਨੀ ਹੈ ਜੋ ਇਸ ਫਨ ਮੇਂ ਕਾਫੀ ਮਹਾਰਤ ਰਖਤੇ ਹੈਂ ਔਰ ਕਾਬਲ ਅਜੀਂ ਭਗਤ ਬਾਣੀ, ਭਾਈ ਗੁਰਦਾਸ ਜੀ ਕੀ ਵਾਰਾਂ,ਕਬਿਤ ਭਾਈ ਗੁਰਦਾਸ ਜੀ ਆਦਿਕ ਟੀਕੇ ਤਿਆਰ ਕਰ ਚੁਕੇ ਹੈਂ,ਜੋ ਸਿਖ ਪਬਲਕ ਮੇਂ ਨਿਹਾਯਤ ਕਦਰ ਕੀ ਨਿਗਾਹ ਸੇ ਦੇਖੇ ਜਾਤੇਹੈਂ, ਕਾਗਜ਼ ਛਪਾਈ ਬਹੁਤ ਉਮਦਾ ਹੈ ਗੁਰਬਾਣੀ ਕਾ ਮਤਲਬ ਬਿਆਨ ਕਰਤੇ ਵਕਤ ਮੁਸੱਨਫ ਨੇ ਆਪਣੀ ਤਰਫਸੇ ਏਕ ਹਰਫ ਭੀ ਨਹੀਂ ਲਿਖਾ,ਔਰ ਯਹ ਬਹੁਤ ਉਮਦਾ ਕਾਬਲ ਤਾਰੀਫ ਤਰੀਕਾ ਹੈ ਹਸਬ ਜ਼ਰੂਰਤ ਤਸ਼ਰੀਹ ਹਾਸ਼ੀਆ ਮੇਂ ਬਮੇ ਖਿਆਲ ਕੇ ਦਰਜ ਕੀ ਗਈ ਹੈ, ਗੁਰਬਾਣੀ ਸੇ ਵਾਕਫੀਅਤ ਪੈਦਾ ਕਰਨੇ ਕੇ ਲੀਏ ਐਸੀ ਕਤਾਬੇਂ ਬਹੁਤ ਮੁਫੀਦ ਹੋ ਸਕਤੀ ਹੈਂ ।

ਕਬਿੱਤ ਸਵੱਯੇ ਸਟੀਕ

ਦੀ

ਮਹਾਨ ਕੋਸ਼ ਦੇ ਕਰਤਾ ਵਲੋਂ ਅਸੀਸ

ਮੇਰੇ ਪਰਮ ਪਿਆਰੇ ਚਿਰਜੀਵੀ ਗਿਆਨੀ ਬਿਸ਼ਨ ਸਿੰਘ ਜੀ !

ਆਪ ਦਾ ਰਚਿਆ ਭਾਈ ਗੁਰਦਾਸ ਜੀ ਦੇ ਕਬਿੱਤਾਂ ਦਾ ਟੀਕਾ ਪਹੁੰਚਿਆ, ਜਿਸ ਪਰ ਅਨੇਕ ਬਾਰ ਧੰਨਯਵਾਦ ਹੈ।

ਆਪ ਨੇ ਜੋ ਆਪਣੀ ਰਚਨਾ ਪਹਿਲਾਂ ਕਈ ਵਾਰ ਭੇਜੀ ਹੈ, ਉਸ ਨੂੰ ਅਰ ਇਸ ਟੀਕੇ ਨੂੰ ਦੇਖ ਕੇ ਮੇਰਾ ਚਿਤ ਅਤੀ ਪ੍ਰਸੰਨ ਹੋਇਆ ਹੈ।

ਪਰਮ ਪਿਤਾ ਅਗੇ ਬੇਨਤੀ ਹੈ ਕਿ ਓਹ ਆਪ ਨੂੰ ਚਿਰ ਤੋੜੀ ਅਨੰਦ ਸਹਿਤ ਪੰਥ ਸੇਵਾ ਵਿਚ ਲਾਈ ਰੱਖੇ। ਜੇ ਆਪ ਜਿਹੇ ਗਿਆਨੀ ਅਰ ਗ੍ਰੰਥੀ ਸਾਡੀ ਕੌਮ ਵਿਚ ਵਾਹਿਗੁਰੂ ਦੀ ਕਿਰਪਾ ਨਾਲ ਬਹੁਤ ਹੋ ਜਾਣ ਤਾਂ ਸ਼ੀਘਰ ਹੀ ਸਾਡੀ ਪੂਰਨ ਉੱਨਤੀ ਹੋ ਸਕਦੀ ਹੈ।

ਅਰਥਾਂ ਸਹਿਤ ਗੁਰਬਾਣੀ ਦੇ ਪ੍ਰਚਾਰ ਕਰੋ

ਤਤਕਰਾ

ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ

(ਕ)

(ਘ)

(ਗ)



੧ ਓ ਸਤਿਗੁਰ ਪ੍ਰਸਾਦਿ ॥

--:--

ਕਬਿੱਤ ਸਵੈਯੇ ਸਟੀਕ

ਭਾਈ ਗੁਰਦਾਸ ਜੀ

ਸੋਰਠਾ—*ਆਦਿ ਪੁਰਖ ਆਦੇਸ, ਓਨਮ ਸ੍ਰੀ ਸਤਿਗੁਰ ਚਰਣ ॥
ਘਟ ਘਟ ਕਾ ਪਰਵੇਸ, ਏਕ ਅਨੇਕ ਬਿਬੇਕ ਸਸਿ ॥ ੧ ॥

ਦੋਹਿਰਾ—ਓਨਮ ਸ੍ਰੀ ਸਤਿਗੁਰ ਚਰਣ, ਆਦਿ ਪੁਰਖ ਆਦੇਸ ॥
ਏਕ ਅਨੇਕ ਬਿਬੇਕ ਸਸਿ, ਘਟ ਘਟ ਕਾ ਪਰਵੇਸ ॥੨॥

ਪਹਿਲੇ ਵਾਹਿਗੁਰੂ ਅਕਾਲ ਪੁਰਖ ਨੂੰ ਨਮਸ਼ਕਾਰ ਕਰਕੇ ਫੇਰ ਮੰਗਲ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਬੰਦਨਾ ਕਰਦਾ ਹਾਂ। ਇਕ ਵਾਹਿਗੁਰੂ ਜੋ ਅਨੇਕ ਰੂਪ ਹੋ ਕੇ ਜਿਵੇਂ ਅਨੇਕ ਜਲ ਪੂਰਤ ਭਾਂਡਿਆਂ ਵਿਚ ਇਕ ਹੀ ਚੰਦ੍ਰਮਾਂ ਆਪਣੇ ਪ੍ਰਤਿਬਿੰਬ ਨੂੰ ਪ੍ਰਕਾਸ਼ ਕਰਦਾ ਹੈ ਤਿਵੇਂ ਹੀ ਘਟ ਘਟ ਵਿਚ ਇਕ ਵਾਹਿਗੁਰੂ ਪ੍ਰਵੇਸ਼ ਕਰ ਰਿਹਾ ਹੈ।

ਛੰਦ—ਘਟ ਘਟ ਕਾ ਪਰਵੇਸ ਸੇਸ ਪਹਿ ਕਹਿਤ ਨ ਆਵੈ ॥
ਨੇਤਿ ਨੇਤਿ ਕਹਿ ਨੇਤਿ ਬੇਦ ਬੰਦੀਜਨ ਗਾਵੈ ॥
ਆਦਿ ਮੱਧ ਅਰੁ ਅੰਤ ਹੁਤੇ ਹੁਤ ਹੈ ਪੁਨ ਹੋਨਮ ॥
ਆਦਿ ਪੁਰਖ ਆਦੇਸ ਚਰਣ ਸ੍ਰੀ ਸਤਿਗੁਰ ਓਨਮ ॥ ੩ ॥

---

*ਇਸ ਸੋਰਠੇ ਅਤੇ ਦੋਹਰੇ ਦੇ ਤਿੰਨ ਭੇਦ ਹਨ, ਇਕ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੇ ਸ੍ਰੀ ਵਾਹਿਗੁਰੂ ਅਕਾਲ ਪੁਰਖ ਜੀ ਦੀ ਅਭੇਦਤਾਈ ਦੱਸੀ ਹੈ ਤਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਵਾਹਿਗੁਰੂ ਅਕਾਲ ਪੁਰਖ ਜੀ ਮਹਾਰਾਜ ਇਕੋ ਸਰੂਪ ਹੀ ਹਨ।

ਦੂਜਾ ਭੇਦ ਕਵੀਆਂ ਨੂੰ ਸੋਰਠੇ ਦਾ ਦੋਹਿਰਾ ਅਰ ਦੋਹਿਰੇ ਦਾ ਸੋਰਠਾ ਕਰਕੇ ਵਿਖਾਯਾ ਹੈ।

ਤੀਜਾ ਭੇਦ ਇਸ ਸੋਰਠੇ ਅਤੇ ਦੋਹਿਰੇ ਦਾ ਟੀਕਾ ਹੇਠਾਂ ਲਿਖੇ ਤਥਾ ਮੁਹਰਲੇ ਛੰਦ ਵਿਚ ਕਰਕੇ ਦਸਦੇ ਹਨ।

ਜੋ ਰਿਦੇ ਰਿਦੇ ਵਿਚ ਪ੍ਰਵੇਸ਼ ਕਰ ਰਿਹਾ ਹੈ ਓਹ ਸ਼ੇਸ਼ਨਾਗ ਪਾਸੋਂ ਕਹਿਆ ਨਹੀਂ ਜਾਂਦਾ। ਸ਼ੇਸ਼ਨਾਗ ਭੀ ਉਸ ਨੂੰ ਸਦੀਵ ਗਾ ਰਿਹਾ ਹੈ, ਅਤੇ ਸਦਾ ਸਦਾ ਤੈਥੋਂ ਬਿਨਾਂ ਹੋਰ ਕੋਈ ਨਹੀਂ ਇਸਤਰਾਂ ਕਹਿਕੇ ਚਾਰੇ ਵੇਦ ਵਾ ਬ੍ਰਹਮਾਂ ਗਾ ਰਿਹਾ ਹੈ। ਸਦਾ ਹੀ ਭੱਟ, (ਬੰਸਾਵਲੀ ਉਚਾਰਣ ਵਾਲੇ) ਗਾ ਰਹੇ ਹਨ। ਓਹ ਅਕਾਲ ਪੁਰਖ ਪਹਿਲੋ ਭੀ ਸੀ, ਅਰ ਹੁਣ ਭੀ ਹੈ ਅਤੇ ਅੰਤ ਨੂੰ ਭੀ ਹੋਵੇਗਾ। ਅਕਾਲ ਪੁਰਖ ਨੂੰ ਅਤੇ ਸਤਿਗੁਰੂ ਨਾਨਕ ਜੀ ਦੇ ਚਰਨਾਂ ਨੂੰ ਨਮਸ਼ਕਾਰ ਕਰਦਾ ਹਾਂ।

ਸੋਰਠਾ—ਅਬਿਗਤਿ ਅਲਖ ਅਭੇਵ, ਅਗਮ ਅਪਾਰ ਅਨੰਤ ਗੁਰੁ॥
ਸਤਿਗੁਰੁ ਨਾਨਕ ਦੇਵ, ਪਾਰਬ੍ਰਹਮ ਪੂਰਨ ਬ੍ਰਹਮ ॥ ੪ ॥
ਦੋਹਿਰਾ—ਅਗਮ ਅਪਾਰ ਅਨੰਤ ਗੁਰੁ, ਅਬਿਗਤਿ ਅਲਖ ਅਭੇਵ॥
ਪਾਰਬ੍ਰਹਮ ਪੂਰਨ ਬ੍ਰਹਮ, ਸਤਿਗੁਰੁ ਨਾਨਕ ਦੇਵ ॥ ੫ ॥*

ਜਿਸ ਪਾਸ ਕੋਈ ਜਾ ਨਾ ਸਕੇ ਜਿਸ ਨੂੰ ਕੋਈ ਵੇਖ ਨਾ ਸਕੇ ਜਿਸ ਦਾ ਕੋਈ ਭੇਦ ਨਾ ਪਾ ਸਕੇ ਫੇਰ ਜਿਸ ਪਾਸ ਕੋਈ ਜਨ ਜਾ ਨਾ ਸਕੇ ਓਹ ਬੜਾ ਵੱਡਾ ਗੁਰੂ ਹੈ। ਇਸਤਰਾਂ ਦੇ ਵਾਹਿਗੁਰੂ ਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਨਿਰਗੁਣ ਸਰਗੁਣ ਰੂਪ।

ਛੰਦ—ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਜਾਵਹਿੰ॥
ਨਾਮ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿੰ॥
ਸੁੰਨ ਸਮਾਧਿ ਅਗਾਧ ਸਾਧ ਸੰਗਤਿ ਸਪਰੰਪਰ॥
ਅਬਗਤਿ ਅਲਖ ਅਭੇਵ ਅਗਮ ਅਗਮਿਤਿ ਅਪਰੰਪਰ॥ ੬ ॥

ਸਤਿਗੁਰੁ ਨਾਨਕ ਦੇਵ ਜੀ ਨੂੰ ਸਭ ਦੇਵੀ ਦੇਵਤੇ ਧਿਆਂਵਦੇ ਹਨ। ਵਾਜੇ

---

*ਇਸ ਸੋਰਠੇ ਅਤੇ ਦੋਹਿਰੇ ਵਿਚ ਭੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਵਾਹਿਗੁਰੂ ਅਕਾਲ ਪੁਰਖ ਦੀ ਅਭੇਦਤਾਈ ਹੀ ਕਥਨ ਕੀਤੀ ਹੈ ਅਤੇ ਅਗਲੇ ਛੰਦ ਵਿਚ ਬਿਸਥਾਰ ਨਾਲ ਟੀਕਾ ਕੀਤਾ ਹੈ। ਇਹ ਦੋਹਿਰਾ ਅਤੇ ਹੇਠਲਾ ਛੰਦ ਇਕੱਠਾ ਕੀਤਾ ਜਾਏ ਤਾਂ ਕੁੰਡਲੀਆ ਛੰਦ ਬਣ ਜਾਂਦਾ ਹੈ ਜਿਹਾਕੁ ਕਵੀ ਅਮੀਰ ਦਾਸ ਜੀ ਨੇ ਕਹਿਆ ਹੈ।

ਯਥਾ—ਬ੍ਰਿਤਿ ਚੰਦ੍ਰੋਦਯ ਵਿਚੋਂ:—
ਇਹ ਦੋਹਾ ਧਰ ਆਦਿ ਮੈਂ, ਅੰਤ ਅਰਧ ਤੁਕ ਲੇਇ।
ਛਪੈ ਆਦਿ ਕੀ ਚਾਰ ਜੋ, ਤਾਂਕੇ ਆਦਿ ਧਰੇਇ॥ ੫॥

ਵਜਾਇਕੇ, ਰਾਗ ਛੀ ਅਤੇ ਉਹਨਾਂ ਦੀਆਂ ਰਾਗਨੀਆਂ ਭੀ ਅਸਚਰਜ ਰੂਪ ਦੁਆਰਾ ਗੁਰੂ ਸਾਹਿਬ ਜੀ ਦੇ ਗੁਣ ਗਾਉਂਦੀਆਂ ਹਨ। ਅਫੁਰ ਬਿਅੰਤ ਵਿਚ ਸਮਾਧੀ ਲਗਾਕੇ ਸਾਧ ਸੰਗਤ ਵਿਚ ਜੋ ਵਸਦੇ ਹਨ ਅਤੇ (ਸਪਰੰ) (ਪਰ) ਚੇਤਨ ਤੇ ਜੜ ਸਭ ਜੀਵ ਗਾਉਂਦੇ ਹਨ। ਅਸਚਰਜ ਅਤੇ ਜੋ ਅਲਖ ਹੈ ਭੇਦ ਉਸਦਾ ਕੋਈ ਨਹੀਂ ਪਾ ਸਕਦਾ ਕੋਈ ਗੰਮਤਾ ਨਹੀਂ ਕਰ ਸਕਦਾ (ਅਗਮਿਤਿ) ਮਰਯਾਦਾ ਤੋਂ ਰਹਿਤ, ਭਾਵ ਜਿਸਦੀ ਮਰਯਾਦਾ ਨਹੀਂ ਪਾਈ ਜਾਂਦੀ।

ਸੋਰਠਾ—ਜਗਮਗ ਜੋਤਿ ਸਰੂਪ, ਪਰਮ ਜੋਤਿ ਮਿਲਿ ਜੋਤਿ ਮਹਿ॥
ਅਦਭੁਤ ਅਤਿਹਿ ਅਨੂਪ, ਪਰਮ ਤੱਤ ਤੱਤਹਿ ਮਿਲਯੋ॥੭॥
ਦੋਹਿਰਾ—ਪਰਮ ਜੋਤਿ ਮਿਲ ਜੋਤ ਮਹਿ, ਜਗਮਗਿ ਜੋਤਿ ਸਰੂਪ॥
***ਪਰਮ ਤੱਤ ਤੱਤਹਿ ਮਿਲਯੋ, ਅਦਭੁਤ ਅਤਿਹਿ ਅਨੂਪ॥੮॥**

ਪ੍ਰਗਟ ਹੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੋਤੀ ਸਰੂਪ ਦੀ ਪ੍ਰਕਾਸ਼ ਰਹੀ ਹੈ, (ਪਰਮ ਜੋਤਿ) ਸ੍ਰੀ ਗੁਰੂ ਨਾਨਕ ਜੀ ਵਿਚ ਮਿਲਕੇ ਜੋਤਿ ਗੁਰੂ ਅੰਗਦ ਜੀ ਜੋਤੀ ਸਰੂਪ ਹੋਏ। ਇਹ ਅਸਚਰਜ ਬਹੁਤ ਹੀ ਸੁੰਦਰ ਹੈ, ਜੋ (ਪਰਮ ਤੱਤ) ਸ੍ਰੀ ਗੁਰੂ ਨਾਨਕ ਜੀ ਨਾਲ (ਤੱਤਹਿ) ਸ੍ਰੀ ਗੁਰੂ ਅੰਗਦ ਜੀ ਮਿਲੇ।

ਛੰਦ—ਅਦਭੁਤ ਅਤਹਿ ਅਨੂਪ ਰੂਪ ਪਾਰਸ ਕੈ ਪਾਰਸ॥
ਗੁਰੁ ਅੰਗਦ ਮਿਲ ਅੰਗ ਸੰਗ ਮਿਲ ਸੰਗ ਉਧਾਰਸ॥
ਅਕਲ ਕਲਾ ਭਰਪੂਰ ਸੂਤ੍ਰ ਗਤਿ ਓਤ ਪੋਤ ਮਹਿ॥
ਜਗ ਮਗ ਜੋਤਿ ਸਰੂਪ ਜੋਤਿ ਮਿਲ ਜੋਤਿ ਜੋਤਿ ਮਹਿ॥ ੯॥

ਇਹ ਬੜਾ ਅਸਚਰਜ ਸੁੰਦਰ ਕਾਰਣ ਹੈ ਜੋ ਪਾਰਸ ਰੂਪ ਸ੍ਰੀ ਗੁਰੂ ਨਾਨਕ ਜੀ ਦਾ ਰੂਪ ਸ੍ਰੀ ਗੁਰੂ ਅੰਗਦ ਜੀ ਪਾਰਸ ਹੀ ਹੋ ਗਏ। ਸ੍ਰੀ ਗੁਰੂ ਅੰਗਦ ਜੀ ਨੂੰ ਮਿਲੇ ਸ੍ਰੀ ਗੁਰੂ ਨਾਨਕ ਜੀ, ਕਿਸਤਰਾਂ ਮਿਲੇ ਜੋ ਅੰਗ ਸੰਗ ਹੀ ਰਹੇ ਤਥਾ ਆਪਣੇ ਅੰਗਾਂ ਵਿਚੋਂ ਅੰਗਦ ਨਾਮ ਕੀਤਾ, ਉਸ ਨਾਲ ਮਿਲਕੇ ਆਪਣੇ ਆਪ ਸ੍ਰੀ ਗੁਰੂ ਅੰਗਦ ਜੀ ਭੀ ਪਾਰਸ ਹੋਏ ਅਤੇ ਜਗਤ ਨੂੰ ਭੀ ਪਾਰਸ ਕੀਤਾ। ਜੋ ਕਲਪਣਾ ਤੋਂ ਰਹਿਤ ਹੈ,(ਕਲਾ) ਸੋਲਾਂ ਕਲਾਂ ਸੰਪੂਰਣ ਵਾਹਿਗੁਰੂ ਸ੍ਰੀ ਗੁਰੂ ਨਾਨਕ ਸਭ ਸ਼ਕਤੀਆਂ ਭਰਪੂਰ ਉਹਨਾਂ ਦੀ ਅਭੇਦਤਾਈ ਸ੍ਰੀ ਗੁਰੂ ਨਾਨਕ ਨਾਲ ਅੰਦਰ ਬਾਹਰ ਸੂਤ ਦੇ ਤਾਣੇ ਪੇਟੇ ਵਾਂਗੂ ਹੋ ਗਈ। ਪ੍ਰਕਾਸ਼ ਵਾਲੀ ਜੋਤੀ ਸ੍ਰੀ ਅਕਾਲ ਪੁਰਖ ਸ੍ਰੀ ਗੁਰੂ ਨਾਨਕ ਜੋਤੀ ਸਰੂਪ

---

*ਇਸ ਸੋਰਠੇ ਤਥਾ ਦੋਹਿਰੇ ਦੇ ਮੂਲ ਦਾ ਟੀਕਾ ਅਗੇ ਛੰਦ ਵਿਚ ਹੈ. ਸੋ ਛੰਦ ਛਪੇ ਦੀਆਂ ਪਹਿਲੀਆਂ ਚਾਰ ਪੰਗਤੀਆਂ ਹਨ॥ ੮॥

ਦੀ ਸੋ ਜੋਤਿ ਸ੍ਰੀ ਗੁਰੂ ਅੰਗਦ ਜੀ ਵਿਚ ਮਿਲੀ ਤੇ ਸ੍ਰੀ ਗੁਰੂ ਅੰਗਦ ਜੀ ਜੋਤ ਸਰੂਪ ਹੋਏ।

ਸੋਰਠਾ—ਅੰਮ੍ਰਿਤਿ ਦ੍ਰਿਸ਼ਟਿ ਨਿਵਾਸ, ਅੰਮ੍ਰਿਤਬਚਨ ਅਨਹਦ ਸ਼ਬਦ॥
ਸਤਿਗੁਰੂ ਅਮਰ ਪ੍ਰਗਾਸ, ਮਿਲ ਅੰਮ੍ਰਿਤ ਅੰਮ੍ਰਿਤ ਭਏ ॥੧੦॥

ਦੋਹਿਰਾ—ਅੰਮ੍ਰਿਤ ਬਚਨ ਅਨਹਦ ਸ਼ਬਦ, ਅੰਮ੍ਰਿਤਦ੍ਰਿਸ਼ਟਿ ਨਿਵਾਸ॥
ਮਿਲ ਅੰਮ੍ਰਿਤ ਅੰਮ੍ਰਿਤ ਭਏ, ਸਤਿਗੁਰ ਅਮਰ ਪ੍ਰਗਾਸ ॥੧੧॥

ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਹੈ ਅਤੇ ਅੰਮ੍ਰਿਤ ਹੀ ਬਚਨਾਂ ਵਿਚ ਹੈ, ਸੋ ਇਕ ਰਸ ਸ਼ਬਦ ਦਾ ਉਪਦੇਸ਼ ਕਰਦੇ ਹਨ। ਸ੍ਰੀ ਗੁਰੂ ਅਮਰ ਦਾਸ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅੰਗਦ ਜੀ ਨਾਲ ਮਿਲ ਗਿਆ, ਅੰਮ੍ਰਿਤ ਦਾ ਰੂਪ ਅੰਮ੍ਰਿਤ ਹੀ ਹੋ ਗਏ ਤਥਾ ਸ੍ਰੀ ਗੁਰੂ ਅੰਗਦ ਜੀ ਨੇ ਆਪਣਾ ਰੂਪ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਰ ਲਿਆ।

ਛੰਦ—ਸ੍ਰੀ ਗੁਰ ਅਮਰ ਪ੍ਰਗਾਸ ਤਾਸ ਚਰਨਾਮ੍ਰਿਤ ਪਾਵੈ॥
ਕਾਮ ਨਾਮ ਨਿਹਕਾਮ ਪਰਮ ਪਦ ਸਹਿਜ ਸਮਾਵੈ॥
ਗੁਰਮੁਖਿ ਸੰਧਿ ਸੁਗੰਧਿ ਸਾਧ ਸੰਗਤਿ ਨਿਜ ਆਸਨ॥
ਅੰਮ੍ਰਿਤ ਦ੍ਰਿਸ਼ਟਿ ਨਿਵਾਸ ਅੰਮ੍ਰਿਤ ਮੁਖ ਬਚਨ ਪ੍ਰਗਾਸਨ ॥੧੨॥

ਸ੍ਰੀ ਗੁਰੂ ਅਮਰਦਾਸ ਜੀ ਜੋ ਪ੍ਰਕਾਸ਼ ਸਰੂਪ ਹਨ ਓਹਨਾਂ ਦੇ ਚਰਨਾਂ ਦਾ ਅੰਮ੍ਰਿਤ, ਸਾਧ ਸੰਗਤ ਪਾਉਂਦੀ ਹੈ। ਸਤਿਗੁਰੂ ਕਿਸੇ ਵਸਤ ਦੀ ਲੋੜ ਨਹੀਂ ਰਖਦੇ। (ਰਾਤ ਨੂੰ ਦੇਗਾਂ ਧੋਇਕੇ ਦਰਯਾ ਵਿਚ ਸਭ ਅੰਨ ਪ੍ਰਵਾਹ ਕਰ ਦਿੰਦੇ ਹੈਸਨ) ਐਸਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦਾ ਹੈ, (ਪਰਮ ਪਦ) ਜੋ ਵਾਹਿਗੁਰੂ ਨਾਨਕ ਜੀ ਹੈ ਉਸ ਨਾਲ ਗਜਾਨ ਸੰਜਗਤ ਸਮਾਈ ਕਰਦੇ ਹਨ। ਫਿਰ ਗੁਰਮੁਖਾਂ ਨਾਲ ਜਿਨ੍ਹਾਂ ਦੀ ਮਿਲੌਨੀ ਹੈ, (ਸੁਗੰਧਿ) ਭਗਤੀ ਜਿਨਾਂ ਦੀ ਪਰਗਟ ਹੈ, ਸਾਧ ਸੰਗਤ ਵਿਚ ਜਿਨਾਂ ਦਾ ਨਿਵਾਸ ਹੈ, ਆਸਣ ਸਿੰਘਾਸਨ ਪਰ ਲਾਕੇ ਬੈਠਦੇ ਹਨ। ਜਿਨਾਂ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਹੈ ਅਤੇ ਅੰਮ੍ਰਿਤ ਦੇ ਭਰੇ ਹੋਏ ਮੁਖੋਂ ਬਚਨ ਕਢਦੇ ਹਨ।

ਸੋਰਠਾ—ਬ੍ਰਹਮਾਸਣ ਬਿਸ੍ਰਾਮ, ਗੁਰ ਭਏ ਗੁਰਮੁਖਿ ਸੰਧਿ ਮਿਲ॥
ਗੁਰਮੁਖਿ ਰਮਤਾਂ ਰਾਮ, ਰਾਮ ਨਾਮ ਗੁਰਮੁਖਿ ਭਏ ॥੧੩॥

ਦੋਹਿਰਾ—ਗੁਰ ਭਏ ਗੁਰਮੁਖਿ ਸੰਧਿ ਮਿਲ, ਬ੍ਰਹਮਾਸਣ ਬਿਸ੍ਰਾਮ॥
ਰਾਮ ਨਾਮ ਗੁਰਮੁਖਿ ਭਏ, ਗੁਰਮੁਖਿ ਰਮਤਾ ਰਾਮ॥ ੧੪॥

ਜੋ ਵਾਹਿਗੁਰੂ ਵਿਚ ਆਸਣ ਕਰਕੇ ਭਾਵ ਨਿਵਾਸ ਕਰਕੇ ਗੁਰੂ ਨਾਨਕ ਜੀ

ਹੋਏ ਗੁਰੂ ਪੂਜਨੀਕ. ਫਿਰ (ਗੁਰਮੁਖ) ਗੁਰੂ ਅੰਗਦ ਜੀ ਨਾਲ ਮਿਲੌਣੀ ਹੋਈ, ਤਥਾ ਸ੍ਰੀ ਗੁਰੂ ਅੰਗਦ ਜੀ ਭੀ ਓਹਨਾਂ ਨੂੰ ਮਿਲਕੇ ਓਹੋ ਜਿਹੇ ਹੀ ਹੋ ਗਏ। (ਗੁਰਮੁਖ) ਜਿਨਾਂ ਦਾ ਗੁਰੂ ਵਲ ਮੁਖ ਹੈ ਭਾਵ ਜੋ ਗੁਰੂ ਜੀ ਦਾ ਬਚਨ ਮੰਨਦੇ ਹਨ, (ਰਮਤਾ ਰਾਮ) ਵਾਹਿਗੁਰੂ ਨੂੰ ਉਚਾਰਕੇ ਅਤੇ ਵਾਹਿਗੁਰੂ ਨਾਲ ਮਿਲਕੇ (ਰਾਮ ਨਾਮ) ਸ੍ਰੀ ਗੁਰੂ ਰਾਮਦਾਸ ਜੀ ਗੁਰਮੁਖ ਹੋਏ।

ਛੰਦ—ਗੁਰਮੁਖਿ ਰਮਤਾ ਰਾਮ ਨਾਮ ਗੁਰਮੁਖਿ ਪ੍ਰਗਟਾਇਓ ॥
ਸ਼ਬਦ ਸੁਰਤਿ ਗੁਰ ਗਤਾਨ ਧਤਾਨ ਗੁਰੁ ਗੁਰੂ ਕਹਾਇਓ ॥
ਦੀਪ ਜੋਤਿ ਮਿਲ ਦੀਪ ਜੋਤਿ ਜਗ ਮਗ ਅੰਤਰ ਉਰ ॥
ਗੁਰਮੁਖਿ ਰਮਤਾ ਰਾਮ ਸੰਧਿ ਗੁਰਮੁਖਿ ਮਿਲ ਭਏ ਗੁਰ ॥੧੫॥

ਜਿਨਾਂ ਦਾ ਗੁਰੂ ਜੀ ਵਲ ਮੁਖ ਹੈ ਉਹ ਵਾਹਿਗੁਰੂ ਜੀ ਨੂੰ ਉਚਾਰਣ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਹੋਏ, ਆਪਣੇ ਆਪ ਨੂੰ ਓਹਨਾਂ ਬਹੁਤ ਪ੍ਰਗਟਾਵਨਾ ਕੀਤਾ ਤਥਾ—ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਵਿਚੋਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਪ੍ਰਗਟਾਇਆ। ਸਤਿਗੁਰੂ ਦੇ ਉਪਦੇਸ਼ ਵਿਚ ਸੁਰਤਿ ਗਤਾਤ ਵਾ ਸ੍ਰੇਸ਼ਟ ਪ੍ਰੀਤੀ ਕਰਕੇ ਅਤੇ ਗੁਰਾਂ ਤੋਂ ਗਿਆਨ ਦੀ ਪ੍ਰਾਪਤੀ ਕਰਕੇ ਧਿਆਨ ਵਾਹਿਗੁਰੂ ਵਿਚ ਲਾਇਆ ਅਤੇ ਆਪ (ਗੁਰੂ) ਪੂਜਨੀਕ ਗੁਰੂ ਕਹਾਏ। ਦੀਵੇ ਦੀ ਜੋਤ ਦੀਵੇ ਨੂੰ ਮਿਲ ਗਈ, ਭਾਵ—ਦੀਵੇ ਨਾਲ ਦੀਵਾ ਜਗਾਈਏ ਤਾਂ ਦੀਵੇ ਦੀ ਪਹਿਲੇ ਦੀਵੇ ਵਰਗੀ ਹੀ ਜੋਤ ਹੁੰਦੀ ਹੈ ਸੋ ਪ੍ਰਕਾਸ਼ ਕਰ ਰਹੀ ਹੈ (ਅੰਤਰ ਉਰਿ) ਹਿਰਦੇ ਵਿਚ ਅਰਥਾਤ ਸ੍ਰੀ ਗੁਰੂ ਅਮਰਦਾਸ ਜੀ ਨੂੰ ਉਚਾਰਣ ਕਰਕੇ (ਸੰਧਿ) ਮਿਲਕੇ ਸ੍ਰੀ ਗੁਰੂ ਰਾਮਦਾਸ ਜੀ (ਗੁਰੂ) ਪੂਜਨੀਕ ਹੋਏ।

ਇਥੋਂ ਅਗੇ ਹੁਣ ਬਿੰਦੀ ਗੱਦੀ ਵਰਨਨ ਹੋਈ ਹੈ ਅਰਥਾਤ ਜੋ ਟਹਿਲੂਏ ਗੱਦੀ ਲੈ ਜਾਂਦੇ ਸਨ, ਸੋ ਬੀਬੀ ਭਾਨੀ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਪਿਤਾ ਪਾਸੋਂ ਵਰ ਮੰਗ ਲਿਆ ਹੋਇਆ ਸੀ ਕਿ ਘਰ ਦੀ ਗੱਦੀ ਘਰ ਹੀ ਰਹੇ। ਸੋ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਦ ਗੱਦੀ ਮਿਲੀ ਤਾਂ ਓਹਨਾਂ ਨੇ ਯੋਗ ਸਰਬ ਸ਼ਕਤੀਵਾਨ ਆਪਣੇ ਪੁਤ੍ਰ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ ਹੀ ਗੁਰੂ ਬਣਾਯਾ।

ਸੋਰਠਾ—ਆਦਿ ਅੰਤ ਬਿਸਮਾਦ, ਫਲ ਦ੍ਰੂਮ ਗੁਰਸਿਖ ਸੰਧਿ ਗਤਿ ॥
ਆਦਿ ਪਰਮ ਪਰਮਾਦ, ਅੰਤ ਅਨੰਤ ਨ ਜਾਨੀਐ ॥੧੬॥

ਦੋਹਿਰਾ—ਫਲ ਦ੍ਰੂਮ ਗੁਰਸਿਖ ਸੰਧਿ ਗਤਿ, ਆਦਿ ਅੰਤ ਬਿਸਮਾਦ ॥
ਅੰਤ ਅਨੰਤ ਨ ਜਾਨੀਐ, ਆਦਿ ਪਰਮ ਬਿਸਮਾਦ॥੧੭॥

(ਆਦਿ) ਪਹਿਲੇ (ਦ੍ਰੂਮ) ਬ੍ਰਿਛ ਫਿਰ (ਅੰਤ) ਪਿਛੋਂ ਨੂੰ ਫਲ ਪ੍ਰਗਟਾਇਆ

ਭਾਵ ਏਹ ਕਿ ਫਲ ਲਗਾ। ਸੋ ਇਹ (ਬਿਸਮਾਦ) ਅਸਚਰਜ (ਗਤਿ) ਰੀਤੀ ਹੈ ਜੋ ਗੁਰੂ ਤੇ ਸਿਖ ਦੀ ਮਿਲੌਣੀ ਹੋ ਗਈ ਅਰਥਾਤ ਅਗੇ ਸਿਖਾਂ ਨੂੰ ਗੱਦੀ ਮਿਲਦੀ ਸੀ ਹੁਣ ਪੁਤ੍ਰ ਹੀ ਸਿਖ ਰੂਪ ਗੁਰਾਂ ਨੂੰ ਮਿਲਕੇ ਸਤਿਗੁਰੂ ਹੋਏ। (ਪਰਮਪਦ) ਜੋ ਮਾਇਆ ਵਾ ਕਾਇਰਤਾਈ ਤੋਂ ਰਹਿਤ ਹੈ ਵਾ ਪਰੇ ਹੈ, ਫਿਰ (ਪਰਮ) ਉਤਕ੍ਰਿਸ਼ਟ ਤਥਾ ਚੰਗਾ ਹੈ, ਫਿਰ ਸਰਬ ਦੀ ਆਦਿ ਹੈ, ਉਸ ਅਨੰਤ ਦਾ ਅੰਤ ਨਹੀਂ ਜਾਣਿਆਂ ਜਾਂਦਾ ਵਾ (ਅਨੰਤ) ਸ਼ੇਸ਼ਨਾਗ ਭੀ ਉਸ ਵਾਹਿਗੁਰੂ ਅਨੰਤ ਦਾ ਅੰਤ ਨਹੀਂ ਜਾਣ ਸਕਦਾ।

ਛੰਦ—ਆਦਿ ਪਰਮ ਪਰਮਾਦ ਨਾਦ ਮਿਲਿ ਨਾਦ ਸਬਦ ਧੁਨਿ॥
ਸਲਿਲਹਿ ਸਲਿਲ ਸਮਾਇ ਨਾਦ ਸਰਿਤਾ ਸਾਗਰ ਸੁਨਿ॥
ਨਰ ਪਤਿ ਸੁਤ ਨ੍ਰਿਪ ਹੋਤ ਜੋਤਿ ਗੁਰਮੁਖਿ ਗੁਨ ਗਰਜਨ॥
ਰਾਮ ਨਾਮ ਪਰਸਾਦਿ ਭਏ ਗੁਰ ਤੇ ਗੁਰ ਅਰਜਨ॥੧੮॥

(ਆਦਿ) ਵਾਹਿਗੁਰੂ (ਪਰਮ) ਸ੍ਰੇਸ਼ਟ (ਪਰਮਾਦ) ਕਾਇਰਤਾ ਵਿਹੀਨ ਤਥਾ ਵਾਹਿਗੁਰੂ ਅਕਾਲ ਪੁਰਖ ਦਾ ਰੂਪ ਜੋ ਗੁਰੂ ਹਨ, ਓਹਨਾਂ ਦੇ (ਨਾਦ) ਸ਼ਬਦ ਨਾਲ (ਨਾਦ) ਬਚਨ ਦੇ (ਸ਼ਬਦ) ਉਪਦੇਸ਼ ਦੀ ਧੁਨੀ ਮਿਲੀ। ਜਿਸ ਤਰਾਂ ਪਾਨੀ ਨਾਲ ਪਾਨੀ ਮਿਲ ਜਾਂਦਾ ਹੈ ਅਤੇ (ਸਰਿਤਾ) ਨਦੀ ਅਰ ਸਮੁੰਦਰ ਦਾ ਨਾਉਂ ਵਖੋ ਵਖ ਸੁਣੀਦਾ ਹੈ ਪਰ ਅਸਲ ਵਿਚ ਇਕੋ ਹੀ ਰੂਪ ਹਨ ਕਿਉਂਕਿ ਨਦੀ ਦਾ ਜਲ (ਸਾਗਰ) ਸਮੁੰਦਰ ਵਿਚ ਮਿਲਕੇ ਇਕੋ ਹੀ ਜਲ ਹੋ ਜਾਂਦਾ ਹੈ। ਜਿਸਤਰਾਂ ਰਾਜੇ ਦਾ ਪੁਤ੍ਰ ਰਾਜਾ ਹੀ ਹੁੰਦਾ ਹੈ ਪਰ ਜੇਕਰ ਲਾਇਕ ਤਥਾ ਜੋਗ ਹੋਵੇ ਤਾਂ, ਕਿਉਂ ਜੋ ਰਾਜਾ ਰੂਪ ਸ੍ਰੀ ਗੁਰੂ ਰਾਮਦਾਸ ਜੀ ਦੇ ਭਾਵੇਂ ਤਿੰਨ ਪੁਤ੍ਰ (ਪ੍ਰਿਥੀਆ, ਮਹਾਂ ਦੇਵ, ਸ੍ਰੀ ਅਰਜਨ ਜੀ) ਸਨ ਪਰ ਜੋਗ ਗੁਰੂ ਗੱਦੀ ਦੇ ਸ੍ਰੀ ਗੁਰੂ ਅਰਜਨ ਜੀ ਹੀ ਹੋਏ ਜਿਨ੍ਹਾਂ ਨੇ ਗੁਰਾਂ ਦਾ ਬਚਨ ਮੰਨਿਆਂ। ਬਚਨ ਕਿਹੜਾ ਸੀ ਜੋ (ਗੁਰਮੁਖ) ਗੁਰਾਂ ਦ੍ਵਾਰਾ (ਗੁਨ) ਗੁਨਾਂਵਾਦਾਂ ਨੂੰ (ਗਰਜਨ) ਉਚਾਰਣ ਕੀਤਾ, (ਜੋਤਿ) ਗਜਾਤ ਤਥਾ ਗਜਾਨ ਉਤਪੰਨ ਕੀਤਾ। ਸ੍ਰੀ ਗੁਰੂ (ਰਾਮ ਨਾਮ) ਰਾਮਦਾਸ ਜੀ ਦੀ (ਪਰਸਾਦਿ) ਕ੍ਰਿਪਾ ਨਾਲ ਸ੍ਰੀ ਅਰਜਨ (ਗੁਰੂ) ਪੂਜਨੀਕ ਹੋਏ। ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਪੂਜਨੀਕ ਸ੍ਰੀ ਗੁਰੂ ਅਰਜਨ ਜੀ ਹੋਏ।

ਸੋਰਠਾ—ਪੂਰਨ ਬ੍ਰਹਮ ਬਿਬੇਕ, ਆਪਾ ਆਪ ਪ੍ਰਗਾਸ ਹੋਇ॥
ਨਾਮ ਦੋਇ ਪ੍ਰਭ ਏਕ, ਗੁਰ ਗੋਬਿੰਦ ਵਖਾਣੀਐ॥੧੯॥

ਦੋਹਿਰਾ—ਆਪਾ ਆਪ ਪ੍ਰਗਾਸ ਹੁਇ, ਪੂਰਨ ਬ੍ਰਹਮ ਬਿਬੇਕ॥
ਗੁਰ ਗੋਬਿੰਦ ਵਖਾਣੀਐ, ਨਾਮ ਦੋਇ ਪ੍ਰਭੁ ਏਕ॥੨੦॥

ਬੂਣੀ ਖੰਡਨ ਨਜਾਇ ਵਾਂਗੂੰ ਹੁਣ ਪਿਛੋਂ ਵਾਹਿਗੁਰੂ ਦਾ ਨਾਉਂ ਲੈਕੇ ਸਾਰਿਆਂ

ਗੁਰੂਆਂ ਨਾਲ ਅਭੇਦ ਕਰਦੇ ਹਨ, ਪਰ ਪਹਿਲਾਂ ਵਾਹਿਗੁਰੂ ਤੇ ਸੰਸਾਰ ਦੀ ਅਭੇਦਤਾਈ ਦਸਦੇ ਹਨ। ਜੋ ਪੂਰਨ (ਬ੍ਰਹਮ) ਵਾਹਿਗੁਰੂ ਹੈ (ਬਿਬੇਕ) ਦੋ ਤੋਂ ਇਕ ਦ੍ਵੈਤਾ ਤੋਂ ਰਹਿਤ ਅਦੁਤੀ ਹੈ, ਓਹ (ਆਪਾ) ਵਾਹਿਗੁਰੂ (ਆਪ) ਸੰਸਾਰ ਵਿਚ ਹੀ ਪ੍ਰਕਾਸ਼ ਕਰਨ ਵਾਲਾ ਹੋਯਾ। ਨਾਉਂ ਦੋ ਹਨ, ਇਕ ਸੰਸਾਰ ਤੇ ਦੂਜਾ ਪ੍ਰਭੂ, ਪਰ ਵਿਚੋਂ ਵਾਸਤਵ ਵਿਚਾਰਿਆ ਜਾਵੇ ਤਾਂ (ਪ੍ਰਭੂ) ਵਾਹਿਗੁਰੂ ਆਪ ਇਕ ਹੀ ਹੈ, ਜਿਸਦਾ ਨਾਉਂ ਗੁਰੂ ਪੂਜਨੀਕ ਪਰਮਾਤਮਾ ਆਖੀਦਾ ਹੈ।

ਛੰਦ—ਨਾਮ ਦੋਇ ਪ੍ਰਭੁ ਏਕ ਟੇਕ ਗੁਰਮੁਖਿ ਠਹਰਾਈ॥
ਆਦਿ ਭਏ ਗੁਰੁ ਨਾਮ ਦੁਤੀਅ ਗੋਬਿੰਦ ਬਡਾਈ॥
ਹਰਿ ਗੁਰ ਹਰਿ ਗੋਬਿੰਦ ਰਚਨ ਰਚ ਥਾਪ ਉਥਾਪਨ॥
ਪੂਰਨ ਬ੍ਰਹਮ ਬਿਬੇਕ ਪ੍ਰਗਟ ਹੁਇ ਆਪਾ ਆਪਨ॥੨੧॥

ਸੰਸਾਰ ਅਤੇ ਵਾਹਿਗੁਰੂ ਦੇ ਨਾਉਂ ਦੋ ਹਨ ਪਰ ਵਾਸਤਵ ਵਿਚ ਇਕੋ ਹੀ ਹਨ, ਪਰੰਤੂ ਇਹ ਟੇਕ ਕਿਨਾਂ ਨੇ ਠਹਿਰਾਈ ਹੈ? ਜਿਨਾਂ ਗੁਰਮੁਖਾਂ ਦੇ ਹਿਰਦੇ ਵਿਚ ਇਹ ਸਮਝ ਆਈ ਹੈ ਕਿ ਸੰਸਾਰ ਅਤੇ ਵਾਹਿਗੁਰੂ ਇਕ ਹੀ ਰੂਪ ਹਨ ਭਾਵ ਕਿ ਗੁਰਮੁਖਾਂ ਤੋਂ ਬਿਨਾਂ ਇਸ ਗਲ ਦਾ ਕਿਸੇ ਨੂੰ ਪਤਾ ਨਹੀਂ ਲਗਾ। ਦੂਜਾ ਅਰਥ—ਸ੍ਰੀ ਗੁਰੂ ਅਰਜਨ ਸਾਹਿਬ ਜੀ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਨਾਮ ਤਾਂ ਦੋ ਹਨ ਪਰ ਵਿਚੋਂ ਇਕ ਹੀ ਰੂਪ ਹਨ। ਆਦਿ ਜੋ ਸ੍ਰੀ ਗੁਰੂ ਨਾਨਕ ਜੀ ਤੋਂ ਲੈਕੇ ਸ੍ਰੀ ਗੁਰੂ ਅਰਜਨ ਜੀ ਤਕ ਨਾਉਂ ਹੋਏ ਹਨ ਅਤੇ ਓਹਨਾਂ ਵਿਚੋਂ ਹੀ (ਦੁਤੀਆ) ਦੋ ਨਾਵਾਂ ਵਾਲੇ 'ਗੁਰੂ' ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਹੋਏ। ਭਾਵ ਕਿ ਇਨਾਂ ਨੂੰ ਹੀ ਮੀਰੀ ਪੀਰੀ ਦੀ ਸੰਸਾਰ ਵਿਚ ਵਡਿਆਈ ਮਿਲੀ। (ਹਰਿ ਗੁਰੂ) ਵਾਹਿਗੁਰੂ ਵਾ ਸ੍ਰੀ ਗੁਰੂ ਅਰਜਨ ਜੀ (ਹਰਿ ਗੋਬਿੰਦ) ਗੁਰੂ ਵਾ ਵਾਹਿਗੁਰੂ ਇਕੋ ਹੀ ਰੂਪ ਹਨ। ਵਾਹਿਗੁਰੂ ਤਾਂ ਬ੍ਰਹਮਾਂ ਰੂਪ ਹੋਕੇ ਸੰਸਾਰ ਰਚਦਾ ਹੈ ਅਤੇ ਵਿਸ਼ਨੂੰ ਰੂਪ ਹੋਕੇ ਥਾਪਨਾ ਕਰਦਾ ਹੈ ਤਥਾ ਪਾਲਦਾ ਹੈ ਅਤੇ ਸ਼ਿਵਜੀ ਰੂਪ ਹੋਕੇ ਸੰਸਾਰ ਦਾ ਨਾਸ ਕਰਦਾ ਹੈ, ਤਥਾ ਹੀ ਸਤਿਗੁਰੂ ਜੀ ਸਿਖਾਂ ਦੇ ਮਨ ਵਿਚ ਅਤੇ ਗੁਣਾਂ ਦੀ ਰਚਨਾ ਥਾਪਨ ਕਰਦੇ ਹਨ ਅਤੇ ਮਾੜੇ ਕਰਮਾਂ ਦੀ ਉਥਾਪਨਾ ਕਰਦੇ ਹਨ, ਸਤਿਗੁਰੂ ਆਪਣੇ ਸਿਖਾਂ ਨੂੰ ਪਤਿਤ ਕਰਮਾਂ ਤੋਂ ਬਚਾਉਂਦੇ ਹਨ। (ਪੂਰਨ ਬ੍ਰਹਮ) ਵਾਹਿਗੁਰੂ (ਬਿਬੇਕ) ਦੋ ਤੋਂ ਇਕ ਹੈ ਤਥਾ ਅਦੁਤੀ ਹੈ, ਓਹ ਅਦੁਤੀ ਵਾਹਿਗੁਰੂ ਹੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਰੂਪ ਧਾਰਨ ਕਰਕੇ ਪ੍ਰਗਟ ਹੋਏ।

ਸੋਰਠਾ—ਬਿਸਮਾਦਹਿ ਬਿਸਮਾਦ, ਅਸਚਰਜਹਿ ਅਸਚਰਜ ਗਤਿ॥
ਆਦਿ ਪੁਰਖ ਪਰਮਾਦਿ, ਅਦਭੁਤ ਪਰਮਦਭੁਤ ਭਏ॥੨੨॥

ਦੋਹਿਰਾ—ਅਸਚਰਜਹਿ ਅਸਚਰਜ ਗਤਿ, ਬਿਸਮਾਦਹਿ ਬਿਸਮਾਦ ॥
ਅਦਭੁਤ ਪਰਮਦਭੁਤ ਭਏ, ਆਦਿ ਪੁਰਖ ਪਰਮਾਦ ॥੨੩॥

ਸੁਧ ਤੋਂ ਸੁਧ ਤਥਾ ਨਿਹਕੇਵਲ ਤੋਂ ਨਿਹਕੇਵਲ ਜੋ ਪ੍ਰਮਾਤਮਾ ਵਾਹਿਗੁਰੂ ਹੈ ਓਹ ਵਡੀ ਅਸਚਰਜ ਤੋਂ ਅਸਚਰਜ (ਗਤੀ) ਰੀਤੀ ਵਾਲਾ ਹੈ। ਪਹਿਲੇ ਦਾ ਜੋ ਵਾਹਿਗੁਰੂ ਹੈ (ਪ੍ਰਮਾਦ) ਮਾਯਾ ਤੋਂ ਬਿਨਾ ਉਸਨੇ ਜੋ ਕੌਤਕ ਕੀਤੇ ਹਨ, ਓਹ ਹੀ (ਪਰਮਦਭੁਤ) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਹੋਏ ਜਿਨਾਂ ਨੇ ਵਲਿਆਂ ਦੀਆਂ ਤੋਪਾਂ ਨਾਲ ਅਨੇਕਾਂ ਮਲੇਛਾਂ ਦਾ ਨਾਸ ਕੀਤਾ।

ਛੰਦ—ਆਦਿ ਪੁਰਖ ਪਰਮਾਦਿ ਸ੍ਵਾਦ ਰਸਿ ਗੰਧਿ ਅਗੋਚਰ ॥
ਦ੍ਰਿਸ਼ਟਿ ਦਰਸ ਅਸਪਰਸ ਸੁਰਤਿ ਮਤਿ ਸਬਦ ਮਨੋਚਰ ॥
ਲੋਗ ਬੇਦ ਗਤਿ ਗਯਾਨ ਲਖੇ ਨਹੀ ਅਲਖ ਅਭੇਵਾ ॥
ਨੇਤਿ ਨੇਤਿ ਕਰ ਨਮੋ ਨਮੋ ਨਮ ਸਤਿਗੁਰ ਦੇਵਾ* ॥੨੪॥

(ਆਦਿ) ਜੋ ਪਹਿਲੇ ਵਾਹਿਗੁਰੂ ਹੈ, ਮਾਯਾ ਤੋਂ ਰਹਿਤ ਓਹ (ਸੁਆਦ) ਪਦਾਰਥਾਂ ਦੇ ਅਤੇ (ਰਸ) ਛੇ ਰਸ ਖੱਟਾ, ਮਿਠਾ, ਤੁਰਸ਼ ਆਦਿ ਅਤੇ (ਗੰਧਿ) ਸੁਗੰਧੀ ਤੋਂ (ਅਗੋਚਰ) ਪਰੇ ਤੋਂ ਪਰੇ ਹੈ ਭਾਵ ਕਿ ਦ੍ਰਿਸ਼ਟੀ ਨਹੀਂ ਆਉਂਦਾ ਤੇ ਇਹ ਭੀ ਨਹੀਂ ਕੋਈ ਕਹਿ ਸਕਦਾ ਕਿ ਅਜਿਹੇ ਸੁਆਦ ਵਰਗਾ ਵਾਹਿਗੁਰੂ ਹੈ. ਜਾਂ ਅਜਿਹੀ ਸੁਗੰਧੀ ਹੈ ਜਿਸ ਤਰ੍ਹਾਂ ਹਰ ਇਕ (ਰਸ) ਦਾ ਸੁਆਦ ਲੈ ਲਈਦਾ ਹੈ। ਦ੍ਰਿਸ਼ਟੀ ਦਾ ਅਤੇ ਦਰਸ਼ਨ ਦਾ ਪਰਾ ਰੂਪ ਫਿਰ ਅਸਪਰਸ ਰੂਪ ਹੈ ਕੋਈ ਉਸ ਨੂੰ ਸਪਰਸ਼ ਨਹੀਂ ਕਰ ਸਕਦਾ, ਭਾਵ ਕਿ (ਸੁਰਤਿ) ਗਯਾਤ, (ਮਤਿ) ਬੁਧਿ (ਸਬਦ) ਚਿਤ, ਮਨ ਅਤੇ ਬੁਧ।

ਸ਼ੰਕਾ—ਇਹ ਸਾਰੇ ਜੜ੍ਹ ਚੈਤੰਨ ਹੋ ਕੇ ਕਿਸ ਤਰ੍ਹਾਂ ਚੈਤੰਨ ਦੀ ਕ੍ਰਿਯਾ ਕਰ ਰਹੇ ਹਨ ? ਇਹ ਦਸੋ ਕਿ ਕਿਸ ਆਸਰੇ ਨਾਲ ਚੈਤੰਨ ਦਾ ਕੰਮ ਕਰਦੇ ਹਨ ?

ਉੱਤਰ—(ਸ੍ਵਾਦਰਸ) ਸ੍ਵੈ—ਆਪ ਹੀ (ਦਰਸ) ਸ਼ੀਸ਼ੇ ਵਾਂਗੂੰ ਹੈ ਭਾਵ ਜਿਸ ਤਰ੍ਹਾਂ ਸ਼ੀਸ਼ੇ ਵਿਚੋਂ ਮੂਹ ਦਿਸਦਾ ਹੈ ਇਸ ਤਰਾਂ ਹੀ ਸਾਰਿਆਂ ਵਿਚ ਹੈ। ਦ੍ਰਿਸ਼ਟੀ ਤੇ ਦਰਸ਼ਨ

---

*ਇਥੋਂ ਤਕ ਮੰਗਲਾ ਚਰਨ ਦੇ ੨੪ ਅੰਗ ਆਏ ਹਨ ਤਥਾ ੨ ਸੋਰਠੇ ੨ ਦੋਹਰੇ ਤੇ ੯ ਹੀ ਛੰਦ। ਸੋ ਇਹਨਾਂ ੨੪ ਅੰਗਾਂ ਦੇ ੮ ਅੰਗ ਸਮਝਣੇ ਚਾਹੀਏ ਕਿ ੧ ਆਦਿ ਅੰ ਗ ਵਿਚ ਵਾਹਿਗੁਰੂ ਦਾ ਮੰਗਲਾ ਚਰਨ ਤੇ ੬ ਅੰਗਾਂ ਵਿਚ ਛੀ ਪਾਤਿਸ਼ਾਹੀਆਂ ਦਾ ਮੰਗਲਾ ਚਰਨ ਤੇ ਫੇਰ ਅੰਤਲੇ ਅੰਗ ਵਿਚ ਵਾਹਿਗੁਰੂ ਦਾ ਮੰਗਲਾਚਰਨ ਕਰਕੇ ਸੰਪੂਰਨ ਮੰਗਲਾ ਚਰਨ ਦੀ ਸਮਾਪਤੀ ਕੀਤੀਹੈ ਅਤੇ ਹੁਣ ਤੋਂ ਅਗੇ ੮ ਇਹ ਅਤੇ ਅਗੇ ਕਬਿਤਾਂ ਦੀ ਗਿਣਤੀ ਵਖਰੀ ਹੈ ਤਥਾ ੧ ਕਬਿਤ ਤੇ ੮ ਛੰਦ ਇਹ ਰਲ ਕੇ ਨੌ ਅੰਗ ਲਗਾ, ਤਥਾ ਕਬਿਤਾਂ ਦੀ ਗਿਣਤੀ ਫੇਰ ਭੀ ਵਖਰੀ ਕੀਤੀ ਹੈ।

ਨੂੰ (ਆ) ਵਿਸ਼ੇਸ਼ ਕਰਕੇ ਸਦਰਸ਼ ਹੈ ਅਤੇ ਮਨ ਬੁਧ, ਚਿਤ ਅਤੇ ਹੰਕਾਰ ਵਿਚ (ਚਰ) ਵਿਚਰਦਾ ਹੈ। ਲੋਕਾਂ ਦੀ ਰੀਤ ਅਤੇ ਬੇਦਾਂ ਦਾ ਗਜਾਨ ਇਹ ਭੀ ਉਸ ਨੂੰ ਨਹੀਂ (ਲਖ) ਵੇਖ ਸਕਦਾ। ਤਥਾ ਓਹ ਅਲੇਖ ਹੈ ਤੇ ਉਸ ਦਾ ਕੋਈ ਭੇਦ ਭੀ ਨਹੀਂ ਪਾ ਸਕਦਾ। (ਨੇਤਿ ਨੇਤਿ) ਸਦਾ ਸਦਾ ਨਮਸ਼ਕਾਰ ਸ੍ਰੀ ਗੁਰੂ ਜੀ ਨੂੰ ਕਰਦੇ ਹਨ ਜੋ (ਦੇਵਾ) ਪ੍ਰਕਾਸ਼ ਸਰੂਪ ਹਨ ਓਹਨਾਂ ਨੂੰ ਮਨ ਬਾਣੀ ਸਰੀਰ ਕਰਕੇ ਭਾਈ ਗੁਰਦਾਸ ਸਾਹਿਬ ਜੀ (ਨਮ) ਨਮਸ਼ਕਾਰ ਕਰਦੇ ਹਨ।

ਜਾਣਿਆਂ ਜਾਂਦਾ ਹੈ ਕਿ ਭਾਈ ਗੁਰਦਾਸ ਸਾਹਿਬ ਜੀ ਦਾ ਸਰੀਰ ਛੇਵੇਂ ਪਾਤਿਸ਼ਾਹ ਤਕ ਹੀ ਰਿਹਾ ਹੈ ਕਿਉਂ ਜੋ ਇਹਨਾਂ ਨੇ ਛਿਆਂ ਪਾਤਿਸ਼ਾਹੀਆਂ ਨੂੰ ਹੀ ਪ੍ਰਮਾਤਮਾ ਵਾਹਿਗੁਰੂ ਨਾਲ ਅਭੇਦ ਕਰਕੇ ਮੰਗਲਾ ਚਰਨ ਦੀ ਸਮਾਪਤੀ ਕੀਤੀ ਹੈ ਅਤੇ ਅਗਲੀਆਂ ਚਾਰ ਪਾਤਿਸ਼ਾਹੀਆਂ ਦੀ ਉਸਤਤੀ ਨਹੀਂ ਕਥਨ ਕੀਤੀ।

ਹੁਣ ਭਾਈ ਗੁਰਦਾਸ ਜੀ ਗੁਰੂ ਜੀ ਦੇ ਦਰਸ਼ਨ ਦਾ ਮਹਾਤਮ ਕਥਨ ਕਰਦੇ ਹਨ, ਜਦ ਕਿ ਭਾਈ ਜੀ ਕਾਂਸ਼ੀ ਵਾਲੇ ਰਾਜਾ ਪਾਸ ਜਾ ਕੇ ਪੰਡਿਤਾਂ ਵਿਚ ਕਥਾ ਕਰਦੇ ਸੀ ਅਤੇ ਉਪਦੇਸ਼ ਦੇਂਦੇ ਸੀ ਤਾਂ ਓਹਨਾਂ ਸਾਰਿਆਂ ਨੇ ਰਲ ਕੇ ਕਿਹਾ ਕਿ ਗੁਰਾਂ ਦੇ ਦਰਸ਼ਨ ਦਾ ਮਹਾਤਮ ਕੀ ਹੈ ? ਤਾਂ ਭਾਈ ਜੀ ਨੇ ਇਹ ਕਬਿਤਾਂ ਸਵੈਯਾਂ ਦੀ ਬਾਣੀ ਉਚਾਰਣ ਕਰਕੇ ਉਹਨਾਂ ਨੂੰ ਉਪਦੇਸ਼ ਕੀਤਾ ਜੋ ਕਿ ਗੁਰੂ ਸਿਖਾਂ ਨੂੰ ਭੀ ਵਿਸ਼ੇਸ਼ ਧਾਰਣਾਂ ਜੋਗ ਹੈ।

ਕਬਿੱਤ—ਦਰਸਨ ਦੇਖਤ ਹੀ ਸੁੱਧ ਕੀ ਨ ਸੁੱਧ ਰਹੀ, ਬੁੱਧ ਕੀ ਨ ਬੁੱਧ ਰਹੀ ਮਤਿ ਮੈਂ ਨ ਮਤਿ ਹੈ। ਸੁਰਤਿ ਮੈਂ ਨ ਸੁਰਤ ਔ ਧਯਾਨ ਮੈ ਨ ਧਯਾਨ ਰਹਯੋ, ਗਯਾਨ ਮੈ ਨ ਗਯਾਨ ਰਹਯੋ ਗਤ ਮੈਂ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ, ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ। ਅਦਭੁਤ ਪਰਮਦ ਭੁਤ ਬਿਸਮੈ ਬਿਸਮ, ਅਸਚਰਜੈ ਅਸਚਰਜ ਅਤਿ ਅਤਿ ਹੈ ॥ ੨੫ ॥

ਗੁਰੂ ਦਰਸ਼ਨ ਕਰਨ ਨਾਲ ਅਕਲਾਂ ਦਲੀਲਾਂ ਭੁਲ ਗਈਆਂ। ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਚੰਗੀ (ਰੀਤੀ) ਮਰਯਾਦਾ ਆ ਗਈ ਅਤੇ ਹੋਰ ਸੰਸਾਰਕ ਮਰਯਾਦਾ ਦੂਰ ਹੋ ਗਈ। ਰਤੀ, ਮਾਸਾ ਇਜ਼ਤ ਦੀ ਭੀ ਇਜ਼ਤ ਥੋੜੀ ਜਿਹੀ ਹੋ ਗਈ। ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਵਾਹਿਗੁਰੂ ਅਕਾਲ ਪੁਰਖ ਦਾ ਪ੍ਰੇਮ ਲਗਾ। ਅਸਚਰਜ ਅਸਚਰਜ ਹੀ ਸਤਿਗੁਰੂ ਹਨ, ਅਤੇ (ਬਿਸਮੈ ਬਿਸਮ) ਅਸਚਰਜ ਤੋਂ ਅਸਚਰਜ ਓਹਨਾਂ ਦਾ ਦਰਸ਼ਨ ਕਰਨ ਵਾਲੇ ਹਨ, ਅਤੇ (ਅਤਿ ਅਤਿ) ਸਿਧਾਂਤ

ਦੇ ਸਿਧਾਂਤ ਦਰਸ਼ਨ ਕਰ ਕੇ ਹੋ ਗਏ ਵਾ ਡਾਢਿਆਂ ਤੋਂ ਭੀ ਡਾਢੇ ਹਨ ਅਰਥਾਤ ਵਲੀ ਕੰਧਾਰੀ ਆਦਿਕ ਨੂੰ ਡਾਢੇ ਹੋ ਕੇ ਹੀ (ਸਤਿਗੁਰੂ ਨਾਨਕ ਜੀ) ਮਿਲੇ ਸੀ।

ਨੋਟ–ਤੀਜਾ ਅਰਥ ਜੇਹੜਾ ਹਰ ਇਕ (ਸੁਧ) ਆਦਿਕ ਦੇ ਅੰਤ ਵਿਚ ਕੀਤਾ ਹੈ ਓਹ ਸਤਿਗੁਰਾਂ ਦੇ ਦਰਸ਼ਨ ਕਰਨ ਦੀ ਮਹਾਤਮਤਾਈ ਦਾ ਕੀਤਾ ਹੈ।

ਉਥਾਨਕਾ–ਫਿਰ ਪੰਡਤਾਂ ਨੇ ਪ੍ਰਸ਼ਨ ਕੀਤਾ ਕਿ ਆਪ ਨੇ ਅਜਿਹਾਸਤਿਗੁਰਾਂ ਦਾ ਦਰਸ਼ਨ ਅਤੇ ਮਹਾਤਮ ਵਰਨਨ ਕੀਤਾ ਹੈ ਜਿਨਾਂ ਦਾ ਦਰਸ਼ਨ ਕਰਨ ਨਾਲ ਨਿਹਾਲ ਹੋ ਜਾਈਦਾ ਹੈ ਅਤੇ ਸੰਸਾਰ ਦੇ ਸਾਰੇ ਮਾੜੇ ਪਦਾਰਥਾਂ ਤੋਂ ਬਿਸੁਧ ਹੋ ਜਾਈਦਾ ਹੈ ਸੋ ਓਹ ਸਤਿਗੁਰੂ ਨਿਵਾਸ ਕਿਸ ਥਾਉਂ ਕਰਦੇ ਹਨ ? ਤਾਂ ਭਾਈ ਗੁਰਦਾਸ ਜੀ ਨੇ ਉਤਰ ਦਿਤਾ–

ਕਬਿੱਤ–ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌਂ, ਗੁਰਮੁਖਿ ਪਾਵੈ ਸੁ ਤੌ ਅਨਤ ਨ ਪਾਵਈ । ਉਨਮਨੀ ਜੋਤਿ ਪਟੰਤਰ ਦੀਜੈ ਕੌਨ ਜੋਤਿ, ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ । ਅਨਹਦ ਨਾਦ ਸਮਸਰ ਨਾਦ ਬਾਦ ਕੌਨ, ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ । ਨਿਝਰ ਅਪਾਰ ਧਾਰ ਤੁਲ ਨ ਅਮ੍ਰਿਤਰਸ, ਅਪਿਉ ਪੀਆਵੈ ਜਾਹਿ ਤਾਹੀ ਮੈਂ ਸਮਾਵਈ ॥ ੨੯ ॥

ਦਸਵੇਂ ਦ੍ਵਾਰ ਵਾ ਸਰੂਪ, ਵਾਹਿਗੁਰੂ ਵਾ ਸਤਿਸੰਗ. ਦੇ ਬਰਾਬਰ ਕੇਹੜਾ (ਭੌਨ) ਘਰ ਆਖੀਏ। ਉੱਤਰ ਕਹੋ ਕਿੰਤੂ ਕੋਈ ਭੀ ਨਹੀਂ ਹੈ ਵਾ ਕਿਤੇ ਭੀ ਨਹੀਂ ਹੈ।

ਪ੍ਰਸ਼ਨ–ਫਿਰ ਆਖਦੇ ਹਨ ਕਿ ਉਸ ਘਰ ਨੂੰ ਕੋਈ ਨਹੀਂ ਪਹੁੰਚ ਸਕਦਾ ਭਾਵ ਉਸ ਵਾਹਿਗੁਰੂ ਸਤਿਸੰਗ ਨੂੰ ਕੋਈ ਨਹੀਂ ਪ੍ਰਾਪਤ ਹੋਵੇਗਾ ਤਾਂ ਉਤਰ ਦਿੰਦੇ ਹਨ ਕਿ (ਗੁਰਮੁਖਿ) ਗੁਰਾਂ ਤੋਂ ਬਿਨਾਂ ਕੋਈ ਨਹੀਂ ਪਾ ਸਕਦਾ ਵਾ (ਗੁਰਮੁਖ) ਗੁਰਾਂ ਦਾ ਬਚਨ ਮੰਨਣ ਵਾਲੇ ਪਾਉਂਦੇ ਹਨ ਨਹੀਂ ਤਾਂ (ਅਨਤ) ਹੋਰ ਕੋਈ ਦੂਜਾ ਨਹੀਂ ਪਾ ਸਕਦਾ ।

(ਉਨਮਨੀ) ਦਸਵਾਂ ਦ੍ਵਾਰ, ਵਾਹਿਗੁਰੂ ਵਾ ਤੁਰੀਆ, ਸਤਵੀਂ ਭੂਮਕਾ ਦੀ ਗਜਾਤ ਵਾ ਸਤਸੰਗ ਉਸ ਦੀ (ਜੋਤਿ) ਪ੍ਰਕਾਸ਼ ਦੇ (ਪਟੰਤਰ) ਬਰਾਬਰ ਕੇਹੜੀ ਜੋਤਿ ਦੀ ਬਰਾਬਰੀ ਦੇਈਏ ਉਹ ਸੰਤਾਂ ਦਾ ਸਤਸੰਗ ਸਤਿਗੁਰੂ ਜੀ ਕ੍ਰਿਪਾ ਕਰ ਕੇ ਜਿਸਨੂੰ ਵਿਖਾਉਣ ਉਸ ਨੂੰ ਹੀ ਬਣ ਆਉਂਦਾ ਹੈ ਅਰਥਾਤ ਓਹੀ ਜਾਣਦਾ ਹੈ। ਉਸ ਇਕ ਰਸ (ਨਾਦ) ਸ਼ਬਦ ਦਸਵੇਂ ਦ੍ਵਾਰ ਦੇ (ਸਮਸਰ) ਤੁਲ (ਨਾਦ ਬਾਦ) ਵਾਜਾ ਵਜਣ ਵਾਲਾ ਕੇਹੜਾ ਹੈ ਵਾ ਕੇਹੜਾ ਵਾਜਾ ਐਹੋ ਜਿਹਾ ਵਜਦਾ ਹੈ, ਉਹ ਅਜਿਹੇ ਵਾਜੇ ਦਾ ਸ਼ਬਦ ਸ੍ਰੀ ਸਤਿਗੁਰੂ ਜੀ ਜਿਸ ਨੂੰ ਕ੍ਰਿਪਾ ਦ੍ਰਿਸ਼ਟੀ ਕਰ ਕੇ ਸੁਣਾਉਣ ਉਹੋ ਹੀ ਉਸ ਵਿਚ

(ਲਿਵ) ਬ੍ਰਿਤੀ ਲਾਉਂਦਾ ਹੈ। ਇਕ ਰਸ (ਅਪਾਰ ਧਾਰ) ਯੋਗਾਨੰਦ ਵਾ ਬ੍ਰਹਮਾ ਨੰਦ ਵਾਹਿਗੁਰੂ ਦੇ (ਅਨੰਦ ਦੇ ਤੁਲ) ਬਰਾਬਰ ਨਹੀਂ ਹੈ, ਅੰਮ੍ਰਿਤ ਵਰਗੇ ਸਾਰੇ ਹੀ ਰਸ ਭਾਵ ਉਸ ਸਤਸੰਗ ਵਿਚ ਜੋ ਵਾਹਿਗੁਰੂ ਜੀ ਦਾ ਨਾਮ ਜਪਿਆ ਜਾਂਦਾ ਹੈ ਉਸ ਨਾਮ ਦੇ ਸੁਖ ਦੇ ਬਰਾਬਰ ਕੋਈ ਨਿਤ ਰਹਿਣਵਾਲਾ ਸੁਖ ਨਹੀਂ ਹੈ ਫਿਰ ਅਜਿਹਾ(ਅਪਿਉ) ਅੰਮ੍ਰਿਤ ਨਾਮ ਦਾ ਰਸ ਜਿਸਨੂੰ ਸਤਿਗੁਰੂ ਕ੍ਰਿਪਾ ਕਰਕੇ ਪੀਆਉਣ ਉਸੇ ਨੂੰ ਹੀ ਬਣ ਆਉਂਦਾ ਹੈ, ਅਤੇ ਓਹ ਮਹਾਤਮਾਂ ਪੀ ਕੇ ਉਸੇ ਸਤਿਗੁਰੂ ਤਥਾ ਵਾਹਿਗੁਰੂ ਵਿਚ ਹੀ ਸਮਾ ਜਾਂਦਾ ਹੈ।

ਉਥਾਨਕਾ—ਫਿਰ ਪੰਡਤਾਂ ਨੇ ਪ੍ਰਸ਼ਨ ਕੀਤਾ ਕਿ ਉਸ ਸਤਿਸੰਗ ਵਾ ਵਾਹਿਗੁਰੂ ਜੀ ਦਾ ਅੰਮ੍ਰਿਤ ਰਸ ਗੁਰਾਂ ਪਾਸੋਂ ਉਸ ਵਕਤ ਸਿਖ ਲੈ ਕੇ ਬਸ ਹੋ ਗਏ ਅਤੇ ਅਗੇ ਨੂੰ ਸੰਪ੍ਰਦਾਯ ਨਾ ਚਲੀ ? ਤਿਸ ਪਰ ਭਾਈ ਗੁਰਦਾਸ ਜੀ ਨੇ ਉਤਰ ਦਿਤਾ—

ਕਬਿੱਤ—ਗੁਰਸਿਖ ਸੰਧਿ ਮਿਲੇ ਬੀਸ ਇਕ ਈਸ ਈਸ, ਇਤਤੇ ਉਲੰਘ ਉਤ ਜਾਇ ਠਹਿਰਾਵਈ। ਚਰਮ ਦ੍ਰਿਸ਼ਟਿ ਮੂੰਦ ਪੇਖੈ ਦਿੱਬ ਦ੍ਰਿਸ਼ਟਿ ਕੈ, ਜਗ ਮਗ ਜੋਤਿ ਉਨਮਨੀ ਸੁਧ ਪਾਵਈ। ਸੁਰਤਿ ਸੰਕੋਚਤ ਹੀ ਬੱਜਰ ਕਪਾਟ ਖੋਲ੍ਹ, ਨਾਦ ਬਾਦ ਪਰੈ ਅਨਹਤ ਲਿਵਲਾਵਈ। ਬਚਨ ਬਿਸਰਜਿਤ ਅਨਰਸ ਰਹਿਤ ਹ੍ਵੈ, ਨਿੱਝਰ ਅਪਾਰ ਧਾਰ ਅਪਿਉ ਪੀਆਵਈ ॥ ੨੧ ॥

ਜਦ ਗੁਰ ਸਿਖ ਦੀ ਆਪੋ ਵਿਚ ਦੀ ਮਿਲੌਣੀ ਮਿਲੀ ਅਤੇ ਬਚਨ ਬਿਲਾਸ ਹੋਏ ਤਾਂ ਓਹ ਸਿਖ (ਈਸ) ਇਸ ਤਰਾਂ (ਖੀਸ) ਇਸ ਸੰਸਾਰ ਨੂੰ (ਇਤ ਤੇ) ਏਧਰੋਂ (ਉਲੰਘ) ਟਪ ਗਏ ਭਾਵ ਜਨਮ ਮਰਨ ਤੋਂ ਰਹਿਤ ਹੋ ਗਏ, ਅਤੇ ਫੇਰ ਕੀ ਹੋਯਾ ਜੋ (ਉਤ ਈਸ) ਵਾਹਿਗੁਰੂ ਹੈਗਾ ਸੀ ਉਸ ਵਿਚ ਜਾ ਠਹਿਰੇ। ਫਿਰ ਕੀ ਹੋਇਆ ਕਿ ਚੰਮ ਦ੍ਰਿਸ਼ਟੀ ਓਹਨਾਂ ਦੀ (ਮੂੰਦ) ਦੂਰ ਹੋ ਗਈ ਅਤੇ ਦੇਵਤਿਆਂ ਵਾਲੀ ਨਜ਼ਰ ਨਾਲ ਵੇਖਦੇ ਹਨ ਭਾਵ ਕੀ ਕਿ ਸੰਸਾਰ ਵਿਚ ਓਹਨਾਂ ਦਾ ਵੈਰੀ ਮਿਤ੍ਰ ਕੋਈ ਨਾ ਰਿਹਾ। ਫਿਰ ਓਹ ਅਜਿਹਾ ਜਗਜਾਸੂ (ਜਗਮਗ) ਇਕ ਰਸ ਜੋ ਤੁਰੀਆ ਪਦ ਸਤਵੀਂ ਭੂਮਿਕਾ ਦੀ ਜੋਤੀ ਵਿਆਪਕ ਹੈ ਉਸ ਦੀ ਸੁਧ (ਖਬਰ) ਪਾ ਲੈਂਦਾ ਹੈ। ਤਿਸਦੀ (ਸੁਰਤਿ) ਬ੍ਰਿਤੀ ਬਾਹਰੋਂ ਸੰਸਾਰ ਦੇ ਪਦਾਰਥਾਂ ਤੋਂ (ਸੰਕੋਚ ਕੇ) ਕੱਠੀ ਕਰਕੇ ਵਾ ਹਟਾ ਕੇ (ਬੱਜਰ) ਜੜ੍ਹਤਾ ਦੇ (ਕਪਾਟ) ਤਖਤੇ ਸਤਿਗੁਰਾਂ ਨੇ ਖੋਹਲ ਦਿਤੇ ਤਥਾ ਜਿਸ ਨੇ ਬਾਹਰਲੇ ਪਦਾਰਥਾਂ ਤੋਂ ਆਪਣੀ ਬ੍ਰਿਤੀ ਕੱਠੀ ਕੀਤੀ ਉਸ ਦੇ ਜੜ੍ਹਤਾ (ਅਗਜਾਨ) ਦੇ ਤਖਤੇ ਖੁਲ੍ਹ ਗਏ (ਨਾਦ ਬਾਦ) ਓਹ ਦਸਵੇਂ ਦਵਾਰ ਦਾ ਵਾਜਾ ਜੋ ਵਜਦਾ ਹੈ ਓਹ ਜੋਗੀ ਜਨਾਂ ਨੂੰ (ਪਰੈ) ਪ੍ਰਾਪਤ ਹੁੰਦਾ ਹੈ ਭਾਵਾਰਥ ਕਿ ਉਸ ਥਾਂ ਤੇ ਵਾਹਿਗੁਰੂ ਜੀ ਦੇ ਸੰਤ

ਮਹਾਤਮਾ ਹੀ ਪਹੁੰਚਦੇ ਹਨ ਅਥਵਾ ਜੋ (ਨਾਦ ਬਾਦ) ਸੰਸਾਰ ਦਿਆਂ ਵਾਜਿਆਂ ਤੋਂ (ਪਰੈ) ਦੂਰ ਹੈ ਉਸ ਵਿਚ ਇਕ ਰਸ (ਲਿਵ) ਬ੍ਰਿਤੀ ਲਾਉਂਦੇ ਹਨ। ਫਿਰ ਓਹਨਾਂ ਮਹਾਤਮਾ ਨੇ ਬਾਹਰ ਦਾ (ਬਚਨ) ਬੋਲਣਾ (ਬਿਸਰਜਿਤ) ਦੂਰ ਕੀਤਾ ਤੇ (ਅਨਰਸ) ਦ੍ਵੈਤ ਤੋਂ ਰਹਿਤ ਹੋਏ। ਉਪਰੰਤ ਇਕ ਰਸ (ਅਪਾਰ ਧਾਰ) ਵਾਹਿਗੁਰੂ ਦੇ ਅੰਮ੍ਰਿਤ ਰਸ ਦਾ ਅਨੰਦ ਲੀਤਾ ਹੈ।

ਉਥਾਨਕਾ—ਹੁਣ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਸੰਸਾਰ ਦਾ ਸੁਖ ਭੀ ਨਹੀਂ ਛਡਿਆ ਜਾਂਦਾ ਤੇ ਪ੍ਰੇਮ ਰਸ ਭੀ ਲੈਣਾ ਚਾਹੀਦਾ ਹੈ। ਕਿਉਂ ਜੋ ਹਲਤ ਪਲਤ ਦੋਹਾਂ ਲੋਕਾਂ ਦਾ ਸੁਖ ਚਾਹੀਦਾ ਹੈ।

ਸਾਖੀ—ਜੇਹੜਾ ਬ੍ਰਾਹਮਣ (ਦੁਰਗਾ ਦਤ) ਸ੍ਰੀ ਗੁਰੂ ਅਮਰਦਾਸ ਜੀ ਨੂੰ ਤੀਰਥ ਯਾਤਰਾ ਵਿਚ ਮਿਲਿਆ ਸੀ ਅਤੇ ਜਦੋਂ ਫੇਰ ਸ੍ਰੀ ਗੁਰੂ ਜੀ ਨੂੰ ਗੁਰਿਆਈ ਮਿਲੀ ਪਿਛੋਂ ਮਿਲਣ ਆਯਾ ਸੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਬ੍ਰਾਹਮਣ ਨੂੰ ਆਖਿਆ ਹੇ ਪੰਡਿਤ ਜੀ ! ਕੁਝ ਮੰਗ ਲਓ ਤਾਂ ਬ੍ਰਾਹਮਣ ਨੇ ਸੋਚ ਕੇ ਆਖਿਆ।

'ਨਾਮ ਦੇਹਿੰ ਧਨ ਦੇਹਿੰ ਨ ਜਨ ਕੌ ਧਨ ਬਿਹੂਨ ਜਨ ਜਗ ਨ ਸੁਹਾਇ ॥
ਜੇ ਧਨ ਦੇਹਿ ਨਾਮ ਦੇਹਿ ਨ ਜਨ ਕੌ ਨਾਮ ਬਿਨਾ ਜਨ ਜਮ ਪੁਰਿ ਜਾਇ॥
ਤੁਮ ਪਹਿ ਕਹੀ ਨਹੀਂ ਬਨਿ ਆਵੈ ਜਿਉਂ ਭਾਵੈ ਤਿਉਂ ਬਨਤ ਬਨਾਇ ॥
ਗੁਰ ਅਮਰਦਾਸ ਤੇਜੋ ਕੇ ਨੰਦਨ ਦੋਨਹੁ ਨਿਰਮਲ ਪੰਥ ਚਲਾਇ ॥'

ਤਥਾ—ਦੋਵੇਂ ਸੁਖ ਚਾਹੀਦੇ ਹਨ।

ਯਥਾ—ਹਲਤ ਪਲਤ ਦੁਇ ਲੇਹੁ ਸਵਾਰਿ ॥ ਰਾਮ ਨਾਮ ਅੰਤਰਿ ਉਰਿਧਾਰਿ ॥

ਕਬਿੱਤ—ਜੌ ਲੌ ਅਨ ਰਸ ਬਸ ਤੌ ਲੌ ਨਹੀਂ ਪ੍ਰੇਮ ਰਸ, ਜੌ ਲੌ ਆਨ ਧਯਾਨ ਆਪ ਆਪ ਨਹੀਂ ਦੇਖੀਐ। ਜੌ ਲੌ ਆਨ ਗਯਾਨ ਤੌ ਲੌ ਨ ਅਧਯਾਤਮ ਗਯਾਨ, ਜੌ ਲੌ ਨਾਦ ਬਾਦ ਨ ਅਨਾਹਦ ਬਿਸੇਖੀਐ। ਜੌ ਲੌ ਅਹੰਬੁਧਿ ਸੁਧ ਹੋਇ ਨ ਅੰਤਰਿ ਗਤਿ ਜੌ ਲੌ ਨ ਲਖਾਵੈ ਤੌ ਲੌ ਅਲਖ ਨ ਲੇਖੀਐ। ਸਤਿ ਰੂਪ ਸਤਿਨਾਮੁ ਸਤਿਗੁਰੁ ਗਯਾਨ ਧਯਾਨ, ਏਕ ਹੀ ਅਨੇਕ ਮੇਕ ਏਕ ਏਕ ਭੇਖੀਐ ॥ ੨੯ ॥

ਜਿੰਨਾਂ ਚਿਰ (ਅਨਰਸ) ਦ੍ਵੈਤ ਵਾ ਹੋਰਨਾਂ ਰਸਾਂ ਦੇ ਵਸ ਜੀਵ ਹੋਇਆ ਹੋਇਆ ਹੈ ਉਤਨਾਂ ਚਿਰ (ਪ੍ਰੇਮ ਰਸ) ਦਾ ਰਸ ਨਹੀਂ ਲਿਆ ਜਾਂਦਾ, ਅਤੇ ਜਿੰਨਾ ਚਿਰ ਹੋਰ ਪਾਸਿਆਂ ਵਲੋਂ ਖਯਾਲ ਹੈ ਉਤਨਾਂ ਚਿਰ ਵਾਹਿਗੁਰੂ ਨਹੀਂ ਵੇਖਿਆ ਜਾਂਦਾ। ਜਿੰਨਾਂ ਚਿਰ ਹੋਰ ਸੰਸਾਰ ਦੇ ਸ਼ਾਸਤ੍ਰਾਂ ਵਿਚ (ਗਯਾਨ) ਲਗਾ ਹੋਯਾ ਹੈ (ਗਯਾਨ) ਜਾਨਣਾ

ਉਤਨਾਂ ਚਿਰ ਨਹੀਂ ਹੁੰਦਾ ਤਥਾ ਸੰਪੂਰਣ ਸ਼ਾਸਤ੍ਰਾਂ ਦੇ ਪੜ੍ਹਨ ਕਰਕੇ ਭੀ ਗਜਾਨ ਦੀ ਪ੍ਰਾਪਤੀ ਨਹੀਂ। (ਅਧਜਾਤਮ) ਆਤਮਾਂ ਦਾ ਗਜਾਨ ਫਿਰ ਜਿੰਨਾਂ ਚਿਰ (ਨਾਦ ਬਾਦ) ਵਾਜਿਆਂ ਦੇ ਸ਼ਬਦ ਵਿਚ ਪ੍ਰੇਮਲਗਾ ਹੋਯਾਹੈ ਉਤਨਾਂ ਚਿਰ (ਬਿਸੇਖੀ) ਹੈ ਉੱਤਮ ਵਾਜੇ ਸਤਸੰਗ ਤਥਾ ਦਸਮ ਦ੍ਵਾਰ ਦੇ ਨਹੀਂ ਸੁਣੇ ਜਾਂਦੇ। ਜਿੰਨਾਂ ਚਿਰ ਹੰਕਾਰ ਵਾਲੀ ਅਕਲ ਵਿਚ ਹੰਕਾਰ ਹੈ ਉਤਨਾਂ ਚਿਰ ਪਵਿਤ੍ਰ ਅੰਦਰ ਨਹੀਂ ਹੁੰਦਾ। ਭਾਵਾਰਥ ਕਿ ਜਿੰਨਾਂ ਚਿਰ ਹੰਕਾਰ ਵਾਲੀ ਅਕਲ ਅਸੀਂ ਦੂਰ ਨਹੀਂ ਕਰਦੇ ਉਤਨਾ ਚਿਰ ਨਾ ਸਾਡਾ ਮਨ ਸੁਧ ਹੋਵੇਗਾ ਅਤੇ ਨਾ ਹੀ ਸਾਨੂੰ ਵਾਹਿਗੁਰੂ ਮਿਲੇਗਾ।ਫਿਰ ਜਿੰਨਾਂ ਚਿਰ ਸਤਿਗੁਰੂ ਨਾ ਦਿਖਾਊਣ ਵਾਹਿਗੁਰੂ ਅਕਾਲ ਪੁਰਖ ਨੂੰ ਉਤਨਾਂ ਚਿਰ ਉਸਅਲੇਖ ਨੂੰ ਅਸੀਂਨਹੀਂ(ਲੇਖੀਐ) ਵੇਖ ਸਕਦੇ ਤਥਾ ਨਾਹੀਂ ਲਿਖਿਆ ਜਾਂਦਾ ਹੈ। ਸਤਿਗੁਰਾਂ ਦ੍ਵਾਰੇ ਸਤਿਨਾਮੁ ਵਾਹਿਗੁਰੂ ਦਾ ਗਜਾਨ ਜਦੋਂ ਹੋਯਾ ਤਾਂ ਫਿਰ ਧਜਾਨ ਕੀਤਾ (ਸਤਿਰੂਪ) ਵਾਹਿਗੁਰੂ ਵਿਚ ਅਤੇ ਫਿਰ (ਏਕ ਹੀ) ਇਕੋ ਹੀ ਜੋ ਅਕਾਲ ਪੁਰਖ ਅਨੇਕ (ਭੇਖੀਐ) ਭੇਖਾਂ ਸਰੂਪਾਂ ਵਿਚ (ਮੇਕ) ਮਿਲਿਆ ਹੋਯਾ ਹੈ ਇਕ ਇਕ ਜਾਣੀਦਾ ਹੈ।

ਉਥਾਨਕਾ—ਹੁਣ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਸਤਿਗੁਰੂ ਜੀ ਅਧਿਕਾਰੀ ਸਿਖ ਨੂੰ ਉਪਦੇਸ਼ ਦਿੰਦੇ ਹਨ ਪਰ ਉਸ ਅਧਿਕਾਰਤਾ ਦੇ ਗ੍ਰਹਿਣ ਕਰਨ ਨਾਲ ਜਿੰਨੇ ਹੀ ਸੰਸਾਰ ਦੇ ਪਦਾਰਥ ਹਨ ਓਹ ਤਦ ਹੀ ਸਫਲ ਹਨ ਜੇਕਰ ਨਾਮ ਜਪੇ ਨਹੀਂ ਤਾਂ ਸਫਲ ਨਹੀਂ ਹਨ।

ਕਬਿਤ—ਨਾਨਾ ਮਿਸ਼ਟਾਨ ਪਾਨ ਬਹੁ ਬਿੰਜਨਾਦਿ ਸ੍ਵਾਦ, ਸੀਚਤ ਸਰਬ ਰਸ ਰਸਨਾ ਕਹਾਈ ਹੈ। ਦ੍ਰਿਸਟਿ ਦਰਸ ਅਰੁ ਸਬਦੁ ਸੁਰਤਿ ਲਿਵ ਗਜਾਨ ਧਜਾਨ ਸਿਮਰਨ ਅਮਿਤ ਬਡਾਈ ਹੈ। ਸਕਲ ਸੁਰਤਿ ਅਸਪਰਸ ਔ ਰਾਗ ਨਾਦ, ਬੁਧ ਬਲ ਬਚਨ ਬਿਬੇਕ ਟੇਕ ਪਾਈ ਹੈ। ਗੁਰਮਤਿ ਸਤਿਨਾਮੁ ਸਿਮ੍ਰਤ ਸਫਲ ਹੋਇ ਬੋਲਤ ਮਧੁਰ ਧੁਨਿ ਸੁਨ ਸੁਖਦਾਈ ਹੈ ॥ ੨੯ ॥

ਕਈ ਤਰਾਂ ਦੇ ਮਿਠੇ ਖਾਣੇ ਪੀਣ ਵਾਲੇ ਅੰਮ੍ਰਿਤ ਆਦਿਕ ਰਸ ਤੇ ਬਹੁਤ ਹੀ ਭੋਜਨ ਆਦਿਕ ਸੁਆਦੀ (ਸੀਚਤ) ਪ੍ਰਾਪਤ ਵਾ ਲੈਂਦੀ ਹੈ ਇਨਾਂ ਸਾਰਿਆਂ ਰਸਾਂ ਦਾ ਅਨੰਦ ਲੈਂਦੀ ਹੈ ਤਾਂ ਰਸਨਾ ਨਾਮ ਆਪਣਾ ਸਦਾਉਂਦੀ ਹੈ ਅਥਵਾ ਓਹ ਜੇੜ੍ਹੀ ਰਸਨਾ ਹੈ ਜਿਹਦੇ ਵਿਚ ਕਈ ਤਰਾਂ ਦੇ ਪਦਾਰਥ ਪ੍ਰਾਪਤ ਹੁੰਦੇ ਹਨ। ਅਤੇ ਹੋਰ ਵੇਖਣਾ ਚੰਗਿਆਂ ਪਦਾਰਥਾਂ ਦਾ ਅਤੇ (ਸੁਰਤਿ) ਕੰਨਾਂ ਨਾਲ (ਸ਼ਬਦ) ਸੁਨਣ ਦੀ ਜੋ (ਲਿਵ) ਪ੍ਰੀਤੀ ਹੈ ਅਤੇ ਗਜਾਨ ਧਜਾਨ ਸਿਮਰਨ ਕਰਕੇ ਜੋ (ਅਮਿਤ) ਬਹੁਤੀ ਵਡਿਆਈ ਹੈ। ਅਤੇ (ਸਕਲ) ਸਾਰੀਆਂ (ਸੁਰਤ) ਗਜਾਤਾਂ (ਅਸਪਰਸ) ਬੇਰਕਤਤਾਈਆਂ ਅਤੇ ਰਾਗ

ਹਛੇ ਹਛੇ ਸ੍ਰਵਨ ਕਰਨੇ ਅਤੇ (ਨਾਦ) ਵਾਜੇ ਸੁਨਣੇ ਤਥਾ ਰਾਗਾਂ ਦੇ ਸ਼ਬਦ ਸੁਨਣੇ ਅਤੇ ਬੁਧੀ ਦੇ ਬਲ ਅਤੇ ਬਿਬੇਕ ਦੇ ਬਚਨਾਂ ਦੀ (ਟੇਕ) ਦ੍ਰਿੜਤਾ ਜੋ ਪਾਈ ਹੈ। ਅਤੇ (ਬੋਲਤ) ਮਿੱਠੀ ਬਾਣੀ ਜੋ ਬੋਲੀ ਦੀ ਹੈ ਓਹ ਸੁਣਨ ਵਿਚ ਸੁਖ ਦੇਣ ਵਾਲੀ ਹੈ। ਜੇ (ਗੁਰਮਤਿ) ਸਤਿਗੁਰਾਂ ਦੀ ਸਿਖ੍ਯਾ ਲੈ ਕੇ (ਸਤਿਨਾਮੁ) ਵਾਹਿਗੁਰੂ ਜੀ ਦਾ ਸਿਮਰਨ ਕਰੇ. ਨਹੀਂ ਤਾਂ ਸਭ ਨਿਸਫਲ ਹਨ, ਇਸ ਜੀਵ ਨੇ ਉਹਨਾਂ ਪਦਾਰਥਾਂ ਨੂੰ ਭੀ ਅਤੇ ਆਪ ਨੂੰ ਭੀ ਅਜਿਹੇ ਨਾਮ ਦੇ ਨਾ ਧਾਰਣ ਕਰਨ ਨਾਲ ਨਿਸਫਲ ਕਰ ਲਿਆ।

ਉਥਾਨਕਾ–ਹੁਣ ਆਪ ਕਥਨ ਕਰਦੇ ਹਨ ਕਿ ਇਤ੍ਯਾਦਿਕ ਪਸ਼ੂਆਂ ਨੇ ਭੀ ਆਪਣੇ ਪਜਾਰਿਆਂ ਨਾਲ ਪ੍ਰੇਮ ਕਰਕੇ ਆਪਣੇ ਆਪ ਨੂੰ ਅਰਪਣ ਕਰ ਦਿਤਾ, ਪਰੰਤੂ ਇਹ ਪਾਪੀ ਜੀਵ ਵਾਹਿਗੁਰੂ ਜੀ ਤੋਂ ਬੇਮੁਖ ਹੋਕੇ ਮਰ ਕਿਉਂ ਨਾ ਗਿਆ?

ਕਬਿਤ–ਪ੍ਰੇਮ ਰਸ ਬਸ ਹ੍ਵੈ ਪਤੰਗ ਸੰਗਮ ਨ ਜਾਨੈ, ਬਿਰਹ ਬਿਛੋਹ ਮੀਨ ਹ੍ਵੈ ਨ ਮਰ ਜਾਨੇ ਹੈ॥ ਦਰਸ ਧਿਆਨ ਜੋਤਿ ਮੈ ਨ ਹ੍ਵੈ ਜੋਤੀ ਸ੍ਵਰੂਪ, ਚਰਨ ਬਿਮੁਖ ਹੋਇ ਪ੍ਰਾਨ ਠਹਿਰਾਨੇ ਹੈ॥ ਮਿਲ ਬਿਛੁਰਤ ਗਤਿ ਪ੍ਰੇਮ ਨ ਬਿਰਹ ਜਾਨੀ, ਮੀਨ ਔ ਪਤੰਗ ਮੋਹਿ ਦੇਖਤ ਲਜਾਨੇ ਹੈ॥ ਮਾਨਸ ਜਨਮ ਧ੍ਰਿਗ ਧੰਨ ਹੈ ਤ੍ਰਿਗਦ ਜੋਨਿ, ਕਪਟ ਸਨੇਹ ਦੇਹ ਨਰਕ ਨ ਮਾਨੇ ਹੈ॥ ੩੦॥

(ਪ੍ਰੇਮ ਰਸ) ਦੀਵੇ ਦੇ ਪ੍ਰਕਾਸ਼ ਤੇ (ਬਸ) ਮੋਹਤ ਹੋਕੇ ਪਤੰਗੇ ਨੇ (ਸੰਗਮ) ਸੰਜੋਗ ਮਿਲਣ ਦੇ ਦੁਖ ਤੋਂ ਭਾਵ ਸੜ ਜਾਣ ਤੋਂ ਦੁਖ ਨਾ ਮੰਨਿਆਂ ਅਤੇ ਆਪਣਾ ਆਪ ਸਾੜਕੇ ਪ੍ਰੇਮੀ ਕਹਾਇਆ। ਫਿਰ (ਬਿਰਹ) ਜਲ ਦਾ (ਬਿਛੋਹ) ਵਿਛੋੜਾ (ਮੀਨ) ਮੱਛੀ ਨਹੀਂ ਚਾਹੁੰਦੀ ਹੈ ਭਾਵਾਰਥ ਕਿ ਓਹ ਜਾਣਦੀ ਹੈ ਕਿ ਮੈਂ ਪਾਣੀਓਂ ਬਾਹਰ ਨਿਕਲਕੇ ਮਰ ਜਾਵਾਂਗੀ। ਪਰ ਹੁਣ ਇਹ ਪਾਪੀ ਆਦਮੀ (ਜੋਤੀ) ਅਕਾਲ ਪੁਰਖ ਵਾ ਸਤਿਗੁਰੂ ਦੇ ਦਰਸ਼ਨ ਧ੍ਯਾਨ ਦੇ (ਜੋਤਿ) ਪ੍ਰਕਾਸ਼ ਵਿਚ ਨਾ ਹੋਯਾ, ਅਥਵਾ (ਜੋਤੀ) ਦੀਵੇ ਦੇ ਦਰਸ਼ਨ ਦਾ ਧ੍ਯਾਨ ਕਰਕੇ ਭਾਵ ਦੀਵੇ ਉਤੇ ਸੜਕੇ (ਜੋਤਿ ਸਰੂਪ) ਦੀਵੇ ਦਾ ਰੂਪ ਤਾਂ ਪਤੰਗਾ ਨਾ ਹੋਇਆ ਪਰ ਫਿਰ ਭੀ ਆਪਣੇ ਆਪ ਨੂੰ ਸਾੜ ਗਿਆ ਪਰ ਇਸ ਬੇਮੁਖ ਮਨੁਖ ਨੇ ਵਾਹਿਗੁਰੂ ਤਥਾ ਸਤਿਗੁਰੂ ਦੇ ਚਰਨਾਂ ਤੋਂ ਬੇਮੁਖ ਹੋਕੇ ਪ੍ਰਾਣ ਠਹਿਰਾ ਰਖੇ ਹਨ। ਪ੍ਰੇਮ ਨਾਲ ਅਕਾਲ ਪੁਰਖ ਗੁਰੂ ਨੂੰ ਮਿਲੀ ਦਾ ਹੈ ਅਤੇ (ਬਿਰਹ) ਬੇਮੁਖਤਾ ਕਰਕੇ ਅਕਾਲ ਪੁਰਖ ਗੁਰੂ ਤੋਂ (ਬਿਛੁਰਤ) ਵਿਛੜੀ ਦਾ ਹੈ। ਇਹ (ਗਤਿ) ਰੀਤੀ ਮਰਯਾਦਾ ਮਨਮੁਖਾਂ ਨੇ ਨਹੀਂ ਜਾਣੀ ਹੈ ਜੋ ਆਪਣੇ ਆਪ ਨੂੰ ਨੀਚ ਕਹਾਵੇ ਉਹ ਹੀ ਉੱਚਾ ਬਣਦਾ ਹੈ ਸੋ ਆਖਦੇ ਹਨ ਕਿ ਮੱਛੀ ਪਤੰਗਾ ਮੈਨੂੰ ਵੇਖਕੇ ਲੱਜਯਾ ਕਰਦੇ ਹਨ, ਕਿ ਅਸੀਂ ਆਪਣੇ ਪਜਾਰੇ ਨੂੰ ਵੇਖਕੇ ਸਰੀਰ ਅਰਪਣ ਕਰ ਦਿੰਦੇ ਹਾਂ

ਪਰ ਏਹ ਬੇਮੁਖ ਗੁਰਾਂ ਦਾ ਦਰਸ਼ਨ ਕਰਕੇ ਭੀ ਬੇਮੁਖ ਹੋਇਆ ਫਿਰਦਾ ਹੈ ਇਸ ਲਈ ਸਾਨੂੰ ਇਹਨੂੰ ਵੇਖਕੇ ਲਜਜਾ ਆਉਂਦੀ ਹੈ ਜਲ ਤੋਂ ਵਿਛੜਕੇ ਮਰ ਜਾਣਾ ਸਮਝਦੀ ਹੈ ਅਤੇ ਮੈਂ ਗੁਰਾਂ ਤੋਂ ਵਿਛੜਕੇ ਬਚ ਰਿਹਾ ਅਤੇ ਗੁਰਾਂ ਪਾਸ ਰਹਿਕੇ ਭੀ ਓਹਨਾਂ ਦਾ ਰੂਪ ਨਾ ਹੋਇਆ ਅਤੇ ਨਾਮ ਭੀ ਨਾ ਜਪਿਆ, ਓਹ ਮੈਨੂੰ ਬੇਮੁਖ ਵੇਖਕੇ (ਲਜਾਨੇ) ਸ਼ਰਮਾਉਂਦੇ ਹਨ ਜੋ ਇਹ ਜਿਊਂਦਾ ਹੀ ਫਿਰਦਾ ਹੈ । ਮਨੁਖਾ ਜਨਮ ਅਜਿਹਾ ਅਮੋਲਕ ਵਾਹਿਗੁਰੂ ਤੋਂ ਬੇਮੁਖਤਾ ਦੇ ਕਾਰਣ ਇਹਨੂੰ ਲਾਹਨਤ ਹੈ। ਇਸ ਮਨੁਖ ਨਾਲੋਂ (ਧੰਨ) ਓਹ (ਤ੍ਰਿਗਦ) ਮਛੀ ਪਤੰਗੇ ਦੀ ਜੋਨੀ ਜੋ ਆਪਣੇ ਪਿਆਰੇ ਨਾਲ ਪ੍ਰੇਮ ਨੂੰ ਨਿਬਾਹ ਗਏ ਹਨ, ਦੇਹ ਧਾਰਕੇ ਜੋ ਕਪਟ ਸਨੇਹੀ ਸਨ ਉਸਨੂੰ (ਨਰਕ ਨਾ ਮਾਨੇ ਹੈ) ਨਰਕ ਵੀ ਆਪਣੇ ਵਿਚ ਪੈਣਾ ਨਹੀਂ ਮੰਨਦੇ।

ਉਥਾਨਕਾ—ਹੁਣ ਆਪ ਜਗਜਾਸੂ ਵਲੋਂ ਹੋਕੇ ਕਥਨ ਕਰਦੇ ਹਨ, ਕਿ ਜਿਨ੍ਹਾ ਗੁਰਮੁਖਾਂ ਨੇ ਗੁਰਾਂ ਨਾਲ ਮਿਲਕੇ ਜਨਮ ਸੁਫਲ ਕੀਤਾ ਹੈ ਓਹਨਾਂ ਗੁਰਮੁਖਾਂ ਦਾ ਪ੍ਰਸੰਗ ਕਹੀਏ ਕਿ ਓਹਨਾਂ ਨੂੰ ਕਿੰਨਾ ਕੁ ਸੁਖ ਪ੍ਰਾਪਤ ਹੋਇਆ ਤਥਾ ਕਿੰਨਾ ਕੁ ਅਨੰਦ ਹੋਇਆ ?

ਕਬਿੱਤ—ਗੁਰਮੁਖ ਸੁਖ ਫਲ ਸ੍ਵਾਦ ਬਿਸਮਾਦ ਅਤਿ, ਅਕਥ ਕਥਾ ਬਿਨੋਦ ਕਹਿਤ ਨ ਆਵਈ ॥ ਗੁਰਮੁਖ ਸੁਖ ਫਲ ਗੰਧ ਪਰਮਦ ਭੁਤ, ਸੀਤਲ ਕੋਮਲ ਪਰਸਤ ਬਨ ਆਵਈ ॥ ਗੁਰਮੁਖ ਸੁਖ ਫਲ ਮਹਿਮਾ ਅਗਾਧ ਬੋਧ, ਗੁਰ ਸਿਖ ਸੰਧਿ ਮਿਲੇ ਅਲਖ ਲਖਾਵਈ ॥ ਗੁਰਮੁਖਿ ਸੁਖ ਫਲ ਅੰਗ ਅੰਗ ਕੋਟਿ ਸੋਭਾ, ਮਯਾ ਕੈ ਦਿਖਾਵੈ ਸੋ ਤੋ ਅਨਤ ਨ ਧਾਵਈ॥੩੧॥

ਜਿਨ੍ਹਾਂ ਗੁਰਮੁਖਾਂ ਨੂੰ (ਸੁਖ ਫਲ) ਗਜਾਨ ਮਿਲਿਆ ਹੈ, ਭਾਵ ਵਾਹਿਗੁਰੂ ਮਿਲਿਆ ਹੈ ਉਸ ਦਾ ਅਨੰਦ ਬਿਸਮਾਦ ਅਤਿ) ਬਹੁਤ ਹੀ ਅਸਚਰਜ ਹੈ ਅਤੇ ਉਹਨਾਂ ਦੇ (ਬਿਨੋਦ) ਤਮਾਸ਼ਿਆਂ ਦੀ ਕਥਾ ਭੀ (ਅਕਥ) ਕਹੀ ਨਹੀਂ ਜਾਂਦੀ ਤਥਾ ਜੇ ਓਹ ਕਿਸੇ ਨੂੰ ਸਹਿਜ ਸੁਭਾਉ ਵਰ ਸ੍ਰਾਪ ਦੇ ਦਿੰਦੇ ਹਨ ਤਾਂ ਉਸ ਦਾ ਕੁਝ ਪਤਾ ਨਹੀਂ ਲਗਦਾ।

ਸ਼ੰਕਾ—ਜਗਜਾਸੂ ਨੇ ਕਿਹਾ ਕਿ ਜੇਕਰ ਕੁਝ ਭੀ ਪਤਾ ਨਹੀਂ ਲਗਦਾ ਤਾਂ ਮੈਨੂੰ ਕੀ ਪਤਾ ਲਗੇਗਾ ਜੋ ਉਸ ਦਾ ਅਨੰਦ ਕੀ ਹੈ ? ਕੁਝ ਨਹੀਂ ਕੁਝ ਨਹੀਂ ਕਰੀ ਗਏ ਤਾਂ ਸੰਗਤ ਕੀ ਲਾਭ ਉਠਾਇਗੀ ?

ਉੱਤਰ—ਫਿਰ ਆਪ ਆਖਦੇ ਹਨ ਕਿ ਉਸ (ਸ੍ਵਾਦ) ਅਨੰਦ ਦਾ ਕੁਝ ਵਰਨਣ ਕਹਿਣ ਵਿਚ ਨਹੀਂ ਆਉਂਦਾ।

ਫਿਰ ਆਖਦੇ ਹਨ ਕਿ ਜੋ ਗੁਰਮੁਖਾਂ ਨੂੰ (ਸੁਖ ਫਲ) ਗਯਾਨ ਪ੍ਰਾਪਤ ਹੋਯਾ ਹੈ ਉਸ ਦੀ (ਗੰਧ) ਸੁਗੰਧੀ ਭਾਵ ਭਗਤੀ (ਪਰਮਦਭੁਤ) ਅਭੇਦ ਹੈ। ਭਾਵਾਰਥ ਕਿ ਕਿਸੇ ਥਾਂ ਕਿਸੇ ਕੁਲ ਵਿਚ ਭਗਤ ਹੋਵੇ ਉਸ ਦੀ ਭਗਤੀ ਚਹੁੰ ਕੁੰਟਾਂ ਵਿਚ ਜਾਣੀ ਜਾਂਦੀ ਹੈ। ਯਥਾ ਗੁਰ ਪ੍ਰਮਾਣ 'ਜਿਸੁ ਨੀਚ ਕਉ ਕੋਈ ਨ ਜਾਨੈ । ਨਾਮ ਜਪਤ ਚਹੁੰਕੁੰਟ ਮਾਨੈ' ਫਿਰ ਓਹ ਭਗਤ ਕਿਹੋ ਜਿਹੇ ਹੁੰਦੇ ਹਨ ਕਿ ਜਿਨਾਂ ਦਾ ਹਿਰਦਾ ਸੀਤਲ ਅਤੇ ਬਾਣੀ ਕੋਮਲ ਹੈ ਇਸ ਲਈ ਓਨਾਂ ਦਾ ਦਰਸ਼ਨ(ਪਰਸਤ)ਪਰਸਨਾ ਕਰਨਾ ਹੀ ਬਨ ਆਉਂਦਾ ਹੈ ਵਾ ਜੋ ਓਹਨਾਂ ਦੇ ਸੀਤਲ ਹਿਰਦੇ ਤੋਂ ਬਾਣੀ ਰਚੀ ਗਈ ਹੈ ਓਹ ਪਰਸਣੀ ਤਥਾ ਜਪਣੀ ਹੀ ਬਣ ਆਉਂਦੀ ਹੈ । ਜਿਨ੍ਹਾਂ ਨੂੰ ਗਯਾਨ ਪ੍ਰਾਪਤ ਹੋਇਆ ਹੈ ਓਹਨਾਂ ਦੀ ਮਹਿਮਾਂ ਨੂੰ (ਬੋਧ) ਜਾਨਣਾ (ਅਗਾਧ) ਮੁਸ਼ਕਲ ਹੈ।

ਯਥਾ-'ਸਾਧ ਕੀ ਮਹਿਮਾ ਬੇਦ ਨ ਜਾਨਹਿ। ਜੇਤਾ ਸੁਨਹਿ ਤੇਤਾ ਬਖਿਆਨਹਿ।'

ਸ਼ੰਕਾ-ਫਿਰ ਜਗਜਾਸੂ ਕਹਿੰਦੇ ਹਨ ਕਿ ਆਪ ਤਾਂ ਫਿਰ ਭੀ ਇਹੀ ਕਹਿੰਦੇ ਹੋ ਕਿ ਕੁਝ ਨਹੀਂ ਜਾਣਿਆਂ ਜਾਂਦਾ ਕੁਝ ਨਹੀਂ ਕਹਿਆ ਜਾਂਦਾ ਤਾਂ ਅਸੀਂ ਅਤੇ ਸੰਗਤ ਕਿਕੁਰ ਜਾਣੇਗੀ ? ਤਾਂ ਆਪ ਆਖਦੇ ਹਨ । ਜੋ ਗੁਰੂ ਤੇ ਸਿਖਾਂ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ ਉਹਨਾਂ ਦੇ (ਅਲੱਖ) ਵਾਹਿਗੁਰੂ (ਲਖਾਵਈ) ਵੇਖਣ ਵਿਚ ਆਯਾ ਹੈ। ਭਾਵਾਰਥ ਕਿ ਜੋ ਸਿਖ ਸਤਿਗੁਰਾਂ ਨਾਲ ਮਿਲੇ ਹਨ ਉਹਨਾਂ ਨੂੰ ਸਤਿਗੁਰੂ ਜੀ ਨੇ ਵਾਹਿਗੁਰੂ ਵਿਖਾ ਦਿਤਾ ਹੈ।

ਜਿਨਾਂ ਗੁਰਮੁਖਾਂ ਨੂੰ ਗਯਾਨ ਧਯਾਨ ਪ੍ਰਾਪਤ ਹੋਯਾ ਹੈ, ਓਹਨਾਂ ਦੇ ਅੰਗਾਂ ਅੰਗਾਂ ਦੀ ਕਰੋੜਹਾਂ ਤਰਾਂ ਦੀ ਸੋਭਾ ਹੋ ਰਹੀ ਹੈ (ਮਾਯਾ) ਕਿਰਪਾ ਕਰਕੇ ਜਿਸ ਨੂੰ (ਵਾਹਿਗੁਰੂ) ਵਿਖਾਵੇ ਓਹ ਹੋਰ ਕਿਧਰੇ ਨਹੀਂ ਧਾਉਂਦਾ।

ਉਥਾਨਕਾ—ਹੁਣ ਭਾਈ ਗੁਰਦਾਸ ਜੀ ਇਸ ਪ੍ਰਸੰਗ ਪਰ ਜਗਜਾਸੂ ਵਲੋਂ ਹੋ ਕੇ ਇਸ ਕਬਿਤ ਨੂੰ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰਾਂ ਨਾਲ ਮਿਲ ਕੇ ਅਜਿਹਾ ਗਿਆਨ ਪ੍ਰਾਪਤ ਹੋਇਆ ਹੈ ਓਹਨਾਂ ਦਾ ਮਨ ਕਰਕੇ ਕਿਤੇ ਨਿਵਾਸ ਭੀ ਚਾਹੀਦਾ ਹੈ ? ਤਿਸ ਪਰ ਉਤਰ-

ਕਬਿੱਤ—ਉਲਟ ਪਵਨ ਮਨ ਮੀਨ ਕੀ ਚਪਲ ਗਤਿ ਸਤਿਗੁਰ ਪਰਚੇ ਪਰਮ ਪਦ ਪਾਏ ਹੈਂ ॥ ਸੂਰ ਸਰੁ ਸੋਖ ਪੋਖ ਸੋਮ ਸਰ ਪੂਰਨ ਕੈ, ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ ॥ ਅਜਰਹਿ ਜਾਰ ਮਾਰ ਅਮਰਹਿ ਭ੍ਰਾਤਿ ਛੋਡ, ਅਸਥਿਰ ਕੰਧ ਹੰਸ ਅਨਤ ਨ ਧਾਏ ਹੈ ॥ ਆਦੈ ਆਦਿ ਨਾਦੈ ਨਾਦ ਸਲਿਲੈ ਸਲਿਲ ਮਿਲ, ਬ੍ਰਹਮੈ ਬ੍ਰਹਮ ਮਿਲ ਸਹਜ ਸਮਾਏ ਹੈ ॥ ੩੨ ॥

ਸਤਿਗੁਰਾਂ ਦੇ (ਪਰਚੇ) ਪ੍ਰੇਮ ਉਪਦੇਸ਼ ਦੇ ਧਾਰਨ ਕਰਨ ਨਾਲ ਪਰਮ ਪਦ ਦਸਮ ਦੁਆਰ ਨੂੰ ਪਾ ਲਿਆ ਅਤੇ ਫਿਰ ਸੰਸਾਰ ਵਲੋਂ (ਪਵਨ) ਸੁਆਸਾਂ=ਮਨ ਨੂੰ ਉਲਟਾਇਆ ਜਿਨਾਂ ਦੀ (ਮੀਨ) ਮੱਛੀ ਵਾਂਗੂ (ਚਪਲ) ਚੰਚਲ (ਗਤਿ) ਚਾਲ ਸੀ। ਭਾਵਾਰਥ ਕਿ ਦਸਮੇ ਦ੍ਵਾਰ ਵਿਚ ਬ੍ਰਿਤੀ ਲਾ ਕੇ ਮਨ ਨੂੰ ਮਾੜਿਆਂ ਕੰਮਾਂ ਵਲੋਂ ਰੋਕਿਆ ਅਤੇ ਵਾਹਿਗੁਰੂ ਵਿਚ ਲਾਇਆ। (ਪੋਖ) ਨਾਉਂ ਪਾਲਨ ਦਾ ਹੈ ਪਰ ਇਥੇ ਚੜ੍ਹਾਉਣ ਦਾ ਲਗੇਗਾ ਕਿਉਂ ਜੋ (ਸੋਮ) ਚੰਦ੍ਰਮਾਂ ਸੱਜੀ ਸੁਰ ਹੈ ਉਸ (ਬਾਣੀ) ਵਿਚੋਂ (ਪੋਖ) ਚੜ੍ਹਾ ਕੇ ਸੁਆਸਾਂ ਨੂੰ (ਪੂਰਨ ਕੈ) ਠਹਿਰਾਇਆ ਹੈ (ਬੰਧਨ ਦੇ ਮ੍ਰਿਤੁ) ਜਨਮ ਮਰਨ ਤੋਂ ਰਹਿਤ ਹੋਏ ਅਤੇ ਫਿਰ ਉਸ (ਸਰ ਅਪਿਅ) ਅੰਮ੍ਰਿਤ ਦੇ ਰਸ ਨੂੰ ਲੀਤਾ। (ਅਜਰਹਿ) ਸੁਆਸਾਂ ਨੂੰ (ਜਾਰ) ਰੋਕਿਆ ਅਤੇ (ਮਾਰ) ਮਾਰਿਆ (ਅਮਰਹਿ) ਅਮਰ=ਹੰਕਾਰ ਨੂੰ ਅਤੇ (ਭ੍ਰਾਂਤਿ) ਭਰਮ ਨੂੰ ਛਡਿਆ, ਭਾਵ ਅਰਥ ਜੋ ਸ੍ਰੀ ਵਾਹਿਗੁਰੂ ਜੀ ਨੂੰ ਭੁਲ ਜਾਈਦਾ ਸੀ ਸੋ ਫਿਰ ਨਾ ਭੁਲੇ, ਅਤਿ (ਅਸਥਿਰ ਕੰਧ) ਸਰੀਰ ਅਚਲ ਹੋ ਗਿਆ ਭਾਵ ਅਡੋਲ ਹੀ ਸਮਾਨਿ ਇਸਥਿਤ ਹੋਏ ਅਤੇ (ਹੰਸ) ਚਿਤ ਵਾ ਜੀਵ ਆਤਮਾ ਇਹ ਹੋਰ ਦੇ ਨਾ ਦੌੜਿਆ।

ਸ਼ੰਕਾ—ਉਹ ਅਜਿਹੇ ਮਹਾਤਮਾਂ ਸਰੀਰ ਛਡ ਕੇ ਕਿਥੇ ਜਾਂਦੇ ਹਨ ?

ਉਤਰ—(ਆਦੈ ਆਦਿ) ਪਹਿਲਾਂ ਜੋ ਅਕਾਸ਼ ਤੱਤ ਸੀ ਉਸ ਨਾਲ ਉਹ ਅਕਾਸ਼ ਤੱਤ ਮਿਲ ਗਿਆ ਅਤੇ (ਨਾਦੈ ਨਾਦ) ਸ਼ਬਦ ਨਾਲ ਸ਼ਬਦ ਤਥਾ ਪੌਣ ਨਾਲ ਪੌਣ ਮਿਲ ਗਈ, ਅਤੇ (ਸਲਿਲੈ ਸਲਿਲ) ਪਾਣੀ ਨਾਲ ਪਾਣੀ ਮਿਲ ਗਿਆ ਬ੍ਰਹਮ ਵਿਚ ਬ੍ਰਹਮ ਜਾ ਮਿਲਿਆ ਭਾਵਾਰਥ ਕਿ ਗੁਰਮੁਖ ਜਨ ਵਾਹਿਗੁਰੂ ਨਾਲ ਮਿਲ ਗਏ।

ਉਥਾਨਕਾ—ਹੁਣ ਆਪ ਕਥਨ ਕਰਦੇ ਹਨ ਕਿ ਚੁਰਾਸੀ ਲੱਖ ਜੂਨਾਂ ਵਿਚੋਂ ਉੱਤਮ ਮਨੁਖਾ ਦੇਹੀ ਹੈ ਪਰ ਸੁਫਲ ਕਿਵੇਂ ਹੋਵੇ ? ਆਪ ਪਿਛੇ ਕਹਿ ਭੀ ਚੁਕੇ ਹਨ ਕਿ ਸਤਿਗੁਰਾਂ ਦੇ ਦਰਸ਼ਨ ਕਰਨ ਕਰਕੇ ਹੀ ਅੰਗ ਅੰਗ ਸੁਫਲੇ ਹੋਏ, ਚਰਨਾਂ ਦੀ ਸ਼ਰਨ ਨੂੰ ਤਾਂ ਆਏ ਪਰ ਜਨਮ ਕਿਵੇਂ ਸੁਫਲਾ ਹੋਇਆ ?

ਕਬਿੱਤ—ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ, ਸਫਲ ਜਨਮ ਗੁਰ ਚਰਨ ਸਰਨ ਕੈ ॥ ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ, ਸ੍ਰਵਨ ਅਮੋਲ ਗੁਰ ਬਚਨ ਧਰਨ ਕੈ ॥ ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ, ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ ॥ ਹਸਤ ਅਮੋਲ ਗੁਰਦੇਵ ਸੇਵ ਸਫਲ ਕੈ, ਚਰਨ ਅਮੋਲ ਪਰਦੱਛਨਾ ਕਰਨ ਕੈ ॥ ੩੩ ॥

ਬਹੁਤ ਚਿਰਾਂ ਪਿਛੋਂ ਮਾਨਸ ਜਨਮ ਨਿਰਮੋਲ ਪਾਇਆ ਹੈ। ਪਰ ਸਫਲ ਤਦ

ਹੀ ਹੈ ਜੋ ਸਤਿਗੁਰਾਂ ਦੀ ਸ਼ਰਨ ਆਵੇ। ਅਤੇ (ਲੋਚਨ) ਨੇਤ੍ਰ, ਤਦ ਹੀ (ਅਮੋਲ) ਸਫਲ ਹਨ ਜੋ ਸਤਿਗੁਰਾਂ ਦੇ ਬਚਨਾਂ ਨੂੰ ਸੁਣਕੇ ਹਿਰਦੇ ਵਿਚ ਧਾਰਨ ਕਰਨ। (ਨਾਸਕਾ) ਨਾਸਾਂ (ਅਮੋਲ) ਸਫਲ ਤਦ ਹੀ ਹਨ ਜੋ ਸਤਿਗੁਰਾਂ ਦੇ (ਚਰਣਾਰ ਬਿੰਦ) ਚਰਨਾਂ ਕਮਲਾਂ ਦੀ (ਬਾਸ਼ਨਾ) ਸੁਗੰਧੀ ਭੌਰੇ ਵਤ ਹੋਕੇ ਲੈਣ ਭਾਵਾਰਥ ਕਿ ਸਤਿਗੁਰਾਂ ਦੇ ਚਰਨ ਕਮਲਾਂ ਦਾ ਜਗਜਾਸੂ ਭੌਰਾ ਹੋਵੇ ਅਤੇ (ਰਸਨਾ) ਜਿਹਬਾ ਸਫਲ ਕੀਤੀ ਗੁਰੂ ਮੰਤ੍ਰ (ਸਤਿਨਾਮ ਵਾਹਿਗੁਰੂ) ਦਾ ਸਿਮਰਨ ਕਰਕੇ ਤਥਾ ਰਸਨਾ ਤਦ ਹੀ ਅਮੋਲਕ ਪ੍ਰਮਾਰਥ ਪਾਸੇ ਲਈ ਹਛੀ ਹੈ ਜੋ ਵਾਹਿਗੁਰੂ ਅਕਾਲ ਪੁਰਖ ਜੀ ਦਾ ਸਿਮਰਨ ਕਰੇ। (ਹਸਤ) ਹਥ (ਅਮੋਲ) ਸਫਲ ਕੀਤੇ (ਗੁਰਦੇਵ) ਸਤਿਗੁਰੂ ਪ੍ਰਕਾਸ਼ ਸ੍ਵਰੂਪ ਦੀ ਸੇਵਾ (ਕੇ) ਕਰਕੇ ਵਾ ਹਥ ਤਦ ਹੀ ਸਫਲ ਹਨ ਜੋ (ਗੁਰਦੇਵ) ਸਤਿਗੁਰਾਂ ਦੀ ਸੇਵਾ ਕਰੇ। ਸਫਲ ਇਹ ਤਿੰਨ ਅਖਰ ਪਾਠ ਵਿਚ ਪਿਛੇ ਲਗਣਗੇ ਅਤੇ ਅਰਥ ਵਿਚ ਅਗੇ ਚਲਣਗੇ ਅਰਥਾਤ ਚਰਣ ਸਫਲ ਕੀਤੇ ਸਤਿਗੁਰਾਂ ਦੀ ਪ੍ਰਦੱਛਣਾ ਕਰਕੇ ਵਾ ਚਰਨ ਤਦ ਹੀ (ਅਮੋਲਕ) ਸਫਲ ਹਨ ਜੋ ਸਤਿਗੁਰਾਂ ਦੀ ਪ੍ਰਦੱਛਣਾ ਕਰਨ।

ਉਪ੍ਰੋਕਤ ਉਥਾਨਕਾ ਪੁਰ ਹੀ ਅਗਲਾ ਕਬਿਤ

ਕਬਿੱਤ—ਦਰਸ ਧਿਆਨ ਦਿੱਬ ਦ੍ਰਿਸ਼ਟਿ ਪ੍ਰਗਾਸ ਭਈ, ਕਰੁਣਾ ਕਟਾਛ ਦਿੱਬ ਦੇਹ ਪਰਵਾਨ ਹੈ ॥ ਸਬਦ ਸੁਰਤਿ ਲਿਵ ਬੱਜਰ ਕਪਾਟ ਖੁਲੇ, ਪ੍ਰੇਮ ਰਸ ਰਸਨ ਕੈ ਅੰਮ੍ਰਿਤ ਨਿਧਾਨ ਹੈ ॥ ਚਰਨ ਕਮਲ ਮਕਰੰਦ ਬਾਸਨਾ ਸੁਬਾਸ. ਹਸਤ ਪੂਜਾ ਪ੍ਰਨਾਮ ਸਫਲ ਸੁਗਯਾਨ ਹੈ ॥ ਅੰਗ ਅੰਗ ਬਿਸਮ ਸ੍ਰਬੰਗ ਮੈਂ ਸਮਾਇ ਭਏ, ਮਨ ਮਨਸਾ ਥਕਤ ਬ੍ਰਹਮ ਧਿਆਨ ਹੈ ॥੩੪॥

ਸਤਿਗੁਰਾਂ ਦੇ ਦਰਸ਼ਨ ਦਾ ਧਯਾਨ ਕਰਨ ਨਾਲ (ਦਿੱਬ) ਸੁਧ ਦੇਵਤਿਆਂ ਵਾਲੀ (ਦ੍ਰਿਸ਼ਟੀ) ਪਰਗਟ ਹੋਈ ਅਤੇ ਫਿਰ ਸਤਿਗੁਰਾਂ ਨੇ ਕ੍ਰਿਪਾ ਦ੍ਰਿਸ਼ਟਿ ਕੀਤੀ ਤਾਂ ਮਨੁਖਾ ਦੇਹ ਸਫਲ ਹੋਈ। ਜਦ ਸਤਿਗੁਰਾਂ ਦੇ ਉਪਦੇਸ਼ ਦੀ ਗਯਾਤ ਵਿਚ (ਲਿਵ) ਬ੍ਰਿਤੀ ਲਾਈ ਤਾਂ ਕਰੜੇ ਤਖਤੇ ਖੁਲ ਗਏ ਫੇਰ ਜਦ ਰਸਨਾ ਕਰਕੇ ਪ੍ਰੇਮ ਕੀਤਾ ਤਾਂ ਇਹ ਅੰਮ੍ਰਿਤ ਦਾ ਖਜਾਨਾ ਮਿਲਿਆ। ਸਤਿਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ) ਧੂੜੀ ਜਿਸ ਵੇਲੇ ਮਥੇ ਨੂੰ ਲਾਈ ਤਾਂ (ਬਾਸ਼ਨਾ) ਭਗਤੀ ਦੀ ਵਾਸ਼ਨਾ ਆਈ (ਹਸਤ) ਹਥ ਪੂਜਾ, (ਪ੍ਰਨਾਮ) ਨਮਸ਼ਕਾਰ ਕਰਕੇ ਸਫਲ ਕੀਤੇ (ਗਯਾਨ) ਜਾਣੋ। ਅੰਗ ਅੰਗ ਓਹਨਾਂ ਗੁਰਮੁਖਾਂ ਦੇ (ਬਿਸਮ) ਅਸਚਰਜ ਸਫਲ ਹੋਏ ਅਤੇ ਓਹਨਾਂ ਦਾ (ਸ੍ਰਬੰਗ) ਵਾਹਿਗੁਰੂ ਵਾ ਸਤਿਗੁਰੂ ਵਿਚ ਸਮਾਉਣਾ ਹੋਇਆ ਅਤੇ ਓਹਨਾਂ ਦਾ ਮਨ ਅਤੇ (ਮਨਸਾ) ਬੁਧੀ ਭੀ ਵਾਹਿਗੁਰੂ ਵਿਚ ਥਕਤ (ਅਚਲ) ਹੋ ਗਈ, ਬ੍ਰਹਮ ਵਾਹਿਗੁਰੂ ਦਾ ਹੀ ਓਹਨਾਂ ਨੂੰ ਧਿਆਨ ਹੋਇਆ, ਅਜਿਹਾ ਖਜਾਨਾ ਗੁਰਮੁਖਾਂ ਨੂੰ ਮਿਲਿਆ।

ਉਥਾਨਕਾ—ਜਿਨ੍ਹਾਂ ਸਤਿਗੁਰਾਂ ਦੀ ਕ੍ਰਿਪਾ ਕਰਕੇ ਗਯਾਨ ਪ੍ਰਾਪਤ ਹੋਇਆ ਹੈ, ਓਹਨਾਂ ਸਤਿਗੁਰਾਂ ਦੀ ਉਪਮਾ ਕਰਦੇ ਹਨ, ਪਰ ਬਹੁਤਾ ਗੁਰਮੁਖਾਂ ਦਾ ਹੀ ਇਸ ਵਿਚ ਵਰਨਣ ਹੈ।

ਕਬਿੱਤ—ਗੁਰਮੁਖ ਸੁਖ ਫਲ ਅਤਿ ਅਸਚਰਜ ਮੈ, ਹੇਰਤ ਹਿਰਾਨੇ ਆਨ ਧਯਾਨ ਬਿਸਰਾਨੇ ਹੈਂ॥ ਗੁਰਮੁਖ ਸੁਖ ਫਲ ਗੰਧ ਰਸ ਬਿਸਮ ਹ੍ਵੈ, ਅਨਰਸ ਬਾਸਨਾ ਬਿਲਾਸ ਨ ਹਿਤਾਨੇ ਹੈਂ॥ ਗੁਰਮੁਖ ਸੁਖ ਫਲ ਅਦਭੁਤ ਅਸਥਾਨ, ਦੇਖ ਮ੍ਰਿਤ ਮੰਡਲ ਅਸਥਲ ਨ ਲੁਭਾਨੇ ਹੈ॥ ਗੁਰਮੁਖ ਸੁਖ ਫਲ ਸੰਗਤ ਮਿਲਾਪ ਦੇਖ, ਆਨ ਗਯਾਨ ਧਯਾਨ ਸਭ ਨਿਰਸ ਕਰ ਜਾਨੇ ਹੈਂ॥੩੫॥

ਬਹੁਤ ਹੀ ਅਸਚਰਜ ਰੂਪ ਜੋ ਸਤਿਗੁਰੂ ਹਨ, ਓਹਨਾਂ ਦਾ ਦਰਸ਼ਨ ਰੂਪ ਸੁਖ ਫਲ ਜਿਹਨਾਂ ਗੁਰਮੁਖਾਂ ਨੂੰ ਮਿਲਿਆ ਹੈ ਓਹ ਸਤਿਗੁਰਾਂ ਦਾ ਦਰਸ਼ਨ (ਹੇਰਤ) ਵੇਖ ਕੇ ਆਪ ਤਾਂ ਸਤਿਗੁਰਾਂ ਦਾ ਦਰਸ਼ਨ ਕਰਦੇ ਅਤੇ ਹੋਰਨਾਂ ਨੂੰ (ਹਿਰਾਨੇ) ਦਰਸ਼ਨ ਕਰਾਉਂਦੇ ਹਨ, ਅਤੇ (ਆਨ) ਹੋਰ ਦੇਵੀ ਦੇਉਤਿਆਂ ਦੇ ਧਯਾਨ ਕਰਨੇ ਓਹਨਾਂ ਨੂੰ ਵਿਸਰ ਗਏ (ਗੰਧ) ਸੁਗੰਧੀ, ਭਗਤੀ ਰਸ ਦਾ ਸੁਖ ਫਲ ਜਿਹਨਾਂ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਹੈ, ਓਹ (ਬਿਸਮ) ਅਸਚਰਜ ਹੋਏ ਹਨ ਅਤੇ (ਅਨਰਸ) ਹੋਰਨਾਂ ਰਸਾਂ ਦੀਆਂ ਵਾਸ਼ਨਾਂ ਦੇ ਬਿਲਾਸ ਵਿਚ (ਨ ਹਿਤਾਨੇ) ਹਿਤ ਨਹੀਂ ਲਿਆਉਂਦੇ ਜੋ ਸਤਿਗੁਰਾਂ ਦੀ ਭਗਤੀ ਕਰਦੇ ਹਨ ਓਹਨਾਂ ਨੂੰ ਹੋਰ ਸੰਸਾਰ ਦੇ ਰਸ ਹਛੇ ਨਹੀਂ ਲਗਦੇ। ਗੁਰਮੁਖਾਂ ਨੂੰ ਜੋ ਸੁਖ ਫਲ (ਅਸਥਾਨ) ਸ੍ਵਰੂਪ ਤਥਾ ਸਤਿਸੰਗ ਪ੍ਰਾਪਤ ਹੋਯਾ ਹੈ, ਓਹ ਫੇਰ (ਮ੍ਰਿਤ ਮੰਡਲ) ਸੰਸਾਰਕ ਪਦਾਰਥਾਂ ਵਿਚ ਲੁਭਾਇਮਾਨ ਨਹੀਂ ਹੁੰਦੇ।

ਯਥਾ—ਇਹ ਰਸ ਛਾਡੇ ਓਹੁ ਰਸੁ ਆਵਾ। ਸੰਗਤ ਦੇ ਮਿਲਾਪ ਦਾ ਸੁਖ ਫਲ (ਅਨੰਦ) ਜੋ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਹੈ,ਉਸਨੂੰ ਓਹੋ ਹੀ ਵੇਖਦੇ ਹਨ ਅਤੇ(ਆਨ) ਹੋਰ ਗਯਾਨ ਧਯਾਨ ਓਹਨਾਂ ਨੇ ਨਿਰੱਸ ਕਰਕੇ ਜਾਣੇ ਹਨ।

ਉਥਾਨਕਾ—ਹੁਣ ਭਾਈ ਗੁਰਦਾਸ ਜੀ ਚਾਰ ਸੁਖ ਫਲ ਜੋ ਹਨ—(੧) ਦਰਸ਼ਨ ਦਾ। (੨) ਭਗਤੀ ਦਾ (੩) ਸ੍ਵਰੂਪ ਦਾ। (੪) ਸੰਗਤ ਦੇ ਮਿਲਾਪ ਦਾ ਇਹ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੇ ? ਤਿਸ ਪਰ ਕਥਨ ਕਰਦੇ ਹਨ।

ਕਬਿੱਤ—ਗੁਰਮੁਖ ਸੁਖ ਫਲ ਦਯਾ ਕੈ ਦਿਖਾਵੈ ਜਾਹਿ, ਤਾਹਿ ਆਨ ਰੂਪ ਰੰਗ ਦੇਖੇ ਨਾਹਿ ਭਾਵਈ॥ ਗੁਰਮੁਖ ਸੁਖ ਫਲ ਮਯਾ ਕੈ ਚਖਾਵੈ ਜਾਹਿ, ਤਾਹਿ ਅਨਰਸ ਨਹੀਂ ਰਸਨਾ ਹਿਤਾਵਈ॥

ਗੁਰਮੁਖ ਸੁਖ ਫਲ ਅਗਹੁ ਗਹਾਵੈ ਜਾਂਹਿ, ਸਰਬ ਨਿਧਾਨ ਪਰਸਨ ਕੌ ਨ ਧਾਵਈ ॥ ਗੁਰਮੁਖ ਸੁਖ ਫਲ ਅਲਖ ਲਖਾਵੈ ਜਾਹਿ ਅਕਥ ਕਥਾ ਬਿਨੋਦ ਵਾਹੀ ਬਨ ਆਵਈ ॥ ੩੬ ॥

ਜਿਨਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਸੁਖ ਫਲ ਕ੍ਰਿਪਾ ਕਰਕੇ ਵਿਖਾਯਾ ਹੈ, ਓਹਨਾਂ ਨੂੰ (ਆਨ) ਹੋਰ ਰੂਪ ਰੰਗ ਵੇਖੇ ਨਹੀਂ ਭਾਉਂਦੇ । 'ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹਿ ਕਹਾ ਕਹਿ ਕਾ ਸਮਝਾਵਾ ॥' ਜਿਨਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਸੁਖ ਫਲ ਕ੍ਰਿਪਾ ਕਰਕੇ ਸਵਾਦ ਵਿਖਾਇਆ ਹੈ ਫੇਰ ਓਹਨਾਂ ਦੀ ਰਸਨਾ ਹੋਰ ਰਸਾਂ ਵਿਚ ਪ੍ਰੇਮ ਨਹੀਂ ਕਰਦੀ । ਜਿਹਨਾਂ ਗੁਰਮੁਖਾਂ ਨੂੰ ਸੁਖ ਫਲ ਸਤਿਗੁਰਾਂ ਨੇ (ਅਗਹੁ) ਜੋ ਫੜਿਆ ਨਾ ਜਾਏ, ਸੋ ਕੀ ? ਗਜ਼ਾਨ (ਗਹਾਵੈ) ਫੜਾਇਆ ਹੈ ਓਹ ਸਾਰਿਆਂ (ਨਿਧਾਨ) ਖਜ਼ਾਨਿਆਂ ਨੂੰ ਵੇਖਣ ਨਹੀਂ ਜਾਂਦੇ । ਜਿਹਨਾਂ ਗੁਰਮੁਖਾਂ ਨੂੰ ਸੁਖ ਫਲ ਸਤਿਗੁਰਾਂ ਨੇ (ਅਲਖ) ਸ੍ਵਰੂਪ ਵਾਹਿਗੁਰੂ ਵਿਖਾਇਆ ਹੈ, ਕਥਾ ਜੋ ਨਾ ਕਥੀ ਜਾਏ ਉਸਦਾ ਅਨੰਦ ਜੋ ਓਹਨਾਂ ਨੂੰ ਆਯਾ ਹੈ ਉਸਨੂੰ ਓਹੀ ਜਾਣਦੇ ਹਨ ।

ਉਥਾਨਕਾ—ਹੁਣ ਆਪ ਜਗਜਾਸੂ ਵਲੋਂ ਹੋਕੇ ਸ਼ੰਕਾ ਕਰਦੇ ਹਨ ਕਿ ਜਿਨਹਾਂ ਸਤਿਗੁਰਾਂ ਨੇ ਅਜਿਹੀ ਕ੍ਰਿਪਾ ਕੀਤੀ ਜੋ ਪ੍ਰਮਾਤਮਾ ਸਰਬ ਸ਼ਕਤੀਮਾਨ ਦਾ ਦਰਸ਼ਨ ਕਰਾਇਆ ਅਤੇ ਉਹ ਆਪ ਦਰਸ਼ਨ ਕਰਾਉਣ ਵਾਲੇ ਸਤਿਗੁਰ ਕੀ ਸਰੂਪ ਹਨ ? ਤਿਸ ਪਰ ਭਾਈ ਗੁਰਦਾਸ ਜੀ ਉੱਤਰ ਦਿੰਦੇ ਹਨ—

ਕਬਿੱਤ—ਸਿਧ ਨਾਥ ਜੋਗੀ ਜੋਗ ਧਜ਼ਾਨ ਮੈ ਨ ਆਨ ਸਕੈ, ਬੇਦ ਪਾਠ ਕਰ ਬ੍ਰਹਮਾਦਿਕ ਨ ਜਾਨੇ ਹੈਂ ॥ ਅਧਜ਼ਾਤਮ ਗਜ਼ਾਨ ਕੈ ਨ ਸਿਵ ਸਨਕਾਦਿ ਪਾਏ, ਜੱਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈਂ । ਨਾਮ ਸਿਮਰਨ ਕੈ ਸੇਖਾਦਿਕ ਨ ਸੰਖਜ਼ਾ ਜਾਨੀ, ਬ੍ਰਹਮਚਰਜ ਕੈ ਕੈ ਨਾਰਦਾਦਿਕ ਹਿਰਾਨੇ ਹੈਂ । ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਯੋ, ਪੂਰਨ ਬ੍ਰਹਮ ਗੁਰੁ ਸਿਖ ਮਨ ਮਾਨੇ ਹੈਂ॥ ੩੭ ॥

ਜੋ ਚੁਰਾਸੀ ਸਿੱਧ, ਨੌ ਨਾਥ, ਜੋਗੀ ਆਦਿਕ ਜੋਗ ਵਿਚ ਧਜ਼ਾਨ ਲਾਉਣ ਵਾਲੇ ਜਿਸ ਵਾਹਿਗੁਰੂ ਅਕਾਲ ਪੁਰਖ ਨੂੰ ਧਿਆਨ ਵਿਚ ਨਹੀਂ ਲਿਆ ਸਕਦੇ, ਅਤੇ ਵੇਦਾਂ ਦਾ ਪਾਠ ਕਰਕੇ ਬ੍ਰਹਮਾ ਆਦਿਕ ਜਿਸ ਸਰੂਪ ਨੂੰ ਨਹੀਂ ਜਾਣ ਸਕਦੇ । (ਅਧਜ਼ਾਤਮ) ਸਰੀਰ ਦਾ ਸੋਧਨ, ਨਿਉਲੀ ਕਰਮ, ਨੇਤੀ ਧੋਤੀ ਦੇ ਗਜ਼ਾਨ ਆਦਿਕ ਦੇ ਕਰਨ ਨਾਲ ਭੀ ਸ਼ਿਵਜੀ ਅਤੇ ਬ੍ਰਹਮਾ ਦੇ ਚਾਰ ਪੁਤ੍ਰ (ਸਨਕ, ਸਨੰਦਨ, ਸਨਤ ਤੇ ਸਨਤ ਕੁਮਾਰ)

ਨਹੀਂ ਪਾ ਸਕਦੇ ਅਤੇ ਜਗਤ ਦੇ ਭੋਗਾਂ ਵਿਚ ਲਗੇ ਹੋਏ ਇੰਦਰ ਆਦਿਕ ਭੀ ਉਸ ਵਾਹਿਗੁਰੂ ਨੂੰ ਨਹੀਂ (ਪਹਿਚਾਨੇ) ਜਾਨ ਸਕਦੇ । ਅਤੇ ਨਾਮ ਨੂੰ ਜਪਕੇ ਸ਼ੇਸ਼ਨਾਗ ਆਦਿਕਾਂ ਨੇ ਭੀ ਸ੍ਰੀ ਵਾਹਿਗੁਰੂ ਜੀ ਦੇ ਨਾਮ ਦੀ (ਸੰਖਜਾ) ਗਿਣਤੀ ਨਹੀਂ ਜਾਣੀ, ਅਤੇ ਬ੍ਰਹਮਚਰਜ ਜਤ ਬ੍ਰਤ ਨੂੰ ਧਾਰਨ ਕਰਕੇ ਨਾਰਦ ਆਦਿਕ ਭੀ ਹੈਰਾਨ ਹੋ ਗਏ ਬਹੁਤ ਹੀ ਅਵਤਾਰ ਧਾਰਣ ਕਰਕੇ ਵਿਸ਼ਨੂੰ ਨੇ ਭੀ ਅਪਾਰ ਵਾਹਿਗੁਰੂ ਜੀ ਦਾ ਅੰਤ ਨਹੀਂ ਪਾਇਆ ਹੈ । ਓਹ ਅਜਿਹਾ ਜੋ ਪੂਰਨ ਬ੍ਰਹਮ ਵਾਹਿਗੁਰੂ ਹੈ ਓਹੋ ਹੀ ਸਤਗੁਰੂ ਦਸ ਪਾਤਿਸ਼ਾਹੀਆਂ ਦਾ ਸਰੂਪ ਹੈ ਅਤੇ ਓਹਨਾਂ ਦੇ ਸਿਖ ਓਹਨਾਂ ਨੂੰ ਵਾਹਿਗੁਰੂ ਸਰੂਪ ਮਨ ਵਿਚ ਮੰਨਦੇ ਹਨ ।

ਉਥਾਨਕਾ—(ਹੁਣ ਭਾਈ ਗੁਰਦਾਸ ਜੀ ਜਗਜਾਸੂ ਵਲੋਂ ਹੋਕੇ ਆਖਦੇ ਹਨ ।) ਆਪ ਨੇ ਪਿਛੇ ਦਸਿਆ ਹੈ ਕਿ ਜਿਸਦਾ ਸਿਧ ਨਾਥ ਆਦਿ ਭੀ ਭੇਦ ਨਹੀਂ ਪਾ ਸਕਦੇ ਓਹ ਪੂਰਨ ਬ੍ਰਹਮ ਵਾਹਿਗੁਰੂ ਦਾ ਸਰੂਪ ਸਤਿਗੁਰੂ ਹਨ ਅਤੇ ਸਿਖ ਓਹਨਾਂ ਨੂੰ ਮਨ ਵਿਚ ਮੰਨਨ ਕਰਦੇ ਹਨ ਸੋ ਓਹਨਾਂ ਗੁਰਮੁਖਾਂ ਦੇ ਗੁਣ ਵਾ ਲੱਛਣਾਂ ਦਾ ਵਰਨਣ ਕਰੋ।

ਕਬਿਤ—ਗੁਰ ਉਪਦੇਸ ਰਿਦੈ ਨਿਮ੍ਰਿਤ ਨਿਵਾਸ ਜਾਸ, ਧਯਾਨ ਗੁਰੂ ਮੂਰਤਿ ਕੈ ਪੂਰਨ ਬ੍ਰਹਮ ਹੈ ॥ ਗੁਰਮੁਖਿ ਸ਼ਬਦ ਸੁਰਤਿ ਉਨਮਾਨ ਗਯਾਨ ਸਹਜਿ ਸੁਭਾਇ ਸਰਬਾਤਮ ਕੈ ਸਮ ਹੈ ॥ ਹੌਮੈ ਤਯਾਗ ਤਯਾਗੀ ਬਿਸਮਾਦ ਕੈ ਬੈਰਾਗੀ ਭਏ ਮਨ ਉਨਮਨਿ ਲਿਵ ਗੰਮਤਾ ਅਗੰਮ ਹੈ ॥ ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ, ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ ॥ ੩੯ ॥

ਜਿਨ੍ਹਾਂ ਗੁਰਮੁਖਾਂ ਦੇ ਰਿਦੇ ਵਿਚ ਸਤਿਗੁਰਾਂ ਦਾ ਉਪਦੇਸ਼ ਹੈ, ਓਹਨਾਂ ਦਾ ਨਿਵਾਸ ਨਿਮ੍ਰਤਾ ਵਿਚ ਹੈ ਅਤੇ ਫਿਰ ਪੂਰਨ ਬ੍ਰਹਮ ਜੋ ਸਤਿਗੁਰੂ ਹਨ ਓਹਨਾਂ ਦਾ ਰਿਦੇ ਵਿਚ (ਰਤਿ) ਪ੍ਰੇਮ ਨਾਲ ਧਿਆਨ ਕਰਦੇ ਹਨ । ਗੁਰਮੁਖਾਂ ਨੇ ਸਤਿਗੁਰਾਂ ਜੀ ਦੇ ਬਖਸ਼ੇ ਉਪਦੇਸ਼ ਵਿਚ (ਸੁਰਤਿ) ਬਿਰਤੀ ਲਾਈ, ਇਸ ਲਈ ਉਹਨਾਂ ਨੂੰ ਤੁਰੀਆ ਪਦ ਦਾ ਗਯਾਨ ਹੋਯਾ ਅਤੇ (ਸਹਿਜ) ਸ਼ਾਂਤੀ ਵਾਲੇ ਹੋਏ, ਅਤੇ (ਸਰਬਾਤਮ ਕੈ) ਸਭ ਦਿਆਂ ਆਤਮਾ ਵਿਚ ਆਪਣੇ ਆਪ ਨੂੰ ਜਾਣਦੇ ਹਨ ਅਤੇ ਕਿਸੇ ਨੂੰ ਦੁਖ ਨਾ ਦਿੰਦੇ ਹੋਏ ਨਾਮ ਦੇ ਗਯਾਨ ਵਿਚ ਗੁਰਮੁਖ ਮਗਨ ਰਹਿੰਦੇ ਹਨ । ਹੰਗਤਾਂ ਨੂੰ ਛੱਡਕੇ ਤਿਆਗੀ ਹੋਏ, ਅਤੇ (ਬਿਸਮਾਦ) ਝੂਠੇ ਸੰਸਾਰ ਤੋਂ ਵੈਰਾਗੀ ਹੋਏ ਮਨ ਵਾਹਿਗੁਰੂ ਵਿਚ ਪ੍ਰੀਤੀ ਕਰਨ ਲਾਯਾ ਹੋਯਾ ਹੈ ਅਤੇ ਆਪ ਭੀ ਗੰਮਤਾ ਤੋਂ ਅਗਮ ਹਨ, ਭਾਵਾਰਥ ਕਿ ਓਹਨਾਂ ਨੂੰ ਕੋਈ ਪਹੁੰਚ ਨਹੀਂ ਸਕਦਾ ਅਰ ਨਾ ਹੀ ਓਹਨਾਂ ਦਾ ਕੋਈ ਭੇਦ ਪਾ ਸਕਦਾ ਹੈ । (ਮੂਲ) ਅਧਿਸ਼ਟਾਨ ਜੋ ਇਕ ਹੀ ਵਾਹਿਗੁਰੂ ਹੈ ਓਹੋ ਹੀ ਅਨੇਕ ਸੂਖਮਾਂ ਤੇ ਅਸਥੂਲਾਂ ਵਿਚ

(ਮੇਕ) ਮਿਲਿਆ ਹੋਯਾ ਹੈ, ਜਿਨ੍ਹਾਂ ਨੇ ਇਕੁਰ ਜਾਤਾ ਹੈ ਓਹ ਜਿਊਂਦੇ ਹੀ ਮੁਕਤ ਹਨ। ਇਸ ਲਈ ਉਹਨਾਂ ਨੂੰ ਮਨ ਬਾਣੀ. ਸਰੀਰ ਤਥਾ ਮਨ ਤਨ ਧਨ ਨਾਲ ਮੇਰੀ ਨਮਸ਼ਕਾਰ ਹੈ।

ਉਥਾਨਕਾ—ਗੁਰਮੁਖਾਂ ਦੀ ਸੰਗਤ ਵਿਚ ਰਹਿਕੇ ਨਾ ਕੋਈ ਗੁਣ ਧਾਰਿਆ ਅਤੇ ਨਾ ਹੀ ਗੁਰਸਿਖੀ ਧਾਰੀ, ਇਸ ਲਈ ਸਾਡੇ ਨਾਲੋਂ ਤਾਂ ਇਤਯਾਦਿਕ ਪਸ਼ੂਆਂ ਦੀਆਂ ਜੂਨਾਂ ਹੀ ਹਛੀਆਂ ਹਨ ਕਿਉਂ ਜੋ ਓਹ ਆਪਣੇ ਪਯਾਰਿਆਂ ਨਾਲ ਪ੍ਰੇਮ ਨੂੰ ਪੂਰਾ ਨਿਬਾਹ ਗਏ ਅਰ ਬੇਮੁਖ ਨਾ ਬਣੇ।

ਕਬਿਤ—ਦਰਸਨ ਜੋਤਿ ਨ ਜੋਤੀ ਸ੍ਵਰੂਪ ਹ੍ਵੈ ਪਤੰਗ, ਸਬਦ ਸੁਰਤਿ ਮ੍ਰਿਗ ਜੁਗਤਿ ਨ ਜਾਨੇ ਹੈ॥ ਚਰਨ ਕਮਲ ਮਕਰੰਦ ਮਧੁਕਰ ਗਤਿ, ਬਿਰਹਿ ਬਿਓਗ ਹ੍ਵੈ ਨ ਮੀਨ ਮਰ ਜਾਨੇ ਹੈ॥ ਏਕ ਏਕ ਟੇਕ ਨ ਟਰਤ ਹੈ ਤ੍ਰਿਗਦ ਜੋਨਿ, ਚਾਤੁਰ ਚਤੁਰ ਗੁਨ ਹੋਇ ਨ ਹਿਰਾਨੇ ਹੈਂ॥ ਪਾਹਨ ਕਠੋਰ ਸਤਿਗੁਰ ਸੁਖ ਸਾਗਰ ਮੈਂ ਸੁਨ ਮਮ ਨਾਮ ਜਮ ਨਰਕ ਲਜਾਨੇ ਹੈਂ॥ ੩੯॥

(ਜੋਤੀ) ਦੀਵੇ (ਜੋਤਿ) ਪ੍ਰਕਾਸ਼ ਵਾਲੇ ਦਾ ਦਰਸ਼ਨ ਕਰਕੇ ਪਤੰਗਾ ਉਹਦਾ ਰੂਪ ਤਾਂ ਨਾਂ ਬਣਿਆਂ ਪਰ ਉਹਦੇ ਉਤੇ ਆਪਣਾ ਆਪ ਸਾੜ ਗਿਆ. ਅਰ ਇਹ ਨਾ (ਜੁਗਤਿ) ਢੰਗ ਜਾਤਾ ਜੋ ਮੈਂ ਪਿਛੇ ਨੂੰ ਮੁੜਾਂ ਅਗੇ ਸੜ ਮਰਾਂਗਾ। ਇਹ (ਮ੍ਰਿਗ) ਹਰਨ (ਸ਼ਬਦ) ਘੰਡੇਹੇੜੇ ਦੀ ਅਵਾਜ਼ ਨੂੰ ਸੁਰਤਿ ਕੰਨਾਂ ਨਾਲ ਪ੍ਰੇਮ ਕਰਕੇ ਸੁਣਦਾ ਹੈ ਪਰ ਮਰ ਜਾਣ ਦੀ ਜੁਗਤੀ ਨਹੀਂ ਜਾਣਦਾ, ਭਾਵ ਏਹ ਹੈ ਕਿ ਉਹ ਸ਼ਬਦ ਦੇ ਪ੍ਰੇਮ ਵਿਚ ਆ ਕੇ ਆਪਣਾ ਆਪ ਅਰਪਣ ਤਾਂ ਕਰ ਦਿੰਦਾ ਹੈ ਪਰ ਪਿੱਛਾ ਨਹੀਂ ਦਿੰਦਾ। (ਚਰਨ) ਵਿਚਰਦਾ ਤਥਾ ਫਿਰਦਾ ਹੋਯਾ ਕਮਲ ਦੀ (ਮਕਰੰਦ) ਸੁਗੰਧੀ ਵਾਸ਼ਨਾ ਵਾਸਤੇ (ਮਧੁਕਰ) ਭੌਰਾ (ਗਤਿ) ਪ੍ਰਾਪਤ ਹੋਕੇ ਕਮਲ ਪਾਸ ਆਯਾ ਅਤੇ ਆਪਣਾ ਆਪ ਫਸਾ ਦਿਤਾ ਪਰ ਬੇਮੁਖ ਨਾ ਹੋਯਾ। ਅਤੇ (ਮੀਨ) ਮਛੀ ਆਖਦੀ ਹੈ ਕਿ ਮੈਨੂੰ (ਬਿਰਹਿ) ਜਲ ਦਾ (ਬਿਓਗ) ਵਿਛੋੜਾ ਨਾ ਹੋਵੇ ਕਿਉਂ ਜੋ ਓਹ ਜਾਣਦੀ ਹੈ ਕਿ ਮੈਂ ਪਾਣੀਓਂ ਬਾਹਰ ਮਰ ਜਾਵਾਂਗੀ, ਭਾਵੇਂ ਉਸ ਜਲ ਨੇ ਮਛੀ ਨੂੰ ਆਪਣਾ ਰੂਪ ਨਾ ਕਰ ਲਿਆ ਅਰ ਨਾ ਹੀ ਓਹ ਮੱਛੀ ਜਲ ਦਾ ਰੂਪ ਹੋ ਗਈ ਪਰੰਤੂ ਆਪਣੇ ਆਪ ਨੂੰ ਬੇਮੁਖ ਨਾ ਕਹਾਇਆ। ਇਹਨਾਂ ਚੌਹਾਂ (ਪਤੰਗ, ਹਰਨ, ਭੌਰਾ, ਮੱਛੀ) ਨੂੰ ਇਕ ਇਕ (ਟੇਕ) ਆਦਤ ਪਈ ਹੋਈ ਹੈ ਜੋ ਉਸ ਦੇ ਆਸਰੇ ਤੋਂ ਬਿਨਾ ਨਹੀਂ ਰਹਿ ਸਕਦੇ। (ਚਾਤੁਰ) ਜੋ ਆਦਮੀ ਹਨ ਓਨਾਂ ਵਰਗੇ ਚਤੁਰ ਗੁਨ ਨਹੀਂ ਹੁੰਦੇ, ਇਹ ਮੈਨੂੰ ਹੈਰਾਨਤਾਈ ਲੱਗੀ ਹੋਈ ਹੈ। ਓਹ ਮੱਛੀ ਆਦਿਕ ਜੀਵ ਤਾਂ ਚਿਤ ਕਰਕੇ ਜੜ ਸੇ,

ਪਰ ਓਹਨਾਂ ਆਪਣਾ ਇਕਰਾਰ ਪੂਰਾ ਕੀਤਾ, ਸੋ ਅਸੀਂ ਭੀ ਸਰੀਰ ਕਰਕੇ ਕਰੜੇ ਪੱਥਰ ਹਾਂ ।ਕਿਉਂ ਜੋ ਸਤਿਗੁਰੂ ਸੁਖਾਂ ਦੇ (ਸਾਗਰ) ਸਮੁੰਦਰ ਹਨ, ਉਹਨਾਂ ਵਿਚ ਭੀ ਅਸੀਂ ਰਹਿਕੇ ਨਰਮ ਨਾ ਹੋਏ। ਭਲਾ ਪੱਥਰ ਕਿਤੇ ਪਾਣੀ ਵਿਚ ਭਿਜਦਾ ਹੈ ? ਮੇਰਾ ਛਾਉਂ ਸੁਣਕੇ ਹੀ (ਜਮ) ਧਰਮ ਰਾਜਾ ਅਤੇ ਨਰਕ ਭੀ (ਲਜਾਨੇ) ਲਜਿਆ ਭਾਵ ਡਰਦੇ ਹਨ ਕਿ ਅਜਿਹਾ ਪਾਪੀ ਸਾਡੇ ਵਿਚ ਨਾ ਆਕੇ ਪਵੇ ਜੇ ਅਸਾਨੂੰ ਭੀ ਦੁਖ ਦੇਵੇਗਾ ।

ਉਥਾਨਕਾ—ਸਤਿਗੁਰੂ ਜੀ ਦੀ ਸਿਖਜਾ ਤਥਾ ਸਤਿ ਉਪਦੇਸ਼ ਦਾ ਮਹਾਤਮ।

ਕਬਿਤ—ਗੁਰਮਤਿ ਸਤਿ ਕਰ ਚੰਚਲ ਅਚਲ ਭਏ, ਮਹਾਂ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈਂ । ਗੁਰਮਤ ਸਤਿ ਕਰ ਜੋਨਿ ਕੈ ਅਜੋਨਿ ਭਏ, ਕਾਲ ਸੇ ਅਕਾਲ ਕੈ ਅਮਰ ਪਦ ਦੀਨੇ ਹੈਂ। ਗੁਰਮਤਿ ਸਤਿ ਕਰ ਹੋਮੈ ਖੋਇ ਹੋਇ ਰੇਨੁ, ਤ੍ਰਿਕੁਟ ਤ੍ਰਿਬੈਨੀ ਪਾਰ ਆਪਾ ਆਪ ਚੀਨੇ ਹੈਂ । ਗੁਰਮਤਿ ਸਤਿ ਕਰ ਬਰਨ ਅਬਰਨ ਭਏ, ਭੈ ਭ੍ਰਮ ਨਿਵਾਰ ਡਾਰ ਨਿਰਭੈ ਕੈ ਲੀਨੇ ਹੈਂ ॥ ੪੦ ॥

ਸਤਿਗੁਰਾਂ ਦੀ ਸੱਤਾ ਤਥਾ ਸ਼ਕਤੀ ਨਾਲ ਵਾ ਸਤਿਗੁਰੂ ਜੀ ਦੇ ਉਪਦੇਸ਼ (ਗੁਰਮਤ) ਸਿਖਿਆ ਕਰਕੇ (ਚੰਚਲ) ਇੰਦ੍ਰਜ ਖਲੋ ਗਏ. ਪਹਿਲਾਂ ਜਦ ਅਗਿਆਨਤਾ ਵਿਚ ਜੀਵ ਬਹੁਤ ਮਲ (ਮੂਤ੍ਰ) ਅਪਵਿਤ੍ਰਤਾਈ ਦੇ ਧਾਰਨ ਕਰਨ ਵਾਲੇ ਸੀ ਪਰ ਸਤਿਗੁਰਾਂ ਦੇ ਸਤਿ ਉਪਦੇਸ਼ ਨੇ ਓਹ ਜੀਵ ਸੁਧ ਕਰ ਦਿਤੇ । ਸਤਿਗੁਰ ਉਪਦੇਸ਼ ਨੂੰ ਸੱਤ ਕਰ ਚੁਰਾਸੀ ਦੇ ਫੇਰੇ ਤਥਾ ਜਨਮ ਮਰਨ ਭੋਂ ਰਹਿਤ ਹੋਏ ਅਰ ਓਹਨਾਂ ਨੂੰ ਖੋਟਾ ਸਮਾਂ ਭੀ ਦੁਖ ਨਾ ਦਿੰਦਾ ਹੋਇਆ ਸਤਿਗੁਰਾਂ ਦੇ ਸਤਿ ਉਪਦੇਸ਼ ਨੇ(ਅਮਰਪਦ) ਵਾਹਿਗੁਰੂ ਦੀ ਪ੍ਰਾਪਤੀ ਦੇ ਗੁਣਾਂ ਦਾ ਅਧਿਕਾਰੀ ਕਰ ਦਿਤਾ। ਜਦ ਸਤਿਗੁਰਾਂ ਦਾ ਉਪਦੇਸ਼ ਨਿਸਚੈ ਕੀਤਾ ਤਾਂ ਹੰਗਤਾ ਨੂੰ ਦੂਰ ਕਰਕੇ ਸਭ ਦੇ ਚਰਨਾਂ ਦੀ ਧੂੜੀ ਹੋਏ, ਹੋਰ ਫਲ ਕੀ ਮਿਲਿਆ ਕਿ (ਤ੍ਰਿਕੁਟੀ) ਇੜਾ ਪਿੰਗਲਾ ਸੁਖਮਨਾ ਜੋ ਤਿੰਨ ਨਦੀਆਂ ਹਨ ਓਹਨਾਂ ਤੋਂ ਪਾਰ ਜੋ ਆਪਣਾ ਆਪ ਵਾਹਿਗੁਰੂ ਹੈ ਉਸਨੂੰ ਜਾਣਿਆਂ । ਜਦ ਸਤਿਗੁਰਾਂ ਦਾ ਉਪਦੇਸ਼ ਨਿਸਚੇ ਧਾਰਨ ਕੀਤਾ ਤਾਂ ਚੌਹਾਂ ਬਰਨਾਂ (ਖਤ੍ਰੀ, ਬ੍ਰਾਹਮਣ, ਸ਼ੂਦ ਤੇ ਵੈਸ਼) ਦਾ ਹੰਕਾਰ ਦੂਰ ਹੋ ਗਿਆ । ਅਥਵਾ ਗਿਣਤੀ ਤੋਂ ਅਨਗਿਣਤ ਮਹਿਮਾ ਵਾਲੇ ਹੋਏ ਤਥਾ ਰੰਗਾਂ ਭੇਖਾਂ ਤੋਂ ਰਹਿਤ ਹੋਏ ਵਾ ਅਛਰਾਂ ਦੀ ਸੰਖਿਆ ਤੋਂ ਰਹਿਤ ਹੋਏ ਅਤੇ ਜਨਮ ਮਰਨ ਦਾ ਡਰ ਭੀ ਨਿਵਾਰਿਆ ਅਰ ਭ੍ਰਮ (ਜੀਵ) ਈਸ਼੍ਵਰ ਦਾ (ਡਾਰ) ਸੁਟ ਦਿਤਾ ਅਤੇ ਸਤਿਗੁਰਾਂ ਨੇ ਬਿਨਾਂ ਡਰ ਤੋਂ ਕਰ ਲਿਆ ।

ਕਬਿਤ—ਗੁਰਮਤਿ ਸਤਿ ਕਰ ਅਧਮ ਅਸਾਧ ਸਾਧ, ਗੁਰਮਤਿ ਸਤਿ

ਕਰ ਜੰਤ ਸੰਤ ਨਾਮ ਹੈ। ਗੁਰਮਤਿ ਸਤਿ ਕਰ ਅਬਿਬੇਕੀ ਹ੍ਵੈ ਬਿਬੇਕੀ, ਗੁਰਮਤਿ ਸਤਿ ਕਰ ਕਾਮ ਨਿਹਕਾਮ ਹੈ। ਗੁਰਮਤਿ ਸਤਿ ਕਰ ਅਗਯਾਨੀ ਬ੍ਰਹਮ ਗਯਾਨੀ, ਗੁਰਮਤਿ ਸਤਿ ਕਰ ਸਹਜ ਬਿਸ੍ਰਾਮ ਹੈ। ਗੁਰਮਤਿ ਸਤਿ ਕਰ ਜੀਵਨ ਮੁਕਤ ਭਏ, ਗੁਰਮਤਿ ਸਤਿ ਕਰ ਨਿਹਚਲ ਧਾਮ ਹੈ॥ ੪੧॥

ਜਦ ਗੁਰਾਂ ਦੀ ਸਿਖਿਆ ਧਾਰਨ ਨਾਲ ਪਹਿਲੇ ਸਮੇਂ ਵਿਚ ਭਾਵੇਂ ਜੀਵ (ਅਸਾਧ) ਮਾੜੇ ਕਰਮ ਕਰਨ ਵਾਲੇ ਸਨ ਪਰ ਗੁਰਉਪਦੇਸ਼ ਦੇ ਪ੍ਰਤਾਪ ਨਾਲ (ਸਾਧ) ਸਾਧਨਾ ਕਰਨ ਵਾਲੇ ਹੋ ਗਏ ਪਰ ਫਿਰ ਭਾਵੇਂ ਪਹਿਲੇ (ਅਧਮ) ਪਾਪੀ ਨੀਚ ਜਾਤ ਸਨ ਪਰ ਗੁਰਾਂ ਦੀ ਸਿਖਿਆ ਨਿਸਚੇ ਕਰਨ ਨਾਲ ਸੰਤ ਨਾਮ ਵਾਲੇ ਮਹਾਤਮਾ ਬਣ ਗਏ। (ਅਬਿਬੇਕੀ) ਵਿਚਾਰ ਤੋਂ ਰਹਿਤ ਸੀ ਭਾਵੇਂ ਪਹਿਲੇ ਪਰ ਗੁਰ ਸਿਖਿਆ ਨੂੰ ਨਿਸਚੇ ਕਰਨ ਨਾਲ (ਬਿਬੇਕੀ) ਵਿਚਾਰ ਵਾਲੇ ਹੋ ਗਏ ਫਿਰ ਪਹਿਲੇ ਕਾਲ ਵਿਚ ਭਾਵੇਂ (ਕਾਮ) ਕਾਮਨਾਂ ਕਰਨ ਵਾਲੇ ਜੀਵ ਸਨ ਪਰ ਗੁਰਾਂ ਦੀ ਸਿਖਿਆ ਨਿਸਚੈ ਕਰਨ ਨਾਲ ਓਹ (ਨਿਹਕਾਮ) ਬਿਨਾਂ ਕਾਮਨਾ ਤੋਂ ਹੋ ਗਏ। (ਅਗਿਆਨੀ) ਜੇਹੜੇ ਕੁਝ ਨਹੀਂ ਸੀ ਜਾਣਦੇ ਓਹ ਵੀ ਗੁਰਾਂ ਦੀ ਸਿਖਿਆ ਨਿਸਚੇ ਕਰਨ ਨਾਲ (ਸਬਰ) ਸ਼ਾਂਤੀ ਵਿਚ ਬਿਸ੍ਰਾਮ ਕਰਨ ਵਾਲੇ ਹੋ ਗਏ। ਗੁਰਾਂ ਦੀ ਸਿਖਿਆ ਨਿਸਚੇ ਕਰਕੇ ਸੰਸਾਰ ਵਿਚ ਰਹਿੰਦੇ ਜੀਊਂਦੇ ਹੀ ਮੁਕਤੀ ਨੂੰ ਪ੍ਰਾਪਤ ਹੋ ਗਏ, ਗੁਰਾਂ ਦੀ ਸਿਖਿਆ ਨਿਸਚੈ ਕਰਕੇ (ਧਾਮ) ਘਰ ਵਾਹਿਗੁਰੂ ਵਿਚ ਇਸਥਿਤ ਹੋਏ।

ਕਬਿਤ—ਗੁਰਮਤਿ ਸਤਿ ਕਰ ਬੈਰ ਨਿਰਬੈਰ ਭਏ, ਪੂਰਨਬ੍ਰਹਮ ਗੁਰ ਸਰਬ ਮੈਂ ਜਾਨੇ ਹੈਂ। ਗੁਰਮਤਿ ਸਤਿ ਕਰ ਭੇਦ ਨਿਰਭੇਦ ਭਏ, ਦੁਬਿਧਾ ਬਿਧਾ ਨਿਖੇਧ ਖੇਦ ਬਿਨਸਾਨੇ ਹੈਂ॥ ਗੁਰਮਤਿ ਸਤਿ ਕਰਿ ਬਾਇਸ ਪਰਮਹੰਸ, ਗਯਾਨ*ਅੰਸ ਬੰਸ ਨਿਰਗੰਧ ਗੰਧ ਠਾਨੇ ਹੈਂ॥ ਗੁਰਮਤਿ ਸਤਿ ਕਰ ਕਰਮ ਭਰਮ ਖੋਇ, ਆਸਾ ਮੈ ਨਿਰਾਸ ਹ੍ਵੈ ਬਿਸ੍ਵਾਸ ਉਰ ਆਨੇ ਹੈਂ॥ ੪੨॥

ਗੁਰਾਂ ਦੀ ਸਿਖਿਆ ਧਾਰਕੇ ਵੈਰ ਤੋਂ ਰਹਿਤ ਹੋਏ ਭਾਵ ਵੈਰੀਆਂ ਨੂੰ ਸੱਜਣ ਸਮਝਣ ਲਗ ਪਏ ਅਤੇ ਪੂਰਨ (ਬ੍ਰਹਮ) ਵਾਹਿਗੁਰੂ ਨੂੰ ਸਾਰਿਆਂ ਜੀਵਾਂ ਵਿਚ ਜਾਣਦੇ ਹਨ ਕਿਸੇ ਨੂੰ ਦੁਖ ਨਹੀਂ ਦੇਂਦੇ। ਗੁਰਾਂ ਦੇ ਉਪਦੇਸ਼ ਨੂੰ ਧਾਰਕੇ (ਭੇਦ, ਨਿਰਭੇਦ

---

*ਅੰਸ=ਉਤੇ ਬਿਸਰਾਮ ਕਰਕੇ ਅਰਥ ਕਰੋ।

ਭਏ) ਪੰਜ ਤਰਹ ਦੇ ਭੇਦ=ਫਰਕ ਤੋਂ (ਨਿਰਭੇਦ) ਰਹਿਤ ਹੋਏ (ਦੁਬਿਧਾ) ਦੋ ਰੀਤੀਆਂ ਵਾਲਾ ਜੋ ਸੰਸਾਰ ਹੈ ਇਸਦੀਆਂ (ਬਿਧ) ਵਿਧੀਆਂ ਰੀਤੀਆਂ ਚਲਾਈਆਂ ਹੋਈਆਂ (ਨਿਖੇਧ) ਨਿਖਿਧ, ਮਾੜੀਆਂ ਜਾਣੀਆਂ ਅਤੇ ਇਹਨਾਂ ਦੇ (ਖੇਦ) ਦੁਖ ਤੋਂ ਦੂਰ ਹੋਏ ਭਾਵ ਦੁਖ ਬਿਨਸ ਗਏ ਜੋ ਸੰਸਾਰ ਉਪਰ ਮਰਯਾਦਾ ਚਲੀਆਂ ਹੋਈਆਂ ਸੀ ਓਹਨਾਂ ਨੂੰ ਓਹ ਨਾ ਮੰਨਣ ਵਾਲੇ ਹੋਏ। ਗੁਰਾਂ ਦੀ ਸਿਖਿਆ ਨੂੰ ਧਾਰਕੇ (ਬਾਇਸ) ਕਾਂ ਅਗਜਾਨੀ ਸਨ, ਪਰ ਫਿਰ (ਪਰਮਹੰਸ) ਗਜ਼ਾਨ ਵਾਨ, (ਗਿਆਨ ਅੰਸ) ਆਤਮ ਵਸ਼ੈਣੀ ਬੁਧੀ ਦੇ ਧਾਰਨ ਵਾਲੇ ਹੋਏ ਅਤੇ (ਬੰਸ) ਵਾਂਸ ਦੇ ਬੂਟੇ ਭਾਵ ਹੰਕਾਰ ਵਾਲੇ ਉਚੇ ਲੰਮੇ ਆਦਮੀ ਜੋ ਨਿਰਗੰਧ ਬਿਨਾਂ ਸੁਗੰਧੀ (ਭਗਤੀ) ਦੇ ਸਨ ਓਹ (ਗੰਧ) ਸੁਗੰਧੀ ਭਗਤੀ ਵਾਲੇ (ਠਾਨੇ) ਕੀਤੇ ਗੁਰੂ ਚੰਦਨ ਨੇ। ਗੁਰਾਂ ਦੀ ਸਿਖਿਆ ਧਾਰਕੇ ਭਰਮਾਉਣ ਵਾਲੇ ਕਰਮਾਂ ਨੂੰ (ਖੋਏ) ਦੂਰ ਕੀਤਾ ਅਤੇ (ਆਸ਼ਾ) ਸੰਸਾਰ ਤੋਂ ਨਿਰਾਸ ਹੋਏ ਭਾਵ ਗ੍ਰਹਸਥ ਵਿਚ ਰਹਿਕੇ ਹੀ ਉਦਾਸੀਨ ਰਹਿੰਦੇ ਹੈਨ ਅਤੇ (ਬਿਸ੍ਵਾਸ) ਗੁਰਾਂ ਵਿਚ ਭਰੋਸੇ ਨੂੰ (ਆਨੇ) ਲਿਆਉਂਦੇ ਹਨ।

ਕਬਿਤ—ਗੁਰਮਤਿ ਸਤਿ ਕਰ ਸਿੰਬਲ ਸਫਲ ਭਏ, ਗੁਰਮਤਿ ਸਤਿ ਕਰ ਬਾਂਸ ਮੈ ਸੁਗੰਧ ਹੈ। ਗੁਰਮਤਿ ਸਤਿ ਕਰ ਕੰਚਨ ਮਨੂਰ ਭਏ, ਗੁਰਮਤਿ ਸਤਿ ਕਰ ਪਰਖਤ ਅੰਧ ਹੈ। ਗੁਰਮਤਿ ਸਤਿ ਕਰ ਕਾਲ ਕੂਟ ਅੰਮ੍ਰਿਤ ਹ੍ਵੈ, ਕਾਲ ਮੈਂ ਅਕਾਲ ਭਏ ਅਸਥਿਰ ਕੰਧ ਹੈ। ਗੁਰਮਤਿ ਸਤਿ ਕਰ ਜੀਵਨ ਮੁਕਤਿ ਭਏ, ਮਾਯਾ ਮੈਂ ਉਦਾਸ ਬਾਂਸ ਬੰਧ ਨਿਰਬੰਧ ਹੈ ॥ ੪੩ ॥

ਗੁਰਾਂ ਦੀ ਸਿਖਿਆ ਨੂੰ ਧਾਰਕੇ ਸਿੰਬਲ ਰੁਖ ਸਹਿਤ ਫਲ ਦੇ ਹੋ ਗਏ ਭਾਵ ਪਾਖੰਡੀ ਵੀ ਗੁਰ ਸਿਖਿਆ ਨੂੰ ਧਾਰਕੇ ਫਲ ਵਾਲੇ ਹੋ ਗਏ ਅਤੇ ਗੁਰ ਸਿਖਿਆ ਦੇ ਧਾਰਨ ਨਾਲ (ਬਾਂਸ) ਹੰਕਾਰੀ ਆਦਮੀਆਂ ਵਿਚ (ਸੁਗੰਧ) ਭਗਤੀ ਹੋ ਗਈ। ਗੁਰ ਸਿਖਿਆ ਨੂੰ ਧਾਰਕੇ ਜੋ (ਮਨੂਰ) ਲੋਹੇ ਦੀ ਮੈਲ ਭਾਵ ਪਾਪੀ ਵੀ (ਕੰਚਨ ਸੋਨਾ) ਬਾਰਾਂ ਵੰਨੀਆਂ ਦਾ ਹੋ ਗਏ ਅਤੇ ਫਿਰ ਗੁਰ ਉਪਦੇਸ਼ ਨੂੰ ਧਾਰਕੇ ਜੋ (ਅੰਧ) ਅੰਨ੍ਹੇ ਪ੍ਰਗਟ ਹੀ ਓਹ ਪਾਰਖੂ ਬਣ ਗਏ। ਜਿਨ੍ਹਾਂ ਨੇ ਗੁਰ ਸਿਖਿਆ ਨਿਸਚੇ ਕੀਤੀ ਹੈ ਓਹਨਾਂ ਨੂੰ (ਕਾਟ ਕੂਟ) ਵਿਹੁ ਭੀ ਅੰਮ੍ਰਿਤ ਹੋ ਜਾਂਦੀ ਹੈ ਜਨਮ ਤੋਂ ਰਹਿਤ ਹੋ ਗਏ ਅਤੇ (ਕੰਧ) ਸਰੀਰ ਧਾਰਨ ਵਲੋਂ ਇਸਥਿਤ ਹੋ ਗਏ। ਗੁਰਾਂ ਦੀ ਸਿਖਿਆ ਨੂੰ ਨਿਸਚੇ ਕਰਕੇ ਜੀਉਂਦੇ ਹੀ ਮੁਕਤੀ ਨੂੰ ਪ੍ਰਾਪਤ ਹੋ ਗਏ ਅਤੇ ਮਾਯਾ ਵਿਚ ਉਦਾਸ ਹੋਕੇ (ਬਾਸ) ਵਸਦੇ ਹਨ (ਬੰਧ) ਸੰਸਾਰ ਦੇ ਬੰਧਨਾਂ ਧੰਦਿਆਂ ਤੋਂ (ਨਿਰਬੰਧ) ਛੁਟੇ ਹੋਏ ਹਨ।

ਕਬਿਤ—ਸਬਦਸੁਰਤਿ ਲਿਵ ਗੁਰਸਿਖ ਸੰਧ ਮਿਲੇ, ਸਸਿਘਰ ਸੂਰ

ਪੂਰ ਨਿਜ ਘਰ ਆਏ ਹੈਂ । ਉਲਟ ਪਵਨ ਮਨ ਮੀਨ ਤ੍ਰਿਬੈਨੀ ਪ੍ਰਸੰਗ, ਤ੍ਰਿਕੁਟੀ ਉਲੰਘ ਸੁਖ ਸਾਗਰ ਸਮਾਏ ਹੈਂ ॥ ਤ੍ਰਿਗੁਨ ਅਤੀਤ ਚਤਰਥ ਪਦ ਗੰਮਤਾ ਕੈ ਨਿਝਰ ਅਪਾਰ ਧਾਰ ਅਮੀਅ ਚੁਆਏ ਹੈਂ ॥ ਚਕਈ ਚਕੋਰ ਮੋਰ ਚਾਤ੍ਰਿਕ ਅਨੰਦ ਮਈ, ਕਦਲੀ ਕਮਲ ਸੋ ਬਿਮਲ ਜਲ ਛਾਏ ਹੈਂ॥ ੪੪ ॥

ਜੋ ਸਿਖ ਗੁਰੂ ਦੇ (ਸੁਰਤਿ) ਕੰਨਾਂ ਦੁਆਰੇ ਗੁਰੂ ਦੇ (ਸ਼ਬਦ) ਉਪਦੇਸ਼ ਸੁਣਨ ਨੂੰ (ਲਿਵ) ਬ੍ਰਿਤੀ ਲਾਕੇ ਪ੍ਰੀਤੀ ਕਰਕੇ, (ਸੰਧਿ) ਮਲੌਨੀ ਵਿਚ ਮਿਲੇ ਹਨ ਓਹ (ਸਸਿ ਘਰ) ਇੜਾ ਖਬੀ ਸੁਰ ਅਤੇ (ਸੂਰ) ਪਿੰਗਲਾ ਸੱਜੀ ਸੁਰ ਇਹਨਾਂ ਨੂੰ (ਪੂਰ) ਪੂਰਨ ਕਰਕੇ ਭਾਵ ਸ੍ਵਾਸ ਝੜਾਉਣ ਉਤਾਰਨ ਦੀ ਵਿਧੀ ਜਾਣਕੇ (ਨਿਜ ਘਰ) ਆਪਣੇ ਘਰ ਦਸਵੇਂ ਦ੍ਵਾਰ ਵਿਚ ਆਨ ਪਹੁੰਚੇ ਹਨ । (ਮੀਨ) ਮੱਛੀ ਦੀ ਨਿਆਈਂ ਚੰਚਲ ਚਾਲ ਜਿਸ ਮਨ ਦੀ ਸੀ ਉਸਨੂੰ ਵੀ ਅਤੇ (ਪਵਨ) ਸ੍ਵਾਸਾਂ ਨੂੰ ਵੀ ਉਲਟਾਯਾ ਅਤੇ (ਤ੍ਰਿਬੇਨੀ) ਤਿਨੇ ਨਦੀਆਂ ਤਿੰਨੇ ਸੁਰਾਂ ਇੜਾ ਪਿੰਗਲਾ ਸੁਖਮਨਾ ਇਹਨਾਂ ਦੇ ਅਕੱਠ ਪ੍ਰਯਾਗ ਨੂੰ(ਉਲੰਘ) ਟਪਕੇ (ਸੁਖ ਸਾਗਰ) ਦਸਵੇਂ ਦ੍ਵਾਰੇ ਵਿਚ ਸਮਾ ਗਏ । ਤਿੰਨ ਗੁਣ ਜੋ ਸੰਸਾਰ ਹੈ ਉਸਤੋ ਫਕੀਰ ਹੋਕੇ ਭਾਵ ਇਸ ਨੂੰ ਝੂਠਾ ਜਾਣਿਆਂ ਅਤੇ ਸਰੂਪ ਵਾਹਿਗੁਰੂ ਵਿਚ ਪਹੁੰਚਣਾ ਕੀਤਾ. ਭਾਵ ਕੀ ਸੰਸਾਰ ਨੂੰ ਝੂਠਾ ਸਮਝਕੇ ਵਾਹਿਗੁਰੂ ਨੂੰ ਮਿਲੇ ਅਤੇ ਫਿਰ ਉਸ ਜਗਾ ਕੀ ਅਨੰਦ ਹੋਇਆ ਕਿ (ਨਿਝਰ) ਇਕ ਰਸ (ਅਪਾਰ ਧਾਰ) ਅਮ੍ਰਿਤ ਮੁਖ ਵਿਚੋਂ ਗਾਇਆ । ਓਹ ਐਸਾ ਅਨੰਦ ਹੋਯਾ ਜੈਸੇ ਚਕਵੀ ਸੂਰਜ ਨੂੰ ਦੇਖਕੇ ਪ੍ਰਸੰਨ ਹੁੰਦੀ ਹੈ ਅਤੇ ਜੈਸੇ ਚਕੋਰ ਚੰਦਰਮਾਂ ਨੂੰ ਵੇਖਕੇ ਪ੍ਰਸੰਨ ਹੁੰਦਾ ਹੈ ਅਤੇ ਮੋਰ ਤੇ (ਚਾਤ੍ਰਿਕ) ਪਪੀਹਾ ਮੇਘਾਂ ਨੂੰ ਵੇਖਕੇ ਪ੍ਰਸੰਨ ਹੁੰਦੇ ਹਨ ਤੇ (ਕਦਲੀ) ਕੇਲੇ ਤੇ ਕਮਲ ਫੁਲ ਜੈਸੇ (ਬਿਮਲ) ਉੱਜਲ ਨਿਰਮਲ ਜਲ ਵਿਚ(ਛਾਇ) ਪਰਫੁਲਤ ਹੋਏ ਦਿਖਾਈ ਦੇਂਦੇ ਹਨ।

ਕਬਿਤ—ਸ਼ਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ, ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ ॥ ਭਾਗੇ ਭ੍ਰੈ ਭ੍ਰਮ ਭੇਦ ਕਾਲ ਔ ਕਰਮ ਖੇਦ, ਲੋਗ ਬੇਦ ਉਲੰਘ ਉਦੋਤ ਗੁਰ ਗ੍ਯਾਨੇ ਹੈਂ ॥ ਮਾਯਾ ਔ ਬ੍ਰਹਮ ਸਮ ਦਸਮ ਦੁਆਰ ਪਾਰ, ਅਨਹਦ ਰੁਣਝੁਣ ਬਾਜਤ ਨੀਸਾਨੇ ਹੈਂ ॥ ਉਨਮਨ ਮਗਨ ਗਗਨ ਜਗ ਮਗ ਜੋਤ, ਅਪਰ ਅਪਾਰ ਹਾਰ ਪਰਮ ਨਿਧਾਨੇ ਹੈਂ ॥ ੪੫ ॥

ਗੁਰਾਂ ਦੇ (ਸ਼ਬਦ) ਉਪਦੇਸ਼ ਦੀ (ਸੁਰਤ) ਗਜਾਤ ਕਰਕੇ (ਲਿਵ) ਪ੍ਰੀਤੀ ਦੀ (ਸੰਧਿ) ਮਿਲੌਨੀ ਵਿਖੇ ਮਿਲੇ ਹਨ ਓਹਨਾਂ ਦੇ (ਪੰਚ) ਕਾਮ ਕਰੋਧਾਦਿਕ ਅਤੇ (ਪ੍ਰਪੰਚ)

ਸੰਸਾਰ ਦੇ ਛਲ ਦੂਰ ਹੋ ਗਏ ਅਤੇ (ਪੰਚ) ਸਤ ਸੰਤੋਖਾਦੀ ਵਿਚ (ਪ੍ਰਧਾਨੇ) ਮੁਖੀ ਹੋਏ ਹਨ। ਡਰ ਵੀ ਦੂਰ ਦੌੜ ਗਿਆ ਹੈ ਅਤੇ ਜੀਵ ਈਸ਼ਰ ਦਾ ਭਰਮ ਕੇ ਜੋ (ਭੇਦ) ਫਰਕ ਪਿਆ ਹੋਯਾ ਸੀ ਰਿਦੇ ਵਿਚ ਸੋ ਭੀ ਦੂਰ ਹੋ ਗਿਆ ਅਤੇ (ਕਾਲ) ਮਰਨ ਜਨਮ ਦੇ ਦੁਖ ਤੋਂ ਰਹਿਤ ਹੋ ਗਏ ਫਿਰ ਕੀ ਹੋਯਾ ਤਾਂਤੇ ਆਖਦੇ ਹਨ ਕਿ ਲੋਕਾਚਾਰ ਨੂੰ ਵੀ ਤੇ ਬੇਦਾਚਾਰ ਨੂੰ ਵੀ (ਉਲੰਘ) ਛਡ ਬੈਠੇ ਪਰ ਏਹ ਸਾਰੇ ਕੰਮ ਕਦ ਹੋਏ ਜਦ ਗੁਰਾਂ ਦਾ ਗਿਆਨ ਰਿਦੇ ਵਿਚ ਪਰਗਟ ਹੋਇਆ। (ਸਮ) ਇਕੋ ਜੇਹਾ (ਬ੍ਰਹਮ) ਵਿਆਪਕ ਸਾਰਿਆਂ ਵਿਖੇ ਫੈਲਿਆ ਹੋਯਾ ਹੈ ਜੋ ਓਹ ਆਨੰਦ ਉਸ ਦਸਵੇਂ ਦੁਆਰ ਵਿਚ ਪਾਇਆ ਉਸ ਜਗਾ ਇਕ ਰਸ ਸਹਜੇ ਸਹਜੇ ਵਾਜੇ ਵਜਦੇ ਹਨ। (ਉਨਮਨ) ਤੁਰੀਆ ਪਦ (ਗਗਨ) ਅਕਾਸ਼ ਦਸਵੇਂ ਦਰਵਾਜੇ ਦੀ ਜੋ ਪ੍ਰਕਾਸ਼ ਵਾਲੀ ਜੋਤ ਹੈ ਉਸ ਵਿਚ ਜਦ ਮਗਨ ਹੋਏ ਤਾਂ ਇਕ ਰਸ ਵਾਹਿਗੁਰੂ ਦੇ ਨਾਮ ਦਾ ਬੜਾ ਅੱਛਾ (ਨਿਧਾਨੇ) ਖਜਾਨਾ ਮਿਲਿਆ।

ਕਬਿਤ—ਗ੍ਰਿਹ ਮਹਿ ਗ੍ਰਿਹਸਤੀ ਹ੍ਵੈ ਪਾਯੋ ਨ ਸਹਜ ਘਰ, ਬਨ ਬਨ ਵਾਸ ਨ ਉਦਾਸ ਫਲ ਪਾਯੋ ਹੈ। ਪੜ੍ਹ ਪੜ੍ਹ ਪੰਡਤ ਨ ਅਕਥ ਕਥਾ ਬਿਚਾਰੀ, ਸਿਧਾਸਨ ਕੈ ਨ ਨਿਜ ਆਸਨ ਦ੍ਰਿੜਾਯੋ ਹੈ। ਜੋਗ ਧ੍ਯਾਨ ਧਾਰਨ ਕੈ ਨਾਥਨ ਨ ਦੇਖੈ ਨਾਥ, ਜਗ ਭੋਗ ਪੂਜਾ ਕੈ ਨ ਅਗਹੁ ਗਹਾਯੋ ਹੈ। ਦੇਵੀ ਦੇਵ ਸੇਵ ਕੈ ਨ ਅਹੰਮੇਵ ਟੇਵ ਟਾਰੀ, ਅਲਖ ਅਭੇਵ ਗੁਰੂ ਦੇਵ ਸਮਝਾਯੋ ਹੈ॥ ੪੬॥

(ਗ੍ਰਿਹ) ਘਰ ਵਿਚ ਰਹਿ ਕਰਕੇ ਗ੍ਰਹਸਤੀ ਨਾਮ ਹੋਕੇ ਵੀ (ਸਹਜ ਘਰ) ਵਾਹਿਗੁਰੂ ਨੂੰ ਨਾ ਪਾਯਾ ਅਤੇ ਬਣਕੇ ਉਦਾਸੀ ਵੀ (ਬਨ) ਜੰਗਲ ਵਿਚ ਫਿਰਿਆ। ਪਰ ਅਫਸੋਸ! ਜੋ ਫਲ ਪਾਉਣਾ ਸੀ ਕਿ ਵਾਹਿਗੁਰੂ ਪ੍ਰਾਪਤ ਹੋਵੇ ਸੋ ਨਾ ਹੋਯਾ। ਪੰਡਿਤ ਵੀ ਸ਼ਾਸਤ੍ਰ ਨੂੰ ਪੜ੍ਹ ਪੜ੍ਹ ਕੇ ਥਕ ਗਏ (ਅਕਥ) ਵਾਹਿਗੁਰੂ ਦੀ ਕਥਾ ਨਾ ਵਿਚਾਰੀ ਅਤੇ (ਸਿਧਾਸਨ) ਸਿਧਾਂ ਨੇ ਸਿਧ ਆਸਨ ਲੌਣੇ ਆਪਣੇ ਚੇਲਿਆਂ ਨੂੰ ਦਸੇ (ਜੋਗ ਧਜਾਨ) ਸਮਾਧੀ ਲਗਾਉਣ ਨਾਲ ਨਵਾਂ ਨਾਥਾਂ ਨੇ ਵੀ (ਨਾਥ) ਵਾਹਿਗੁਰੂ ਨੂੰ ਨਾ ਦੇਖਿਆ (ਜਗਜ) ਜਗਤ ਦੇ ਭੋਗਾਂ ਵਾ ਯਗਜ ਦੇ ਭੋਗ ਲਾਉਣ ਕਰਕੇ ਵੀ ਭਾਵ ਦੇਵਤਿਆਂ ਨੂੰ ਬਲੀ ਦੇ ਦੇਕੇ ਅਤੇ ਦੇਵੀ ਦੇਵਤਿਆਂ ਦੀ ਪੂਜਾ ਕਰਕੇ ਵੀ (ਅਗਹੁ) ਜੋ ਨਾ ਪਕੜਿਆ ਜਾਵੇ (ਸੋ ਕੌਨ? ਗਜਾਨ ਵਾਹਿਗੁਰੂ) ਉਸਨੂੰ ਵੀ ਕਿਸੇ ਨੇ ਨਾ ਪਕੜਾਇਆ। ਦੇਵੀ ਦੇਵਤਿਆਂ ਦੀ ਵੀ ਸੇਵਾ ਕੀਤੀ ਪਰ ਹੰਕਾਰ ਵਾਲੀ ਖੋਟੀ ਆਦਤ ਕਿਸੇ ਨੇ ਨਾ ਦੂਰ ਕੀਤੀ। ਉਸ (ਅਲਖ) ਜੋ ਨਾ ਵੇਖਿਆ ਜਾਵੇ ਜਿਸਦਾ ਭੇਦ ਨਾ ਪਾਯਾ ਜਾਵੇ ਉਸਨੂੰ ਦੇਵ ਪ੍ਰਕਾਸ਼ ਸਰੂਪ ਗੁਰੂ ਨੇ ਸਮਝਾ ਦਿਤਾ।

ਕਬਿਤ—ਤ੍ਰਿਗੁਨ ਅਤੀਤ ਚਤੁਰਥ ਗੁਨ ਗੰਮਿਤਾ ਕੈ, ਪੰਚ ਤਤ ਉਲੰਘ ਪਰਮ ਤਤ ਵਾਸੀ ਹੈ। ਖਟ ਰਸ ਤਯਾਗ ਪ੍ਰੇਮ ਰਸ ਕੋ ਪ੍ਰਾਪਤ ਭਏ, ਪੂਰ ਸੂਰ ਸਪਤ ਅਨਹਦ ਅਭਯਾਸੀ ਹੈ। ਅਸਟ ਸਿਧਾਂਤ ਭੇਦ ਨਾਥਨ ਕੈ ਨਾਥ ਭਏ, ਦਸਮ ਸਥਲ ਸੁਖ ਸਾਗਰ ਬਿਲਾਸੀ ਹੈ। ਉਨ ਮਨ ਮਗਨ ਗਗਨ ਹ੍ਵੈ ਨਿਝਰ ਝਰੈ, ਸਹਜ ਸਮਾਧਿ *ਗੁਰ ਪਰਚੈ ਉਦਾਸੀ ਹੈ॥ ੪੭॥

ਰਜੋ ਸਤੋ ਤਮੋ ਤੋ (ਅਤੀਤ) ਫਕੀਰ ਹੋਏ ਚੌਥੇ ਪਦ ਵਿਚ ਪਹੁੰਚਕੇ ਵਾਹਿਗੁਰੂ ਨੂੰ (ਗੁਨ) ਜਾਣਿਆਂ ਅਤੇ(ਪੰਚਤਤ)ਜਲ ਅਗਨੀ ਧਰਤੀ ਅਕਾਸ ਪਵਨ ਭਾਵ ਕਿਆ ਜੋ ਇਹਨਾਂ ਦਾ ਰਚਤ ਸੰਸਾਰ ਹੈ ਇਸ ਨੂੰ ਟਪਕੇ (ਪਰਮਤਤ) ਸਿਧਾਂਤ ਸਰੂਪ ਦੇ ਵਿਚ ਨਿਵਾਸ ਕਰਨ ਵਾਲੇ ਹੋਏ । ਛੀਆਂ ਰਸਾਂ ਦੇ ਸ੍ਵਾਦ ਨੂੰ ਛਡਿਆ ਅਤੇ (ਪ੍ਰੇਮ ਰਸ) ਗਯਾਨ ਓਹਨਾਂ ਨੂੰ ਮਿਲਿਆ ਅਤੇ (ਪੂਰ) ਸਮਾਪਤ ਵ ਤਯਾਗਿਆ (ਸੂਰ ਸਪਤ) ਸਤਾਂ ਸੁਰਾਂ ਦੇ ਅਵਾਜ਼ ਨੂੰ (ਅਨਹਦ) ਇਕ ਰਸ ਅਨਾਹਦ ਦਸਵੇਂ ਦੁਆਰ ਦੇ ਸ਼ਬਦ ਸੁਣਨ ਦੇ ਅਭਿਆਸੀ ਹੋਏ। ਅਠ ਤਰਾਂ ਦੀਆਂ ਸਿਧੀਆਂ ਨੂੰ (ਭੇਦ) ਤਿਆਗਿਆ ਅਤੇ ਨਵਾਂ ਨਾਥਾਂ ਦੇ ਵੀ(ਨਾਥ)ਮਾਲਕ ਹੋਏ, ਦਸਵਾਂ ਦਰਵਾਜਾ ਜੋ ਸੁਖਾਂ ਦਾ (ਸਾਗਰ) ਸਮੁੰਦਰ ਹੈ ਉਸ (ਬਿਲਾਸੀ) ਅਨੰਦ ਦੇ ਲੈਣ ਵਾਲੇ ਹੋਏ ਹਨ। ਤੁਰੀਆ ਪਦ ਉਹਦੇ ਵਿਚ (ਮਗਨ) ਮਸਤ ਹੋਏ ਅਤੇ (ਸਹਜਿ) 'ਅਫੁਰ' ਵਾਹਿਗੁਰੂ ਦੇ ਵਿਚ ਸਮਾਧੀ ਲਗੀ (ਗੁਰਾਂ) ਵਿਚ (ਪਰਚੇ) ਪ੍ਰੇਮ ਕਰਨੇ ਸੇ ਉਦਾਸੀ ਹੁੰਦਾ ਹੈ।

ਕਬਿਤ—ਦੁਬਿਧਾ ਨਿਵਾਰ ਅਬਰਨ ਹ੍ਵੈ ਬਰਨ ਬਿਖੈ ਪਾਂਚ ਪਰਪੰਚ ਨ ਦਰਸ ਅਦਰਸ ਹੈ॥ ਪਰਮ ਪਾਰਸ ਗੁਰ ਪਰਸ ਪਾਰਸ ਭਏ, ਕਨਿਕ ਅਨਿਕ ਧਾਤ ਆਪਾ ਅਪਰਸ ਹੈ। ਨਵ ਦ੍ਵਾਰ ਪਾਰ ਬ੍ਰਹਮਾਸਨ ਸਿੰਘਾਸਨ ਮੈਂ ਨਿਝਰ ਝਰਨ ਰੁਚਿਤ ਨ ਅਨਰਸ ਹੈ। ਗੁਰਸਿਖ ਸੰਧਿ ਮਿਲੇ ਬੀਸ ਇਕ ਈਸ ਈਸ, ਅਨਹਦ ਗਦ ਗਦ ਅਭਰ ਭਰਸ ਹੈ ॥ ੪੯ ॥

ਜੋ ਗੁਰ ਸਿਖੀ ਦੀ (ਸੰਧਿ) ਮਿਲੌਨੀ ਵਿਚ ਮਿਲੇ ਹਨ (ਬੀਸ) ਨਿਸਚੈ ਕਰਕੇ

---

*"ਗੁਰ ਪਰਚੈ ਉਦਾਸੀ ਹੈ" ਇਤਨਿਆਂ ਅੱਖਰਾਂ ਨੂੰ ਪਹਿਲੇ ਲਗਾਉਣਾ ਚਾਹੀਦਾ ਹੈ ਅਤੇ ਪਿਛੋਂ ਕਬਿਤ ਲਗਾਉਣਾ ਚਾਹੀਏ ।

ਓਹਨਾਂ ਨੇ ਕੀ ਕੀਤਾ ਤੇ ਕੈਸੇ ਹੋ ਗਏ (ਦੁਬਿਧਾ) ਈਰਖਾ ਨੂੰ ਦੂਰ ਕੀਤਾ ਤੇ ਚਵਾਂ ਵਰਨਾਂ ਦੇ ਹੰਕਾਰ ਵਿਚੋਂ ਰਹਿਤ ਹੋਏ (ਪੰਚ) ਕਾਮ ਕ੍ਰੋਧ ਆਦਿਕ ਵਾ ਸ਼ਬਦ ਸਪਰਸ਼ ਰੂਪ ਰਸ ਗੰਧ ਅਤੇ (ਪ੍ਰਪੰਚ) ਸੰਸਾਰ ਦੇ ਛਲ ਏਹ ਵੀ ਓਹਨਾਂ ਤੋਂ ਦੂਰ ਹੋ ਗਏ ਅਤੇ (ਦਰਸ) ਖੋਟੀ ਨਜ਼ਰ ਤੋਂ ਰਹਿਤ ਹੋਏ ਫਿਰ (ਪਰਮ) ਬੜੇ ਅਛੇ ਪਾਰਸ ਜੋ ਗੁਰੂ ਹਨ ਓਹਨਾਂ ਨੂੰ ਪਰਸਕੇ ਆਪ ਵੀ (ਪਾਰਸ) ਗੁਰੂ ਰੂਪ ਹੋ ਗਏ। (ਅਨਿਕ ਧਾਤ) ਅਨੇਕਾਂ ਹੀ ਧਾਤਾਂ ਨੂੰ (ਕਨਿਕ) ਸੋਨਾ ਕਰ ਦਿਤਾ ਤੇ (ਆਪਾ ਅਪਰਸ) ਆਪ ਓਹ ਗੁਰੂ ਸ਼ੁਧ ਹਨ। ੯ ਗੋਲਕਾਂ ਹਨ ਓਹਨਾਂ ਤੋ ਪਾਰ ਜੋ ਦਸਵਾਂ ਦੁਆਰ ਉਸ (ਸਿੰਘਾਸਨ) ਰਾਜ ਤਖਤ ਤੇ ਬੈਠੇ ਅਤੇ ਇਕ ਰਸ ਪ੍ਰੇਮ ਰਸ ਦਸਵੇਂ ਦਰਵਾਜੇ ਦੇ ਝਰਨੇ ਦਾ ਅਨੰਦ ਝਰ ਰਿਹਾ ਹੈ ਅਤੇ (ਅਨਰਸ) ਹੋਰਨਾਂ ਰਸਾਂ ਵਿਚ (ਰੁਚਿਤ) ਰੁਚੀ ਨਹੀਂ ਹੈ। ਜੋ ਗੁਰ ਸਿਖੀ ਦੀ ਮਿਲੌਣੀ ਨਾਲ ਮਿਲੇ ਹਨ। ਨਿਸਚੇ ਕਰਕੇ ਓਹ (ਈਸ)ਇਸਤਰਾਂ (ਇਕਈਸ) ਵਾਹਿਗੁਰੂ ਦਾ ਸਰੂਪ ਹੀ ਹੋ ਗਏ ਅਤੇ ਇਕ ਰਸ ਓਹਨਾਂ ਨੂੰ (ਗਦ ਗਦ) ਅਨੰਦ ਹੋਯਾ ਫਿਰ (ਅਭਰ) ਜੋ ਨਹਾਂ ਸੀ ਭਰੇ ਜਾਂਦੇ ਤਲਾਉ ਰਿਦੇ ਗੁਣ ਨਾਲ ਓਹਨਾਂਨੂੰ ਓਹ (ਭਰਸ) ਭਰਪੂਰ ਕਰ ਦੇਂਦੇ ਹਨ।

ਕਬਿਤ—ਚਰਨ ਕਮਲ ਭਜ ਕਮਲ ਪ੍ਰਗਾਸ ਭਏ, ਦਰਸ ਦਰਸ ਸਮ ਦਰਸ ਦਿਖਾਏ ਹੈਂ ॥ ਸਬਦ ਸੁਰਤਿ ਅਨਹਦ ਲਿਵਲੀਨ ਭਏ, ਉਨ ਮਨ ਮਗਨ ਗਗਨ ਪੁਰ ਛਾਏ ਹੈਂ ॥ ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ, ਅਤਿ ਅਸਚਰਜ ਮੈ ਹੇਰਤ ਹਿਰਾਏ ਹੈਂ ॥ ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ, ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ ॥ ੪੯ ॥

ਗੁਰਾਂ ਦੇ ਚਰਨ ਕਮਲ ਰਿਦੇ ਵਿਚ(ਭਜ) ਜਪਨ ਨਾਲ ਗੁਰਮੁਖਾਂ ਦੇ (ਕਮਲ) ਫੁਲ ਵਾਂਗੂੰ ਅੰਤਸ਼ਕਰਨ ਪ੍ਰਕਾਸ਼ਤ ਹੋਏ, ਫਿਰ ਜਦ ਗੁਰਮੁਖਾਂ ਨੇ ਗੁਰਾਂ ਦੇ (ਦਰਸ ਦਰਸ) ਦਰਸ਼ਨ ਦਾ ਦਰਸ਼ਨ ਕੀਤਾ ਭਾਵ ਗੁਰਾਂ ਦੇ ਸਰੂਪ ਨੂੰ ਵੇਖਿਆ ਤਾਂ ਗੁਰਾਂ ਨੇ ਸਾਰੇ (ਸਮ) ਬਰਾਬਰ ਦ੍ਰਿਸ਼ਟੀ ਦਿਖਾ ਦਿਤੀ। ਜਿਨਾਂ ਗੁਰਮੁਖਾਂ ਦੀ (ਲਿਵ) ਬ੍ਰਿਤੀ ਗੁਰਾਂ ਦੇ (ਸ਼ਬਦ) ਉਪਦੇਸ਼ ਦੀ (ਸੁਰਤ) ਗਜਾਤ ਵਿਚ ਇਕ ਰਸ (ਲੀਨ) ਟਿਕੀ ਰਹਿੰਦੀ ਹੈ ਓਹ (ਉਨਮਨ ਗਗਨ) ਤੁਰੀਆ ਪਦ ਦਸਵਾਂ ਦਰਵਾਜਾ ਉਸ ਵਿਚ (ਮਗਨ) ਮਸਤ (ਪੂਰ) ਪੂਰਨ ਹੋਏ (ਛਾਇ) ਛਾ ਕੇ ਪੂਰਨ ਮਸਤ ਹੋਏ। (ਬਿਸਮ) ਅਸਚਰਜ ਜੋ ਵਾਹਿਗੁਰੂ ਹੈ ਉਸ ਦੇ ਪ੍ਰੇਮ ਰਸ ਵਿਚ (ਵਸ) ਨਿਵਾਸ ਕਰਕੇ(ਬਿਦੇਹ) ਜੀਵਤ ਹੀ ਮੁਕਤ ਹੋ ਗਏ ਹੋਰਨਾਂ ਨੂੰ (ਹਰਾਇ) ਦਿਖਾਇਆ ਅਤੇ ਆਪ (ਹੇਰਤ)

ਵੇਖਿਆ। ਜੋ ਗੁਰਮੁਖਾਂ ਨੂੰ (ਸੁਖ ਫਲ) ਗਜਾਨ ਪ੍ਰਾਪਤ ਹੋ ਰਹਿਆ ਹੈ ਉਸਦੀ ਮਹਿਮਾ ਦਾ ਅਨੰਦ ਜਾਨਣਾ ਮੁਸ਼ਕਲ ਹੈ ਅਤੇ ਓਹਨਾਂ ਦੇ ਕੌਤਕਾਂ ਦੀ ਕਥਾ ਵੀ ਕਥੀ ਨਹੀਂ ਜਾਂਦੀ ਅਤੇ ਉਸ ਅਨੰਦ ਦਾ ਅਨੰਦ ਵੀ ਕਹਿਣ ਵਿਚ ਨਹੀਂ ਆਉਂਦਾ ਹੈ।

ਕਬਿਤ–ਦੁਰਮਤਿ ਮੇਟ ਗੁਰਮਤਿ ਹਿਰਦੈ ਪ੍ਰਗਾਸੀ, ਖੋਇ ਕੈ ਅਗਜਾਨ ਜਾਨੇ ਬ੍ਰਹਮ ਗਯਾਨੇ ਹੈ॥ ਦਰਸ ਧਿਆਨ ਆਨ ਧਜਾਨ ਬਿਸਿਮਰਨ ਕੈ, ਸਬਦ ਸੁਰਤਿ ਮੋਨਿ ਬ੍ਰਤ ਪਰਵਾਨੇ ਹੈ॥ ਪ੍ਰੇਮ ਰਸ ਰਸਿਕ ਹ੍ਵੈ ਅਨਰਸ ਰਹਿਤ ਹ੍ਵੈ, ਜੋਤੀ ਮੈ ਜੋਤਿ ਸਰੂਪ ਸੋਹੰ ਸੁਰਤਾਨੇ ਹੈਂ॥ ਗੁਰ ਸਿਖ ਸੰਧਿ ਮਿਲੇ ਬੀਸ ਇਕਈਸ ਈਸ, ਪੂਰਨ ਬਿਬੇਕ ਟੇਕ ਏਕ ਹਿਯੈ ਆਨੇ ਹੈਂ॥ ੫੦॥

ਦੁਰਮਤਿ ਦੂਰ ਹੋ ਗਈ ਗੁਰਾਂ ਦੀ ਸਿਖਿਆ ਨੇ ਹਿਰਦੇ ਵਿਚ ਪ੍ਰਕਾਸ਼ ਕੀਤਾ, ਦੂਰ ਕਰਕੇ ਅਗਜਾਨ ਨੂੰ ਵਾਹਿਗੁਰੂ ਦਾ ਜਾਨਣਾ ਕੀਤਾ ਭਾਵ ਕਿ ਵਾਹਿਗੁਰੂ ਦੇ ਜਾਨਣ ਦਾ ਗਜਾਨ ਹੋਯਾ। ਜਦੋਂ ਗੁਰਾਂ ਦੇ ਦਰਸ਼ਨ ਦਾ ਧਜਾਨ ਕੀਤਾ ਤਾਂ (ਆਨ) ਹੋਰ ਦੇਵੀ ਦੇਵਤਿਆਂ ਦਾ ਧਜਾਨ (ਬਿਸਿਮਰਨ) ਦੂਰ ਹੋ ਗਿਆ ਅਤੇ ਫਿਰ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ (ਸੁਰਤਿ) ਬ੍ਰਿਤੀ ਲਗਾਈ ਤਾਂ (ਮੋਨਿ ਬ੍ਰਤ) ਚੁਪ ਹੀ ਰਹਿਣਾ ਚੰਗਾ ਸਮਝਿਆ। (ਪਰਵਾਨੇ) ਨਿਸਚੈ ਕੀਤਾ। ਪ੍ਰੇਮ ਰਸ ਦੇ (ਰਸਿਕ) ਰਸ਼ੀਏ ਹੋਏ (ਅਨਰਸ) ਦ੍ਵੈਤਾਂ ਤੋ ਰਹਿਤ ਹੋਏ, ਸੋ (ਜੋਤਾਂ ਜੋ) ਪੰਚ ਜੋਤੀ ਹਨ ਤਾਰੇ ਆਦਕ ਓਹਨਾਂ ਦਾ ਜੋ ਜੋਤ (ਸਰੂਪ) ਵਾਹਿਗੁਰੂ ਪ੍ਰਕਾਸ਼ ਹੈ (ਸੋਹੰ) ਮੈਂ, ਤੂੰ, ਤੂੰ, ਮੈਂ ਉਸ ਵਿਚ (ਸੁਰ) ਚਿਤ ਬ੍ਰਿਤੀ ਨੂੰ (ਤਾਨੇ) ਜੋਰ ਨਾਲ ਖਿਚਕੇ ਲਗਾਉਂਦੇ ਹਨ। ਜੋ ਗੁਰੂ ਸਿਖੀ ਦੀ ਮਿਲੌਨੀ ਨਾਲ ਮਿਲੇ ਹਨ (ਬੀਸ) ਨਿਸਚੈ ਕਰਕੇ ਓਹ (ਈਸ) ਇਸਤਰਾਂ (ਇਕਈਸ) ਇਕ ਵਾਹਿਗੁਰੂ ਪੂਰਨ ਜੋ ਹੈ ਤਿਸਦੇ (ਬਿਬੇਕ) ਵਿਚਾਰ ਦੀ ਇਕ ਟੇਕ ਹਿਰਦੇ ਵਿਚ ਲਿਆਉਂਦੇ ਹਨ।

ਕਬਿਤ–ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸ, ਮਾਨਸ ਔਤਾਰ ਧਾਰ ਦਰਸ ਦਿਖਾਏ ਹੈਂ॥ ਜਾਕੇ ਓਅੰਕਾਰ ਕੇ ਅਕਾਰ ਹੈਂ ਨਾਨਾ ਪ੍ਰਕਾਰ, ਸ੍ਰੀ ਮੁਖ ਸਬਦ ਗੁਰੂ ਸਿਖਨ ਸੁਨਾਏ ਹੈਂ॥ ਜਗਜ ਭੋਗ ਨਈਵੇਦ ਜਗਤ ਭਗਤ ਜਾਂਹੀ, ਅਸਨ ਬਸਨ ਗੁਰ ਸਿਖਨ ਲਡਾਏ ਹੈਂ॥ ਨਿਗਮ ਸੇਖਾਦਿਕ ਕਥਤ ਨੇਤਿ ਨੇਤਿ ਕਰ,

ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈਂ ॥*੧ ॥ ੫੧ ॥

ਜਿਸ ਵਾਹਿਗੁਰੂ ਦੇ ਇਕ ਇਕ ਰੋਮ ਨਾਲ ਕ੍ਰੋੜਹਾਂ ਬ੍ਰਹਮੰਡ ਨਿਵਾਸ ਕਰ ਰਹੇ ਹਨ, ਓਹੋ ਹੀ ਵਾਹਿਗੁਰੂ (ਮਾਨਸ) ਮਨੁਖਾ ਅਵਤਾਰ ਧਾਰਕੇ, ਗੁਰੂ ਰੂਪ ਹੋਕੇ ਦਰਸ਼ਨ ਦਿਖਾਉਂਦੇ ਹੈਨ । ਜੈਸੇ-"ਆਪਿ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ ।"ਜਿਸ(ਓਅੰਕਾਰ) ਵਾਹਿਗੁਰੂ (ਅਕਾਰ) ਦੇ ਦੇਹ ਧਾਰੀ ਜੀਵ ਬਹੁਤ ਤਰਾਂ ਦੇ ਹਨ ਓਹੋ ਹੀ ਅਕਾਲ ਪੁਰਖ ਗੁਰੂ ਰੂਪ ਹੋਕੇ (ਸ੍ਰੀ ਮੁਖ) ਸੁਭਾਇਮਾਨ ਮੁਖ ਸੇ (ਸ਼ਬਦ) ਉਪਦੇਸ਼ ਸਿਖਾਂ ਨੂੰ ਸੁਣਾ ਰਹੇ ਹਨ । ਜਿਸ ਵਾਹਿਗੁਰੂ ਦੇ ਮਿਲਣ ਵਾਸਤੇ ਜਗਤ ਦੇ ਲੋਕੀ ਜਗਤ ਵਿਚ ਭੋਗ ਗ੍ਰੀਬਾਂ ਨੂੰ ਲਗਾ ਰਹੇ ਹਨ ਅਤੇ ਬਨ ਦੇ ਰਿਸ਼ੀਆਂ ਮੁਨੀਆਂ ਨੂੰ ਅੰਨ ਕਰਦੇ ਹਨ (ਨਈਵੇਦ) ਹੋਰ ਭੇਟਾ ਆਦਿਕ ਦੇਵੀ ਦੇਵਤਿਆਂ ਨੂੰ ਅਰਪਨ ਕਰਦੇ ਹੈਨ ਅਤੇ ਹੋਰ ਕਈ ਜਗਤ ਵਿਚ ਭਗਤੀਆਂ ਕਰ ਰਹੇ ਹਨ, ਜਿਸ ਵਾਸਤੇ ਲੋਕ ਇਤਨੇ ਯਤਨ ਕਰ ਰਹੇ ਹੈਨ ਓਹੀ ਹੀ ਵਾਹਿਗੁਰੂ ਰੂਪ ਹੋਕੇ ਸਿਖਾਂ ਨੂੰ (ਅਸਨ ਬਸਨ) ਭੋਜਨ ਬਸਤ੍ਰ ਆਦਿਕ ਦੇਕੇ (ਲਡਾਇ) ਅਨੰਦ ਕਰਾ ਰਹੇ ਹਨ । ਜਿਸ ਵਾਹਿਗੁਰੂ ਨੂੰ (ਨਿਗਮ) ਵੇਦ (ਸੇਖਾਦਕ) ਸ਼ੇਸ਼ਨਾਗ ਆਦਿਕ (ਕਬਿਤ) ਉਚਾਰਨ ਕਰਦੇ ਹਨ (ਨੇਤਿ ਨੇਤਿ) ਸਦਾ ਸਦਾ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ ਤੂੰ ਬਿਅੰਤ ਬਿਅੰਤ ਹੈਂ ਓਹੋ ਹੀ ਵਾਹਿਗੁਰੂ ਜੋ (ਪੂਰਨ ਬ੍ਰਹਮ) ਸਰਬ ਸ਼ਕਤੀ ਮਾਨ ਹੈ, ਗੁਰੂ ਜੀ ਆਪਣੇ ਸਿਖਾਂ ਨੂੰ ਦਿਖਾਂਦੇ ਹਨ ।

ਕਬਿਤ-ਨ੍ਰਿਗੁਨ ਸ੍ਰਗੁਨ ਕੈ ਅਲਖ ਅਬਿਗਤਿ ਰੂਪ, ਪੂਰਨ ਬ੍ਰਹਮ ਗੁਰੂ ਰੂਪ ਪ੍ਰਗਟਾਏ ਹੈਂ ॥ ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ, ਅਕਲ ਅਕਾਲ ਗੁਰੂ ਸਿਖਨ ਦਿਖਾਏ ਹੈਂ ॥ ਨਿਰਗੁਨ ਸ੍ਰੀ ਗੁਰ ਸਬਦ ਅਨਹਦ ਧੁਨਿ, †ਸਬਦ ਬੇਦੀ ਗੁਰ ਸਿਖਨ ਸੁਨਾਏ ਹੈਂ ॥ ਚਰਣ ਕਮਲ ਮਕਰੰਦ ਨਿਹਕਾਮ ਧਾਮ, ਗੁਰਸਿਖ ਮਧੁਕਰ ਗਤਿ ਲਪਟਾਏ ਹੈਂ ॥ ੨ ॥ ੫੨ ॥

---

*ਇਹ ਜੇਹੜਾ ੧ ਏਕਾਂਗ ਆਇਆ ਹੈ ਏਹ ਇਸ ਵਾਸਤੇ ਹੈ ਜੋ ਇਸ ਜਗਾ ਤੇ ਪ੍ਰਸੰਗ ਬਦਲ ਗਿਆ ਹੈ ਭਾਵ ਜਿਸ ਕਬਿਤ ਦਾ ਮੈਂ ਪਿਛੇ ਟੀਕਾ ਕਰ ਚੁਕਾ ਹਾਂ ਏਹ ਗੁਰੂ ਤੇ ਅਕਾਲ ਪੁਰਖ ਇਕ ਰੂਪ ਵਰਨਣ ਕੀਤੇ ਹਨ ਇਸ ਵਾਸਤੇ ਇਹ ਨਵੇਂ ਪ੍ਰਸੰਗ ਦਾ ਏਕਾਂਗ ਲਿਖ ਦਿਤਾ ਹੈ ਅਤੇ ਇਕਵੰਜਾ ਅੰਗ ਅਗੇ ਪਿਛਲੀ ਗਿਣਤੀ ਦਾ ਚਲਦਾ ਰਿਹਾ ।

†ਜਾਨਣ ਵਾਲੇ ।

(ਨਿਰਗੁਨ) ਬਿਨਾਂ ਅਕਾਰ ਤੇ ਜੋ ਵਾਹਿਗੁਰੂ (ਅਬਿਗਤਿ) ਜਿਸ ਕੀ ਗਤਿ ਕੋਈ ਨਹੀਂ ਕਰ ਸਕਦਾ ਉਸ ਪਾਸ ਸਾਡੀ ਗਤੀ ਨਹੀਂ ਹੋ ਸਕਦੀ ਅਸਚਰਜ ਹੈ ਓਹ ਹੀ ਸਰਗੁਣ ਰੂਪ ਹੋਕੇ (ਅਲਖ) ਜੋ ਨਾ ਵੇਖਿਆ ਜਾਏ (ਪੂਰਨ ਬ੍ਰਹਮ) ਅਕਾਲ ਪੁਰਖ ਸੋ ਗੁਰੂ ਰੂਪ ਹੋਕੇ ਪ੍ਰਗਟ ਆਏ ਹਨ । ਆਪਣੇ ਸਿਖਾਂ ਨੂੰ ਸ੍ਰੀ ਗੁਰੂ ਜੀ ਆਪਣਾ (ਦਰਸ) ਦਰਸ਼ਨ ਦਿਖਾ ਰਹੇ ਹਨ, ਸਰਗੁਣ ਰੂਪ (ਅਕਲ) ਅਕਾਲ ਵਾਹਿਗੁਰੂ ਦੇ ਧਿਆਨ ਦਾ ਰੂਪ ਏਹ ਅਭੇਦਤਾ ਗੁਰਸਿਖਾਂ ਨੂੰ ਗੁਰਾਂ ਨੇ ਦਿਖਾਇ ਦਿਤੀ ਹੈ । ਸ੍ਰੀ ਗੁਰੂ ਜੀ ਜੋ ਹੈਂ (ਬੇਦੀ) ਕੁਲ ਵਾਲੇ ਓਹਨਾਂ ਦਾ (ਸ਼ਬਦ) ਉਪਦੇਸ਼ (ਅਨਹਦ) ਇਕ ਰਸ (ਧੁਨਿ) ਬਾਣੀ ਸੇ ਉਚਾਰਨ ਕੀਤਾ ਹੋਯਾ ਇਹੋ ਹੀ ਨਿਰਗੁਨ (ਸ਼ਬਦ) ਬ੍ਰਹਮ ਵਾਹਿਗੁਰੂ ਦੇ ਮਿਲਾਪ ਦਾ ਕਾਰਨ ਹੈ ਸ੍ਰੀ ਗੁਰੂ ਜੀ ਸਿਖਾਂ ਨੂੰ ਸੁਣਦੇ ਹਨ। ਜਿਸਤਰਾਂ ਫੁਲਾਂ ਦੀ ਧੂੜੀ ਦੀ ਸੁਗੰਧੀ ਬਹੁਤ ਹੁੰਦੀ ਹੈ ਉਸ ਉਪਰ ਭੌਰਾ ਮਸਤਾਨਾ ਹੋਇਆ ਰਹਿੰਦਾ ਹੈ ਐਸੀ ਹੀ ਸਿਖ ਗੁਰੂ ਕੀ ਭਗਤੀ ਰੂਪੀ ਸੁਗੰਧੀ ਦੀ ਵਾਸ਼ਨਾ ਲੈਣੇ ਵਾਲੇ ਭੌਰੇ ਦੀ ਨਯਾਈਂ ਗੁਰਾਂ ਦੇ ਚਰਨ ਕਮਲਾਂ ਪਰ ਲਪਟ ਰਹਿੰਦੇ ਹਨ ।

ਕਬਿਤ–ਪੂਰਨ ਬ੍ਰਹਮ ਗੁਰ ਬੇਲ ਹ੍ਵੈ ਚੰਬੇਲੀ ਗਤਿ, ਮੂਲ ਸਾਖਾ ਪਤ੍ਰ ਕਰ ਬਿਬਿਧ ਬਿਥਾਰ ਹੈ । ਗੁਰ ਸਿਖ ਪੁਹਪ ਸੁਬਾਸ ਨਿਜ ਰੂਪ ਤਾਮੈ, ਪ੍ਰਗਟ ਹ੍ਵੈ ਕਰਤ ਸੰਸਾਰ ਕੋ ਉਧਾਰ ਹੈ । ਤਿਲ ਮਿਲ ਬਾਸਨਾ ਸੁਬਾਸ ਕੋ ਨਿਵਾਸ ਕਰ, ਆਪਾ ਖੋਇ ਹੋਇ ਹੈ ਫੁਲੇਲ ਮਹਿਕਾਰ ਹੈ । ਗੁਰਮੁਖਿ ਮਾਰਗ ਮੈ ਪਤਿਤ ਪੁਨੀਤ ਗੀਤਿ, ਸੰਸਾਰੀ ਹ੍ਵੈ ਨਿਰੰਕਾਰੀ ਪਰ ਉਪਕਾਰ ਹੈ ॥੩॥੫੩॥

ਪੂਰਨ ਬ੍ਰਹਮ ਜੋ ਵਾਹਿਗੁਰੂ ਹੈ ਓਹੋ ਹੀ ਗੁਰੂ ਨਾਨਕ ਦੇਵ ਜੀ ਹੈ ਚੰਬੇਲੀ ਵੇਲਿ ਦੀ (ਗਤਿ) ਰੀਤੀ ਨਿਆਂਈ (ਮੂਲ) ਮੁੱਢ ਵ ਗੁਰੂ ਨਾਨਕ (ਵ ਵਿਚਾਰ ਸੇ ਵੀ ਹਰੀ ਨਹੀਂ ਮਿਲਦਾ) ਏਹ ਅੰਤ੍ਰੀਵ ਅਰਥ ਹੈ (ਸਾਖਾ) ਟਾਹਣੀਆਂ ਵਾ ਭਾਈ ਬੁਢੇ ਵਰਗੇ ਵ ਕਰਣਾਂ ਮੁਦਤਾ ਮੈਤ੍ਰੀ ਸੇ ਵੀ ਹਰੀ ਨਹੀਂ ਮਿਲਦਾ (ਪਤ੍ਰ) ਪਤ ਹੋਰ ਸਿਖ ਜਗਜਾਸੂ ਵ ਨਿਸ਼ਕਾਮ ਕਰਮਾ ਮੇ ਵੀ ਨਹੀਂ ਮਿਲੇ ਪਰ ਉਸ ਗੁਰੂ ਨਾਨਕ ਦੇ ਨਿਜ ਰੂਪ ਦੀ ਖਬਰ ਗੁਰੂ ਅੰਗਦ ਜੀ ਵਿਚੋਂ ਲਭੇਗੀ ਜੋ ਗੁਰੂ ਨਾਨਕ ਦਾ ਰੂਪ ਹੈ ਇਨਾਂ ਦਾ ਬਹੁਤ ਤਰਾਂ ਨਾਲ (ਬਿਥਾਰ) ਫੈਲਾਵ ਹੁੰਦਾ ਹੈ । (ਗੁਰ ਸਿਖ) ਗੁਰ ਅੰਗਦ ਜੀ ਜੋ ਫੁਲ ਹੈਂ ਉਸਦੀ ਵਾਸ਼ਨਾ ਨਿਜ ਰੂਪ ਆਪਣਾ (ਸਰੂਪ) ਭਾਵ ਗੁਰੂ ਨਾਨਕ ਜੀ ਦਾ ਸਰੂਪ (ਤਾਮੈ) ਉਸ ਵਿਚੋਂ ਪ੍ਰਗਟ ਹੋਕੇ ਵਾ ਵਾਹਿਗੁਰੂ ਵਿਚੋਂ ਪ੍ਰਗਟ ਹੋਕੇ ਸੰਸਾਰ ਤੇ ਆਪਣੇ ਆਪ ਕੋ ਉਧਾਰ ਕਰਦਾ ਹੈ । ਜਦੋਂ ਤਿਲਾਂ ਦਾ ਬਾਸਨਾ ਵਾਲੇ ਫੁਲਾਂ ਦੇ ਨਾਲ ਨਿਵਾਸ ਹੋ ਗਿਆ ਭਾਵ ਪਹਿਲੇ ਤਿਲ ਨਾਮ ਸੀ ਪਰ ਜਦ ਜਿਸ ਕਿਸੇ ਫੁਲਾਂ ਨਾਲ ਤਿਲ ਮਿਲ ਗਏ ਤਾਂ ਓਸੇ ਹੀ ਨਾਮ ਦੀ ਸੰਗਜਾ ਵਾਲਾ ਅਤਰ ਹੋ ਗਿਆ, (ਆਪ)

ਜਦ ਓਹਨਾਂ ਤਿਲਾਂ ਨੇ ਆਪਣਾ ਆਪ ਛਡਿਆ ਤਾਂ ਫੁਲਾਂ ਦਾ ਰੂਪ ਹੋ ਗਏ ਆਪਾ ਭਾਵ ਦੂਰ ਹੋਇਆ ਤਾਂ ਫੁਲੇਲ (ਮਹਿਕਾਰ) ਸੁਗੰਧੀ ਦੇਣ ਵਾਲਾ ਹੋ ਗਿਆ। ਗੁਰਮੁਖਾਂ ਦੇ ਰਸਤੇ ਵਿਚ ਪਾਪੀਆਂ ਨੂੰ ਪਵਿਤ੍ਰ ਕਰਨ ਦੀ (ਰੀਤਿ) ਮਰਯਾਦਾ ਹੈ ਓਹ ਅਗੇ ਗੁਰਮੁਖ ਚਾਹੇ (ਸੰਸਾਰੀ) ਗ੍ਰਹਸਥੀ ਹੋਣ ਫਿਰ ਵੀ ਪਰ ਉਪਕਾਰ ਹੀ ਕਰਨਗੇ, ਚਾਹੇ ਗੁਰਮੁਖ ਨਿਰੰਕਾਰੀ ਬਿਰਕਤ ਹੋ ਰਹਿਣ ਤਦ ਵੀ ਪਰਉਪਕਾਰ ਹੀ ਕਰਨਗੇ(ਸੰਸਾਰੀ) ਸੰਸਾਰ ਗ੍ਰਹਸਤ ਵਿਚ ਰਹਿ ਕਰਕੇ ਹੀ (ਨਿਰੰਕਾਰੀ) ਬਿਰਕਤ ਹੋਏ ਹੈਨ।

ਕਬਿਤ—ਪੂਰਨ ਬ੍ਰਹਮ ਗੁਰ ਬਿਰਖ ਬਿਥਾਰ ਧਾਰ, ਮੂਲ ਕੰਦ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ। ਤਾ ਮੈਂ ਨਿਜ ਰੂਪ ਗੁਰ ਸਿਖ ਫਲ ਕੇ ਪ੍ਰਗਾਸ, ਬਾਸਨਾ ਸੁਬਾਸ ਔ ਸ੍ਵਾਦ ਉਪਕਾਰ ਹੈ। ਚਰਨ ਕਮਲ ਮਕਰੰਦ ਰਸ ਰਸਿਕ ਹ੍ਵੈ, ਚਾਖੇ ਚਰਨਾਮ੍ਰਿਤ ਸੰਸਾਰ ਕੋ ਉਧਾਰ ਹੈ। ਗੁਰਮੁਖਿ ਮਾਰਗ ਮਹਾਤਮ ਅਕਥ ਕਥਾ, ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥ ੪॥ ੫੪॥

ਜਿਸ (ਪੂਰਨ ਬ੍ਰਹਮ)ਵਾਹਿਗੁਰੂ ਨੇ ਗੁਰੂ ਨਾਨਕ ਰੂਪ ਹੋਕਰ ਬ੍ਰਿਛ ਦੇ (ਬਿਥਾਰ) ਵਿਸਤਾਰ ਦੀ ਨਯਾਈਂ ਰੂਪ ਧਾਰਿਆ ਹੋਇਆ ਹੈ ਅਤੇ (ਮੂਲ) ਮੁਢ (ਕੰਦ) ਫਲ (ਸਾਖਾ) ਟਾਹਣੀਆਂ (ਪਤ੍ਰ) ਪਤ ਇਤਿਆਦਿਕ ਫੈਲਾਉ ਨਾਲ ਬਹੁਤ ਤਰਾਂ ਕਰਕੇ ਉਸਦਾ ਖੰਡਾਵ ਹੈ। ਤਿਸ ਬ੍ਰਿਛ ਵਿਚ ਨਿਜ ਰੂਪ ਬ੍ਰਿਛ ਦੇ ਆਪਣੇ ਰੂਪ ਨੂੰ ਗੁਰੂ ਅੰਗਦ ਬੀਜ ਕਰਕੇ ਪ੍ਰਕਾਸ਼ ਹੁੰਦਾ ਹੈ ਜੈਸੇ ਬਾਸਨਾ (ਸੁਬਾਸ) ਫੁਲਾਂ ਦੀ ਵਾਸ਼ਨਾਂ ਫੁਲਾਂ ਵਿਚ ਵਸਦੀ ਹੈ, ਜੋ ਪਰਉਪਕਾਰ ਕਰਦੇ ਹਨ। ਗੁਰੂ ਕੇ ਚਰਨ ਕਮਲ ਦੀ(ਮਕਰੰਦ) ਧੂੜੀ, ਭਗਤੀ ਰਸ ਦਾਇਕ ਜੋ ਲਏ ਤਿਸਦਾ ਚਖਿਆ ਚਰਨਾਂ ਦੇ ਅਮ੍ਰਿਤ ਦਾ ਰਸ ਅਨੰਦ ਅਤੇ ਸੰਸਾਰ ਤੋਂ ਆਪਣੇ ਆਪ ਨੂੰ ਉਧਾਰਨ ਕਰਕੇ ਫਿਰ ਸੰਸਾਰ ਦਾ ਉਧਾਰ ਕਰਨਾ ਅਰੰਭ ਕੀਤਾ। ਗੁਰਮੁਖ ਰਸਤੇ ਦਾ ਮਹਾਤਮ ਜੋ ਹੈ ਉਸਦੀ ਕਥਾ (ਅਕਥ) ਨਹੀਂ ਕਥੀ ਜਾਂਦੀ ਮੈਂ ਨਮਸ਼ਕਾਰ ਕਰਦਾ ਹਾਂ।

ਕਬਿਤ—ਬਰਨ ਬਰਨ ਬਹੁ ਬਰਨ ਗੋਬੰਸ ਜੈਸੇ, ਏਕ ਹੀ ਬਰਨ ਦੂਹੇ ਦੂਧ ਜਗ ਜਾਨੀਐ। ਅਨਿਕ ਪ੍ਰਕਾਰ ਫਲ ਫੂਲ ਕੈ ਬਨਾਸਪਤੀ, ਏਕੈ ਰੂਪ ਅਗਨ ਸਰਬ ਮੈ ਸਮਾਨੀਐ। ਚਤੁਰ ਬਰਨ ਪਾਨ ਚੂਨਾਂ ਔ ਸੁਪਾਰੀ ਕਾਥਾ, ਆਪਾ ਖੋਇ ਮਿਲਤ ਅਨੂਪ ਰੂਪ ਠਾਨੀਐ। ਲੋਗਨ ਮੈ ਲੋਗਾਚਾਰ ਗੁਰਮੁਖ ਏਕੰਕਾਰ, ਸ਼ਬਦ ਸੁਰਤ ਉਨ ਮਨ ਉਨ ਮਾਨੀਐ॥ ੫॥ ੫੫॥

ਜੈਸੇ ਬਹੁਤ ਰੰਗਾਂ ਰੰਗਾਂ ਦੀਆਂ ਸਾਵੀਆਂ ਲਾਖੀਆਂ, ਬੱਗੀਆਂ ਆਦਿਕ ਗਊਆਂ ਲੋਕ ਆਖਦੇ ਹਨ ਪਰ ਇਕ ਹੀ ਰੰਗ ਚੋਏ ਹੋਏ ਦੁਧ ਦਾ ਜਗਤ ਵਿਚ ਜਾਣੀਦਾ ਹੈ ਦੁਧ ਸਭ ਦਾ ਚਿਟੇ ਰੰਗ ਦਾ ਹੁੰਦਾ ਹੈ। ਬਹੁਤ ਤਰਾਂ ਦੇ ਫਲਾਂ ਦੇ ਭਰੇ ਹੋਏ ਬੂਟੇ ਹਨ ਪਰ ਅਗਨੀ ਸਾਰਿਆਂ ਵਿਚ ਇਕੋ ਹੀ ਹੈ। ਪਾਨਾਂ ਦੇ ਪਤੇ ਦਾ ਸਾਵਾ ਹਰਿਆ ਰੰਗ ਹੁੰਦਾ ਹੈ (ਚੂਨਾ) ਚਿਟਾ ਰੰਗ ਹੁੰਦਾ ਹੈ ਅਤੇ (ਸੁਪਾਰੀ) ਭੂਸਲੇ ਰੰਗ ਦੀ ਅਤੇ (ਕਾਥਾ) ਭੂਸਲੇ ਰੰਗ ਪਰ ਜਦ ਇਹ ਚਾਰੇ ਵਸਤੂਆਂ ਆਪੋ ਵਿਚ ਦੀ ਆਪ ਨੇ ਆਪ (ਖੋਇ) ਨਾਸ ਕੀਤਾ ਤੇ ਮਿਲਕੇ ਆਪੋ ਵਿਚ ਮਿਲੇ ਤਾਂ (ਅਨੂਪ) ਗਾੜ੍ਹਾ ਰੰਗ ਹੋ ਗਿਆ ਕਥਨ ਕਰਦੇ ਹਨ। ਗੁਰਮੁਖ ਲੋਗਾਂ ਵਿਚ ਲੋਗਾਂ ਵਾਂਗੂ ਰਹਿਕੇ ਕੰਮ ਕਰਦੇ ਹਨ ਪਰ ਅੰਦਰੋਂ ਚਿਤ ਦੀ ਸ੍ਰੇਸ਼ਟ ਪ੍ਰੀਤੀ ਕਰਕੇ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ ਤੇ (ਉਨਮਨ) ਜੋ ਤੁਰੀਆ ਪਦ ਹੈ। ਏਕੰਕਾਰ ਸ਼ੁਧ ਵਾਹਿਗੁਰੂ ਉਸਦੀ (ਉਨਮਾਨੀਐ) ਵਿਚਾਰ ਕਰਦੇ ਹੈਨ ਅਥਵਾ ਲੋਕੀ ਲੋਕਾਚਾਰ ਵਿਚ ਫਸੇ ਰਹੇ ਅਰ ਗੁਰਮੁਖ ਨਾਮ ਨੂੰ ਜਪ ਕੇ ਪਾਰ ਹੋ ਗਏ।

ਕਬਿਤ—ਸੀਂਚਤ ਸਲਲ ਬਹੁ ਬਰਨ ਬਨਾਸਪਤੀ, ਚੰਦਨ ਸੁਬਾਸ ਏਕੈ ਚੰਦਨ ਬਖਾਨੀਐ। ਪਰਬਤ ਵਿਖੈ ਉਤਪਤ ਹ੍ਵੈ ਅਸਟ ਧਾਤ, ਪਾਰਸ ਪਰਸ ਏਕੈ ਚੰਦਨ ਕੈ ਜਾਨੀਐ। ਨਿਜ ਅੰਧਕਾਰ ਤਾਰਾ ਮੰਡਲ ਚਮਤਕਾਰ, ਦਿਨ ਦਿਨਕਰ ਜੋਤ ਏਕੈ ਪਰਵਾਨੀਐ। ਲੋਗਨ ਮੈਂ ਲੋਗਾਚਾਰ ਗੁਰਮੁਖ ਏਕੰਕਾਰ, ਸਬਦ ਸੁਰਤ ਉਨ ਮਨ ਉਨਮਾਨੀਐ॥ ੬ ॥ ਪ੬ ॥

ਸਿੰਜਦੇ ਹਨ ਵਾ ਪਹੁੰਚਦਾ ਹੈ ਪਾਣੀ। ਬਹੁਤ ਰੰਗਾਂ ਦੀ ਬਨਾਸਪਤੀ ਨੂੰ ਬਹੁਤ ਤਰਾਂ ਦੇ ਬ੍ਰਿਛਾਂ ਨੂੰ ਪਾਣੀ ਇਕੋ ਹੀ ਪਹੁੰਚਦਾ ਹੈ, ਚੰਦਨ ਬ੍ਰਿਛ ਦੀ ਵਾਸ਼ਨਾ ਸਾਰਿਆਂ ਬ੍ਰਿਛਾਂ ਵਿਚ ਚੰਦਨ ਦੀ ਨਜਾਈਂ ਕਥਨ ਕਰੀਦੀ ਹੈ ਭਾਵ ਪਾਣੀ ਬੂਟਿਆਂ ਨੂੰ ਕੌੜਿਆਂ ਮਿਠਿਆਂ ਨਹੀਂ ਕਰ ਸਕਦਾ ਤੇ ਚੰਦਨ ਕਰ ਸਕਦਾ ਹੈ। ਪਹਾੜਾਂ ਵਿਚ ਅੱਠ ਤਰਾਂ ਦੀਆਂ ਧਾਤੂਆਂ ਪ੍ਰਗਟ ਹੁੰਦੀਆਂ ਹਨ ਵਾ ਅਠਾਂ ਤਰਾਂ ਦੀਆਂ ਧਾਤੂਆਂ ਨੂੰ ਪਹਾੜ ਉਤਪੰਨ ਕਰਦਾ ਹੈ ਪਰ ਓਹਨਾਂ ਅਠਾਂ ਧਾਤੂਆਂ ਨੂੰ ਨਾ ਜ਼ਮੀਨ ਪਾਰਸ ਕਰ ਸਕਦੀ ਹੈ ਅਤੇ ਨਾ ਹੀ ਪਹਾੜ ਪਾਰਸ ਕਰ ਸਕਦੇ ਹੈਨ ਪਰ ਓਹ ਅਠ ਧਾਤੂਆਂ ਜਦ ਪਾਰਸ ਨਾਲ ਲਗ ਜਾਣ ਤਾਂ ਓਹ ਪਾਰਸ ਇਕ (ਕੰਚਨ) ਸੋਨਾ ਕਰ ਦੇਂਦਾ ਹੈ। ਜੈਸੇ ਰਾਤ ਅੰਧੇਰੀ ਵਿਚ ਤਾਰਿਆਂ ਦੇ ਮੰਡਲ ਵਖੋ ਵਖ ਚਮਤਕਾਰ ਵਿਖਲਾਦੀ ਦੇਂਦੇ ਹਨ ਸੂਰਜ ਪ੍ਰਕਾਸ਼ ਕਰਦਾ ਹੈ ਤਾਂ ਇਕ ਜੋਤ ਹੀ ਪ੍ਰਵਾਨੀਕ ਹੁੰਦੀ ਹੈ ਭਾਵ ਕੀ ਕਿ ਜਦ ਸੂਰਜ ਦਿਨੇ ਚੜ੍ਹਦਾ ਹੈ ਤਾਂ ਤਾਰੇ ਸਭ ਛਪਨ ਹੋ ਜਾਂਦੇ ਹਨ। ਗੁਰਮੁਖ ਲੋਗਾਂ

ਵਿਚ ਲੋਗਾਂ ਵਾਂਗੂੰ ਕੰਮ ਕਰਦੇ ਹਨ ਪਰ ਅੰਦਰੋਂ ਗੁਰਮੁਖ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕਰਕੇ (ਉਨਮਨ) ਤੁਰੀਆ ਪਦ ਜੋ ਹੈ ਏਕੰਕਾਰ ਸ਼ੁਧ ਵਾਹਿਗੁਰੂ ਉਸਦੀ ਵਿਚਾਰ ਕਰਦੇ ਹੈਨ।

ਕਬਿਤ—ਜੈਸੇ ਕੁਲ ਬਧੂ ਗੁਰ ਜਨ ਮੈਂ ਘੂੰਘਟ ਪਟ, ਸਿਹਜਾ ਸੰਜੋਗ ਸਮੈਂ ਅੰਤਰ ਨ ਪੀਅ ਸੈ। ਜੈਸੇ ਮਣਿ ਅਛਤ ਕੁਟੰਬ ਹੀ ਸਹਤ ਅਹਿ, ਬੰਕਤ ਨ ਸੂਧੋ ਬਿਲ ਪੈਸਤ ਹੈ ਜੀਅ ਸੈ। ਮਾਤ ਪਿਤਾ ਅੱਛਤ ਨ ਬੋਲੈ ਸੁਤ ਬਨਿਤਾ ਸੈ, ਪਾਛੈ ਕੈ ਦੈ ਸਰਬੰਸ ਮੋਹ ਸੁਤ ਤੀਅ ਸੈ। ਲੋਗਨ ਮੈ ਲੋਗਾਚਾਰ ਗੁਰਮੁਖ ਏਕੰਕਾਰ, ਸਬਦ ਸੁਰਤ ਉਨਮਨ ਮਨ ਹੀਅ ਸੈ॥ ੭॥ ਪ੭॥

ਵਡੇ ਘਰ ਦੀ ਇਸਤ੍ਰੀ (ਗੁਰਜਨ) ਜੇਠ ਸਾਹੁਰੇ ਆਦਿਕ ਵਿਚ ਜਦ ਪਤੀ ਬੈਠਾ ਹੁੰਦਾ ਹੈ ਤਾਂ (ਪਟ) ਬਸਤ੍ਰ ਦਾ ਘੂੰਘਟ ਇਕੋ ਜੇਹਾ ਹੀ ਕਢਦੀ ਹੈ ਅਤੇ ਨਾ ਪਤੀ ਦੇ ਸਾਹਮਣੇ ਮੁਖ ਕਰਕੇ ਘੁੰਡ ਖੋਲ੍ਹ ਸਕਦੀ ਹੈ ਪਰ ਜਦ ਸੇਹਜਾ ਦੇ ਸਮੇਂ ਪਤੀ ਨਾਲ ਮਿਲਾਪ ਇਸਤ੍ਰੀ ਦਾ ਹੁੰਦਾ ਹੈ ਤਾਂ ਉਸ ਪਾਸੋਂ ਕੁਛ (ਅੰਤਰ) ਭੇਦ ਨਹੀਂ ਰਖਦੀ ਹੈ। ਮਣੀ (ਅਛਤ) ਹੁੰਦਿਆਂ ਹੀ ਅਤੇ ਕੁਟੰਬ ਦੇ (ਸਹਿਤ) ਹੁੰਦਿਆਂ ਹੀ (ਅਹਿ) ਸਰਪ (ਬੰਕਤ) ਟੇਢਾ ਰਹਿੰਦਾ ਹੈ ਅਤੇ ਸਿਧਾ ਨਹੀਂ ਹੁੰਦਾ ਪਰ ਜਦ (ਬਿਲ) ਰੁਡ ਵਿਚ (ਪੈਸਤ) ਵੜਨ ਲਗਦਾ ਹੈ ਤਾਂ ਸਿਧਾ (ਜੀਅ ਸੈ) ਜੀਓਂ ਹੀ ਹੋ ਜਾਂਦਾ ਹੈ। ਜੈਸੇ ਮਾਤਾ ਪਿਤਾ ਦੇ (ਅੱਛਤ) ਹੁੰਦਿਆਂ ਹੀ ਪੁਤ੍ਰ ਆਪਣੀ (ਬਨਿਤਾ) ਇਸਤ੍ਰੀ ਨਾਲ ਖੁਲੀ ਤਰਾਂ ਬਾਤ ਚੀਤ ਨਹੀਂ ਕਰਦਾ ਅਤੇ ਨਾ ਉਸ ਨੂੰ ਬੋਲਦਾ ਹੈ ਪਰ ਪਿਛੋਂ ਓਹੋ ਹੀ (ਸੁਤ) ਪੁਤਰ ਮੋਹ ਦੇ ਜਾਲ ਵਿਚ ਫਸਿਆ ਹੋਇਆ ਮੋਹ ਕਰਕੇ (ਕੈ) ਕਹਿ ਦੇਂਦਾ ਹੈ ਕਿ ਸਭ ਸਰਬੰਸ ਤੇਰਾ ਹੀ ਹੈ। ਲੋਗਾਂ ਵਿਚ ਲੋਗਾਚਾਰ ਹੈ ਅਤੇ ਗੁਰਮੁਖ ਗੁਰਾਂ ਦੇ ਸ਼ਬਦ ਉਪਦੇਸ਼ ਨੂੰ ਹਿਰਦੇ ਵਿਚ ਮੰਨਦੇ ਹਨ ਅਤੇ ਤੁਰੀਆ ਪਦ ਜੋ ਹੈ ਉਸਦੀ (ਸੁਰਤ) ਗਜਾਤ ਕਰਦੇ ਹੈਨ।

ਕਬਿਤ—ਜੋਗ ਵਿਖੈ ਭੋਗ ਅਰੁ ਭੋਗ ਵਿਖੈ ਜੋਗ ਜਤ, ਗੁਰਮੁਖ ਪੰਥ ਜੋਗ ਭੋਗ ਸੈ ਅਤੀਤ ਹੈ॥ ਗਜਾਨ ਬਿਖੈ ਧਜਾਨ ਅਰ ਧਜਾਨ ਵਿਖੈ *ਬੋਧੇ ਗਜਾਨ, ਗੁਰਮਤ ਗਤ ਗਜਾਨ ਧਜਾਨ ਕੈ ਅਜੀਤ ਹੈ॥ ਪ੍ਰੇਮ ਕੈ ਭਗਤ ਅਰ ਭਗਤ ਕੈ ਪ੍ਰੇਮ ਨੇਮ, ਅਲਖ ਭਗਤ

---

*ਬੋਧ, ਦਿਹਲੀ ਦੀਪਕ ਪਦ ਹੈ।

ਪ੍ਰੇਮ ਗੁਰਮੁਖ ਰੀਤ ਹੈ ॥ ਨਿਰਗੁਨ ਸਰਗੁਨ ਬਿਖੈ ਬਿਸਮ ਬਿਸ੍ਵਾਸ ਰਿਦੈ, ਬਿਸਮ ਬਿਸ੍ਵਾਸ ਪਾਰ ਪੂਰਨ ਪ੍ਰਤੀਤ ਹੈ ॥ ੮ ॥ ਪ੮ ॥

(ਜੋਗ) ਕਰਨ ਵਾਲੇ ਯੋਗੀ ਜਨ ਇਹ ਆਖਦੇ ਰਹਿੰਦੇ ਹੈਨ (ਭੋਗ) ਵਿਸ਼ਿਆਂ ਵਿਚ (ਜਤ) ਜੁੜੀਐ ਅਤੇ ਜੋ (ਭੋਗ) ਭੋਗਨ ਵਾਲੇ ਗ੍ਰਿਹਸਤੀ ਹਨ ਓਹ ਆਖਦੇ ਹਨ (ਜੋਗ) ਯੋਗ ਵਿਚ ਜੁੜੀਏ ਭਾਵ ਕੀ ਕਿ ਗ੍ਰਿਹਸਤੀਆਂ ਨੂੰ ਯੋਗ ਕਰਨ ਦੀ ਇਛਾ ਬਣੀ ਰਹਿੰਦੀ ਹੈ ਅਤੇ ਗੁਰਮੁਖਾਂ ਦਾ (ਪੰਥ) ਰਸਤਾ ਸਤਸੰਗ ਜੋਗਾਂ ਭੋਗਾਂ ਨਾਲੋਂ (ਅਤੀਤ) ਪਰੇ ਹੈ ਸਤਸੰਗ ਵਿਚ ਬਹੁਤ ਲਾਭ ਪ੍ਰਾਪਤ ਹੁੰਦਾ ਹੈ । (ਬੇਧੇ) ਮਿਲਿਆ ਰਹਿੰਦਾ ਹੈ ਗਯਾਨੀਆਂ ਦਾ ਚਿਤ ਧਯਾਨ ਵਲ ਹੀ ਮਿਲਿਆ ਰਹਿੰਦਾ ਹੈ ਅਤੇ ਧਿਆਨ ਵਾਲਿਆਂ ਦਾ ਚਿਤ ਗਯਾਨ ਕਰਨ ਵਿਚ ਮਿਲਿਆ ਰਹਿੰਦਾ ਹੈ ਪਰ ਗੁਰਮੁਖਾਂ ਨੂੰ ਜੋ (ਗੁਰਮਤ) ਗੁਰਾਂ ਦੀ ਸਿਖਿਆ (ਗਤਿ) ਪ੍ਰਾਪਤ ਹੋਈ ਹੈ ਸੋ ਇਸ ਵਾਸਤੇ ਪਾਖੰਡ ਦੇ ਗਯਾਨ ਧਯਾਨ ਨੂੰ ਜੀਤ ਕਰਕੇ (ਅਜੀਤ) ਪਰੇ ਹੋ ਗਏ ਹਨ । ਪ੍ਰੇਮ ਕਰਨ ਵਾਲੇ ਭਗਤੀ ਦਾ ਖਯਾਲ ਕਰਦੇ ਰਹਿੰਦੇ ਹਨ ਅਤੇ ਪ੍ਰੇਮ ਦਾ (ਨੇਮ) ਜਪ ਤਪ ਸਾਧਨ ਨਿਊਲੀ ਕਰਮ ਆਦਿਕ ਕਰਨ ਵਾਲੇ ਭਗਤ (ਕੈ) ਕਰਨ ਦਾ ਖਿਆਲ ਕਰਦੇ ਹਨ ਅਤੇ ਜੋ ਗੁਰਮੁਖਾਂ ਦੇ ਪ੍ਰੇਮ ਦੀ ਰੀਤੀ ਹੈ ਓਹ ਦੋਹਾਂ ਦੇ ਪ੍ਰੇਮ ਨੇਮ ਭਗਤੀ ਤੋਂ (ਅਲਖ) ਪਰੇ ਹੈ । ਨਿਰਗੁਨ ਦਾ (ਬਿਸ੍ਵਾਸ) ਭਰੋਸਾ ਜੋ (ਬਿਸਮ) ਅਚਰਜ ਰਿਦੇ ਵਿਚ ਧਾਰਨ ਕਰਨ ਵਾਲੇ ਹਨ ਓਹ ਸਰਗੁਨ ਵਿਚ ਭਰੋਸਾ ਰਿਦੇ ਕਰਕੇ ਕਰਿਆ ਚਾਹੁੰਦੇ ਹਨ ਅਤੇ ਸਰਗੁਨ ਦਾ ਰਿਦੇ ਵਿਚ ਜੋ ਭਰੋਸਾ ਅਸਚਰਜ ਕਰਨ ਵਾਲੇ ਹਨ ਓਹ ਨਿਰਗੁਨ ਵਿਚ ਕਰਿਆ ਚਾਹੁੰਦੇ ਹਨ, ਜੋ ਪੂਰਨ ਪ੍ਰਤੀਤ ਕਰਨ ਵਾਲੇ ਹਨ ਓਹ ਦੋਹਾਂ ਤੋਂ (ਪਾਰ) ਪਰੇ ਹਨ ਭਾਵ ਕੀ ਕਿ ਓਹ ਵਾਹਿਗੁਰੂ ਨਾਲ ਮਿਲ ਗਏ ਹਨ ।

ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਦਾ ਵਰਨਨ

ਕਬਿਤ—ਕਿੰਚਤ ਕਟਾਛ ਦਿਬ ਦੇਹ ਦਿਬ ਦ੍ਰਿਸ਼ਟਿ ਹੋਇ, ਦਿੱਬ ਜੋਤ ਕੈ ਧਿਆਨ ਦਿਬ ਦ੍ਰਿਸ਼ਟਾਂਤ ਕੈ ॥ ਸਬਦ ਬਿਬੇਕ ਟੇਕ ਪ੍ਰਗਟ ਹ੍ਵੈ ਗੁਰਮਤ, ਅਨਹਦ ਗੰਮ ਉਨਮਨੀ ਕੈ ਮਤਾਂਤ ਕੈ ॥ ਗਯਾਨ ਧਯਾਨ ਤਰਨੀ ਕੈ ਉਪਜਤ ਪ੍ਰੇਮ ਰਸ, ਗੁਰਮੁਖ ਸੁਖ ਪ੍ਰੇਮ ਨੇਮ ਨਿਜ ਕ੍ਰਾਂਤ ਕੈ ॥ ਚਰਨ ਕਮਲ ਦਲ ਸੰਪਟ ਮਧੁਪ ਗਤ ਸਹਜ ਸਮਾਧ ਮਧਪਾਨ ਪ੍ਰਾਨ ਸਾਂਤ ਕੈ ॥ ੯ ॥ ਪ੯ ॥

(ਕਿੰਚਤ) ਥੋੜੀ ਜੇਹੀ (ਕਟਾਛ) ਕ੍ਰਿਪਾ ਦ੍ਰਿਸ਼ਟੀ ਜਦ ਗੁਰਾਂ ਨੇ ਓਹਨਾਂ ਗੁਰਮੁਖਾਂ ਉਪਰ ਕੀਤੀ ਤਾਂ ਉਹ (ਦਿੱਬ) ਸ਼ੁਧ ਦੇਵਤਿਆਂ ਵਾਲੀ ਦੇਹ ਵਰਗੇ ਹੋ ਗਏ ਔਰ (ਦਿੱਬ) ਸ਼ੁਧ ਦ੍ਰਿਸ਼ਟੀ ਹੋ ਗਈ ਏਹੋ ਹੀ ਦਿੱਬ ਦੇਹ ਦੀ ਨਸ਼ਾਨੀ ਹੈ ਜੋ ਸਾਰਿਆਂ

ਨੂੰ ਸਮ ਦ੍ਰਿਸ਼ਟੀ ਹੋ ਗਈ ਔਰ (ਦਿੱਬ) ਸ਼ੁਧ ਵਾਹਿਗੁਰੂ (ਜੋਤ) ਪ੍ਰਕਾਸ਼ ਸਰੂਪ ਦਾ ਧਯਾਨ ਕੀਤਾ (ਦਿੱਬ) ਸ਼ੁਧ ਦ੍ਰਿਸ਼ਟੀ ਕਰਕੇ । ਗੁਰਾਂ ਦੇ ਉਪਦੇਸ਼ (ਬਿਬੇਕ) ਵਿਚਾਰ ਦੀ (ਟੇਕ) ਓਟ ਜਦ ਲਈ ਤਾਂ ਗੁਰਾਂ ਦੀ (ਮਤ) ਸਿਖਯਾ ਪ੍ਰਗਟ ਹੋ ਆਈ (ਟੇਕ) (ਅਨਹਦ) ਇਕ ਰਸ (ਗੰਮ) ਪਹੁੰਚ (ਉਨਮਨ) ਤੁਰੀਆ ਪਦ ਵਿਚ (ਮਤਾਂਤ ਕੈ) ਮਸਤ ਹੋਏ । ਗਯਾਨ ਗੁਰਾਂ ਦਾ ਅਤੇ ਧਯਾਨ ਵਾਹਿਗੁਰੂ ਦਾ ਇਹਨਾਂ ਦੋਹਾਂ ਦੀ ਕਰਨੀ ਕਰਕੇ ਪ੍ਰਗਟ ਹੋਯਾ ਹੈ ਪ੍ਰੇਮ ਰਸ ਗੁਰਮੁਖਾਂ ਨੂੰ ਉਸ ਪ੍ਰੇਮ ਨੇਮ ਕਰਕੇ (ਨਿਜ) ਆਪਣੀ (ਕ੍ਰਾਂਤ) ਸੋਭਾ ਦਾ ਸੁਖ ਹੋਯਾ ਹੈ । ਗੁਰਾਂ ਦੇ ਚਰਨ ਕਮਲ ਜੋ (ਦਲ) ਪਤੇ ਦੀ (ਗਤ) ਨਯਾਈਂ ਹੈਂ ਉਸ ਪਰ (ਮਧਪ) ਭੌਰੇ ਵਤ (ਸੰਪਟ) ਮਿਲ ਰਹਿੰਦੇ ਹਨ, ਅਤੇ (ਸਹਜ) ਅਫੁਰ ਵਿਚ ਸਮਾਧੀ ਲਗਾਂਦੇ ਹਨ (ਮਧਪਾਨ) ਅੰਮ੍ਰਿਤ ਛਕਦੇ ਹਨ ਅਤੇ ਪ੍ਰਾਣਾਂ ਕਰਕੇ ਸ਼ਾਂਤੀ ਹੋਈ ਹੈ ।

ਕਬਿਤ—ਸੂਆ ਗਹਿ ਨਲਨੀ ਕੋ ਉਲਟ ਗਹਾਵੈ ਆਪ, ਹਾਥ ਸੇ ਛਡਾਏ ਛਾਡੈ ਪਰ ਬਸ ਆਵਈ ॥ ਤੈਸੇ ਬਾਰੰਬਾਰ ਟੇਰ ਟੇਰ ਕਹੇ ਪਠੋ ਪਠੋ, ਆਪਨੋ ਹੀ ਨਾਉਂ ਸੀਖ ਆਪ ਹੀ ਪੜ੍ਹਾਵਈ ॥ ਰਘੁਬੰਸੀ ਰਾਮ ਨਾਮ ਗਾਲ ਜਾਮਨੀ ਸੁ ਭਾਖਾ, ਸੰਗਤ ਸੁਭਾਵ ਗਤ ਬੁਧ ਪ੍ਰਗਟਾਵਈ ॥ ਤੈਸੇ ਗੁਰ ਚਰਨ ਸਰਨ ਸਾਧ ਸੰਗ ਮਿਲੇ, ਆਪ ਆਪ ਚੀਨੇ ਗੁਰਮੁਖ ਸੁਖ ਪਾਵਈ ॥ ੧੦ ॥ ੯੦ ॥

ਤੋਤਾ ਪਕੜ ਕੇ ਨਲਨੀ ਨੂੰ ਅਰ ਉਲਟਾ ਆਪਣੇ ਆਪ ਨੂੰ ਪਕੜਾ ਲੈਂਦਾ ਹੈ । ਆਪਣੇ ਹੱਥ ਦੇ ਨਾਲ ਉਸਦੇ ਪੌਂਚੇ ਉਸ ਨਲਨੀ ਨਾਲੋਂ ਛੁਡਾਵੇ ਤਾਂ ਛਡਦਾ ਹੈ, ਐਵੇਂ ਨਹੀਂ ਛਡਦਾ ਪਰਾਏ ਫੰਧਕ ਆਦਿਕ ਦੇ ਵਸ ਆ ਜਾਂਦਾ ਹੈ । ਜੈਸੇ ਮਾਲਕ ਉਸ ਤੋਤੇ ਨੂੰ ਬਾਰ ਬਾਰ ਪੜ੍ਹ ਪੜ੍ਹ ਐਸੇ ਕਰਕੇ ਪੜ੍ਹਾਂਦਾ ਹੈ ਤੈਸੇ ਹੀ ਓਹ ਤੋਤਾ ਆਪਣਾ ਨਾਮ (ਸੀਖ) ਸਿਖ ਲੈਂਦਾ ਹੈ ਔਰ (ਆਗੇ)ਜੋ ਘਰ ਮੇਂ ਆਉਂਦੇ ਹੈਨ ਓਹਨਾਂ ਨੂੰ ਜੋ ਕੁਛ ਪੜ੍ਹਿਆ ਹੋਇਆ ਹੈ ਓਹੋ ਹੀ ਆਪ ਪੜ੍ਹਾਉਂਦਾ ਹੈ (ਰਾਮ ਚੰਦਰ ਦੀ ਕੁਲ ਦੇਆਦਮੀ ਓਹ ਉਸ ਤੋਤੇ ਨੂੰ ਰਾਮ ਨਾਮ ਸਿਖਲਾਂਦੇ ਉਹ ਰਾਮ ਨਾਮ ਹੀ ਪੜ੍ਹੇਗਾ ਹੋਰਨਾਂ ਨੂੰ ਪੜ੍ਹਾਵੇਗਾ ਅਰ (ਜਾਮਨੀ) ਤੁਰਕਾਂ ਦੇ ਘਰ ਜਦ ਚਲਾ ਜਾਵੇ ਤਾਂ ਓਹ ਉਸਨੂੰ (ਗਾਲ) ਗਾਲੀਆਂ ਪੜ੍ਹਾ ਦੇਣ ਇਹ ਸੰਗਤ ਦਾ ਸੁਭਾਵ ਪ੍ਰਾਪਤ ਹੋਇਆ ਜੈਸੀ ਸੰਗਤ ਕੀਤੀ ਤੈਸੀ ਬੁਧ ਪ੍ਰਗਟ ਹੋ ਆਈ । ਤੈਸੇ ਹੀ ਸਾਧਸੰਗਤ ਵਿਚ ਜੋ ਗੁਰੂ ਮਿਲੇ ਹੋਏ ਹਨ ਉਹਨਾਂ ਦੇ ਚਰਨਾਂ ਦੀ ਸਰਨ ਨੂੰ ਪ੍ਰਾਪਤ ਹੋਕੇ ਗੁਰਮੁਖ ਸਾਧ ਸੰਗਤ ਵਿਚ ਮਿਲਦੇ ਹੈਨ । ਆਪਣੇ ਆਪ ਨੂੰ (ਚੀਨ) ਜਾਣਕੇ ਸੁਖ ਪਾਉਂਦੇ ਹਨ ।

ਕਬਿਤ—ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ, ਦ੍ਰਿਸਟਿ

ਦਰਸ ਅਦਰਸ ਗੁਰ ਧਯਾਨ ਹੈ ॥ ਸਬਦ ਮਹਿ ਸੁਰਤ ਸੁਰਤ ਮਹਿ ਸਬਦ ਧੁਨ, ਸਬਦ ਸੁਰਤ ਅਗਮਿਤਿ ਗੁਰ ਗਯਾਨ ਹੈ ॥ ਗਯਾਨ ਧਯਾਨ ਕਰਨੀ ਕੈ ਪ੍ਰਗਟਤ ਪ੍ਰੇਮ ਰਸ, ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ ॥ ਪਿੰਡ ਪ੍ਰਾਨ ਪ੍ਰਾਨ ਪਤਿ ਬੀਸ ਕੋ ਬਰਤਮਾਨ, ਗੁਰਮੁਖਿ ਸੁਖ ਇਕ ਈਸ ਮੋ ਨਿਧਾਨ ਹੈ ॥੧੧॥੬੧॥

ਜਿਹੜੀ ਲੋਕਾਂ ਦੀ ਦ੍ਰਿਸ਼ਟੀ ਦਰਸ਼ਨਾ ਵਿਚ ਸੀ ਅਤੇ ਦਰਸ਼ਨ ਦ੍ਰਿਸ਼ਟੀ ਵਿਚ ਸੀ ਉਸਤੋ ਗੁਰਮੁਖ(ਅਦਰਸ਼) ਪਰੇ ਹਨ ਭਾਵ ਨਾ ਉਹ ਮਾੜਿਆਂ ਰੂਪਾਂ ਨੂੰ ਵੇਖਦੇ ਹਨ ਅਤੇ ਨਾ ਵੇਖਕੇ ਨੇਤ੍ਰਾਂ ਦੀ ਦ੍ਰਿਸ਼ਟੀ ਵਿਚ ਫਸਾਉਂਦੇ ਹਨ। ਜਿਨਾਂ ਗੁਰਮੁਖਾਂ ਨੂੰ ਗੁਰਾਂ ਪਾਸੋਂ ਗਯਾਨ ਹੋਇਆ ਹੈ ਉਹ ਉਹਨਾਂ ਵਾਜਿਆਂ ਦੇ ਅਵਾਜ਼ ਦੀ (ਅਗਮਿਤਿ) ਮਰਯਾਦਾ ਤੇ (ਸੁਰਤ) ਕੰਨ ਰਹਿਤ ਰਖਦੇ ਹੈਨ ਭਾਵ ਉਹਨਾਂ ਵਲ ਕੰਨ ਨਹੀਂ ਲਗਾਂਦੇ ਵਾ (ਅਗਮਿਤਿ) ਮਰਯਾਦਾ ਤੋਂ ਰਹਿਤ ਭਾਵ ਦ੍ਰਿਸ਼ਟੀ ਦਰਸ਼ ਤੇ ਗੁਰਾਂ ਦਾ ਗਯਾਨ ਪਰੇ ਹੈ ਵ ਜਿਨਾਂ ਗੁਰਮੁਖਾਂ ਨੂੰ ਗੁਰਾਂ ਦਾ ਗਿਆਨ ਹੋਇਆ ਹੈ ਉਹ ਦ੍ਰਿਸ਼ਟੀ ਸੰਸਾਰੀ ਅਤੇ ਦਰਸ਼ਨ ਸੰਸਾਰੀ ਇਨਾਂ ਤੋਂ ਪਰੇ ਹਨ । ਉਹਨਾਂ ਜਗਤ ਦੇ ਲੋਕਾਂ ਗਯਾਨ ਧਯਾਨ ਜੋ (ਕਰਨੀ) ਦਿਖਲਾਵੇ ਮਾਤ੍ਰ(ਕੈ) ਕੀਤਾ ਹੁੰਦਾ ਹੈ ਉਹਦਾ ਪ੍ਰੇਮ ਰਸ ਪ੍ਰਗਟ ਹੋ ਆਉਂਦਾ ਹੈ ਭਾਵ ਪਾਖੰਡ ਅਤੇ ਜਿਨਾਂ ਗੁਰਮੁਖਾਂ ਨੂੰ ਗੁਰਾਂ ਦੀ ਸਿਖਿਆ (ਗਤਿ) ਪ੍ਰਾਪਤ ਹੋਈ ਹੈ ਉਹ ਏਹੋ ਜੇਹੇ ਪਾਖੰਡ ਪ੍ਰੇਮ ਨੇਮ ਤੋਂ (ਨਿਰਬਾਨ) ਰਹਿਤ ਹਨ ਭਾਵ ਜਿਨ੍ਹਾਂ ਨੂੰ ਗੁਰਾਂ ਦੀ (ਮਤਿ) ਸਿਖਿਆ ਮਿਲੀ ਹੈ ਉਹ ਦਿਖਲਾਵੇ ਮਾਤ੍ਰ ਪ੍ਰੇਮ ਨੇਮ ਨਹੀਂ ਕਰਦੇ। ਜਗਤ ਦੇ (ਪ੍ਰਾਨਪਤਿ) ਜੀਵਾਂ ਦੇ (ਪਿੰਡ) ਸਰੀਰ ਵੀ ਅਤੇ ਪ੍ਰਾਨ ਵੀ (ਬੀਸ) ਸੰਸਾਰ ਦੇ ਵਿਹਾਰਾਂ ਵਿਚ (ਬਰਤਮਾਨ) ਲਗੇ ਹੋਏ ਹਨ ਭਾਵ ਜਗਤ ਦੇ ਜੀਵ ਜਗਤ ਦੇ ਧੰਦੇ ਪਿਟਦੇ ਹਨ ਅਤੇ ਗੁਰਮੁਖ ਇਸ ਵਾਸਤੇ ਸੁਖ ਪਾਉਂਦੇ ਹਨ ਕਿ ਇਕ (ਈਸ) ਇਕ ਵਾਹਿਗੁਰੂ ਜੋ (ਨਿਧਾਨ) ਗੁਣਾ ਦਾ ਖਜ਼ਾਨਾਂ ਹੈ ਤਿਸ ਵਿਚ ਲਗੇ ਹੋਏ ਹਨ।

ਕਬਿਤ—ਮਨ ਬਚ ਕ੍ਰਮ ਹ੍ਵੈ ਇਕਤ੍ਰ ਛਤ੍ਰ ਪਤਿ ਭਏ, ਸਹਜ ਸੰਘਾਸਣ ਕੈ ਨਿਹਚਲ ਰਾਜ ਹੈ ॥ ਸਤਯ ਔ ਸੰਤੋਖ ਦਯਾ ਧਰਮ ਅਰਥ ਮੇਲ, ਪੰਚ ਪਰਵਾਨ ਕੀਏ ਗੁਰਮਤ ਸਾਜ ਹੈ ॥ ਸਕਲ ਪਦਾਰਥ ਔ ਸਰਬ ਨਿਧਾਨ ਸਭਾ, ਸ਼ਿਵ ਨਗਰੀ ਸੁਬਾਸ ਕੋਟ ਛਬਿ ਛਾਜ ਹੈ ॥ ਰਾਜ ਨੀਤ ਰੀਤ ਪ੍ਰੀਤ ਪ੍ਰਜਾ ਕੈ ਸੁਖੇਨਸੁਖ, ਪੂਰਨ ਮਨੋਰਥ ਸਫਲ ਹੋਤ ਕਾਜ ਹੈ ॥੧੨॥੬੨॥

ਚਕ੍ਰਵਰਤੀ ਰਾਜ ਕਿਹੜਾ ਹੈ ਉਨ੍ਹਾਂ ਦਾ (ਮਨ ਬਚ ਕਰਮ) ਮਨ ਬਾਣੀ ਅਤੇ ਸਰੀਰ ਵਸੀਕਾਰ ਹੋ ਗਿਆ ਹੈ ਜਿਨ੍ਹਾਂ ਦਾ।ਇਹੋ ਹੀ ਉਹ ਚੱਕ੍ਰਵਰਤੀ ਰਾਜੇ ਹੋਏ ਹਨ।

ਭਾਵ ਏਹ ਹੈ ਕਿ ਮਨ ਬਾਣੀ ਸਰੀਰ ਜਿਨ੍ਹਾਂ ਗੁਰਮੁਖਾਂ ਦਾ (ਹ੍ਵੈ ਇਕੱਤ੍ਰ) ਵੱਸ ਹੋਇਆ ਹੈ ਤਾਂ ਤੇ ਉਹ ਛਤ੍ਰਪਤੀ ਰਾਜੇ ਹੋਏ ਹਨ। ਇਕ ਸੱਚ ਬੋਲਣਾ, ਦੂਜਾ ਹਰ ਇਕ ਵਸਤੂ ਦਾ ਸੰਤੋਖ ਰਖਣਾ, ਤੀਜਾ ਹਰ ਇਕ ਜੀਵ ਉਪਰ ਦਯਾ ਕਰਨੀ, ਚੌਥਾ (ਧਰਮ) ਧਰਮ ਕਰਨਾ, ਪੰਜਵਾਂ (ਅਰਥ) ਸਿਧਾਂਤ ਤਤ ਮਿਥ੍ਯਾ, ਸਤ ਅਸਤ ਦਾ ਵਿਚਾਰ ਕਰਨਾ ਇਹਨਾਂ ਪੰਜਾਂ ਨੂੰ (ਮੇਲ) ਮਿਲਾ ਲਵੇ ਪੰਜ (ਪਰਵਾਨ) ਮੰਤ੍ਰੀ ਵਾ ਵਜ਼ੀਰ ਗੁਰਮੁਖਾਂ ਨੇ ਕੀਤੇ ਹੋਏ ਹਨ। (ਸਾਜ) ਸਜਾਵਟ ਇਹੋ ਹੀ ਹੈ ਜੋ (ਗੁਰਮਤਿ) ਗੁਰਾਂ ਦੀ ਸਿਖਿਆ ਗੁਰਮੁਖਾਂ ਨੇ ਧਾਰਨ ਕੀਤੀ ਹੋਈ ਹੈ। ਸਾਰੇ ਪਦਾਰਥ ਤੇ ਸਾਰੇ ਖਜ਼ਾਨੇ ਓਹਨਾਂ ਦੇ ਪਾਸ ਹਨ ਸਭਾ ਸਤਸੰਗ ਹੈ ਸੁਖ ਰੂਪ ਨਗਰੀ ਵਿਚ ਵਾਸ ਹੈ ਕ੍ਰੋੜ ਤਰਾਂ ਦੀ ਸੋਭਾ ਹੁੰਦੀ ਹੈ। (ਰਾਜਨੀਤ) ਜੋ ਰੀਤੀ ਨਾਲ ਕਰਨੀ ਭਾਵ ਰਾਜਨੀਤ ਵਿਚ ਪ੍ਰੀਤ ਰਖਣੀ ਤਾਂ ਪਰਜਾ ਨੂੰ ਸੁਖੈਨ ਹੀ ਸੁਖ ਹੁੰਦਾ ਹੈ।

ਓਹਨਾਂ ਚਕ੍ਰਵਰਤੀਆਂ ਦੇ ਘਰ ਬੈਠਿਆਂ ਹੀ ਸਾਰੇ ਮਨੋਰਥ ਪੂਰਨ ਹੁੰਦੇ ਹਨ ਗੁਰਮੁਖਾਂ ਦੇ ਸੰਸਾਰ ਦੇ ਸਾਰੇ ਮਨੋਰਥ ਸਿਧ ਹੋ ਗਏ ਹਨ ਅਤੇ ਜੋ ਕੰਮ ਕਰਦੇ ਹਨ ਸੋ ਸਭ ਪੂਰਨ ਹੁੰਦੇ ਹਨ।

ਕਬਿਤ—ਚਰਨ ਸਰਨ ਮਨ ਬਚ ਕ੍ਰਮ ਹ੍ਵੈ ਇਕਤ੍ਰ, ਗੰਮਿਤਾ ਤ੍ਰਿਕਾਲ ਤ੍ਰਿਭਵਣ ਸੁਧ ਪਾਈ ਹੈ॥ ਸਹਜ ਸਮਾਧ ਸਾਧ ਅਗਮ ਅਗਾਧ ਕਥਾ, ਅੰਤਰ ਦਿਸੰਤਰ ਨਿਰੰਤਰੀ ਜਤਾਈ ਹੈ ॥ ਖੰਡ ਬ੍ਰਹਮੰਡ ਪਿੰਡ ਪ੍ਰਾਨ ਪ੍ਰਾਨ ਪਤਿ ਗਤਿ, ਗੁਰ ਸਿਖ ਸੰਧਿ ਮਿਲੇ ਸੋਹੰ ਲਿਵ ਲਾਈ ਹੈ ॥ ਦਰਪਨ ਦਰਸ ਔ ਜੰਤ੍ਰ ਧੁਨਿ ਜੰਤ੍ਰੀ ਬਿਧ, ਓਤ ਪੋਤ ਸੂਤ ਏਕੈ ਦੁਬਿਧਾ ਮਿਟਾਈ ਹੈ ॥ ੧੩ ॥ ੬੩॥

ਮਨ ਬਾਣੀ (ਕ੍ਰਮ) ਸਰੀਰ ਇਹ ਤਿੰਨੇ ਉਹਨਾਂ ਦੇ (ਇਕੱਤ੍ਰ) ਵਸ ਹੋ ਗਏ ਰਾਜਿਆਂ ਦੇ ਗੁਰਮੁਖਾਂ ਨੂੰ (ਤ੍ਰਿਕਾਲ) ਭੂਤ ਭਵਿਖਤ ਵਰਤਮਾਨ ਤਿੰਨਾਂ ਹੀ ਸਮਿਆਂ ਦੀ (ਗੰਮਿਤਾ) ਖਬਰ ਹੋ ਗਈ ਹੈ ਤਿੰਨਾਂ ਭਵਨਾਂ ਅਕਾਸ਼ ਜਮੀਨ ਪਤਾਲ ਦੀ ਉਹਨਾਂ ਨੇ ਖਬਰ ਪਾ ਲਈ ਹੈ, ਚਕ੍ਰਵਰਤੀਆਂ ਨੂੰ ਭਾਵੇਂ ਆਪਣੇ ਘਰ ਦਾ ਵੀ ਪਤਾ ਨਾ ਹੋਵੇ ਕਿ ਨਾਲ ਦੇ ਮਹਲ ਵਿਚ ਕੀ ਹੋਂਦਾ ਹੈ ਅਤੇ ਅਫੁਰ ਵਾਹਿਗੁਰੂ ਵਿਚ ਉਹਨਾਂ ਦੀ ਸਮਾਧੀ ਲਗੀ (ਅਗਮ) ਜੋ ਵਾਹਿਗੁਰੂ ਹੈ ਵੇਦਾਂ ਸ਼ਾਸਤ੍ਰਾਂ ਦਾ ਪਰਾ ਬੇਅੰਤ ਉਸਦੀ ਕਥਾ ਆਪਣੇ ਅੰਦਰ ਕਰਦੇ ਹਨ (ਦਿਸੰਤਰ) ਹੋਰਨਾਂ ਦੇਸ਼ਾਂ ਤੇ ਇਕ ਰਸ ਜਤਾਵਨੀ ਕਰਦੇ ਹੈਨ। ਖੰਡਾਂ ਬ੍ਰਹਮੰਡਾਂ ਪ੍ਰਾਨਾਂ ਵਿਚ ਵੀ ਭਾਵ ਸਾਰਿਆਂ ਜੀਵਾਂ ਦੇ ਪ੍ਰਾਨਾਂ ਵਿਚ ਵੀ (ਪ੍ਰਾਨ ਪਤਿ) ਵਾਹਿਗੁਰੂ ਨੂੰ (ਗਤਿ) ਪ੍ਰਾਪਤ, ਵਾ ਮਿਲਿਆ ਹੋਇਆ ਜਾਣਿਆਂ

(ਸੋਹੰ) ਮੈਂ ਤੂੰ, ਤੂੰ ਮੈਂ ਐਸਾ ਜਾਣਕੇ ਵਾਹਿਗੁਰੂ ਵਿਚ (ਲਿਵ) ਪ੍ਰੀਤੀ ਲਗਾਈ, ਗੁਰਮੁਖਾਂ ਨਾਲ ਮੇਲ ਕੀਤਾ। ਜੈਸੇ (ਦਰਪਨ) ਸ਼ੀਸ਼ੇ ਵਿਚ (ਦਰਸ) ਦਰਸ਼ਨ ਹੁੰਦਾ ਹੈ ਵਾਹਿਗੁਰੂ ਸਾਰਿਆਂ ਵਿਚ ਮਿਲਿਆ ਵੀ ਹੋਇਆ ਹੈ ਅਤੇ ਅਲੱਗ ਵੀ ਹੈ। ਜੈਸੇ (ਜੰਤ੍ਰੀ) ਵਾਜੇ ਵਾਲਾ ਰਾਗੀ ਵਾਜੇ ਦਾ ਸਰੂਪ ਹੀ ਹੁੰਦਾ ਹੈ (ਜੰਤ੍ਰ) ਵਾਜਾ ਰਾਗੀ ਦੀ ਸੁਰ ਨਾਲ ਮਿਲਿਆ ਹੁੰਦਾ ਹੈ ਐਸੇ ਜਾਣਿਆਂ ਤੇ ਜੈਸੇ (ਓਤ ਪੋਤ) ਤਾਣੇ ਵਿਚ ਪੇਟਾ ਅਤੇ ਪੇਟੇ ਵਿਚ ਤਾਣਾ ਹੁੰਦਾ ਹੈ ਐਸੇ ਅੰਦਰ ਬਾਹਰ (ਸੂਤ) ਸੂਤ੍ਰ ਦੀ (ਬਿਧ) ਨਜਾਈਂ (ਵ ਰੀਤੀ) ਇਕੋ ਹੀ ਜਾਣਿਆਂ ਅਤੇ ਦੁਬਿਧਾ ਦੂਰ ਕੀਤੀ।

ਕਬਿਤ—ਚਰਨ ਸਰਨ ਮਨ ਬਚ ਕ੍ਰਮ ਹ੍ਵੈ ਇਕਤ੍ਰ, ਤਿਨ ਤ੍ਰਿਭਵਨ ਗਤਿ ਅਲਖ ਲਖਾਈ ਹੈ॥ ਮਨ ਬਚ ਕਰਮ ਕਰਮ ਮਨ ਬਚਨ ਕੈ, ਬਚਨ ਕਰਮ ਮਨ ਉਨਮਨੀ ਛਾਈ ਹੈ। ਗਿਆਨੀ ਧਿਆਨੀ ਕਰਨੀ ਜਿਉ ਗੁਰ ਮਹੂਆ ਕਮਾਦ, ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ॥ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ, ਗੁਰਮੁਖਿ ਸੰਧਿ ਮਿਲੇ ਸਹਿਜ ਸਮਾਈ ਹੈ॥ ੧੪॥ ੬੪॥

ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਚਰਨਾਂ ਦੀ ਸ਼ਰਨ ਲਈ ਹੈ ਓਹਨਾਂ ਦਾ ਮਨ (ਬਚ) ਬਾਨੀ (ਕ੍ਰਮ) ਸਰੀਰ ਵਸ ਹੋਇਆ ਹੈ ਅਤੇ (ਤ੍ਰਿਭਵਨ) ਤਿੰਨਾਂ ਲੋਕਾਂ ਵਿਚ ਜੋ (ਗਤ) ਵਿਆਪਕ ਹੈ ਵਾਹਿਗੁਰੂ, ਉਸਦੀ ਵਾਰਤਾ ਉਹਨਾਂ ਗੁਰਮੁਖਾਂ ਦੇ ਸਰੀਰ ਵੇਖਣ ਵਿਚ ਆਈ ਹੈ। ਤਾਂਤੇ ਗੁਰਮੁਖਾਂ ਦਾ ਮਨ ਬਾਨੀ ਸਰੀਰ ਵਸ ਹੋਇਆ ਅਤੇ ਬ੍ਰਿਤੀ (ਉਨ ਮਨੀ) ਤੁਰੀਆ ਪਦ ਵਿਚ ਛਾਈ, ਮਨ ਬਾਨੀ ਸਰੀਰ ਦੇ (ਬਚਨ) ਬਚਾਉਣ ਰਖਿਆ ਕਰਨ ਵਾਲੇ ਜੋ ਸੁਭ ਕਰਮ ਸੀ ਜਦ ਉਹ ਗੁਰਮੁਖਾਂ ਨੇ (ਮਨ) ਮੰਨਨ ਕੀਤੇ (ਮੰਨੇ) ਤਾਂ ਇਸੀ ਵਾਸਤੇ ਗੁਰਮੁਖਾਂ ਦੇ ਤਿੰਨੇ ਮਨ ਬਾਨੀ ਸਰੀਰ ਵਸ ਹੋਏ ਅਤੇ ਆਪ ਵੀ ਵਾਹਿਗੁਰੂ ਵਿਚ ਇਸਥਿਤ ਹੋਏ ਅਤੇ ਬ੍ਰਿਤੀ ਵੀ ਤੁਰੀਆ ਪਦ ਵਿਚ ਇਸਥਿਤ ਹੋ ਗਈ। ਗਿਆਨ ਦੀ ਕਰਨੀ ਕਮਾਦ ਹੈ ਅਤੇ ਧਿਆਨ ਦੀ ਕਰਨੀ (ਮਹੂਆ) ਮਹੂਏ ਦਾ ਫੁਲ ਹੈ। (ਨਿਝਰ) ਇਕ ਰਸ ਧਾਰ (ਅਪਾਰ) ਬ੍ਰਹਮਾ ਨੰਦ ਵਾਹਿਗੁਰੂ ਦੀ ਆਤਮ ਵਿਸ਼ੈਣੀ ਬੁਧੀ ਵਿਚ ਚੋ ਆਈ ਹੈ ਇਹੋ ਹੀ ਉਨਾਂ ਦੀ ਭੱਠੀ ਬਣੀ ਹੋਈ ਹੈ। ਪ੍ਰੇਮ ਕਰਕੇ ਵਾਹਿਗੁਰੂ ਦਾ ਅਨੰਦ ਲਿਆ ਇਹੋ ਹੀ ਅੰਮ੍ਰਿਤ ਦੇ (ਨਿਧਾਨ) ਸਮੁੰਦਰ (ਪਾਨ) ਪੀ ਕੇ ਪੂਰਣ ਮਸਤ ਹੋਏ ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ (ਸੰਧਿ) ਮਿਲੌਣੀ ਨਾਲ ਮਿਲੇ ਹਨ ਓਹ ਆਪ (ਸਹਜ) ਵਾਹਿਗੁਰੂ ਵਿਚ ਅਭੇਦ ਹੋਏ ਹਨ।

ਕਬਿਤ—ਬਿਬਿਧ ਬਿਰਖ ਬਲੀ ਫਲ ਫੂਲ ਮੂਲ ਸਾਖਾ, ਰਚਨ

ਚਰਿਤ੍ਰ ਚਿਤ੍ਰ ਅਨਿਕ ਪ੍ਰਕਾਰ ਹੈ ॥ ਬਰਨ ਬਰਨ ਫਲ ਬਹੁ ਬਿਧ ਸ੍ਵਾਦ ਬਸ, ਬਰਨ ਬਰਨ ਫੂਲ ਬਾਸਨਾ ਬਿਥਾਰ ਹੈ ॥ ਬਰਨ ਬਰਨ ਮੂਲ ਬਰਨ ਬਰਨ ਸਾਖਾ, ਬਰਨ ਬਰਨ ਪਤ੍ਰ ਸਗੁਨ ਅਚਾਰ ਹੈ ॥ ਬਿਬਿਧ ਬਨਾਸਪਤਿ ਅੰਤਰ ਅਗਨ ਜੈਸੇ, ਸਕਲ ਸੰਸਾਰ ਬਿਖੈ ਏਕੈ ਏਕੰਕਾਰ ਹੈ ॥ ੧੫ ॥ ੬੫ ॥

ਵਾਹਿਗੁਰੂ ਨੇ ਜੋ ਜਗਤ ਦਾ (ਰਚਨ) ਕੌਤਕ ਚਿਤ੍ਰਕਾਰੀ ਵਾਲਾ ਰਚਿਆ ਹੋਇਆ ਹੈ ਉਸ ਵਾਹਿਗੁਰੂ ਦੇ ਬਣਾਏ ਹੋਏ ਨਾਨਾਂ ਤਰਾਂ ਦੇ ਬ੍ਰਿਛ ਵਲੀਆਂ ਉਨ੍ਹਾਂ ਦੇ ਫਲ ਫੂਲ (ਮੂਲ) ਮੁੱਢ ਅਤੇ (ਸਾਖਾਂ) ਟਾਹਣੀਆਂ ਹੈਨ। ਓਹ ਬੂਟੇ ਰੰਗਾਂ ਰੰਗਾਂ ਦੇ ਹਨ ਅਤੇ ਉਹਨਾਂ ਦੇ ਰਸਾਂ ਦਾ ਸਵਾਦ ਵੀ ਬਹੁਤ ਤਰਾਂ ਦਾ ਹੈ ਵਾ ਉਨ੍ਹਾਂ ਫਲਾਂ ਦੇ ਸਵਾਦ ਦਾ ਰਸ ਵੀ ਬਹੁਤ ਤਰਾਂ ਦਾ ਹੈ ਤੇ ਉਨਾਂ ਬ੍ਰਿਛਾਂ ਦੇ ਰੰਗ ਰੰਗ ਦੇ ਫੂਲ ਹੈਨ ਅਤੇ ਨਾਨਾ ਤਰਾਂ ਦੀ (ਬਾਸ਼ਨਾ) ਸੁਗੰਧੀ ਦਾ ਫੈਲਾਉ ਹੈ । ਅਤੇ ਉਹਨਾਂ ਬ੍ਰਿਛਾਂ ਦੇ (ਮੂਲ ਮੁੱਢ ਵੀ ਰੰਗਾਂ ਰੰਗਾਂ ਦੇ ਪਤ੍ਰ ਹਨ ਅਤੇ ਉਹਨਾਂ ਬ੍ਰਿਛਾਂ ਦਾ (ਸਗੁਨ) ਸਹਿਤ ਗੁਣ ਦੇ (ਅਚਾਰ) ਤਤ ਹੈ ਭਾਵ ਤਸੀਰ ਉਹਨਾਂ ਦੀ ਤਰਾਂ ਤਰਾਂ ਦੀ ਹੈ। ਬ੍ਰਿਛ ਕਈ ਤਰਾਂ ਦੇ ਹਨ ਪਰ ਸਾਰਿਆਂ ਦੇ ਅੰਦਰ ਅਗਨੀ ਇਕੋ ਹੀ ਜੈਸੀ ਹੈ ਭਾਵ ਗੁਰਮੁਖਾਂ ਦੀ ਸਮ ਦ੍ਰਿਸ਼ਟੀ ਏਹੋ ਹੀ ਹੈ ਜੋ (ਏਕੰਕਾਰ) ਵਾਹਿਗੁਰੂ ਸਾਰਿਆਂ ਵਿਚ ਇਕੋ ਹੀ ਜਾਣਦੇ ਹਨ।

ਕਬਿਤ—ਗੁਰ ਸਿੱਖ ਸੰਧਿ ਮਿਲੇ ਦ੍ਰਿਸ਼ਟਿ ਦਰਸ ਲਿਵ, ਗੁਰਮੁਖਿ ਬ੍ਰਹਮ ਗਯਾਨ ਸਾਧ ਲਿਵ ਲਾਈ ਹੈ॥ ਗੁਰ ਸਿੱਖ ਸੰਧਿ ਮਿਲੇ ਸਬਦ ਸੁਰਤ ਲਿਵ, ਗੁਰਮੁਖ ਬ੍ਰਹਮ ਗਯਾਨ ਧਯਾਨ ਸੁਧ ਪਾਈ ਹੈ ॥ ਗੁਰਸਿਖ ਸੰਧ ਮਿਲੇ ਸ੍ਵਾਮੀ ਸੇਵ ਸੇਵਕ ਹ੍ਵੈ, ਗੁਰਮੁਖ ਨਿਹਕਾਮ ਕਰਨੀ ਕਮਾਈ ਹੈ ॥ ਗੁਰਸਿਖ ਸੰਧ ਮਿਲੇ ਕਰਨੀ ਸੁ ਗਯਾਨ ਧਯਾਨ, ਗੁਰਮੁਖਿ ਪ੍ਰੇਮ ਨੇਮ ਸਹਜ ਸਮਾਈ ਹੈ ॥੧੬॥੬੬॥

ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ ਮਿਲੌਨੀ ਨਾਲ ਮਿਲੇ ਹਨ ਓਹਨਾਂ ਗੁਰਮੁਖਾਂ ਦੀ ਦ੍ਰਿਸ਼ਟੀ ਕਰਕੇ ਪ੍ਰੀਤੀ ਗੁਰਾਂ ਦੇ ਦਰਸ਼ਨ ਵਿਚ ਮਿਲੀ ਰਹਿੰਦੀ ਹੈ ਅਤੇ ਚਿਤ ਬ੍ਰਿਤੀ ਨੂੰ ਜਿਤ ਕੇ ਵਾਹਿਗੁਰੂ ਦੇ ਜਾਨਣ ਵਿਚ ਲਾ ਰਖੀ ਹੈ। ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ ਮਿਲੌਨੀ ਨਾਲ ਮਿਲੇ ਹਨ ਓਹ ਸ਼ਬਦ ਕੀਰਤਨ ਰਾਗ ਦੀ ਕੰਨਾਂ ਦੁਆਰੇ ਪ੍ਰੀਤੀ ਕਰਕੇ ਸੁਣਦੇ ਹਨ,ਵਾਹਿਗੁਰੂ ਦੇ ਗਯਾਨ ਧਯਾਨ ਦੀ ਖਬਰ ਹੈ। ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ ਮਿਲੌਨੀ ਨਾਲ ਮਿਲੇ ਹਨ ਅਤੇ ਨਿਸਕਾਮਤਾ

ਕਰਨੀ ਕੀਤੀ ਹੈ ਉਹੋ ਹੀ (ਸ੍ਵਾਮੀ) ਗੁਰੂ ਦੀ ਸੇਵਾ ਕਰਨ ਦੇ ਸੇਵਕ ਹੋਏ। ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ (ਸੰਧ) ਮਲੌਨੀ ਨਾਲ ਮਿਲੇ ਹਨ ਉਹਨਾਂ ਦੀ ਕਰਨੀ ਗਜ਼ਾਨ ਧਜ਼ਾਨ ਵਾਲੀ ਹੈ ਅਤੇ ਉਹ ਪ੍ਰੇਮ ਨੇਮ ਵਿਚ ਸਮਾਏ ਰਹਿੰਦੇ ਹਨ।

ਕਬਿਤ—ਗੁਰਮੁਖ ਸੰਧ ਮਿਲੇ ਬ੍ਰਹਮ ਗਜ਼ਾਨ ਲਿਵ, ਏਕੰਕਾਰ ਕੈ ਅਕਾਰ ਅਨਿਕ ਪ੍ਰਕਾਰ ਹੈ ॥ ਗੁਰਮੁਖਿ ਸੰਧਿ ਮਿਲੇ ਬ੍ਰਹਮ ਧਜ਼ਾਨ ਲਿਵ, ਨਿਰੰਕਾਰ ਓਅੰਕਾਰ ਬਿਬਿਧ ਬਿਥਾਰ ਹੈ॥ ਗੁਰਸਿਖ ਸੰਧ ਮਿਲੇ ਸ੍ਵਾਮੀ ਸੇਵ ਸੇਵਕ ਹ੍ਵੈ, ਬ੍ਰਹਮ ਬਿਬੇਕ ਪ੍ਰੇਮ ਭਗਤਿ ਅਚਾਰ ਹੈ॥ ਗੁਰਮੁਖ ਸੰਧ ਮਿਲੇ ਪਰਮਦ ਭੁਤ ਗਤਿ, ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥੧੮॥੬੮॥

ਅਕਾਰ ਤੋਂ ਰਹਿਤ ਸ਼ੁਧ ਵਾਹਿਗੁਰੂ ਹੈ (ਬ੍ਰਹਮ) ਸਾਰਿਆਂ ਵਿਚ 'ਵਿਆਪਕ' ਮਿਲਿਆ ਹੋਇਆ ਅਤੇ ਜਿਸਦੇ ਅਨੇਕ ਪ੍ਰਕਾਰ ਦੇ (ਅਕਾਰ) ਜੀਵ ਰਚੇ ਹੋਏ ਹਨ ਉਸਦੇ ਧਿਆਨ ਵਿਚ (ਲਿਵ) ਪ੍ਰੀਤੀ ਉਨ੍ਹਾਂ ਦੀ ਲਗੀ ਰਹਿੰਦੀ ਹੈ ਤਾਂਤੇ ਉਹ ਵੀ ਗੁਰਮੁਖ ਗੁਰੂ ਪ੍ਰਮੇਸ਼ਰ ਦਾ ਰੂਪ ਹੀ ਹੋ ਗਏ। ਨਾਨਾ ਤਰਾਂ ਦਾ (ਬਿਥਾਰ) ਫੈਲਾਉ ਹੈ ਉਸਦੇ (ਗਜ਼ਾਨ) ਜਾਨਣ ਵਿਚ (ਲਿਵ) ਪ੍ਰੀਤੀ ਉਨ੍ਹਾਂ ਗੁਰਮੁਖਾਂ ਦੀ ਲੱਗੀ ਰਹਿੰਦੀ ਹੈ ਭਾਵ ਜਿਹੜੇ ਗੁਰਮੁਖ ਗੁਰਮੁਖਾਂ ਨਾਲ ਮਿਲੇ ਹਨ ਉਹ ਨਿਰਗੁਣ ਸਰਗੁਨ ਵਾਹਿਗੁਰੂ ਜਿਸ ਦਾ ਬਹੁਤ ਵਿਸਤਾਰ ਹੈ (ਬ੍ਰਹਮ) ਮਿਲਿਆ ਹੋਇਆ ਉਸ ਵਿਚ ਪ੍ਰੀਤੀ ਕਰਦੇ ਹੈਨ ਤਾਂਤੇ ਗੁਰੂ ਈਸ਼ਵਰ ਦਾ ਰੂਪ ਹੀ ਹੋਏ। ਗੁਰ ਸਿਖ ਗੁਰ ਸਿਖਾਂ ਨਾਲ ਮਿਲੇ ਅਤੇ ਪ੍ਰੇਮਾ ਭਗਤੀ ਕੀਤੀ ਅਤੇ ਵਾਹਿਗੁਰੂ ਦਾ ਵਿਚਾਰ ਕੀਤਾ ਉਹ ਸੇਵਕ ਸੇਵਾ ਕਰਕੇ ਸੁਆਮੀ ਰੂਪ ਹੋ ਗਏ। ਗੁਰਮੁਖਾਂ ਨੂੰ ਜੋ ਗੁਰਮੁਖ ਮਿਲੇ ਅਤੇ ਉਹਨਾਂ ਗੁਰਮੁਖਾਂ ਵਿਚੋਂ ਜਿਨਾਂ ਗੁਰਮੁਖਾਂ ਨੂੰ ਵਾਹਿਗੁਰੂ ਮਿਲਿਆ ਹੈ ਉਹਨਾਂ ਨੂੰ ਸਾਰਾ ਹੀ ਜਗਤ ਸਦਾ ਸਦਾ ਸਦਾ ਨਮਸ਼ਕਾਰ ਕਰ ਰਿਹਾ ਹੈ।

ਕਬਿਤ—ਗੁਰਮੁਖ ਮਨ ਬਚ ਕਰਮ ਇਕਤ੍ਰ ਭਏ, ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਏ ਹੈਂ॥ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ, ਰਸਨਾ ਬਕਤ ਭਈ ਕਹਿਤ ਨ ਆਏ ਹੈਂ ॥ ਜਗ ਮਗ ਪ੍ਰੇਮ ਜੋਤਿ ਅਤਿ ਅਸਚਰਜਮੈ, ਲੋਚਨ ਚਕਿਤ ਭਏ ਹੇਰਤ ਹਿਰਾਏ ਹੈਂ ॥ ਰਾਗ ਨਾਦ ਬਾਦਿ ਬਿਸਮਾਦਿ ਪ੍ਰੇਮ ਧੁਨਿ ਸੁਨ, ਸ੍ਰਵਨ ਸੁਰਤਿ ਬਿਲੈ ਬਿਲੈ ਬਿਲਾਏ ਹੈਂ ॥੧੯॥੬੯॥

ਜਿਨ੍ਹਾਂ ਗੁਰਮੁਖਾਂ ਦੇ ਮਨ ਬਾਣੀ(ਕਰਮ) ਸਰੀਰ ਵਸ਼ੀਕਾਰ ਹੋਇਆ ਹੈ ਉਹਨਾਂ

ਦੇ ਹੀ ਅੰਗ ਅੰਗ (ਬਿਸਮ) ਅਸਚਰਜ ਸਫਲੇ ਹੋਏ ਹਨ, ਸਾਰਿਆਂ ਦੀ ਮਦਦ ਕਰਨ ਵਾਲਾ ਜੋ ਹੈ ਉਸਦੇ ਵਿਚ ਉਹ ਸਮਾਇ ਹੈਨ। ਭਾਵ ਜੋ ਪ੍ਰੇਮ ਰਸ ਅੰਮ੍ਰਿਤ ਦਾ ਖਜ਼ਾਨਾ ਹੈ ਸਿਆਣਿਆਂ ਕਰਨ ਵਾਲਾ ਉਸਨੂੰ ਜਦੋਂ (ਪਾਨ) ਪੀਤਾ (ਮਦੋਨ) ਮਸਤ ਹੋ ਗਏ ਜਦ ਰਸਨਾਂ ਨੇ ਵਾਹਿਗੁਰੂ ਦੇ ਨਾਮ ਦਾ ਅਨੰਦ ਲਿਆ ਤਾਂ ਜਗਤ ਦੇ ਝੂਠੇ ਪਦਾਰਥਾਂ ਦੇ ਸਵਾਦਾਂ ਵਲੋਂ ਹਟ ਗਈ ਉਸਦਾ ਅਨੰਦ ਕਹਿਣ ਵਿਚ ਨਹੀਂ ਆਉਂਦਾ ਹੈ। ਅਤੀ ਅਸਚਰਜ ਰੂਪ ਜੋ ਵਾਹਿਗੁਰੂ ਹੈ ਜਗ ਮਗ ਜੋਤ ਵਾਲਾ ਵੇਖਣੇ ਯੋਗ ਉਸਨੂੰ ਵੇਖ ਕੇ ਪ੍ਰੇਮ ਪੂਰਬਕ ਉਹਨਾਂ ਗੁਰਮੁਖਾਂ ਦੇ (ਲੋਚਨ) ਨੇਤ੍ਰ (ਚਕਿਤ) ਚਕ੍ਰਿਤ ਹੋ ਗਏ, ਵੇਖ ਵੇਖ ਕੇ ਇਕ ਟਕ ਓਧਰੇ ਹੀ ਲਗ ਰਹੇ ਹੈਨ । ਵਾਜੇ (ਬਾਦਿ) ਵਜਾਕੇ ਭਾਵ ਗੁਰਾਂ ਦੇ ਸ਼ਬਦ ਦਾ ਕੀਰਤਨ (ਬਿਸਮਾਦਿ) ਅਸਚਰਜ ਜਿਥੇ ਹੋ ਰਿਹਾ ਹੈ ਉਸ ਦੀ ਓਥੇ ਹੀ ਜਾਕੇ ਪ੍ਰੇਮ ਦੀ (ਧੁਨਿ) ਅਵਾਜ਼ (ਸ੍ਰਵਨ) ਕੰਨ ਲਾ ਕੇ ਅਤੇ (ਸੁਰਤਿ) ਪ੍ਰੀਤੀ ਕਰਕੇ ਸੁਣਦੇ ਹਨ ਇਸੀ ਵਾਸਤੇ ਕੰਨ ਓਨਾਂ ਦੇ (ਬਿਲੈ) ਲੀਨ ਹੋਏ ਰਹਿੰਦੇ ਹਨ ਨੇਤ੍ਰ ਵੀ ਓਨਾਂ ਦੇ(ਬਿਲੈ)ਲੀਨ ਹੋਏ ਹੈਂ ਹੋਰ ਭੀ ਅੰਗ ਜਿੰਨੇ ਕੁ ਸਰੀਰ ਦੇ ਹਨ ਓਹ (ਬਿਲਾਇ) ਹਟਕੇ ਸੰਸਾਰ ਦੇ ਪਦਾਰਥਾਂ ਵਲੋਂ ਵਾਹਿਗੁਰੂ ਵਲ ਲਗੇ ਰਹਿੰਦੇ ਹਨ।

ਕਬਿਤ–ਗੁਰਮੁਖ ਮਨ ਬਚ ਕਰਮ ਇਕਤ੍ਰ ਭਏ, ਪੂਰਨ ਪਰਮ ਪਦ ਪ੍ਰੇਮ ਪ੍ਰਗਟਾਏ ਹੈ॥ ਲੋਚਨ ਮੈਂ ਦ੍ਰਿਸ੍ਰਿ ਦਰਸ ਰਸ ਗੰਧਿ ਸੰਧਿ, ਸ੍ਰਵਨ ਸਬਦ ਸੁਰਤਿ ਗੰਧ ਰਸ ਪਾਏ ਹੈ॥ ਰਸਨਾ ਮੈਂ ਰਸ ਗੰਧ ਸਬਦ ਸੁਰਤ ਮੇਲ, ਨਾਸ ਬਾਸ ਰਸ ਸ੍ਰੁਤਿ ਸਬਦ ਲਖਾਏ ਹੈ ॥ ਰੋਮ ਰੋਮ ਰਸਨਾ ਸ੍ਰਵਣ ਦ੍ਰਿਗ ਨਾਸਾ ਕੋਟਿ, ਖੰਡ ਬ੍ਰਹਮੰਡ ਪਿੰਡ ਪ੍ਰਾਨ ਮੈਂ ਜਤਾਏ ਹੈ॥ ੧੯॥ ੬੯॥

ਜਿਨ੍ਹਾਂ ਗੁਰਮੁਖਾਂ ਦੇ ਮਨ ਬਾਣੀ (ਕਰਮ) ਸਰੀਰ (ਇਕੱਤ੍ਰ) ਵਸ ਹੋਏ ਹਨ ਓਹਨਾਂ ਨੂੰ ਹੀ (ਪੂਰਨ) ਪਰਮ ਪਦ ਦੀ ਪ੍ਰਾਪਤੀ ਦੇ ਗੁਣ ਪ੍ਰਗਟ ਹੋ ਆਏ ਹਨ "ਪ੍ਰੇਮ ਕਰਕੇ"। (ਲੋਚਨ) ਨੇਤਰਾਂ ਦੀ ਦ੍ਰਿਸ਼ਟੀ ਜੋ ਗੁਰਾਂ ਦੇ ਦਰਸ਼ਨ ਵਿਚ (ਸੰਧਿ) ਲਗੀ ਰਹਿੰਦੀ ਹੈ ਇਹ ਇਕ ਨੇਤਰਾਂ ਨੂੰ ਰਸ (ਗੰਧਿ) ਰਸਦਾਇਕ ਸੁਗੰਧੀ ਭਾਵ ਪ੍ਰੇਮਾ ਭਗਤੀ (ਸੰਧਿ) ਮਿਲੀ ਹੈ ਅਤੇ (ਸੁਰਤ)ਕੰਨ ਜੋ ਸ਼ਬਦ ਨੂੰ (ਸ੍ਰਵਨ) ਸੁਣਦੇ ਹਨ ਇਹ ਉਨਾਂ ਸ੍ਰਵਨਾਂ ਨੇ ਸੁਗੰਧ ਰਸ ਗੰਧੀ ਰਸ ਵਾਲੀ ਭਾਵ ਪ੍ਰੇਮਾ ਭਗਤੀ ਪਾਈ ਹੈ। (ਸੁਰਤ) ਗਜਾਤ ਪੂਰਬਕ ਸ੍ਰੇਸ਼ਟ ਪ੍ਰੀਤੀ ਕਰਕੇ ਗੁਰਾਂ ਦੇ ਸ਼ਬਦ ਦੇ ਉਚਾਰਣ ਵਿਚ ਲਗੀ ਰਹਿੰਦੀ ਹੈ ਇਹੀ ਰਸਨਾਂ ਨੂੰ (ਰਸਗੰਧ) ਰਸ ਦਾਇਕ ਸੁਗੰਧੀ ਮਿਲੀ ਹੈ ਅਤੇ (ਨਾਸ) ਨਾਸਕਾਂ ਮੇ (ਬਾਸ ਰਸ) ਪ੍ਰੇਮਾ ਭਗਤੀ ਇਹ ਗ੍ਰਹਨ ਕੀਤੀ ਹੈ ਸੁਗੰਧੀ ਲੈਣੀ ਇਹ ਨਾਸਕਾ ਨੇ ਪ੍ਰੇਮਾ ਭਗਤੀ ਪਾਈ ਹੈ। ਕ੍ਰੋੜਹਾਂ ਬ੍ਰਹਮੰਡਾਂ ਵਿਚ ਨਵਾਂ ਖੰਡਾਂ ਵਿਚ (ਪਿੰਡ) ਸਰੀਰਾਂ ਪ੍ਰਾਨਾਂ ਵਿਚ ਨਾਸਕਾ (ਦ੍ਰਿਗ) ਨੇਤਰਾਂ ਕੰਨਾਂ ਰਸਨਾਂ ਰੋਮਾਂ ਵਿਚ

ਵਾਹਿਗੁਰੂ (ਜਤਾਏ) ਦਸਦੇ ਹਨ।

ਕਬਿਤ—ਪੂਰਨ ਬ੍ਰਹਮ ਆਪ ਆਪਨ ਹੀ ਆਪ ਸਾਜ, ਆਪਨ ਰਚਿਓ ਹੈ ਨਾਉ ਆਪ ਹੀ ਬੀਚਾਰਕੈ॥ ਆਦਿ ਗੁਰੁ ਦੁਤੀਅ ਗੋਬਿੰਦ ਨਾਮ ਕੈ ਕਹਾਇਓ, ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ॥ ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ, ਗੁਰਮੁਖਿ ਲੀਲਾ ਧਾਰੀ ਅਨਿਕ ਔਤਾਰ ਕੈ॥ ਗੁਰੂ ਗੋਬਿੰਦ ਔ ਗੋਬਿੰਦ ਗੁਰੂ ਏਕ ਮੇਕ, ਓਤ ਪੋਤਿ ਸੂਤ੍ਰ ਗਤਿ ਅੰਬਰ ਉਚਾਰ ਕੈ॥ ੨੦॥ ੭੦॥

ਜੋ ਵਾਹਿਗੁਰੂ ਹੈ ਉਸਨੇ ਆਪਣੇ ਆਪ ਨੂੰ ਆਪ ਹੀ ਜਗਤ ਰੂਪ ਕਰਕੇ ਸਾਜਿਆ ਹੈ ਅਤੇ ਆਪ ਹੀ ਉਸਦਾ ਨਾਮ ਸੰਸਾਰ ਰਖ ਦਿਤਾ ਹੈ ਤੇ ਆਪ ਹੀ ਬੀਚਾਰ ਕਰਦਾ ਹੈ। ਪਹਿਲੇ (ਗੁਰ) ਪੂਜਨੀਕ (ਗੋਬਿੰਦ) ਵਾਹਿਗੁਰੂ ਜੋ ਹੈ ਉਸਨੇ ਦੂਜਾ ਨਾਮ ਆਪਣਾ ਸੰਸਾਰ ਕਰਕੇ ਕਹਾਇਆ ਹੈ ਅਤੇ (ਗੁਰਮੁਖ) ਜੋ ਪੂਜਨੀਕ (ਓਅੰਕਾਰ)ਮੰਗਲ ਸਰੂਪ ਉਸੀ ਨੇ ਹੀ ਇਹ(ਅਕਾਰ) ਸਰੂਪ ਸੰਸਾਰ ਦਾ ਰਚਨਾ ਕੀਤਾ ਹੈ।(ਗੁਰਮੁਖ)ਪੂਜਨੀਕ ਸਿਰੋਮਣੀ ਜੋ ਵਾਹਿਗੁਰੂਹੈ ਓਹ(ਨਾਦ)ਵਾਜਿਆਂ ਭਾਵ ਜੀਵਾਂ ਦੇ ਭੇਦ(ਬੇਦ)ਜਾਣਦਾ ਹੈ। ਅਤੇ ਓਹੋਹੀ ਪ੍ਰਮਾਤਮਾ ਸਾਰਿਆਂ ਜੀਵਾਂ ਦੇ ਭੇਦ ਪਾਉਂਦਾ ਹੈ। ਵਾਹਿਗੁਰੂ ਨੇ ਆਪ ਵੀ ਚਵੀ ਅਵਤਾਰ ਧਾਰਕੇ ਅਨੇਕ ਤਰਾਂ ਦੀ ਲੀਲ੍ਹਾ ਕੀਤੀ। (ਗੋਬਿੰਦ) ਵਾਹਿਗੁਰੂ ਪੂਜਨੀਕ ਜਗਤ ਦਾ ਸਰੂਪ ਹੈ ਅਤੇ ਜਗਤ ਵਾਹਿਗੁਰੂ ਪੂਜਨੀਕ ਦਾ ਸਰੂਪ ਹੈ, ਏਹ ਦੋਵੇਂ ਇਕ ਭੇਦ ਅਭੇਦ ਰੂਪ ਹੈਂ ਅੰਦਰ ਬਾਹਰ ਤਾਣੇ ਵਿਚ ਪੇਟਾ ਪੇਟੇ ਵਿਚ ਤਾਣਾ (ਗਤ) ਮਿਲਿਆ ਹੋਇਆ ਹੈ ਉਸ ਦਾ ਨਾਮ ਕਪੜਾ ਉਚਾਰਨ ਕਰੀਦਾ ਹੈ।

ਕਬਿਤ—ਜੈਸੇ ਬੀਜ ਬੋਏ ਹੋਤ ਬਿਰਖ ਬਿਥਾਰ ਗੁਰੁ, ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ॥ ਜੈਸੇ ਏਕ ਬਿਰਖ ਸੈਂ ਹੋਤ ਹੈਂ ਅਨੇਕ ਫਲ, ਤੈਸੇ ਗੁਰੁ ਸਿਖ ਸਾਧ ਸੰਗਤਿ ਅਕਾਰ ਹੈ॥ ਦਰਸ ਧਿਆਨ ਗੁਰੁ ਸਬਦ ਗਿਆਨ ਗੁਰੁ, ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ॥ ਗਗਨ ਧਗਨ ਬ੍ਰਹਮ ਸਥਾਨ ਸਾਵਧਾਨ, ਸਾਧਸੰਗਤਿ ਪ੍ਰਸੰਗ ਪ੍ਰੇਮ ਭਗਤਿ ਉਧਾਰ ਹੈ॥ ੨੧॥ ੭੧॥

ਜੈਸੇ ਬੀਜ ਨੂੰ ਬੀਜੀਏ ਤਾਂ ਬਹੁਤ ਸਾਰੇ ਬ੍ਰਿਛਾਂ ਦਾ (ਬਿਥਾਰ) ਫੈਲਾਉ ਹੋ, ਜਾਂਦਾ ਹੈ ਪੂਰਨ ਵਾਹਿਗੁਰੂ ਸਾਰੇ ਪੂਰਿਆ ਹੋਇਆ ਜੋ ਸ਼ੁਧ ਹੈ ਉਸੇ ਨੇ ਹੀ ਗੁਰੂ ਨਾਨਕ ਰੂਪ ਧਾਰਨ ਕੀਤਾ ਹੈ। ਜੈਸੇ ਇਕ ਬ੍ਰਿਛ ਤੋਂ ਅਨੇਕਾਂ ਹੀ ਫਲ ਹੁੰਦੇ ਹਨ

ਇਸੀ ਤਰਾਂ ਜੋ ਗੁਰਾਂ ਦੀ ਸਿਖਿਆ ਲੈਣ ਵਾਲੀ ਸਾਧ ਸੰਗਤ ਹੈ ਇਹ ਇਕ (ਅਕਾਰ) ਫਲ ਹੈ ਭਾਵ (ਬੀਜ) ਵਾਹਿਗੁਰੂ ਹੈ (ਬ੍ਰਿਛ) ਗੁਰੂ ਨਾਨਕ ਹੈ (ਫਲ)ਸਾਧ ਸੰਗਤ ਹੈ। ਜਿਹੜਾ ਗੁਰਾਂ ਦਾ ਦਰਸ਼ਨ ਕਰਨਾ ਹੈ ਇਹ ਇਕ (ਸਰਗੁਨ) ਵਾਹਿਗੁਰੂ ਦਾ ਧਿਆਨ ਕਰਨਾ ਹੈ, ਅਤੇ ਜਿਹੜਾ ਗੁਰਾਂ ਦੇ (ਸ਼ਬਦ) ਉਪਦੇਸ਼ ਦਾ ਗਜਾਨ ਹੈ ਇਹ ਇਕ ਵੀਚਾਰ (ਬ੍ਰਹਮ) ਵਿਆਪਕ ਮਿਲੇ ਹੋਏ (ਨਿਰਗੁਨ) ਵਾਹਿਗੁਰੂ ਦਾ ਹੈ ਗਜਾਨ ਹੋਣਾ ਏਹ ਨਿਰਗੁਣ ਸਰਗੁਣ ਵਾਹਿਗੁਰੂ ਦਾ ਵੀਚਾਰ ਹੈ। ਸਤ ਸੰਗਤ ਵਿਚ ਵਾਹਿਗੁਰੂ ਦੇ ਗਿਆਨ ਧਜਾਨ ਦਾ ਪ੍ਰਸੰਗ ਸੋ ਸਾਵਧਾਨ ਹੋਕੇ ਪ੍ਰੇਮ ਪੂਰਬਕ ਜੋ ਭਗਤ ਕਰਦੇ ਨੇ ਇਸੀ ਵਾਸਤੇ ਉਨ੍ਹਾਂ ਦਾ ਜਗਤ ਉਤੋਂ ਉਧਾਰ ਹੁੰਦਾ ਹੈ।

ਕਬਿਤ—ਫਲ ਮੂਲ ਮੂਲ ਫਲ ਮੂਲ ਫਲ ਫਲ ਮੂਲ, ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਹੈ ॥ ਪਿਤ ਸੁਤ ਸੁਤ ਪਿਤ ਸੁਤ ਪਿਤ ਪਿਤ ਸੁਤ, ਉਤਪਤਿ ਗਤਿ ਅਤਿ ਗੂੜ ਮੂਲ ਮੰਤ ਹੈ ॥ ਪਥਿਕ ਬਸੇਰਾ ਕੋ ਨਿਬੇਰਾ ਜਯੋਂ ਨਿਕਸ ਬੈਠ, ਇਤ ਉਤ ਵਾਰ ਪਾਰ ਸਰਿਤਾ ਸਿਧੰਤ ਹੈ ॥ ਪੂਰਨ ਬ੍ਰਹਮ ਗੁਰੁ ਗੋਬਿੰਦ ਗੋਬਿੰਦ ਗੁਰੁ, ਅਬਿਗਤਿ ਗਤਿ ਸਿਮਰਤ ਸਿਖ ਸੰਤ ਹੈ ॥ ੨੨ ॥ ੭੨ ॥

(ਪਰਮਾਦ) ਮਾਯਾ ਤੋਂ ਰਹਿਤ ਵਾ ਕਾਯਰਤਾਈ ਤੋਂ ਰਹਿਤ ਵਾ ਪਰਮ ਉਤ ਕ੍ਰਿਸ਼ਟ ਸਰਬ ਦੀ ਆਦੀ ਵਾ ਮਾਯਾ ਸੇ ਪਰੇ ਹੈ ਅਤੇ ਉਸਦਾ ਅੰਤ ਜੇਕਰ ਲਈਏ ਤਾਂ ਅੰਤ ਨਹੀਂ ਲਿਆ ਜਾਂਦਾ ਇਹ ਅਨੰਤ ਹੈ ਵਾ ਕਿਸੇ ਪਾਸੋਂ ਮਰਦਾ ਨਹੀਂ ਹੈ ਅਤੇ ਮਰਨੇ ਸੇ ਰਹਿਤ ਹੈ ਫਲ ਤੋਂ ਮੁਢ ਤੇ ਮੁਢ ਤੋਂ ਫਲ ਭਾਵ ਗੁਰੂ ਅਕਾਲ ਇਕ ਹੈ। ਸਤਿਗੁਰਾਂ ਦੇ ਮੂਲ ਮੰਤ੍ਰ ਜੋ ਸਤਿਨਾਮ ਦਾ ਉਪਦੇਸ਼ ਹੈ ਅਭੇਦਤਾ ਦਾ ਉਸ ਦਾ ਆਸ਼ਾ (ਗੁੜ) ਗੁਹਜ ਖਪਿਆ ਹੋਇਆ ਹੈ ਭਾਵ ਉਸਦਾ ਕੋਈ ਅੰਤ ਨਹੀਂ ਲੈ ਸਕਦਾ ਹੈ ਪਿਓ ਪੁਤ੍ਰ ਇਕ ਰੂਪ ਹੁੰਦੇ ਹਨ ਇਹ ਪੈਦਾ ਹੋਣ ਦੀ ਰੀਤੀ ਅਸਚਰਜ ਹੈ। ਜਿਸ ਤਰਾਂ (ਪਥਕ) ਰਾਹੀ ਬੇੜੀ ਵਿਚ ਚੜ੍ਹਕੇ ਅਤੇ ਬਾਹਰ ਨਿਕਲ ਬੈਠਦਾ ਹੈ ਭਾਵ ਨਦੀਓਂ ਪਾਰ ਹੋ ਜਾਂਦਾ ਹੈ (ਨਿਬੇਰਾ) ਲੰਘਕੇ ਨਦੀ ਜਦ ਕੋਈ ਉਸ ਨੂੰ ਪੁਛੇ ਉਰਲੇ ਬੰਨੇ ਦਾ ਤਾਂ ਓਹ ਆਖਦਾ ਹੈ ਮੈਂ ਪਾਰ ਜਾਣਾ ਹੈ ਅਤੇ ਜੇਕਰ ਕੋਈ ਉਸ ਬੰਨੇ ਵਾਲੇ ਨੂੰ ਪੁਛੇ ਤਾਂ ਓਹ ਆਖਦਾ ਹੈ ਮੈਂ ਪਾਰ ਜਾਣਾ ਹੈ। ਐਸੇ ਹੀ ਸਰਿਤਾ ਨਦੀ ਦਾ ਸਿਧਾਂਤ ਵਿਚਾਰ ਹੈ। ਪੂਰਨ ਬ੍ਰਹਮ ਜੋ ਵਾਹਿਗੁਰੂ ਦੀ ਨਿਆਈਂ ਗੁਰੂ ਨਾਨਕ ਜੀ ਹਨ ਸੋਈਓ ਹੀ (ਗੋਬਿੰਦ) ਵਾਹਿਗੁਰੂ ਹੈ ਅਤੇ ਵਾਹਿਗੁਰੂ ਗੁਰੂ ਹੈ ਇਹ ਕੁਝ (ਅਬਿਗਤ) ਅਸਚਰਜ ਹੀ (ਗਤ) ਰੀਤੀ ਹੈ। ਸਿਖ ਅਤੇ ਸਾਧ ਸੰਗਤ ਸਿਮਰਦੇ ਹਨ।

ਕਬਿਤ—ਗੁਰਮੁਖ ਪੰਥ ਗਹੇ ਜਮ ਪੁਰ ਪੰਥ ਮੇਟੈ, ਗੁਰ ਸਿਖ ਸੰਗ

ਪੰਚ ਦੂਤ ਸੰਗ ਤਜਾਗੇ ਹੈਂ ॥ ਚਰਨ ਸਰਨ ਗੁਰੂ ਕਰਮ ਭਰਮ ਖੋਏ, ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈਂ ॥ ਗੁਰੁ ਉਪਦੇਸ ਵੇਸ ਬਜਰ ਕਪਾਟ ਖੁਲੇ, ਸਬਦ ਸੁਰਤਿ ਮੂਰਛਤ ਮਨ ਜਾਗੇ ਹੈਂ॥ ਕਿੰਚਤ ਕਟਾਛਜ ਕ੍ਰਿਪਾ ਸਰਬ ਨਿਧਾਨ ਪਾਏ, ਜੀਵਨ ਮੁਕਤਿ ਗੁਰੁ ਗਜਾਨ ਲਿਵ ਲਾਗੇ ਹੈਂ ॥੨੩॥੭੩॥

ਗੁਰਾਂ ਨਾਲ ਮਿਲਕੇ ਗੁਰੂ ਰੂਪ ਹੋ ਗਏ ਹਨ (ਗੁਰਮੁਖ) ਉਹਨਾਂ ਦਾ (ਪੰਥ) ਰਸਤਾ (ਗਹੇ) ਪਕੜਨ ਨਾਲ ਜਮਪੁਰੀ ਦਾ ਪੰਥ ਰਸਤਾ(ਮੇਟੇ)ਦੂਰ ਹੋ ਜਾਂਦਾ ਹੈ। ਗੁਰੂ ਕੇ ਸਿਖਾਂ ਦਾ ਜਦ ਸੰਗ ਕਰੀਏ ਤਾਂ (ਪੰਚ ਦੂਤ) ਪੰਚ ਚੁਗਲਖੋਰ ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ ਹੈ ਉਹਨਾਂ ਨੂੰ ਤਿਆਗਨ ਕਰ ਦਈਦਾ ਹੈ ਅਤੇ ਜਦ ਗੁਰਾਂ ਦੇ ਚਰਨਾਂ ਦੀ ਸਰਨ ਨੂੰ ਪ੍ਰਾਪਤ ਹੋਏ ਤਾਂ ਕਰਮ ਜੋ (ਭਰਮ) ਭਰਮਾਉਣ ਵਾਲੇ ਹੈਨ ਇਹ (ਖੋਏ) ਦੂਰ ਹੋ ਗਏ ਅਤੇ ਜਦ (ਅਕਾਲ) ਵਾਹਿਗੁਰੂ ਦਾ ਸਰੂਪ ਜੋ ਗੁਰੂ ਹਨ ਓਹਨਾਂ ਦਾ ਦਰਸ਼ਨ ਕਰਿਆ (ਕੰਟਕ) ਕੰਡੇ ਵਾਂਗੂੰ ਦੁਖਦਾਈ (ਕਾਲ) ਜਮ ਦਾ (ਭੈ) ਡਰ (ਭਾਗੇ) ਦੌੜ ਗਿਆ ਅਤੇ ਜਦ ਗੁਰਾਂ ਦਾ ਉਪਦੇਸ਼ ਸੁਣਕੇ ਗਿਆਤ ਕੀਤੀ (ਸੁਰਤ) ਪ੍ਰੀਤੀ ਕਰੀ ਤਾਂ ਮੂਰਛਾ ਗਤ ਹੋਇਆ ਹੋਇਆ ਜੋ ਮਨ ਸੀ ਉਹ ਜਾਗ ਪਿਆ ਪੱਥਰ ਦੇ ਤਖਤੇ ਖੁਲ ਗਏ। ਵਾ ਜਦ ਗੁਰਾਂ ਦਾ ਉਪਦੇਸ਼ ਸੁਣਕੇ ਹੋਸ਼ ਆਈ ਤਾਂ ਗੁਰਾਂ ਨੇ (ਕਿੰਚਤ) ਥੋਹੜੀ ਜੇਹੀ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਬਜਰ (ਕਪਾਟ) ਪਥਰ ਵਤ ਕਰੜੇ ਤਖਤੇ ਖੁਲ ਗਏ ਤਾਂ ਫਿਰ ਗੁਰਾਂ ਦੇ ਗਿਆਨ ਵਿਚ (ਲਿਵ) ਚਿਤ ਬ੍ਰਿਤੀ ਨੂੰ ਲਗਾਇਆ ਸਾਰੇ ਨਿਧੀਆਂ ਸਿਧੀਆਂ ਦੇ ਖਜ਼ਾਨੇ ਮਿਲ ਗਏ ਜੀਵਨ ਮੁਕਤ ਦੇ ਖਜ਼ਾਨੇ ਮਿਲੇ ਉਹਨਾਂ ਨੇ ਇਹ ਜੀਵਨ ਮੁਕਤੀ ਪਾਈ ਹੈ ਜੋ (ਸ਼ਬਦ) ਵਾਹਿਗੁਰੂ ਦਾ (ਵੇਸ) ਸਰੂਪ ਹੀ ਹੋ ਗਏ ਹਨ।

ਕਬਿਤ—ਗੁਰਮੁਖਿ ਪੰਥ ਸੁਖ ਚਾਹਤ ਸਕਲ ਪੰਥ, ਸਕਲ ਦਰਸ ਗੁਰੁ ਦਰਸ ਅਧੀਨ ਹੈ ॥ ਸੁਰ ਸੁਰਸਰਿ ਗੁਰੁ ਚਰਨ ਸਰਨ ਚਹੈ, ਬੇਦ ਬ੍ਰਹਮਾਦਿਕ ਸਬਦ ਲਿਵਲੀਨ ਹੈ ॥ ਸਰਬ ਗਿਆਨ ਗੁਰੁ ਗਜਾਨ ਅਵਗਾਹਨ ਮੈ, ਸਰਬ ਨਿਧਾਨ ਗੁਰੁ ਕ੍ਰਿਪਾ ਜਲ ਮੀਨ ਹੈ॥ ਜੋਗੀ ਜੋਗ ਜੁਗਤਿ ਮੈਂ ਭੋਗੀ ਭੋਗ ਭੁਗਤਿ ਮੈਂ, ਗੁਰਮੁਖ ਨਿਜ ਪਦ ਕੁਲ ਅਕੁਲੀਨ ਹੈ ॥੨੪॥੭੪॥

ਗੁਰਮੁਖਾਂ ਦੇ ਰਸਤੇ ਨੂੰ ਸਭਨਾਂ ਮਤਾਂ ਵਾਲੇ ਚਾਹੁੰਦੇ ਹਨ ਉਹ ਸਾਰੇ ਮਤ ਗੁਰਾਂ ਦੇ ਦਰਸ਼ਨ ਦੇ ਅਧੀਨ ਹੈਨ। (ਸੁਰ) ਦੇਵਤੇ (ਸੁਰਸਰਿ) ਗੰਗਾ ਗੁਰਾਂ ਦੇ ਚਰਨਾਂ ਦੀ

ਸਰਨ ਚਾਹੁੰਦੇ ਹਨ ਅਤੇ ਵੇਦ ਅਤੇ ਬ੍ਰਹਮਾ ਤੋਂ ਆਦਿ ਲੈਕਰ ਜਿਤਨੇ ਦੇਵਤੇ ਹੈਂ ਓਹ ਸਭ ਗੁਰਾਂ ਦੇ ਸ਼ਬਦ ਉਪਦੇਸ਼ ਵਿਚ (ਲਿਵ) ਪ੍ਰੀਤੀ ਨੂੰ ਲਗਾਇ ਕਰ (ਲੀਨ) ਮਸਤ ਹੋਏ ਰਹਿੰਦੇ ਹੈਨ। ਸਾਰੇ ਜਿਤਨੇ ਕੁ ਗਯਾਨ ਭਾਵ ਗਯਾਨੀ ਹਨ ਓਹ ਗੁਰਾਂ ਦੇ ਗਯਾਨ ਵਿਚਾਰਨ ਵਿਚ ਲਗੇ ਰਹਿੰਦੇ ਹੈਨ ਸਾਰੇ ਜਿਤਨੇ (ਨਿਧਾਨ) ਖਜ਼ਾਨੇ ਹਨ ਭਾਵ ਨਿਧੀਆਂ ਸਿਧੀਆਂ ਹਨ। ਗੁਰਾਂ ਦਾ ਕਿਰਪਾ ਰੂਪੀ ਜੋ ਜਲ ਹੈ ਉਸਦੇ ਅੰਦਰ ਸਾਰੇ (ਮੀਨ) ਮੱਛ ਬਣੇ ਰਹਿੰਦੇ ਹਨ। ਯੋਗੀ ਯੋਗ ਦੀ ਯੁਕਤੀ ਵਿਚ ਲਗੇ ਹੋਏ ਨੇ ਅਤੇ ਭੋਗੀ ਭੋਗਾਂ ਨੂੰ (ਭੁਗਤ) ਭੋਗਦੇ ਹਨ (ਨਿਜ ਪਦ) ਆਪਣੇ ਸਰੂਪ ਵਾਹਿਗੁਰੂ ਵਿਚ ਗੁਰਮੁਖ (ਅਕੁਲੀਨ) ਲੀਨ ਰਹਿੰਦੇ ਹਨ (ਕੁਲ) ਸੰਗਤਾਂ ਨੂੰ ਛਡਕੇ ਭਾਵ ਆਪਣੀ ਉੱਚੀ ਜਾਤੀ ਦਾ ਹੰਕਾਰ ਛਡਕੇ ਵਾਹਿਗੁਰੂ ਨੂੰ ਜਪਦੇ ਹਨ।

ਕਬਿਤ—ਉਲਟ ਪਵਨ ਮਨ ਮੀਨ ਕੀ ਚਪਲ ਗਤਿ, ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ॥ ਸਾਗਰ ਸਲਿਲ ਗਹਿ ਗਗਨ ਘਟਾ ਘਮੰਡ, ਉਨਮਨ ਮਗਨ ਲਗਨ ਗੁਰੁ ਗਯਾਨ ਹੈ॥ ਜੋਤਿ ਮੈ ਜੋਤੀ ਸਰੂਪ ਦਾਮਿਨੀ ਚਮਤਕਾਰ, ਗਰਜਤ ਅਨਹਦ ਸਬਦ ਨੀਸਾਨ ਹੈ॥ ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ, ਸੇਵਕ ਸਕਲ ਫਲ ਸਰਬ ਨਿਧਾਨ ਹੈ॥੨੫॥੮੫॥

ਉਲਟਾਇਆ ਸੰਸਾਰ ਵਲੋਂ ਮਨ ਨੂੰ ਵੀ ਅ (ਪਵਨ) ਸਵਾਸਾਂ ਨੂੰ ਵੀ ਜਿੰਨ੍ਹਾਂ ਦੀ (ਮੀਨ) ਮਛੀ ਵਾਂਗੂੰ ਚੰਚਲ (ਗਤਿ) ਚਾਲ ਸੀ ਅਤੇ ਸੁਖਮਨਾ (ਨਾੜੀ) ਦੇ ਸੰਗਮ ਕਰਕੇ (ਬ੍ਰਹਮ) ਵਾਹਿਗੁਰੂ ਵਿਚ ਅਸਥਾਨ ਕੀਤਾ ਕਿ ਸੰਸਾਰ ਵਲੋਂ ਮਨ ਦੇ (ਪਵਨ) ਫੁਰਨੇ ਨੂੰ ਉਲਟਾਇਆ ਜਿਸ ਮਨ ਦੇ ਫੁਰਨੇ ਦੀ ਚਾਲ ਚੰਚਲ ਮੱਛੀ ਵਾਂਗੂੰ ਸੀ ਅਤੇ ਸੁਖਮਨਾ ਬ੍ਰਹਮ ਵਿਦਿਆ ਦਾ ਸਾਥ ਕਰਕੇ ਸਰੂਪ ਵਿਚ ਪਹੁੰਚੇ ਹਨ। (ਸਾਗਰ) ਸਮੁੰਦਰ ਦੇ (ਸਲਿਲ) ਜਲ ਨੂੰ (ਗ੍ਰਹਿ) ਪਕੜਕੇ ਘਟਾਂ ਦਾ (ਘਮੰਡ) ਸਮੁਦਾਇ ਜੋ ਹੈ ਅਤੇ (ਗਗਨ) ਅਕਾਸ ਵਿਚ ਜਾਕੇ ਬਰਸਦਾ ਹੈ ਗੁਰਮੁਖ ਉਪਕਾਰ ਕਰਦੇ ਹਨ 'ਦ੍ਰਿਸ਼ਟਾਂਤ' ਤੈਸੇ ਹੀ ਗੁਰਾਂ ਦਾ ਗਿਆਨ ਜੋ ਜਲ ਹੈ ਉਸਨੂੰ (ਲਗਨ) ਲੈਕੇ (ਉਨਮਨ) ਤੁਰੀਆ ਪਦ ਰੂਪ ਜੋ ਅਕਾਸ ਹੈ ਉਸ ਵਿਚ (ਮਗਨ) ਮਸਤ ਇਸਥਿਤ ਰਹਿੰਦੇ ਹਨ। ਜੋਤੀ ਸਰੂਪ ਦੀ ਜੋਤਿ ਗਯਾਤ ਜੋ ਹੈ ਗੁਰਮੁਖਾਂ ਦੇ ਹਿਰਦੇ ਵਿਚ ਇਹੋ ਹੀ ਗੁਰਮੁਖਾਂ ਵਿਚ (ਦਾਮਿਨੀ) ਬਿਜਲੀ ਦਾ ਚਮਕਾਰ ਹੈ ਅਤੇ ਓਧਰ ਬੱਦਲ ਤਾਂ ਗਰਜਕੇ ਬਾਰਸ਼ ਕਰਦਾ ਹੈ। ਏਧਰ ਗੁਰਾਂ ਦੇ (ਸਬਦ) ਉਪਦੇਸ਼ ਦਾ ਗੱਜਕੇ ਤਿਆਰ ਬਰ ਤਿਆਰ ਹੋਕੇ ਜੋ ਉਪਦੇਸ਼ ਉਚਾਰਨ ਕਰਨਾ ਹੈ ਇਹੋ ਹੀ ਬੱਦਲਾਂ ਵਤ ਗੁਰਮੁਖਾਂ ਦਾ (ਨੀਸਾਨ) ਪ੍ਰਗਟ ਹੀ ਗਰਜਨਾ ਹੈ। ਇਧਰ ਗੁਰਮੁਖ ਗੁਰਾਂ ਦੇ ਉਪਦੇਸ਼ ਤੇ ਵਾਹਿਗੁਰੂ ਨਾਮ ਦੀ ਵਡਿਆਈ ਜੋ ਸਭ ਨੂੰ ਦਸਦੇ ਹਨ ਅਰ ਅੰਮ੍ਰਿਤ ਨਾਮ ਜਲ ਦੀ ਬਾਰਸ਼ ਕਰਦੇ ਹਨ

ਸੇਵਕਾਂ ਨੂੰ ਸਾਰਿਆਂ ਖਜਾਨਿਆਂ ਦੀ ਪ੍ਰਾਪਤੀ ਕਰ ਦੇਂਦੇ ਹਨ ਓਧਰ ਬੱਦਲ ਜਲਦੀ ਬਾਰਸ਼ ਕਰਕੇ ਬੂਟੇ ਹਰੇ ਕਰਦਾ ਹੈ।

ਕਬਿਤ—ਲੋਗਨ ਮੈ ਲੋਗਾਚਾਰ ਬੇਦਨ ਮੈ ਬੇਦਾਚਾਰ, ਲੋਗ ਬੇਦ ਬੀਸ ਇਕ ਈਸ ਗੁਰ ਗ੍ਯਾਨ ਹੈ ॥ ਜੋਗ ਮੈ ਨ ਜੋਗ ਭੋਗ ਭੋਗ ਮੈ ਨ ਖਾਨ ਪਾਨ, ਜੋਗ ਭੋਗਾਤੀਤ ਉਨਮਨ ਉਨਮਾਨ ਹੈ ॥ ਦ੍ਰਿਸਟਿ ਦਰਸ ਧ੍ਯਾਨ ਸਬਦ ਸੁਰਤ ਗ੍ਯਾਨ, ਗ੍ਯਾਨ ਧ੍ਯਾਨ ਲਖ ਪ੍ਰੇਮ ਪਰਮ ਨਿਧਾਨ ਹੈ ॥ ਮਨ ਬਚ ਕ੍ਰਮ ਸ੍ਰਮ ਸਾਧਨਾਧ੍ਯਾਤਮ ਕ੍ਰਮ, ਗੁਰਮੁਖ ਸੁਖ ਸਰਬੋਤਮ ਨਿਧਾਨ ਹੈ ॥ ੨੬ ॥ ੭੬ ॥

ਲੋਕਾਂ ਵਿਚ ਲੋਕਾਚਾਰ ਦੀ ਪ੍ਰਧਾਨਤਾ ਮੰਨੀ ਹੋਈ ਹੈ ਅਤੇ ਵੇਦਾਂ ਵਿਚ ਵੇਦਾਂ ਦੇ ਅਨੁਸਾਰ ਕਰਮਾਂ ਦੀ ਪ੍ਰਧਾਨਤਾ ਕਥਨ ਕੀਤੀ ਹੋਈ ਹੈ ਪਰੰਤੂ ਲੋਕਕ ਅਤੇ ਵੈਦਕ ਕਰਮ ਬੀਸ ਬਿਸਵੇ ਹੈ ਅਤੇ ਸਤਿਗੁਰਾਂ ਦਾ ਗਿਆਨ ਸਤਜ ਉਪਦੇਸ਼ ਭਾਵ ਸਾਰਿਆਂ ਨਾਲੋਂ ਸ਼੍ਰੋਮਣੀ ਹੈ। ਯੋਗੀ ਯੋਗ ਵਿਚ ਭੋਗੀ ਭੋਗ ਵਿਚ ਲਗੇ ਰਹਿੰਦੇ ਹਨ ਤੁਰੀਆ ਪਦ ਵਾਹਿਗੁਰੂ ਦਾ (ਉਨਮਾਨ) ਵਿਚਾਰ ਆਵੇਗਾ ਵਾ ਗੁਰਮੁਖ ਯੋਗਾਂ ਭੋਗਾਂ ਤੋ (ਅਤੀਤ) ਰਹਿਤ ਹੋਕੇ (ਉਨਮਨ) ਵਾਹਿਗੁਰੂ ਦਾ (ਉਨਮਾਨ) ਵਿਚਾਰ ਕਰਦੇ ਹਨ। ਲੋਕਾਂ ਦੀ ਜਿਹੜੀ ਦ੍ਰਿਸ਼ਟੀ ਹੈ ਸੋ ਚੰਗੇ ਚੰਗੇ ਤਮਾਸ਼ੇ ਰੂਪ ਰੰਗਾਂ ਦੇ ਦੇਖਨ ਵਿਚ ਧ੍ਯਾਨ ਕਰਕੇ ਲਗੀ ਰਹਿੰਦੀ ਹੈ ਅਤੇ (ਸੁਰਤ) ਕੰਨ ਲੋਕਾਂ ਦੇ (ਸ਼ਬਦ) ਖਿਆਲ ਟਪਿਆਂ ਦੇ (ਗ੍ਯਾਨ) ਜਾਨਣ ਵਿਚ ਲਗੇ ਰਹਿੰਦੇ ਹਨ ਅਤੇ ਗੁਰਮੁਖ ਗ੍ਯਾਨ ਧ੍ਯਾਨ ਨੂੰ (ਲਖ) ਵੇਖਕੇ ਅਰ ਪ੍ਰੇਮ ਕਰਕੇ ਅਛਾ (ਨਿਧਾਨ) ਖਜਾਨਾ ਪਾ ਬੈਠਦੇ ਹਨ। ਸੰਸਾਰੀ ਲੋਕਾਂ ਦੇ ਜੋ ਮਨ ਬਾਣੀ (ਕਰਮ) ਸਰੀਰ ਹੈਨ ਓਹ (ਸ੍ਰਮ) ਥਕਤ ਹੋ ਚੁਕੇ ਹਨ (ਸਾਧਨਾਧ੍ਯਾਤਮ) ਨਿਸ਼ਕਾਮ ਕਰਮ ਕਰਕੇ ਗੁਰਮੁਖਾਂ ਨੇ ਨਾਮ ਜਪਕੇ ਸਰੀਰ ਆਦਿਕ ਨੂੰ ਵਸ ਕੀਤਾ ਅਤੇ ਫਿਰ ਵੀ ਨਿਸ਼ਕਾਮ ਕਰਮ ਕਰਦੇ ਰਹੇ (ਸਰਬੋਤਮ) ਸਾਰਿਆਂ ਨਾਲੋਂ ਉਤਮ (ਨਿਧਾਨ) ਖਜਾਨਾ) ਬ੍ਰਹਮਾਨੰਦ ਵਾਹਿਗੁਰੂ ਦਾ ਅਨੰਦ ਪ੍ਰਾਪਤ ਹੋਇਆ ਹੈ।

ਕਬਿਤ—ਸਬਦ ਸੁਰਤ ਲਿਵ ਧਾਵਤ ਬਰਜ ਰਾਖੇ, ਨਿਹਚਲ ਮਤਿ ਮਨ ਉਨਮਨ ਭੀਨ ਹੈ ॥ ਸਾਗਰ ਲਹਰ ਗਤਿ ਆਤਮ ਤਰੰਗ ਰੰਗ, ਪਰਮਦ ਭੁਤ ਪਰਮਾਰਥ ਪ੍ਰਬੀਨ ਹੈ ॥ ਗੁਰ ਉਪਦੇਸ ਨਿਰਮੋਲਕ ਰਤਨ ਧਨ, ਪਰਮ ਨਿਧਾਨ ਗੁਰ ਗ੍ਯਾਨ ਲਿਵਲੀਨ ਹੈ ॥ ਸਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ, ਸੋਹੰ ਹੰਸੋ ਏਕ ਮੇਕ ਆਪਾ

ਆਪ ਚੀਨ ਹੈ ॥ ੨੭ ॥ ੭੭ ॥

ਗੁਰਮੁਖ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ ਗਜਾਤ ਕਰਕੇ (ਲਿਵ) ਪ੍ਰੀਤੀ ਕਰਦੇ ਹਨ ਅਤੇ (ਧਾਵਤ) ਦੌੜਦੇ ਮਨ ਨੂੰ ਰੋਕ ਕੇ ਰਖਦੇ ਹਨ ਵਾ ਇੰਦ੍ਰਿਆਂ ਨੂੰ ਰੋਕਿਆ ਹੈ ਵਿਸ਼ਿਆਂ ਵਲੋਂ, ਇਸ ਵਾਸਤੇ ਗੁਰਮੁਖਾਂ ਦੀ (ਮਤਿ) ਬੁਧੀ ਅਚਲ ਹੋ ਗਈ ਹੈ ਅਤੇ ਮਨ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ (ਭੀਨ) ਭਿਜਾ ਹੈ। (ਸਾਗਰ) ਆਤਮਾ ਜੋ ਹੈ ਇਹੋ ਹੀ ਸਮੁੰਦਰ ਹੈ ਅਤੇ ਲਹਿਰਾਂ (ਸਾਗਰ) ਸਮੁੰਦਰ ਦੀ (ਗਤ) ਨਜਾਈਂ (ਆਤਮ) ਬ੍ਰਹਮ ਵਿਚ (ਤਰੰਗ) ਜੀਵਾਂ ਰੂਪੀ ਲਹਿਰਾਂ ਚਲ ਰਹੀਆਂ ਹਨ, ਗੁਰਮੁਖਾਂ ਦੇ (ਆਤਮ) ਮਨ ਵਿਚ ਵਾਹਿਗੁਰੂ ਦੇ ਨਾਮ ਦੇ ਤਰੰਗ ਲਹਿਰਾਂ ਦੇ ਰੰਗਾਂ ਰੰਗਾਂ ਦੇ ਉਠ ਰਹੇ ਹਨ ਭਾਵ ਨਾਮ ਜਪਦੇ ਰਹਿੰਦੇ [illegible] ਵਿਚਾਰ ਵਿਚ ਚਤਰ ਹਨ। ਗੁਰਮੁਖ ਜੋ ਗੁਰਾਂ ਦਾ ਉਪਦੇਸ਼ ਸੁਣਦੇ ਹਨ ਇਹੋ ਹੀ ਨਿਰਮੋਲਕ ਰਤਨ ਧਨ ਹੈ ਅਤੇ ਅਛਾ ਖਜਾਨਾ ਨਾਮ ਜਪਕੇ ਹਿਰਦੇ ਵਿਚ ਗੁਣ ਧਾਰਨ ਕਰੇ ਹੋਏ ਹਨ ਜੋ ਗੁਰਾਂ ਦੇ ਗਜਾਨ ਵਿਚ ਪ੍ਰੀਤੀ ਲਗਾਈ ਰਖਦੇ ਹਨ ਗੁਰਮੁਖਾਂ ਦੇ ਮਨ ਅੰਦਰ ਜੋ ਗੁਰਾਂ ਦਾ ਉਪਦੇਸ਼ ਹੈ ਇਹੋ ਹੀ ਰਤਨ ਧਨ ਹੈ ਅਤੇ ਓਧਰ ਜੋ ਤੁਰੀਆ ਪਦ ਦੇ (ਅਵੰਤਰ) ਉਪਦੇਸ਼ ਹੈ ਇਹੋ ਹੀ ਧਨ ਹੈ। ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਕੰਨ ਲਾਕੇ (ਲਿਵ) ਪ੍ਰੀਤੀ ਕੀਤੀ ਅਤੇ ਗੁਰ ਸਿਖੀ ਦੀ (ਸੰਧ) ਮਿਲੌਣੀ ਨਾਲ ਮਿਲੇ, ਓਹਨਾਂ ਨੂੰ ਹੀ, ਜੀਵ ਈਸ਼ਰ ਦੀ (ਏਕ ਮੇਕ) ਅਭੇਦਤਾਈ ਦਾ ਗਜਾਨ ਹੋਇਆ ਹੈ (ਇਕ ਮੇਕ) ਮਿਲਿਆ ਹੋਇਆ ਸਾਰਿਆਂ ਵਿਚ ਵਾਹਿਗੁਰੂ ਨੂੰ ਜਾਣਿਆਂ ਅਤੇ ਓਹਨਾਂ ਗੁਰਮੁਖਾਂ ਨੇ ਹੀ ਆਪਣੇ ਆਪ ਨੂੰ (ਚੀਨ) ਜਾਣ ਲਿਆ।

ਕਬਿਤ—ਸਬਦ ਸੁਰਤ ਅਵਗਾਹਨ ਬਿਮਲ ਮਤਿ, ਸਬਦ ਸੁਰਤ ਗੁਰ ਗਜ਼ਾਨ ਕੋ ਪ੍ਰਕਾਸ ਹੈ ॥ ਸਬਦ ਸੁਰਤ ਸਮ ਦ੍ਰਿਸਟਿ ਕੈ ਦਿਬ ਜੋਤ, ਸਬਦ ਸੁਰਤ ਲਿਵ ਅਨਭੈ ਅਭਜਾਸ ਹੈ ॥ ਸਬਦ ਸੁਰਤ ਪਰਮਾਰਥ ਪਰਮ ਪਦ, ਸਬਦ ਸੁਰਤ ਸੁਖ ਸਹਜ ਨਿਵਾਸ ਹੈ ॥ ਸਬਦ ਸੁਰਤ ਲਿਵ ਪ੍ਰੇਮ ਰਸ ਰਸਿਕ ਹ੍ਵੈ, ਸਬਦ ਸੁਰਤ ਲਿਵ ਬ੍ਰਹਮ ਬਿਸ੍ਵਾਸ ਹੈ ॥ ੨੯ ॥ ੭੯ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਨੂੰ ਪ੍ਰੀਤੀ ਕਰਕੇ ਵਿਚਾਰਿਆ ਹੈ ਓਹਨਾਂ ਦੀ ਹੀ ਉੱਜਲ ਅਕਲ ਹੋਈ ਹੈ ਅਤੇ ਜਿਨ੍ਹਾ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕੀਤੀ ਹੈ ਉਹਨਾਂ ਨੂੰ ਹੀ ਵਡੇ ਗਜਾਨ ਦਾ ਪ੍ਰਕਾਸ਼ ਹੋਇਆ ਹੈ। ਜਿਨ੍ਹਾ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕੀਤੀ ਹੈ ਓਹੋ ਹੀ ਇਕੋ ਜੇਹੀ ਦ੍ਰਿਸ਼ਟਿ

ਨਾਲ ਵੇਖਣ ਵਾਲੇ ਹੋ ਗਏ ਹਨ ਅਤੇ ਦੇਵਤਿਆਂ ਵਰਗੀ ਓਹਨਾਂ ਦੀ ਕ੍ਰਾਂਤੀ ਹੋ ਗਈ ਹੈ ਦਿਨ ਰਾਤ ਅਭਿਆਸ ਕਰਨ ਵਾਲੇ ਹੋ ਗਏ । ਫਿਰ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ ਸ਼ਬਦ ਉਪਦੇਸ਼ ਵਿਚ (ਸੁਰਤ) ਸ੍ਰੇਸ਼ਟ ਪ੍ਰੀਤੀ ਕੀਤੀ ਹੈ ਓਹੋ ਹੀ (ਪਰਮਾਰਥ) ਸਿਧਾਂਤ ਪਰਮ ਪਦ ਜੋ ਵਾਹਿਗੁਰੂ ਹੈ ਉਸਦੇ ਅਨੰਦ ਲੈਣ ਵਾਲੇ ਹੋ ਗਏ ਫਿਰ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟਿ ਪ੍ਰੀਤੀ ਕੀਤੀ ਹੈ ਓਹਨਾਂ ਦਾ ਹੀ (ਸਹਜ) ਅਚਲ ਸੁਖ ਵਿਚ ਨਿਵਾਸ ਹੋ ਗਿਆ। ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਵਿਚ ਗਜਾਤ ਨਾਲ ਚਿਤ ਬ੍ਰਿਤੀ ਲਗਾਈ ਹੈ ਓਹੋ ਹੀ ਵਾਹਿਗੁਰੂ ਦੇ ਅਨੰਦ ਵਿਚ ਤਦਾਕਾਰ ਹੋਕੇ ਲਗੇ ਰਹਿੰਦੇ ਹਨ। ਓਹੋ ਹੀ (ਅਸਚਰਜ) ਭਰੋਸੇ ਵਾਲੇ ਹੋਏ ਹਨ।

ਕਬਿਤ—ਦ੍ਰਿਸਟਿ ਦਰਸ ਲਿਵ ਗੁਰ ਸਿਖ ਸੰਧ ਮਿਲੇ, ਘਟਿ ਘਟਿ ਕਾਸ ਜਲ ਅੰਤਰ ਧਿਆਨ ਹੈ॥ ਸਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ, ਜੰਤ੍ਰ ਧੁਨਿ ਜੰਤ੍ਰੀ ਉਨਮਨ ਉਨਮਾਨ ਹੈ॥ ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ, ਤਨ ਤ੍ਰਿਭਵਨ ਗਤਿ ਗੰਮਤਾ ਗਿਆਨ ਹੈ ॥ ਏਕ ਔ ਅਨੇਕ ਮੇਕ ਬ੍ਰਹਮ ਬਿਬੇਕ ਟੇਕ, ਸ੍ਰੋਤ ਸਰਿਤਾ ਸਮੁੰਦ੍ਰ ਆਤਮ ਸਮਾਨ ਹੈ ॥੨੯॥੭੯॥

ਜਿਹੜੇ ਗੁਰ ਸਿਖਿਆ ਦੀ ਮਲੌਨੀ ਵਿਚ ਮਿਲੇ ਹਨ ਓਹਨਾਂ ਦੀ ਦ੍ਰਿਸ਼ਟੀ ਪ੍ਰੀਤੀ ਕਰਕੇ ਗੁਰਾਂ ਦੇ ਦਰਸ਼ਨ ਵਿਚ ਲਗੀ ਹੋਈ ਹੈ ਜਿਸਤਰਾਂ ਸਾਰਿਆਂ ਘੜਿਆਂ ਦੇ ਜਲ ਵਿਚ ਇਕੋ ਜੇਹਾ ਹੀ ਅਕਾਸ ਨਜ਼ਰ ਆਉਂਦਾ ਹੈ ਐਸੇ ਹੀ ਉਹਨਾਂ ਗੁਰਮੁਖਾਂ ਨੇ (ਘਟ ਘਟ) ਸਰੀਰਾਂ ਦੇ ਹਿਰਦਿਆਂ ਵਿਚ ਇਕੋ ਹੀ ਅਕਾਸ ਦੀ ਨਜਾਈਂ ਜੋ ਵਾਹਿਗੁਰੂ ਹੈ ਓਹ ਬੇਅੰਤ ਲੀਲ੍ਹਾ ਵਾਲਾ ਦਿਖਾਈ ਦਿੰਦਾ ਹੈ। ਜਿਨ੍ਹਾਂ ਨੇ ਗੁਰ ਸਿਖਿਆ ਦੀ ਮਲੌਨੀ ਵਿਚ ਮਿਲਕੇ ਗੁਰਾਂ ਦੇ ਉਪਦੇਸ਼ ਵਿਚ ਗਜਾਤ ਨਾਲ ਪ੍ਰੀਤੀ ਕੀਤੀ ਹੈ ਓਹਨਾਂ ਨੇ ਐਸੇ ਜਾਣ ਲਿਆ ਕਿ ਜੈਸੇ (ਜੰਤ੍ਰ) ਵਾਜੇ ਦੇ ਰਾਗ ਦੀ ਧੁਨ (ਜੰਤ੍ਰੀ) ਰਾਗੀ ਨਾਲ ਮਿਲੀ ਹੋਈ ਹੋਂਦੀ ਹੈ ਐਸੇ ਹੀ ਓਹ ਗੁਰਮੁਖ ਸਾਰਿਆਂ ਵਿਚ ਅੰਦਰ ਬਾਹਰ ਵਾਹਿਗੁਰੂ ਮਿਲਿਆ ਹੋਇਆ ਵਿਚਾਰ ਕਰਦੇ ਹਨ । ਜਿਹੜੇ ਗੁਰਮੁਖ ਗੁਰਾਂ ਪਾਸ ਆਏ ਹਨ ਓਹਨਾਂ ਦੇ ਹੀ ਮਨ ਬਾਣੀ ਸਰੀਰ ਆਦਿਕ ਇੰਦ੍ਰੇ ਵਸੀਕਾਰ ਹੋਏ ਹਨ ਤਿੰਨਾਂ ਭਵਨਾਂ ਵਿਚ ਜੋ ਵਾਹਿਗੁਰੂ ਵਿਆਪਕ ਹੈ ਉਸਦੀ ਪ੍ਰਾਪਤੀ ਦਾ ਗਜਾਨ ਓਹਨਾਂ ਗੁਰਮੁਖਾਂ ਨੂੰ ਸਰੀਰ ਵਿਚ ਹੀ ਮਿਲ ਗਿਆ ਹੈ। ਪਰ ਆਪ ਆਖਦੇ ਹਨ ਓਹ ਗਿਆਨ ਕਿਹੜਾ ਹੈ ? ਸੋ ਉਤਰ ਦੇਂਦੇ ਹਨ ਕਿ ਜੋ ਅਨੇਕਾਂ ਵਿਚ ਇਕੋ ਹੀ ਬ੍ਰਹਮ ਵਾਹਿਗੁਰੂ (ਮੇਕ) ਮਿਲ ਰਹਿਆ ਹੈ ਉਸਦੀ ਓਹਨਾਂ ਨੇ (ਬਿਵੇਕ) ਵਿਚਾਰ ਕਰਕੇ (ਟੇਕ) ਓਟ ਲਈ ਹੈ ਪਰ ਬਿਵੇਕ ਓਹ ਕੀ ਵਸਤੂ ਹੈ ? ਸੋ ਉਤਰ ਦੇਂਦੇ ਹਨ ਸ੍ਰੋਤ ਜੈਸੇ ਪ੍ਰਵਾਹ (ਸਰਤਾ) ਨਦੀਆਂ ਦੇ ਸਮੁੰਦਰ ਵਿਚ ਪੈਂਦੇ ਹਨ ਓਹ

ਉਹਦਾ ਰੂਪ ਹੀ ਹੋ ਜਾਂਦੇ ਹਨ ਇਸੀ ਤਰਾਂ ਓਹਨਾਂ ਨੇ (ਆਤਮ) ਵਾਹਿਗੁਰੂ ਨੂੰ ਸਾਰਿਆਂ ਵਿਚ (ਸਮਾਨ) ਇਕੋ ਜੇਹਾ ਮਿਲਿਆ ਹੋਇਆ ਜਾਤਾ ਹੈ।

ਕਬਿਤ—ਗੁਰਮੁਖ ਮਨ ਬਚ ਕ੍ਰਮ ਇਕਤ੍ਰ ਭਏ, ਪਰਮਦ ਭੂਤ ਗਤ ਅਲਖ ਲਖਾਏ ਹੈ॥ ਅੰਤਰ ਧਿਆਨ ਦਿਬਜ ਜੋਤ ਕੋ ਉਦੋਤ ਭਯੋ, ਤ੍ਰਿਭਵਨ ਰੂਪ ਘਟ ਅੰਤਰ ਦਿਖਾਏ ਹੈ॥ ਪਰਮ ਨਿਧਾਨ ਗੁਰ ਗਜਾਨ ਕੋ ਪ੍ਰਗਾਸ ਭਯੋ, ਗੰਮਿਤਾ ਤ੍ਰਿਕਾਲ ਗਤਿ ਜਤਨ ਜਤਾਏ ਹੈ॥ ਆਤਮ ਤਰੰਗ ਪ੍ਰੇਮ ਰਸ ਮਧ ਪਾਨ ਮਤ, ਅਕਥ ਕਥਾ ਬਿਨੋਦ ਹੇਰਤ ਹਿਰਾਏ ਹੈ॥ ੩੦॥ ੯੦॥

ਜਿਨ੍ਹਾਂ ਗੁਰਮੁਖਾਂ ਦੇ ਮਨ ਬਾਣੀ ਸਰੀਰ ਆਦਿਕ ਇੰਦਰੇ ਵਸ ਹੋਏ ਹਨ ਓਹਨਾਂ ਗੁਰਮੁਖਾਂ ਨੂੰ ਹੀ (ਪਰਮਦ ਭੂਤ) ਅਚਰਜ ਵਾਹਿਗੁਰੂ (ਗਤ) ਮਿਲਿਆ ਵ ਅਚਰਜ ਗਤੀ ਵਾਲਾ ਅਲਖ ਜੋ ਹੈ ਓਹ ਵੇਖਨ ਵਿਚ ਆਇਆ। ਪਹਿਲੇ ਓਹ ਧਿਆਨ ਕਰਕੇ ਅੰਤਰ ਮੁਖੀ ਹੋਏ ਭਾਵ ਬਾਹਰ ਨੂੰ ਮਨ ਉਡਦਾ ਰੋਕ ਕੇ ਦ੍ਰਿਸ਼ਟੀ ਨੂੰ ਅੰਤਰ ਧਜਾਨ ਲਾਇਆ ਤਾਂ ਫਿਰ (ਦਿਬ) ਸ਼ੁਧ ਵਾਹਿਗੁਰੂ ਦੇ ਗਜਾਤ ਦੀ ਜੋਤ ਹਿਰਦੇ ਹੀ ਵਿਚ ਪ੍ਰਗਟ ਹੋਈ। ਉਤਕ੍ਰਿਸ਼ਟ ਚੰਗਾ ਬੜਾ ਅੱਛਾ ਖਜ਼ਾਨਾ ਜੋ ਗੁਰਾਂ ਦਾ ਗ ਜਾਨ ਹੈ ਉਸ ਦਾ ਪ੍ਰਕਾਸ਼ ਹੋਇਆ ਤਿੰਨਾਂ ਭਵਨਾਂ ਵਿਚ ਜੋ ਵਾਹਿਗੁਰੂ ਵਿਆਪਕ ਹੈ ਉਸ ਦਾ ਰੂਪ ਘਟ ਘਟ ਵਿਚ ਵੇਖਿਆ ਤਾਂ ਤਿੰਨਾਂ ਭਵਨਾਂ ਦੀ ਰੀਤੀ (ਅੰਤਰਯਾਮਤਾ) ਜੋ ਹੈ ਉਸਦੀ ਓਹਨਾਂ ਨੂੰ ਸਭ ਖਬਰ ਹੋ ਗਈ ਸਾਧਨ ਦਸਦੇ ਹਨ ਕਿ ਤੁਸੀਂ ਭੀ ਵਾਹਿਗੁਰੂ ਦੇ ਮਿਲਣ ਦਾ ਉਦਮ ਕਰੋ। ਆਤਮਾ ਵਾਹਿਗੂਰੂ ਹੈ ਬਹੁਤ ਤਰਾਂ ਦੇ ਕੌਤਕ ਕਰਨ ਵਾਲਾ ਉਸਦਾ ਪ੍ਰੇਮ ਰਸ ਜੋ (ਮਧ) ਅੰਮ੍ਰਿਤ ਹੈ ਉਸਨੂੰ ਪੀਕੇ ਓਹਨਾਂ ਦੀ ਬੁਧੀ ਮਸਤ ਹੋਈ ਉਸ ਮਸਤੀ ਦੇ (ਬਿਨੋਦ) ਅਨੰਦ ਦੀ ਅਕਥ ਕਥਾ ਹੈ ਜਿਸ ਵਾਹਿਗੁਰੂ ਨੂੰ ਓਹ ਵੇਖਕੇ ਹੈਰਾਨ ਹੋਏ ਨੇ।

ਕਬਿਤ—ਬਿਨ ਰਸ ਰਸਨਾ ਬਕਤ ਹੀ ਬਹੁਤ ਬਾਤੈਂ, ਪ੍ਰੇਮ ਰਸ ਬਸ ਭਏ ਮੋਨਿ ਬ੍ਰਤ ਲੀਨ ਹੈ॥ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ, ਅੰਤਰ ਧਿਆਨ ਦ੍ਰਿਗ ਦੁਤੀਆ ਨ ਚੀਨ ਹੈ॥ ਪ੍ਰੇਮ ਨੇਮ ਸਹਜ ਸਮਾਧ ਅਨਹਦ ਲਿਵ, ਦੁਤੀਆ ਸਬਦ ਸ੍ਰਵਨੰਤਰ ਨ ਕੀਨ ਹੈ॥ ਬਿਸਮ ਬਿਦੇਹ ਜਗ ਜੀਵਨ ਮੁਕਤ ਭਏ, ਤ੍ਰਿਭਵਨ ਔ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ॥੩੧॥੯੧॥

ਬਿਨਾਂ ਰਸ ਤੋਂ ਜੀਭ ਬਹੁਤ ਬਾਤਾਂ ਬੋਲਦੀ ਹੈ ਪਰ ਜਿਸ ਵਕਤ (ਪ੍ਰੇਮ ਰਸ) ਵਾਹਿਗੁਰੂ ਦੇ ਅਨੰਦ ਦੇ ਵਸ ਹੋ ਜਾਂਦੀ ਹੈ ਤਾਂ ਚੁਪ ਕਰ ਜਾਂਦੀ ਹੈ। ਪ੍ਰੇਮ ਰਸ ਅੰਮ੍ਰਿਤ ਜੋ (ਨਿਧਾਨ) ਸੁਖ ਦਾ ਖਜ਼ਾਨਾ, ਵ ਚਤਰ ਕਰਨ ਵਾਲਾ ਹੈ, ਇਸ ਨੂੰ (ਪਾਨ ਕੈ) ਪੀ ਕਰਕੇ (ਮਦੇਨ) ਮਸਤ ਹੋਇ ਹਨ ਪਰ (ਦ੍ਰਿਗ) ਨੇਤ੍ਰਾਂ (ਅੰਤਰ) ਵਿਚ ਕਿਸੇ ਹੋਰ ਦੂਜੇ ਦਾ ਧਯਾਨ ਨਹੀਂ (ਚੀਨ) ਜਾਣਦੇ ਭਾਵ ਨੇਤ੍ਰ ਕਿਸੇ ਦੂਜੇ ਵਲ ਨਹੀਂ ਲਗਾਉਂਦੇ ਹਨ ਕੋਈ ਹੋਰ ਓਹਨਾਂ ਨੂੰ ਅਛਾ ਹੀ ਨਹੀਂ ਲਗਦਾ ਹੈ। ਪ੍ਰੇਮ ਨੇਮ ਕਰਕੇ ਅਫੁਰ ਵਾਹਿਗੁਰੂ ਵਿਚ ਸਮਾਧੀ (ਅਨਹਦ) ਇਕ ਰਸ ਲਾਕੇ (ਲਿਵ) ਪ੍ਰੀਤੀ ਚਿਤ ਬ੍ਰਿਤੀ ਨੂੰ ਲਗਾਈ ਰਖਦੇ ਹੈਨ ਤੇ ਦੂਜੇ ਬਾਹਰ ਦੇ(ਸ਼ਬਦ)ਕਰੇ ਪਿਲੇ (ਸ੍ਰਵਨੰਤਰ)ਕੰਨਾਂ ਵਿਚ ਕਰਦੇ ਹੀ ਨਹੀਂ ਹਨ ਭਾਵ ਕੀ ਜੇ ਕੰਨ ਵਿਚ ਅਵਾਜ ਪੈਣ ਦੇਣ ਤਾਂ ਬਾਹਰ ਮਨ ਜਾਵੇਂ। ਓਹ ਤਾਂ ਕੰਨ ਹੀ ਨਹੀਂ ਓਧਰ ਧਰਦੇ। ਅਤੇ ਜਗਤ ਨੂੰ ਓਹਨਾਂ ਨੇ (ਬਿਸਮ) ਮਿਥਿਆ, ਝੂਠਾ ਜਾਣਿਆਂ ਹੈ ਅਤੇ (ਬਿਦੇਹ) ਦੇਹ ਸੰਗਤਾਂ ਤੋਂ ਰਹਿਤ ਹੋਏ ਹਨ ਇਸ ਵਾਸਤੇ ਜੀਵਨ ਮੁਕਤੀ ਦਾ ਅਨੰਦ ਲੈਂਦੇ ਹਨ (ਬਿਦੇਹ) ਆਪਣੀ ਦੇਹ ਦੀ ਕੋਈ ਖਬਰ ਨਾ ਰਹਣੀ, ਕਿ ਵਾਹਿਗੁਰੂ ਵਿਚ ਮਗਨ ਹੋਏ ਰਹਿੰਦੇ ਹਨ ਏਹੋ ਜੀਊਣ ਮੁਕਤੀ ਨੂੰ ਪ੍ਰਾਪਤ ਹੋ ਗਏ ਹਨ ਤਿੰਨਾਂ ਭਵਣਾਂ ਅਤੇ ਤਿੰਨਾਂ ਕਾਲਾਂ ਦੀ ਖਬਰ ਜਾਨਣ ਵਿਚ ਸਿਆਣੇ ਹੋਏ ਹਨ।

ਕਬਿਤ—ਸਕਲ ਸੁਗੰਧਤਾ ਮਿਲਤ ਅਰਗਜਾ ਹੋਤ, ਕੋਟਿ ਅਰਗਜਾ ਮਿਲ ਬਿਸਮ ਸੁ ਬਾਸ ਕੈ॥ ਸਕਲ ਅਨੂਪ ਰੂਪ ਕਮਲ ਬਿਖੈ ਸਮਾਤ, ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ॥ ਸਰਬ ਨਿਧਾਨ ਮਿਲ ਪਰਮ ਨਿਧਾਨ ਭਏ, ਕੋਟਿਕ ਨਿਧਾਨ ਹ੍ਵੈ ਚਕਿਤ ਸੁ ਬਿਲਾਸ ਕੈ॥ ਚਰਨ ਕਮਲ ਗੁਰ ਮਹਿਮਾ ਅਗਾਧ ਬੋਧ ਗੁਰਸਿਖ ਮਧੁਕਰ ਅਨਭੈ ਅਭ੍ਯਾਸ ਕੈ॥ ੩੨॥ ੯੨॥

ਸਾਰੀਆਂ ਸੁਗੰਧੀਆਂ ਮਿਲਨ ਤਾਂ ਇਕ ਅਰਗਜਾ ਹੁੰਦਾ ਹੈ ਪਰ ਓਹ ਅਰਗਜੇ ਕਰੋੜਹਾਂ ਹੀ ਮਿਲਨਾ ਕਰਨ ਤਾਂ ਗੁਰਾਂ ਦੇ ਚਰਨ ਕਮਲਾਂ ਵਿਚ ਜੋ (ਸੁਬਾਸ) ਸੁਗੰਧੀ ਭਗਤੀ ਨਿਵਾਸ ਕਰਦੀ ਹੈ ਉਸ ਨੂੰ ਵੇਖ ਕੇ ਓਹ ਕੂੜਾਂ ਅਰਗਜਿਆਂ ਦੀਆਂ ਸੁਗੰਧੀਆਂ (ਬਿਸਮ) ਅਸਚਰਜ ਹੈਰਾਨ ਹੋ ਜਾਂਦੀਆਂ ਹੈਨ ਭਾਵ ਗੁਰਾਂ ਦੇ ਚਰਨ ਕਮਲਾਂ ਵਿਚ ਜੋ ਸਿਖ ਭਗਤੀ ਕਰਦੇ ਹਨ ਜੋ ਅਨੰਦ ਓਹਨਾਂ ਨੂੰ ਹੈ ਓਹ ਅਨੰਦ ਐਸੇ ਭਾਗ ਦੇ ਪ੍ਰਾਪਤ ਹੋਣ ਨਾਲ ਅਤੇ ਫੁਲੇਲ ਆਦਿਕ ਦੇ ਲਾਉਣ ਨਾਲ ਸੁਖ ਨਹੀਂ ਹੈ। ਸਾਰੇ ਸੁੰਦਰ ਸਰੂਪ ਲਛਮੀ ਮਾਯਾ ਵਿਚ ਸਮਾਏ ਹੋਏ ਹਨ ਭਾਵ ਮਾਯਾ ਨਾਲੋਂ ਕੋਈ ਵੀ ਚੰਗਾ ਨਹੀਂ ਹੈ ਪਰ ਆਪ ਆਖਦੇ ਹਨ ਕਿ ਇਕ ਲਛਮੀ ਕੀ (ਕੋਟ) ਕਰੋੜਹਾਂ ਹੀ ਜੇ ਲਛਮੀਆਂ ਪ੍ਰਕਾਸ਼ ਕਰਨ ਵਾਲੀਆਂ ਹੈਨ ਸੋ ਗੁਰਾਂ ਦੇ ਸੁੰਦਰ ਸਰੂਪ ਨੂੰ ਵੇਖਕੇ ਹੈਰਾਨ

ਕਮਲੀਆਂ ਹੋਈਆਂ ਰਹਿੰਦੀਆਂ ਹਨ। ਸਾਰੇ (ਨਿਧਾਨ) ਖਜ਼ਾਨੇ ਮਿਲਨ ਤਾਂ ਇਕ (ਪਰਮ) ਉਤ ਕ੍ਰਿਸ਼ਟ ਬੜਾ ਉੱਤਮ,ਚੰਗਾ(ਨਿਧਾਨ)ਖਜ਼ਾਨਾ ਹੁੰਦਾ ਹੈ ਜੋ ਗੁਰੂ ਸਹਿਜ ਸੁਭਾਉ ਕਿਸੇ ਨੂੰ ਰਿਧੀਆਂ ਸਿਧੀਆਂ ਦੇ ਖਜ਼ਾਨੇਛਿਨ ਮਾਤ੍ਰ ਵਿਚ ਬਖਸ਼ ਦੇਂਦੇ ਹੈਨ ਤਾਂ ਓਹ ਖਜ਼ਾਨੇ ਹਰਾਨ ਹੋ ਜਾਂਦੇ ਹਨ ਕਿ ਸਾਨੂੰ ਤਾਂ ਇਹ ਵਸਤੂਆਂ ਬੜੀਆਂ ਮੁਸ਼ਕਲ ਮਿਲਦੀਆਂ ਹਨ ਪਰ ਗੁਰਾਂ ਨੇ ਐਵੇਂ ਕਿਰਪਾ ਕਟਾਛਜ ਨਾਲ ਬਖਸ਼ ਦਿਤੀਆਂ ਹਨ। ਇਸ ਵਾਸਤੇ ਗੁਰਾਂ ਦੇ ਚਰਨ ਕਮਲਾਂ ਦੀ ਮਹਿਮਾ ਦਾ (ਬੋਧ) ਜਾਨਣਾ (ਅਗਾਧ) ਕਠਨ ਹੈ ਪਰ ਜੋ ਗੁਰੂ ਕੇ ਸਿਖ (ਮਧਕਰ) ਭੌਰੇ ਹੈਂ ਓਹ ਗੁਰਾਂ ਦੇ ਚਰਨ ਕਮਲਾਂ ਉਪਰ ਹੀ ਰਹਿੰਦੇ ਹਨ ਅਤੇ ਭਗਤੀ ਵਾਸ਼ਨਾਂ ਦਾ ਅਨੰਦ ਲੈਂਦੇ ਹਨ ਤੇ (ਅਨਭੈ) ਡਰ ਤੋਂ ਬਿਨਾਂ ਹੋਕੇ ਅਭਜਾਸ ਕਰਦੇ ਹਨ।

ਕਬਿਤ—ਰਤਨ ਪਾਰਖ ਮਿਲ ਰਤਨ ਪਰੀਖਾ ਹੋਤ, ਗੁਰਮੁਖ ਹਾਟ ਸਾਟ ਰਤਨ ਬਿਉਪਾਰ ਹੈ ॥ ਮਾਨਕ ਹੀਰਾ ਅਮੋਲ ਮਨ ਮੁਕਤਾਹਲ ਕੈ, ਗਾਹਕ ਚਾਹਕ ਲਾਭ ਲਭਤ ਅਪਾਰ ਹੈ ॥ ਸਬਦ ਸੁਰਤ ਅਵਗਾਹਨ ਬਿਸਾਹਨ ਕੈ, ਪਰਮ ਨਿਧਾਨ ਪ੍ਰੇਮ ਨੇਮ ਗੁਰਦ੍ਵਾਰ ਹੈ॥ ਗੁਰ ਸਿਖ ਸੰਧ ਮਿਲ ਸੰਗਮ ਸਮਾਗਮ ਕੈ, ਮਾਇਆ ਮੈ ਉਦਾਸ ਭਵ ਤਰਤ ਸੰਸਾਰ ਹੈ ॥੩੩॥੯੩॥

ਰਤਨ ਪਰਖਣ ਵਾਲਿਆਂ ਸਰਾਫਾਂ ਨਾਲ ਮਿਲਕੇ ਆਦਮੀ ਰਤਨ ਪਰਖਣ ਵਾਲਾ ਹੁੰਦਾ ਹੈ(ਗੁਰਮੁਖ)ਸਰਾਫਾਂ ਦੀ ਹਟੀ ਤੇ ਜਾਏ ਤਾਂ ਓਹਨਾਂ ਰਤਨਾਂ(ਜਗਜਾਸੂਆਂ) ਦੀ (ਸਾਟ) ਕਦਰ ਪੈਂਦੀ ਹੈ। ਪਰ ਓਹ ਹੱਟੀ ਕੈਸੀ ਹੈ ਜਿਥੇ ਗੁਣਾਂ ਦਾ ਵਿਵਹਾਰ ਹੁੰਦਾ ਹੈ ਅਤੇ ਹੋਰ ਵੀ ਕੁਝ ਹੈ ਓਥੇ ਨਿਰੇ ਰਤਨ ਹੀ ਹੈਨ ਤਾਂਤੇ ਪਹਿਲੇ ਸਰਾਫਾਂ ਦੀ ਹਟੀ ਦਾ ਸਮਾਨ ਵਰਨਨ ਕਰਦੇ ਹੈਨ ਕਿ ਮਾਣਕ ਵੀ ਹੈ ਅਤੇ ਹੀਰੇ ਵੀ ਅਮੋਲਕ ਹੀ ਹੈਨ ਅਤੇ ਮਣੀਆਂ ਵੀ ਹਨ ਅਤੇ ਮੋਤੀ ਵੀ ਹਨ (ਕੈ) ਇਹਨਾਂ ਕਰਕੇ ਹਟੀ ਭਰੀ ਹੋਈ ਹੈ ਜਿਹੜੇ ਓਹਨਾਂ ਦੇ (ਗਾਹਕ) ਖਰੀਦਾਰ ਹੈਨ ਓਹ (ਗਾਹਕ) ਖੁਸ਼ੀ ਨਾਲ ਵੇਖ ਵੇਖ ਕੇ ਲੈਂਦੇ ਹਨ। ਜਦ ਪ੍ਰੇਮ ਨੇਮ ਕੀਤਾ ਤਾਂ ਬਹੁਤ ਖਟੀ ਲਭੀ ਅਤੇ ਗੁਰਾਂ ਦਾ ਸ਼ਬਦ ਵਿਚਾਰਿਆ ਪ੍ਰੀਤੀ ਕਰਕੇ ਤਾਂ (ਪਰਮ) ਉਤਕ੍ਰਿਸ਼ਟ ਬੜਾ ਅਛੇ (ਨਿਧਾਨ) ਖਜ਼ਾਨੇ ਦੇ ਗੁਣ ਜੋ ਹਨ (ਬਿਸਾਹਨ) (ਕੈ) ਖਰੀਦਣਾ ਕੀਤੇ । ਸਤਸੰਗ ਵਿਚ ਮਿਲੇ ਹਨ ਓਹ ਸੰਸਾਰ ਵਿਚ ਰਹਿਕੇ ਹੀ ਸਰੀਰ ਕਰਕੇ ਉਦਾਸੀਨ ਹਨ ਵਾ ਸਰੀਰ ਕਰਕੇ ਮਾਯਾ ਵਿਚ ਹਨ ਅਤੇ ਚਿਤ ਕਰਕੇ ਉਦਾਸੀਨ ਰਹਿੰਦੇ ਹਨ ਇਸ ਵਾਸਤੇ ਓਹ ਸੰਸਾਰ ਤੋਂ ਤੁਰ ਜਾਣਗੇ।

ਕਬਿਤ—ਚਰਨ ਕਮਲ ਮਕਰੰਦ ਰਸ ਲੁਭਤ ਹੈ, ਨਿਜ ਘਰ ਸਹਜ

ਸਮਾਧ ਲਿਵ ਲਾਗੀ ਹੈ ॥ ਚਰਨ ਕਮਲ ਮਕਰੰਦ ਰਸ ਲੁਭਤ ਹ੍ਵੈ, ਗੁਰਮਤਿ ਰਿਦੇ ਜਗ ਮਗ ਜੋਤਿ ਜਾਗੀ ਹੈ ॥ ਚਰਨ ਕਮਲ ਮਕਰੰਦ ਰਸ ਲੁਭਤ ਹ੍ਵੈ, ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ ॥ ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ, ਮਾਯਾ ਮੈਂ ਉਦਾਸ ਬਾਸ ਬਿਰਲੋ ਬੈਰਾਗੀ ਹੈ ॥੩੪॥੯੪॥

ਉਨ੍ਹਾਂ ਗੁਰਮੁਖਾਂ ਦੀ ਉਸਤਤੀ ਕਰਦੇ ਹਨ । ਆਪ ਆਖਦੇ ਹਨ ਕਿ ਜਿਹੜੇ ਗੁਰ ਸਿਖਾਂ ਦੇ ਚਰਨ ਕਮਲਾਂ ਦੀ ਫੂਲਾਂ ਦੀ ਸੁਗੰਧੀ ਪ੍ਰੇਮਾਂ ਭਗਤੀ ਲੁਭਾਇਮਾਨ ਹੋਏ ਹਨ ਉਨ੍ਹਾਂ ਦੀ ਹੀ (ਨਿਜ ਘਰ) ਵਿਚ ਅਫੁਰ ਹੀ ਸਮਾਧੀ ਲਾਕੇ ਚਿਤ ਬ੍ਰਿਤੀ ਲਗਾਈ ਰਖਦੇ ਹੈਨ । ਜਿਹੜੇ ਗੁਰਾਂ ਦੇ ਚਰਨ ਕਮਲਾਂ ਦੀ ਮਕਰੰਦ ਰਸ ਫੂਲਾਂ ਦੀ ਧੂੜੀ ਪ੍ਰੇਮਾ ਭਗਤੀ ਵਿਚ ਲਗੇ ਹਨ ਉਨ੍ਹਾਂ ਦੇ ਹਿਰਦੇ ਵਿਚ ਵਡੀ ਅਕਲ ਅਤੇ ਉਨ੍ਹਾਂ ਨੂੰ ਇਕ ਰਸ ਪ੍ਰਕਾਸ਼ ਵਾਲੀ ਜੋਤ ਜਾਗੀ । ਜਿਹੜੇ ਗੁਰਾਂ ਦੇ ਚਰਨ ਕਮਲਾਂ ਦੀ ਮਕਰੰਦ ਫੂਲਾਂ ਦੀ ਧੂੜੀ ਵਿਚ ਲਗੇ ਹਨ ਉਨ੍ਹਾਂ ਨੇ ਹੀ ਅੰਮ੍ਰਿਤ ਦਾ ਸਮੁੰਦਰ ਪੀਤਾ ਅਤੇ ਉਨ੍ਹਾਂ ਦੀ ਖੋਟੀ ਅਕਲ ਦੌੜ ਗਈ ਹੈ ਜਿਹੜੇ ਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ ਰਸ) ਫੂਲਾਂ ਦੀ ਧੂੜੀ ਰਸ ਵਾਲੀ ਵਿਚ ਲਗੇ ਹਨ ਓਹ ਸੰਸਾਰ ਵਿਚ ਹੀ ਰਹਿਕੇ ਉਦਾਸੀਨ ਰਹਿੰਦੇ ਹਨ ਤਾਂਤੇ ਐਸਾ ਇਹਨਾਂ ਦੇ ਸਾਮਾਨ ਕੋਈ ਵਿਰਲਾ ਹੀ ਵਿਰਾਗੀ ਹੋਣਾਂ ਹੈ ਵਾ ਵੈਰਾਗੀ ਦੇ ਲੱਛਨ ਹੈਂ ।

ਕਬਿਤ—ਜੈਸੇ ਨਾਉ ਬੂਡਤ ਸੇ ਜੋਈ ਬਚੇ ਸੋਈ ਭਲੋ, ਬੂਡ ਗਏ ਪਾਛੈ ਪਛਤਾਯੋ ਰਹਿਜਾਤ ਹੈ ॥ ਜੈਸੇ ਘਰ ਲਾਗੈ ਆਗ ਜੋਈ ਬਚੈ ਸੋਈ ਭਲੋ, ਜਰ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ ॥ ਜੈਸੇ ਚੋਰ ਲਾਗੈ ਜਾਗੈ ਜੋਈ ਰਹੈ ਸੋਈ ਭਲੋ, ਸੋਇ ਗਏ ਰੀਤੋ ਘਰ ਦੇਖੈ ਉਠ ਪ੍ਰਾਤ ਹੈ.॥ ਤੈਸੇ ਅੰਤ ਕਾਲ ਗੁਰ ਚਰਨ ਸਰਨ ਆਵੈ, ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ ॥ ੩੫ ॥ ੯੫ ॥

ਜਦ ਬੇੜੀ ਡੁਬਣ ਲਗੇ ਤਾਂ ਜੋ ਕੁਝ ਸੰਭਾਲ ਲਈਏ ਸੋਈਓ ਹੀ ਆਪਣਾ ਹੁੰਦਾ ਹੈ ਜਦ ਬੇੜੀ ਡੁਬ ਜਾਵੇ ਤਾਂ ਪਿਛੋਂ ਪਛਤਾਪ ਰਹਿ ਜਾਂਦਾ ਹੈ । ਜੈਸੇ ਘਰ ਨੂੰ ਅਗ ਲਗਣ ਨਾਲ ਜੋ ਕੁਝ ਵਿਚੋਂ ਬਚਕੇ ਨਿਕਲ ਆਵੇ ਸੋਈਓ ਹੀ ਭਲਾ ਹੈ ਅਤੇ ਓਹੋ ਹੀ ਆਪਣੇ ਹਥ ਆਉਂਦਾ ਹੈ ਪਿਛੋ ਜਦ ਘਰ ਸੜ ਬਲਕੇ ਛਾਰ ਰਹਿ ਜਾਵੇ ਤਾਂ ਕੁਝ ਚਾਰਾ ਨਹੀਂ ਚਲਦਾ ਹੈ । ਜੈਸੇ ਜਦ ਚੋਰ ਚੋਰੀ ਕਰਨ ਘਰ ਵਿਚ ਲਗੇ ਤਾਂ ਉਸ ਵਕਤ ਜਾਗ ਪਵੇ ਆਲਸ ਨਾ ਕਰੇ ਤਾਂ ਜੋ ਕੁਛ ਰਹਿ ਜਾਵੇ ਸੋਈਓ ਭਲਾ ਹੈ । ਘਰ (ਰੀਤੋ)

ਖਾਲੀ ਦੇਖੇਗਾ ਅਬ ਦਾਸ਼ਟਾਂਤ ਵਰਨਨ ਕਰਦੇ ਹੈਨ ਤੈਸੇ ਹੀ ਮਰਨ ਦੇ ਵਕਤ ਜੋ ਜੀਵ ਗੁਰਾਂ ਦੇ ਚਰਨਾਂ ਦੀ ਸਰਨ ਨੂੰ ਆਵੇ ਤਾਂ ਮੋਖ ਪਦਵੀ ਨੂੰ ਪਾਉਂਦਾ ਹੈ ਭਾਵ ਵਾਹਿਗੁਰੂ ਨਾਲ ਮਿਲ ਜਾਂਦਾ ਹੈ(ਨਤਰ)ਨਹੀਂ ਤਾਂ ਕਰਮਾਂ ਨੂੰ (ਬਿਲਲਾਤ) ਰੋਂਦਾ ਰਹਿੰਦਾ ਹੈ।

ਕਬਿਤ—ਅੰਤ ਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ, ਧੰਨਜ ਧੰਨਜ ਕਹਤ ਹੈ ਸਕਲ ਸੰਸਾਰ ਜੀ ॥ ਅੰਤ ਕਾਲ ਏਕ ਘਰੀ ਨਿਗ੍ਰਹਕੈ ਜੋਧਾ ਜੂਝੈ, ਇਤ ਉਤ ਜਤ ਕਤ ਹੋਤ ਜੈ ਜੈ ਕਾਰ ਜੀ ॥ ਅੰਤ ਕਾਲ ਏਕ ਘਰੀ ਨਿਗ੍ਰਹ ਕੈ ਚੋਰ ਮਰੈ, ਫਾਸੀ ਕੈ ਸੂਰੀ ਚਢਾਏ ਜਗ ਮੈਂ ਧਿਕਾਰ ਜੀ ॥ ਤੈਸੇ ਦੁਰਮਤ ਗੁਰਮਤ ਕੈ ਅਸਾਧ ਸਾਧ, ਸੰਗਤ ਸੁਭਾਵ ਗਤਿ ਮਾਨਸ ਔਤਾਰ ਜੀ ॥ ੩੬ ॥ ੯੬ ॥

ਮਰਨ ਦੇ ਵਕਤ ਪਰ ਜੇਕਰ ਹਠ ਕਰਕੇ ਸਤੀ ਪਤੀ ਦੀ ਚਿਖਾ ਉਪਰ ਚੜ੍ਹ ਜਾਵੇ ਅਤੇ ਸੜਕੇ ਸਤੀ ਹੋ ਜਾਵੇ ਤਾਂ ਸਾਰਾ ਸੰਸਾਰ ਧੰਨ ਧੰਨ ਆਖਦਾ ਹੈ। ਅੰਤ ਦੇ ਸਮੇਂ ਇਕ ਘੜੀ ਹਠ ਕਰਕੇ ਰਣ ਵਿਚ ਸੂਰਮਾ ਲੜਕੇ ਮਰ ਜਾਵੇ ਤਾਂ ਇਸ ਲੋਕ ਵਿਚ ਅਤੇ(ਪ੍ਰਲੋਕ)ਸੁਰਗਵਿਚ ਜਸ ਹੁੰਦਾ ਹੈਅਤੇ ਜਿਧਰਕਿਧਰ ਜੈ ਜੈ ਕਾਰ ਹੁੰਦਾ ਹੈ। ਹਠ ਕਰਕੇ ਚੋਰ ਮਰ ਜਾਂਦਾ ਹੈ ਅਰ ਉਸਦਾ ਅੰਤ ਕਾਲ ਆ ਜਾਂਦਾ ਹੈ।ਚੋਰਨੂੰ ਫਾਂਸੀ ਦੇ ਕੇ ਸੂਲੀ ਚੜ੍ਹਾਕੇ ਮਾਰ ਦੇਂਦੇ ਹਨ ਅਤੇ ਸਾਰਾ ਜਗਤ ਉਸ ਨੂੰ ਧ੍ਰਿਕਾਰ ਧ੍ਰਿਕਾਰ ਕਰਦਾ ਹੈ। ਤੈਸੇ ਹੀ ਅਸਾਧਾਂ ਦੀ ਸੰਗਤ (ਕੈ) ਕਰਕੇ ਖੋਟੀ ਬੁਧ ਵਾ ਮਾੜੀ ਸਿਖਿਆ ਆਈ (ਸਾਧ) ਸੰਤਾਂ ਦੀ ਸੰਗਤ ਕਰਕੇ ਵਡੀ ਬੁਧ ਅਕਲ ਆਈ ਜੈਸੀ ਸੰਗਤ ਕਰੇ ਤੈਸਾ ਹੀ ਫਲ ਮਿਲਦਾ ਹੈ। ਪਰ ਇਸ ਨੇ ਖੋਟਿਆਂ ਦੀ ਸੰਗਤ ਕਰਕੇ ਐਵੇਂ ਨਿਸਫਲ ਖੋਹ ਲਿਆ ਅਤੇ ਗੁਰਮੁਖਾਂ ਨੇ ਮਨੁਸ਼ ਅਵਤਾਰ ਆਪਨਾ ਸੰਗਤ ਕਰਕੇ ਸਫਲਾ ਕਰ ਲਿਆ।

ਕਬਿਤ—ਆਦਿ ਕੈ ਅਨਾਦਿ ਅਰ ਅੰਤ ਕੈ ਅਨੰਤ ਅਤਿ, ਪਾਰ ਕੈ ਅਪਾਰ ਨ ਅਥਾਹ ਥਾਹ ਪਾਈ ਹੈ ॥ ਮਿਤਿ ਕੈ ਅਮਿਤਿ ਅਰ ਸੰਖ ਕੈ ਅਸੰਖ ਪੁਨ, ਲੇਖ ਕੈ ਅਲੇਖ ਨਹੀਂ ਤੋਲ ਕੈ ਤੁਲਾਈ ਹੈ ॥ ਅਰਧ ਉਰਧ ਪਰ ਜੰਤ ਕੈ ਅਪਾਰ ਜੰਤ, ਅਗਮ ਅਗੋਚਰ ਨ ਮੋਲ ਕੈ ਮੁਲਾਈ ਹੈ ॥ ਪਰਮਦ ਭੁਤ ਅਸਚਰਜ ਬਿਸਮ ਅਤਿ, ਅਬਿਗਤਿ ਗਤਿ ਸਤਿਗੁਰ ਕੀ ਬਡਾਈ ਹੈ ॥੩੭॥੯੭॥

(ਆਦਿ ਕੈ) ਓਹ ਵਾਹਿਗੁਰੂ ਪਹਿਲੇ ਦਾ ਕੈਸਾ ਹੈ ਪ੍ਰਸ਼ਨ ਉੱਤਰ (ਅਨਾਦਿ) ਉਤਪਤੀ ਵਾ ਹੋਰਨਾਂ ਤੇ ਰਹਿਤ ਹੈ ਅਰ ਉਸਦਾ ਅੰਤ (ਕੈ) ਲੈਣਾ ਕਰੀਏ ਤਾਂ ਓਹ ਅਨੰਤ ਹੈ (ਅਤਿ) ਅਤਸੈ ਕਰਕੇ ਅਤੇ ਉਸ ਵਾਹਿਗੁਰੂ ਦਾ ਪਾਰਾਵਾਰ ਪਾਈਏ ਤਾਂ ਅਪਾਰ ਹੈ ਅਰ ਉਸ ਅਥਾਹ ਦੀ (ਥਾਹ) ਹਾਥ ਹੀ ਨਹੀਂ ਪਾਈ ਜਾਂਦੀ । ਮਰਯਾਦਾ ਤੇ ਰਹਿਤ ਹੈ ਵਾ ਵੱਡਾ ਹੈ ਅਰ ਗਿਨਤੀ ਤੋਂ ਅਣਗਿਣਤ ਹੈ ਅਤੇ ਉਸਦੀ ਵਡਿਆਈ ਦਾ ਲੇਖ ਕਰਨਾ ਕਰੀਏ ਤਾਂ ਲਿਖਣ ਤੋਂ ਰਹਿਤ ਹੈ ਅਤੇ ਉਸਦੀ ਮਹਿਮਾ ਤੱਕੜੀ ਕਰਕੇ ਤੁਲੀ ਨਹੀਂ ਜਾਂਦੀ ਜ਼ਮੀਨ ਅਕਾਸ਼ (ਪਰਜੰਤ) ਤਾਈਂ (ਕੈ) ਦੇਖਣਾ ਕਰੀਏ ਤਾਂ ਉਸਦੇ (ਜੰਤ) ਜੀਵ ਅਗਮ ਬੇਅੰਤ ਹੀ ਰਚੇ ਹੋਏ ਹਨ ਵਾ ਜੋ ਨੀਚੇ ਉਚੇ ਜੀਵ ਹੈਂ ਉਹਨਾਂ ਕਰਕੇ ਉਸ ਨੂੰ ਵੇਖਣਾ ਕਰੀਏ ਤਾਂ ਵੇਖਿਆ ਨਹੀਂ ਜਾਂਦਾ ਉਸਦੀ ਮਹਿਮਾ ਦਾ ਮੁਲ ਕਰੀਏ ਤਾਂ ਕਰਿਆ ਨਹੀਂ ਜਾਂਦਾ ਬੇਅੰਤ ਹੈ ਅਤੇ ਮਨ ਬਾਨੀ ਆਦਿਕ ਇੰਦ੍ਰਿਆਂ ਸੇ ਪਰੇ ਹੈ ! ਜਿਸ ਪਾਸ ਸਾਡੀ ਗਤੀ ਨਾ ਹੋਵੇ ਅਸਚਰਜ ਰੀਤੀ ਮਰਯਾਦਾ ਹੈ ਉਸ ਦੀ ਓਹ ਐਸਾ ਜੋ ਪ੍ਰਮਾਤਮਾ ਸਰਬ ਸ਼ਕਤੀਮਾਨ ਹੈ ਜਿਸਦੀ ਐਸੀ ਵਡਿਆਈ ਹੈ ਓਹ ਸਤਿਗੁਰੂ ਹੀ ਹੈ, ਜਿਨ੍ਹਾ ਗੁਰਮੁਖਾਂ ਦੀ ਸੰਗਤ ਕਰਕੇ ਐਸੀ ਗੁਰਮਤ ਮਿਲੀ ਸੀ ਉਹ ਗੁਰਮਤ ਵਾਲੇ ਹਰੀ ਐਸੇ ਦਾ ਰੂਪ ਆਪ ਸਤਿਗੁਰੂ ਨਾਨਕ ਜੀ ਹਨ ।

ਕਬਿਤ--ਚਰਨ ਸਰਨ ਗੁਰ ਤੀਰਥ ਪੁਰਬ ਕੋਟਿ, ਦੇਵੀ ਦੇਵ ਸੇਵ ਗੁਰ ਚਰਨ ਸਰਨ ਹੈ ॥ ਚਰਨ ਸਰਨ ਗੁਰ ਕਾਮਨਾ ਸਫਲ ਫਲ, ਰਿੱਧਿ ਸਿੱਧਿ ਨਿਧਿ ਅਵਤਾਰ ਅਮਰਨ ਹੈ ॥ ਚਰਨ ਸਰਨ ਗੁਰੁ ਨਾਮ ਨਿਹਕਾਮ ਧਾਮ, ਭਗਤ ਜੁਗਤਿ ਕਰ ਤਾਰਨ ਤਰਨ ਹੈ ॥ ਚਰਨ ਸਰਨ ਗੁਰ ਮਹਿਮਾ ਅਗਾਧ ਬੋਧ, ਹਰਨ ਭਰਨ ਗਤਿ ਕਾਰਨ ਕਰਨ ਹੈ ॥ ੩੯ ॥ ੯੯ ॥

ਗੰਗਾ ਆਦਿਕ ਤੀਰਥ ਪੁਰਬਾਂ ਵਾਲੇ ਆਖਦੇ ਹਨ ਕਿ ਅਸਾਨੂੰ ਪਾਪੀਆਂ ਨੇ ਅਪਵਿਤ੍ਰ ਕੀਤਾ ਹੈ ਤੁਸੀਂ ਕਿਰਪਾ ਕਰਕੇ ਸਾਡੇ ਪਾਪ ਦੂਰ ਕਰੋ ਇਸ ਪ੍ਰਕਾਰ ਤੀਰਥਾਂ ਦੇ ਪੁਰਬ ਤੀਰਥਾਂ ਸਮੇਤ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਪੈ ਰਹਿੰਦੇ ਹੈਨ ਅਤੇ ਦੇਵੀ ਦੇਵਤੇ ਗੁਰਾਂ ਦੇ ਚਰਨਾਂ ਦੀ ਸ਼ਰਨ ਲੈ ਸੇਵਾ ਕਰਨ ਵਾਲੇ ਸੇਵਕ ਹੀ ਬਣੇ ਹੋਏ ਹਨ। ਗੁਰਾਂ ਦੀ ਚਰਨ ਸਰਨ ਮਿਲੇ ਗੁਰਾਂ ਦੀ ਚਰਨ ਸ਼ਰਨ ਲੈਕੇ ਸਫਲੇ ਹੋਈਏ ਅਤੇ ਰਿਧੀਆਂ ਸਿਧੀਆਂ ਨਿਧੀਆਂ ਅਤੇ ਅਵਤਾਰ ਵੀ ਸਾਰੇ (ਅਮਰਨ) ਗੁਰਾਂ ਦੇ ਹੁਕਮ ਵਿਚ ਹੈਂ । ਐਸੇ ਗੁਰਾਂ ਨੂੰ ਸਮਝਕੇ ਓਹਨਾਂ ਦੀ ਚਰਨ ਸ਼ਰਨ ਵਿਚ ਜੁੜੇ ਨੇ ਤਾਂ ਆਪ ਸੰਸਾਰ ਉਪਰੋਂ ਜਹਾਜ ਵਾਂਗੂ ਸਭ ਨੂੰ ਤਾਰਕੇ ਤਰ ਜਾਣਗੇ । ਗੁਰਾਂ ਦੇ ਚਰਨਾਂ ਦੀ ਸ਼ਰਨ ਦੀ ਜੋ ਮਹਿਮਾ ਹੈ ਉਸਦਾ ਜਾਨਣਾ ਮੁਸ਼ਕਲ ਹੈ ਆਪਣੇ ਸਿਖਾਂ ਦੇ ਹਿਰਦਿਆਂ ਵਿਚ ਕਾਮ ਕ੍ਰੋਧ ਆਦਿਕ ਦੇ ਨਾਸ ਕਰਨ ਨੂੰ ਅਤੇ ਸਤ ਸੰਤੋਖਾਦਿ ਗੁਣਾ ਦੇ ਭਰਨੇ ਨੂੰ

ਸਮਰਥ ਮੁਕਤੀ ਦੇ ਦੇਣ ਨੂੰ ਹਰਨ ਭਰਨ ਨੂੰ ਤਕੜੇ ਹੈਨ।

ਕਬਿਤ—ਗੁਰ ਸਿਖ ਏਕ ਮੇਕ ਰੋਮ ਮਹਿਮਾ ਅਨੰਤ, ਅਗਮ ਅਪਾਰ ਗੁਰ ਮਹਿਮਾ ਨਿਧਾਨ ਹੈ॥ ਗੁਰ ਸਿਖ ਏਕ ਮੇਕ ਬੋਲ ਕੋ ਨ ਤੋਲ ਮੋਲ, ਸ੍ਰੀ ਗੁਰ ਸਬਦ ਅਗਮਿਤਿ ਗਜ਼ਾਨ ਧਜ਼ਾਨ ਹੈ॥ ਗੁਰਸਿਖ ਏਕ ਮੇਕ ਦ੍ਰਿਸ਼ਟਿ ਦ੍ਰਿਸ਼ਟਿ ਤਾਰੈ, ਸ੍ਰੀ ਗੁਰ ਕਟਾਖਸ਼ ਕ੍ਰਿਪਾ ਕੋ ਨ ਪਰਮਾਨ ਹੈ॥ ਗੁਰ ਸਿਖ ਏਕ ਮੇਕ ਪਲ ਸੰਗ ਰੰਗ ਰਸ, ਅਬਿਗਤ ਗਤਿ ਸਤਿਗੁਰ ਨਿਰਬਾਨ ਹੈ॥ ੩੯॥ ੮੯॥

ਜੋ ਗੁਰ ਸਿਖ ਗੁਰਾਂ ਨਾਲ ਅਭੇਦ ਮਿਲੇ ਹਨ ਓਹਨਾਂ ਦੇ ਇਕ ਇਕ ਰੋਮ ਦੀ ਮਹਿਮਾ ਬੇਅੰਤ ਹੈ ਪਰ ਜੋ ਗੁਰੂ ਜਿਨ੍ਹਾ ਦੀ ਗਤੀ ਨੂੰ ਕੋਈ ਪਹੁੰਚ ਨਾ ਸਕੇ, ਬੇਅੰਤ ਹੈ ਓਹ ਆਪ ਤਾਂ ਮਹਿਮਾ ਦਾ ਖਜ਼ਾਨਾ ਹੀ ਹਨ। ਜੋ ਸਿਖ ਗੁਰਾਂ ਨਾਲ ਅਭੇਦ ਮਿਲੇ ਹਨ ਓਹਨਾਂ ਦਾ ਜੋ ਸੱਚ ਬੋਲਣਾ ਹੈ ਉਸ ਦਾ ਮੈਥੋਂ ਮੁਲ ਨਹੀਂ ਪਾਇਆ ਜਾਂਦਾ ਹੈ ਉਪਦੇਸ਼ ਜੋ ਵਾਹਿਗੁਰੂ ਦੀ ਪ੍ਰਾਪਤੀ ਕਰਨ ਵਾਲਾ ਹੈ ਉਸਦਾ ਜੋ ਗਜ਼ਾਨ ਧਜ਼ਾਨ ਕਰਨਾ ਹੈ ਓਹ ਮਰਯਾਦਾ ਨਾਲੋਂ ਪਰੇ ਹੈ। ਜੋ ਸਿਖ ਗੁਰਾਂ ਨਾਲ ਅਭੇਦ ਮਿਲੇ ਹਨ ਓਹ ਸਾਰੇ ਸੰਸਾਰ ਨੂੰ ਕ੍ਰਿਪਾ ਦ੍ਰਿਸ਼ਟਿ ਨਾਲ ਵੇਖਕੇ ਤਾਰਦੇ ਨੇ। ਸ੍ਰੀ ਗੁਰੂ ਸੁਭਾਇਮਾਨ ਗੁਰਾਂ ਦੀ ਕ੍ਰਿਪਾ ਦ੍ਰਿਸ਼ਟ ਹੈ ਉਸ ਕ੍ਰਿਪਾ ਦ੍ਰਿਸ਼ਟਿ ਦਾ ਤੇ ਕੋਈ ਪ੍ਰਮਾਣ ਹੀ ਨਹੀਂ ਹੈ। ਜੋ ਗੁਰ ਸਿਖ ਗੁਰਾਂ ਨਾਲ (ਇਕ ਮੇਕ) ਅਭੇਦ ਹੋਏ ਨੇ ਉਨ੍ਹਾਂ ਦਾ ਜਿਸਨੇ ਛਿਨ ਭਰ ਪ੍ਰੇਮ ਕਰਕੇ ਸਾਥ ਕੀਤਾ ਹੈ ਓਹ ਅਨੰਦ ਰੂਪ ਹੋ ਗਏ ਵਾ ਰੀਤੀ ਪ੍ਰਾਪਤ ਹੋਈ ਹੋਈ ਹੈ ਜਿਸ ਨੂੰ ਐਸੀ ਗਤੀ ਓਹ ਸਤਿਗੁਰੂ ਅਗੇ ਹੀ ਨਿਰਬੰਧ ਹੈਨ।

ਕਬਿਤ—ਬਰਨ ਬਰਨ ਬਹੁ ਬਰਨ ਘਟਾ ਘਮੰਡ, ਬਸੁਧਾ ਬਿਰਾਜਮਾਨ ਬਰਖਾ ਅਨੰਦ ਕੈ॥ ਬਰਨ ਬਰਨ ਹ੍ਵੈ ਪ੍ਰਫੁਲਤ ਬਨਾਸਪਤੀ, ਬਰਨ ਬਰਨ ਫਲ ਫੂਲ ਮੂਲ ਕੰਦ ਕੈ॥ ਬਰਨ ਬਰਨ ਖਗ ਬਿਬਿਧ ਭਾਖਾ ਪ੍ਰਗਾਸ,ਕੁਸਮ ਸੁਗੰਧ ਪੌਨ ਗੌਨ ਸੀਤ ਮੰਦ ਕੈ॥ ਰਵਨ ਗਵਨ ਜਲ ਥਲ ਤ੍ਰਿਨ ਸੋਭਾ ਨਿਧਿ, ਸਫਲ ਹ੍ਵੈ ਚਰਨਕਮਲ ਮਕਰੰਦ ਕੈ॥ ੪੦॥ ੯੦॥

ਰੰਗਾਂ ਰੰਗਾਂ ਦਾ ਘਟਾਂ ਦਾ (ਅਕੱਠ) ਬਹੁਤ ਹੀ ਕਥਨ ਕਰੀ ਦਾ ਹੈ ਫਿਰ ਓਹ ਘਟਾਂ ਦਾ ਇਕਠ ਸਮੁੰਦਰ ਵਿਚੋਂ ਜਲ ਪੀਕੇ ਅਕਾਸ਼ ਵਿਚ ਉਡ ਜਾਂਦਾ ਹੈ ਅਤੇ ਧਰਤੀ ਉਪਰ ਬਿਰਾਜਮਾਨ ਹੁੰਦਾ ਹੈ ਪਰ ਬਾਰਸ਼ ਕਰਕੇ ਅਨੰਦ ਕਰ ਦੇਂਦਾ ਹੈ। ਰੰਗਾਂ ਰੰਗਾਂ ਦੀ ਸਾਰੀ ਸਬਜ਼ੀ ਫੁਲਦੀ ਹੈ ਹਰੀ ਹੁੰਦੀ ਹੈ ਫਿਰ ਓਸੇ ਹੀ ਬਾਰਸ਼ ਦੇ ਹੋਣ ਕਰਕੇ

ਰੰਗਾਂ ਰੰਗਾਂ ਦੇ ਪੰਛੀ ਆਦਕ ਜੋ ਹੈਂ ਓਹ (ਬਿਬਿਧ) ਕਈ ਤਰਾਂ ਦੀ ਬੋਲੀ ਬਾਣੀ ਨੂੰ ਪ੍ਰਕਾਸ਼ ਕਰਦੇ ਹਨ, ਇਹ ਬੋਲੀ ਭੀ ਪ੍ਰੇਮੀਆਂ ਵਾਸਤੇ ਸੁਖਦਾਈ ਹੈ ਫੁਲਾਂ ਦੀ ਸੁਗੰਧੀ ਹੋਂਦੀ ਹੈ ਪੌਣ ਦੇ ਹੌਲੀ ਹੌਲੀ ਚਲਣ ਨਾਲ ਸਾਰੇ ਪਿਛੇ ਦੇ ਜਲ ਥਲ ਤ੍ਰਿਣ ਆਦਿਕ ਸੋਭਾ ਦੀ ਨਿਧੀ ਹੋ ਗਏ ਵਾਹਿਗੁਰੂ ਦਾ ਰੂਪ ਜੋ ਗੁਰੂ ਨਾਨਕ ਜੀ ਹੈਨ ਓਹਨਾਂ ਦੇ ਚਰਨ ਕਮਲਾਂ ਦੀ ਸਿਖ ਭੌਰਾ ਫੁਲਾਂ ਦੀ ਧੂੜੀ ਗ੍ਰਹਿਣ ਕਰੇ ਤਾਂ ਸਫਲ ਹੁੰਦਾ ਹੈ।

ਕਬਿਤ—ਚੀਟੀ ਕੇ ਉਦਰ ਬਿਖੈ ਹਸਤੀ ਸਮਾਇ ਕੈਸੇ, ਅਤੁਲ ਅਪਾਰ ਭਾਰ ਭ੍ਰਿੰਗੀ ਨਾ ਉਠਾਵਈ ॥ ਮੱਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ, ਮਕਰੀ ਨ ਚੀਤੇ ਜੀਤੇ ਸਰ ਨ ਪੁਜਾਵਈ ॥ ਤਮਚਰ ਉਡਤ ਨ ਪਹੁਚੈ ਅਕਾਸ ਬਾਸ, ਮੂਸਾ ਤੌ ਨ ਪੈਰਤ ਸਮੁੰਦ੍ਰ ਪਾਰ ਪਾਵਈ ॥ ਤੈਸੇ ਪ੍ਰਿਯ ਪ੍ਰੇਮ ਨੇਮ ਅਗਮ ਅਗਾਧ ਬੋਧ, ਗੁਰਮੁਖ ਸਾਗਰ ਜਯੋਂ ਬੂੰਦ ਹ੍ਵੈ ਸਮਾਵਈ ॥ ੪੧ ॥ ੯੧ ॥

ਕੀੜੀ ਦੇ ਪੇਟ ਵਿਚ ਹਾਥੀ ਕਿਸਤਰਾਂ ਸਮਾ ਸਕਦਾ ਹੈ ਅਤੇ ਬਹੁਤਾ ਭਾਰ ਪਹਾੜ ਦਾ ਜਿਹੜਾ ਕੀੜਾ ਕੰਧ ਨਾਲ ਮਿਟੀ ਦਾ ਘਰ ਬਣਾਉਂਦਾ ਹੈ ਓਹ ਕਿਸਤਰਾਂ ਬਹੁਤਾ ਭਾਰ ਉਠਾ ਸਕਦਾ ਹੈ। ਅਤੇ ਸੌਣ ਭਾਦਰੋਂ ਦੇ ਮੱਛਰ ਦੇ ਡੰਗ ਨਾਲ ਸਰਪ ਨਹੀਂ ਮਰ ਸਕਦਾ ਅਤੇ ਮਕੜੀ ਜੁਲਾਹਾ ਜੋ ਹੈ ਓਹ ਕਹੇ ਕਿ ਮੈਂ ਜੰਗਲ ਦੇ ਰਹਿਣ ਵਾਲੇ ਚਿਤਰੇ ਨੂੰ ਜਿੱਤਕੇ ਅਤੇ ਉਸ ਦੀ ਬਰਾਬਰੀ ਕਰਾਂ ਤਾਂ ਉਸਦੀ ਬਰਾਬਰ ਨਹੀਂ ਪੁਜ ਸਕਦੀ। ਕੁਕੜ, ਅਕਾਸ਼ ਦੇ ਵਸਣ ਵਾਲੇ ਜੋ ਹੰਸ ਹਨ ਓਨ੍ਹਾਂ ਦੀ ਬਰਾਬਰੀ ਉੱਡਕੇ ਨਹੀਂ ਕਰ ਸਕਦਾ। ਚੂਹਾ ਤਰ ਕੇ ਐਸੇ ਕਹੇ ਕਿ ਮੈਂ ਸਮੁੰਦਰੋਂ ਪਾਰ ਹੋ ਜਾਵਾਂ ਤਾਂ ਓਹ ਸਮੁੰਦਰ ਦਾ ਪਾਰਾਵਾਰ ਕੈਸੇ ਪਾ ਸਕਦਾ ਹੈ ? ਤੈਸੇ ਹੀ ਵਾਹਿਗੁਰੂ ਹੈ ਉਨ੍ਹਾਂ ਦਾ ਰੂਪ ਗੁਰੂ ਨਾਨਕ ਜੀ ਜੋ ਅਗਮ ਬੇਅੰਤ ਸਮੁੰਦਰ ਵਤ ਗੰਭੀਰ ਉਸ ਗੁਰੂ ਨਾਨਕ ਨੂੰ ਰੋਜ਼ ਦੇ ਨਿਯਮ ਦਾ ਪ੍ਰੇਮ ਕਰਕੇ (ਬੋਧ) ਜਾਣਿਆਂ ਚਾਹੇ ਤਾਂ ਮੁਸ਼ਕਲ ਹੈ।

ਕਬਿਤ—ਸਬਦ ਸੁਰਤ ਅਵਗਾਹਨ ਕੈ ਸਾਧ ਸੰਗ, ਆਤਮ ਤਰੰਗ ਰੰਗ ਸਾਗਰ ਲਹਰ ਹੈ ॥ ਅਗਮ ਅਥਾਹਿ ਆਹਿ ਅਪਰ ਅਪਾਰ ਅਤਿ, ਰਤਨ ਪ੍ਰਗਾਸ ਨਿਧਿ ਪੂਰਨ ਗਹਰ ਹੈ ॥ ਹੰਸ ਮਰਜੀਵਾ ਗੁਨ-ਗਾਹਕ ਚਾਹਕ ਸੰਤ, ਨਿਸ ਦਿਨ ਘਟਿਕਾ ਮਹੂਰਤ ਪਹਿਰ ਹੈ॥ ਸ੍ਵਾਤਿ ਬੂੰਦ ਬਰਖਾ ਜਯੋਂ ਅਵਨ ਘਟਾ ਘਮੰਡ, ਹੇਤ ਮੁਕਤਾਹਲ ਔ ਨਰ ਨਰ ਹਰ ਹੈ ॥ ੪੨ ॥ ੯੨ ॥

ਗੁਰਾਂ ਦੇ ਉਪਦੇਸ਼ ਨੂੰ ਚੰਗੀ ਪ੍ਰੀਤੀ ਕਰਕੇ ਸਾਧ ਸੰਗਤ ਵਿਚ ਵਿਚਾਰਨਾ ਕਰਦ ਹਨ, ਇਹ ਵਿਵਹਾਰ ਹੈ ਓਹਨਾਂ ਦਾ ਅਤੇ ਚਿਤ ਦਾ ਆਸ਼ਾ (ਆਤਮਾ) ਜੋ ਵਾਹਿਗੁਰੂ (ਸਾਗਰ) ਸਮੁੰਦਰ ਹੈ ਇਸ ਵਿਚ ਜੋ ਤਰੰਗ (ਜੀਵ) ਹੈਂ ਸੋ (ਗੰਗਾ) ਨਦੀ ਦੀਆਂ ਲਹਿਰਾਂ ਵਾਂਗੂ ਹੈ ਇਸਥਿਤ ਰਹਿਣ ਵਾਲਾ ਕੋਈ ਵੀ ਨਹੀਂ ਹੈ ਇਹ ਉਨ੍ਹਾਂ ਦੇ ਚਿਤ ਦਾ ਆਸ਼ਾ ਹੈ। ਸਮੁੰਦਰ ਬਹੁਤ ਚੌੜਾ ਹੈ ਤੇ ਡੂੰਘਾ ਹੈ ਉਸਦੀ ਕੋਈ ਹਾਥ ਨਹੀਂ ਲੈ ਸਕਦਾ ਹੈ ਅਤੇ ਬੇਅੰਤ ਤੇ ਬੇਅੰਤ ਦੇਵਤੇ ਵੀ ਉਸਦਾ (ਅਪਾਰ) ਅੰਤ ਨਹੀਂ ਜਾਣ ਸਕਦੇ ਅਤੇ (ਰਤਨ) ਗੁਣਾਂ ਦੀ ਤਾਂ ਪ੍ਰਗਟ ਹੀ ਖਾਨ ਹੈ ਲਬਾ ਲਬ ਭਰਿਆ ਹੈ ਡੂੰਘਾ ਗਾੜ੍ਹਾ ਹੈ। (ਗਾਹਕ) ਖਰੀਦਨ ਵਾਲੇ ਸਮੁੰਦਰ ਦੇ ਕਿਨਾਰੇ ਜਾਕੇ (ਚਾਹਕ) ਵੇਖਦੇ ਨੇ ਕਿ ਰਤਨ ਸਮੁੰਦਰ ਦੇ ਵਿਚ ਕਿਥੇ ਕਰਕੇ ਹੈ ਐਸੇ ਆਪ ਵੇਖ ਜਾਂਦੇ ਨੇ ਅਤੇ (ਮਰਜੀਵੇ) ਟੁਬੀਆਂ ਲਾਉਣ ਵਾਲਿਆਂ ਨੂੰ ਨਾਲ ਲੈ ਜਾਂਦੇ ਹਨ ਉਸ ਜਗਾ ਰਾਤ ਦਿਨੇ ਉਥੇ ਹੀ ਡਿਗੇ ਰਹਿੰਦੇ ਹੈਨ ਇਕ ਘੜੀ, ਦੋ ਘੜੀਆਂ ਇਕ ਪਹਿਰ। ਜੈਸੇ ਘਟਾਂ ਦਾ ਅਕੱਠ ਸਮੁੰਦਰ ਵਿਚੋਂ ਪਾਣੀ ਪੀਕੇ ਤੇ ਅਕਾਸ਼ ਵਿਚ ਜਾਕੇ ਬਾਰਸ਼ ਕਰਦਾ ਹੈ (ਸਵਾਂਤ ਬੂੰਦ) ਇਹ ਸਵਾਂਤੀ ਨਿਛਤ੍ਰ ਦੀ ਛਿਟ ਜਿਸ ਘੋਘੇ ਵਿਚ ਪੈ ਜਾਵੇ ਓਹ ਜਲਦੀ ਨਾਲ ਮੋਤੀ ਹੋ ਜਾਂਦੀ ਹੈ। ਆਦਮੀਆਂ ਨੂੰ ਹਰਿਆਂ ਕਰਨ ਵਾਲਾ ਜੋ ਵਾਹਿਗੁਰੂ ਹੈ ਉਸਦਾ ਗਿਆਨ ਹੁੰਦਾ ਹੈ।

ਕਬਿਤ—ਸਬਦ ਸੁਰਤ ਲਿਵ ਜੋਤਿ ਕੋ ਉਦੋਤ ਭਯੋ, ਤ੍ਰਿਭਵਨ ਔ ਤ੍ਰਿਕਾਲ ਅੰਤਰ ਦਿਖਾਏ ਹੈਂ ॥ ਸਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ, ਅਕਥ ਕਥਾ ਬਿਨੋਦ ਅਲਖ ਲਖਾਏ ਹੈਂ ॥ ਸਬਦ ਸੁਰਤਿ ਲਿਵ ਨਿਝਰ ਅਪਾਰ ਧਾਰ, ਪ੍ਰੇਮ ਰਸ ਰਸਿਕ ਹ੍ਵੈ ਅਪਿਅ ਪੀਆਏ ਹੈਂ॥ ਸਬਦ ਸੁਰਤ ਲਿਵ ਸੋਹੰ ਸੋ ਅਜਪਾ ਜਾਪ, ਸਹਜਿ ਸਮਾਧਿ ਸੁਖ ਸਾਗਰ ਸਮਾਏ ਹੈਂ ॥ ੪੩ ॥ ੯੩ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਦੀ (ਸੁਰਤ) ਗਜਾਤ ਵਿਚ ਪ੍ਰੀਤੀ ਕਰੀ ਹੈ ਓਹਨਾਂ ਨੂੰ ਇਹ ਫਲ ਮਿਲਿਆ ਕਿ ਪ੍ਰਕਾਸ਼ ਗਜਾਨ ਦਾ ਹੋਇਆ ਤਿੰਨਾ ਭਵਨਾਂ ਦੀ ਤਿੰਨਾਂ ਸਮਿਆਂ ਦੀ ਭੀ ਸੋਝੀ ਸਾਰੀ ਅੰਦਰ ਹੀ ਹਿਰਦੇ ਦੇ ਵੇਖਣ ਵਿਚ ਆਈ ਭਾਵ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਗਜਾਤ ਵਿਚ ਪ੍ਰੀਤੀ ਕਰੀ ਓਹਨਾਂ ਨੂੰ ਵਾਹਿਗੁਰੂ ਦੀ ਗਜਾਤ ਪ੍ਰਗਟ ਹੋਈ ਅਤੇ ਅਗਲੀ ਪਿਛਲੀ ਸਾਰੀ ਅੰਤਰਜਾਮਤਾ ਵੀ ਉਨ੍ਹਾਂਨੂੰ ਹੋ ਗਈ। ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਗਜਾਤ ਵਿਚ ਪ੍ਰੀਤੀ ਕੀਤੀ ਹੈ ਓਹਨਾਂ ਨੂੰ ਗੁਰਮਤ ਦਾ ਪ੍ਰਕਾਸ਼ ਹੋਇਆ (ਅਲਖ) ਜੋ ਵਾਹਿਗੁਰੂ ਹੈ ਜਿਸਦੀ ਕਥਾ ਕਥੀ ਨਹੀਂ ਜਾਂਦੀ ਉਸਦਾ ਅਨੰਦ ਦੇਖਣ ਵਿਚ ਆਇਆ। ਉਪਦੇਸ਼ ਦੀ ਗਜਾਤ ਵਿਚ ਪ੍ਰੀਤੀ ਕੀਤੀ ਹੈ, ਓਹੋ

ਹੀ ਪ੍ਰੇਮ ਦੇ ਅਨੰਦ ਵਿਚ ਰਸੀਏ ਓਨ੍ਹਾਂ ਦੇ ਹੀ (ਨਿਝਰ) ਇਕ ਰਸ ਵਾਹਿਗੁਰੂ ਦੇ ਅਨੰਦ ਦਾ ਅੰਮ੍ਰਿਤ ਪੀਣ ਵਿਚ ਆਇਆ। ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਗਜਾਤ ਵਿਚ ਪ੍ਰੀਤੀ ਕੀਤੀ ਹੈ ਅਤੇ ਓਹ ਮੈਂ, ਉਹ, ਇਹ ਜੋ ਅਜਪਾ ਜਾਪ ਜੋ ਨਾ ਜਪਿਆ ਜਾਵੇ ਤਿਸ ਵਿਚ ਓਹਨਾਂ ਦੀ ਸਹਿਜੇ ਹੀ ਸਮਾਧੀ ਲਗੀ ਰਹਿੰਦੀ ਹੈ ਇਸ ਵਾਸਤੇ ਓਹ ਸੁਖਾਂ ਦਾ ਸਮੁੰਦਰ ਜੋ ਵਾਹਿਗੁਰੂ ਹੈ ਉਸ ਵਿਚ ਸਮਾਏ ਹਨ।

ਕਬਿਤ—ਆਦਿ ਕੈ ਬਿਆਧਿ ਕੈ ਉਪਾਧਿ ਕੈ ਤ੍ਰਿਦੋਖ ਹੁਤੇ, ਗੁਰ ਸਿਖ ਸਾਧ ਗੁਰ ਬੈਦ ਪੈ ਲੈ ਆਏ ਹੈਂ ॥ ਅੰਮ੍ਰਿਤ ਕਟਾਖਸ਼ ਪੇਖ ਜਨਮ ਮਰਨ ਮੇਟੇ, ਜੋਨਿ ਜਮ ਭੈ ਨਿਵਾਰੈ ਅਭੈ ਪਦ ਪਾਏ ਹੈਂ॥ ਚਰਨਕਮਲ ਮਕਰੰਦ ਰਜ ਲੇਪਨ ਕੈ, ਦੀਖਯਾ ਸੀਖਯਾ ਸੰਜਮ ਕੈ ਔਖਧਿ ਖਵਾਏ ਹੈਂ ॥ ਕਰਮ ਭਰਮ ਖੋਏ ਧਾਵਤ ਬਰਜ ਰਾਖੇ, ਨਿਹਚਲ ਮਤੀ ਸੁਖ ਸਹਿਜ ਸਮਾਏ ਹੈਂ ॥ ੪੪ ॥ ੯੪ ॥

(ਆਧਿ) ਅੰਦਰ ਦਾ ਰੋਗ ਹੁੰਦਾ ਹੈ ਸੋ ਦਵਾਈ ਖਵਾਉਣ ਨਾਲ ਦੂਰ ਹੁੰਦਾ ਹੈ ਅਤੇ (ਬਿਆਧਿ) ਬਾਹਰ ਦਾ ਰੋਗ ਹੁੰਦਾ ਹੈ ਸੋ ਦਵਾਈ ਦਾ ਲੇਪਨ ਆਦਿਕ ਕਰਨੇ ਨਾਲ ਦੂਰ ਹੁੰਦਾ ਹੈ (ਉਪਾਧਿ) ਜੋ ਬੈਠਿਆਂ ਬੈਠਿਆਂ ਉਪਾਧੀ ਗਲ ਆ ਪਵੇ ਜੈਸੇ ਕੋਈ ਸਰਬੰਧੀ ਆਦਿਕ ਮ੍ਰਿਤੂ ਇਤਿਆਦਿਕ ਰੋਗਾਂ ਨੂੰ ਵੈਦ ਗੁਰੂ ਦੂਰ ਕਰਦੇ ਹਨ ਓਹਨਾਂ ਗੁਰਮੁਖਾਂ ਦੇ ਲਿਹਾਜ ਕਰਕੇ ਅਤੇ ਚਿਤ ਕਰਕੇ ਗੁਰਾਂ ਵਿਚ ਸਮਾਇ ਰਹਿੰਦੇ ਹਨ। ਅੰਮ੍ਰਿਤ ਦੀ ਭਰੀ ਹੋਈ ਕਿਰਪਾ ਦ੍ਰਿਸ਼ਟੀ ਕੀਤੀ ਅਤੇ ਓਹਨਾਂ ਦਾ ਜਨਮ ਮਰਨ ਦਾ ਜੋ ਵਡਾ ਰੋਗ ਸੀ ਉਸਨੂੰ ਦੂਰ ਕਰ ਦਿਤਾ, ਦੁਨੀਆਂ ਦਾ ਡਰ ਵੀ ਦੂਰ ਕਰ ਦਿਤਾ ਅਤੇ ਜਮ ਦਾ ਡਰ ਵੀ ਦੂਰ ਕਰ ਦਿਤਾ ਅਤੇ ਓਹ ਪਾਪੀ ਜੋ ਡਰ ਤੇ ਬਿਨਾ ਵਾਹਿਗੁਰੂ ਹੈ ਉਸ ਨੂੰ ਮਿਲ ਗਏ ਫਿਰ ਕਾਸ ਦਾ ਡਰ ਰਹਿਣਾ ਸੀ। ਜੋ ਗੁਰਾਂ ਦੇ ਚਰਨ ਕਮਲਾਂ ਦੀ ਭਗਤੀ ਹੈ ਇਸਦਾ ਉਪਦੇਸ਼ ਜੋ ਸਿਖਾਉਣੀ ਹੈ ਇਹ ਦਵਾਈਤਾਂ ਖੁਵਾਈ ਤੇ ਅੰਦਰ ਦਾ ਰੋਗ ਜੂਨੀਆਂ ਵਿਚ ਭੌਣਾਂ ਜਨਮ ਮਰਨ ਆਦਕ ਦੂਰ ਹੋ ਗਿਆ ਤੇ ਜਿਹੜਾ ਬਾਹਰ ਦਾ ਰੋਗ ਸੀ ਸੰਸਾਰ ਵਿਚ ਸੜਨ ਆਦਕ ਦਾ ਓਹ ਚਰਨਾਂ ਦੀ ਧੂੜੀ ਦਾ ਲੇਪਨ ਕਰਨ ਨਾਲ ਦੂਰ ਹੋ ਗਿਆ ਅਤੇ ਫਿਰ ਨਾਲ (ਸੰਜਮ) ਪੱਥ ਕੁਪੱਥ ਦਾ ਰਖਣਾ ਵੀ ਦਸ ਦਿਤਾ। ਜਨਮ ਮਰਨ ਜੋ ਰੋਗ ਸੀ ਸੋ ਇਨ੍ਹਾਂ ਦਾ ਕਾਰਨ ਕਰਮ ਸੀ ਭਰਮਾਉਣ ਵਾਲੇ ਸੋ ਕਰਮ ਵੀ ਭਰਮਾਉਣ ਵਾਲੇ ਦੂਰ ਹੋ ਗਏ ਫਿਰ ਜੋ ਅੰਤਸ਼ਕਰਨ ਨੂੰ ਵੀ ਰੋਕ ਰਖਿਆ ਅਤੇ ਮਤਿ ਬੁਧੀ ਵੀ ਨਿਹਚਲ ਹੋ ਗਈ (ਮਤਿ) ਓਹ ਪਿਛੇ ਦੀ ਸਿਖਿਆ ਦਵਾਈ ਜਦ ਅੰਦਰ ਨਿਸਚਲ ਹੋਈ ਤਾਂ ਰੋਗ ਗਿਆ ਤੇ (ਸਹਿਜ) ਅਚਲ ਸੁਖ ਵਾਹਿਗੁਰੂ ਵਿਚ ਓਹ ਪਾਪੀ ਵੀ ਗੁਰਮੁਖ ਬਣਕੇ ਸਮਾਏ।

ਕਬਿਤ—ਬੋਹਿਥ ਪ੍ਰਵੇਸ ਭਏ ਨ੍ਰਿਭੈ ਹੋਇ ਪਾਰ ਗ੍ਰਾਮੀ, ਬੋਹਿਥ ਸਮੀਪ ਬੂਡ ਮਰਤ ਅਭਾਗੇ ਹੈ ॥ ਚੰਦਨ ਸਮੀਪ ਦੁਰਗੰਧ ਸੋ ਸੁਗੰਧ ਹੋਇ ਦੂਰੰਤਰ ਤਰ ਗੰਧ ਮਾਰਤ ਨ ਲਾਗੇ ਹੈ ॥ ਸਿਹਜਾ ਸੰਜੋਗ ਭੋਗ ਨਾਰ ਗਰ ਹਾਰ ਹੋਤ, ਪੁਰਖ ਬਿਦੇਸ ਕੁਲ ਦੀਪਕ ਨ ਜਾਗੇ ਹੈ ॥ ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਜ਼ਾਨ ਧਜ਼ਾਨ, ਗੁਰਮੁਖ ਸੁਖ ਫਲ ਪਲ ਅਨਰਾਗੇ ਹੈ ॥ ੪੫ ॥ ੯੫ ॥

ਹੁਣ ਆਪ ਆਖਦੇ ਹਨ ਕਿ ਇਕ ਤਾਂ ਸਿਖਿਆ ਲੈਕੇ ਅਨੰਦ ਰੂਪ ਹੋ ਗਏ ਅਤੇ ਵਾਹਿਗੁਰੂ ਨੂੰ ਮਿਲ ਗਏ ਇਕ ਗੁਰਾਂ ਦੇ ਪਾਸ ਹੀ ਰਹਿਕੇ ਖਾਲੀ ਰਹੇ ਅਤੇ ਮਰ ਗਏ।

(ਗ੍ਰਾਮੀ) ਸੰਸਾਰ ਸਮੁੰਦਰ ਪਿੰਡ 'ਜਹਾਜ' ਗਜ਼ਾਨ (ਵ ਨਾਮ) (ਮਲਾਹ) ਗੁਰੂ ਜਿਨ੍ਹਾਂ ਨੇ ਇਹਨਾਂ ਦਾ ਆਸਰਾ ਲਿਆ ਓਹ ਤਾਂ ਪਾਰ ਹੋ ਗਏ ਪਰ ਜਹਾਜਾਂ ਦੇ ਪਾਸ ਹੀ ਹੁੰਦਿਆਂ (ਅਭਾਗੇ) ਬੇ ਕਰਮੇ ਮਨਮੁਖ ਡੁਬਕੇ ਮਰ ਗਏ। ਚੰਦਨ ਬ੍ਰਿਛ ਦੇ ਪਾਸ ਜੋ ਨਿੰਮ ਆਦਿਕ ਬ੍ਰਿਛ ਖੋਟੀ ਗੰਧੀ ਵਾਲੇ ਓਹ ਭੀ ਸੁਗੰਧੀ ਵਾਲੇ ਹੋ ਗਏ ਭਾਵ ਕੀ ਕਿ ਜਿਹੜੇ ਨਹੀਂ ਸੀ ਭਗਤੀ ਕਰਨ ਵਾਲੇ ਓਹ ਭੀ ਗੁਰਾਂ ਪਾਸ ਰਹਿਕੇ ਭਗਤੀ ਕਰਨ ਵਾਲੇ ਹੋ ਗਏ ਅਤੇ ਜਿਨ੍ਹਾਂ ਦਾ (ਦੂਰ) ਭੇਦ ਪਿਆ ਹੋਇਆ ਸੀ ਓਹਨਾਂ (ਤਰ) ਬ੍ਰਿਛਾਂ ਨੂੰ ਓਸ ਚੰਦਨ ਬ੍ਰਿਛ ਦੀ (ਮਾਰਤ) ਪਵਨ ਨਹੀਂ ਲਗਦੀ। ਜਿਸ ਇਸਤ੍ਰੀ ਦਾ ਪਤੀ ਘਰ ਹੈ ਉਸਨੂੰ ਸੇਜਾ ਦਾ ਅਨੰਦ ਵੀ ਹੁੰਦਾ ਹੈ ਅਤੇ ਹਾਰ ਵੀ ਉਸ (ਨਾਰ) ਇਸਤ੍ਰੀ ਦੇ(ਗਰ) ਗਲ ਵਿਚ ਸੋਭਦਾ ਹੈ ਅਤੇ ਕੁਲ ਦਾ ਦੀਵਾ ਪੁਤਰ ਵੀ ਉਸ ਦੇ ਘਰ ਹੁੰਦਾ ਹੈ। ਜਿਸ ਦਾ ਪਤੀ ਪ੍ਰਦੇਸ ਨੂੰ ਗਿਆ ਹੋਇਆ ਹੈ ਉਸ ਨੂੰ ਨਾ ਸੇਜਾ ਦਾ ਅਨੰਦ ਨਾ ਗਲ ਵਿਚ ਹਾਰ ਅਤੇ ਸੰਤਾਨ ਆਦਿਕ ਦਾ ਸੁਖ ਵੀ ਨਹੀਂ। ਸ੍ਰੀ ਗੁਰੂ ਜੀ ਤੋਂ ਸੁਣ ਕਰਕੇ ਜਿਨ੍ਹਾਂ ਨੇ (ਸੁਖ ਫਲ) ਗਜ਼ਾਨ ਨੂੰ ਧਾਰਨ ਕੀਤਾ ਹੈ ਅਤੇ ਇਕ ਛਿਨ ਭਰ ਪ੍ਰੇਮ ਕੀਤਾ ਹੈ ਤੇ ਓਸੇ ਨੂੰ ਹੀ ਧਜ਼ਾਨ ਵਾਹਿਗੁਰੂ ਦਾ (ਗਜ਼ਾਨ) ਹੋਇਆ ਅਤੇ ਕ੍ਰਿਪਾ ਦੇ ਖਜ਼ਾਨੇ ਵਾਹਿਗੁਰੂ ਨੂੰ ਪਾ ਲਿਆ।

ਕਬਿਤ—ਚਰਨ ਕਮਲ ਕੋ ਮਹਾਤਮ ਅਗਾਧ ਬੋਧ,ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ॥ ਕੋਮਲ ਕੋਮਲਤਾ ਔ ਸੀਤਲ ਸੀਤਲਤਾ ਕੈ, ਬਾਸਨਾ ਸੁਬਾਸ ਤਾਸ ਦੁਤੀਆ ਨ ਸਮ ਹੈ ॥ ਸਹਿਜ ਸਮਾਧਿ ਨਿਜ ਆਸਨ ਸਿੰਘਾਸਨ ਮੈ, ਸ੍ਵਾਦ ਬਿਸਮਾਦ ਰਸ ਗੰਮਤਾ ਅਗੰਮ ਹੈ ॥ ਰੂਪ ਕੇ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ ॥ ੪੬ ॥ ੯੬ ॥

ਗੁਰਾਂ ਦੇ ਚਰਨ ਕਮਲ ਦਾ ਮਹਾਤਮ (ਬੋਧ) ਜਾਨਣਾ (ਅਗਾਧ) ਕਠਨ ਹੈ ਕਿਸ ਵਾਸਤੇ ਕਿ ਅਤਸੈ ਕਰਕੇ ਅਸਚਰਜ (ਮੈ) ਸਰੂਪ ਹੈ ਤਾਂਤੇ ਮੈਂ ਓਹਨਾਂ ਚਰਨਾਂ ਨੂੰ ਮਨ ਬਾਣੀ ਸਰੀਰ ਕਰਕੇ ਨਮਸ਼ਕਾਰ ਕਰਦਾ ਹਾਂ। ਗੁਰਾਂ ਦੇ ਚਰਨ ਕਮਲਾਂ ਵਾਂਗ ਕੋਮਲ ਹੈਨ ਅਤੇ ਕਮਲ ਦੀ ਸੀਤਲਤਾਈ ਵਾਂਗੂ ਸੀਤਲ ਹਨ। ਵਿਸ਼ੇਸ਼ਤਾ-ਉਸ ਕਮਲ ਵਿਚ (ਬਾਸਨਾ) ਵਾਸਨਾਂ ਸੁਗੰਧੀ ਹੁੰਦੀ ਹੈ ਪਰ ਓਹ ਸੁਗੰਧੀ ਬਾਹਰ ਦੇ ਵਿਸ਼ਿਆਂ ਵਿਕਾਰਾਂ ਵਲ ਲਾਉਂਦੀ ਹੈ ਅਤੇ ਗੁਰਾਂ ਦੇ ਚਰਨਾਂ ਦੀ (ਸੁਬਾਸ) ਭਗਤੀ ਵਾਹਿਗੁਰੂ ਵਲ ਲਾਉਂਦੀ ਹੈ। ਇਸ ਵਾਸਤੇ (ਤਾਸ) ਤਿਸ ਭਗਤੀ ਦੇ (ਸਮ) ਬਰਾਬਰ ਦੂਜਾ ਕੋਈ ਨਹੀਂ ਹੈ। 'ਓਸ ਭਗਤੀ ਦਾ ਫਲ' (ਨਿਜ)ਆਪਣਾ ਆਸਨ ਜੋ ਸਰੂਪ ਵਾਹਿਗੁਰੂ ਹੈ ਇਹੋ ਹੀ ਸਿੰਘਾਸਨ ਹੈ ਇਸ ਵਾਹਿਗੁਰੂ ਵਿਚ (ਸਹਜ) ਅਫੁਰ ਸਮਾਧੀ ਲਗ ਜਾਂਦੀ ਹੈ ਉਸ ਭਗਤੀ ਦਾ (ਸ੍ਵਾਦ) ਅਨੰਦ ਜੋ ਹੈ ਸੋ (ਬਿਸਮਾਦ) ਅਸਚਰਜ ਹੈ ਪਰ ਕੁਝ ਤਾਂ ਕਹੋ ਸੋ ਆਖਦੇ ਨੇ ਕਿ ਓਹ (ਰਸ) ਅਨੰਦ (ਗੰਮਤਾ) (ਅਗਮ) ਜਾਨਣ ਨਾਲੋਂ ਪਰੇ ਹੈ। ਅਨੂਪਮ ਰੂਪ ਵਾਲਾ ਓਹਨਾਂ ਦਾ (ਰੂਪ) ਅਕਾਰ ਹੈ, ਉਸ ਵਿਚ ਮਨ ਵੀ ਅਤੇ (ਮਨਸਾ) ਬੁਧੀ ਵੀ ਓਹਨਾਂ ਦੀ (ਥਕਤ) ਇਸਥਿਤ ਹੋ ਜਾਂਦੀ ਹੈ ਪਰ ਓਹ ਜਿਸ ਅਨੰਦ ਵਿਚ ਮਨ ਤੇ ਬੁਧੀ ਥਕਤ ਹੋਏ ਉਸ ਅਨੰਦ ਦੀ ਕਥਾ ਵੀ ਅਕਥ ਹੈ ਅਤੇ ਉਹਨਾਂ ਦਾ ਗੁਰਾਂ ਦੇ (ਬਿਨੋਦ) ਕੌਤਕ ਵੀ (ਬਿਸਮ) ਅਸਚਰਜ ਹਨ ਅਤੇ ਚਰਨ ਵੀ ਗੁਰਾਂ ਦੇ (ਬਿਸਮ) ਅਸਚਰਜ ਹਨ ।

ਕਬਿਤ—ਸਤਿਗੁਰ ਦਰਸਨ ਸਬਦ ਅਗਾਧ ਬੋਧ, ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ ॥ ਦਰਸ ਧਿਆਨ ਅਰੁ ਸਬਦ ਗਿਆਨ ਲਿਵ, ਗੁਪਤ ਪ੍ਰਗਟ ਠਟ ਪੂਰਨ ਬ੍ਰਹਮ ਹੈ ॥ ਨ੍ਰਿਗੁਨ ਸ੍ਰਗੁਨ ਕੁਸਮਾਵਲੀ ਸੁਗੰਧਿ ਸੰਧਿ, ਏਕ ਔ ਅਨੇਕ ਹੂਪ ਗੰਮਤਾ ਅਗਮ ਹੈ ॥ ਪਰਮਦ ਭੁਤ ਅਸਚਰਜੈ ਅਸਚਰਜਮੈਂ, ਅਕਥ ਕਥਾ ਅਲੱਖ ਬਿਸਮੈ ਬਿਸਮ ਹੈ ॥ ੪੭ ॥ ੯੭ ॥

ਦਰਸ਼ਨ ਅਤੇ ਸ਼ਬਦ ਦਾ ਮਹਾਤਮ (ਬੋਧ) ਜਾਨਣਾ (ਅਗਾਧ) ਕਠਨ ਹੈ ਅਤੇ ਓਸੇ ਦਰਸ਼ਨ ਅਤੇ ਸ਼ਬਦ ਦੀ (ਅਬਿਗਤ) ਅਸਚਰਜ ਉਸ ਦੀ (ਗਤਿ) ਰੀਤੀ ਨੂੰ ਮੈਂ (ਨੇਤਿ ਨੇਤਿ)ਮਨ ਬਾਣੀ ਕਰਕੇ ਨਮਸ਼ਕਾਰ ਕਰਦਾ ਹਾਂ। ਜਿਹੜਾ ਗੁਰਾਂ ਦੇ ਦਰਸ਼ਨਦਾ (ਧਜਾਨ) ਕਰਨਾ ਹੈ ਅਤੇ ਉਸ ਵਿਚ (ਲਿਵ) ਪ੍ਰੀਤੀ ਲਗਾਉਣੀ ਹੈ ਇਹੋ ਪੂਰਨ ਬ੍ਰਹਮ ਦਾ ਪ੍ਰਗਟ ਹੀ ਬਣਾਉ ਹੈ ਅਤੇ ਜੋ ਗੁਰਾਂ ਦੇ ਉਪਦੇਸ਼ ਦੇ ਗਜਾਨ ਵਿਚ ਪ੍ਰੀਤੀ ਲਗਾਉਣੀ ਹੈ ਇਹ ਪੂਰਨ ਵਾਹਿਗੁਰੂਦਾ ਛਪਿਆ ਹੋਇਆ ਬਣਾਉ ਹੈ। ਸਤਿਗੁਰਾਂ ਦਾ ਜੋ ਸਰੂਪ ਹੈ ਇਹੋ ਹੀ ਵਾਹਿਗੁਰੂ ਸਰਗੁਣ ਦਾ ਸਰੂਪਹੈ ਜੈਸੇ ਫੁਲਾਂਦੀ ਸੁਗੰਧੀ ਫੁਲਾਂ ਨਾਲ ਮਿਲੀ ਹੋਈ ਹੁੰਦੀ ਹੈ ਅਤੇ ਵੱਖਰੀ ਨਹੀਂ ਜਾਣੀ ਜਾਂਦੀ ।ਇਕ ਹੀ ਵਾਹਿਗੁਰੂ ਬਹੁਤ ਰੂਪ ਹੈ

ਰਿਹਾ ਹੈ ਅਤੇ (ਗੰਮਤਾ, ਅਗਮ) ਜਾਨਣ ਨਾਲੋਂ ਪਰੇ ਹੈ ਕੋਈ ਉਸਨੂੰ ਜਾਣ ਨਹੀਂ ਸਕਦਾ ਸੋ ਉਸਦਾ ਰੂਪ ਹੀ ਸ੍ਰੀ ਗੁਰੂ ਨਾਨਕ ਜੀ ਹਨ । ਆਪ ਆਖਦੇ ਹਨ ਕਿ ਓਹ (ਅਲੱਖ) ਜੋ ਵਾਹਿਗੁਰੂ ਹੈ (ਪਰਮਦ ਭੁਤ) ਬਹੁਤ ਹੀ ਸੋਹਣਾ ਜਿਸਦੀ ਕਥਾ ਕਥੀ ਨਹੀਂ ਜਾਂਦੀ ਓਹ ਸਤਜੁਗ ਵਿਚ ਵੀ ਅਸਚਰਜ ਸੀ ਤੇ ਤ੍ਰੇਤਾ ਵਿਚ ਵੀ ਅਸਚਰਜ ਸੀ ਅਤੇ ਦੁਆਪਰ ਵਿਚ ਵੀ (ਬਿਸਮੈ) ਹੈਰਾਨ ਕਰਨ ਵਾਲਾ ਸੋਹਣਾ ਸੀ ਅਤੇ ਕਲਜੁਗ ਵਿਚ (ਬਿਸਮ) ਅਸਚਰਜ ਸੁੰਦਰ ਹੈ ।

ਕਬਿਤ–ਸਤਗੁਰ ਦਰਸ ਧਿਆਨ ਗਜਾਨ ਅੰਜਨਕੈ, ਮਿਤ੍ਰ ਸਤ੍ਰੱਤਾ ਨਿਵਾਰੀ ਪੂਰਨ ਬ੍ਰਹੱਮ ਹੈ॥ ਗੁਰ ਉਪਦੇਸ ਪਰਵੇਸ ਆਦਿ ਕੌ ਅਦੇਸ ਉਸਤਤਿ ਨਿੰਦਾ ਮੇਟ ਗੰਮਿਤਾ ਅਗੰਮ ਹੈ॥ ਚਰਨ ਸਰਨ ਗਹੇ ਧਾਵਤ ਬਰਜ ਰਾਖੈ, ਆਸਾ ਮਨਸਾ ਥਕਤ ਸਫਲ ਜਨੱਮ ਹੈ॥ ਸਾਧ ਸੰਗ ਪ੍ਰੇਮ ਨੇਮ ਜੀਵਨ ਮੁਕਤਿ ਗਤਿ, ਕਾਮ ਨਿਹਕਾਮ ਨਿਹਕਰਮ ਕਰੱਮ ਹੈ॥ ੪੯॥ ੯੯॥

ਜਿਨ੍ਹਾਂ ਨੇ ਗੁਰਾਂ ਦਾ ਦਰਸ਼ਨ ਕੀਤਾ ਹੈ ਓਹ ਗਜਾਨ ਰੂਪੀ ਸੁਰਮੇ ਪਾਸ ਪਹੁੰਚੇ ਸੋ ਆਪ ਆਖਦੇ ਹਨ ਕਿ ਸਤਿਗੁਰਾਂ ਦੇ ਦਰਸ਼ਨ ਦਾ ਜਦ ਧਜਾਨ ਕੀਤਾ ਤਾਂ ਓਸਦਾ ਦਰਸ਼ਨ ਕਰਨ ਨਾਲ ਗਜਾਨ ਹੋਇਆ ਓਹਨਾਂ ਗੁਰਮੁਖਾਂ ਦੀ ਮਿਤ੍ਰਤਾਈ ਅਤੇ ਸੱਤ੍ਰਤਾਈ (ਨਿਵਾਰੀ) ਦੂਰ ਹੋ ਗਈ ਤੇ ਪੂਰਾ ਪ੍ਰਮੇਸ਼ਰ ਜਾਣ ਲਿਆ । ਗੁਰਾਂ ਦਾ ਉਪਦੇਸ਼ ਜਿਨਾਂ ਨੂੰ ਮਿਲਿਆ ਹੈ ਤਾਂ (ਆਦਿ) ਵਾਹਿਗੁਰੂ ਨੂੰ (ਅਦੇਸ) ਨਮਸ਼ਕਾਰ ਕਰਦੇ ਰਹਿੰਦੇ ਹਨ ਅਤੇ ਗੁਰਾਂ ਨੇ ਓਹਨਾਂ ਦੀ ਉਸਤਤ ਨਿੰਦਾ ਨੂੰ ਵੀ (ਮੇਟ) ਮਿਟਾ ਦਿਤਾ ਫਿਰ ਇਸ ਦਾ ਫਲ ਕੀ ਹੋਇਆ ? ਸੋ ਆਖਦੇ ਹਨ ਕਿ (ਗੰਮਤਾ, ਅਗਮ) ਜਿਸਨੂੰ ਕੋਈ ਪਹੁੰਚ ਨਹੀਂ ਸਕਦਾ ਉਸ ਨੂੰ ਓਹਨਾਂ ਨੇ ਪਾ ਲਿਆ । ਗੁਰਾਂ ਦੇ ਚਰਨਾਂ ਦੀ ਸ਼ਰਨ ਜਦ (ਗਹੇ) ਪਕੜੀ ਤਾਂ (ਧਾਵਤ) ਬਾਹਰ ਨੂੰ ਦੌੜਦਿਆਂ ਇੰਦ੍ਰਿਆਂ ਨੂੰ ਰੋਕ ਰਖਿਆ ਅਤੇ ਨਾਮ ਸ਼ੁਭ ਨਾਮ ਵਲ ਲਾ ਰਖਿਆ ਫਿਰ ਜਿਹੜੀ ਬਹੁਤ ਪਦਾਰਥਾਂ ਦੀ ਆਸ਼ਾ ਸੀ ਅਤੇ (ਮਨਸਾ) ਜੋ ਬੁਧੀ ਮਾੜੀ ਅਕਲ ਸੀ ਸੋ ਓਹ ਵੀ (ਥਕਤ) ਦੂਰ ਹੋ ਗਈ ਸੋ ਓਹਨਾਂ ਮਹਾਤਮਾ ਨੇ ਆਪਣਾ ਜਨਮ ਵੀ ਸਫਲ ਕਰ ਲਿਆ । ਓਹ ਪਹਿਲੇ ਜੋ ਗੁਰਾਂ ਦੇ ਦਰਸ਼ਨ ਦਾ ਅਤੇ ਗੁਰ ਉਪਦੇਸ਼ ਦਾ ਤੇ ਚਰਨ ਸ਼ਰਨ ਦਾ ਮਹਾਤਮ ਆਖਿਆ ਹੈ ਸੋ ਓਹ ਜਿਹੜੇ ਗੁਰੂ ਹਨ ਅਤੇ ਓਹਨਾਂ ਦੀ ਜਿਹੜੀ ਸਾਧ ਸੰਗਤ ਹੈ ਉਸ ਵਿਚ ਨਿਤਨੇਮ ਨਾਲ ਜਿਨ੍ਹਾ ਨੇ ਜਾਣ ਦਾ ਪ੍ਰੇਮ ਕੀਤਾ ਹੈ ਓਹ (ਕਾਮ) ਕਾਮਨਾ ਇਛਾ ਤੋਂ ਨਿਸ਼ਕਾਮ ਰਹਿਤ ਹੋ ਗਏ, ਨਿਸ਼ਕਾਮ ਕੰਮ ਓਹਨਾਂ ਨੇ (ਕਰਮ) ਕੀਤੇ ਓਹਨਾਂ ਮਹਾਤਮਾ ਸਿਖਾਂ ਨੂੰ ਜੀਵਨ ਮੁਕਤੀ (ਗਤਿ) ਪ੍ਰਾਪਤ ਹੋਈ ।

ਕਬਿਤ—ਸਤਿਗੁਰ ਦੇਵ ਸੇਵ ਅਲਖ ਅਭੇਵ ਗਤਿ, ਸਾਵਧਾਨ ਸਾਧ ਸੰਗ ਸਿਮਰਨ ਮਾਤ੍ਰ ਕੈਂ ॥ ਪਤਿਤ ਪੁਨੀਤ ਰੀਤ ਪਾਰਸ ਕਰੈ ਮਨੂਰ, ਬਾਸ ਮੈਂ ਸੁਬਾਸ ਦੈ ਕੁਪਾਤ੍ਰਹਿ ਸੁ ਪਾਤ੍ਰ ਕੈ ॥ ਪਤਿਤ ਪੁਨੀਤ ਕਰ ਪਾਵਨ ਪਵਿਤ੍ਰ ਕੀਨੇ, ਪਾਰਸ ਮਨੂਰ ਬਾਸ ਬਾਸੈ ਦ੍ਰੁਮ ਜਾਤ੍ਰ ਕੈ ॥ ਸਰਿਤਾ ਸਮੁੰਦ੍ਰ ਸਾਧ ਸੰਗਤ ਤ੍ਰਿਖਾਵੰਤ ਜੀਅ, ਕ੍ਰਿਪਾ ਜਲ ਦੀਜੈ ਮੋਹਿ ਕੰਠ ਛੇਦ ਚਾਤ੍ਰਕੈ ॥ ੪੯ ॥ ੬੯ ॥

ਹੇ ਸਤਗੁਰੋ ! ਆਪ (ਦੇਵ) ਪ੍ਰਕਾਸ਼ ਸਰੂਪ ਹੋ ਅਤੇ ਆਪਦੀ (ਸੇਵ) ਸੇਵਾ ਵਿਚ ਜੋ ਹਾਜ਼ਰ ਹੋਏ ਹਨ ਓਹਨਾਂ ਨੂੰ (ਅਲਖ ਅਭੇਵ) ਜੋ ਨਾ ਵੇਖਿਆ ਜਾਵੇ ਅਤੇ ਜਿਸ ਦਾ ਭੇਦ ਨਾ ਪਾਇਆ ਜਾਵੇ ਓਹ ਵਾਹਿਗੁਰੂ (ਗਤਿ) ਮਿਲਿਆ ਹੈ ਸਾਧ ਸੰਗਤ ਵਿਚ ਸੁਚੇਤ ਹੋਕੇ ਸਿਮਰਨ ਕਰਨ ਨਾਲ ਆਪ ਦੀ ਪਾਪੀਆਂ ਨੂੰ ਪਵਿਤ੍ਰ ਕਰਨ ਦੀ ਰੀਤੀ ਹੈ, ਪਾਰਸ ਹੋਰਨਾਂ ਧਾਤੂਆਂ ਨੂੰ ਸੋਨਾ ਕਰ ਸਕਦਾ ਹੈ ਪਰ (ਮਨੂਰ) ਲੋਹੇ ਦੀ ਮੈਲ ਨੂੰ ਨਹੀਂ ਕਰ ਸਕਦਾ ਪਰ ਆਪ ਕੈਸੇ ਹੋ ? ਕਿ (ਮਨੂਰ) ਜੋ ਮਹਾਂ ਹਤਿਆਰੇ ਨੇ ਓਹਨਾਂ ਨੂੰ ਵੀ ਪਾਰਸ ਵਤ ਸੁਧ ਕਰ ਦੇਂਦੇ ਹੋ ਚੰਦਨ ਸਾਰਿਆਂ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰ ਲੈਂਦਾ ਹੈ ਪਰ ਜੋ ਦੂਰ ਬ੍ਰਿਛ ਹੈਨ ਅਤੇ ਜੋ ਇਕ ਵਾਂਸ ਦਾ ਅਕੱਠ ਹੈ ਉਸ ਨੂੰ ਚੰਦਨ ਚੰਦਨ ਨਹੀਂ ਕਰ ਸਕਦਾ ਪਰ ਆਪ ਦਿਆਲੂ ਵਾਂਸ ਹੰਕਾਰੀਆਂ ਆਦਮੀਆਂ ਵਿਚ ਭਗਤੀ ਰੂਪੀ ਵਾਸ਼ਨਾ ਕਰ ਦੇਂਦੇ ਹੋ ਅਨ ਅਧਕਾਰੀ ਕਦੀ ਵੀ ਉਪਦੇਸ਼ ਦਾ ਅਧਕਾਰੀ ਨਹੀਂ ਹੋ ਸਕਦਾ ਆਪ ਕਿਰਪਾਲੂ ਅਨ ਅਧਕਾਰੀ ਜੋ ਭਾਂਡਾ ਬਹੁਤ ਮਾੜਾ ਹੋਵੇ ਭਿਟਿਆ ਹੋਇਆ ਉਸ ਨੂੰ ਵੀ ਸ੍ਰੇਸ਼ਟ ਭਾਂਡਾ, ਅਧਕਾਰੀ ਕਰ ਲੈਂਦੇ ਹੋ। ਜਿਨ੍ਹਾਂ ਪਾਪੀਆਂ ਨੂੰ ਆਪ ਨੇ ਪਵਿਤ੍ਰ ਕੀਤਾ, ਓਹਨਾਂ ਅਗੋ ਜਗਤ ਦੇ ਪਾਪੀਆਂ ਨੂੰ ਪਵਿਤ੍ਰ ਕੀਤਾ ਐਸੇ ਓਹ ਪਾਪੀ ਤਾਰਨ ਨੂੰ ਸਮਰੱਥ ਹੋ ਗਏ (ਮਨੂਰ) ਲੋਹੇ ਦੀ ਮੈਲ ਨੂੰ ਆਪ ਨੇ ਪਾਰਸ ਕਰ ਦਿਤਾ, ਜੋ ਮਹਾਂ ਹਤਿਆਰਿਆਂ ਨੂੰ ਵੀ ਸ਼ੁਧ ਕਰੀ ਜਾਂਦੇ ਹੋ ਅਤੇ ਚੰਦਨ ਬਿਰਛ ਹੋਰ (ਜਾਤ੍ਰ) ਜਾਤੀ ਦੇ (ਦ੍ਰੁਮ) ਬਿਰਛਾਂ ਨੂੰ ਅਤੇ ਵਾਸ ਨੂੰ ਸੁਗੰਧੀ ਵਾਲਾ ਨਹੀਂ ਕਰ ਸਕਦਾ। ਹੰਕਾਰੀਆਂ ਨੂੰ ਵੀ ਭਗਤੀ ਕਰਨ ਵਾਲੇ ਕਰ ਲੈਂਦੇ ਹੋ ਇਹ ਆਪ ਦੇ ਵਿਚ ਵਿਸ਼ੇਸ਼ਤਾ ਹੈ। ਹੇ ਸਤਿਗੁਰੋ ! ਮੈਂ ਪਪੀਹੇ ਦੇ (ਕੰਠ) ਗਲ ਵਿਚ (ਛੇਦ) ਛੇਕ ਹੋਇਆ ਹੋਇਆ ਹੈ ਸਾਧ ਸੰਗਤ ਵਿਚੋਂ ਔਗੁਣ ਨਿਕਾਲ ਲੈਂਦਾ ਹਾਂ ਅਤੇ ਗੁਣ ਗ੍ਰਹਿਣ ਨਹੀਂ ਕਰਦਾ ਅਤੇ ਸਮੁੰਦਾਂ ਨਦੀਆਂ ਵਾਂਗੂ ਸਾਧ ਸੰਗਤ ਦਾ ਪ੍ਰਵਾਹ ਆਪ ਨੇ ਕਿਹਾ ਹੈ ਪਰ ਓਹ ਗੁਣ ਮੇਰੇ ਵਿਚ ਨਹੀਂ ਆਉਂਦੇ ਕਿਉਂਕਿ ਮੈਂ ਓਥੇ ਸਤਸੰਗਤ ਵਿਚ ਆਪਦਾ ਦਰਸ਼ਨ ਕਰਦਾ ਹਾਂ ਪਰ ਜੋ ਉਸ ਜਗਾ ਆਪ ਦਾ ਨਾਮ ਜਲ ਹੈ ਓਹ ਮੇਰੇ ਗਲ ਵਿਚੋਂ ਨਿਕਲ ਜਾਂਦਾ ਹੈ। ਤਾਂ ਇਸ ਵਾਸਤੇ ਹੇ ਮੇਘ ਵਤ ਗੁਰੋ ! ਕਿਰਪਾ ਕਰਕੇ ਮੈਨੂੰ ਆਪਣਾ ਕਿਰਪਾ ਜਲ ਦਿਓ ਕਿਉਂਕਿ ਮੈਂ ਤ੍ਰਿਹਾਇਆ ਮਰ ਰਹਿਆ ਹਾਂ । ਭਾਵ ਮੈਨੂੰ ਆਪ

ਦਰਸ਼ਨ ਦਿਓ ਮੈਂ ਦੁਖੀ ਹਾਂ, (ਜੀਅ) ਮੇਰਾ ਦਿਲ (ਤ੍ਰਿਖਾਵੰਤ) ਪਿਆਸਾ ਹੈ।

ਕਬਿਤ—ਬੀਸ ਕੇ ਬਰਤਮਾਨ ਭਏ ਨ ਸੁਬਾਸ ਬਾਸ, ਹੇਮ ਨ ਭਏ ਮਨੂਰ ਲੋਗ ਬੇਦ ਗਯਾਨ ਹੈ ॥ ਗੁਰਮੁਖ ਪੰਥ ਇਕ ਈਸ ਕੋ ਬਰਤਮਾਨ, ਚੰਦਨ ਸੁਬਾਸ ਬਾਸ ਬਾਸੈ ਦ੍ਰੁਮ ਆਨ ਹੈ ॥ ਕੰਚਨ ਮਨੂਰ ਹੋਇ ਪਾਰਸ ਪਰਸ ਭੇਟ, ਪਾਰਸ ਮਨੂਰੈ ਕਰੈ ਔਰ ਠੌਰ ਮਾਨ ਹੈ ॥ ਗੁਰਸਿਖ ਸਾਧ ਸੰਗ ਪਤਿਤ ਪੁਨੀਤ ਰੀਤ, ਗੁਰਸਿਖ ਸੰਧਿ ਮਿਲੇ ਗੁਰਸਿਖ ਜਾਨ ਹੈ ॥ ੫੦ ॥ ੧੦੦ ॥

ਸੰਸਾਰ ਵਿਚ ਇਹ ਗੱਲ ਪ੍ਰਸਿਧ ਹੈ ਜੋ ਚੰਦਨ ਨਾਲ ਮਿਲਕੇ (ਸੁਬਾਸ) ਸੋ ਓਹਨਾਂ ਵਾਸਾਂ ਦੇ ਝਾੜਾਂ ਨੂੰ (ਬਾਂਸ) ਸੁਗੰਧੀ ਕਦੀ ਨਹੀਂ ਹੁੰਦੀ ਹੈ। ਪਾਰਸ ਨਾਲ ਮਿਲਕੇ (ਮਨੂਰ) ਲੋਹੇ ਦੀ ਮੈਲ (ਹੇਮ) ਸੋਨਾ ਨਹੀਂ ਹੁੰਦੀ, ਇਸ ਗੱਲ ਨੂੰ ਲੋਕ ਵੀ ਅਤੇ ਵੇਦ ਵੀ (ਗਯਾਨ) ਜਾਨਦੇ ਹਨ। ਗੁਰਮੁਖਾਂ ਦਾ (ਪੰਥ) ਜੋ ਰਸਤਾ ਸਾਧ ਸੰਗਤ ਹੈ ਸੋ ਇਕ (ਈਸ) ਵਾਹਿਗੁਰੂ ਵਿਚ (ਬਰਤਮਾਨ) ਲਗਾ ਹੋਇਆ ਹੈ ਭਾਵ ਗੁਰ ਸਿਖ ਵਾਹਿਗੁਰੂ ਦਾ ਨਾਮ ਜਪਦੇ ਹਨ ਜੋ ਗੁਰੂ ਕੇ ਸਿਖ ਚੰਦਨ ਵਤ ਸੁਗੰਧੀ ਭਗਤੀ ਵਾਲੇ ਹਨ ਇਹ ਸ੍ਰੇਸ਼ਟ ਵਾਸ਼ਨਾਂ ਵਾਂਸ ਹੰਕਾਰੀ ਆਦਮੀ ਨੂੰ ਭਗਤੀ ਸੁਗੰਧੀ ਵਾਲਾ ਕਰ ਦਿੰਦੇ ਹਨ, ਅਗੇ ਹੋਰਨਾਂ ਦਰਖਤਾਂ ਨੂੰ ਸੁਗੰਧੀ ਭਗਤੀ ਵਾਲੇ ਕਰ ਦੇਂਦੇ ਹਨ। ਅਤੇ ਓਹ ਪਿਛਲਾ ਪਾਰਸ ਮਨੂਰ ਨੂੰ ਸੋਨਾ ਨਹੀਂ ਸੀ ਕਰ ਸਕਦਾ ਪਰ ਗੁਰੂ ਰੂਪੀ ਪਾਰਸ ਨੂੰ (ਪਰਸ) ਮਿਲ ਕਰਕੇ (ਮਨੂਰ) ਲੋਹੇ ਦੀ ਮੈਲ ਜੋ ਮਹਾਂ ਹਤਿਆਰੇ ਸੀ ਓਹ ਵੀ (ਕੰਚਨ) ਸੁਧ ਬਾਰਾਂ ਵੰਨੀਆਂ ਦਾ ਸੋਨਾ ਹੋ ਗਏ ਅਗੇ ਹੋਰਨਾਂ ਮਹਾਂ ਪਾਪੀਆਂ ਨੂੰ ਸੁਧ ਕਰਨੇ ਨੂੰ ਸਮਰਥ ਹੋ ਗਏ ਅਤੇ ਓਹ ਪਾਪੀ ਹੋਰਨਾਂ (ਠੌਰ) ਥਾਵਾਂ ਵਿਚ ਮੰਨੀ ਦੇ ਹਨ ਇਹ ਗੁਰਾਂ ਅਤੇ ਗੁਰਮੁਖਾਂ ਦੀ ਸ਼ਕਤੀ ਸੰਸਾਰ ਨਾਲੋਂ ਵਧ ਹੈ ਅਤੇ ਇਸ ਵਾਸਤੇ ਗੁਰ ਸਿਖਾਂ ਦੀ ਮਹਿਮਾ ਬੇਅੰਤ ਹੈ। ਗੁਰੂ ਤੇ ਸਿਖਾਂ ਦੀ ਸਾਧ ਸੰਗਤ ਜੋ ਹੈ ਇਸਦੀ ਰੀਤੀ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੀ ਹੈ ਜਿਹੜੇ ਸਿਖ ਗੁਰਾਂ ਦੀ ਮਿਲੌਨੀ ਨਾਲ ਮਿਲੇ ਹਨ ਓਹ ਸਿਖ ਗੁਰੂ ਕੇ ਸਿਖ ਜਾਣੀ ਦੇ ਹਨ।

ਕਬਿਤ—ਚਰਨ ਸਰਨ ਗੁਰ ਭਈ ਨਿਹਚਲ ਮਤਿ, ਮਤ ਉਨਮਾਨ ਲਿਵ ਸਹਜ ਸਮਾਏ ਹੈਂ ॥ ਦ੍ਰਿਸ਼ਟਿ ਦਰਸ ਅਰੁ ਸਬਦ ਸੁਰਤਿ ਮਿਲੇ, ਪਰਮਦ ਭੁਤ ਪ੍ਰੇਮ ਨੇਮ ਉਪਜਾਏ ਹੈਂ ॥ ਗੁਰ ਸਿਖ ਸਾਧ ਸੰਗ ਹੰਗ ਹ੍ਵੈ ਤੰਬੋਲ ਰਸ, ਪਾਰਸ ਪਰਸ ਧਾਂਤ ਕੰਚਨ ਦਿਖਾਏ ਹੈਂ ॥ ਚੰਦਨ ਸੁਗੰਧ ਸੰਧ ਬਾਸਨਾ ਸੁਬਾਸ ਤਾਸ, ਅਕਥ ਕਥਾ ਬਿਨੋਦ

ਕਹਿਤ ਨ ਆਏ ਹੈਂ ॥ ੫੧ ॥ ੧੦੧॥

ਜਿਨ੍ਹਾਂ ਨੇ ਗੁਰਾਂ ਦੇ ਚਰਨਾਂ ਦੀ ਸਰਨ ਲਈ ਹੈ ਓਹਨਾਂ ਦੀ ਅਕਲ ਇਸਥਿਤ ਹੋ ਗਈ ਹੈ ਅਤੇ ਮਨਦੀ ਬ੍ਰਿਤੀ(ਉਨਮਾਨ)ਵਾਹਿਗੁਰੂ ਵਿਚ ਸਮਾ ਰਹੀ ਹੈ ਜਿਹੜੇ ਗੁਰਾਂਦੀ ਚਰਨ ਸ਼ਰਨ ਜਾ ਕੇ (ਮਤਿ) ਗੁਰ ਸਿਖਿਆ ਦੇ(ਨਿਹਚਲ)ਇਸਥਿਤ ਮੰਨਣਨੂੰ ਤਿਆਰ ਬਰਤਿਆਰ ਹੋਏ ਹਨ ਓਨਾਂ ਦੇ ਮਨ ਦੀ ਬ੍ਰਿਤੀ ਵਾਹਿਗੁਰੂ ਵਿਚ ਸਹਿਜੇ ਹੀ ਸਮਾਈ ਹੋਈ ਹੈ। ਅੱਖੀਆਂ ਨਾਲ ਗੁਰਾਂ ਦਾ ਦਰਸ਼ਨ ਕਰਦੇ ਰਹਿੰਦੇ ਹਨ। ਕੰਨਾਂ ਕਰਕੇ ਗੁਰਾਂ ਦਾ ਉਪਦੇਸ਼ ਸੁਣਦੇ ਹਨ ਅਤੇ ਬੜਾ ਅੱਛਾ ਸ੍ਰੇਸ਼ਟ ਨਿਯਮ ਰੋਜ ਜਾਣ ਦਾ ਪ੍ਰੇਮ ਉਪਜਾਈ ਰਖਦੇ ਹਨ। ਗੁਰਾਂ ਦੀ ਸਿਖਿਆ ਲੈਣ ਵਾਲੀ ਜੋ ਸਾਧ ਸੰਗਤ ਹੈ ਤਿਸ ਵਿਚ ਨੇਮ ਦਾ ਪ੍ਰੇਮ ਕਰਦੇ ਹਨ ਇਸ ਵਾਸਤੇ ਓਹਨਾਂ ਨੂੰ ਤੰਬੋਲ ਵਰਗਾ ਗਾਹੜਾ ਰੰਗ ਲਗਾ ਹੈ। (ਰਸ) ਅਨੰਦ ਜਿਸਤਰਾਂ ਸਤ ਧਾਤੂਆਂ ਪਿੱਤਲ ਗਿਲਟ ਆਦਿਕ ਪਾਰਸ ਨਾਲ (ਪਰਸ) ਲਗ ਕਰਕੇ ਸ਼ੁੱਧ (ਕੰਚਨ) ਸੋਨਾ ਦੇਖਣ ਵਿਚ ਆਉਂਦੀਆਂ ਹਨ ਇਸੀ ਤਰਾਂ ਗੁਰਮੁਖ ਵਾਹਿਗੁਰੂ ਨੂੰ ਮਿਲਕੇ ਬੜੇ ਅਛੇ ਦੇਖਣ ਵਿਚ ਆਉਂਦੇ ਹਨ। ਚੰਦਨ ਦਾ ਬ੍ਰਿਛ ਜੋ ਸਾਧ ਸੰਗਤ ਹੈ ਇਸਦੀ ਜੋ ਬਾਸਨਾ ਸ੍ਰੇਸ਼ਟ ਚੰਗੀ ਵਾਸਨਾ ਹੈ ਸੋ ਉਹ ਜਦ ਹੋਰਨਾਂ ਵਾਸਾਂ ਵਿਚ ਮਿਲੀ ਤਾਂ ਓਹ ਵਾਂਸ ਆਦਿਕਾਂ ਦੇ ਬ੍ਰਿਛ ਭੀ ਸੁਗੰਧੀ ਵਾਲੇ ਹੋ ਗਏ ਤਿਨ੍ਹਾਂ ਨੂੰ ਜੋ (ਬਿਨੋਦ) ਅਨੰਦ ਹੋਇਆ ਹੈ ਉਸਦੀ ਅਕਥ ਕਥਾ ਹੈ।

ਕਬਿਤ—ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ, ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ ॥ ਗਜਾਨ ਧਜਾਨ ਸਜਾਨ ਸਿਮਰਨ ਬਿਸਿਮਰਨ ਕੈ, ਬਿਸਮ ਬਿਦੇਹ ਬਿਸਮਾਦ ਬਿਸਮਾਏ ਹੈਂ ॥ ਆਦਿ ਪਰਮਾਦ ਅਰ ਅੰਤ ਕੈ ਅਨੰਤ ਭਏ, ਥਾਹ ਕੈ ਅਥਾਹ ਨ ਅਪਾਰ ਪਾਰ ਪਾਏ ਹੈਂ ॥ ਗੁਰ ਸਿਖ ਸੰਧ ਮਿਲੇ ਬੀਸ ਇਕ ਈਸ ਈਸ, ਸੋਹੰ ਸੋਈ ਦੀਪਕ ਸੈ ਦੀਪਕ ਜਗਾਏ ਹੈਂ ॥ ੫੨ ॥ ੧੦੨ ॥

ਜਿਸ ਅਨੰਦ ਨੂੰ ਗੁਰਮੁਖ ਪਾ ਕੇ ਪੂਰਨ ਹੋਏ ਹਨ ਅਤੇ ਜੋ "ਕਹਿਤ ਨ ਆਏ ਹੈਂ" ਇਸੇ ਹੀ ਪਦ ਦਾ ਫਿਰ ਜਗਿਆਸੂ ਵਲੋਂ ਹੋਕੇ ਅਨੁਵਾਦ ਕਰਦੇ ਹਨ ਓਹ ਜੋ ਚਰਨ ਸਰਨ ਦਾ ਪਿਛੇ ਵਰਨਨ ਕੀਤਾ ਹੈ ਓਸੇ ਹੀ (ਪ੍ਰੇਮ ਰਸ) ਅੰਮ੍ਰਿਤ ਦੇ ਨਿਧਾਨ ਖਜ਼ਾਨੇ ਨੂੰ (ਪਾਨ) ਪੀਕੇ ਗੁਣਾਂ ਕਰਕੇ ਪੂਰਨ ਹੋਏ ਅਤੇ ਉਸ ਅਨੰਦ ਦੀ ਅਕਥ ਕਥਾ ਹੈ ਕਥਨ ਵਿਚ ਨਹੀਂ ਆਉਂਦੀ। ਬਾਹਰਲੇ ਗਜਾਨ ਧਜਾਨ (ਸਜਾਨ) ਸਾਰੇ ਭੁਲ ਗਏ ਹਨ ਅਤੇ (ਬਿਸਮ) ਝੂਠੇ ਸੰਸਾਰ ਵਿਚ ਰਹਿਕੇ ਦੇਹ ਹੰਗਤਾ ਤੋਂ ਰਹਿਤ

ਹੋਏ ਹਨ ਅਤੇ (ਬਿਸਮਾਦ) ਵਾਹਿਗੁਰੂ ਵਿਚ (ਬਿਸਮਾਇ) ਹਨ ਵਿਸ਼ੇਸ਼ ਕਰਕੇ ਸਮਾਇ (ਬਿਸਮਾਇ) ਅਸਚਰਜ ਭਾਵ ਕੀ ਕਿ ਹੈਰਾਨ ਹੋ ਗਏ ਅਤੇ ਸਿਮਰਨ ਹੋਰਨਾਂ ਦੇਵੀ ਦੇਵਤਿਆਂ ਦੇ ਵਲੋਂ (ਬਿਸਮਾਇ) ਅਸਚਰਜ ਹੈਰਾਨ ਹੋ ਗਏ। (ਆਦਿ) ਜੋ ਪਹਿਲੇ ਵਸਤੂਆਂ ਸੰਸਾਰ ਵਿਚ ਹਨ ਮਾਇਆ ਅਤੇ ਪੰਜ ਤਤ ਆਦਿਕ ਓਹ ਵੀ (ਪ੍ਰਮਾਦ) ਵਾਹਿਗੁਰੂ ਰੂਪ ਬਣ ਗਏ ਅਤੇ ਜੇਕਰ ਓਨਾਂ ਦਾ ਅੰਤ ਲੈਣਾ ਕਰੀਏ ਤਾਂ ਓਹ (ਅਨੰਤ) ਬਿਅੰਤ ਹਨ ਜੇਕਰ ਓਨਾਂ ਦੀ (ਥਾਹ) ਹਾਥ ਲਈਏ ਤਾਂ ਓਹ (ਅਥਾਹ) ਡੂੰਘੇ ਹਨ ਭਾਵ ਓਨਾਂ ਦੀ ਅੰਤ੍ਰੀਵ ਆਸ਼ਾ ਕੋਈ ਨਹੀਂ ਲਖ ਸਕਦਾ ਅਤੇ ਓਨਾਂ (ਅਪਾਰ) ਬੇਅੰਤਾਂ ਦਾ ਪਾਰਾਵਾਰ ਨਹੀਂ ਪਾਇਆ ਜਾਂਦਾ। ਜੋ ਗੁਰ ਸਿਖਿਆ ਦੀ ਮਿਲੌਨੀ ਵਿਚ ਬੀਸ ਬਿਸਵੇ ਨਿਸਚੇ ਕਰਕੇ ਮਿਲੇ ਹਨ ਓਹ ਇਸ ਤਰਾਂ ਇਕ ਵਾਹਿਗੁਰੂ ਦਾ ਸਰੂਪ ਹੀ ਬਣ ਗਏ ਹਨ. ਓਹਨਾਂ ਗੁਰਮੁਖਾਂ ਅਤੇ ਵਾਹਿਗੁਰੂ ਵਿਚ ਕੋਈ ਦੂਸਰਾ ਭੇਦ ਨਾ ਰਿਹਾ ਇਕ ਰੂਪ ਹੋ ਗਏ।

ਕਬਿਤ–ਸਤਿਗੁਰ ਚਰਨ ਸ਼ਰਨ ਚਲ ਜਾਇ ਸਿਖ, ਚਰਨ ਸਰਨ ਤਾਕੀ ਜਗ ਚਲ ਆਵਈ॥ ਸਤਿਗੁਰ ਆਗਯਾ ਸਤਯ ਸਤਯ ਕਰ ਮਾਨੈ ਸਿਖ, ਆਗਯਾ ਤਾਹਿ ਸਕਲ ਸੰਸਾਰਹਿ ਹਿਤਾਵਈ॥ ਸਤਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ ਸਰਬ ਨਿਧਾਨ ਅੱਗ੍ਰ ਭਾਗ ਲਿਵਲਾਵਈ ॥ ਸਤਿਗੁਰ ਸੀਖਯਾ ਦੀਖਯਾ ਹਿਰਦੇ ਪ੍ਰਵੇਸ ਜਾਹਿ, ਤਾਂਕੀ ਸਿਖ ਸੁਨਤ ਪਰਮਪਦ ਪਾਵਈ॥ਪੜ॥੧੦੩॥

ਸਿਖ ਗੁਰੂ ਕੇ ਚਰਨਾਂ ਦੀ ਸ਼ਰਨ ਤੁਰਕੇ ਆਏ ਹਨ ਉਹ ਸਿਖ ਜਗਤ ਦੇ ਗੁਰੂ ਅਤੇ ਪੂਜਨੀਕ ਬਣ ਗਏ ਅਗੇ ਤਿਨਾਂ ਦੇ ਚਰਨਾਂ ਦੀ ਸ਼ਰਨ ਸੰਸਾਰ ਸਾਰਾ ਟੁਰਕੇ ਨੰਗੀ ਪੈਰੀਂ ਆਉਂਦਾ ਹੈ ਭਾਵ ਜਿਹੜੇ ਗੁਰਾਂ ਦੀ ਚਰਨੀ ਡਿਗੇ ਉਹਨਾਂ ਦੀ ਚਰਨੀ ਸਾਰਾ ਜਗਤ ਪਿਆ। ਸਿਖ ਗੁਰਾਂ ਦੀ ਆਗਿਆ ਮੰਨਦਾ ਹੈ ਉਸਦੀ ਆਗਿਆ ਸਾਰਾ ਸੰਸਾਰ ਪ੍ਰੇਮ ਕਰਕੇ ਮੰਨਦਾ ਹੈ । ਜੋ ਸਿਖ ਪ੍ਰੇਮ ਕਰਕੇ ਗੁਰਾਂ ਦੀ ਟਹਲ ਅਤੇ ਪੂਜਾ ਪ੍ਰਾਨਾਂ ਪਰਯੰਤ ਕਰਦਾ ਹੈ ਉਸ ਗੁਰੂ ਦੇ ਸਿਖ ਅਗੇ ਸਾਰੇ ਨਿਧੀਆਂ ਸਿਧੀਆਂ ਦੇ ਖਜ਼ਾਨੇ ਬ੍ਰਿਤੀ ਲਾ ਕੇ ਦੇਖਦੇ ਹਨ ਕਿ ਸਾਨੂੰ ਕਿਸ ਵਕਤ ਆਗਿਆ ਕਰਦੇ ਹਨ । ਜੋ ਸਿਖ ਉਸ ਸਿਖਿਆ ਨੂੰ ਧਾਰਨ ਕਰਦਾ ਹੈ ਤਿਸਦੀ ਸਿਖਿਆ ਸਾਰਾ ਸੰਸਾਰ ਸੁਣਕੇ (ਪਰਮ ਪਦ) ਵਾਹਿਗੁਰੂ ਨੂੰ ਪਾ ਲੈਂਦਾ ਹੈ ਵ ਉਚ ਪਦਵੀ ਵਾਹਿਗੁਰੂ ਦੀ ਪ੍ਰਾਪਤੀ ਪਾ ਲੈਂਦਾ ਹੈ।

ਕਬਿਤ–ਗੁਰ ਸਿਖ ਸਾਧ ਸੰਗ ਰੰਗ ਮੈਂ ਰੰਗੀਲੇ ਭਏ, ਬਾਰਨੀ ਬਿਰੰਧ ਰੰਗ ਸੰਗ ਮਿਲੇ ਰੰਗ ਹੈ॥ ਸੁਰਸਰੀ ਸੰਗਮ ਹ੍ਵੈ ਪ੍ਰਬਲ

ਪ੍ਰਵਾਹਿ ਲਿਵ, ਸਾਗਰ ਅਥਾਹ ਸਤਿਗੁਰ ਸੰਗ ਸੰਗ ਹੈ॥ ਚਰਨ ਕਮਲ ਮਕਰੰਦ ਨਿਹਚਲ ਚਿਤ, ਦਰਸ਼ਨ ਸੋਭਾ ਨਿਧ ਲਹਰ ਤਰੰਗ ਹੈ॥ ਅਨਹਦ ਸਬਦ ਕੈ ਸਰਬ ਨਿਧਾਨ ਦਾਨ, ਗਯਾਨ ਅੰਸ ਹੰਸ ਗਤਿ ਸੁਮਤਿ ਸੁਬੰਗ ਹੈ ॥੫੪॥੧੦੪॥

ਜਿਹੜੇ ਸਿਖ, ਹਿੰਦੂ ਮੁਸਲਮਾਨ ਗੁਰਾਂ ਦੀ ਸਾਧ ਸੰਗਤ ਵਿਚ ਆਏ ਹਨ ਓਹ ਰੰਗ ਵਿਚ ਰੰਗੀਲੇ ਹੋ ਗਏ ਜੈਸੇ (ਬਾਰਨੀ) ਸ਼ਰਾਬ (ਬਿਗੰਧ) ਖੋਟੀ ਸੁਗੰਧੀ ਵਾਲੀ ਗੰਗਾ ਨਦੀ ਦੇ (ਸੰਗ) ਸੰਗਮ ਨਾਲ ਮਿਲਕੇ ਗੰਗਾ ਰੂਪ ਹੋ ਗਈ। ਜਿਸ ਵਕਤ ਗੰਗਾ ਨਦੀ ਦਾ ਮਿਲਾਪ ਕੀਤਾ ਫਿਰ ਰੋੜੂ ਪਾਣੀ ਦੇ ਵਹਣ ਨਾਲ ਬ੍ਰਿਤੀ ਲਗਾਈ ਉਸ ਸ਼ਰਾਬ ਨੇ ਫਿਰ ਉਹ ਭਾਰੀ ਜੋਰਾਵਰ ਪਾਣੀ ਦੇ ਪ੍ਰਵਾਹ ਨਾਲ ਪ੍ਰੀਤੀ ਕੀਤੀ ਤਾਂ ਉਸ ਪ੍ਰਵਾਹ ਦਾ ਰੂਪ ਹੀ ਹੋ ਗਈ ਤਾਂ (ਸਾਗਰ) ਜੋ ਸਮੁੰਦਰ ਹੈ ਉਸ ਵਿਚ ਓਹ ਸ਼ਰਾਬ ਦਾ ਪਾਣੀ ਜਾ ਪਹੁੰਚਾ ਇਸੀ ਤਰਾਂ ਸਾਧ ਸੰਗਤ ਜੋ ਗੰਗਾ ਹੈ ਅਤੇ ਇਸ ਵਿਚ ਜੋ ਨਾਮ ਦਾ ਪ੍ਰਵਾਹ ਚਲ ਰਹਿਆ ਹੈ ਇਹਨਾਂ ਨੇ ਇਸ ਨਾਮ ਦੇ ਜਪਣ ਜਪਾਉਣ ਦੇ ਰਸਤੇ ਨੂੰ ਦਸਕੇ (ਸਾਗਰ) ਗੁਰੂ ਮਹਾਰਾਜ ਦੇ ਨਾਲ ਜੀਵ ਨੀਚ ਜਾਤੀ ਦੇ ਨੂੰ ਮਿਲਾ ਦਿਤਾ। ਪਹਿਲੇ ਪ੍ਰਵਾਹ ਵਿਚ ਚਲਿਆ ਅਤੇ ਸੋਭਾ ਨਿਧੀ ਸਮੁੰਦਰ ਦਾ ਦਰਸ਼ਨ ਕੀਤਾ ਸ਼ੋਭਾ ਦੇ ਨਿਧੀ ਗੁਰੂ ਸਾਗਰ ਜੋ ਹਨ ਇਹਨਾਂ ਦਾ ਦਰਸ਼ਨ ਕੀਤਾ ਅਤੇ ਨੀਵਾਂ ਕਿਹੜਾ ਚਲਿਆ ਕਿ ਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ) ਫੁਲਾਂ ਦੀ ਧੂੜੀ ਦੀ ਸੁਗੰਧੀ ਭਾਵ ਧੂੜੀ ਆਪਣੇ ਮਥੇ ਤੇ ਜਦ ਲਾਈ ਤਾਂ ਜਿਸ ਤਰਾਂ ਓਹ ਜਲ ਸਮੁੰਦਰ ਵਿਚ ਨਿਹਚਲ ਹੋ ਗਿਆ ਸੀ ਇਸੀ ਤਰਾਂ ਜੀਵ ਦਾ ਚਿਤ ਅਡੋਲ ਹੋ ਗਿਆ ਓਧਰ ਸਮੁੰਦਰ ਦੇ ਵਿਚ (ਲਹਿਰਾਂ) ਉਛੱਲਾਂ ਦੇ ਅਤੇ (ਤਰੰਗ) ਜੋ ਸੂਰਜ ਦੀ ਧੁਪ ਨਾਲ ਪਾਣੀ ਦੇ ਚਮਕਾਰ ਦਿਸਦੇ ਹਨ ਓਹਨਾਂ ਦਾ ਦਰਸ਼ਨ ਕੀਤਾ ਅਤੇ ਇਧਰ ਜਗਜਾਸੂ ਜਦ ਗੁਰਾਂ ਦੇ ਨਾਲ ਅਭੇਦ ਹੋਇਆ ਤਾਂ (ਲਹਿਰ) (ਤਰੰਗ) ਸ਼ਬਦ ਕੀਰਤਨ ਸੁਣਿਆਂ। ਸਤਿਗੁਰੂ ਸਮੁੰਦਰ ਦਾ ਅਨਾਹਦ (ਸ਼ਬਦ) ਕੀਰਤਨ ਸੁਨਣਾ ਕਰਦਾ ਹੈ ਜਿਸ ਤਰਾਂ ਸਮੁੰਦਰ ਸਾਰੇ ਖਜ਼ਾਨੇ ਉਸ ਸ਼ਰਾਬ ਦੇ ਪਾਣੀ ਨੂੰ ਦਾਨ ਕਰ ਦੇਂਦਾ ਹੈ ਇਸੀ ਤਰਾਂ ਸਤਿਗੁਰੂ ਆਪਣੇ ਸਿਖ ਨੂੰ ਸਭ ਸਿਧੀਆਂ ਰਿਧੀਆਂ ਦਾਨ ਕਰ ਦੇਂਦੇ ਹਨ। ਸਰੇਸ਼ਟ ਅਕਲ ਹੈ ਸਾਰਿਆਂ ਅੰਗਾਂ ਕਰਕੇ ਅਤੇ (ਗਯਾਨ ਅੰਸ) ਗਯਾਨ ਦੀ ਅੰਸ ਕਿਆ ਆਤਮ ਵਸ਼ੈਣੀ ਬੁਧੀ ਓਹ ਉਸ ਗੁਰੂ ਰੂਪੀ ਸਮੁੰਦਰ ਦੇ ਕਿਨਾਰੇ ਉਪਰ ਹੰਸ (ਗਤ) ਹੰਸਾਂ ਦੀ ਨਯਾਈਂ ਅਨੰਦ ਲੈਂਦੇ ਹਨ ਅਤੇ ਇਸੀ ਤਰਾਂ ਸਿਖ ਗੁਰਾਂ ਪਾਸ ਰਹਿਕੇ ਨਾਮ ਨੂੰ ਜਪਕੇ ਅਨੰਦ ਲੈਂਦੇ ਹਨ।

ਕਬਿਤ—ਗੁਰਮੁਖਿ ਮਾਰਗ ਹ੍ਵੈ ਦੁਬਿਧਾ ਭਰਮ ਖੋਏ, ਚਰਨ ਸਰਨ ਗਹੇ ਨਿਜ ਘਰ ਆਏ ਹੈਂ॥ ਦਰਸ ਦਰਸ ਦਿੱਬ ਦ੍ਰਿਸਟਿ

ਪ੍ਰਗਾਸ ਭਈ, ਅੰਮ੍ਰਿਤ ਕਟਾਖਸ਼ ਕੈ ਅਮਰਪਦ ਪਾਏ ਹੈਂ ॥ ਸਬਦ ਸੁਰਤ ਅਨਹਦ ਨਿਝਰ ਝਰਨ, ਸਿਮਰਨ ਮੰਤ੍ਰ ਲਿਵ ਉਨਮਨ ਛਾਏ ਹੈਂ ॥ ਮਨ ਬਚ ਕ੍ਰਮ ਹ੍ਵੈ ਇਕੱਤ੍ਰ ਗੁਰਮੁਖ ਸੁਖ, ਪ੍ਰੇਮ ਨੇਮ ਬਿਸਮ ਬਿਸ੍ਵਾਸ ਉਪਜਾਏ ਹੈਂ ॥ ੫੫ ॥ ੧੦੫ ॥

ਜੋ ਸਿਖ ਗੁਰਮੁਖਾਂ ਦੇ ਸਿਖਾਂ ਦੇ(ਮਾਰਗ) ਸਤਸੰਗ ਦੇ ਰਸਤੇ ਆਏਹਨ ਓਹਨਾਂ ਦਾ (ਦੁਬਿਧਾ) ਈਰਖਾ ਅਤੇ (ਭਰਮ)ਭਰਮਾਉਣਵਾਲਾ ਜੂਨੀਆਂ ਵਿਚ ਭਰਮ ਖੋਇਆ ਗਿਆ। ਗੁਰਾਂ ਦੇ ਚਰਨਾਂ ਦੀ ਸ਼ਰਨ (ਗਹੇ) ਪਕੜੀ ਅਤੇ ਗੁਰਮੁਖਾਂ ਦੇ ਰਸਤੇ ਆਏ ਓਹਨਾਂ ਦੀ ਦੁਬਿਧਾ ਅਤੇ ਭਰਮ ਨਾਸ ਹੋ ਗਿਆ ਅਤੇ (ਨਿਜ ਘਰ) ਅੰਤ੍ਰਮੁਖੀ ਬ੍ਰਿਤੀ ਹੋਈ ਹੈ। ਫਿਰ ਗੁਰਾਂ ਦੇ ਦਰਸ਼ਨ ਦਾ ਦਰਸ਼ਨ ਕਰਨ ਨਾਲ ਸੁਧ ਦ੍ਰਿਸ਼ਟੀ ਪ੍ਰਕਾਸ਼ ਹੋਈ ਹੈ। ਸਿਖ ਨੂੰ ਗੁਰਾਂ ਨੇ ਅਧਿਕਾਰੀ ਦੇਖਕੇ ਭਾਵ ਜੋ ਉਪਦੇਸ਼ ਦੀ ਲਾਇਕ ਦੇਖਕੇ ਅੰਮ੍ਰਿਤ ਕਟਾਖਸ਼ ਕ੍ਰਿਪਾ ਦ੍ਰਿਸ਼ਟੀ ਕੀਤੀ ਜੋ ਮਰੇ ਨਾ ਉਸ ਪਦਵੀ ਨੂੰ ਪਾ ਲਿਆ। ਜਦ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕੀਤੀ ਤਾਂ ਵਾਹਿਗੁਰੂ ਦਾ ਅਨੰਦ ਆਇਆ ਅਤੇ ਜਿਸ ਵਕਤ ਸਤਿਨਾਮ ਮੰਤ੍ਰ ਦਾ ਸਿਮਰਨ ਕੀਤਾ ਉਸਦੀ ਲਿਵ ਬ੍ਰਿਤੀ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ ਇਸਥਿਤ ਹੋ ਗਈ। ਜਿਸ ਨੇ ਸੁਖ ਰੂਪ ਵਾਹਿਗੁਰੂ ਵਿਚ ਰੋਜ਼ ਜਾਕੇ ਪ੍ਰੇਮ ਨਾਲ ਦਰਸਨ ਕਰਨ ਦਾ ਨੇਮ ਕੀਤਾ ਹੈ ਓਹਨਾਂ ਨੂੰ ਝੂਠੇ ਸੰਸਾਰ ਤੋਂ ਵਾਹਿਗੁਰੂ ਦਾ ਅਸਚਰਜ ਕਿਆ ਸਚਾ ਭਰੋਸਾ ਪ੍ਰਗਟ ਹੋ ਆਇਆ।

ਕਬਿਤ—ਗੁਰਮੁਖ ਆਪਾ ਖੋਇ ਜੀਵਨ ਮੁਕਤਿ ਗਤਿ, ਬਿਸਮ ਬਿਦੇਹ ਗੇਹ ਸਮਤਿ ਸੁਭਾਉ ਹੈ ॥ ਜਨਮ ਮਰਨ ਸਮ ਨਰਕ ਸੁਰਗ ਅਰ, ਪੁੰਨ ਪਾਪ ਸੰਪਤ ਬਿਪਤ ਚਿੰਤਾ ਚਾਉ ਹੈ ॥ ਬਨੁ ਗ੍ਰਿਹ ਜੋਗ ਭੋਗ ਲੋਗ ਬੇਦ ਗਜਾਨ ਧਜਾਨ, ਦੁਖ ਸੁਖ ਸੋਗਾਨੰਦ ਮਿਤ੍ਰ ਸੱਤ੍ਰ ਤਾਉ ਹੈ ॥ ਲੋਸਟ ਕਨਕ ਬਿਖ ਅੰਮ੍ਰਿਤ ਅਗਨ ਜਲ, ਸਹਜ ਸਮਾਧਿ ਉਨਮਨ ਅਨਰਾਉ ਹੈ ॥ ੫੬ ॥ ੧੦੬ ॥

ਜਿਨ੍ਹਾਂ ਨੇ ਗੁਰਾਂ ਦੁਆਰਾ ਹੰਕਾਰ ਨੂੰ ਖੋਇਆ ਉਹਨਾਂ ਨੂੰ ਹੀ ਜੀਵਨ ਮੁਕਤੀ ਪ੍ਰਾਪਤ ਹੋਈ ਜਿਨ੍ਹਾਂ ਨੇ ਘਰ ਵਿਚ ਰਹਿਕੇ ਹੀ (ਸਮਤਿ ਸੁਭਾਉ) ਸਮ ਸੁਭਾਉ ਰਖਿਆ ਹੈ ਐਸੀ ਜਿਨਾਂ ਦੀ ਬ੍ਰਿਤੀ ਵਾਹਿਗੁਰੂ ਵਲ ਲਗ ਗਈ ਹੈ ਅਰ ਓਸੇ ਦਾ ਹੀ ਰੂਪ ਸਾਰਾ ਬਣ ਗਏ ਹਨ। ਜੰਮਣ ਮਰਣ ਭੀ ਓਹਨਾਂ ਨੂੰ ਬਰਾਬਰ ਹੈ ਅਤੇ ਨਰਕ ਸੁਰਗ ਵੀ ਬਰਾਬਰ ਹੈ ਫਿਰ ਪੁੰਨ ਪਾਪ ਵੀ ਬਰਾਬਰ ਹੈ ਤੇ ਰਾਜ ਭਾਗ ਅਤੇ ਬਿਪਤਾ(ਰਾਜ ਭਾਗ ਦੂਰ ਹੋ ਜਾਣਾ)ਇਹ ਭੀ ਓਨਾਂ ਨੂੰ ਬਰਾਬਰ ਹੈ ਚਿੰਤਾ ਅਤੇ (ਚਾਉ) ਅਨੰਦ ਵੀ

ਬਰਾਬਰ ਹੈ । ਜੰਗਲ ਘਰ ਇਹ ਭੀ ਓਹਨਾਂ ਨੂੰ ਬਰਾਬਰ ਹਨ ਅਤੇ ਯੋਗ ਦੀ ਸਮਾਧੀ ਵਿਚ ਜੁੜਨਾ ਤੇ ਭੋਗਾਂ ਨੂੰ ਭੋਗਣਾ ਗ੍ਰਹਸਤ ਵਿਚ ਰਹਿਕੇ ਇਹ ਭੀ ਓਹਨਾਂ ਨੂੰ ਬਰਾਬਰ ਹਨ ਅਤੇ ਲੋਕ ਤੇ ਵੇਦ ਬਰਾਬਰ ਹਨ ਜਾਨਣਾ ਨਾ ਜਾਨਣਾ ਤੇ (ਧਜਾਨ) ਧਜਾਨ ਲਾਉਣਾ ਨਾ ਲਾਉਣਾ ਅਤੇ ਦੁਖ ਤੇ ਸੁਖ ਅਤੇ ਸ਼ੋਕ ਤੇ ਅਨੰਦ ਭੀ ਬਰਾਬਰ ਹਨ ਅਤੇ ਮਿਤ੍ਰ ਸ਼ਤ੍ਰ ਦਾ ਤਪਾਉਣਾ ਵੀ ਬਰਾਬਰ ਹੈ। ਇਕੋ ਜਿਹਾ ਸੁਭਾਉ ਰਖਣਾ ਹੈ। (ਲੋਸਟ) ਲੋਹਾ ਸੋਨਾ ਭੀ ਬਰਾਬਰ ਹੈ ਅਤੇ ਵਿਖ ਤੇ ਅੰਮ੍ਰਿਤ ਵੀ ਬਰਾਬਰ ਹੈ ਅਤੇ ਅਗਨੀ ਤੇ ਪਾਨੀ ਭੀ ਉਹਨਾਂ ਨੂੰ ਬਰਾਬਰ ਹੈ ਇਹ ਗਿਆਨਵਾਨ ਦੀ ਦ੍ਰਿਸ਼ਟੀ ਹੈ (ਉਨਮਨ) ਤੁਰੀਆ ਪਦ ਵਾਹਿਗੁਰੂ ਦੀ ਸਮਾਧੀ ਵਿਚ ਸਹਜੇ ਹੀ (ਅਨੁਰਾਉ) ਪ੍ਰੇਮ ਕਰਕੇ (ਮਗਨ) ਮਸਤ ਹੋਏ ਰਹਿੰਦੇ ਹਨ।

ਕਬਿਤ—ਸਫਲ ਜਨਮ ਗੁਰਮੁਖ ਹ੍ਵੈ ਜਨਮ ਜੀਤਯੋ, ਚਰਨ ਸਫਲ ਗੁਰ ਮਾਰਗ ਰਵਨ ਕੈ ॥ ਲੋਚਨ ਸਫਲ ਗੁਰ ਦਰਸਾਵਿਲੋਕਨ ਕੈ, ਮਸਤਕ ਸਫਲ ਰਜ ਪਦ ਗਵਨ ਕੈ ॥ ਹਸਤ ਸਫਲ ਨਮ ਸਤਿਗੁਰ ਬਾਨੀ ਲਿਖੇ, ਸੁਰਤ ਸਫਲ ਗੁਰ ਸਬਦ ਸ੍ਰਵਨ ਕੈ ॥ ਸੰਗਤਿ ਸਫਲ ਗੁਰ ਸਿਖ ਸਾਧ ਸੰਗਮ ਕੈ, ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭਵਨ ਕੈ ॥ ੫੭ ॥ ੧੦੭ ॥

ਗੁਰਮੁਖਾਂ ਨੇ ਗੁਰਾਂ ਦਵਾਰੇ ਹੋਕੇ ਜਨਮ ਮਰਨ ਨੂੰ ਜਿਤ ਲਿਆ । ਚਰਨ ਓਹਨਾਂ ਗੁਰਮੁਖਾਂ ਨੇ ਸਫਲ ਕੀਤੇ ਹਨ ਜੋ ਸਾਧ ਸੰਗਤ ਦੇ ਰਸਤੇ ਚਲਨਾ ਕੀਤਾ ਹੈ। (ਲੋਚਨ) ਨੇਤ੍ਰ ਸਫਲ ਕੀਤੇ ਹਨ ਗੁਰਾਂ ਦਾ ਦਰਸ਼ਨ ਕਰਕੇ ਅਤੇ ਜਿਸ ਜਗ੍ਹਾ ਗੁਰਮੁਖਾਂ ਨੇ (ਪਦ) ਚਰਨਾਂ ਕਰਕੇ ਜਾਣਾ ਕੀਤਾ ਹੈ ਉਸ ਥਾਂ ਦੀ ਧੂੜੀ ਮਥੇ ਤੇ ਲਾਉਣ ਨਾਲ ਮੱਥਾ ਸਫਲ ਕੀਤਾ ਹੈ। ਹੱਥ ਸਫਲ ਕੀਤੇ ਹਨ ਗੁਰਾਂ ਨੂੰ (ਨਮ) ਨਮਸ਼ਕਾਰ ਕਰਨ ਨਾਲ ਵਾ (ਗੁਰ ਬਾਣੀ) ਗੁਰੂ ਦੀ ਉਚਾਰੀ ਹੋਈ ਬਾਨੀ ਲਿਖਣ ਨਾਲ ਹੱਥ ਸਫਲ ਕੀਤੇ ਹਨ ਜੈਸੇ ਆਪ ਨੇ ਵੀ ਗੁਰੂ ਗ੍ਰੰਥ ਸਾਹਿਬ ਜੀ ਪਹਿਲੇ ਗੁਰੂ ਅਰਜਨ ਸਾਹਿਬ ਜੀ ਦੇ ਮੁਖ ਦੁਆਰਾ ਉਚਰਿਆ ਹੋਇਆ ਲਿਖਿਆ ਸੀ ਅਤੇ (ਸੁਰਤ) ਕੰਨ ਇਹ ਸਫਲ ਕੀਤੇ ਹਨ ਗੁਰਾਂ ਦਾ ਉਪਦੇਸ਼ ਵ ਸ਼ਬਦ ਕੀਰਤਨ (ਸ੍ਰਵਨ ਕੈ) ਸੁਣਨ ਕਰਕੇ। ਓਨਾਂ ਦੀ ਸੰਗਤ ਵੀ ਸਫਲੀ ਹੈ ਜੋ ਸ੍ਰੇਸ਼ਟ ਗੁਰੂ ਕੇ ਸਿਖਾਂ ਦੀ ਸੰਗਤ ਕਰਦੇ ਹਨ. ਪ੍ਰੇਮ ਦਾ ਨਿਯਮ ਕਰਦੇ ਹਨ 'ਫਲ ਉਸ ਪ੍ਰੇਮ ਨੇਮ ਦਾ' ਜੋ ਉਹਨਾਂ ਨੂੰ ਤਿੰਨਾਂ ਸਮਿਆਂ ... ਤਿੰਨਾਂ ਭਵਨਾਂ ਦੀ ਅੰਤ੍ਰਯਾਮਤਾ ਹੋਈ ਹੈ।

ਕਬਿਤ—ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ, ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈਂ ॥ ਭੈ ਜਲ ਭਯਾਨਕ ਲਹਰ ਨ ਬਿਆਪ ਸਕੈ,

ਦੁਬਿਧਾ ਨਿਵਾਰ ਏਕ ਟੇਕ ਠਹਿਰਾਨੇ ਹੈਂ ॥ ਦ੍ਰਿਸ਼ਟਿ ਸਬਦ ਸੁਰਤਿ ਬਰਜ ਬਿਸਰਜਤ, ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰ ਆਨੇ ਹੈਂ ॥ ਜੀਵਨ ਮੁਕਤਿ ਜਗ ਜੀਵਨ ਜੀਵਨ ਮੂਲ, ਆਪਾ ਖੋਇ ਹੋਇ ਅਪਰੰਪਰ ਪਰਾਨੇ ਹੈਂ ॥੫੮॥੧੦੮॥

ਸਿਖ ਭੌਰੇ ਵਤ ਗੁਰਾਂ ਦੇ ਚਰਨ ਕਮਲਾਂ ਦੀ ਪ੍ਰੇਮਾਂ ਭਗਤੀ ਵਿਚ ਲਗੇ ਹੋਏ ਨੇ ਸੋ (ਸਹਜ) ਅਫੁਰ ਵਾਹਿਗੁਰੂ ਸੁਖ ਰੂਪ ਵਿਚ ਸਮਾਧੀ ਲਾ ਕੇ ਸਮਾਏ ਰਹਿੰਦੇ ਹਨ। ਗੁਰਾਂ ਦੇ ਚਰਨ ਕਮਲਾਂ ਦੀ ਪ੍ਰੇਮਾ ਭਗਤੀ ਵਿਚ ਲੁਭਾਇਮਾਨ ਹੋਇਆਂ ਅਤੇ ਉਹ ਸੁਖ ਰੂਪ ਡਬਾ ਜੋ ਹੈ ਉਸ ਵਿਚ ਅਫੁਰ ਸਮਾਧੀ ਲਾਇਆਂ ਹੋਇਆਂ (ਜਲ)ਪਦਾਰਥ ਸੰਸਾਰ ਦੇ ਡਰ ਵਾਲੇ ਡਰਾ ਨਹੀਂ ਸਕਦੇ ਅਤੇ (ਲਹਿਰਾਂ) ਤ੍ਰਿਸ਼ਨਾਂ ਡਰ ਵਾਲੀਆਂ ਚੰਮੜ ਨਹੀਂ ਸਕਦੀਆਂ, ਦੋ ਵਿਧੀਆਂ ਵਾਲੇ ਸੰਸਾਰ ਨੂੰ ਮਨ ਵਿਚੋਂ ਹਟਾਕੇ ਅਤੇ ਇਕ ਓਟ ਦ੍ਰਿੜਤਾ ਲਿਆਏ ਨੇ। ਨਜ਼ਰ ਵੀ ਦ੍ਵੈਤ ਭਾਵ ਵਾਲੀ ਰੋਕ ਦਿਤੀ ਹੈ ਸੁਰਤ ਕੰਮ ਜੋ ਨੇ ਇਹਨਾਂ ਨੂੰ (ਸ਼ਬਦ) ਖਿਆਲ ਮਾੜਿਆਂ ਗਾਉਣਾਂ ਵਲੋਂ ਰੋਕ ਰਖਿਆ ਹੈ ਅਤੇ ਗੁਰਾਂ ਦੇ ਉਪਦੇਸ਼ ਵਿਚ ਲਗਾਇਆ ਹੈ। ਜੋ ਵਾਹਿਗੁਰੂ ਜੀਵਾਂ ਦਾ ਕਾਰਨ ਭਾਵ ਜੀਵਾਂ ਦੇ ਜੀਵਾਵਨ ਦੀ ਜੀਵਨ ਬੂਟੀ ਰੂਪ ਕਾਰਨ ਹੈ ਅਤੇ ਜੋ (ਅਪਰੰਪਰ) ਸੰਸਾਰ ਦਾ ਪਰਾ ਰੂਪ ਹੈ ਐਸਾ ਜੋ ਵਾਹਿਗੁਰੂ ਹੈ ਉਸਦੇ ਆਸਰੇ ਹੋਏ ਹਨ ਅਤੇ ਹੰਕਾਰ ਨੂੰ ਦੂਰ ਕਰ ਦਿਤਾ ਹੈ ਓਹ ਗੁਰਮੁਖ ਜੀਵਨ ਮੁਕਤੀ ਦਾ ਅਨੰਦ ਲੈਂਦੇ ਹਨ।

ਕਬਿਤ—ਸਰਿਤਾ ਸਰੋਵਰ ਸਲਿਲ ਮਿਲ ਏਕ ਭਏ, ਏਕ ਸੈਂ ਅਨੇਕ ਹੋਤ ਕੈਸੇ ਨਿਰਵਾਰੇ ਜੀ ॥ ਪਾਨ ਚੂਨਾ ਕਾਥਾ ਸੁਪਾਰੀ ਖਾਏ ਸੁਰੰਗ ਭਏ, ਬਹੁਰ ਨ ਚਤਰ ਬਰੱਨ ਬਿਸਤਾਰੇ ਜੀ ॥ ਪਾਰਸ ਪਰਸ ਹੋਤ ਕਨਿਕ ਅਨਿਕ ਧਾਂਤ, ਕਨਿਕ ਸੈਂ ਅਨਿਕ ਨ ਹੋਤ ਗੋਤਾਚਾਰੇ ਜੀ ॥ ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ, ਭਗਤਿ ਜਗਤ ਪਤਿ ਬਿਸਮ ਬਿਚਾਰੇ ਜੀ ॥੫੯॥੧੦੯॥

ਜੈਸੇ ਨਦੀ ਅਤੇ ਤਲਾਉ ਦਾ ਜਲ ਮਿਲਕੇ ਇਕ ਰੂਪ ਹੋ ਗਿਆ ਤਾਂ ਓਹਨਾਂ ਦੇ ਜਲ ਨੂੰ ਅਤੇ ਓਹਨਾਂ ਦੋਹਾਂ ਨੂੰ ਵਖਰਾ ਕਰਨਾ ਚਾਹੀਏ ਤਾਂ ਵਖਰੇ ਨਹੀਂ ਹੋ ਸਕਦੇ ਓਹਨਾਂ ਦੋਹਾਂ ਨੂੰ ਇਕ ਸੇ ਵਖੋ ਵਖ ਕਰੇ ਖਾਂ ਭਲਾ, ਸੋ ਓਹ ਅਨੇਕ ਰੂਪ ਕੈਸੇ ਹੋ ਸਕਦੇ ਹਨ ਇਸੀਤਰਾਂ ਭਗਤ ਹਰੀ ਨਾਲੋਂ ਵਖਰੇ ਨਹੀਂ ਹੋ ਸਕਦੇ। ਜੈਸੇ ਪਾਨ ਅਤੇ (ਚੂਨਾ) ਕਾਥਾ ਤੇ ਸੁਪਾਰੀ ਜੋ ਹਨ ਇਹ ਚੌਹਾਂ ਨੂੰ ਮਿਲਾਕੇ ਪਾਨ ਬੀੜਾ ਬਣਾ ਕੇ

ਖਾਈਏ ਤਾਂ ਬੜਾ ਅੱਛਾ ਰੰਗ ਹੁੰਦਾ ਹੈ ਬੜਾ ਗਾੜ੍ਹਾ ਰੰਗ ਹੋ ਜਾਂਦਾ ਹੈ ਫਿਰ ਚਵਾਂ ਰੰਗਾਂ ਨੂੰ ਵਖੋ ਵਖ ਕਰੋ ਖਾਂ ਵਖ ਹੋ ਸਕਦੇ ਹਨ ? ਜੈਸੇ ਪਾਰਸ ਨੂੰ ਛੋਹ ਕਰਕੇ ਅਨੇਕਾਂ ਧਾਤੂਆਂ ਪਿੱਤਲ ਆਦਿਕ ਸੋਨਾਂ ਹੋ ਜਾਂਦੀਆਂ ਹਨ ਤਾਂ ਫਿਰ ਉਸ ਸੋਨੇ ਨਾਲੋਂ ਓਹ ਜੋ ਅਨੇਕ ਧਾਤੂਆਂ ਦਾ (ਗੋਤਾ ਚਾਰ) ਜਾਤੀਆਂ ਓਹਨਾਂ ਦੀਆਂ ਸਨ ਸੋ ਪਛਾਣ ਕਰੋ ਖਾਂ ਕਰੀ ਜਾਂਦੀ ਹੈ ? ਜਿਸਤਰਾਂ ਚੰਦਨ ਦੀ ਵਾਸ਼ਨਾ ਨਾਲ ਬਨਾਸਪਤੀ ਵਾਸ਼ਨਾਂ ਵਾਲੀ ਹੁੰਦੀ ਹੈ ਇਸੀਤਰਾਂ ਭਗਤ ਅਤੇ (ਜਗਤ ਪਤਿ) ਗੁਰੂ ਨਾਨਕ, ਇਕ ਰੂਪ ਹਨ ਇਹ ਅਸਚਰਜ ਵਿਚਾਰ ਹੈ ਸੋ ਤੁਸੀਂ ਵਿਚਾਰੋ ਜੀ ।

ਕਬਿਤ—ਚਤਰ ਬਰਨ ਮਿਲ ਸੁ ਰੰਗ ਤੰਬੋਲ ਰਸ, ਗੁਰ ਸਿਖ ਸਾਧ ਸੰਗ ਰੰਗ ਮੈਂ ਰੰਗੀਲੇ ਹੈਂ ॥ ਖਾਂਡ ਘ੍ਰਿਤ ਚੂਨ ਜਲ ਮਿਲੇ ਬਿੰਜਨਾਦਿ ਸ੍ਵਾਦ, ਪ੍ਰੇਮ ਰਸ ਅੰਮ੍ਰਿਤ ਮੈਂ ਰਸਕ ਰਸੀਲੇ ਹੈਂ ॥ ਸਕਲ ਸੁਗੰਧ ਸਨਬੰਧ ਅਰਗਜਾ ਹੋਇ, ਸਬਦ ਸੁਰਤਿ ਲਿਵ ਬਾਸਨਾ ਬਸੀਲੇ ਹੈਂ ॥ ਪਾਰਸ ਪਰਸ ਜੈਸੇ ਕਨਕ ਅਨਿਕ ਧਾਤ, ਦਿਬ੍ਯ ਦੇਹ ਮਨ ਉਨਮਨ ਉਨਮੀਲੇ ਹੈਂ ॥ ੯੦ ॥ ੧੧੦ ॥

ਚਾਰ ਰੰਗ ਰਲਕੇ ਚੰਗੇ ਰੰਗ ਵਾਲਾ ਪਾਨ ਬੀੜਾ ਬਣਿਆਂ ਸੀ ਇਸੀਤਰਾਂ ਗੁਰੂ ਕੇ ਸਿਖਾਂ ਦੀ ਜੋ ਸਾਧ ਸੰਗਤ ਹੈ ਪ੍ਰੇਮ ਕਰਕੇ ਰੰਗ ਵਾਲੇ ਹੋਏ ਰਹਿੰਦੇ ਹਨ । ਜੈਸੇ ਖੰਡ ਘਿਓ ਅਤੇ ਆਟਾ ਤੇ ਪਾਣੀ ਇਹ ਚਾਰੇ ਮਿਲਕੇ ਭੋਜਨ ਆਦਿਕ ਕੜਾਹ ਪ੍ਰਸ਼ਾਦ ਸ੍ਵਾਦ ਵਾਲਾ ਹੁੰਦਾ ਹੈ ਇਸੀ ਤਰਾਂ ਜੋ ਪ੍ਰੇਮ ਰਸ ਅੰਮ੍ਰਿਤ ਵਿਚ (ਰਸਕ) ਤਦਾਕਾਰ ਚੰਗੀ ਤਰਾਂ ਲਗੇ ਹੋਏ ਨੇ ਓਹ (ਰਸੀਲੇ) ਸੁੰਦਰ ਅਨੰਦ ਲੈਣ ਵਾਲੇ ਹੋਏ ਹਨ । ਬਹੁਤੀਆਂ ਵਾਸ਼ਨਾਂ ਕਠੀਆਂ ਕਰੀਏ ਤਾਂ ਉਸਦਾ ਨਾਮ ਅਰਗਜਾ ਬੋਲਦੇ ਹਨ ਇਸੀ ਤਰਾਂ ਜੋ ਗੁਰਾਂ ਦੇ ਉਪਦੇਸ਼ ਦੀ ਗਜਾਨ ਵਿਚ ਪ੍ਰੀਤੀ ਲਗਾਉਂਦੇ ਹਨ ਓਹਨਾਂ ਦੇ ਜੋ ਵਾਸ਼ਨਾਂ ਤ੍ਰਿਸ਼ਨਾਂ ਆਦਿਕ (ਬਸੀਲੇ) ਵਸੀਕਾਰ ਹੋਈਆਂ ਹੈਨ ਏਹੋ ਹੀ ਓਹਨਾਂ ਨੂੰ ਗਾਹੜਾ ਰੰਗ ਹੈ । ਜੈਸੇ ਪਾਰਸ ਨੂੰ ਛੋਹ ਕਰਕੇ ਅਨੇਕ ਧਾਤਾਂ ਸੋਨਾ ਹੋ ਜਾਂਦੀਆਂ ਹਨ ਭਾਵ ਗੁਰਾਂ ਨਾਲ ਮਿਲਕੇ ਨੀਚ ਜਾਤਾਂ ਉੱਤਮ ਹੋ ਸਕਦੀਆਂ ਹਨ ਜਦ ਗੁਰਾਂ ਦੀ ਸਿਖਿਆ ਲਈ ਗੁਰਾਂ ਨਾਲ ਮਿਲਕੇ ਤਾਂ ਸ਼ੁਧ ਦੇਵਤਿਆਂ ਵਾਲੀ ਦੇਹ ਹੋ ਗਈ ਪਰ ਪਹਿਲੇ ਮਨ ਨੂੰ ਉਲਟਾਇਆ ਸੰਸਾਰ ਵਲੋਂ ਤੇ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ ਦਿਨੇ ਰਾਤ ਮਿਲੇ ਰਹਿੰਦੇ ਹਨ ।

ਗੁਰਮੁਖ ਤਾਂ ਉਸ ਵਾਹਿਗੁਰੂ ਵਿਚ ਸਮਾਏ ਰਹਿੰਦੇ ਹਨ ਤੇ ਮਨਮੁਖਾਂ ਦਾ ਕੀ ਕਸੂਰ ਹੈ ਜੋ ਬਾਹਰ ਭਟਕਦੇ ਫਿਰਦੇ ਹਨ ?

ਕਬਿਤ—ਪਵਨ ਗਵਨ ਜੈਸੇ ਗੁਡੀਆ ਉਡਤ ਰਹੈ, ਪਵਨ

ਰਹਤ ਗੁੱਡੀ ਉੱਡ ਨਾ ਸਕਤ ਹੈ॥ ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ, ਤਾਉ ਹਾਉ ਮਿਟੈ ਗਿਰ ਪਰੈ ਹੈ ਥਕਤ ਹੈ॥ ਕੰਚਨ ਅਸੁਧ ਜਸੋਂ ਕੁਠਾਰੀ ਠਹਿਰਾਤ ਨਾਹੀਂ, ਸੁਧ ਭਏ ਨਿਹਚਲ ਛਬਿ ਕੈ ਛਕਤ ਹੈ॥ ਦੁਰਮਤਿ ਦੁਬਿਧਾ ਭ੍ਰਮਤ ਹੈ ਚਤਰ ਕੂੰਟ, ਗੁਰਮਤਿ ਏਕ ਟੇਕ ਮੌਨ ਨ ਬਕਤ ਹੈ॥ ੬੧॥ ੧੧੧॥

ਜੈਸੇ ਪੌਣ ਦੇ ਚਲਣੇ ਕਰਕੇ ਗੁੱਡੀ ਉਡਦੀ ਰਹਿੰਦੀ ਹੈ ਅਤੇ ਪੌਣ ਨਾ ਹੋਵੇ ਤਾਂ ਗੁੱਡੀ ਉਡ ਨਹੀਂ ਸਕਦੀ। ਜੈਸੇ ਡੋਰੀ ਦੀ ਮਰੋੜੀ ਨਾਲ ਲਾਟੂ ਫਿਰਦਾ ਰਹਿੰਦਾ ਹੈ ਅਤੇ ਵਟ ਦਾ ਤਾਉ ਦਿਤਾ ਹੋਇਆ ਜੋਰ ਨਾਲ ਓਹ ਲਥ ਜਾਵੇ ਤਾਂ ਥਕਕੇ ਡਿਗ ਪੈਂਦਾ ਹੈ। ਸੁਨਿਆਰੇ ਜਦ ਸੋਨੇ ਨੂੰ ਕੁਠਾਲੀ ਵਿਚ ਪਾ ਕੇ ਗਾਲਣ ਲਗਦੇ ਹਨ ਤਾਂ ਜੈਸਾ ਸੋਨਾ ਖੋਟਾ ਕੁਠਾਲੀ ਵਿਚ ਖਲੋਂਦਾ ਨਹੀਂ ਹੈ ਅਤੇ ਜਦ ਗਲਕੇ ਸੁੱਧ ਬਾਰਾਂ ਵੰਨੀਆਂ ਦਾ ਹੋ ਜਾਂਦਾ ਹੈ ਤਾਂ ਨਿਹਚਲ ਹੋ ਜਾਂਦਾ ਹੈ ਉਸਦੀ ਦਮਕ ਚਮਕ ਹੈ ਉਸ ਕਰਕੇ ਪ੍ਰਸੰਨ ਭਾਵ ਸੁਭਾਇਮਾਨ ਹੋਂਦਾ ਹੈ। ਇਸੀਤਰਾਂ ਖੋਟੀ ਅਕਲ ਕਰਕੇ ਦੋ ਬਿਧੀਆਂ ਵਾਲੇ ਸੰਸਾਰ ਦੀਆਂ ਚਹੁੰਆਂ ਕੂੰਟਾਂ ਵਿਚ ਮਨਮੁਖ ਭਟਕਦਾ ਫਿਰਦਾ ਹੈ, ਇਹ ਮਨਮੁਖਾਂ ਵਿਚ ਕਸੂਰ ਹੈ ਜਿਨ੍ਹਾਂ ਗੁਰਮੁਖਾਂ ਨੇ ਸਤਿਗੁਰਾਂ ਦਾ ਆਸਰਾ ਲਿਆ ਹੈ ਇਸੀ ਵਾਸਤੇ (ਮੌਨ) ਚੁਪ ਰਹਿੰਦੇ ਹਨ ਤੇ ਐਵੇਂ ਮਾੜੇ ਬਚਨ ਰਸਨਾ ਕਰਕੇ ਬੋਲਦੇ ਨਹੀਂ ਹਨ।

ਕਬਿਤ—ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ, ਪਰਮਦ ਭੁਤਿ ਗਤਿ ਆਤਮ ਤਰੰਗ ਹੈ॥ ਇਤ ਤੇ ਦ੍ਰਿਸ਼ਟਿ ਸੁਰਤਿ ਸਬਦ ਬਿਸਰਜਤ, ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ॥ ਦੇਖੈ ਸੋ ਦਿਖਾਵੈ ਕੈਸੇ ਸੁਨੈ ਸੋ ਸੁਨਾਵੈ ਕੈਸੇ, ਚਾਖੈ ਸੋ ਬਤਾਵੈ ਕੈਸੇ ਰਾਗ ਰਸ ਰੰਗ ਹੈ॥ ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹ੍ਵੈ, ਹੇਰਤ ਹਿਰਾਨੀ ਬੂੰਦ ਸਾਗਰ ਸੁਬੰਗ ਹੈ॥ ੬੨॥ ੧੧੨॥

ਗੁਰਾਂ ਦੇ ਚਰਨ ਕਮਲਾਂ ਦਾ ਜੋ ਪ੍ਰੇਮ ਰਸ ਅੰਮ੍ਰਿਤ ਦਾ ਸਮੁੰਦਰ ਹੈ ਉਸਨੂੰ ਪੀਕੇ ਪੂਰਨ ਪ੍ਰਸੰਨ ਹੋਏ ਹਨ ਇਸੀ ਵਾਸਤੇ ਓਹਨਾਂ ਗੁਰਮੁਖਾਂ ਦੀ ਪਰਮ ਅਦਿਭੁਤ ਰੀਤੀ ਹੈ ਭਾਵ ਵਾਹਿਗੁਰੂ ਨਾਲੋਂ ਆਪਣੇ ਆਪ ਨੂੰ ਛੋਟਾ ਸਮਝਿਆ ਇਹ ਆਤਮਕ ਰੰਗ ਹੈ। ਇਸ ਸੰਸਾਰ ਵਲੋਂ ਦ੍ਰਿਸ਼ਟੀ (ਸੁਰਤ) ਕੰਮ ਬਾਣੀ ਰੋਕ ਲਈ ਅਤੇ ਉਸ ਵਾਹਿਗੁਰੂ ਦੇ (ਪਰਾਇਣ) ਵਲ ਹੋਕੇ ਸੰਸਾਰ ਦੇ ਜੀਵਾਂ ਨੂੰ ਕਥਾ ਕੀਰਤਨ ਦੇ ਪ੍ਰਸੰਗ ਸੁਣਾਂਦੇ ਹਨ। ਰੰਗ—ਦੇਖੈ ਸੋ ਦਿਖਾਵੇ ਕੈਸੇ ਰਾਗ—ਸੁਨੈ ਸੋ ਸੁਨਾਵੈ ਕੈਸੇ ਰਸ—ਚਾਖੈ ਸੋ

ਬਤਾਵੇ ਕੈਸੇ ਇਹ ਅਨੰਦ ਹੋਰ ਨੂੰ ਨਹੀਂ ਮਿਲਦਾ। ਉਸ ਬਿਨੋਦ ਅਨੰਦ ਦੀ ਅਕਥ ਕਥਾ ਹੈ ਉਸਨੂੰ ਲੈ ਕੇ ਓਹਨਾਂ ਦੇ ਅੰਗ ਅੰਗ ਇਸਥਿਤ ਹੋ ਗਏ ਨੇ ਜਿਸਤਰਾਂ ਸਾਰਿਆਂ ਅੰਗਾਂ ਕਰਕੇ ਸਮੁੰਦਰ ਨੂੰ ਵੇਖਕੇ ਬੂੰਦ ਸਮੁੰਦਰ ਦਾ ਹੈਰਾਨ ਹੋਕੇ ਰੂਪ ਹੀ ਹੋ ਗਈ ਇਸੀ ਤਰਾਂ ਆਤਮਾ ਰੂਪੀ ਸਮੁੰਦਰ ਨੂੰ ਜੀਵ ਰੂਪੀ ਬੂੰਦ (ਹੈਰਤ) ਦੇਖਕੇ ਹੈਰਾਨ ਹੋ ਗਈ।

ਕਬਿਤ—ਸਾਧ ਸੰਗ ਗੰਗ ਮਿਲ ਸ੍ਰੀ ਗੁਰ ਸਾਗਰ ਮਿਲੇ, ਗਯਾਨ ਧਯਾਨ ਪਰਮ ਨਿਧਾਨ ਲਿਵਲੀਨ ਹੈ॥ਚਰਨ ਕਮਲ ਮਕਰੰਦ ਮਧੁਕਰ ਗਤਿ, ਚੰਦ੍ਰਮਾ ਚਕੋਰ ਗੁਰ ਧਯਾਨ ਰਸ ਭੀਨ ਹੈ॥ ਸਬਦ ਸੁਰਤ ਮੁਕਤਾਹਲ ਅਹਾਰ ਹੰਸ, ਪ੍ਰੇਮ ਪਰਮਾਰਥ ਬਿਮਲ ਜਲ ਮੀਨ ਹੈ॥ ਅੰਮ੍ਰਿਤ ਕਟਾਖਸ਼ ਅਮਰਾਪਦ ਕ੍ਰਿਪਾ ਕ੍ਰਿਪਾਲ, ਕਮਲ ਕਲਪਤਰੁ ਕਾਮਧੈਨਾਧੀਨ ਹੈ॥ ੬੩॥੧੧੩॥

ਜਿਹੜਾ ਜਲ ਗੰਗਾ ਨਾਲ ਮਿਲਿਆ ਓਹ ਸਮੁੰਦਰ ਵਿਚ ਜਾ ਪਿਆ. ਇਸੀ ਤਰਾਂ ਸਾਧ ਸੰਗਤ ਗੰਗਾ ਵਿਚ ਜੋ ਜੀਵ ਮਿਲੇ ਹਨ ਓਹ ਗੁਰੂ ਰੂਪੀ ਸਮੁੰਦਰ ਵਿਚ ਜਾ ਮਿਲੇ ਹਨ। ਗਯਾਨਾ ਧਯਾਨਾ ਰੂਪੀ ਜੋ (ਪਰਮ) ਉਤਕ੍ਰਿਸ਼ਟ ਅਛੇ ਨਿਧਾਨ ਖਜ਼ਾਨੇ ਹਨ ਸੋ ਬ੍ਰਿਤੀ ਲਾਕੇ ਮਗਨ ਰਹਿੰਦੇ ਹਨ। ਇਸੀਤਰਾਂ ਗੁਰੂ ਜੋ ਸਮੁੰਦਰ ਹਨ ਉਹਨਾਂ ਦੇ ਚਰਨ ਕਮਲਾਂ ਦੀ ਵਾਸ਼ਨਾ ਭਗਤੀ ਵ ਧੂੜੀ ਲੈਣ ਵਾਸਤੇ ਭੌਰੇ ਵਾਂਗੂੰ ਸਿਖ ਪ੍ਰਾਪਤ ਹੋਕੇ ਅਨੰਦ ਲੈਂਦੇ ਹਨ। ਚਕੋਰ ਚੰਦ੍ਰਮਾਂ ਨੂੰ ਧਯਾਨ ਲਾ ਕੇ ਵੇਖਦਾ ਹੈ ਪ੍ਰੇਮ ਵਿਚ ਭਿਜਾ ਹੋਇਆ ਇਸਤਰਾਂ ਗੁਰੂ ਜੋ ਸਮੁੰਦਰ ਹਨ ਤਿਨਾਂ ਵਿਚੋਂ ਜੋ ਵਿਰਾਗ ਨਿਕਲਿਆ ਹੈ ਉਸਦਾ ਸਿਖ ਧਯਾਨ ਕਰਦੇ ਹਨ ਅਤੇ ਪ੍ਰੇਮ ਵਿਚ ਭਿਜੇ ਰਹਿੰਦੇ ਹਨ। ਗੁਰਾਂ ਦੇ ਉਪਦੇਸ਼ ਦੀ ਗਿਆਤ ਕਰਨੀ ਹੈ ਇਸ ਕਰਕੇ ਦੈਵੀ ਸੰਪਦਾ ਦੇ ਗੁਣ ਗ੍ਰਹਨ ਕਰਦੇ ਹਨ ਪ੍ਰੇਮੀ ਜਨ ਮੱਛ ਹਨ ਅਤੇ ਸਿਧਾਂਤ ਵਿਚਾਰ ਨਿਰਮਲ ਜਲ ਨਾਮ ਹੈ। ਹੰਸਾਂ ਦਾ ਖਾਣਾ ਮੋਤੀ ਹੈ। ਜਦ ਕ੍ਰਿਪਾਲੂ ਗੁਰਾਂ ਨੇ ਅੰਮ੍ਰਿਤ ਰੂਪੀ ਕ੍ਰਿਪਾ ਦੀ ਭਰੀ ਹੋਈ ਦ੍ਰਿਸ਼ਟੀ ਕੀਤੀ ਤਾਂ (ਅਮਰਾਪਦ) ਜੋ ਨਾ ਮਰੇ ਪਾ ਲਿਆ ਅਤੇ (ਕਮਲ) ਲਛਮੀ ਅਤੇ ਕਲਪ ਬ੍ਰਿਛ ਕਾਮਧੇਨ ਗਊ ਆਦਿਕ ਸਭ (ਅਧੀਨ) ਵਸੀਕਾਰ ਹੋ ਗਈਆਂ।

ਕਬਿਤ—ਏਕ ਬ੍ਰਹਮੰਡ ਕੇ ਬਿਥਾਰ ਕੀ ਅਪਾਰ ਕਥਾ, ਕੋਟ ਬ੍ਰਹਮੰਡ ਕੇ ਨਾਯਕ ਕੈਸੇ ਜਾਨੀਐ॥ ਘਟਿ ਘਟਿ ਅੰਤਰ ਔ ਸਰਬ ਨਿਰੰਤਰ ਹੈ, ਸੂਖਮ ਸਥੂਲ ਮੂਲ ਕੈਸੇ ਪਹਿਚਾਨੀਐ॥ ਨਿਰਗੁਨ ਅਦ੍ਰਿਸ਼ਟ ਦ੍ਰਿਸ਼ਟਿ ਮੈਂ ਨਾਨਾ ਪ੍ਰਕਾਰ, ਅਲਖ ਲਖਯੋ ਨ ਜਾਇ ਕੈਸੇ

ਉਰ ਆਨੀਐ॥ ਸੱਤਿ ਰੂਪ ਸਤਿਨਾਮੁ ਸੱਤਿ ਗੁਰੂ ਗਜਾਨ ਧਜਾਨ, ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ॥੬੪॥੧੧੪॥

ਵਾਹਿਗੁਰੂ ਦੇ ਇਕ 'ਸੰਸਾਰ' ਬਣਾਏ ਹੋਏ ਦਾ ਅੰਤ ਨਹੀਂ ਪਾਇਆ ਜਾਂਦਾ ਤੇ ਜੋ ਕਰੋੜਹਾਂ ਬ੍ਰਹਮੰਡਾਂ ਦਾ ਮਾਲਕ ਹੈ ਉਸਨੂੰ ਕੈਸੇ ਜਾਣੀਏਂ ? ਉਸ ਵਾਹਿਗੁਰੂ ਦਾ ਸਭ ਜੀਵਾਂ ਦੇ ਰਿਦਿਆਂ ਰਿਦਿਆਂ ਵਿਚ ਨਿਵਾਸ ਇਕ ਰਸ ਹੈ ਨਿਕਿਆਂ ਵਡਿਆਂ ਜੀਵਾਂ ਦਾ ਰਚਨ ਵਾਲਾ ਹੈ ਸੋ ਉਸ ਨੂੰ ਕਿਸਤਰਾਂ ਜਾਣੀਏਂ। ਓਹ ਨਿਰਗੁਨ ਨਜ਼ਰ ਨਹੀਂ ਆਉਂਦਾ ਅਤੇ (ਦ੍ਰਿਸ਼ਟਿ ਮੈਂ) ਸਰਗੁਨ ਸਰੂਪ ਜੋ ਹੈ ਸੋ ਓਹ ਨਾਨਾ ਪ੍ਰਕਾਰ ਕਰਕੇ ਹੈ ਸੋ ਨਿਰਗੁਣ ਵਾਹਿਗੁਰੂ ਦੇ ਬਹੁਤ ਅਕਾਰ ਨਜ਼ਰ ਆਉਂਦੇ ਹਨ ਤਾਂਤੇ ਇਸ ਵਾਸਤੇ ਓਹ ਦੇਖਿਆ ਨਹੀਂ ਜਾਂਦਾ ਤੇ ਉਸ ਨੂੰ ਰਿਦੇ ਵਿਚ ਕਿਸਤਰਾਂ ਲਿਆਈਏ। ਸਤਿਗੁਰੂ ਦੁਵਾਰੇ ਸਤਿਨਾਮ ਦਾ ਜਦ ਧਜਾਨ ਕੀਤਾ ਤਾਂ (ਸਤਿ ਰੂਪ) ਵਾਹਿਗੁਰੂ ਦਾ ਗਜਾਨ ਹੋਇਆ ਸਾਰਿਆਂ ਵਿਚ ਜੋ ਪੂਰਿਆ ਹੋਇਆ ਵਾਹਿਗੁਰੂ ਹੈ ਓਸ ਨੂੰ ਆਪਣਾ ਆਤਮਾ ਰੂਪ ਮੰਨਿਆਂ।

ਕਬਿਤ—ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ, ਪੂਰਨ ਕ੍ਰਿਪਾ ਕੈ ਪਰ ਪੂਰਨ ਕੈ ਜਾਨੀਐ॥ ਦਰਸ ਧਿਆਨ ਲਿਵ ਏਕ ਔ ਅਨੇਕ ਮੇਕ, ਸਬਦ ਬਿਬੇਕ ਟੇਕ ਏਕੈ ਉਰ ਆਨੀਐ॥ ਦ੍ਰਿਸ਼ਟਿ ਦਰਸ ਅਰ ਸਬਦ ਸੁਰਤਿ ਮਿਲ, ਪੇਖਤਾ ਬਕਤਾ ਸ੍ਰੋਤਾ ਏਕੈ ਪਹਿਚਾਨੀਐ॥ ਸੂਖਮ ਸਥੂਲ ਮੂਲ ਗੁਪਤ ਪ੍ਰਗਟ ਠਟ, ਨਟ ਵਟ ਸਿਮਰਨ ਮੰਤ੍ਰ ਮਨ ਮਾਨੀਐ॥੬੫॥੧੧੫॥

ਪੂਰਨ (ਬ੍ਰਹਮ) ਵਾਹਿਗੁਰੂ ਜੋ ਸਰਬ ਰੂਪ ਹੈ ਓਹੋ ਹੀ ਪੂਰਨ (ਗੁਰੁ) ਗੁਰੂ ਨਾਨਕ ਜੀ ਹਨ ਅਤੇ ਅਗੇ ਵੀ ਓਹਨਾਂ ਨੇ ਹੀ ਪੂਰਨ ਗੁਰੂ ਰੂਪ ਧਾਰਿਆ ਹੈ। ਜਦ ਗੁਰਾਂ ਦੇ ਦਰਸ਼ਨ ਦੇ ਦੇਖਣ ਵਿਚ ਬ੍ਰਿਤੀ ਲਗਾਈ ਤਾਂ ਅਨੇਕਾਂ ਵਿਚ ਇਕ (ਵਾਹਿਗੁਰੂ) ਨੂੰ ਮਿਲਿਆ ਹੋਇਆ ਜਾਣਿਆਂ ਤੇ ਜਦ ਗੁਰਾਂ ਦੇ ਉਪਦੇਸ਼ ਦੇ ਵਿਚਾਰ ਦੀ ਓਟ ਲਈ ਤਾਂ ਇਕ ਪ੍ਰਮਾਤਮਾ ਨੂੰ ਹੀ ਆਪਣੇ ਹਿਰਦੇ ਵਿਚ ਜਾਣ ਲਿਆ। ਦ੍ਰਿਸ਼ਟੀ ਕਰਕੇ ਦਰਸ਼ਨ ਨੂੰ ਵੇਖਦਾ ਹੈ ਤਿਸ ਵਿਚ ਵੀ ਮਿਲਿਆ ਹੋਇਆ ਹੈ ਫਿਰ ਜੋ ਬਾਣੀ ਕਰਕੇ ਬੋਲਦਾ ਹੈ ਤਿਸ ਵਿਚ ਵੀ ਮਿਲਿਆ ਹੋਇਆ ਹੈ ਜੋ ਕੰਨਾਂ ਕਰਕੇ ਜੀਵ ਸੁਣਦਾ ਹੈ ਸੋ ਤਿਸ ਵਿਚ ਵੀ ਵਾਹਿਗੁਰੂ ਹੈ ਇਸ ਪ੍ਰਕਾਰ ਇਕ ਵਾਹਿਗੁਰੂ ਨੂੰ ਹੀ ਸਾਰਿਆਂ ਵਿਚ ਜਾਣਿਆਂ ਹੈ। ਜੋ ਬਰੀਕ ਦੇਖਣ ਮੇਂ ਨਹੀਂ ਆਉਂਦਾ ਵਾਹਿਗੁਰੂ ਨਿਰਗੁਨ ਸੋ ਛਪਿਆ ਹੋਇਆ ਬਣਾਉ ਹੈ, ਜਿਸ ਵਾਹਿਗੁਰੂ ਸਰਗੁਨ ਦਾ ਬੜੇ ਅਕਾਰ ਵਾਲਾ ਪ੍ਰਤੱਛ ਹੀ ਬਣਾਉ ਹੈ। ਸੋ ਇਹਨਾਂ ਦੋਹਾਂ ਦਾ ਮਦਾਰੀ ਦੇ ਵੱਟੇ ਵਾਂਗੂੰ ਕਾਰਨ ਹੈ

ਅਤੇ ਬਹੁਤ ਰੂਪ ਪ੍ਰਮਾਤਮਾ ਹੈ ਜੋ ਉਸਦੇ (ਮੰਤ੍ਰ) ਨਾਮ ਸਿਮਰਨ ਵਿਚ ਭਾਵ ਮਨ ਵਿਚ ਉਸ ਨੂੰ ਸਚ ਸਚ ਮੰਨੀਏ ਤਾਂ ਨਾਮ ਜਪਣ ਨਾਲ ਮਿਲਦਾ ਹੈ।

ਕਬਿਤ—ਨਹੀਂ ਦਦਸਾਰ ਪਿਤਾ ਪਿਤਾਮਾ ਪਰਪਿਤਾਮਾ, ਸੱਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ॥ ਨਹੀਂ ਨਨਸਾਰ ਮਾਤਾ ਪਰ ਮਾਤਾ ਬ੍ਰਿਧਮਾਤਾ, ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਖ੍ਯਾਤਾ ਹੈ॥ ਨਹੀਂ ਸਸੁਰਾਰ ਸਾਸ ਸਸੁਰਾ ਔ ਸਾਰੋ ਸਾਰੀ, ਨਹੀਂ ਵਿਰਤੀਸਰ ਔ ਜਾਚਕ ਨ ਦਾਤਾ ਹੈ॥ ਅਸਨ ਬਸਨ ਧਨ ਧਾਮ ਕਾਹੂੰ ਮੈਂ ਨ ਦੇਖਯੋ, ਜੈਸੋ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ॥੬੬॥੧੧੬॥

ਦਾਦਕੇ ਵੀ ਸਾਰੇ ਐਸੇ ਨਹੀਂ ਹਨ ਬਾਪ ਬਾਬਾ ਦਾਦਾ ਅਤੇ ਦੋਸਤ, ਸਨਬੰਧੀ ਪੁਤ੍ਰ ਆਪਣਾ ਤੇ (ਬਾਂਧਵ) ਚਾਚਿਓਂ ਤਾਇਓਂ ਜੋ ਪਜਾਰੇ ਭਾਈ ਸਨ ਤੇ (ਭ੍ਰਾਤਾ) ਜੋ ਆਪਣਾ ਸਕਾ ਭਾਈ ਹੈ ਇਤਜਾਦ ਸਾਰੇ ਹੀ ਮਤਲਬੀ ਹਨ। ਨਾਨਕਿਆਂ ਸਾਰਿਆਂ ਵਿਚੋਂ ਭੀ ਅਤੇ ਮਾਤਾ ਤੇ ਨਾਨੀ ਪੜਨਾਨੀ ਮਾਮਾ ਮਾਮੀ ਮਾਸੀ ਮਾਸੜ ਹੋਰ ਭੀ ਏਹੋ ਜਿਹੇ ਬਹੁਤ ਤਰਾਂ ਦੇ ਪ੍ਰਗਟ ਹੀ ਗਿਣੀਦੇ ਹਨ। ਸਹੁਰਿਆਂ ਸਾਰਿਆਂ ਵਿਚੋਂ ਭੀ ਸਸ ਸੌਹਰਾ ਸਾਲਾ ਸਾਲੀ ਵਿਚੋਂ ਭੀ ਐਸਾ ਸਾਕ ਨਹੀਂ ਹੈ ਅਤੇ (ਵਿਰਤੀਸਰ) ਪ੍ਰੋਹਤਾਂ ਸਾਰਿਆਂ ਵਿਚੋਂ ਭੀ ਐਸਾ ਕੋਈ ਨਹੀਂ ਹੈ। ਮੰਗਤੇ ਭੀ ਐਸੇ ਨਹੀਂ ਹਨ। ਦਾਨ ਦੇਣ ਵਾਲਿਆਂ ਵਿਚ ਭੀ ਐਸਾ ਸਾਕ ਨਹੀਂ। (ਅਸਨ) ਭੋਜਨ ਕਪੜੇ ਦੌਲਤ ਘਰ ਦੇ ਇਤਆਦਿਕ ਇਹ ਪਿਆਰੇ ਹਨ। ਦੁਖ ਦੇ ਵੇਲੇ ਏਨਾਂ ਵਿਚੋਂ ਕੋਈ ਨਹੀਂ ਕੰਮ ਆਉਂਦਾ ਕਿਸੇ ਵਿਚ ਭੀ ਐਸਾ ਪ੍ਰੇਮ ਨਹੀਂ ਦੇਖਿਆ ਹੈ ਜੈਸਾ ਕਿ ਸਾਧ ਸੰਗਤ ਗੁਰੂ ਕੇ ਸਿਖਾਂ ਦਾ ਸਾਕ ਹੈ।

ਕਬਿਤ—ਜੈਸੇ ਮਾਤ ਪਿਤਾ ਪ੍ਰਤਿਪਾਲਤ ਅਨੇਕ ਸੁਤ, ਅਨਿਕ ਸੁਤਨ ਪੈ ਨ ਤੈਸੇ ਹੋਇ ਆਵਈ॥ ਜੈਸੇ ਮਾਤਾ ਪਿਤਾ ਚਿਤ ਚਾਹਤ ਹੈ ਸੁਤਨ ਕੋ, ਤੈਸੇ ਨ ਸੁਤਨ ਚਿਤ ਚਾਹ ਉਪਜਾਵਈ॥ ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ, ਸੁਖ ਦੁਖ ਮੈਂ ਨ ਤੈਸੇ ਸੁਤ ਠਹਿਰਾਵਈ॥ ਜੈਸੇ ਮਨ ਬਚ ਕ੍ਰਮ ਸਿੱਖਨ ਲਡਾਵੈ ਗੁਰ, ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ॥੬੭॥੧੧੭॥

ਜੈਸੇ ਮਾਤਾ ਪਿਤਾ ਪਾਲਨਾਂ ਕਰਦੇ ਹਨ ਅਨੇਕਾਂ ਪੁਤ੍ਰਾਂ ਦੀ ਬਸਤ੍ਰ ਅੰਨ ਆਦਿਕ ਨਾਲ। ਪਰ ਅਨੇਕਾਂ ਪੁਤ੍ਰਾਂ ਪਾਸੋਂ ਇਕ ਮਾਂ ਬਾਪ ਦੀ ਸੇਵਾ ਨਹੀਂ ਹੋ ਸਕਦੀ। ਜੈਸੇ ਮਾਤਾ ਪਿਤਾ ਆਪਣੇ ਪੁਤ੍ਰਾਂ ਨੂੰ ਚਿਤ ਕਰਕੇ ਚਾਹੁੰਦੇ ਹਨ ਉਸ ਤਰਾਂ ਪੁਤ੍ਰਾਂ ਦੇ ਚਿਤ

ਵਿਚ ਮਾਂ ਬਾਪ ਦੀ ਸੇਵਾ ਦੀ ਚਾਹ ਨਹੀਂ ਹੁੰਦੀ। ਜੈਸੇ ਮਾਂ ਬਾਪ ਪੁਤ੍ਰ ਦੇ ਸੁਖ ਵਿਚ ਅਨੰਦ ਤੇ ਦੁਖ ਵਿਚ ਦੁਖੀ ਹੁੰਦੇ ਹਨ ਮਾਂ ਬਾਪ ਦੇ ਸੁਖ ਦੁਖ ਵਿਚ ਸ਼ੋਕ ਅਰ ਅਨੰਦ ਨੂੰ ਨਹੀਂ ਰਿਦੇ ਵਿਚ ਠਹਿਰਾਉਂਦੇ।ਜਿਸਤਰਾਂ ਮਨ ਬਾਨੀ ਸ਼ਰੀਰ ਕਰਕੇ ਸਿਖਾਂ ਨੂੰ ਗੁਰ ਸਾਹਿਬ ਜੀ ਅਨੰਦ ਦੇਂਦੇ ਹਨ ਤੈਸੇ ਹੀ ਮਨ ਬਾਨੀ ਸਰੀਰ ਕਰਕੇ ਗੁਰੂ ਸਾਹਿਬ ਦੀ ਸਿਖ ਸੇਵਾ ਵਿਚ ਹਿਤ ਨਹੀਂ ਲਿਆਉਂਦੇ।

ਕਬਿਤ—ਜੈਸੇ ਕੱਛਪ ਧਰ ਧਿਆਨ ਸਾਵਧਾਨ ਕਰੈ, ਤੈਸੇ ਮਾਤ ਪਿਤਾ ਪ੍ਰੀਤਿ ਸੁਤ ਨ ਲਗਾਵਈ ॥ ਜੈਸੇ ਸਿਮਰਨ ਕਰ ਕੂੰਜ ਪਰਪੱਕ ਕਰੈ, ਤੈਸੇ ਸਿਮਰਨ ਸੁਤ ਪੈ ਨ ਬਨ ਆਵਈ ॥ ਜੈਸੇ ਗਊ ਬਛੁਰਾ ਕੌ ਦੁਗਧ ਪੀਆਇ ਪੋਖੇ, ਤੈਸੇ ਬਛੁਰਾ ਨ ਗਊ ਪ੍ਰੀਤਿ ਹਿਤ ਲਾਵਈ ॥ ਜੈਸੇ ਗਯਾਨ ਧਯਾਨ ਸਿਮਰਨ ਗੁਰ ਸਿੱਖ ਪ੍ਰਤਿ, ਤੈਸੇ ਕੈਸੇ ਸਿਖ ਗੁਰ ਸੇਵਾ ਠਹਿਰਾਵਈ ॥੬੮॥੧੧੮॥

ਇਸਤਰਾਂ ਸੇਵਾ ਕਰੀਏ (ਜੈਸੇ) ਕਛੂ ਧਿਆਨ ਧਰਕੇ ਭਾਵ ਕੀ ਖਿਆਲ ਕਰਕੇ (ਸਾਵਧਾਨ) ਪਾਲਨਾ ਕਰਦਾ ਹੈ ਤੈਸੇ ਹੀ ਮਾਂ ਬਾਪ ਨਾਲ ਪ੍ਰੀਤ, ਪੁਤ੍ਰ ਨਹੀਂ (ਲਗਾਵਈ) ਕਰਦਾ । ਜੈਸੇ ਕੂੰਜ ਪਰਦੇਸ ਵਿਚ ਜਾ ਕੇ ਆਪਣੇ ਬਚਿਆਂ ਨੂੰ ਯਾਦ ਕਰਕੇ ਪਾਲਦੀ ਹੈ ਤੈਸੇ ਹੀ ਪੁਤਰ ਕੋਲੋਂ ਉਸ ਕੂੰਜ ਵਾਂਗੂ ਮਾਂ ਬਾਪ ਦੀ ਸੇਵਾ ਦਾ ਸਿਮਰਨ ਯਾਦ ਨਹੀਂ ਬਣ ਆਂਵਦਾ। ਜਿਸ ਤਰਾਂ ਗਊ ਆਪਣੇ ਵਛੇ ਨੂੰ ਦੁਧ ਪਿਆਕੇ ਪਾਲਦੀ ਹੈ ਤੈਸੇ ਹੀ ਵਛਾ ਮਾਂ ਨਾਲ ਪ੍ਰੇਮ ਕਰਕੇ ਪ੍ਰੀਤ ਨਹੀਂ ਲਾਉਂਦਾ ਹੈ । ਜੈਸੇ (ਗਿਆਨ) ਵਿਚਾਰ ਧਿਆਨ ਲਗਾਉਣਾ ਅਰ ਸਿਮਰਨ ਵਾਹਿਗੁਰੂ ਦਾ ਯਾਦ ਕਰਣਾ ਇਹ ਜਿਹੜਾ ਹੈ ਗੁਰੂ ਸਾਹਿਬ ਆਪਣੇ ਸਿਖ (ਪ੍ਰਤਿ) ਤਾਂਈ ਦਸਦੇ ਹਨ ਤੈਸੇ ਹੀ ਗੁਰੂ ਕੇ ਸਿਖ ਗੁਰੂ ਕੀ ਸੇਵਾ ਵਿਚ ਠਹਰਣ ਵਿਚ ਆਵਣ ਭਾਵ ਤਿਸੀ ਪ੍ਰਕਾਰ ਕਿਸਤਰਾਂ ਗੁਰੂ ਦੀ ਸੇਵਾ ਸਿਖ ਕਰ ਸਕਣ ?

ਕਬਿਤ—ਜੈਸੇ ਮਾਤ ਪਿਤਾ ਕੇਰੀ ਸੇਵਾ ਸਰਵਨ ਕੀਨੀ, ਸਿਖ ਬਿਰਲੋਈ ਗੁਰ ਸੇਵਾ ਠਹਿਰਾਵਈ ॥ ਜੈਸੇ ਲਖਮਨ ਰਘੁਪਤਿ ਭਾਇ ਭਗਤਿ ਮੈਂ, ਕੋਟਿ ਮਧੇ ਕਾਹੂ ਗੁਰ ਭਾਈ ਬਨ ਆਵਈ ॥ ਜੈਸੇ ਜਲ ਬਰਨ ਬਰਨ ਸਰਬੰਗ ਰੰਗ, ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਈ॥ ਗੁਰ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ, ਪੂਰਨ ਕ੍ਰਿਪਾ ਕੈ ਕਾਹੂ ਅਲਖ ਲਖਾਵਈ ॥ ੬੯ ॥ ੧੧੯ ॥

ਜੈਸੇ ਮਾਂ ਬਾਪ ਦੀ ਟਹਿਲ ਸਰਵਨ ਨੇ ਕੀਤੀ ਸੀ ਤੈਸੇ ਗੁਰੂ ਦੀ ਸੇਵਾ ਵਿਚ ਕੋਈ ਵਿਰਲਾ ਹੀ ਸਿਖ ਠਹਰਨ ਵਿਚ ਆਉਂਦਾ ਹੈ। ਜੈਸੇ ਰਾਘਵਾਂ ਦੇ ਈਸ਼ਰ ਰਾਮਚੰਦ੍ਰ ਜੀ ਦੀ ਸੇਵਾ ਅਤੇ ਪ੍ਰੇਮ ਭਗਤਿ ਅਗੇ ਇਕ ਲਛਮਣ ਹੀ ਭਾਈਆਂ ਵਿਚੋਂ ਨਿਤਰਿਆ ਸੀ ਕਰੋੜਾਂ ਵਿਚੋਂ ਭਾਵੇਂ ਕੋਈ ਹੀ ਹੋਵੇਗਾ ਜੋ ਕਿ ਗੁਰ ਭਾਈਆਂ ਦੀ ਗੁਰ ਭਾਈਆਂ ਨਾਲ ਬਣ ਆਵੇਗੀ ਜੈਸੇ ਪਾਨੀ ਰੰਗਾਂ ਰੰਗਾਂ ਸਾਰਿਆਂ ਰੰਗਾਂ ਵਿਚ ਇਕ ਜਾਨ ਹੋ ਜਾਂਦਾ ਹੈ, ਐਸੇ ਪਾਨੀ ਵਾਂਗੂ ਏਹੋ ਜਿਹਾ ਕੋਈ ਵਿਰਲਾ ਹੀ ਵਿਚਾਰਵਾਨ ਹੈ ਜੋ ਪ੍ਰੇਮ ਕਰਕੇ ਸਾਧ ਸੰਗਤ ਵਿਚ ਇਕ ਜਾਨ ਹੋਕੇ ਸਮਾਇਆ ਰਹਿੰਦਾ ਹੈ। ਨਿਸਚੈ ਕਰਕੇ ਜੋ ਸਾਧ ਸੰਗਤ ਦੀ ਮਿਲੌਨੀ ਵਿਚ ਮਿਲਿਆ ਰਹਿੰਦਾ ਹੈ ਉਸੀ ਕਿਸੀ ਨੂੰ ਗੁਰੂ ਜੀ ਪੂਰਨ ਕਿਰਪਾ ਕਰਕੇ ਅਲਖ ਜੋ ਨਾ ਦੇਖਿਆ ਜਾਵੇ (ਇਕਈਸ) ਵਾਹਿਗੁਰੂ ਜੋ ਹੈ ਉਸਨੂੰ ਦਿਖਾ ਦੇਂਦੇ ਹਨ।

ਕਬਿਤ—ਲੋਚਨ ਧਿਆਨ ਸਮ ਲੋਸਟ ਕਨਿਕ ਤਾਂਕੈ, ਸ੍ਰਵਨੇ-ਸਤਤਿ ਨਿੰਦਾ ਸਮਸਰ ਜਾਨੀਐ ॥ ਨਾਸਕਾ ਸੁਗੰਧ ਬਿਰਗੰਧ ਸਮ ਤੁਲ ਤਾਕੈ, ਰਿਦੈ ਮਿੱਤ੍ਰ ਸੱਤ੍ਰ ਸਮਸਰ ਉਨ ਮਾਨੀਐ ॥ ਰਸਨ ਸੁਆਦਿ ਬਿਖ ਅੰਮ੍ਰਿਤ ਸਮਾਨ ਤਾਕੈ, ਕਰ ਸਪਰਸ ਜਲ਼ ਅਗਨਿ ਸਮਾਨੀਐ ॥ ਦੁਖ ਸੁਖ ਸਮਸਰ ਬਿਆਪੇ ਨ ਹਰਖ ਸੋਗ, ਜੀਵਨ ਮੁਕਤਿ ਗਤਿ ਸਤਿਗੁਰ ਗਜਾਨੀਐ ॥੭੦॥੧੨੦॥

ਓਹਨਾਂ ਸੰਤਾਂ ਦੇ ਨੇਤਰਾਂ (ਧਜਾਨ) ਵਿਚ ਇਕੋ ਜੇਹਾ ਹੈ ਲੋਹਾ, ਮਿਟੀ, ਸੋਨਾ ਉਸ ਦਾ ਖਿਆਲ ਵੀ ਨਹੀਂ ਕਰਦੇ ਉਹਨਾਂ ਨੇ ਇਕੋ ਜਿਹੀ ਹੀ ਨਿੰਦਾ ਉਸਤਤ ਜਾਣੀ ਹੈ। ਸੁਗੰਧੀ ਤੇ ਦੁਰਗੰਧੀ ਨਹੀਂ ਖੁਸ਼ੀ ਤੇ ਨਰਾਜ਼ ਨਹੀਂ, ਦੂਜਾ ਭਾਵ ਨਾਸਕਾਂ ਵਿਸ਼ਿਆਂ ਵਲ ਨਹੀਂ ਜਾਂਦੀਆਂ ਹਿਰਦੇ ਵਿਚ ਵੈਰੀ ਤੇ ਦੋਸਤ ਨੂੰ ਇਕੋ ਜਿਹਾ ਵਿਚਾਰਦੇ ਹਨ। ਰਸਨਾ ਦਵਾਰੇ ਜਿਹੜੀ ਵਿਖ ਤੇ ਅੰਮ੍ਰਿਤ ਨੂੰ ਬ੍ਰਿਤੀ ਜਾਨਣ ਵਾਲੀ ਸੀ ਓਹ ਓਹਨਾਂ ਦੀ ਇਕੋ ਜੇਹੀ ਹੈ ਹਥਾਂ ਕਰਕੇ ਜੋ ਪਾਨੀ ਦਾ ਤੇ ਅਗਨੀ ਦਾ ਪਛਾਨਣਾ ਸੀ ਸੋ ਓਹ ਬ੍ਰਿਤੀ ਕਰਕੇ ਇਕੋ ਜੇਹਾ ਹੈ। ਸੁਖ ਦੁਖ ਉਹਨਾਂ ਸੰਤਾਂ ਨੂੰ ਇਕੋ ਜਿਹਾ ਹੈ। ਇਸ ਵਾਸਤੇ ਹਰਖ ਸੋਗ ਓਹਨਾਂ ਨੂੰ ਜੋਰ ਨਹੀਂ ਪਾ ਸਕਦਾ ਸੋ ਉਹ ਜੀਵਨ ਮੁਕਤੀ ਨੂੰ ਪਹੁੰਚੇ ਹਨ ਗੁਰਾਂ ਕਰਕੇ ਐਸੇ ਗਜਾਨੀ ਹੋਏ ਹਨ।

ਕਬਿਤ—ਚਰਨ ਸਰਨ ਗਹੇ ਨਿਜ ਘਰ ਮੈਂ ਨਿਵਾਸ, ਆਸਾ ਮਨਸਾ ਥਕਤ ਅਨਤ ਨ ਧਾਵਈ ॥ ਦਰਸਨ ਮਾਤ੍ਰ ਆਨ ਧਜਾਨ ਸੇਂ ਰਹਤ ਹੋਇ, ਸਿਮਰਨ ਆਨ ਸਿਮਰਨ ਬਿਸਰਾਵਈ ॥ ਸਬਦ

ਸੁਰਤ ਮੌਨ ਬ੍ਰਤ ਕੋ ਪ੍ਰਾਪਤ ਹੋਇ, ਪ੍ਰੇਮ ਰਸ ਅਕਥ ਕਥਾ ਨ ਕਹਿ ਆਵਈ ॥ ਕਿੰਚਤ ਕਟਾਖਸ਼ ਕ੍ਰਿਪਾ ਪਰਮ ਨਿਧਾਨ ਦਾਨ, ਪਰਮਦ ਭੁਤ ਗਤਿ ਅਤਿ ਬਿਸਮਾਵਈ ॥ ੭੧ ॥ ੧੨੧ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੀ ਚਰਨ ਸ਼ਰਨ ਫੜੀ ਹੈ ਆਪਣੇ ਸ੍ਵਰੂਪ ਵਾਹਿਗੁਰੂ ਵਿਚ ਨਿਵਾਸ ਹੋਇਆਹੈ। ਜਗਤ ਦੀਆਂ ਆਸਾਂ ਤ੍ਰਿਸ਼ਨਾਂ ਤੇ ਬੁਧੀ ਦੀਆਂ ਵਾਸ਼ਨਾਂ ਦੂਰ ਹੋ ਗਈਆਂ ਅਤੇ ਮਨ ਵੀ ਹੋਰਥੇ ਨਾ ਦੌੜਿਆ। ਜਦ ਦਰਸ਼ਨ ਮਾਤ ਹੀ ਗੁਰਾਂ ਦਾ ਕੀਤਾ ਤੇ ਦਰਸ਼ਨ ਦੇ ਕਰਦਿਆਂ ਹੀ ਹੋਰ (ਧਯਾਨ) ਦੇਖਣ ਤੋਂ ਹਟ ਗਏ ਅਤੇ ਜਦ ਗੁਰਾਂ ਦਾ ਨਾਮ ਸਿਮਰਿਆ ਤਾਂ ਹੋਰ ਦੇਵੀ ਦੇਵਤਿਆਂ ਦੇ ਨਾਮ ਮੰਤ੍ਰ ਸਿਮਰਨ ਬਿਸਰ ਗਏ। ਫਿਰ ਜਦ ਗੁਰਾਂ ਪਾਸ ਜਾਕੇ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕੀਤੀ ਤਾਂ ਮੌਨ ਬ੍ਰਤ ਚੁਪ ਨੂੰ ਧਾਰ ਲੀਤਾ ਜਿਸ (ਰਸ) ਅਨੰਦ ਦੀ ਅਕਥ ਕਥਾ ਹੈ ਅਤੇ ਕਹਿਣੇ ਵਿਚ ਨਹੀਂ ਆਉਂਦੀ ਹੈ। ਥੋੜੀ ਜੇਹੀ ਕ੍ਰਿਪਾ ਦ੍ਰਿਸ਼ਟੀ ਕਰੀ ਅਰ ਇਤਨੇ ਨਾਲ ਹੀ ਉਸਨੂੰ ਉਤਕ੍ਰਿਸ਼ਟ ਬੜੇ ਅਛੇ (ਨਿਧਾਨ) ਖਜ਼ਾਨੇ ਮਿਲ ਗਏ ਉਹਨਾਂ ਗੁਰਮੁਖਾਂ ਦੀ ਅਸਚਰਜ ਰੀਤੀ ਹੋ ਗਈ ਆਪ ਵੀ ਅਤਿਸੈ ਕਰਕੇ ਅਸਚਰਜ ਹੋ ਗਏ।

ਕਬਿਤ—ਸਬਦ ਸੁਰਤਿ ਆਪਾ ਖੋਇ ਗੁਰ ਦਾਸ ਹੋਇ, ਬਰਤੈ ਬਰਤਮਾਨ ਗੁਰ ਉਪਦੇਸ ਕੈ ॥ ਹੋਨਹਾਰ ਹੋਈ ਜੋਈ ਜੋਈ ਸੋਈ ਸੋਈ ਭਲੋ, ਪੂਰਨ ਬ੍ਰਹਮ ਗਯਾਨ ਧਯਾਨ ਪਰਵੇਸ ਕੈ ॥ ਨਾਮ ਨਿਹਕਾਮ ਧਾਮ ਸਹਜ ਸੁਭਾਇ ਚਾਇ, ਪ੍ਰੇਮ ਰਸ ਰਸਕ ਹ੍ਵੈ ਅੰਮ੍ਰਿਤ ਅਵੇਸ਼ ਕੈ ॥ ਸੱਤ ਰੂਪ ਸੱਤਿ ਨਾਮੁ ਸਤਿਗੁਰ ਗਯਾਨ ਧਯਾਨ, ਪੂਰਨ ਸਰਬ ਮਈ ਆਦਿ ਕੌ ਅਦੇਸ ਹੈ ॥ ੭੨ ॥ ੧੨੨ ॥

ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕਰਕੇ ਹੰਕਾਰ ਨੂੰ ਦੂਰ ਕੀਤਾ ਹੈ ਤੇ ਮਨ ਕਰਕੇ ਗੁਰਾਂ ਨੂੰ ਗੁਰ ਉਪਦੇਸ਼ ਦੀ ਵਰਤਨ ਵਿਚ ਵਰਤਿਆ। ਇਸ ਵਾਸਤੇ ਪੂਰਨ ਬ੍ਰਹਮ ਵਾਹਿਗੁਰੂ ਦੇ ਗਯਾਨ ਧਯਾਨ ਵਿਚ ਖੁਭਕੇ ਵਾ ਇਸਥਿਤ ਹੋਕੇ ਹੋਣੀ ਦਾ ਭਾਣਾ ਭਾਵ ਦੁਖ ਸੁਖ ਆ ਜਾਵੇ ਉਸ ਨੂੰ ਭਲਾ ਕਰਕੇ ਮੰਨਦੇ ਹਨ। ਨਾਮ ਜਪਕੇ ਘਰ ਵਿਚ ਹੀ ਰਹਿਕੇ ਕਾਮਣਾਂ,ਇਛਾ ਤੋਂ ਬਿਨਾਂ ਹੋਏ, ਸ਼ਾਂਤੀ ਸੁਭਾਉ ਵਾਲੇ। ਓਹਨਾਂ ਨੂੰ ਬਹੁਤ ਅਨੰਦ ਪ੍ਰਾਪਤ ਹੋਇਆ, ਗੁਰਾਂ ਦਾ ਪ੍ਰੇਮ ਰਸ ਜੋ ਅੰਮ੍ਰਿਤ ਹੈ ਤਿਸ ਮੇਂ ਇਸਥਿਤ ਹੋਕੇ ਤਦਾਕਾਰ ਹੋਏ ਰਹਿੰਦੇ ਹਨ। ਸਤਿਗੁਰਾਂ ਕਰਕੇ ਸਤਿਨਾਮ ਦਾ ਧਯਾਨ ਵੀ ਕਰਦੇ ਨੇ ਵਾਹਿਗੁਰੂ ਨੂੰ ਨਮਸ਼ਕਾਰ ਵੀ ਕਰਦੇ ਨੇ (ਸਤਿਰੂਪ) ਵਾਹਿਗੁਰੂ ਦਾ ਗਯਾਨ ਓਹਨਾਂ ਨੂੰ ਹੋਇਆ ਹੈ ਪਰ ਓਹ ਕਿਹੜਾ

ਗਜਾਨ ਹੋਇਆ ਹੈ ? ਕਿ ਸਾਰੇ ਪਰੀ ਪੂਰਨ ਵਾਹਿਗੁਰੂ ਨੂੰ ਜਾਣਦੇ ਹਨ।

ਕਬਿਤ—ਸਬਦ ਸੁਰਤਿ ਆਪਾ ਖੋਇ ਗੁਰ ਦਾਸ ਹੋਇ, ਬਾਲ ਬੁਧਿ ਸੁਧਿ ਨ ਕਰੱਤ ਮੋਹ ਦ੍ਰੋਹ ਕੀ ॥ ਸ੍ਰਵਨੋ ਸਤਤਿ ਨਿੰਦਾ ਸਮ ਤੁਲਿ ਸ੍ਰੁਤਿ ਲਿਵ, ਲੋਚਨ ਧਿਆਨ ਲਿਵ ਕੰਚਨ ਔ ਲੋਹ ਕੀ ॥ ਨਾਸਕਾ ਸੁਗੰਧਿ ਬਿਰਗੰਧ ਸਮਸਰਿ ਤਾਕੈ, ਜਿਹਬਾ ਸਮਾਨ ਬਿਖ ਅੰਮ੍ਰਿਤ ਨ ਬੋਹ ਕੀ ॥ ਕਰ ਚਰ ਕਰਮ ਅਕਰਮ ਅਪੱਬ ਪਬ, ਕਿਰਤਿ ਬਿਰਤਿ ਸਮ ਉਕਤਿ ਨ ਦ੍ਰੋਹ ਕੀ ॥ ੭੩ ॥ ੧੨੩ ॥

ਜਿਨਾਂ ਨੇ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕਰਕੇ ਭਾਵ ਹੰਕਾਰ ਨੂੰ ਦੂਰ ਕੀਤਾ ਹੈ ਤੇ ਓਹ ਬਾਲਕਾਂ ਵਾਲੀ ਅਕਲ ਓਹਨਾਂ ਦੀ ਅਕਲ ਵਿਚ ਕੋਈ ਸ਼ਾਦੀ ਗ਼ਮੀ ਨਹੀਂ ਆਉਂਦੀ ਅਤੇ ਹੋਰ ਓਹਨਾਂ ਮਹਾਤਮਾਂ ਗੁਰੂ ਕੇ ਦਾਸਾਂ ਨੂੰ ਪ੍ਰੇਮੀ ਸੰਸਾਰੀ ਅਤੇ (ਦ੍ਰੋਹ) ਠਗੀ ਕਰਨੀ ਇਨ੍ਹਾਂ ਦੀ ਤਾਂ (ਸੁਧਿ) ਖਬਰ ਹੀ ਨਹੀਂ ਜੋ ਕੰਨਾਂ ਕਰਕੇ ਉਸਤਤ ਨਿੰਦਾ ਨੂੰ ਸੁਣਨ ਵਾਲੀ ਬ੍ਰਿਤੀ ਸੀ ਓਹ ਉਹਨਾਂ ਦੀ ਬਰਾਬਰ ਹੈ, ਆਪਣੀ ਉਸਤਤ ਨਿੰਦਾ ਨਾਲ ਸੁਖ ਦੁਖ ਨਹੀਂ ਤੇ ਲੋਕਾਂ ਦੀ ਉਸਤਤਿ ਨਿੰਦਾ ਸੁਣਨ ਵਲ ਕੰਨ ਹੀ ਨਹੀਂ ਧਰਦੇ ਨੇਤ੍ਰਾਂ ਜਾਂ ਵੇਖਨ ਵਾਲੀ ਬ੍ਰਿਤੀ ਸੀ ਲੋਹੇ ਅਤੇ ਸੋਨੇ ਦੀ ਤਰਫ, ਸੋ ਓਹ ਜਿਨਾਂ ਦੀ ਬਰਾਬਰ ਹੈ। ਨਾਸਕਾ ਕਰਕੇ ਸੁਗੰਧੀ ਤੇ ਦੁਰਗੰਧੀ ਨੂੰ ਪਛਾਨਣ ਵਾਲੀ ਸੋ ਬ੍ਰਿਤੀ ਸੀ ਇਹ ਓਨ੍ਹਾਂ ਦੀ ਬਰਾਬਰ ਹੈ ਅਤੇ ਰਸਨਾ ਕਰਕੇ ਜੋ ਵਿਖ ਅੰਮ੍ਰਿਤ ਨੂੰ ਪਛਾਨਣ ਵਾਲੀ ਬ੍ਰਿਤੀ ਸੀ ਸੋ ਵੀ ਇਕੋ ਜੇਹੀ ਹੈ। ਹਥਾਂ ਕਰਕੇ ਕਰਮ ਕਰਨਾ ਤੇ ਨਾ ਕਰਨਾ (ਸਮ) ਇਕੋ ਜੇਹਾ ਹੈ ਪੱਬ ਅਪੱਬ. ਚਰਨਾਂ ਕਰਕੇ ਰਸਤਾ ਕੁਰਸਤਾ ਚਲਣਾ ਇਕੋ ਜੇਹਾ ਹੈ ਅਤੇ ਅਪਣੀ ਉਪਜੀਵਕਾ ਵਾਲੀ ਜੋ ਕਮਾਈ ਹੈ ਤਿਸ ਵਿਚ ਵੀ (ਉਕਤ) ਬਾਣੀ ਝੂਠੀ ਬੋਲਣੀ (ਦ੍ਰੋਹ) ਠਗੀ ਵਾਲੀ ਨਹੀਂ ਹੈ।

ਕਬਿਤ—ਸਬਦ ਸੁਰਤਿ ਆਪਾ ਖੋਇ ਗੁਰ ਦਾਸ ਹੋਇ, ਸਰਬ ਮੈਂ ਪੂਰਨ ਬ੍ਰਹਮ ਕਰ ਮਾਨੀਐ ॥ ਕਾਸਟ ਅਗਨਿ ਮਾਲਾ ਸੂਤ੍ਰ ਗੋਰਸ ਗੋਬੰਸ, ਏਕ ਔ ਅਨੇਕ ਕੌ ਬਿਬੇਕ ਪਹਿਚਾਨੀਐ ॥ ਲੋਚਨ ਸ੍ਰਵਨ ਮੁਖ ਨਾਸਕਾ ਅਨੇਕ ਸੋਤ੍ਰ, ਦੇਖੈ ਸੁਨੈ ਬੋਲੈ ਮਨ ਮੇਕ ਉਰ ਠਾਨੀਐ ॥ ਗੁਰਸਿਖ ਸੰਧਿ ਮਿਲੈ ਸੋਹੰ ਸੋਈ ਓਤਿ ਪੋਤਿ, ਜੋਤੀ ਜੋਤਿ ਮਿਲਤ ਜੋਤੀ ਸਰੂਪ ਜਾਨੀਐ ॥੭੪॥੧੨੪॥

ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕਰਕੇ ਹੰਕਾਰ ਨੂੰ ਦੂਰ ਕੀਤਾ ਹੈ ਓਹ ਗੁਰਮੁਖ ਸਾਰਿਆਂ ਵਿਚ ਪੂਰਨ ਵਾਹਿਗੁਰੂ ਕਰਕੇ ਮੰਨਦੇ ਨੇ। ਜਿਸਤਰਾਂ ਸਾਰਿਆਂ ਬ੍ਰਿਛਾਂ ਦੀਆਂ ਲਕੜਾਂ ਵਿਚ ਅਗਨੀ ਇਕੋ ਜੇਹੀ ਹੁੰਦੀ ਹੈ ਜੈਸੇ ਮਾਲਾ ਦੇ ਮਣਕਿਆਂ ਵਿਚ ਸੂਤਰ ਇਕੋ ਜਿਹਾ ਹੈ, ਸਾਰੀਆਂ ਗਊਆਂ ਦੇ ਥੰਸ ਵਿਚ ਦੁਧ ਇਕੋ ਜਿਹਾ ਹੀ ਹੁੰਦਾ ਹੈ ਵਿਚਾਰਕੇ ਅਨੇਕਾਂ ਵਿਚ ਇਕ ਵਾਹਿਗੁਰੂ ਪਹਿਚਾਨੀਐ। ਜੈਸੇ ਨੇਤਰ ਕੰਨ ਤੇ ਮੁਖ ਨਾਸਾਂ ਜੋ ਇਹੋ ਜੇਹੇ ਅਨੇਕ ਇੰਦ੍ਰੇ ਹਨ ਇਨ੍ਹਾਂ ਵਿਚ ਮਨ ਇਕ ਹੀ ਮਿਲਿਆ ਹੋਇਆ ਰਿਦੇ ਵਿਚ (ਠਾਨੀਐ) ਦ੍ਰਿੜ ਕਰਦੇ ਹਨ, ਭਾਵ ਜਿਸ ਤਰਾਂ ਮਨ ਸਾਰਿਆਂ ਇੰਦਰਿਆਂ ਵਿਚ ਪੂਰਨ ਹੈ ਇਸਤਰਾਂ ਵਾਹਿਗੁਰੂ ਸਾਰਿਆਂ ਵਿਚ ਪੂਰਨ ਹੈ। ਜਿਨਾਂ ਗੁਰਮੁਖਾਂ ਨੇ ਗੁਰਸਿਖਾਂ ਦੀ ਮਿਲੌਨੀ ਵਿਚ ਮਿਲ ਕਰਕੇ ਮੈਂ ਤੂੰ ਤੂੰ ਮੈਂ ਓਸੇ ਹੀ ਵਾਹਿਗੁਰੂ ਨੂੰ ਅੰਦਰ ਬਾਹਰ ਤਾਣੇ ਪੇਟੇ ਵਾਂਗੂੰ ਅਭੇਦ ਰੂਪ ਜਾਣਿਆਂ ਹੈ (ਜੋਤੀ ਜੋਤਿ) ਵਾਹਿਗੁਰੂ ਦੀ ਜੋਤਿ ਨਾਲ ਓਨ੍ਹਾਂ ਦੀ ਜੋਤ ਮਿਲ ਗਈ ਇਸੀ ਵਾਸਤੇ ਜੋਤੀ ਵਾਹਿਗੁਰੂ ਦਾ ਰੂਪ ਹੋ ਗਏ ਜਾਣ ਲਵੋ।

ਕਬਿਤ—ਗਾਂਡਾ ਮੈ ਮਿਠਾਸ ਤਾਸ ਛਿਲਕਾ ਲੀਓ ਨ ਜਾਇ, ਦਾਰਮ ਔ ਦਾਖ ਬਿਖੈ ਬੀਜ ਗਹਿ ਡਾਰੀਐ ॥ ਆਂਬ ਖਿਰਨੀ ਛੁਹਾਰਾ ਮਾਂਝ ਗੁਠਲੀ ਕਠੋਰ, ਖਰਬੂਜਾ ਔ ਕਲੀਦਾ ਸਜਲ ਬਿਕਾਰੀਐ ॥ ਮਧੁ ਮਾਖੀ ਮੈ ਮਲੀਨ ਸਮੈ ਪਾਇ ਸਫਲ ਹ੍ਵੈ, ਰਸ ਬਸ ਭਏ ਨਹੀਂ ਤ੍ਰਿਸ਼ਨਾ ਨਿਵਾਰੀਐ ॥ ਸ੍ਰੀ ਗੁਰ ਸਬਦ ਰਸ ਅੰਮ੍ਰਿਤ ਨਿਧਾਨ ਪਾਨ, ਗੁਰ ਸਿਖ ਸਾਧ ਸੰਗ ਜਨਮ ਸਵਾਰੀਐ॥੮੫॥੧੨੫॥

ਜੈਸੇ ਗੰਨੇ ਵਿਚ ਮਿਠਾਸ ਹੈ ਪਰ ਤਿਸ ਦਾ ਛਿਲੜ ਨਹੀਂ ਲਿਆ ਜਾਂਦਾ, ਅਨਾਰ ਦਾਨਾ ਤੇ ਦਾਖ ਵਿਚੋਂ ਬੀ ਪਕੜਕੇ (ਡਾਰ) ਸੁਟ ਦੇਂਦੇ ਹਨ। ਅੰਬ ਦੀ ਛਿਲੜ ਤੇ ਗਿਟਕ ਸੁਟ ਦੇਈਦੀ ਹੈ ਖਿਰਨੀ ਵੀ ਇਕ ਫਲ ਹੋਂਦਾ ਹੈ ਛੁਹਾਰੇ ਦੀ ਛਿਲੜ ਉਪਰੋਂ ਖਾ ਲਈਦੀ ਹੈ ਤੇ ਗਿਟਕ ਸੁਟ ਦਈਦੀ ਹੈ ਇਨ੍ਹਾਂ ਤਿੰਨਾਂ ਵਿਚ ਗੱਦ "ਗਿਟਕ" ਕਰੜੀ ਹੋਂਦੀ ਹੈ ਅਤੇ ਖਰਬੂਜਾ ਤੇ ਤਰਬੂਜ ਹਦਵਾਨਾ ਸਹਿਤ ਪਾਨੀ ਦੇ ਹਨ। ਵਿਕਾਰ ਰੂਪ ਹੈ ਜਲ ਇਹਨਾਂ ਵਿਚੋਂ ਨਿਕਲਦਾ ਹੈ। ਸ਼ਹਿਦ ਭਾਵੇਂ ਮਖੀਆਂ ਕਰਕੇ ਮੈਲਾ ਹੈ ਪਰ ਵਕਤ ਪਾਕੇ ਗੁਣਕਾਰੀ ਹੋਂਦਾ ਹੈ, ਸ਼ਹਿਦ ਖਾਣ ਵਾਲਾ ਸ਼ਹਿਦ ਦੇ ਅਨੰਦ ਵਿਚ ਵਸੀਕਾਰ ਹੋ ਜਾਂਦਾ ਹੈ ਤੇ ਉਸਦੀ ਤ੍ਰਿਸ਼ਨਾ ਦੂਰ ਨਹੀਂ ਕੀਤੀ ਜਾਂਦੀ। ਗੁਰਾਂ ਵਿਚ ਜੋ ਉਪਦੇਸ਼ ਰੂਪ ਅੰਮ੍ਰਿਤ ਦਾ ਸਮੁੰਦਰ ਹੈ ਉਸਨੂੰ (ਪਾਨ) ਪੀਣਾ ਕਰੋ, ਤਾਂਤੇ ਤੁਸੀਂ ਗੁਰਾਂ ਦੇ ਸਿਖਾਂ ਦੀ ਸਾਧ ਸੰਗਤ ਵਿਚ ਜਾਕੇ ਜਨਮ ਸਵਾਰੋ ਵਾ ਗੁਰਾਂ ਦੀ ਸਿਖਿਆ ਲੈਕੇ ਜਨਮ ਸਵਾਰੋ।

ਕਬਿਤ—ਸਲਿਲ ਮੈ ਧਰਨਿ ਧਰਨਿ ਮੈ ਸਲਿਲ ਜੈਸੇ, ਕੂਪ ਅਨਰੂਪ ਕੈ ਬਿਮਲ ਜਲ ਛਾਏ ਹੈਂ ॥ ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ, ਏਕੈ ਜਲ ਘਟ ਘਟ ਘਟਕਾ ਸਮਾਏ ਹੈਂ ॥ ਜਾਹੀ ਜਾਹੀ ਘਟਿਕਾ ਮੈਂ ਦ੍ਰਿਸ਼ਟਿ ਕੈ ਦੇਖੀਅਤਿ, ਪੇਖੀਅਤ ਆਪਾ ਆਪ ਆਨ ਨ ਦਿਖਾਏ ਹੈਂ ॥ ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ, ਬ੍ਰਹਮ ਬਿਬੇਕ ਏਕ ਏਕ ਠਹਿਰਾਏ ਹੈਂ ॥੭੬॥੧੨੬॥

ਜਿਸਤਰਾਂ ਪਾਣੀ ਧਰਤੀ ਵਿਚ ਹੁੰਦਾ ਹੈ ਅਤੇ ਧਰਤੀ ਜਲ ਵਿਚ ਹੁੰਦੀ ਹੈ ਪਰ ਜਦ ਜਲ ਲੈਣਾ ਹੋਵੇ ਤਾਂ ਖੂਹੇ ਨੂੰ ਪੁਟਣਾ ਕਰੀਏ ਤੇ ਉਜਲ ਪਾਣੀ ਇਸਥਿਤ ਹੁੰਦਾ ਹੈ। ਤਿਸ ਪਾਣੀ ਕਰਕੇ ਤੇ ਮਿਟੀ ਕਰਕੇ ਅਨੇਕਾਂ ਹੀ ਘੜੀਆਂ ਬਣਾਈਆਂ ਇਕੋ ਹੀ ਜਲ ਸਾਰੀਆਂ ਘੜੀਆਂ ਦੇ ਵਿਚ ਦਿਖਾਈ ਦੇਂਦਾਹੈ। ਜਿਸ ਜਿਸ(ਘਟਿਕਾ) ਘੜੀ ਵਿਚ ਨਜ਼ਰ ਕਰਕੇ ਦੇਖੀਏ ਤਾਂ ਆਪਣਾ ਆਪ ਹੀ ਦਿਖਾਈ ਦਿੰਦਾ ਹੈ। ਇਸੀ ਤਰਾਂ ਪੂਰਨ ਬ੍ਰਹਮ ਵਾਹਿਗੁਰੂ ਜੋ ਹੈ ਉਸੇ ਨੇ ਹੀ ਏਕੰਕਾਰ ਸਰਗੁਨ ਗੁਰੂ ਨਾਨਕ ਸਾਹਿਬ ਦਾ (ਅਕਾਰ) ਸਰੀਰ ਕੀਤਾ ਹੈ (ਬ੍ਰਹਮ) ਇਕ ਹੀ ਵਾਹਿਗੁਰੂ ਰਿਦੇ ਵਿਚ ਠਹਿਰਾਇਆ ਹੈ।

ਕਬਿਤ—ਚਰਨ ਸਰਨ ਗੁਰ ਏਕ ਪੈਂਡ ਜਾਇ ਚਲ, ਸਤਿਗੁਰ ਕੋਟਿ ਪੈਂਡ ਆਗੇ ਹੋਇ ਲੇਤ ਹੈਂ॥ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ, ਸਿਮਰਨ ਤਾਂਹਿ ਬਾਰੰਬਾਰ ਗੁਰ ਹੇਤ ਹੈਂ ॥ ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ, ਤਾਂਹਿ ਗੁਰ ਸਰਬ ਨਿਧਾਨ ਦਾਨ ਦੇਤ ਹੈਂ ॥ ਸਤਿਗੁਰ ਦਯਾ ਨਿਧਿ ਮਹਿਮਾ ਅਗਾਧ ਬੋਧ, ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈਂ ॥੭੭॥੧੨੭॥

ਜਿਹੜਾ ਸਿਖ ਗੁਰਾਂ ਦੇ ਚਰਨਾਂ ਦੀ ਸ਼ਰਨ ਇਕ(ਪੈਂਡ)ਕਦਮ ਚਲਕੇ ਜਾਂਦਾ ਹੈ। ਸਤਿਗੁਰੂ ਉਸਨੂੰ ਕਰੋੜਾਂ (ਪੈਂਡ)ਕਦਮ ਅਗੇ ਹੋਕੇ ਲੈਣ ਆਉਂਦੇ ਹਨ।ਜੇਕਰ ਇਕਵਾਰੀ ਗੁਰਾਂ ਦਾ ਨਾਮ ਜਪੀਏ ਤਾਂ ਤਿਸ ਸਿਖ ਨੂੰ ਬਾਰੰਬਾਰ ਪ੍ਰੇਮ ਕਰਕੇ ਯਾਦ ਕਰਦੇ ਹਨ। ਸਰਧਾ ਅਤੇ ਪ੍ਰੇਮਾ ਭਗਤੀ ਕਰਕੇ ਜੇ ਸਿਖ ਗੁਰਾਂ ਦੇ ਅਗੇ ਇਕ ਕੌਡੀ ਰਖੇ ਉਸਨੂੰ ਗੁਰੂ ਸਾਰੇ ਰਿਧੀਆਂ ਸਿਧੀਆਂ ਦੇ ਖਜ਼ਾਨੇ ਬਖਸ਼ ਦੇਂਦੇ ਹਨ। ਸਤਿਗੁਰ ਕ੍ਰਿਪਾ ਦਾ ਸਮੁੰਦਰ ਹੈ ਇਸ ਵਾਸਤੇ ਓਹਨਾਂ ਦੀ ਮਹਿਮਾ ਦਾ ਜਾਨਣਾ ਮੁਸ਼ਕਲ ਹੈ ਤੇ ਤਿਸੀ ਕਾਰਨ ਮਨ ਬਾਣੀ ਸਰੀਰ ਕਰਕੇ ਅਸੀਂ ਗੁਰਾਂ ਨੂੰ ਨਮਸ਼ਕਾਰ ਕਰਦੇ ਹਾਂ।

ਕਬਿਤ—ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ, ਉਨਮਨ ਉਨਮਤ ਬਿਸਮ ਬਿਸ੍ਵਾਸ ਹੈ ॥ ਆਤਮ ਤਰੰਗ ਬਹੁ ਰੰਗ ਅੰਗ ਅੰਗ ਛਬਿ, ਅਨਿਕ ਅਨੂਪ ਰੂਪ ਊਪ ਕੋ ਪ੍ਰਗਾਸ ਹੈ ॥ ਸ੍ਵਾਦ ਬਿਸਮਾਦ ਬਹੁ ਬਿਬਿਧ ਸੁਰਤ ਸਬਦ, ਰਾਗ ਨਾਦ ਬਾਦ ਬਹੁ ਬਾਸਨਾਂ ਸੁਬਾਸ ਹੈ ॥ ਪਰਮਦ ਭੂਤ ਬ੍ਰਹਮਾਸਨ ਸਿੰਘਾਸਨ ਮੈ, ਸੋਭਾ ਸਭ ਮੰਡਲ ਅਖੰਡਲ ਬਿਲਾਸ ਹੈ ॥੯॥੧੨੯॥

ਗੁਰਾਂ ਦੇ ਚਰਨ ਕਮਲਾਂ ਦਾ ਜੋ ਪ੍ਰੇਮ ਰਸ ਅੰਮ੍ਰਿਤ ਸੀ ਉਸ ਨੂੰ ਪੀਕੇ ਓਹ ਗੁਰਮੁਖ ਪੂਰਨ ਸਮੁੰਦਰ ਦਾ ਰੂਪ ਅਸਚਰਜ ਭਰੋਸੇ ਵਾਲੇ ਹੋਏ ਹਨ ਗੁਰਾਂ ਦੇ ਚਰਨਾਂ ਵਿਚ ਤੁਰੀਆ ਪਦ ਵਾਹਿਗੁਰੂ ਵਿਚ ਮਸਤ ਹੋਏ ਰਹਿੰਦੇ ਹਨ। ਆਤਮਾ ਰੂਪੀ ਜੋ ਸਮੁੰਦਰ ਹੈ ਇਸਦੇ ਅਨੇਕਾਂ ਹੀ ਜੀਵਾਂ ਰੂਪੀ ਤਰੰਗ ਹਨ ਸੋ ਬਹੁਤ ਤਰਾਂ ਕਰਕੇ ਜੋ ਗੁਰਮੁਖਾਂ ਦੇ ਅੰਗ ਅੰਗ ਛਬਿ ਦੇ ਰਹੇ ਨੇ, ਸੁੰਦਰ ਰੂਪ ਜੋ ਹੈ ਸੰਤਾਂ ਦਾ, ਇਹ ਉਪਮਾ ਪ੍ਰਕਾਸ਼ ਵਾਲੀ ਹੈ ਸੰਤਾਂ ਰੂਪੀ ਸਮੁੰਦਰ ਦੀ। ਬਹੁਤ ਤਰਾਂ ਦਾ ਅਨੰਦ ਹੈ ਜੋ ਅਸਚਰਜ ਗੁਰਾਂ ਦੇ ਚਰਨਾਂ ਵਿਚ ਸ੍ਰੇਸ਼ਟ ਪ੍ਰੀਤੀ ਕਰਨੀ ਹੈ (ਰਾਗ) ਸ਼ਬਦ ਕੀਰਤਨ ਵਾਜੇ ਵਜਦੇ ਹਨ ਭਾਵ ਸਮੁੰਦਰ ਵਿਚ ਸ਼ਬਦ ਪਾਣੀ ਦਾ ਵਜਦਾ ਹੈ ਅਤੇ ਓਧਰ ਵੀ ਵਾਸ਼ਨਾ ਹੋਂਦੀ ਹੈ ਤੇ ਗੁਰਾਂ ਦੇ ਚਰਨਾਂ ਵਿਚ ਵੀ ਸ੍ਰੇਸ਼ਟ ਭਗਤੀ ਹੁੰਦੀ ਹੈ। ਅਸਚਰਜ (ਬ੍ਰਹਮਾਸਨ) ਬ੍ਰਹਮ ਜੋ ਹੈ ਇਹੋ ਹੀ (ਸਿੰਘਾਸਨ) ਤਖਤ ਹੈ ਅਤੇ ਇਸ ਵਿਚ ਆਸਨ ਲਗਾ ਕੇ ਇਸਥਿਤ ਹੋਂਦੇ ਹਨ। ਇਸਤਰਾਂ ਗੁਰਮੁਖਾਂ ਦੀ ਸੋਭਾ ਮੰਡਲਾਂ ਸਾਰਿਆਂ ਵਿਚ ਹੋ ਰਹੀ ਹੈ ਅਤੇ ਇਕ ਰਸ ਅਨੰਦ ਓਹਨਾਂ ਨੂੰ ਪ੍ਰਾਪਤ ਹੋਇਆ ਹੋਇਆ ਹੈ ਭਾਵ ਗੁਰਮੁਖਾਂ ਨੂੰ ਇੰਦ੍ਰ ਨਾਲੋਂ ਬਹੁਤ ਅਨੰਦ ਹੈ।

ਕਬਿਤ—ਬਜ਼ਬਾ ਵੰਤੇ ਜੰਤੇ ਜੈਸੇ ਵੈਦ ਉਪਚਾਰ ਕਰੈ, ਬਜ਼ਬਾ ਬਿਰਤਾਂਤ ਸੁਨ ਹਰੈ ਦੁਖ ਰੋਗ ਕੋ ॥ ਜੈਸੇ ਮਾਤਾ ਪਿਤਾ ਹਿਤ ਚਿਤ ਕੈ ਮਿਲਤ ਸੁਤੈ, ਖਾਨ ਪਾਨ ਪੋਖ ਤੋਖ ਹਰਤ ਹੈ ਸੋਗ ਕੋ॥ਬਿਰਹਨੀ ਬਨਿਤਾ ਕੌ ਜੈਸੇ ਭਰਤਾਰ ਮਿਲੇ, ਪ੍ਰੇਮ ਰਸ ਕੈ ਹਰਤ ਬਿਰਹ ਬਿਯੋਗ ਕੋ ॥ ਤੈਸੇ ਹੀ ਬਿਬੇਕੀ ਜਨ ਪਰ ਉਪਕਾਰ ਹੇਤ, ਮਿਲਤ ਸਲਿਲ ਗਤਿ ਸਹਜ ਸੰਜੋਗ ਕੋ ॥ ੭੯ ॥ ੧੨੯ ॥

ਜੈਸੇ ਪੀੜਾ ਵਾਲੇ ਆਦਮੀ ਦਾ ਇਲਾਜ ਹਕੀਮ ਕਰਦੇ ਹਨ ਪਰ ਉਸਦੀ ਪੀੜਾ ਦਾ ਹਾਲ ਸੁਣਕੇ ਉਸ ਰੋਗੀ ਦੇ ਦੁਖਦਾਈ ਰੋਗ ਨੂੰ ਨਾਸ ਕਰਦੇ ਹਨ। ਜੈਸੇ ਮਾਤਾ ਪਿਤਾ ਪੁਤ੍ਰ ਨਾਲ ਚਿਤ ਕਰਕੇ ਪ੍ਰੇਮ ਕਰਦੇ ਹਨ (ਖਾਨ) ਖੁਲਾਕੇ ਅੰਨ,

ਪਾਲਦੇ ਹਨ ਪਿਆ ਕਰਕੇ ਦੁਧ ਪ੍ਰਸੰਨ ਕਰਦੇ ਹਨ ਨਾਸ਼ ਕਰਦੇ ਹਨ ਸੋਕ ਨੂੰ । ਜੈਸੇ ਵਿਛੋੜੇ ਵਾਲੀ ਇਸਤ੍ਰੀ ਨੂੰ ਪਤੀ ਮਿਲਦਾ ਹੈ ਤੇ ਪ੍ਰੇਮ ਕਰਕੇ ਅਨੰਦ ਕਰ ਦੇਂਦਾ ਹੈ ਤੇ ਵਿਛੋੜੇ ਦੀ ਪੀੜਾ ਨੂੰ ਨਾਸ ਕਰ ਦੇਂਦਾ ਹੈ । ਤੈਸੇ ਹੀ ਵਿਚਾਰਵਾਨ ਸੰਤ ਪਰਉਪਕਾਰ ਵਾਸਤੇ ਮਿਲਦੇ ਹਨ ਪਾਣੀ ਦੇ (ਗਤਿ) ਵਾਂਗੂੰ ਸਹਿਜੇ ਹੀ (ਸੰਜੋਗ) ਮਿਲਕੇ ਸੁਖ ਦੇਂਦੇ ਹਨ ਜੈਸੇ ਜਲ ਚਲਦਾ ਹੈ ਤਾਂ ਉਸ ਨੂੰ ਪੀ ਕੇ ਕਈ ਤ੍ਰਿਖਾ ਦੂਰ ਕਰਦੇ ਹਨ ।

ਕਬਿਤ—ਬਯਥਾਵੰਤੇ ਵੈਦ ਰੂਪ ਜਾਚਿਕ ਦਾਤਾਰ ਗਤਿ, ਗਾਹਕੈ ਬਯਾਪਾਰੀ ਹੋਇ ਮਾਤ ਪਿਤਾ ਪੂਤ ਕੋ ॥ ਨਾਰ ਭਰਤਾਰ ਬਿਧ ਮਿਤ੍ਰ ਮਿਤ੍ਰਤਾਈ ਰੂਪ, ਸੁਜਨ ਕੁਟੰਬ ਸਖਾ ਭਾਇ ਚਾਇ ਸੂਤ ਕੋ ॥ ਲੋਗਨ ਮੈਂ ਲੋਗਾ ਚਾਰ ਵੇਦਨ ਮੈ ਬੇਦਾ ਚਾਰ, ਗਯਾਨ ਗੁਰ ਏਕੰਕਾਰ ਔਧੂਤ ਔਧੂਤ ਕੋ ॥ ਬਿਰਲੋ ਬਿਬੇਕੀ ਜਨ ਪਰਉਪਕਾਰ ਹੇਤ, ਮਿਲਤ ਸਲਿਲ ਗਤਿ ਸਰਬੰਗ ਭੂਤ ਕੋ ॥ ੯੦ ॥ ੧੩੦ ॥

ਪੀੜਾ ਵਾਲੇ ਰੋਗੀ ਨੂੰ ਹਕੀਮ ਰੂਪ ਹੋਕੇ ਮਿਲਦੇ ਨੇ ਅਤੇ ਮੰਗਤੇ ਨੂੰ ਦਾਤਾ ਰੂਪ ਹੋ ਕੇ ਮਿਲਦੇ ਨੇ (ਗਤਿ) ਵਾਂਗੂੰ (ਗਾਹਕੇ) ਸੌਦੇ ਵਾਲੇ ਨੂੰ ਸੌਦਾਗਰ ਹੋ ਕੇ ਮਿਲਦੇ ਨੇ, ਪੀੜਾ ਵਾਲਾ ਹਕੀਮ ਨੂੰ ਚਾਹੁੰਦਾ ਤੇ ਮੰਗਤਾ ਦਾਤੇ ਨੂੰ ਲੋੜਦਾ ਹੈ ਤੇ ਸੌਦਾ ਵੇਚਣ ਵਾਲਾ ਖਰੀਦਣ ਵਾਲੇ ਨੂੰ ਚਾਹੁੰਦਾ ਹੈ ਤੇ ਪੁਤ੍ਰ ਮਾਂ ਬਾਪ ਨੂੰ ਲੋੜਦਾ ਹੈ। ਇਸਤ੍ਰੀ ਨੂੰ ਪਤੀ ਦੀ ਨਿਆਈਂ ਮਿਲਦੇ ਹਨ ਦੋਸਤ ਨੂੰ ਮਿਤ੍ਰਤਾਈ ਰੂਪ ਹੋਕੇ ਮਿਲਦੇ ਹਨ ਸਜਨ ਤੇ (ਕੁਟੰਬ) ਟਬਰ ਤੇ ਪਿਆਰੇ ਮਿਤ੍ਰ ਇਹ ਸਾਰੇ ਪ੍ਰੇਮ ਕਰਕੇ ਚਾਹੁੰਦੇ ਹਨ (ਸੂਤ) ਮਰਯਾਦਾ ਨੂੰ। ਲੋਕਾਂ ਵਿਚ ਲੋਗਾਚਾਰ ਲੋਕਾਂ ਵਿਚ ਲੋਕਾਂ ਵਾਲੇ ਕਰਮ ਵੇਦਾਂ ਵਿਚ ਵੇਦਾਂ ਵਾਲੇ ਕਰਮ ਕਥਨ ਕਰੇ ਹੋਏ ਹਨ, ਗੁਰੂ ਵਾਹਿਗੁਰੂ ਦੇ ਗਯਾਨ ਵਿਚ ਮਿਲੇ ਰਹਿੰਦੇ ਹਨ ਤੇ ਆਪ (ਔਧੂਤ) ਸੁਧ ਨੇ ਤੇ ਹੋਰਨਾ ਨੂੰ (ਔਧੂਤ) ਸੁਧ ਕਰਦੇ ਹਨ। ਸਾਰਿਆਂ ਜੀਵਾਂ ਦੇ ਅੰਗਾਂ ਨਾਲ ਜੋ (ਸਲਿਲ) ਪਾਣੀ ਵਾਂਗੂੰ ਮਿਲਣਾ ਹੈ ਏਹੀ ਪਰਉਪਕਾਰ ਕਰਦੇ ਹਨ ਸੋ ਏਹੋ ਜਿਹੇ ਵਿਰਲੇ ਹੀ ਵਿਚਾਰਵਾਨ ਸਿਖ ਹਨ ਉਪਕਾਰ ਕਰਨ ਵਾਸਤੇ ਮਿਲਦੇ ਹਨ ਅਰ ਜਲ ਦੀ ਨਯਾਈਂ ਸੁਧ ਕਰ ਦਿੰਦੇ ਹਨ ।

ਕਬਿਤ—ਦਰਸਨ ਧਯਾਨ ਦਿਬਯ ਦੇਹ ਕੈ ਬਿਦੇਹ ਭਏ, ਦ੍ਰਿਗ ਦਿਬ ਦ੍ਰਿਸ਼ਟ ਬਿਖੈ ਭਾਉ ਭਗਤਿ ਚੀਨ ਹੈ॥ ਸਬਦ ਗਿਆਨ ਪਰਵਾਨ ਹ੍ਵੈ ਨਿਧਾਨ ਪਾਏ, ਪਰਮਾਰਥ ਸਬਦਾਰਥ ਪ੍ਰਬੀਨ ਹੈ ॥ ਅਧਯਾਤਮ ਕਰਮ ਕਰ ਆਤਮ ਪ੍ਰਵੇਸ, ਪਰਮਾਤਮ ਪ੍ਰਵੇਸ ਸਰਬਾਤਮ ਲਿਉ

ਲੀਨ ਹੈ ॥ ਤਤੈ ਮਿਲੈ ਤਤ ਜੋਤੀ ਜੋਤਿ ਕੈ ਪਰਮ ਜੋਤਿ, ਪ੍ਰੇਮ ਰਸ ਬਸ ਭਏ ਜੈਸੇ ਜਲ ਮੀਨ ਹੈ ॥੯੧॥੧੩੧॥

ਜਦ ਗੁਰਾਂ ਦਾ ਦਰਸ਼ਨ ਧਯਾਨ ਦੇਖਿਆ ਵਾ ਕੀਤਾ ਸੁਧ ਦੇਹ ਹੋ ਗਈ ਮਨੁਖਾ ਦੇਹ ਦੇ ਹੁੰਦਿਆਂ ਹੀ ਦੇਹ ਹੰਗਤਾ ਤੇ ਰਹਿਤ ਹੋਏ ਹੋਏ ਨੇ ਨੇਤ੍ਰਾਂ ਦੀ ਜੋ ਦ੍ਰਿਸ਼ਟੀ ਹੈ ਓਹ ਸੁਧ ਹੋਕੇ ਵਾਹਿਗੁਰੂ ਵਿਚ ਲਗੀ ਰਹਿੰਦੀ ਹੈ ਤੇ (ਭਾਉ) ਪ੍ਰੇਮਾ ਭਗਤੀ ਨੂੰ ਜਾਣਦੇ ਹਨ । ਮਨ ਬੁਧੀ ਵਾਹਿਗੁਰੂ ਵਿਚ ਲਗੀ ਰਹਿੰਦੀ ਹੈ ਤੇ ਸਰੀਰ ਕਰਕੇ ਪ੍ਰੇਮਾ ਭਗਤੀ ਕਰਦੇ ਹਨ । ਗੁਰਾਂ ਦੇ ਉਪਦੇਸ਼ ਦੇ ਗਿਆਨ ਰੂਪੀ ਖਜ਼ਾਨੇ ਨੂੰ ਪਾ ਕੇ ਮੰਨਨ ਨੀਕ ਹੋਏ ਸਿਧਾਂਤ ਦੇ ਚਾਨਣ ਵਿਚ ਗੁਰਾਂ ਦੇ ਸ਼ਬਦ ਦੇ ਅਰਥ ਜਾਨਣ ਵਿਚ ਚਤਰ ਹੋਏ । (ਅਧਯਾਤਮ ਕਰਮ) ਨਿਸ਼ਕਾਮ ਕਰਮ ਕਰਕੇ ਆਪਣੇ ਆਪ ਮਨ ਦੇ ਵਿਚ ਨਿਵਾਸ ਕੀਤਾ ਅਰ ਆਪਣੇ ਆਪ ਨੂੰ ਸੋਧਨ ਕੀਤਾ ਸਾਰਿਆਂ ਜੀਵਾਂ ਦੇ ਮਨਾਂ ਵਿਚ ਵਾਹਿਗੁਰੂ ਲੀਨ ਹੋਇਆ ਹੋਇਆ ਜਾਣਦੇ ਨੇ । ਜਿਸਤਰਾਂ ਜਲ ਵਿਚ ਮਛੀ ਵੜੀ ਰਹਿੰਦੀ ਹੈ । ਤਤਾਂ ਨਾਲ ਤਤ ਮਿਲ ਜਾਂਦੇ ਹਨ ਵਾਹਿਗੁਰੂ ਦੀ ਜੋਤ ਨਾਲ ਓਨਾਂ ਦੀ ਜੋਤ ਮਿਲ ਜਾਂਦੀ ਹੈ ।

ਕਬਿਤ—ਅਧਯਾਤਮ ਕਰਮ ਪ੍ਰਮਾਤਮ ਪਰਮ ਪਦ, ਤਤ ਮਿਲ ਤਤਹਿ ਪਰਮਤਤ ਵਾਸੀ ਹੈ ॥ ਸਬਦ ਬਿਬੇਕ ਟੇਕ ਏਕ ਹੀ ਅਨੇਕ ਮੇਕ, ਜੰਤ੍ਰ ਧੁਨਿ ਰਾਗ ਨਾਦ ਅਨ ਭੈ ਅਭਯਾਸੀ ਹੈ॥ ਦਰਸ ਧਿਆਨ ਉਨਮਾਨ ਪ੍ਰਾਨ ਪ੍ਰਾਨ ਪਤਿ, ਅਬਿਗਤਿ ਗਤਿ ਅਤਿ ਅਲਖ ਬਿਲਾਸੀ ਹੈ ॥ ਅੰਮ੍ਰਿਤ ਕਟਾਖਸ਼ ਦਿਬਯ ਦੇਹ ਕੈ ਬਿਦੇਹ ਭਏ, ਜੀਵਨ ਮੁਕਤਿ ਕੋਊ ਬਿਰਲੋ ਉਦਾਸੀ ਹੈ ॥ ੯੨ ॥ ੧੩੨ ॥

(ਪਰਮ ਤਤ) ਵਾਹਿਗੁਰੂ ਵਿਚ ਵੱਸਣ ਵਾਲਾ ਹੋਂਦਾ ਹੈ ਵਾ ਨਾਮ ਜਪਕੇ ਵਾਹਿਗੁਰੂ ਵਿਚ ਵਸਦਾ ਹੈ । ਤਤਾਂ ਨਾਲ ਤਤ ਮਿਲੇ, ਨਿਸਕਾਮ ਕਰਮ ਕੀਤੇ, ਵਾਹਿਗੁਰੂ ਜੋ ਉੱਚਾ ਹੈ ਸਭ ਨਾਲੋਂ, ਵਾਹਿਗੁਰੂ ਵਿਚ ਨਿਵਾਸ ਕੀਤਾ । ਗੁਰਾਂ ਦੇ ਉਪਦੇਸ਼ ਤੇ ਵਿਚਾਰ ਦੀ ਓਟ ਲਈ ਅਤੇ ਕਿਆ ਜਾਨਿਆਂ ਕਿ ਇਕ ਵਾਹਿਗੁਰੂ ਹੀ ਅਨੇਕਾਂ ਜੀਵਾਂ ਵਿਚ ਮਿਲਿਆ ਹੋਇਆ ਹੈ । ਵਾਜੇ ਦੀ ਧੁਨਿ ਅਵਾਜ਼ ਰਾਗੀ ਦਾ ਜੋ ਅਵਾਜ਼ ਹੈ ਉਸ ਨਾਲ ਮਿਲੀ ਹੋਈ ਹੁੰਦੀ ਹੈ ਇਸੀ ਤਰਾਂ ਓਹਨਾਂ ਵਾਹਿਗੁਰੂ ਨੂੰ ਸਾਰਿਆਂ ਵਿਚ ਮਿਲਿਆ ਹੋਇਆ ਜਾਣਿਆਂ ਅਤੇ ਵਾਹਿਗੁਰੂ ਦੇ ਨਾਮ ਜਪਣ ਦੇ ਉੱਦਮੀ ਹੋਏ । ਗੁਰਾਂ ਦੇ ਦਰਸ਼ਨ ਦੇਖਣ ਦਾ ਵਿਚਾਰ ਕੀਤਾ ਪ੍ਰਾਨਾਂ ਕਰਕੇ ਜੀਵ ਵਿਚ ਵਿਚਾਰ ਹੈ ਅਤੇ ਓਨਾਂ ਗੁਰਮੁਖਾਂ ਦੀ ਅਸਚਰਜ (ਗਤਿ) ਰੀਤੀ ਹੈ ਅਤੇ (ਅਲਖ) ਵਾਹਿਗੁਰੂ ਦੇ ਅਨੰਦ ਲੈਣ ਵਾਲੇ ਹੋਏ । ਕ੍ਰਿਪਾ ਦ੍ਰਿਸ਼ਟੀ ਕਰਦੇ ਹਨ ਤੇ

ਸ਼ੁਭ ਦੇਵਤਿਆਂ ਵਾਲੀ ਦੇਹ ਦੇ ਹੁੰਦਿਆਂ ਹੀ ਜੀਵਨ ਮੁਕਤੀ ਨੂੰ ਪ੍ਰਾਪਤ ਹੋਇਆ ਹੈ ਓਹ ਕੋਈ ਵਿਰਲਾ ਹੀ ਉਦਾਸੀ ਮਹਾਤਮਾ ਸੰਸਾਰ ਤੋਂ ਉਦਾਸ ਹੈ।

ਕਬਿਤ—ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ, ਤਾਰਕਾ ਮੰਡਲ ਪਰਭਾਤ ਨ ਦਿਖਾਈਐ ॥ ਤਰਵਰ ਛਾਯਾ ਲਘੁ ਦੀਰਘ ਚਪਲ ਬਲ, ਤੀਰਥ ਪੁਰਬ ਜਾਤ੍ਰਾ ਥਿਰ ਨ ਰਹਾਈਐ ॥ ਨਦੀ ਨਾਵ ਕੋ ਸੰਜੋਗ ਲੋਗ ਬਹੁਰਯੋ ਨ ਮਿਲੈ, ਗੰਧ੍ਰਬ ਨਗਰ ਮ੍ਰਿਗ ਤ੍ਰਿਸ਼ਨਾ ਬਿਲਾਈਐ ॥ ਤੈਸੇ ਮਾਯਾ ਮੋਹ ਧੋਹ ਕੁਟੰਬ ਸਨੇਹ ਦੇਹ, ਗੁਰਮੁਖ ਸ਼ਬਦ ਸੁਰਤਿ ਲਿਵ ਲਾਈਐ ॥੯੩॥੧੩੩॥

ਜੈਸੇ ਜਿਤਨਾ ਚਿਰ ਜੀਵ ਨੂੰ ਸੁਤਿਆਂ ਪਿਆਂ ਰਾਤ ਨੂੰ ਸੁਪਨਾ ਆਉਂਦਾ ਹੈ ਤੇ ਉਤਨਾ ਚਿਰ ਹੀ ਸੁੰਦਰ ਚਰਿਤ੍ਰ ਦਿਖਾਈ ਦੇਂਦੇ ਨੇ ਪਰ ਜਿਸ ਵਕਤ ਜਾਗਿਆ ਤੇ ਜੀਵ ਨੂੰ ਹੋਸ਼ ਆਈ ਤਾਂ ਓਨੂੰ ਤਮਾਸ਼ਿਆਂ ਵਿਚੋਂ ਕੁਝ ਨਹੀਂ ਦਿਸਦਾ ਇਸਤਰਾਂ ਹੀ ਝੂਠਾ ਸੰਸਾਰ ਨੂੰ ਸਮਝਿਆ ਹੈ ਗੁਰਮੁਖਾਂ ਨੇ ਤੇ ਜੈਸੇ (ਤਾਰਕਾ) ਤਾਰਿਆਂ ਦਾ ਅਕੱਠ ਰਾਤ ਨੂੰ ਨਜ਼ਰ ਆਉਂਦਾ ਹੈ ਸਵੇਰ ਦੇ ਵਕਤ ਕੋਈ ਨਹੀਂ। ਜੈਸੇ ਚੰਗੇ ਬ੍ਰਿਛ ਦੀ ਛਾਂ ਚੰਚਲ ਹੈ (ਲਘੁ) ਛੋਟੀ ਹੋ ਜਾਂਦੀ ਹੈ ਕਦੀ ਵਡੀ ਹੋ ਜਾਂਦੀ ਹੈ। ਤੀਰਥਾਂ ਦੇ ਪੁਰਬ ਲਗਣ ਪਰ (ਯਾਤ੍ਰਾ) ਜੋ ਦੁਨੀਆਂ ਚਲਕੇ ਆਉਂਦੀ ਹੈ ਇਸਥਿਤ ਨਹੀਂ ਰਹਿੰਦੀ। ਜੈਸੇ ਨਦੀ ਨੂੰ ਲੰਘਣ ਲਗਿਆਂ ਬੇੜੀ ਵਿਚ ਲੋਗਾਂ ਦਾ ਆਪੋ ਵਿਚ ਦੀ ਮਿਲਾਪ ਹੁੰਦਾ ਹੈ ਪਰ ਜਿਸ ਵਕਤ ਬੇੜੀ ਵਿਚੋਂ ਪੂਰ ਉਤਰ ਜਾਂਦਾ ਹੈ ਤਾਂ ਫਿਰ ਇਕ ਦੂਜੇ ਨਾਲ ਕੋਈ ਨਹੀਂ ਮਿਲਦਾ ਧੂਏਂ ਦਾ ਪਹਾੜ ਬਦਲਾਂ ਵਾਂਗੂ ਬਣਿਆਂ ਹੁੰਦਾ ਹੈ ਕੋਈ ਹਰੀ ਚੰਦੌਰੀ ਨਗਰੀ ਦੇਖਦਿਆਂ ਦੇਖਦਿਆਂ ਓਹ ਅਕਾਸ਼ ਵਿਚ ਛਪ ਜਾਂਦੀ ਹੈ ਜੈਸੇ ਮ੍ਰਿਗ ਤ੍ਰਿਸ਼ਨਾਂ ਦਾ ਜਲ ਖਿਨ ਵਿਚ ਦੂਰ ਹੋ ਜਾਂਦਾ ਹੈ। ਤੈਸੇ ਹੀ ਗੁਰਮੁਖਾਂ ਨੇ ਮਾਇਆ ਦਾ ਮੋਹ ਠਗੀ ਵਾਲਾ ਛਲ ਜਾਣ ਵਾਲਾ ਸਮਝਿਆ ਹੈ ਦੇਹ ਦਾ ਪ੍ਰੇਮ ਹੈ ਭਾਵ ਥੋੜਾ ਸੁਖਦਾਈ ਤੇ ਬਹੁਤ ਦੁਖਦਾਈ ਹੈ ਇਸ ਵਾਸਤੇ ਇਸ ਗਲ ਨੂੰ ਸਮਝਕੇ ਗੁਰਮੁਖ ਗੁਰਾਂ ਦੇ ਉਪਦੇਸ਼ ਦੀ ਗਜਾਤ ਵਿਚ ਪ੍ਰੀਤੀ ਲਗਾਉਂਦੇ ਹਨ।

ਕਬਿਤ—ਨੈਹਰ ਕੁਆਰ ਕੰਨਯਾ ਲਾਡਲੀ ਕੈ ਮਾਨੀਅਤਿ, ਬਯਾਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ ॥ ਬਨਜ ਬਯੋਹਾਰ ਲਗ ਜਾਤ ਹੈ ਬਿਦੇਸ ਪ੍ਰਾਨੀ, ਕਹੀਏ ਸਪੂਤ ਲਾਭ ਲਭਤ ਕੈ ਆਨੀਐ ॥ ਜੈਸੇ ਤੌ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ, ਜਾਇ ਜੀਤ ਆਵੈ ਸੋਈ ਸੂਭਟ ਬਖਾਨੀਐ ॥ ਮਾਨਸ ਜਨਮ ਪਾਇ ਚਰਨ ਸਰਨ ਗੁਰ, ਸਾਧ

ਸੰਗ ਮਿਲੈ ਗੁਰਦ੍ਵਾਰ ਪਹਿਚਾਨੀਐ ॥ ੯੪ ॥ ੧੩੪ ॥

ਜੈਸੇ (ਪੇਕੇ) ਪਿਤਾ ਦੇ ਘਰ(ਕੁਆਰ)ਲੜਕੀ ਲਾਡਲੀ ਕਰਕੇਮੰਨੀ ਦੀ ਹੈ ਸਾਰੇ ਲੋਕਾਂ ਨੂੰ ਪਜਾਰੀ ਲਗਦੀ ਹੈ ਪਰ ਜਿਸ ਵਕਤ ਵਿਆਹੀ ਸਹੁਰੇ ਜਾਵੇ ਤਾਂ ਗੁਣਾਂ ਕਰਕੇ ਚੰਗੀ ਮੰਨੀ ਜਾਂਦੀ ਹੈ। ਜੈਸੇ ਸੌਦੇ ਦੇ ਖਰੀਦਣ ਅਤੇ ਵੇਚਣ ਵਿਵਹਾਰ ਕਰਨ ਵਾਸਤੇ ਜੀਵ ਦੇਸੋਂ ਬਿਦੇਸ਼ ਚਲਾ ਜਾਂਦਾ ਹੈ ਪਰ ਜੋ ਲਾਭ ਲੈਕੇ ਖਟੀ ਖਟਕੇ ਲਿਆਵੇ ਓਹ ਸ੍ਰੇਸ਼ਟ ਪੁਤ੍ਰ ਕਿਹਾ ਜਾਂਦਾ ਹੈ। ਜੈਸੇ ਯੁਧ ਭੂਮਕਾ ਵਿਚ ਜੰਗ ਦੇ ਵੇਲੇ ਜੇਹੜਾ ਪਰਾਇ ਦਲ ਵਿਚ ਅਕੱਲਾ ਜਾਵੇ ਅਤੇ ਜਿਤਕੇ ਆਵੇ ਓਹੋ ਹੀ ਸ੍ਰੇਸ਼ਟ ਸੂਰਮਾ ਕਿਹਾ ਜਾਂਦਾ ਹੈ ਜਿੰਨਾ ਚਿਰ ਜੰਗ ਵਿਚ ਜਾਕੇ ਕਿਸੇ ਨੂੰ ਜਿਤਕੇ ਨਾ ਦਸੇ ਓਨਾਂ ਚਿਰ ਉਸਨੂੰ ਸੂਰਮਾਂ ਕੌਣ ਕਹਿੰਦਾ ਹੈ ? ਮਾਨੁਸ਼ ਜਨਮ ਤਾਂ ਸਾਰਿਆਂ ਨੂੰ ਮਿਲਿਆ ਹੋਇਆ ਹੈ ਪਰ ਸਫਲ ਮਾਨਸ ਜਨਮ ਉਹਨਾਂ ਦਾ ਹੀ ਪਾਯਾ ਹੋਇਆ ਪ੍ਰਵਾਨ ਹੈ ਜੋ ਗੁਰਾਂ ਦੇ ਚਰਨਾਂ ਦੀ ਸ਼ਰਨ ਆਇ ਹਨ ਤੇ ਗੁਰਾਂ ਦੇ ਸਿਖਾਂ ਦੀ ਸਾਧ ਸੰਗਤ ਵਿਚ ਮਿਲੇ ਹਨ ਤੇ ਓਹੋ ਹੀ ਮੁਖੀ ਸਰੋਮਣੀ ਜਾਣੀਦੇ ਨੇ। ਮਾਨਸ ਜਨਮ ਪਾ ਕਰ ਜੋ ਗੁਰਾਂ ਦੀ ਸ਼ਰਨ ਨੂੰ ਨਹੀਂ ਆਇ ਓਹ ਮਨੁਖ ਨਹੀਂ।

ਕਬਿਤ—ਨੈਹਰ ਕੁਟੰਬ ਤਜ ਬਯਾਹੇ ਸਸੁਰਾਰ ਜਾਇ, ਗੁਨਨ ਕੈ ਕੁਲ ਬਧੂ ਬਿਰਧ ਕਹਾਵਈ ॥ ਪੂਰਨ ਪਤਿਬ੍ਰਤਾ ਔ ਗੁਰਜਨ ਸੇਵਾ ਭਾਇ, ਗ੍ਰਹ ਮੈਂ ਗ੍ਰਿਹੇਸਰ ਸੁਜਸੁ ਪ੍ਰਗਟਾਵਈ ॥ ਅੰਤਕਾਲ ਜਾਇ ਪ੍ਰਿਯਾ ਸੰਗ ਸਹਗਾਮਨੀ ਹ੍ਵੈ, ਲੋਕ ਪਰਲੋਕ ਬਿਖੈ ਊਚ ਪਦ ਪਾਵਈ ॥ ਗੁਰਮੁਖ ਮਾਰਗ ਭੈ ਭਾਇ ਨਿਰਬਾਹ ਕਰੈ, ਧੰਨਯ ਗੁਰ ਸਿਖਯ ਆਦ ਅੰਤ ਠਹਿਰਾਵਈ ॥ *੧੧੯ ॥

ਪੇਕੇ ਪਿਤਾ ਦੇ ਘਰ ਦਾ ਪ੍ਰਵਾਰ ਛਡਕੇ ਇਸਤ੍ਰੀ ਵਿਆਹੀ ਸਾਹੁਰੇ ਜਾਂਦੀ ਹੈ ਪਰ ਪਿਛੇ ਜੋ ਗੁਣ ਕਥਨ ਕਰੇ ਹੈਂ ਓਹਨਾਂ ਗੁਣਾਂ ਕਰਕੇ ਵਡੀ ਕੁਲ ਦੀ ਇਸਤ੍ਰੀ ਵਡੀ ਕਹਾਵੇਗੀ। ਪੂਰਨ ਪਤਿਬ੍ਰਤਾ ਧਰਮ ਰਖਣੇ ਨਾਲ ਵਡਿਆਂ ਦੀ ਸੇਵਾ ਪ੍ਰੇਮ ਨਾਲ ਕਰਨ ਨਾਲ ਅਰ ਘਰ ਵਿਚ ਸਿਰੋਮਣੀ ਪਟਰਾਣੀ ਚੰਗੇ ਜਸ ਵਾਲੀ ਯਸ ਨੂੰ ਪ੍ਰਗਟ ਕਰਦੀ ਹੈ। ਓੜਕ ਦੇ ਸਮੇਂ ਨੂੰ ਪਤੀ ਨਾਲ ਉਹਦਾ ਚਲਾਣਾ ਹੁੰਦਾ ਹੈ। ਇਸ ਵਾਸਤੇ ਉਹ ਪ੍ਰਲੋਕ ਵਿਚ ਸਤੀ ਕਹਾਉਂਦੀ ਹੈ ਅਰ ਇਸ ਲੋਕ ਵਿਚ ਰਹਿਕੇ ਵੀ ਉਚ ਪਦਵੀ ਨੂੰ ਪਾਉਂਦੀ ਹੈ (ਸਹਿਗਾਮਨੀ) ਨਾਲ ਜਾਣ ਵਾਲੀ ਸਤੀ। ਪਤਿਬ੍ਰਤਾ ਇਸਤ੍ਰੀ

---

*ਜੇਹੜੇ ਸੋਰਠੇ, ਦੋਹਰੇ ਤੇ ਛੰਦ ਮੰਗਲਚਰਨ ਦੇ ਆਦਿ ਵਿਚ ਗੁਰੂ ਉਸਤਤੀ ੨੪ ਅੰਕ ਤਕ ਆਏ ਹੈਨ ਉਸਤੋਂ ਅਗੇ ੨੫ ਅੰਕ ਕਬਿਤ ਦਾ ਚਲਿਆ ਸੀ ਜੋ ਏਥੇ ਆਕੇ ਕੱਠਾ ਹੈ।

ਦੀ ਤਰਹ ਜੇਹੜਾ ਸਿਖ ਗੁਰਾਂ ਦੇ ਉਪਦੇਸ਼ ਕੀਤੇ ਹੋਏ ਮਾਰਗ ਵਿਚ ਪ੍ਰੇਮ ਨਾਲ ਅਰ ਡਰ ਦੇ ਸਹਿਤ ਚਲਦਾ ਹੈ ਅਰ ਆਪਣੀ ਬਿਰਤੀ ਨੂੰ ਅੰਤ ਪ੍ਰਯੰਤ ਇਕ ਤਰਹ ਸਮਦਰਸੀ ਰਖਦਾ ਹੈ ਉਹੋ ਧੰਨਤਾ ਯੋਗ ਹੋਂਦਾ ਹੈ।

ਕਬਿਤ—ਜੈਸੇ ਨ੍ਰਿਪ ਧਾਮ ਭਾਮ ਏਕਸੈ ਅਧਿਕ ਏਕ, ਨਾਇਕ ਅਨੇਕ ਰਾਜਾ ਸਭਨ ਲਡਾਵਈ ॥ ਜਨਮਤ ਜਾਕੈ ਸੁਤ ਵਾਹੀ ਕੈ ਸੁਹਾਗ ਭਾਗ, ਸਕਲ ਰਾਨੀ ਮੈ ਪਟਰਾਨੀ ਸੋ ਕਹਾਵਈ ॥ ਅਸਨ ਬਸਨ ਸਿਹਜਾਸਨ ਸੰਜੋਗੀ ਸਭੈ, ਰਾਜ ਅਧਿਕਾਰ ਤੋ ਸਪੂਤੀ ਗ੍ਰਿਹ ਆਵਈ ॥ ਗੁਰ ਸਿਖ ਸਭੈ ਗੁਰ ਚਰਨ ਸ਼ਰਨ ਲਿਵ,ਗੁਰ ਸਿਖ ਸੰਧਿ ਮਿਲੈ ਨਿਜ ਪਦ ਪਾਵਈ ॥ ੧੨੦ ॥

ਜੈਸੇ ਰਾਜਾ ਦੇ ਘਰ ਵਿਚ ਇਸਤ੍ਰੀਆਂ ਇਕ ਨਾਲੋਂ ਇਕ ਅਨੇਕਾਂ ਸੁੰਦਰ ਹਨ ਤੇ ਰਾਜਾ ਮਾਲਕ ਸਾਰੀਆਂ ਨੂੰ ਇਕੋ ਜਿਹਾ ਹੀ ਲਾਡ ਨਾਲ ਅਨੰਦ ਦੇਂਦਾ ਹੈ। ਪਰ ਜਿਸ ਦੇ ਘਰ ਪੁਤਰ ਜੰਮੇ ਓਹੋ ਹੀ ਸੁਹਾਗਨਿ ਤੇ ਰਾਜ ਦੇ ਹਿਸੇ ਵਾਲੀ ਹੋਂਦੀ ਹੈ ਸਾਰੀਆਂ ਰਾਣੀਆਂ ਵਿਚ ਸ਼ਿਰੋਮਣੀ ਰਾਣੀ ਕਹਾਉਂਦੀ ਹੈ। ਭੋਜਨ ਕਪੜੇ ਸਿਹਜਾ ਦੇ ਆਸਣ ਦਾ ਮਿਲਾਪ ਜੋ ਸ੍ਰੇਸ਼ਟ ਪੁਤਰ ਵਾਲੀ ਹੈ ਉਸ ਦੇ ਘਰ ਵਿਚ ਆਉਂਦਾ ਹੈ। ਇਵੇਂ ਸਾਰੇ ਹੀ ਗੁਰਾਂ ਦੇ ਚਰਨਾਂ ਦੀ ਸ਼ਰਨ ਪ੍ਰੀਤੀ ਲਾਉਣ ਵਾਲੇ ਆਪਣੇ ਆਪ ਨੂੰ ਕਹਾਉਂਦੇ ਹਨ ਪਰ ਜੋ ਗੁਰੂ ਕੇ ਸਿਖਾਂ ਦੀ ਮਲੌਨੀ ਵਿਚ ਮਿਲੇ ਹਨ ਓਹੋ ਹੀ ਅਪਣੀ ਪਦਵੀ ਸਰੂਪ ਦੀ ਪਾਉਂਦੇ ਹਨ।

ਕਬਿਤ—ਤੁਸ ਮੈਂ ਤੰਦੁਲ ਬੋਇ ਨਿਪਜੈ ਸਹੰਸ੍ਰ ਗੁਨੋ, ਦੇਹ ਧਾਰ ਕਰਤ ਹੈਂ ਪਰਉਪਕਾਰ ਜੀ ॥ ਤੁਸ ਮੈਂ ਤੰਦੁਲ ਨਿਰਬਿਘਨ ਨ ਲਾਗੈ ਘੁਨ, ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ ॥ ਤੁਸ ਮੈਂ ਨਿਕਸ ਹੋਇ ਭਗਨ ਮਲੀਨ ਰੂਪ, ਸ੍ਵਾਦਿ ਕਰਵਾਇ ਰਾਧੇ ਰਹੈ ਨ ਸੰਸਾਰ ਜੀ ॥ ਗੁਰੁ ਉਪਦੇਸ਼ ਗੁਰ ਸਿੱਖ ਗ੍ਰਿਹ ਮੈਂ ਬੈਰਾਗੀ, ਗ੍ਰਿਹ ਤਜ ਬਨ ਖੰਡ ਹੋਤ ਨ ਉਧਾਰ ਜੀ ॥ ੧੨੧ ॥

ਚਾਵਲਾਂ ਨੂੰ, ਜੋ ਛੜੇ ਹੋਏ ਨਾ ਹੋਣ। ਓਹਨਾ ਨੂੰ ਬੀਜੀਏ ਤਾਂ ਓਹ ਹਜ਼ਾਰ ਗੁਣਾ ਚੰਗੇ ਉਗਦੇ ਨੇ ਫਿਰ ਓਹੋ ਹੀ ਚਾਵਲ (ਦੇਹ ਧਾਰ) ਉਗਕੇ ਪਰ ਉਪਕਾਰ ਕਰਦੇ ਹਨ ਛਿਲਕਾ ਤੋਆਂ ਦੇ ਵਿਚ ਚਾਵਲ ਨਿਰਬਿਘਨ ਰਹਿੰਦੇ ਹਨ ਤੇ ਨਹੀਂ ਲਗਦਾ ਕੀੜਾ ਫਿਰ ਉਹ ਚਾਵਲ ਉਹਨਾਂ ਛਿਲਕਾਂ ਸਮੇਤ ਰਖੇ ਹੋਏ ਬਹੁਤ ਚਿਰ ਰਹਿੰਦੇ ਨੇ ਤੇ ਉਹਨਾਂ ਚਾਵਲਾਂ ਨੂੰ ਕੋਈ ਬਿਕਾਰ ਨਹੀਂ ਹੁੰਦਾ ਪਰ ਜਿਸ ਵਕਤ

ਛਿਲਕਾ. ਤੋਆਂ ਵਿਚੋਂ ਨਿਕਲ ਭੱਜ ਟੁਟ ਜਾਂਦੇ ਹਨ ਤੇ ਮਲੀਨ ਮੈਲਾ ਰੂਪ ਹੋ ਜਾਂਦਾ ਹੈ । ਪਕਾਉਣੇ ਨਾਲ ਸ੍ਵਾਦ ਓਹਨਾਂ ਦਾ ਕੌੜਾ ਹੋ ਜਾਂਦਾ ਹੈ ਫਿਰ ਸੰਸਾਰ ਵਿਚ ਨਹੀਂ ਰਹਿੰਦੇ ਹਨ । ਗੁਰੂ ਕੇ ਸਿਖ ਘਰ ਵਿਚ ਹੀ ਤਿਆਗੀ ਪਦਾਰਥਾਂ ਦੇ ਤੇ ਵਾਹਿਗੁਰੂ ਦੇ ਮਿਲਾਪੀ ਬਣੇ ਰਹਿੰਦੇ ਹਨ । ਅਤੇ ਜੋ ਘਰ ਨੂੰ ਛਡਕੇ ਬਨ ਅਸਥਾਨ ਵਿਚ ਜਾਂਦੇ ਹਨ ਉਹਨਾਂ ਦਾ ਉਧਾਰ ਨਹੀਂ ਹੁੰਦਾ ।

ਕਬਿਤ–ਹਰਦੀ ਔ ਚੂਨਾ ਮਿਲ ਅਰੁਨ ਬਰਨ ਜੈਸੇ, ਚਤੁਰ ਬਰਨ ਕੈ ਤੰਬੋਲ ਰਸ ਰੂਪ ਹੈ ॥ ਦੂਧ ਮੈ ਜਾਮਨੁ ਮਿਲੈ ਦੂਧ ਕੈ ਬਖਾਨੀਅਤਿ, ਖਾਂਡ ਘ੍ਰਿਤ ਚੂਨ ਮਿਲ ਬਿੰਜਨ ਅਨੂਪ ਹੈ ॥ ਕੁਸਮ ਸੁਗੰਧਿ ਮਿਲ ਤਿਲ ਸੈ ਫੁਲੇਲ ਹੋਤ, ਸਕਲ ਸੁਗੰਧਿ ਮਿਲ ਅਰਗਜਾ ਧੂਪ ਹੈ ॥ ਦੋਇ ਸਿਖ ਸਾਧ ਸੰਗ ਪੰਚ ਪਰਮੇਸੁਰ ਹੈ, ਦਸ ਬੀਸ ਤੀਸ ਮਿਲ ਅਬਿਗਤਿ ਊਪ ਹੈ ॥ ੧੨੨ ॥

ਜੈਸੇ ਹਲਦੀ ਦਾ ਰੰਗ ਪੀਲਾ ਹੁੰਦਾ ਹੈ ਚੂਨਾ ਚਿਟੇ ਰੰਗ ਦਾ ਹੁੰਦਾ ਹੈ ਪਰ ਜਦ ਏਹ ਦੋਵੇਂ ਮਿਲ ਜਾਣ ਤਾਂ ਲਾਲ ਰੰਗ ਹੋ ਜਾਂਦਾ ਹੈ ਤੇ ਚਾਰ (ਰੰਗ ਮਿਲਕੇ) ਪਾਨ ਬੀੜਾ ਗਾੜ੍ਹੇ ਰੰਗ ਵਾਲਾ ਬਣਦਾ ਹੈ । ਦੁਧ ਵਿਚ ਜਾਗ ਮਿਲੇ ਤਾਂ ਦਹੀਂ ਕਰਕੇ ਉਸ ਨੂੰ ਕਹੀਦਾ ਹੈ ਅਤੇ ਖੰਡ, ਘਿਓ, ਆਟਾ ਮਿਲ ਕਰ ਭੋਜਨ ਸੁੰਦਰ ਹੁੰਦਾ ਹੈ । ਫੁਲਾਂ ਦੀ ਸੁਗੰਧੀ ਤਿਲਾਂ ਨਾਲ ਮਿਲ ਜਾਵੇ ਤਾਂ ਓਹ ਫੁਲੇਲ ਬਣ ਜਾਂਦਾ ਹੈ ਤੇ ਜੇ ਸਾਰੀਆਂ ਸੁਗੰਧੀਆਂ ਮਿਲ ਜਾਣ ਤਾਂ ਬਹੁਤ ਸੁਗੰਧੀ ਵਾਲਾ ਅਰਗਜਾ ਪ੍ਰਗਟ ਹੀ ਬਣ ਜਾਂਦਾ ਹੈ । ਇਸੀ ਤਰਾਂ ਦੋ ਸਿਖ ਮਿਲ ਜਾਣ ਤਾਂ ਉਹਦਾ ਨਾਮ ਸਾਧ ਸੰਗਤ ਹੈ ਅਤੇ ਜੇ ਪੰਜ ਮਿਲ ਜਾਣ ਤਾਂ ਓਹ ਆਪ ਵਾਹਿਗੁਰੂ ਹੀ ਹੈ ਅਤੇ ਜੇਕਰ ਦਸ ਵੀਹ ਤੀਹ ਮਿਲ ਜਾਣ ਤਾਂ ਓਹਨਾਂ ਦੀ ਤਾਂ ਕੋਈ ਬਾਤ ਹੀ ਨਹੀਂ ਕਹਿ ਸਕਦਾ,ਅਸਚਰਜ ਉਪਮਾ ਹੈ ਓਹਨਾਂ ਦੀ ।

ਕਬਿਤ–ਏਕ ਹੀ ਗੋਰਸ ਮੈਂ ਅਨੇਕ ਰਸ ਕੋ ਪ੍ਰਕਾਸ, ਦਹਯੋ ਮਹਯੋ ਮਾਖਨ ਔ ਘ੍ਰਿਤ ਅਨੁਮਾਨੀਐ॥ ਏਕ ਹੀ ਉਖਾਰੀ ਸੈ ਮਿਠਾਸ ਕੋ ਨਿਵਾਸ ਗੁੜ, ਖਾਂਡ ਮਿਸਰੀ ਔ ਕਲੀਕੰਦ ਪਹਿਚਾਨੀਐ ॥ ਏਕ ਹੀ ਗੇਹੂ ਸੈਂ ਹੋਤ ਨਾਨਾ ਬਿੰਜਨਾਦਿ ਸ੍ਵਾਦਿ, ਭੂਨੇ ਭੀਜੇ ਪੀਸੇ ਔ ਉਸੇਈ ਬਿਬਿਧਾਨੀਐ ॥ ਪਾਵਕ ਸਲਿਲ ਏਕ ਏਕਹਿ ਗੁਨ ਅਨੇਕ, ਪੰਚ ਕੈ ਪੰਚਾਮ੍ਰਿਤ ਸੁ ਸਾਧ ਸੰਗ ਜਾਨੀਐ ॥ ੧੨੩ ॥

ਜੈਸੇ ਇਕ ਹੀ ਗਊ ਦੇ (ਗੋਰਸ) ਦੁਧ ਵਿਚ ਅਨੇਕਾਂ ਤਰਾਂ ਦੇ ਅਨੰਦ ਦਾ

ਪ੍ਰਕਾਸ਼ ਹੈ। ਓਸੇ ਹੀ ਦੁਧ ਵਿਚੋਂ ਦਹੀਂ ਨਿਕਲਦਾ ਹੈ ਮਿਠਾ ਵੀ ਰਿੜਕੀਏ ਤਾਂ ਲੱਸੀ ਓਥੋਂ ਹੀ ਨਿਕਲਦੀ ਹੈ ਮੱਖਣ ਤੇ ਘਿਓ ਵਿਚਾਰ ਲਵੋ, ਇਹ ਦੁਧ ਦਾ ਪ੍ਰਕਾਸ਼ ਹੋਯਾ। ਇਕ ਸੀ ਗੰਨੇ ਵਿਚ ਸਾਰੇ ਮਿਠਿਆਂ ਦਾ ਨਿਵਾਸ ਹੈ। ਗੁੜ, ਖਾਂਡ, ਮਿਸ਼ਰੀ, ਮਿਠਿਆਈ ਆਦਕ ਜਾਣ ਲਵੋ। ਇਕ ਹੀ ਕਣਕ ਤੋਂ ਬਹੁਤ ਤਰਾਂ ਦੇ ਭੋਜਨ ਦਾ ਸ੍ਵਾਦ ਹੁੰਦਾ ਹੈ। ਭੁੰਨੀ ਹੋਈ ਕਣਕ ਦਾ ਹੋਰ ਸ੍ਵਾਦ ਹੁੰਦਾ ਹੈ ਭਿਜੀ ਹੋਈ ਦਾ ਹੋਰ ਸ੍ਵਾਦ ਹੋਂਦਾ ਹੈ। ਚੱਕੀ ਵਿਚ ਪੀਸਿਆਂ ਹੋਇਆਂ ਹੋਰ ਸ੍ਵਾਦ ਹੋ ਜਾਂਦਾ ਹੈ ਓਹਨਾਂ ਦਾ ਵਖੋ ਵਖਰਾ ਸ੍ਵਾਦ ਹੋਂਦਾ ਹੈ। ਘਿਓ ਖੰਡ ਆਟਾ ਤਿੰਨ ਤੇ ਅਗ ਜਲ ਇਹ ਜੋ ਪੰਜ ਹਨ ਏਹਨਾਂ ਦੇ ਇਕ ਇਕ ਵਿਚ ਬਹੁਤ ਗੁਣ ਹਨ ਤੇ ਜੇਕਰ ਏਹ ਪੰਜੇ ਹੀ ਮਿਲ ਜਾਣ ਤਾਂ ਪੰਚਾਮ੍ਰਿਤ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ ਸੋ ਇਸੀ ਤਰਾਂ ਸਾਧ ਸੰਗਤ ਨੂੰ ਜਾਣੋ।

ਕਬਿਤ–ਖਾਂਡ ਘ੍ਰਿਤ ਜਲ ਪਾਵਕ ਇਕੱਤ੍ਰ ਭਏ, ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ॥ ਮ੍ਰਿਗਮਦ ਗੌਰਾ ਚੋਆ ਚੰਦਨ ਕੁਸਮ ਦਲ, ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ॥ ਚਤਰ ਬਰਨ ਪਾਨ ਚੂਨਾ ਔ ਸੁਪਾਰੀ ਕਾਥਾ, ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ॥ ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ॥੧੨੪॥

ਖੰਡ ਘਿਓ ਆਟਾ ਪਾਣੀ ਤੇ ਅੱਗ ਇਹ ਪੰਜ ਜਦ ਅਕੱਠੇ ਹੋਣ ਤਾਂ ਪ੍ਰਗਟ ਹੀ ਕੜਾਹ ਪ੍ਰਸ਼ਾਦ ਦਾ ਪ੍ਰਗਾਸ ਹੋ ਜਾਂਦਾ ਹੈ। ਮ੍ਰਿਗਮਦ=ਕਸਤੂਰੀ ਭਾਵ ਹਰਨ ਦੀ ਸੁਗੰਧੀ ਗੌਰਾ=ਮੁਸ਼ਕਬਿਲਾਈ ਚੋਆ=ਅਤਰ ਚੰਦਨ ਫੁਲਾਂ ਦੇ ਪੱਤਰ ਤੇ ਦੋ ਸੁਗੰਧੀਆਂ ਉਪਰੋਂ ਮਿਲ ਜਾਣ ਤਾਂ ਉਸਦਾ ਨਾਮ(ਅਰਗਜਾ) ਸ੍ਰੇਸ਼ਟ ਵਾਸ਼ਨਾ ਵਾਲਾ ਹੁੰਦਾ ਹੈ। ਚਾਰ ਰੰਗ ਪਾਨ, ਚੂਨਾ, ਸੁਪਾਰੀ, ਕਥਾ ਇਹ ਆਪੇ ਵਿਚਦੀ ਮਿਲ ਜਾਣ ਹੰਕਾਰ ਨੂੰ ਦੂਰ ਕਰ ਦੇਣ ਓਹਨਾਂ ਦਾ ਬੜਾ ਸੁੰਦਰ ਰੂਪ ਗਾਹੜਾ ਰੰਗ ਬਣ ਜਾਂਦਾ ਹੈ। ਤੈਸੇ ਹੀ ਸਾਧ ਸੰਗਤ ਦੇ ਮਿਲਾਪ ਦਾ ਪ੍ਰਤਾਪ ਐਸਾ ਹੈ ਤਕੜਾ ਹੋਕੇ ਵੇਖੋ ਤਾਂ ਸਾਧ ਸੰਗਤ ਦੇ ਵਿਚ ਹੀ ਵਾਹਿਗੁਰੂ ਦਾ ਨਿਵਾਸ ਹੈ।

ਕਬਿਤ–ਸਹਜ ਸਮਾਧਿ ਸਾਧ ਸੰਗਤਿ ਮੈਂ ਸਾਚ ਖੰਡ, ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ॥ ਦਰਸ ਧਿਆਨ ਸਰਗੁਨ ਅਕਾਲ ਮੂਰਤਿ, ਪੂਜਾ ਫਲ ਫੂਲ ਚਰਣਾਮ੍ਰਿਤ ਬਿਸ੍ਵਾਸ ਹੈ॥ ਨਿਰੰਕਾਰ ਚਾਰ ਪਰਮਾਰਥ ਪਰਮਪਦ, ਸਬਦ ਸੁਰਤਿ ਅਵਗਾਹਨ ਅਭ੍ਯਾਸ ਹੈ॥

ਸਰਬ ਨਿਧਾਨ ਦਾਨ ਦਾਇਕ ਭਗਤਿ ਭਾਇ, ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ ॥ ੧੨੫ ॥

ਸਾਧ ਸੰਗਤ ਜੋ ਹੈ ਤਿਸ ਵਿਚ ਗੁਰਮੁਖਾਂ ਦੀ ਸਹਿਜ ਸੁਭਾਵਕ ਹੀ ਬ੍ਰਿਤੀ ਲਗੀ ਰਹਿੰਦੀ ਹੈ ਭਾਵ ਸ੍ਵਰਗ ਹੀ ਹੈ ਵਾ ਸਹਜੇ ਹੀ ਵਾਹਿਗੁਰੂ ਵਿਚ ਜੋ ਸਮਾਧੀ ਲਗੀ ਰਹਿਣੀ ਹੈ ਸਾਧ ਸੰਗਤ ਵਿਚ ਜਾਕੇ ਇਹ ਸਚ ਖੰਡ ਹੀ ਹੈ। ਕਾਲ ਤੋਂ ਰਹਿਤ ਜੋ ਹੈ ਉਸ ਦਾ ਦੇਵਤੇ ਦੇਖਣਾ ਕਰਦੇ ਹਨ ਇਧਰ ਸਰਗੁਨ ਮੂਰਤੀ ਜੋ ਸਤਿਗੁਰਾਂ ਦੀ ਕਾਲ ਤੋਂ ਰਹਿਤ ਹੈ ਓਹਨਾਂ ਦੇ ਦਰਸ਼ਨ ਦਾ ਧਿਆਨ ਸਿਖ ਕਰਦੇ ਹਨ ਅਰ (ਮਾਲਾ) ਮੋਤੀਏ ਦੇ ਸੇਹਰੇ ਝੜਾਉਂਦੇ ਹਨ ਅਰ ਚਰਨਾਂ ਦਾ ਅੰਮ੍ਰਿਤ ਜੋ ਹੈ ਉਸ ਵਿਚ ਭਰੋਸਾ ਰਖਦੇ ਹਨ। ਗੁਰਮੁਖ ਗੁਰਾਂ ਦੇ ਉਪਦੇਸ਼ ਦੀ (ਸੁਰਤ) ਗਜਾਤ ਕਰਕੇ ਸੁੰਦਰ ਵਾਹਿਗੁਰੂ ਦੇ ਸਿਧਾਂਤ ਰੂਪ ਦਾ ਦਿਨੇ ਰਾਤ ਵਿਚਾਰਨੇ ਦਾ ਅਭਜਾਸ ਕਰਦੇ ਹਨ ਤੇ ਵਾਹਿਗੁਰੂ ਨੂੰ ਮਿਲਦੇ ਹਨ। ਸਾਰੀਆਂ ਨਿਧੀਆਂ ਸਿਧੀਆਂ ਰਿਧੀਆਂ ਦੇ ਦਾਨ ਦੇਣ ਵਾਲੀ ਪ੍ਰੇਮਾ ਭਗਤੀ ਕਰਦੇ ਹਨ ਕਾਮਨਾ ਇਛਾ ਤੋਂ ਨਿਸ਼ਕਾਮ ਹੋਇ ਰਹਿੰਦੇ ਹਨ ਹਿਰਦੇ ਰੂਪੀ ਘਰ ਵਿਚ ਵਾਹਿਗੁਰੂ ਦੇ ਸਿਧਾਂਤ ਦਾ ਪ੍ਰਕਾਸ਼ ਹੈ।

ਕਬਿਤ—ਸਹਜ ਸਮਾਧਿ ਸਾਧ ਸੰਗਤ ਸੁਕ੍ਰਿਤ ਭੂਮਿ, ਚਿਤ ਚਿਤਵਤ ਫਲ ਪ੍ਰਾਪਤ ਉਧਾਰ ਹੈਂ ॥ ਬਜਰ ਕਪਾਟ ਖੁਲੇ ਹਾਟ ਸਾਧ ਸੰਗਤਿ ਮੈ, ਸਬਦ ਸੁਰਤਿ ਲਾਭ ਰਤਨ ਬਿਓਹਾਰ ਹੈਂ ॥ ਸਾਧ ਸੰਗ ਬ੍ਰਹਮ ਸਥਾਨ ਗੁਰਦੇਵ ਸੇਵ, ਅਲਖ ਅਭੇਵ ਧਰਮਾਰਥ ਅਚਾਰ ਹੈਂ ॥ ਸਫਲ ਸੁ ਖੇਤ ਹੇਤ ਬਨਤ ਅਮਿਤ ਲਾਭ, ਸੇਵਕ ਸਹਾਈ ਬਰਦਾਈ ਉਪਕਾਰ ਹੈਂ ॥ ੧੨੬ ॥

ਸਾਧ ਸੰਗਤ ਪੁੰਨਾਂ ਰੂਪੀ ਧਰਤੀ ਹੈ। ਤਿਸ ਵਿਚ ਗੁਰਮੁਖਾਂ ਦੀ ਸਹਜੇ ਹੀ ਸਮਾਧੀ ਲਗੀ ਰਹਿੰਦੀ ਹੈ ਫਿਰ ਸਾਧ ਸੰਗਤ ਕੈਸੀ ? ਕਿ ਜੋ ਕੁਝ ਚਿਤ ਵਿਚ (ਚਿਤਵਤ) ਯਾਦ ਕਰੀਏ ਸੋ ਤਿਸ ਹੀ ਫਲ ਨੂੰ ਪ੍ਰਾਪਤ ਕਰਦੀ ਹੈ। ਜੈਸੇ ਹਟੀ ਖੁਲ੍ਹੀ ਹੋਵੇ ਤਾਂ ਸਭ ਸੌਦੇ ਲੈ ਆਈਦੇ ਹਨ ਤੈਸੇ ਹੀ ਸਾਧ ਸੰਗਤ ਰੂਪ ਹਟੀ ਹੈ ਇਸ ਹਟੀ ਉਪਰ ਜਾਕੇ ਜਿਸ ਵਕਤ ਨਾਮ ਸੁਣੀਏ ਤਾਂ (ਜੜ੍ਹਤਾ ਦੇ) ਪੰਜਾਂ ਕੋਸ਼ਾਂ ਦੇ ਤਖਤੇ ਖੁਲ ਜਾਂਦੇ ਹਨ ਜਿਸ ਸਾਧ ਸੰਗਤ ਰੂਪੀ ਹਟੀ ਤੇ (ਰਤਨ) ਗੁਣ ਦੈਵੀ ਸੰਪਤਾ ਦਾ ਸੌਦਾ ਹੁੰਦਾ ਹੈ ਓਥੋਂ ਲਾਭ ਗੁਰਮੁਖਾਂ ਨੂੰ ਹੀ ਮਿਲਦਾ ਹੈ ਪਰ ਕੁਛ ਮੂਲ ਭੀ ਦਿੰਦੇ ਹਨ ਕਿ ਨਹੀਂ ? ਓਹ ਗੁਰਾਂ ਦੇ ਸ਼ਬਦ ਵਿਚ ਗਜਾਤ ਕਰਦੇ ਹਨ। ਗੁਰੂ ਜੋ ਪ੍ਰਕਾਸ਼ ਸਰੂਪ ਹੈ ਵਾਹਿਗੁਰੂ ਦਾ ਸਰੂਪ ਓਹਨਾਂ ਦਾ ਅਸਥਾਨ ਸਾਧ ਸੰਗਤ ਵਿਚ ਹੈ ਐਸੇ ਜੋ ਗੁਰੂ ਹੈਂ ਓਹਨਾਂ ਨੂੰ ਜਿਸਨੇ ਸੇਵਨ ਕਰਿਆ ਹੈ ਓਹ ਅਲਖ ਅਭੇਵ ਵਾਹਿਗੁਰੂ ਦਾ ਰੂਪ ਹੀ

ਹੋਏ ਹਨ ਅਤੇ ਧਰਮ ਅਰਥ ਕਾਮ ਮੋਖ ਇਹਨਾਂ ਦਾ (ਅਕਾਰ) ਕਰਤਬ ਹੈ। ਸੋ ਜੇਹੜੇ ਇਹਨਾਂ ਦੇ ਪਾਸ ਚਲਕੇ ਆਉਂਦੇ ਹਨ ਉਹਨਾਂ ਨੂੰ ਦੇਣ ਵਿਚ ਸਮਰਥ ਹਨ ਭਾਵ ਸਿਖਾਂ ਨੂੰ ਚਾਰੇ ਪਦਾਰਥ ਦੇਂਦੇ ਹਨ। (ਸਫਲ) ਫਲ ਦੇ (ਸੁਖੇਤ) ਸਾਧ ਸੰਗਤ ਰੂਪੀ ਜੋ ਖੇਤ ਹੈ ਸੋ ਇਸ ਵਿਚ ਜੋ ਪ੍ਰੇਮ ਕਰਦਾ ਹੈ ਓਸਨੂੰ ਬਹੁਤ ਲਾਭ ਬਣਦਾ ਹੈ। ਕੇਹੜਾ ਲਾਭ ਹੁੰਦਾ ਹੈ ? ਪਰਉਪਕਾਰ ਕਰਦੇ ਹਨ।

ਕਬਿਤ—ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ, ਕਾਲ ਮੈਂ ਅਕਾਲ ਕਾਲ ਬਜ਼ਾਲ ਬਿਖ ਮਾਰੀ ਹੈ॥ ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ, ਕੁਲ ਅਕੁਲੀਨ ਭਏ ਦੁਬਿਧਾ ਨਿਵਾਰੀ ਹੈ॥ ਗੁਰਮੁਖ ਸਾਧੁ ਚਰਣਾਮ੍ਰਿਤ ਨਿਧਾਨ ਪਾਨ, ਸਹਜ ਸਮਾਧਿ ਨਿਜ ਆਸਨ ਕੀ ਤਾਰੀ ਹੈ॥ ਗੁਰਮੁਖ ਸਾਧੁ ਚਰਣਾਮ੍ਰਿਤ ਪਰਮਪਦ, ਗੁਰਮੁਖ ਪੰਥ* ਅਬਿਗਤਿ ਗਤਿ ਨਜ਼ਾਰੀ ਹੈ ॥੧੨੭॥

ਸ੍ਰੇਸ਼ਟ ਗੁਰਮੁਖਾਂ ਦੇ ਚਰਨਾਂ ਦਾ ਅਮ੍ਰਿਤ ਸਮੁੰਦਰ ਪੀਤਾ ਤੇ ਕਾਲ ਰੂਪ ਸਪ ਨੂੰ ਜਿਸ ਵਿਚ ਹੰਗਤਾ ਰੂਪੀ ਬਿਖ ਸੀ ਓਹ ਨਾਮ ਜਪਕੇ ਮਾਰੀ ਹੈ ਕਾਲ ਤੋਂ ਅਕਾਲ ਰਹਿੰਦੇ ਹਨ । ਉਹ ਕੁਲ (ਅਕੁਲੀਨ) ਕੁਲ ਦੀ ਹੰਗਤਾ ਤੋਂ ਰਹਿਤ ਹੋਏ ਤੇ ਦੁਬਿਧਾ ਭੀ ਦੂਰ ਕਰ ਦਿਤੀ ਉਹਨਾਂ ਨੂੰ ਹੀ (ਨਿਜ) ਆਪਨੇ ਆਸਨ ਦੀ (ਤਾਰੀ) ਕੁੰਜੀ ਮਿਲੀ ਹੈ। ਅਤੇ ਸਹਿਜ ਹੀ ਸਮਾਧ ਓਨ੍ਹਾਂ ਦੀ ਲਗੀ ਹੈ। ਚੰਗੇ ਗੁਰਮੁਖਾਂ ਦਾ ਅੰਮ੍ਰਿਤ ਜਿਨਾਂ ਪੀਤਾ ਹੈ ਓਹੋ ਹੀ ਪਰਮ ਪਦ ਵਾਹਿਗੁਰੂ ਨੂੰ ਪਹੁੰਚ ਗਏ ਸੋ ਗੁਰਮੁਖਾਂ ਦਾ ਰਸਤਾ ਸਾਧ ਸੰਗਤ ਰੂਪੀ ਅਸਚਰਜ ਹੈ ਅਤੇ ਗੁਰਮੁਖਾਂ ਦੀ ਰੀਤਿ ਭੀ ਵਖਰੀ ਹੈ।

ਕਬਿਤ—ਸਹਜ ਸਮਾਧ ਸਾਧ ਸੰਗਤ ਸਖਾ ਮਿਲਾਪ, ਗਗਨ ਘਟਾ ਘਮੰਡ ਜੁਗਤਿ ਤੇ ਜਾਨੀਐ॥ ਸਹਿਜ ਸਮਾਧਿ ਕੀਰਤਨ ਗੁਰ ਸਬਦ ਕੈ, ਅਨਹਦ ਨਾਦ ਗਰਜਤ ਉਨਮਾਨੀਐ॥ ਸਹਜ ਸਮਾਧ ਸਾਧ ਸੰਗਤਿ ਜੋਤੀ ਸਰੂਪ. ਦਾਮਨੀ ਚਮਤਕਾਰ ਉਨਮਨ ਮਾਨੀਐ। ਸਹਜ ਸਮਾਧ ਲਿਵ ਨਿਝਰ ਅਪਾਰ ਧਾਰ, ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ ॥ ੧੨੮ ॥

ਜੈਸੇ ਅਕਾਸ ਵਿਚ ਘਟਾਂ ਦਾ ਮਿਲਾਪ ਹੁੰਦਾ ਹੈ ਪਰ ਉਹ ਪਰਉਪਕਾਰ ਵਾਸ

---

*ਏਸੇ ਵਾਸਤੇ ਸਿਖ ਪੰਥ ਹਿੰਦੂਆਂ ਨਾਲੋਂ ਵੱਖਰਾ ਹੈ ਵੇਖੋ ਮਹਾਨ ਕੋਸ਼ ਕਰਤਾ ਮੇਰੇ ਪਰਮ ਮਿਤਰ ਸ: ਕਾਹਨ ਸਿੰਘ ਜੀ ਦਾ 'ਹਮ ਹਿੰਦੂ ਨਹੀਂ' ਪੁਸਤਕ।

ਹੁੰਦਾ ਹੈ । ਉਸਦੀ ਤਰਾਂ ਸਾਧ ਸੰਗਤ ਦਾ ਪ੍ਰਗਟ ਹੀ ਉਪਕਾਰ ਹੈ । ਸੁਭਾਵਕ ਹੀ ਸਾਧ ਸੰਗਤ ਵਿਚ ਜਿਸਦੀ ਬਿਰਤੀ ਲਗੀ ਰਹਿੰਦੀ ਹੈ। ਇਕਰਸ ਸ਼ਬਦ ਦਾ ਗਰਜਨਾ ਇਹੋ ਹੀ ਹੁੰਦਾ ਵਿਚਾਰ ਲੌ ਜੋ ਗੁਰਮੁਖ ਗੁਰਾਂ ਦੇ ਸ਼ਬਦਾਂ ਨੂੰ ਪੜ੍ਹਕੇ ਅਨੰਦ ਲੈਂਦੇ ਹਨ। ਬਦਲ ਗੁਰਮੁਖ ਹਨ । ਸਾਧ ਸੰਗਤ ਦੇ ਮਨ ਵਿਚ ਜੋਤੀ ਸਰੂਪ ਅਕਾਲ ਪੁਰਖ ਵਾਹਿਗੁਰੂ ਦਾ ਜੋ (ਚਮਤਕਾਰਾ) ਪ੍ਰਕਾਸ਼ ਹੈ ਇਹੋ ਹੀ ਬਿਜਲੀ ਉਹਨਾਂ ਦੇ ਮਨ ਵਿਚ ਮੰਨ ਲੌ । ਅਤੇ ਸਹਿਜੇ ਹੀ ਸਮਾਧੀ ਲਗੀ ਰਹਿੰਦੀ ਹੈ। ਉਧਰ ਇਕ ਰਸ ਅਪਾਰ ਧਾਰ ਬਦਲ ਜਲ ਦੀ ਬਾਰਸ਼ ਕਰਦਾ ਹੈ । ਬ੍ਰਹਮਾਨੰਦ ਦੇ ਅਨੰਦ ਦੀ ਬਰਖਾ ਹੁੰਦੀ ਹੈ। ਮੀਂਹ ਵਸਣ ਨਾਲ ਸਾਰੇ ਹੀ ਖਜ਼ਾਨੇ ਦਾਣਿਆਂ ਨਾਲ ਭਰ ਜਾਂਦੇ ਹਨ। ਸਾਧ ਸੰਗਤ ਵਿਚ ਨਾਮ ਜਪਣ ਨਾਲ ਸਾਰੇ ਹੀ ਖਜਾਨੇ ਮਿਲ ਜਾਂਦੇ ਹਨ।

ਕਬਿਤ—ਜੈਸੇ ਤੌ ਗੋਬੰਸ ਤ੍ਰਿਨ ਖਾਇ ਦੁਹੇ ਗੋਰਸ ਦੈ, ਗੋਰਸ ਔਟਾਏ ਦਧਿ ਮਾਖਨ ਪ੍ਰਗਾਸ ਹੈ॥ ਊਖ ਮੈ ਪਿਯੂਖ ਤਨ ਖੰਡ ਖੰਡ ਕੇ ਪਰਾਏ, ਰਸ ਕੇ ਔਟਾਏ ਖੰਡ ਮਿਸਰੀ ਮਿਠਾਸ ਹੈ॥ ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ, ਢਾਕ ਔ ਪਲਾਸ ਜੈਸੇ ਚੰਦਨ ਸੁਬਾਸ ਹੈ॥ ਸਾਧ ਸੰਗ ਮਿਲਤ ਸੰਸਾਰੀ ਨਿਰੰਕਾਰੀ ਹੋਤ, ਗੁਰਮਤ ਪਰਉਪਕਾਰ ਕੇ ਨਿਵਾਸ ਹੈ ॥ ੧੨੯॥

ਜਿਸਤਰਾਂ ਗਾਈਆਂ ਦਾ ਵਗ ਘਾਹ ਖਾਂਦਾ ਹੈ ਅਤੇ ਜਦ ਉਸ ਵਗ ਨੂੰ (ਦੁਹੇ) ਚੋਈਏ ਤਾਂ (ਗੋਰਸ) ਦੁਧ ਦਿੰਦਾ ਹੈ ਅਤੇ ਜਦ ਉਸ ਦੁਧ ਨੂੰ ਕਾੜ੍ਹੀਏ ਤਾਂ ਦਹੀ ਬਣਦਾ ਹੈ ਅਤੇ ਫਿਰ ਰਿੜਕੀਏ ਤੇ ਮੱਖਣ ਪ੍ਰਗਟ ਹੁੰਦਾ ਹੈ ਫਿਰ ਅਗੋਂ ਘਿਓ । ਜੈਸੇ ਗੰਨੇ ਵਿਚ ਅੰਮ੍ਰਿਤ ਹੈ ਇਸੀ ਵਾਸਤੇ ਓਹ ਆਪਣੇ ਸ਼ਰੀਰ ਨੂੰ ਟੁਕੜੇ ਟੁਕੜੇ ਕਰਕੇ ਪੀੜਾਉਂਦਾ ਹੈ ਅਤੇ ਫਿਰ ਉਸ ਵਿਚੋਂ ਰਹੁ ਨਿਕਲਦੀ ਹੈ ਉਸ ਰਸ ਨੂੰ ਜਦ ਕਾੜ੍ਹੀਏ ਤਾਂ ਖੰਡ ਬਣਦੀ ਹੈ ਅਤੇ ਮਿਸ਼ਰੀ ਬਣਦੀ ਹੈ। ਜੈਸੇ ਚੰਦਨ ਬ੍ਰਿਛ ਦੀ ਸੁਗੰਧੀ ਦਾ ਮਿਲਾਪ ਕਰਕੇ ਸਾਰੀ ਸਬਜ਼ੀ ਹੈ ਤੇ ਢਕ ਦੇ ਛਿਛਰੇ ਸਾਰੇ ਹੀ ਚੰਦਨ ਬ੍ਰਿਛ ਦੀ ਸ੍ਰੇਸ਼ਟ ਵਾਸ਼ਨਾ ਵਾਲੇ ਹੋ ਜਾਂਦੇ ਹਨ। ਪਹਿਲੇ ਸੰਸਾਰ ਦੇ ਆਦਮੀ ਮਾੜੇ ਸਨ ਪਰ ਵਾਹਿਗੁਰੂ ਦੇ ਨਾਮ ਜਪਣ ਵਾਲੇ ਸੁਧ ਹੋ ਗਏ ਇਸੀ ਵਾਸਤੇ ਗੁਰਮਤ ਵਾਲੇ ਗੁਰਮੁਖਾਂ ਦਾ ਪਰਉਪਕਾਰ ਵਿਚ ਨਿਵਾਸ ਹੈ । ਸਾਧ ਸੰਗਤ ਨਾਲ ਪਾਪੀ ਜੀਵ ਮਿਲਕੇ ਅਰ ਗੁਰਮਤ ਨੂੰ ਧਾਰਕੇ ਭਗਤ ਹੋ ਗਏ, ਉਹਨਾਂ ਦਾ ਪਰਉਪਕਾਰ ਹੀ ਕਰਨ ਵਲ ਖਿਆਲ ਹੈ।

ਕਬਿਤ—ਕੋਟਿਨ ਕੋਟਾਨ ਮਿਸਟਾਨ ਪਾਨ ਸੁਧਾ ਰਸ, ਪੂਜਨ ਨ ਸਾਧ ਮੁਖ ਮਧੁਰ ਬਚਨ ਕੋ॥ ਸੀਤਲ ਸੁਗੰਧ ਚੰਦ ਚੰਦਨ ਕੋਟਾਨ

ਕੋਟ, ਪੁਜਸ ਨਾ ਸਾਧ ਮਤਿ ਨਿਮ੍ਰਤਾ ਸਚਨ ਕੋ ॥ ਕੋਟਿਨ ਕੋਟਾਨ ਕਾਮਧੇਨ ਔ ਕਲਪਤਰ, ਪੁਜਸ ਨ ਕਿੰਚਤ ਕਟਾਖਸ਼ ਕੇ ਰਚਨ ਕੋ॥ ਸਰਬ ਨਿਧਾਨ ਫਲ ਸਕਲ ਕੋਟਾਨ ਕੋਟ, ਪੁਜਸ ਨ ਪਰਉਪਕਾਰ ਕੇ ਖਚਨ ਕੋ ॥ ੧੩੦ ॥

ਕਰੋੜਾਂ ਹੀ ਅਜੇਹੇ ਕੁ ਮਿਠੇ ਸੰਸਾਰ ਉਤੇ ਹਨ, ਕਰੋੜਾਂ ਹੀ ਅੰਮ੍ਰਿਤ ਹੈਨ ਪੀਨੇ ਵਾਲੇ, ਗੁਰਮੁਖਾਂ ਦੇ ਮੁਖੋਂ ਜੋ ਮਿਠੇ ਬਚਨ ਨਿਕਲਦੇ ਹਨ ਓਨਾਂ ਅਗੇ ਹੋਰ ਮਿਠੇ ਨਹੀਂ ਪਹੁੰਚ ਸਕਦੇ। ਕਰੋੜਾਂ ਹੀ ਚੰਦ੍ਰਮਾਂ ਦੀਆਂ ਸੀਤਲਤਾਈਆਂ ਅਤੇ ਕਰੋੜਾਂ ਹੀ (ਚੰਦਨ) ਬ੍ਰਿਛ ਦੀਆਂ ਸੁਗੰਧੀਆਂ ਪੁਜ ਨਹੀਂ ਸਕਦੀਆਂ ਸੰਤਾਂ ਨੂੰ ਜੋ ਨਿੰਮ੍ਰਿਤਾ ਰੂਪੀ ਭਗਤੀ (ਸਚਨ) ਪ੍ਰਾਪਤ ਹੋ ਰਹੀ ਹੈ। ਕਰੋੜਾਂ ਹੀ ਸ੍ਵਰਗ ਦੀਆਂ ਗਾਈਆਂ ਅਤੇ ਕਰੋੜਾਂ ਹੀ ਸ੍ਵਰਗ ਦੇ ਬ੍ਰਿਛ ਪਹੁੰਚ ਨਹੀਂ ਸਕਦੇ ਜੋ ਗੁਰਮੁਖ ਇਕ ਥੋੜੀ ਜੇਹੀ ਕ੍ਰਿਪਾ ਦ੍ਰਿਸਟੀ ਜਗਤ ਪਰ ਕਰਦੇ ਹਨ। ਕਰੋੜਾਂ ਹੀ ਸਾਰੇ ਖਜ਼ਾਨੇ ਅਤੇ ਕਰੋੜਾਂ ਹੀ ਸਾਰੇ ਫਲ ਇਹ ਪਹੁੰਚ ਨਹੀਂ ਸਕਦੇ ਗੁਰਮੁਖਾਂ ਦੇ ਪਰਉਪਕਾਰ ਦੇ (ਖਚਨ) ਕਰਨ ਅਗੇ ਭਾਵ ਜੋ ਗੁਰਮੁਖ ਪਰਉਪਕਾਰ ਵਿਚ (ਖਚਨ) ਖਚਤ ਹੋਏ ਹੋਏ ਹਨ ਇਸ ਵਾਸਤੇ ਓਹ ਫਲ ਖਜਾਨੇ ਨਹੀਂ ਪਹੁੰਚ ਸਕਦੇ।

ਕਬਿਤ—ਕੋਟਨ ਕੋਟਾਨ ਰੂਪ ਰੰਗ ਅੰਗ ਅੰਗ ਛਬਿ, ਕੋਟਿਨ ਕੋਟਾਨ ਸ੍ਵਾਦ ਰਸ ਬਿੰਜਨਾਦਿ ਕੈ ॥ ਕੋਟਿਨ ਕੋਟਾਨ ਕੋਟਿ ਬਾਸਨਾ ਸੁਬਾਸ ਰਸ, ਕੋਟਿਨ ਕੋਟਾਨ ਕੋਟ ਰਾਗ ਨਾਦ ਬਾਦ ਕੈ ॥ ਕੋਟਿਨ ਕੋਟਾਨ ਕੋਟ ਰਿਧਿ ਸਿਧਿ ਨਿਧੋ ਸੁਧਾ, ਕੋਟਨ ਕੋਟਾਨ ਗਜ਼ਾਨ ਧਜ਼ਾਨ ਕਰਮਾਦ ਕੈ॥ਸਕਲ ਪਦਾਰਥ ਹ੍ਵੈ ਕੋਟਨਕੋਟਾਨ ਗੁਣ, ਪੁਜਸ ਨ ਸਾਧ ਉਪਕਾਰ ਬਿਸਮਾਦ ਕੈ ॥ ੧੩੧ ॥

ਕਰੋੜਾਂ ਹੀ ਅੰਗਾਂ ਦੇ ਰੂਪ ਹੈਂ, ਅਤੇ ਕਰੋੜਾਂ ਹੀ ਅੰਗਾਂ ਦੇ ਰੰਗਾਂ ਦੀ ਜੋ ਉਪਮਾ ਹੈ ਅਤੇ ਕਰੋੜਾਂ ਹੀ ਰਸ਼ਾਂ ਦੇ ਸਵਾਦ ਅਤੇ ਕਰੋੜਾਂ ਹੀ ਭੋਜਨ ਦੇ ਸ੍ਵਾਦ ਮਿਠੇ ਸਲੂਣੇ। ਕਰੋੜਾਂ ਹੀ ਫੁਲਾਂ ਦੀਆਂ ਵਾਸ਼ਨਾਂ ਕਰੋੜਾਂ ਹੀ ਅਤਰ ਦੀਆਂ ਵਾਸ਼ਨਾਂ, ਕਰੋੜਾਂ ਹੀ ਕਾਵਿਜ ਦੇ ੯ ਰਸ, ਕਰੋੜਾਂ ਹੀ ਰਾਗ, ਕਰੋੜਾਂ ਹੀ ਅਵਾਜ਼ ਵਾਜਿਆਂ ਦੇ, ਕਰੋੜਾਂ ਹੀ ਝਗੜੇ ਬਿਅਰਥ। ਕਰੋੜਾਂ ਹੀ ਰਿਧੀਆਂ ਸਿਧੀਆਂ ਨਿਧੀਆਂ (ਸੁਧਾ) ਅੰਮ੍ਰਿਤ। ਕਰੋੜਾਂ ਹੀ ਗਜ਼ਾਨ ਧਜ਼ਾਨ ਕਰੋੜਾਂ ਹੀ ਕਰਮ ਧਰਮ। ਕਰੋੜਾਂ ਕਰੋੜਾਂ ਹੀ ਗੁਣਾ ਭਾਵੇਂ ਹੋਣ ਪਰ ਪਹੁੰਚ ਨਹੀਂ ਸਕਦੇ ਗੁਰਮੁਖਾਂ ਦੇ ਅਸਚਰਜ ਦੇ ਪਰਉਪਕਾਰ ਕਰਨ ਦੇ ਅਗੇ।

ਕਬਿਤ—ਅਜਯਾ ਅਧੀਨ ਤਾਤੇ ਪਰਮ ਪਵਿਤ੍ਰ ਭਈ, ਗਰਬ ਕੈ ਸਿੰਘ ਦੇਹ ਮਹਾ ਅਪਵਿਤ੍ਰ ਹੈ॥ ਮੋਨ ਬ੍ਰਤ ਗਹੇ ਜੈਸੇ ਊਖ ਮੈ ਪਯੂਖ ਰਸ, ਬਾਂਸ ਬਕ ਬਾਨੀ ਕੈ ਸੁਗੰਧਤਾ ਨ ਸਿੱਤ੍ਰ ਹੈ॥ ਮੂਲ ਹ੍ਵੈ ਮਜੀਠ ਰੰਗ ਸੰਗ ਸੋ ਸੰਗਾਤੀ ਭਏ, ਫੂਲ ਹ੍ਵੈ ਕਸੁੰਭ ਰੰਗ ਚੰਚਲ ਚਰਿੱਤ੍ਰ ਹੈ॥ ਤੈਸੇ ਹੀ ਅਸਾਧ ਸਾਧ ਦਾਦਰ ਔ ਮੀਨ ਗਤਿ, ਗੁਪਤ ਪ੍ਰਗਟ ਮੋਹ ਦ੍ਵੋਹ ਕੈ ਬਚਿਤ੍ਰ ਹੈ॥੧੩੨॥

ਜੈਸੇ ਬਕਰੀ ਗਰੀਬ ਹੈ ਇਸ ਵਾਸਤੇ ਓਹ ਪਰਮ ਪਵਿਤ੍ਰ ਰੂਪ ਹੋ ਗਈ ਹੈ, ਸ਼ੇਰ ਅਭਮਾਨ ਕਰਦਾ ਹੈ ਇਸ ਵਾਸਤੇ ਦੇਹ ਉਸ ਦੀ ਬਹੁਤ ਮਾੜੀ ਹੈ। ਜੈਸੇ ਚੁਪ ਵਰਤ ਫੜਨ ਨਾਲ ਗੰਨੇ ਵਿਚ ਅੰਮ੍ਰਿਤ ਦਾ ਸਵਾਦ ਹੈ ਵਾਂਸ ਵਿਅਰਥ ਹੀ ਬਾਨੀ ਬੋਲਣੀ ਕਰਦਾ ਹੈ ਇਸੀ ਵਾਸਤੇ ਉਸ ਵਿਚ ਚੰਦਨ ਬ੍ਰਿਛ ਦੀ ਸੁਗੰਧਤਾ ਨਹੀਂ (ਸਿਤ੍ਰ) ਮਿਲਦੀ। ਮਜੀਠ ਮੁੱਢ ਨਾਲ ਹੁੰਦੀ ਹੈ ਸੋ ਨਿਮ੍ਰਿਤਾ ਨੂੰ ਧਾਰਕੇ (ਸੰਗਾਤੀ) ਕਪੜਿਆਂ ਨੂੰ ਰੰਗ ਕਰਕੇ ਫਿਰ ਉਹਨਾਂ ਦੇ (ਸੰਗ) ਨਾਲ ਹੀ ਰਲੀ ਰਹਿੰਦੀ ਹੈ ਕਪੜੇ ਮਜੀਠ ਦਾ ਸੰਗ ਕਰਕੇ ਗਾੜ੍ਹੇ ਰੰਗ ਵਾਲੇ ਹੋ ਜਾਂਦੇ ਹਨ। ਕਸੁੰਭੇ ਦੇ ਫੁਲ ਦਾ ਰੰਗ ਹੈ ਉਸ ਦਾ ਰੰਗ ਥੋੜੇ ਦਿਨ ਚਾਰ ਤੇ ਚੰਚਲ (ਚਰਿਤ੍ਰ) ਤਮਾਸ਼ਾ ਉਸਦਾ ਹੁੰਦਾ ਹੈ। ਮਾੜਾ ਸਾਧੂ ਜੋ ਡੱਡੂ ਵਾਂਗੂੰ ਹੈ। ਬਹੁਤ ਬੋਲਣ ਵਾਲਾ ਵਲ ਛਲ ਦੀਆਂ ਬਾਤਾਂ ਪ੍ਰਗਟ ਹੀ ਠੱਗੀ ਵਾਲਾ (ਬਚਿਤ੍ਰ) ਸੁੰਦਰ ਤਮਾਸ਼ਾ ਹੈ ਗੁਰੂ ਕਾ ਸਿਖ ਜੋ ਸਾਧ ਹੈ ਮੱਛੀ ਦੀ ਨਜਾਈਂ ਇਹਨਾਂ ਦਾ ਗੁਪਤ (ਮੋਹ) ਛਪਿਆ ਹੋਇਆ ਪ੍ਰੇਮ ਹੈ।

ਕਬਿਤ—ਪੂਰਨ ਬ੍ਰਹਮ ਧਯਾਨ ਪੂਰਨ ਬ੍ਰਹਮ ਗਯਾਨ, ਪੂਰਨ ਭਗਤ ਸਤਿਗੁਰ ਉਪਦੇਸ ਹੈ॥ ਜੈਸੇ ਜਲ ਆਪਾ ਖੋਇ ਬਰਨ ਬਰਨ ਮਿਲੈ, ਤੈਸੇ ਹੀ ਬਿਬੇਕੀ ਪਰਮਾਤਮ ਪ੍ਰਵੇਸ ਹੈ॥ ਪਾਰਸ ਪਰਸ ਜੈਸੇ ਕਨਿਕ ਅਨਿਕ ਧਾਂਤ, ਚੰਦਨ ਬਨਾਸਪਤੀ ਬਾਸਨ ਅਵੇਸ ਹੈ॥ ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ, ਭਾਵਨੀ ਭਗਤਿ ਭਾਇ ਆਦਿ ਕੌ ਅਦੇਸ ਹੈ॥੧੩੩॥

ਪੂਰਨ ਬ੍ਰਹਮ ਵਾਹਿਗੁਰੂ ਦਾ ਹੀ ਗੁਰੂ ਧਿਆਨ ਕਰਦੇ ਹਨ ਤੇ ਪੂਰਨ ਵਾਹਿਗੁਰੂ ਦਾ ਹੀ ਗਯਾਨ ਹੈ ਗੁਰਾਂ ਨੂੰ, ਪੂਰਨ ਹੀ ਭਗਤੀ ਦਾ ਆਪਣੇ ਸਿਖਾਂ ਨੂੰ ਸਤਿਗੁਰੂ ਉਪਦੇਸ਼ ਕਰਦੇ ਹਨ। ਜੈਸੇ ਪਾਣੀ ਹੰਕਾਰ ਨੂੰ ਦੂਰ ਕਰਕੇ ਰੰਗਾਂ ਰੰਗਾਂ ਵਿਚ ਮਿਲ ਜਾਂਦਾ ਹੈ ਜੈਸੇ ਪਾਰਸ ਨੂੰ ਛੋਹ ਕਰਕੇ ਅਨੇਕਾਂ ਹੀ ਧਾਤਾਂ ਸੋਨਾ ਹੋ ਜਾਂਦੀਆਂ ਹਨ ਅਤੇ ਜੈਸਾ ਚੰਦਨ ਬ੍ਰਿਛ ਦੀ ਜੋ ਵਾਸ਼ਨਾਂ ਹੈ ਸੋ ਸਾਰੀ ਸਬਜ਼ੀ ਵਿਚ ਮਿਲ ਜਾਂਦੀ ਹੈ।

ਰਿਦਿਆਂ ਰਿਦਿਆਂ ਵਿਚ ਪੂਰਨ ਬ੍ਰਹਮ ਵਾਹਿਗੁਰੂ ਦੀ ਜੋਤ ਹੈ ਅੰਦਰ ਬਾਹਰ ਤਾਣੇ ਪੇਟੇ ਵਾਂਗੂੰ ਸ਼ਰਧਾ ਕਰਕੇ ਪ੍ਰੇਮਾ ਭਗਤੀ ਕਰਦੇ ਰਹਿੰਦੇ ਹਨ ਸਰਬ ਦੇ ਆਦਿ ਨੂੰ ਨਮਸ਼ਕਾਰਾਂ ਕਰਦੇ ਰਹਿੰਦੇ ਹਨ।

ਕਬਿਤ—ਜੈਸੇ ਕਰਪੂਰ ਮੈ ਉਡਨ ਕੋ ਸੁਭਾਉ, ਤਾਂਤੇਔਰ ਬਾਸਨਾ ਨ ਤਾਂਕੈ ਆਗੇ ਠਹਿਰਾਵਈ॥ ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ, ਤਾਹੀ ਤੇ ਸੁਗੰਧਤਾ ਸਕਲ ਮੈਂ ਸਮਾਵਈ॥ ਜੈਸੇ ਜਲ ਮਿਲਤ ਸ੍ਰਬੰਗ ਸੰਗ ਰੰਗ ਰਾਖੈ, ਅਗਨਿ ਜਰਾਇ ਸਭ ਰੰਗਨ ਮਿਟਾਵਈ॥ ਜੈਸੇ ਰਵਿ ਸਸਿ ਸਿਵ ਸਕਤਿ ਸੁਭਾਵ ਗਤਿ, ਸੰਜੋਗੀ ਬਯੋਗੀ ਦ੍ਰਿਸ਼ਟਾਂਤ ਕੈ ਦਿਖਾਵਈ॥੧੩੪॥

ਜੈਸੇ ਕਪੂਰ ਵਿਚ ਉਡਣ ਦਾ ਸੁਭਾਉ ਹੈ ਤਾਂਤੇ ਇਸੀ ਵਾਸਤੇ ਅਗੇ ਹੋਰ ਕਿਸੀ ਵਿਚ ਤਿਸ ਕਪੂਰ ਦੀ ਵਾਸ਼ਨਾ ਨਹੀਂ ਠਹਿਰਦੀ। ਚੰਦਨ ਬ੍ਰਿਛ ਦੀ ਸ੍ਰੇਸ਼ਟ ਵਾਸ਼ਨਾ ਸਾਰੀ ਉਤਭੁਜ ਖਾਣੀ ਸਬਜੀ ਵਿਚ ਹੋ ਜਾਂਦੀ ਹੈ ਇਸੀ ਵਾਸਤੇ ਅਗੇ ਜੋ ਸੰਸਾਰ ਪਰ ਬਾਗ ਬਗੀਚੇ ਹਨ ਤਿਨਾ ਸਾਰਿਆਂ ਵਿਚ ਓਹੋ ਹੀ ਵਾਸ਼ਨਾ ਸਮਾ ਜਾਂਦੀ ਹੈ। ਜੈਸੇ ਪਾਣੀ ਸਾਰਿਆਂ ਦੇ ਅੰਗਾਂ ਨਾਲ ਮਿਲਕੇ ਪ੍ਰੇਮ ਰਖਦਾ ਹੈ, ਅਗ ਸਾੜਕੇ ਰੰਗਾਂ ਨੂੰ ਦੂਰ ਕਰ ਦਿੰਦੀ ਹੈ ਸਾਰੇ ਪ੍ਰੇਮ ਆਦਿਕ ਗੁਣਾਂ ਨੂੰ ਮਿਟਾ ਦਿੰਦੇ ਹਨ। ਜੈਸੇ ਸੂਰਜ ਦੇ ਪਾਸੇ ਰਹਿਣੇ ਕਰਕੇ (ਸ਼ਕਤੀ) ਕਰੜਾਪਨ ਤਮੋਗੁਣ (ਸੁਭਾਉ ਗਤ) ਪ੍ਰਾਪਤ ਹੋਂਦਾ ਹੈ ਅਤੇ (ਸ਼ਿਵ ਸ਼ਕਤੀ) ਸਤੋਗੁਣ ਸੁਭਾਉ ਨਾਲ ਵਿਯੋਗੀ ਹੈ ਭਾਵ ਸੂਰਜ ਪਾਸ ਜੋ ਚੀਜ ਰਹੇ ਸੋ ਤਤੀ ਹੋ ਜਾਂਦੀ ਹੈ ਅਤੇ ਸੀਤਲਤਾਈ ਤੋਂ ਪਰੇ ਰਹਿੰਦੀ ਹੈ। ਜੈਸੇ ਚੰਦ੍ਰਮਾ ਦੇ ਸੰਜੋਗੀ ਜੋ ਪਾਸ ਰਹਿਣੇ ਵਾਲੇ ਹਨ ਓਹਨਾਂ ਨੂੰ (ਸ਼ਿਵ) ਸਾਂਤੀ ਸੁਭਾਉ (ਗਤਿ) ਪ੍ਰਾਪਤ ਹੋਂਦੀ ਹੈ ਅਤੇ (ਸ਼ਕਤੀ) ਜੋ ਕਠੋਰਤਾਈ ਸੁਭਾਉ ਹੈ ਇਹ ਵਿਯੋਗਤਾਈ ਹੈ।

ਕਬਿਤ—ਸ੍ਰੀ ਗੁਰ ਦਰਸ ਧਯਾਨ ਸ੍ਰੀ ਗੁਰ ਸਬਦ ਗਯਾਨ, ਸਸਤ੍ਰ ਸਨਾਹ ਪੰਚ ਦੂਤ ਬਸ ਆਏ ਹੈਂ॥ ਸ੍ਰੀ ਗੁਰ ਚਰਨ ਰੇਨੁ ਸ੍ਰੀ ਗੁਰ ਸਰਨ ਧੇਨ, ਕਰਮ ਭਰਮ ਕਟ ਅਭੈ ਪਦ ਪਾਏ ਹੈਂ॥ ਸ੍ਰੀ ਗੁਰ ਬਚਨ ਲੇਖ ਸ੍ਰੀ ਗੁਰ ਸੇਵਕ ਭੇਖ, ਅਛਲ ਅਲੇਖ ਪ੍ਰਭੁ ਅਲਖ ਲਖਾਏ ਹੈਂ॥ ਗੁਰ ਸਿਖ ਸਾਧ ਸੰਗ ਗੋਸ਼ਟ ਪ੍ਰੇਮ ਪ੍ਰਸੰਗ, ਨਿੰਮ੍ਰਤਾ ਨਿਰੰਤਰੀ ਕੈ ਸਹਜ ਸਮਾਏ ਹੈਂ॥੧੩੫॥

ਸ੍ਰੀ ਗੁਰ ਦਰਸ ਧਯਾਨ ਸਨਾਹ। ਸ੍ਰੀ ਗੁਰ ਸਬਦ ਗਯਾਨ ਸ਼ਸਤ੍ਰ। ਸੁਭਾਇਮਾਨ ਗੁਰਾਂ ਦੇ (ਸਬਦ) ਉਪਦੇਸ਼ ਦਾ ਜੋ ਗਯਾਨ ਹੋਇਆ ਹੈ ਇਹ ਗੁਰਮੁਖਾਂ ਦਾ ਖੰਡਾ ਹੈ

ਇਸੀ ਵਾਸਤੇ ਪੰਜ ਦੂਤ ਕਾਮ ਕਰੋਧ ਆਦਿਕ ਗੁਰਮੁਖਾਂ ਦੇ ਵਸੀਕਾਰ ਆਏ ਹਨ ਧਿਆਨ ਦੀ ਸੰਜੋਇ ਹੈ। ਜਦ ਗੁਰਮੁਖਾਂ ਨੇ ਗੁਰਾਂ ਦੇ ਚਰਨ ਕਮਲਾਂਦੀ ਧੂੜੀ ਆਪਣੇ ਮਸਤਕ ਪਰ ਲਾਈ ਤਾਂ ਕਰਮ ਭਰਮਾਉਨ ਵਾਲੇ ਕਟੇ ਗਏ, ਜਦ ਸੁਭਾਇਮਾਨ ਗੁਰੂ ਦੀ ਸ਼ਰਨ ਪਕੜੀ ਤਾਂ ਅਭੈਪਦ ਜਿਥੇ ਡਰ ਨਹੀਂ ਸੀ ਕਿਸੇ ਦਾ, ਓਹ ਪਦਵੀ ਪਾ ਲਈ। ਜਦ ਸੁਭਾਇਮਾਨ ਗੁਰਾਂ ਦੇ ਬਚਨਾਂ ਨੂੰ (ਲੇਖ) ਧਾਰਿਆ ਤਾਂ ਛਲ ਤੋਂ ਰਹਿਤ ਹੋ ਗਏ, ਜਦ ਸ੍ਰੀ ਸੁਭਾਇਮਾਨ ਸਤਿਗੁਰਾਂ ਦੇ ਸੇਵਕ ਦਾਸਾਂ ਨੇ ਸਰੂਪ ਧਾਰਿਆ ਤਾਂ ਜਮਾਂ ਦੇ ਲੇਖੇ ਤੋਂ ਬਾਹਰ ਹੋ ਗਏ ਜਿਸ ਕਰਕੇ ਓਹਨਾਂ ਨੂੰ ਪ੍ਰਭੂ ਵਾਹਿਗੁਰੂ (ਅਲਖ)ਜੋ ਨਹੀਂ ਲਖਿਆ ਜਾਂਦਾ ਓਹ (ਲਖਾਇ) ਦੇਖਣ ਵਿਚ ਆਇਆ। ਗੁਰੂ ਕੇ ਸਿਖਾਂ ਦੀ ਜੋ ਸਾਧ ਸੰਗਤ ਹੈ ਉਸ ਸਤ ਸੰਗਤ ਵਿਚ ਜਾ ਕੇ ਗੁਰਾਂ ਦੇ (ਪ੍ਰਸੰਗ) ਕੌਤਕ ਸੰਸਾਰ ਪਰ ਕਰ ਰਹੇ ਹਨ ਓਹਨਾਂ ਦੀ ਪ੍ਰੇਮ ਨਾਲ (ਗੋਸ਼ਟ) ਚਰਚਾ ਕਥਾ ਬਾਰਤਾ ਕੀਤੀ ਅਤੇ ਨਿਮ੍ਰਤੀ (ਨਿਰੰਤਰੀ) ਇਕ ਰਸ ਇਸ ਨਿੰਮ੍ਰਿਤਾ ਨੂੰ ਧਾਰਨ ਕਰਦੇ ਹਨ (ਸਹਜ) ਵਾਹਿਗੁਰੂ ਵਿਚ ਸਮਾ ਰਹਿੰਦੇ ਹਨ।

ਕਬਿਤ–ਜੈਸੇ ਤੌ ਮਜੀਠ ਬਸੁਧਾ ਸੈਂ ਖੋਦ ਕਾਢੀਅਤ, ਅੰਬਰ ਸੁਰੰਗ ਭਏ ਸੰਗ ਨ ਤਜਤ ਹੈ ॥ ਜੈਸੇ ਤੌ ਕਸੁੰਭ ਤਜ ਮੂਲ ਫੂਲ ਆਨਿਯਤ, ਜਾਨਿਯਤ ਸੰਗ ਛਾਡ ਤਾਹੀ ਤੇ ਭਜਤ ਹੈ ॥ ਅਰਧ ਉਰਧ ਮੁਖ ਸਲਿਲ ਸੂਚੀ ਸੁਭਾਉ, ਤਾਂਤੇ ਸੀਤ ਤਪਤ ਮਲ ਅਮਲ ਸਜਤ ਹੈ ॥ ਗੁਰਮਤਿ ਦੁਰਮਤਿ ਊਚ ਨੀਚ, ਨੀਚ ਊਚ, ਜੀਤ ਹਾਰ, ਹਾਰ ਜੀਤ, ਲੱਜਾ ਨ ਲਜਤ ਹੈ ॥ ੧੩੯ ॥

ਜਿਸ ਤਰਾਂ ਮਜੀਠ ਨੇ ਨਿਮ੍ਰਤਾ ਧਾਰੀ ਹੈ ਤਾਂ ਉਸ ਨੂੰ ਧਰਤੀ ਵਿਚੋਂ ਪੁਟਕੇ ਕਢੀਦਾ ਹੈ ਅਤੇ ਉਸਦੇ ਸ੍ਰੇਸ਼ਟ ਰੰਗ ਨਾਲ ਜਿਹੜੇ ਕਪੜੇ ਰੰਗੇ ਜਾਣ ਓਹ ਰੰਗ ਕਪੜਿਆਂ ਦਾ ਸੰਗ ਛਡਕੇ ਨਹੀਂ ਜਾਂਦਾ। ਜਿਸ ਤਰਾਂ ਕਸੁੰਭ ਦਾ ਬੂਟਾ ਮੁਢ ਨੂੰ ਛਡ ਕੇ ਫੁਲ ਨੂੰ ਉਪਰ ਲਿਆਉਂਦਾ ਹੈ ਇਸੀ ਵਾਸਤੇ ਜਾਣਿਆਂ ਜਾਂਦਾ ਹੈ ਕਿ ਇਹ ਰੰਗ ਕਸੁੰਭੇ ਦਾ ਕਪੜੇ ਦਾ ਸੰਗ ਛਡਕੇ ਜਲਦੀ ਨਾਲ ਦੌੜ ਜਾਂਦਾ ਹੈ। ਜਿਸ ਤਰਾਂ ਪਾਣੀ ਦਾ ਮੁਖ ਨੀਵੇਂ ਰਹਿੰਦਾ ਹੈ ਅਤੇ ਪਾਣੀ ਦਾ ਸੁਭਾਉ ਭੀ ਇਸ ਵਾਸਤੇ ਸੀਤਲ ਹੈ ਜਿਹੜਾ ਕੋਈ ਇਸ ਨੂੰ ਪੀਂਦਾ ਹੈ ਓਹ ਵੀ ਠੰਢਾ ਹੋ ਜਾਂਦਾ ਹੈ ਨਾਲੇ ਪਾਣੀ ਲੋਕਾਂ ਦੇ ਕਪੜਿਆਂ ਦੀ ਮੈਲ ਲਾਹੁੰਦਾ ਹੈ ਤੇ ਫਿਰ ਵੀ ਮੈਲ ਤੇ ਰਹਿਤ ਸਜਿਆ ਹੋਇਆ ਹੈ ਅਤੇ ਲੋਕਾਂ ਨੂੰ ਮੈਲ ਤੋਂ ਬਿਨਾਂ ਕਰਦਾ ਹੈ। ਉਚਾ ਮੂੰਹ ਅਗਨੀ ਦਾ ਹੈ ਇਸੀ ਵਾਸਤੇ ਤਤਾ ਸੁਭਾਉ ਹੈ ਸਭ ਕਿਸੀ ਨੂੰ ਤਪਾ ਦੇਂਦੀ ਹੈ ਮੈਲ ਹੀ ਮੈਲ ਸਜਾ ਦੇਂਦੀ ਹੈ ਕੂੜੇ ਦੀਆਂ ਢੇਰੀਆਂ ਲਗ ਜਾਂਦੀਆਂ ਹਨ। ਜਿਸ ਤਰਾਂ ਗੁਰਮਤੀਏ ਗੁਰਾਂ ਦੀ ਸਿਖਿਆ ਨੂੰ ਧਾਰਨ ਵਾਲੇ ਸੰਸਾਰ ਤੋਂ ਨੀਵੇਂ ਬਣੇ ਹਨ ਤਾਂਤੇ ਇਸੀ ਵਾਸਤੇ ਸੰਸਾਰ ਨਾਲੋਂ ਉਚੇ ਬਣ

ਗਏ ਅਤੇ ਫਿਰ ਸੰਸਾਰ ਵਿਚ ਓਹਨਾਂ ਨੇ ਆਪਣੀ ਹਾਰ ਮੰਨੀ ਹੈ ਇਸੀ ਵਾਸਤੇ ਓਹ ਸੰਸਾਰ ਨੂੰ ਜਿਤ ਗਏ। ਖੋਟੀ ਅਕਲ ਵਾਲੇ ਮਨਮੁਖ ਆਪਣੇ ਆਪ ਨੂੰ ਉਚਾ ਕਹਾਉਂਦੇ ਹਨ ਇਸੀ ਵਾਸਤੇ ਨੀਚ ਬਣਦੇ ਹਨ ਅਤੇ ਫਿਰ ਆਪਣੇ ਆਪ ਨੂੰ ਜਗ ਤੋਂ (ਜੀਤ) ਸੂਰਮੇ ਕਹਾਉਂਦੇ ਹਨ ਕਿ ਅਸੀਂ ਜਗਤ ਕੋ ਜੀਤ ਚਲੇ ਹਾਂ ਇਸੀ ਵਾਸਤੇ ਹਾਰ ਜਾਂਦੇ ਹਨ ਅਤੇ ਜਮਾਂ ਦੀਆਂ ਚੋਟਾਂ ਖਾਂਦੇ ਹਨ ਮਾਰ ਖਾ ਕੇ ਇਸ ਤਰਾਂ ਦਾ ਬੁਰਾ ਹਾਲ ਕਰਾ ਕੇ ਆਪਣੇ ਆਪ ਵਿਚ ਲੱਜਾ ਕਰਕੇ ਲੱਜਤ ਨਹੀਂ ਹੁੰਦੇ ਅਤੇ ਗੁਰਮੁਖ ਲੱਜਾ ਕਰਕੇ ਲੱਜਤ ਹੈਂ।

ਕਬਿਤ—ਗੁਰਮੁਖ ਸਾਧ ਸੰਗ ਸਬਦ ਸੁਰਤਿ ਲਿਵ ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ ॥ ਸਹਜ ਸੁਭਾਇ ਰਿਦੈ ਭਾਵਨੀ ਭਗਤਿ ਭਾਇ ਬਿਹਸ ਮਿਲਨ ਸਮ ਦਰਸ ਧਿਆਨੀਐ ॥ ਨਿਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ ਮਧੁਰ ਬਚਨ ਮੁਖ ਬੇਨਤੀ ਬਖਾਨੀਐ॥ ਪੂਜਾ ਪ੍ਰਾਨ ਗਯਾਨ ਗੁਰ ਆਗਯਾਕਾਰੀ ਅਗ੍ਰਭਾਗ ਆਤਮ ਅਵੇਸ ਪਰਮਾਤਮ ਨਿਧਾਨੀਐ॥ ੧੩੭ ॥

ਗੁਰਮੁਖ ਸਾਧ ਸੰਗਤ ਵਿਚ ਜਾ ਕੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕਰਦੇ ਹਨ ਅਤੇ ਸਾਰਿਆਂ ਜੀਵਾਂ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹਨ। ਹਿਰਦੇ ਕਰਕੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚ ਚੰਗੀ ਪ੍ਰੀਤੀ ਹੈ ਅਤੇ ਸਾਰਿਆਂ ਨਾਲ ਹਸ ਕੇ ਮਿਲਣਾ ਕਰਦੇ ਹਨ ਅਰ ਨਿਕਿਆਂ ਵਡਿਆਂ ਸਾਰਿਆਂ ਜੀਵਾਂ ਵਿਚ ਇਕ ਧਯਾਨ ਹੈ ਕਿਸੇ ਨੂੰ ਮਾੜਾ ਨਹੀਂ ਜਾਣਦੇ। ਤਿਨਾਂ ਗੁਰਮੁਖਾਂ ਵਿਚ ਨਿਮ੍ਰਤਾ ਬਹੁਤ ਹੈ ਅਤੇ ਦਾਸਾਂ ਦੇ ਦਾਸ ਹੋਣ ਦੀ ਅਕਲ ਪ੍ਰਗਟੀ ਹੋਈ ਹੈ ਕਿਉਂਕਿ ਸਾਰਿਆਂ ਨੂੰ ਬੇਨਤੀ ਨਾਲ ਮਿਠਾ ਜੋ ਬੋਲਣਾ ਸਿਖਾਂਦੇ ਹਨ। ਜਿਹੜੇ ਗੁਰਮੁਖ ਪਿਛੇ ਕਹੇ ਹਨ ਓਨ੍ਹਾਂ ਨਾਲ ਜੋ ਮਿਲ ਕਰ ਗੁਰਾਂ ਅਗੇ ਤਨ ਮਨ ਧਨ ਦੇ ਦੇਂਦਾ ਹੈ ਓਸ ਦਾ ਮਨ ਟਿਕ ਜਾਂਦਾ ਹੈ ਅਤੇ ਵਾਹਿਗੁਰੂ ਓਸ ਨੂੰ ਮਿਲ ਜਾਂਦਾ ਹੈ।

ਕਬਿਤ—ਸਤਿ ਰੂਪ, ਸਤਿਨਾਮੁ, ਸਤਿਗੁਰ ਗਯਾਨ ਧਯਾਨ ਸਤਿਗੁਰ ਮਤਿ ਸੁਨ ਸਤਿ ਕਰ ਮਾਨੀ ਹੈ ॥ ਦਰਸ ਧਿਆਨ ਸਮ ਦਰਸੀ ਬ੍ਰਹਮ ਧਿਆਨੀ,ਸ਼ਬਦ ਗਿਆਨ ਗੁਰੂ ਬ੍ਰਹਮ ਗਿਆਨੀ ਹੈ॥ ਗੁਰਮਤਿ ਨਿਹਚਲ ਪੂਰਨ ਪ੍ਰਗਾਸ ਰਿਦੈ, ਮਾਨੈ ਮਨ ਮਾਨੇ ਉਨਮਨ ਉਨਮਾਨੀ ਹੈ॥ ਬਿਸਮੈ ਬਿਸਮ ਅਸਚਰਜੈ ਅਸਚਰਜਮੈਂ, ਅਦਭੁਤ ਪਰਮਦਭੁਤ ਗਤਿ ਠਾਨੀ ਹੈ ॥ ੧੩੮ ॥

ਪੂਜਨੀਕ ਗੁਰਾਂ ਦੇ ਸਚੇ ਨਾਮ ਦੀ ਸਿਖਿਆ ਦਾ ਗਜ਼ਾਨ ਅਤੇ ਜੋ ਛਪਿਆਂ ਹੋਇਆ ਵਾਹਿਗੁਰੂ ਦਾ ਧਜ਼ਾਨ ਸੀ ਓਹ ਓਹਨਾਂ ਨੂੰ ਪ੍ਰਗਟ ਹੋਇਆ । ਗੁਰਾਂ ਦਾ ਦਰਸ਼ਨ ਕਰਨ ਨਾਲ ਇਕੋ ਜੇਹੀ ਦ੍ਰਿਸ਼ਟਿ ਹੋਈ ਅਤੇ ਵਾਹਿਗੁਰੂ ਦਾ ਗਜ਼ਾਨ ਹੋਇਆ । ਜਿਸਨੇ ਗੁਰਾਂ ਦੀ ਸਿਖਿਆ ਨਿਸਚੇ ਕੀਤੀ ਹੈ ਉਸ ਨੂੰ ਵਾਹਿਗੁਰੂ ਦਾ ਪੂਰਾ ਪ੍ਰਕਾਸ਼ ਹਿਰਦੇ ਵਿਚ ਹੋਇਆ ਹੈ ਅਤੇ ਜਿਹੜਾ ਮਨ ਉਸ ਦਾ ਨਾਮ ਜਪਣ ਨੂੰ ਨਹੀਂ ਸੀ ਮੰਨਦਾ ਓਹ ਮੰਨਣ ਲਗ ਪਿਆ ਤੇ ਪੂਰਾ ਵਿਚਾਰ ਵਾਲਾ ਹੋਇਆ । ਅਸਚਰਜ ਗੁਰਾਂ ਦੀ ਸਿਖਿਆ ਵੀ ਅਸਚਰਜ ਹੈ ਅਤੇ ਅਸਚਰਜ ਗੁਰਾਂ ਦਾ ਗਜ਼ਾਨ ਵੀ ਅਸਚਰਜ ਹੈ ਅਤੇ ਅਗੇ ਗੁਰਮੁਖਾਂ ਦੀ ਵੀ ਅਸਚਰਜ ਰੀਤੀ ਹੈ ।

ਕਬਿਤ—ਪੂਰਨ ਪਰਮ ਜੋਤਿ ਸਤਿਗੁਰ ਸਤਿ ਰੂਪ, ਪੂਰਨ ਗਿਆਨ ਸਤਿਗੁਰੁ ਸਤਿਨਾਮੁ ਹੈ ॥ ਪੂਰਨ ਜੁਗਤਿ ਸਤਿ ਸਤਿਗੁਰ ਸਤਿ ਰਿਦੈ ਪੂਰਨ ਸੁ ਸੇਵ ਸਾਧ ਸੰਗਤ ਬਿਸ੍ਰਾਮ ਹੈ ॥ ਪੂਰਨ ਪੂਜਾ ਪਦਾਰਬਿੰਦ ਮਧੁਕਰ ਮਨ ਪ੍ਰੇਮ ਰਸ ਪੂਰਨ ਹ੍ਵੈ ਕਾਮ ਨਿਹਕਾਮ ਹੈ ॥ ਪੂਰਨ ਬ੍ਰਹਮ ਗੁਰ ਪੂਰਨ ਪਰਮਨਿਧਿ, ਪੂਰਨ ਪ੍ਰਗਾਸ ਬਿਸਮਸਥਲ ਧਾਮ ਹੈ ॥ ੧੩੯ ॥

ਅਕਾਲਪੁਰਖ ਦਾ ਸਰੂਪ ਜੋ ਸਤਿਗੁਰੂ ਜੀ ਹੈਨ ਓਹਨਾਂ ਨੂੰ ਨਾਮ ਜਪਣ ਕਰਕੇ ਪੂਰਨ ਗਿਆਨ ਹੋਇਆ ਹੈ ਅਤੇ ਇਸ ਵਾਸਤੇ ਗੁਰਾਂ ਦੇ ਸਤਿਨਾਮ ਮੰਤ੍ਰ ਵਿਚ ਸਚ ਰੂਪ ਵਾਹਿਗੁਰੂ ਦਾ ਗਿਆਨ ਭਰਪੂਰ ਹੈ ਵਾ ਪੂਰਾ ਗਜ਼ਾਨ ਗੁਰਾਂ ਦਾ ਸਚਾ ਨਾਮ ਸਤਿਨਾਮ ਮੰਤ੍ਰ ਹੈ । ਪੂਰੀ ਯੁਕਤੀ ਨਾਲ ਗੁਰਾਂ ਦੇ ਸਚੇ ਨਾਮ ਹਿਰਦੇ ਵਿਚ ਵਸਾਇਆ ਅਤੇ ਸਾਧ ਸੰਗਤ ਵਿਚ ਜਾ ਕੇ ਪੂਰਨ ਗੁਰਾਂ ਦੀ ਟਹਿਲ ਕੀਤੀ । ਪੂਰੀ (ਪੂਜਾ) ਭੇਟਾ ਕਰੀ ਕਿ ਚਰਨ ਕਮਲ ਗੁਰਾਂ ਦੇ ਹਨ ਓਨ੍ਹਾਂ ਉਪਰ ਸਿਖਾਂ ਨੇ ਆਪਣਾ ਮਨ ਭੌਰਾ ਬਣਾਇਆ ਸੋ ਜੀਕਰ ਭੌਰਾ ਫੁਲਾਂ ਦੇ ਅਨੰਦ ਨੂੰ ਲੈਂਦਾ ਹੈ ਈਕਰ ਹੀ ਗੁਰਾਂ ਦੇ ਚਰਨਾ ਕਮਲਾਂ ਦਾ ਜੋ ਪ੍ਰੇਮ ਅਨੰਦ ਪੂਰਾ ਭਰਿਆ ਹੋਇਆ ਮਿਠੇ ਨਾਲ ਹੈ ਉਸ ਨੂੰ ਕਾਮਨਾਂ ਇਛਾ ਤੋਂ ਰਹਿਤ ਹੋਕੇ ਲਿਆ । ਪੂਰੇ ਵਾਹਿਗੁਰੂ ਦਾ ਰੂਪ ਗੁਰੂ ਪੂਰੀ ਹਛੀ ਗੁਣਾਂ ਦੀ ਖਾਣ ਹਨ ਅਤੇ ਪੂਰਾ ਹੀ ਓਨ੍ਹਾਂ ਦਾ ਪ੍ਰਕਾਸ਼ ਹੈ ਅਤੇ ਔਖੇ ਥਾਂ ਜਿਥੇ ਨਾ ਪਹੁੰਚਿਆ ਜਾਵੇ ਉਸ ਅਸਥਾਨ ਵਿਚ ਗੁਰਾਂ ਦਾ ਘਰ ਹੈ ।

ਕਬਿਤ—ਦਰਸ਼ਨ ਜੋਤਿ ਕੈ ਉਦੋਤ ਅਸਚਰਜਮੈਂ ਤਾਮੈ ਤਿਲ ਛਬਿ ਪਰਮਦਭੁਤ ਛਕਿ ਹੈ ॥ ਦੇਖਬੇ ਕੌ ਦ੍ਰਿਸ਼ਟਿ ਨ ਸੁਨਬੇ ਕੌ ਸੁਰਤਿ ਹੈ, ਕਹਿਬੇ ਕੌ ਜਿਹਵਾ ਨ ਗਜ਼ਾਨ ਮੈ ਉਕਤਿ ਹੈ ॥ ਸੋਭਾ

ਕੋਟਿ ਸੋਭ ਲੋਭ ਲੁਭਿਤ ਹ੍ਵੈ ਲੋਟ ਪੋਟ, ਜਗ ਮਗ ਜੋਤਿ ਕੋਟਿ ਓਟ ਲੈ ਛਿਪਤ ਹੈ ॥ ਅੰਗ ਅੰਗ ਪੇਖ ਮਨ ਮਨਸਾ ਥਕਤ ਭਈ, ਨੇਤਿ ਨੇਤਿ ਨਮੋ ਨਮੋ ਅਤਿ ਹੂੰ ਤੇ ਅਤਿ ਹੈ ॥ ੧੪੦ ॥

ਜਿਸ ਜਗਾ ਗੁਰਮੁਖਾਂ ਨੇ ਨਿਵਾਸ ਕੀਤਾ ਹੈ ਅਤੇ ਜੋ ਉਸ ਥਾਂ ਤੋਂ ਦਰਸ਼ਨ ਪਾਇਆ ਹੈ ਗੁਰਾਂ ਦੇ ਦਰਸ਼ਨ ਦੀ (ਜੋਤਿ) ਸੋਭਾ ਚਮਕ ਦਮਕ ਜੋ (ਉਦੋਤ) ਪ੍ਰਗਟ ਹੋਈ ਹੈ ਓਹ ਬਹੁਤ ਅਸਚਰਜ ਮੈ ਰੂਪ ਹੈ ਜੋ ਗੁਰੂ ਕੇ ਸਿਖਾਂ ਨੂੰ ਦਰਸ਼ਨ ਦੀ ਚਮਕ ਪਈ ਹੈ ਥੋੜੀ ਜੇਹੀ ਸੋਭਾ ਹੈ ਭਾਵ ਓਹ ਵੀ ਅਸਚਰਜ ਹੋਕੇ (ਛਕਿ) ਪ੍ਰਸੰਨਤਾ ਆਪਣੇ ਆਪ ਨੂੰ ਵਡਾ ਜਾਣਕੇ ਖੁਸ਼ੀ ਹੋਣਾ ਛਡਕੇ ਚੁਪ ਕਰ ਗਈ ਹੈ । ਦ੍ਰਿਸ਼ਟਿ ਕਰਕੇ ਨੇਤ੍ਰ ਵੇਖ ਨਹੀਂ ਸਕਦੇ, ਕੰਨ ਸੁਣ ਨਹੀਂ ਸਕਦੇ ਤੇ ਜੀਭ ਕਹਿ ਨਹੀਂ ਸਕਦੀ ਅਤੇ ਗਜ਼ਾਨਵਾਨ ਗਜ਼ਾਨੀ (ਉਕਤ) ਬੋਲ ਨਹੀਂ ਸਕਦੇ। ਕਰੋੜਾਂ ਹੀ ਸੋਭਾ ਗੁਰਾਂ ਦੀ ਸੋਭਾ ਅਗੇ ਲੋਭ ਲਾਲਚ ਵਾਲੀਆਂ ਹੋਕੇ ਲੋਟ ਪੋਟ ਹੋਕੇ ਡਿਗ ਪੈਂਦੀਆਂ ਹਨ ਅਤੇ ਜੋ ਜਗ ਮਗ ਪ੍ਰਕਾਸ਼ ਸੂਰਜ ਚੰਦ੍ਰਮਾ ਦੀ ਜੋਤ ਦਾ ਬਹੁਤ ਹੀ ਹੈ ਓਹ ਗੁਰਾਂ ਦੇ ਦਰਸ਼ਨ ਦੀ ਜੋਤ ਦਾ (ਓਟ) ਆਸਰਾ ਲੈਕੇ ਛਪਨ ਹੋ ਜਾਂਦਾ ਹੈ। ਗੁਰਾਂ ਦੇ ਅੰਗਾਂ ਦੀ ਸੋਭਾ ਜੋ ਮਨ ਤੇ ਮਨਸ਼ਾ ਬੁਧੀ ਆਦਿਕ ਬਿਰਤੀਆਂ ਹਨ ਓਹ ਵੀ ਵੇਖ ਕੇ ਥਕ ਗਈਆਂ ਕਿ ਸਾਡੇ ਪਾਸੋਂ ਅੰਤ ਨਹੀਂ ਲਿਆ ਜਾਂਦਾ ਮਨ (ਅਤਿ) ਅਤਸੈ ਕਰਕੇ ਘਿਘਿਆਕੇ ਬਹੁਤ ਵਾਰੀ ਨਮਸ਼ਕਾਰ ਕਰਦਾ ਹੈ।

ਕਬਿਤ—ਛਬਿ ਕੈ ਅਨੇਕ ਛਬਿ ਸੋਭਾ ਕੈ ਅਨੇਕ ਸੋਭਾ, ਜੋਤਿ ਕੈ ਅਨੇਕ ਜੋਤਿ ਨਮੋ ਨਮੋ ਨਮ ਹੈ ॥ ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ, ਏਕ ਤਿਲ ਕਥਾ ਅਤਿ ਅਗਮ ਅਗਮ ਹੈ ॥ ਬੁਧਿ ਬਲ ਬਚਨ ਬਿਬੇਕ ਜੌ ਅਨੇਕ ਮਿਲੇ, ਏਕ ਤਿਲ ਆਦਿ ਬਿਸਮਾਦਿ ਕੈ ਬਿਸਮ ਹੈ ॥ ਏਕ ਤਿਲ ਕੈ ਅਨੇਕ ਭਾਂਤਿ ਨਿਹਕ੍ਰਾਂਤਿ ਭਈ, ਅਬਿਗਤਿ ਗਤਿ ਗੁਰ ਪੂਰਨ ਬ੍ਰਹਮ ਹੈ ॥ ੧੪੧ ॥

ਥੋੜੀ ਜੇਹੀ ਦਰਸ਼ਨ ਦੀ ਉਪਮਾ ਅਗੇ ਅਨੇਕਾਂ ਹੀ ਕ੍ਰਾਂਤੀਆਂ ਨਮਸ਼ਕਾਰ ਕਰਦੀਆਂ ਹਨ। ਉਸਤਤੀ ਕਰਨੀ ਅਤੇ ਉਪਮਾ ਕਰਨੀ (ਮਹਾਤਮ) ਫਲ ਤੇ ਅਨੇਕਾਂ ਹੀ (ਮਹਿਮਾ) ਕੀਰਤੀਆਂ ਗੁਰਾਂ ਦੇ ਦਰਸ਼ਨ ਦੀ ਸ਼ੋਭਾ ਅਗੇ ਤਿਨਾ ਦੀ ਕਥਾ ਕਰਨੀ ਇਕ ਤਿਲ ਥੋੜਾ ਜਿਹਾ ਚਿਰ (ਅਗੰਮ) ਮਨ ਬਾਣੀ ਦਾ ਪਰਾ ਹੈ। ਬੁਧੀਆਂ ਦਾ ਬਲ ਅਤੇ ਬਚਨਾਂ ਦਾ ਵਿਚਾਰ ਏਹੋ ਜੇਹੀਆਂ ਜੇ ਅਨੇਕਾਂ ਭੀ ਕਠੀਆਂ ਹੋਣ ਤਾਂ ਥੋੜਾ ਜਿਹਾ ਚਿਰ ਗੁਰਾਂ ਦੇ ਦਰਸ਼ਨ ਦੀ ਸੋਭਾ ਅਗੇ ਹੈਰਾਨ ਹੋਕੇ ਪਹਿਲੋਂ ਹੀ ਤੁਛ ਮਾਤ੍ਰ ਆਪਣੇ ਆਪ ਨੂੰ ਸਮਝਕੇ ਮੰਦ ਪੈ ਜਾਂਦੀਆਂ ਹਨ। ਅਸਚਰਜ ਰੀਤੀ ਵਾਲੇ ਵਾਹਿਗੁਰੂ ਦਾ

ਰੂਪ ਜੋ ਗੁਰੂ ਹਨ ਉਹਨਾਂ ਦੇ ਦਰਸ਼ਨ ਦੀ ਕ੍ਰਾਂਤੀ ਅਗੇ ਅਨੇਕਾਂ ਹੀ ਸੋਭਾ ਥੋੜੇ ਜਿਹੇ ਚਿਰ ਵਿਚ ਸੋਭਾ ਤੋਂ ਬਿਨਾਂ ਹੋ ਕੇ ਸ਼ਰਮਿੰਦੀਆਂ ਹੋ ਗਈਆਂ।

ਕਬਿਤ—ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈਂ, ਕਿੰਚਤ ਕਟਾਖਸ਼ ਕੈ ਬਿਸਮ ਕੋਟਿ ਧਯਾਨ ਹੈ ॥ ਮੰਦ ਮੁਸਕਾਨ ਬਾਨ ਪਰਮਦਭੁਤ ਗਤਿ, ਮਧੁਰ ਬਚਨ ਕੈ ਥਕਤ ਕੋਟਿ ਗਯਾਨ ਹੈ ॥ ਏਕ ਉਪਕਾਰ ਕੇ ਬਿਥਾਰ ਕੋ ਨ ਪਾਰਾਵਾਰ, ਕੋਟਿ ਉਪਕਾਰ ਸਿਮਰਨ ਉਨਮਾਨ ਹੈ॥ ਦਯਾ ਨਿਧਿ, ਕ੍ਰਿਪਾਨਿਧਿ, ਸੁਖਨਿਧਿ, ਸੋਭਾਨਿਧਿ ਮਹਿਮਾ ਨਿਧਾਨ ਗੰਮਤਾ ਨ ਕਾਹੂ ਆਨ ਹੈ ॥੧੪੨॥

ਜਿਨ੍ਹਾ ਨੂੰ ਸਤਿਗੁਰਾਂ ਦੇ ਦਰਸ਼ਨ ਦੀ ਸੋਭਾ ਪ੍ਰਕਾਸ਼ ਵਾਲੀ ਅਸਚਰਜਮੈਂ ਰੂਪ ਪ੍ਰਗਟ ਹੋਈ ਹੈ ਤਿਨਾਂ ਦੀ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਦੇ ਅਗੇ ਕਰੋੜਾਂ ਹੀ ਧਿਆਨ ਅਸਚਰਜ ਹੋ ਜਾਂਦੇ ਹਨ ਹੌਲੀ ਹੌਲੀ ਹਸਣ ਦੀ ਇਸ ਦੀ (ਗਤਿ) ਰੀਤੀ ਬੜੀ ਅਸਚਰਜ ਹੈ ਮਿਠੇ ਬਚਨਾਂ ਅਗੇ ਕ੍ਰੋੜਾਂ ਹੀ ਗਯਾਨ ਥਕ ਜਾਂਦੇ ਹਨ ਗੁਰਾਂ ਦੇ ਇਕ ਉਪਕਾਰ ਦੇ ਵਿਸਥਾਰ ਪ੍ਰਤਾਪ ਦਾ ਅੰਤ ਨਹੀਂ ਪਾਇਆ ਜਾਂਦਾ ਅਤੇ ਕ੍ਰੋੜਾਂ ਹੀ ਜੋ ਉਪਕਾਰ ਹਨ ਓਹਨਾਂ ਦਾ ਯਾਦ ਰਖਣਾ ਅਤੇ ਵਿਚਾਰਨਾਂ ਬਹੁਤ ਅਸੰਭਵ ਹੈ ਕਿਰਪਾ ਦੀ ਖਾਣ ਤੇ ਫਿਰ ਕਿਰਪਾ ਦੇ ਸਮੁੰਦਰ ਤੇ ਸੁਖਾਂ ਦੀ ਨਿਧੀ ਸਿਧੀ ਰਿਧੀ ਅਤੇ ਸੋਭਾ ਦੀ ਖਾਨ ਅਤੇ ਮਹਿਮਾ ਖਜਾਨਾ ਗੁਰੂ ਹਨ ਏਸੇ ਲਈ ਗੁਰਾਂ ਦੇ ਨਾਲ ਬਰਾਬਰ ਹੋਣ ਦੀ ਸ਼ਕਤੀ ਕਿਸੇ ਪਾਸ ਨਹੀਂ ਹੈ।

ਕਬਿਤ—ਕੋਟਿਨ ਕੋਟਾਨ ਆਦਿ ਬਾਦ ਪਰਮਾਦਿ ਵਿਖੇ, ਕੋਟਿਨ ਕੋਟਾਨ ਅੰਤ ਬਿਸਮ ਅਨੰਤ ਹੈ ॥ ਕੋਟਿ ਪਾਰਾਵਾਰ ਪਾਰਾਵਾਰ ਨ ਅਪਾਰ ਪਾਵੈ, ਥਾਹ ਕੋਟਿ ਥਕਤ ਅਥਾਹ ਪਰਜੰਤ ਹੈ ॥ ਅਬਿਗਤਿ ਗਤਿ ਅਤਿ ਅਗਮ ਅਗਾਧ ਬੋਧ, ਗੰਮਿਤਾ ਨ ਗਯਾਨ ਧਯਾਨ ਸਿਮਰਨ ਮੰਤ ਹੈ॥ ਅਲਖ ਅਭੇਵ ਅਪਰੰਪਰ ਦੇਵਾਧਿ ਦੇਵ, ਐਸੇ ਗੁਰਦੇਵ ਸੇਵ ਗੁਰੂ ਸਿਖ ਸੰਤ ਹੈ ॥੧੪੩॥

ਜਦ ਪ੍ਰਲੈ ਕਾਲ ਦਾ ਸਮਾ ਆਉਂਦਾ ਹੈ ਤੇ ਸੰਸਾਰ ਮਾਯਾ ਵਿਚ ਛੁਪ ਜਾਂਦਾ ਹੈ ਅਤੇ ਹੋਰ ਦੇਵੀ ਦੇਵਤੇ ਜਿਨ੍ਹਾ ਦਾ ਅੰਤ ਨਹੀਂ ਆਉਂਦਾ ਉਹ ਅਨੰਤ ਵਾਹਿਗੁਰੂ ਵਿਚ ਮਿਲ ਜਾਂਦੇ ਹਨ। ਕਰੋੜਾਂ ਹੀ ਪਾਰਾਵਾਰ ਸਮੁੰਦਰ ਵਰਗੇ ਜਿਨ੍ਹਾ ਦਾ ਪਾਰਾਵਾਰ ਅੰਤ ਨਹੀਂ ਆਉਂਦਾ ਉਹ ਵਾਹਿਗੁਰੂ ਪ੍ਰਮਾਤਮਾ ਅਪਾਰ ਦਾ ਅੰਤ ਨਹੀਂ ਪਾ ਸਕਦੇ(ਪਰਜੰਤ) ਹੋਰ ਜੀਵ ਸੰਸਾਰ ਦੇ ਕ੍ਰੋੜਾਂ ਹੀ ਥਾਹ ਜਿਨ੍ਹਾ ਦੀ ਥਾਹ ਦਾ ਪਤਾ ਲਗ ਜਾਵੇ(ਅਬਿਗਤਿ)

ਵਾਹਿਗੁਰੂ ਦੀ ਰੀਤੀ ਨੂੰ ਅਤਸੈ ਕਰਕੇ (ਬੋਧ)ਜਾਨਣਾ ਮੁਸ਼ਕਲਹੈ ਤਿਸ ਵਾਹਿਗੁਰੂ ਪਾਸ ਪਹੁੰਚਣ ਦੀ (ਗੰਮਿਤਾ) ਸ਼ਕਤੀ ਗਜਾਨ ਧਜਾਨ ਮੰਤ੍ਰਾਂ ਦੇ ਸਿਮਰਨ ਯਾਦ ਕਰਨ ਵਿਚ ਵੀ ਨਹੀਂ ਹੈ। (ਅਲਖ) ਭੇਦ ਨਾ ਪਾਇਆ ਜਾਵੇ,ਸੰਸਾਰ ਤੋਂ ਪਰੇ ਹੋਵੇ ਦੇਵਤਿਆਂ ਦਾ ਰਾਜਾ ਦੇਵ ਪ੍ਰਕਾਸ਼ ਵਾਲਾ ਅਜੇਹਾ ਲੱਛਣਾ ਵਾਲਾ ਜੋ ਵਾਹਿਗੁਰੂ ਹੈ ਉਸੇ ਦਾ ਰੂਪ ਹੀ ਗੁਰੂ ਦੇਵ ਗੁਰੂ ਪ੍ਰਕਾਸ਼ ਵਾਲੇ ਹਨ ਅਜੇਹਿਆਂ ਗੁਰਾਂ ਦੀ ਸੇਵਾ, ਹੇ ਸਿਖੋ ਤੇ ਸੰਤੋ! ਸਾਧ ਸੰਗਤ ਵਿਚ ਜਾਕੇ ਕਰੋ।

ਝੋਲਨਾ—ਆਦਿ ਧਰਮਾਦਿ ਬਿਸਮਾਦਿ ਗੁਰਏ ਨਮਹ ਪ੍ਰਗਟ ਪੂਰਨ ਬ੍ਰਹਮ ਜੋਤ ਰਾਖੀ ॥ ਮਿਲ ਚਤਰ ਬਰਨ ਇਕ ਬਰਨ ਹ੍ਵੈ ਸਾਧ ਸੰਗ, ਸਹਜ ਧੁਨਿ ਕੀਰਤਨ ਸ਼ਬਦ ਸਾਖੀ ॥ ਨਾਮ ਨਿਹਕਾਮ ਨਿਜਧਾਮ ਗੁਰ ਸਿਖ ਸ੍ਰਵਨ, ਧੁਨਿ ਗੁਰ ਸਿਖ ਸੁਮਤਿ ਅਲਖ ਲਾਖੀ॥ ਕਿੰਚਤ ਕਟਾਖਸ਼ ਕਰ ਕ੍ਰਿਪਾ ਦੇ ਜਾਂਹਿ ਲੈ, ਤਾਂਹਿ ਅਵਗਾਹਿ ਪ੍ਰਿਯ ਪ੍ਰੀਤਿ ਚਾਖੀ॥੧੪੪॥

(ਧਰਮਾਦਿ) ਧਰਮ ਤੋਂ ਆਦਿ ਲੈ ਕੇ ਸਾਰੇ ਪਦਾਰਥ ਗੁਣਾਂ ਵਾਲੇ ਜੋ ਗੁਰੂ ਅਸਚਰਜ ਨੇ ਸੋ ਇਨ੍ਹਾ ਨੂੰ ਮੇਰੀ ਨਮਸ਼ਕਾਰ ਹੋਵੇ। ਪ੍ਰਤਛ ਹੀ ਪੂਰਨ ਬ੍ਰਹਮ ਵਾਹਿਗੁਰੂ ਦੀ ਜੋਤ ਨਾਲ ਮੇਲ ਕੇ, ਜੋਤ ਗੁਰੂ ਅੰਗਦ ਜੀ ਦੀ ਗੁਰੂ ਨਾਨਕ ਜੀ ਨੇ ਰਖੀ ਇਜੇਹੀ ਰੀਤੀ ਅਗੇ ਜਾਨਣੀ। ਓਹੋ ਹੀ ਅਕਾਲ ਪੁਰਖ ਦੀ ਜੋਤ ਗੁਰਾਂ ਨੇ ਸਾਧ ਸੰਗਤ ਦੇ ਵਿਚ ਰਖੀ ਹੈ ਜੇਹੜਾ ਆਦਮੀ ਚਵਾਂ ਵਰਨਾਂ ਵਿਚੋਂ ਚਵਾਂ ਵਰਨਾਂ ਦਾ ਹੰਕਾਰ ਛਡ ਕੇ ਮਿਲਿਆ ਹੈ ਉਹ ਇਕ ਰੰਗ ਹੋ ਗਿਆ ਹੈ। ਗੁਰੂ ਕੇ ਸਿਖਾਂ ਨੇ ਵਾਹਿਗੁਰੂ ਦੇ ਨਾਮ ਨੂੰ ਸੁਣਿਆ ਤੇ ਫਿਰ ਅਗੇ ਉਚਾਰਨ ਕੀਤਾ, ਹੋਰਨਾਂ ਨੂੰ ਸੁਣਾਇਆ ਤੇ ਇਸੇ ਲਈ ਜਗਤ ਦੇ ਪਦਾਰਥਾਂ ਦੀਆਂ ਇਛਾ ਤੋਂ ਰਹਿਤ ਹੋਏ ਆਪਣਾ ਘਰ ਵਾਹਿਗੁਰੂ ਜੀ ਦੇ (ਲਾਖੀ) ਵੇਖਣ ਵਾਲੇ ਹੋਏ। ਭਾਵ ਗੁਰਾਂ ਦੇ ਸਿਖਾਂ ਨੇ ਗੁਰਾਂ ਦੀ ਸਿਖਿਆ ਕਰਕੇ ਨਾਮ ਨੂੰ ਕਾਮਨਾ ਤੋਂ ਬਿਨਾਂ ਹੋਕੇ ਜਪਿਆ ਅਤੇ ਘਰ ਵਿਚ ਹੀ ਵਾਹਿਗੁਰੂ ਨੂੰ ਪਾ ਲਿਆ ਥੋੜੀ ਜੇਹੀ ਨੇਤ੍ਰਾਂ ਦੀ ਨਿਗਾ ਕ੍ਰਿਪਾ ਦ੍ਰਿਸ਼ਟੀ ਕੀਤੀ ਜਿਨ੍ਹਾ ਨੂੰ ਆਪਣੇ ਪਾਸ ਬੁਲਾਇਆ ਨੇ ਅਤੇ (ਤਾਹਿ) ਤਿਨਾਂ ਨੇ ਹੀ (ਅਵਗਾਹਿ) ਵਿਚਾਰਕੇ (ਪ੍ਰਿਯ) ਵਾਹਿਗੁਰੂ ਪਜਾਰੇ ਦੀ ਪ੍ਰੀਤ ਚਖੀ ਹੈ।

ਝੋਲਨਾ—ਸ਼ਬਦ ਕੀ ਸੁਰਤਿ ਅਸਫੁਰਤਿ ਹ੍ਵੈ ਤੁਰਤ ਹੀ, ਜੁਰਤ ਹੈ ਸਾਧ ਸੰਗ ਮੁਰਤ ਨਾਹੀ ॥ ਪ੍ਰੇਮ ਪਰਤੀਤ ਕੀ ਰੀਤ ਹਿਤ ਚੀਤ ਕਰ, ਜੀਤ ਮਨ ਜਗਤ ਮਨ ਦੁਰਤ ਨਾਹੀ ॥ ਕਾਮ ਨਿਹਕਾਮ

ਨਿਹਕਾਮ ਹੈ ਕਰਮ ਕਰ, ਆਸ ਨਿਰਾਸ਼ ਹੈ ਝੁਰਤ ਨਾਹੀ ॥ ਗਯਾਨ ਗੁਰ ਧਯਾਨ ਉਰ ਮਾਨ ਪੂਰਨ ਬ੍ਰਹਮ, ਜਗਤ ਮਹ ਭਗਤ ਮਤਿ ਛੁਰਤ ਨਾਹੀ ॥ ੧੪੫ ॥

ਗੁਰਾਂ ਦੇ ਸਿਖ ਗੁਰਾਂ ਦੇ ਸ਼ਬਦ ਉਪਦੇਸ਼ ਦੀ ਚੰਗੀ ਪ੍ਰੀਤੀ ਨੂੰ(ਅਸਫੁਰਤ)ਯਾਦ ਚੇਤੇ ਕਰ ਲੈਂਦੇ ਨੇ ਤੁਰਤ ਜਲਦੀ ਨਾਲ ਅਤੇ ਨਾਮ ਜਪਣ ਵਾਸਤੇ ਸਾਧ ਸੰਗਤ ਵਿਚ (ਜੁਰਤਿ) ਜੁੜੇ ਲਗੇ ਰਹਿੰਦੇ ਹਨ ਅਤੇ(ਮੁਰਤਿ) ਮੁੜਦੇ ਭੌਂਦੇ ਨਹੀਂ ਹਨ। ਵਾਹਿਗੁਰੂ ਦੇ ਪ੍ਰੇਮ ਵਿਚ ਪਰਤੀਤ ਕੀਤੀ ਭਾਵ ਨਾਮ ਨੂੰ ਮੰਨਿਆਂ, ਇਸ ਰੀਤੀ ਤੇ ਹਿਤ ਦੇ ਚਿਤ ਕਰਕੇ ਬਚੇ ਜਗਤ ਨੂੰ ਤੇ ਮਨ ਨੂੰ ਇਸ ਕੰਮ ਵਲੋਂ ਮਨ (ਦੁਰਤ) ਛਪਦਾ ਨਹੀਂ ਹੈ। ਜਗਤ ਦੇ ਪਦਾਰਥਾਂ ਦੀਆਂ (ਕਾਮ) ਕਾਮਣਾਂ ਇਛਾ ਤੋਂ (ਨਿਹਕਾਮ)ਰਹਿਤ ਹੋਏ ਅਤੇ ਕਰਮ ਕਰਨ ਤੋਂ ਬਿਨਾ ਕਰਮਾਂ ਤੋਂ ਹੋਏ ਸੰਸਾਰ ਤੋਂ ਵੈਰਾਗਵਾਨ ਹੋਏ ਅਤੇ ਫਿਰ ਇਹ ਐਸੇ ਸੁਖ ਛਡ ਕੇ ਝੁਰਦੇ ਨਹੀਂ ਹਨ ਸਗੋਂ ਖੁਸ਼ੀ ਰਹਿੰਦੇ ਹਨ। ਸਤਿਗੁਰਾਂ ਦੇ ਗਯਾਨ ਕਰਕੇ ਪੂਰਨ ਬ੍ਰਹਮ ਵਾਹਿਗੁਰੂ ਦਾ ਧਯਾਨ (ਉਰ) ਹਿਰਦੇ ਵਿਚ ਮਾਨ ਮੰਨਦੇ ਹਨ (ਛੁਰਤ) ਠਗਿਆ ਨਹੀਂ ਜਾਂਦਾ ਭਾਵ ਜੇਹਾ ਕੁ ਹੋਰਨਾ ਅਵਤਾਰਾਂ ਦੇ ਮਤਾਂ ਵਿਚ ਦੂਸ਼ਨ ਹੈਨ ਤੇ ਇਸੇ ਲਈ ਉਨ੍ਹਾਂ ਮਤਾਂ ਵਾਲੇ ਹਾਰ ਜਾਂਦੇ ਨੇ ਗੁਰਸਿਖਾਂ ਅਗੇ ਅਤੇ ਗੁਰਾਂ ਦੇ ਇਤਹਾਸਾਂ ਵਿਚ ਕੋਈ ਦੂਸ਼ਨ ਨਹੀਂ ਹੈ ਸੋ ਇਸ ਲਈ ਗੁਰਸਿਖਾਂ ਦਾ ਗੁਰਮਤ ਹਾਰਨ ਵਾਲਾ ਨਹੀਂ ਹੈ।

ਕਬਿਤ—ਕੋਟਿਨ ਕੋਟਾਨ ਗਯਾਨ ਗਯਾਨ ਅਵਗਾਹਿਨ ਕੈ, ਕੋਟਿਨ ਕੋਟਾਨ ਧਯਾਨ ਧਯਾਨ ਉਰ ਧਾਰ ਹੀ ॥ ਕੋਟਿਨ ਕੋਟਾਨ ਸਿਮਰਨ ਸਿਮਰਨ ਕਰ, ਕੋਟਿਨ ਕੋਟਾਨ ਉਨਮਾਨ ਵਾਰੰਵਾਰ ਹੀ ॥ ਕੋਟਿਨ ਕੋਟਾਨ ਸ੍ਰੁਤਿ ਸਬਦ ਔ ਦ੍ਰਿਸਟਿ ਕੈ, ਕੋਟਿਨ ਕੋਟਾਨ ਰਾਗ ਨਾਦ ਝਨਕੋਰ ਹੀ ॥ ਕੋਟਿਨ ਕੋਟਾਨ ਪ੍ਰੇਮ ਨੇਮ ਗੁਰ ਸਬਦ ਕੋ, ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੀ ॥ ੧੪੬ ॥

ਕ੍ਰੋੜਾਨ ਕ੍ਰੋੜਾਂ ਹੀ(ਗਯਾਨ)ਗਯਾਨੀ ਗ੍ਰੰਥਾਂਦੇ ਪੜ੍ਹਨ ਵਾਲੇ ਗਯਾਨ ਦਾ ਵਿਚਾਰਨਾ ਕਰਦੇ ਹਨ ਅਤੇ ਕ੍ਰੋੜਾਂ ਧਯਾਨ ਲਾਉਣ ਵਾਲੇ ਧਯਾਨੀ ਧਯਾਨ ਨੂੰ (ਉਰ) ਹਿਰਦੇ ਵਿਚ ਧਾਰਨ ਹੀ ਕਰਦੇ ਹਨ। ਕ੍ਰੋੜਾਂ ਹੀ ਸਿਮਰਨਾਂ ਨੂੰ ਕ੍ਰੋੜਾਂ ਹੀ ਸਿਮਰਨ ਵਾਲੇ ਯਾਦ ਕਰਦੇ ਹਨ ਅਤੇ ਕ੍ਰੋੜਾਂਹੀ ਕ੍ਰੋੜਾਂ (ਉਨਮਾਨ)ਵਿਚਾਰ ਵਾਰੰਵਾਰ ਕਰਦੇ ਹਨ। ਕ੍ਰੋੜਾਂ ਹੀ (ਸੁਰਤਿ)ਕੰਨ ਤੇ ਕ੍ਰੋੜਾ ਹੀ(ਸ਼ਬਦ)ਅਵਾਜ ਬਾਣੀਅਤੇਕ੍ਰੋੜਾਂਹੀਦ੍ਰਿਸ਼ਟੀਆਂ ਨੇਤ੍ਰਾਂ ਦੀਆਂ ਅਤੇ ਕ੍ਰੋੜਾਂ ਹੀ ਰਾਗਾਂ ਦੇ ਨਾਦ ਅਵਾਜ਼ ਕਿਆ ਸ਼ਬਦ ਝੁਨਕਾਰ ਛਣ ਛਣ ਕਰਦੇ ਨੇ। ਕ੍ਰੋੜਾਂ ਹੀ ਪ੍ਰੇਮ ਦੇ ਕਰਨ ਵਾਲੇ ਅਤੇ ਕ੍ਰੋੜਾਂ ਹੀ ਨਿਯਮ ਦੇ ਧਾਰਨ ਵਾਲੇ ਗੁਰੂ ਕੇ ਸ਼ਬਦ

ਦਾ ਕੋਈ ਅੰਤ ਨਹੀਂ ਪਾ ਸਕਦਾ।

ਕਬਿਤ—ਸਬਦ ਸੁਰਤਿ ਲਿਵ ਲੀਨ ਅਕੁਲੀਨ ਭਏ, ਚਤਰ ਬਰਨ ਮਿਲ ਸਾਧ ਸੰਗ ਜਾਨੀਐ॥ ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ, ਗੁਹਜ ਗਵਨ ਜਲ ਪਾਨ ਉਨਮਾਨੀਐ ॥ ਸਬਦ ਸੁਰਤਿ ਲਿਵਲੀਨ ਪਰਬੀਨ ਭਏ. ਪੂਰਨ ਬ੍ਰਹਮ ਏਕੈ ਏਕ ਪਹਿਚਾ-ਨੀਐ॥ ਸਬਦ ਸੁਰਤਿ ਲਿਵਲੀਨ ਪਗ ਰੀਨ ਭਏ, ਗੁਰਮੁਖ ਸਬਦ ਸੁਰਤਿ ਉਰ ਆਨੀਐ॥ ੧੪੭॥

ਗੁਰੂ ਕੇ(ਸ਼ਬਦ)ਉਪਦੇਸ਼ ਵਿਚ ਸੁਰਤਿ ਚੰਗੀ ਪ੍ਰੀਤੀ ਕੀਤੀ ਅਤੇ ਲੀਨ ਵਿਚ ਲਗੇ ਹੀ ਰਹਿੰਦੇ ਹਨ ਅਤੇ ਫਿਰ (ਅਕੁਲੀਨ) ਆਪਣੀਆਂ ਉਚੀਆਂ ਕੁਲਾਂ ਦੇ ਹੰਕਾਰ ਨੂੰ ਛਡਿਆ ਇਸੀਤਰਾਂਨੇ(ਚਤਰ) ਚਵਾਂ ਵਰਨਾਂ ਵਿਚੋਂ ਗੁਰੂ ਖਾਲਸੇ (ਸਾਧਸੰਗਤ)ਵਿਚ ਮਿਲਣਾ ਕੀਤਾ। ਗੁਰਾਂ ਦੇ ਸ਼ਬਦ ਵਿਚ ਸੁਰਤਿ ਚੰਗੀ ਪ੍ਰੀਤੀ (ਲਿਵਲੀਨ) ਬ੍ਰਿਤੀ ਲਾਕੇ ਕੀਤੀ ਜਿਉਂ ਪਾਨੀ ਨਾਲ ਮੀਨ ਪ੍ਰੀਤ ਕਰਦਾ ਹੈ ਪਾਨੀ ਦੇ ਅਨੰਦ ਲੈਣ ਨੂੰ ਮੱਛੀ ਪਾਨੀ ਵਿਚ (ਗੁਹਜ) ਗੁਝਾ (ਗਵਨ) ਚਲਨਾ ਕਰਦੀ ਹੈ ਪਾਨੀ ਨੂੰ ਪੀਕੇ ਅਨੰਦ ਲੈਂਦੀ ਵਿਚਾਰਿਆ ਹੈ ਤੇਹਾ ਹੀ ਸਿਖ ਗੁਰੂ ਸ਼ਬਦ ਵਿਚ ਪ੍ਰੀਤੀ ਕਰਕੇ ਗੁਰਮੁਖ ਸਿਆਣੇ ਹੋਏ ਤੇ ਵਾਹਿਗੁਰੂ ਦਾ ਰੂਪ ਸਾਰਿਆਂ ਨੂੰ ਜਾਣਿਆ। ਗੁਰਾਂ ਦੇ ਸ਼ਬਦ ਵਿਚ (ਲਿਵਲੀਨ) ਮਸਤ ਹੋਕੇ ਬ੍ਰਿਤੀ ਲਾਈ ਅਤੇ ਸੁਰਤਿ ਚੰਗੀ ਪ੍ਰੀਤੀ ਕਰੀ ਅਤੇ ਸਾਰਿਆਂ ਦੇ (ਪਗ) ਚਰਨਾਂ ਦੀ (ਰੀਨ) ਖਾਕ ਹੋਏ ਐਸੇ ਗੁਰਮੁਖ ਸ਼ਬਦ ਦੀ ਪ੍ਰੀਤੀ (ਉਰ) ਹਿਰਦੇ ਵਿਚ ਲਿਆਉਂਦੇ ਹਨ।

ਕਬਿਤ—ਗੁਰਮੁਖਿ ਧਯਾਨ ਕੈ ਪਤਿਸ਼ਟਾ ਸੁਖੰਬਰ ਲੈ, ਅਨਿਕ ਪਟੰਬਰ ਕੀ ਸ਼ੋਭਾ ਨ ਸੁਹਾਵਈ ॥ ਗੁਰਮੁਖ ਸੁਖ ਫਲ ਗਯਾਨ ਮਿਸਟਾਨਪਾਨ, ਨਾਨਾ ਬਿੰਜਨਾਦਿ ਸ੍ਵਾਦ ਲਾਲਸਾ ਮਿਟਾਵਈ ॥ ਪਰਮ ਨਿਧਾਨ ਪ੍ਰਿਯਾ ਪ੍ਰੇਮ ਪਰਮਾਰਥ ਕੈ, ਸਰਬ ਨਿਧਾਨ ਕੀ ਇਛਾ ਨ ਉਪਜਾਵਈ॥ ਪੂਰਨ ਬ੍ਰਹਮ ਗੁਰ ਕਿੰਚਤ ਕ੍ਰਿਪਾ ਕਟਾਖਸ਼, ਮਨ ਮਨਸਾ ਥਕਤ ਅਨਤ ਨ ਧਾਵਈ॥ ੧੪੯॥

ਗੁਰਮੁਖ ਜੋ ਵਾਹਿਗੁਰੂ ਦੇ ਧਯਾਨ ਵਿਚ ਲਗੇ ਹੋਏ ਹਨ ਪੂਜਨੀਕ ਸੁਖ ਰੂਪ ਕਪੜਾ ਲੈ ਕੇ ਜੋ ਅਨੇਕਾਂ (ਪਟੰਬਰ) ਰੇਸ਼ਮ ਦੇ ਕਪੜੇ ਹਨ ਉਨ੍ਹਾ ਦੀ ਗੁਰਮੁਖਾਂ ਨੂੰ ਸ਼ੋਭਾ ਨਹੀਂ ਸੁਹਾਉਂਦੀ। ਗੁਰਮੁਖਾਂ ਨੂੰ ਜੋ ਸੁਖ ਦੇਣ ਵਾਲਾ ਫਲ ਗਯਾਨ ਹੈ ਉਸ ਦੇ ਮਿਠੇ (ਅਨੰਦ) ਨੂੰ ਪੀਤਾ ਹੈ ਤੇ (ਨਾਨਾ) ਬਹੁਤ ਤਰਾਂ ਦੇ ਭੋਜਨ ਦੇ ਸ੍ਵਾਦ ਦੀ ਇਛਾ ਦੂਰ ਕਰ

ਦਿਤੀ ਹੈ। ਚੰਗਾ ਖਜ਼ਾਨਾ ਪਜਾਰੇ ਵਾਹਿਗੁਰੂ ਦੇ ਪ੍ਰੇਮ ਦਾ ਅਛੇ ਅਰਥ ਵਾਲਾ ਜੋ ਹੈ ਉਸ ਨੂੰ ਲੈ ਕੇ ਜਗਤ ਦੇ ਸਾਰਿਆਂ ਪਦਾਰਥਾਂ ਰੂਪ ਖਜ਼ਾਨਿਆਂ ਦੀ ਇਛਾ ਨਹੀਂ ਪ੍ਰਗਟ ਕਰਦੇ। ਵਾਹਿਗੁਰੂ ਦੀ ਤੇ ਗੁਰੂ ਦੀ ਜਦ ਥੋੜੀ ਜੇਹੀ ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਮਨ ਤੇ ਮਨਸਾ ਬੁਧੀ ਪਦਾਰਥਾਂ ਦੇ ਸੁਆਦ ਲੈਣ ਵਲੋਂ ਥਕ ਗਈ ਹੋਰ ਬੰਨੇ ਵਲ ਨਾ ਦੌੜਦੀ ਹੋਈ।

ਕਬਿਤ—ਧਨਜ ਧਨਜ ਗੁਰ ਸਿਖਜ ਸੁਨ ਗੁਰ ਸਿਖਜ ਭਏ ਗੁਰ ਸਿਖਜ ਮਨ ਗੁਰ ਸਿਖਜ ਮਨਮਾਨੇ ਹੈ॥ ਗੁਰ ਸਿਖ ਭਾਇ ਗੁਰ ਸਿਖ ਭਾਉ ਚਾਉ ਰਿਦੈ, ਗੁਰੂ ਸਿਖ ਜਾਨ ਗੁਰੂ ਸਿਖ ਜਗ ਜਾਨੇ ਹੈ॥ ਗੁਰ ਸਿਖ ਸੰਧਿ ਮਿਲੈ ਗੁਰ ਸਿਖਜ ਪੂਰਨ ਹ੍ਵੈ, ਗੁਰ ਸਿਖ ਪੂਰਨ ਬ੍ਰਹਮ ਪਹਿਚਾਨੇ ਹੈ॥ ਗੁਰ ਸਿਖ ਪ੍ਰੇਮ ਨੇਮ ਗੁਰ ਸਿਖ ਸਿਖ ਗੁਰੂ, ਸੋਹੰ ਸੋਈ ਬੀਸ ਇਕ ਈਸ ਉਰ ਆਨੇ ਹੈ॥੧੪੯॥

ਗੁਰਮੁਖ ਧੰਨਵਾਦ ਜਿਹੜੇ ਗੁਰਾਂ ਦੀ ਸਿਖਿਆ ਨੂੰ ਸੁਣਕੇ ਗੁਰਾਂ ਦੇ ਸਿਖ ਹੋ ਗਏ ਹਨ ਅਤੇ ਮੰਨਣ ਵਾਲੀ ਗੁਰ ਸਿਖਿਆ ਗੁਰੂ ਕੇ ਸਿਖ ਮਨ ਵਿਚ ਮੰਨਦੇ ਹਨ। ਗੁਰੂ ਕੇ ਸਿਖ ਗੁਰੂ ਕੇ ਸਿਖਾਂ ਦੀ (ਭਾਇ) ਤਰਹ ਪ੍ਰੇਮ ਤੇ (ਚਾਉ) ਆਨੰਦ ਕਰਦੇ ਹਨ ਅਥਵਾ ਗੁਰੂ ਕੇ ਸਿਖ ਗੁਰੂ ਕੀ ਸਿਖਿਆ ਨੂੰ ਪ੍ਰੇਮ ਤੇ ਸ਼ੌਕ ਨਾਲ ਹਿਰਦੇ ਕਮਾਉਂਦੇ ਹਨ ਅਜੇਹੀ ਗੁਰੂ ਕੀ ਸਿਖਿਆ ਧਾਰਨ ਵਾਲਿਆਂ ਨੂੰ ਸੰਸਾਰ ਵਿਚ ਗੁਰੂ ਕੇ ਸਿਖ ਜਾਣੀਦਾ ਹੈ। ਗੁਰਮੁਖਾਂ ਦੀ ਮਿਲੌਨੀ ਵਿਚ ਜੋ ਮਿਲਿਆ ਹੈ ਉਹ ਹੀ ਗੁਰੂ ਕਾ ਸਿਖ ਪੂਰਨ ਸਭ ਕਾਸੇ ਵਿਚ ਹੁੰਦਾ ਹੈ ਇਸ ਤਰਾਂ ਗੁਰੂ ਕੇ ਸਿਖ ਵਾਹਿਗੁਰੂ ਦਾ ਰੂਪ ਬਣ ਜਾਂਦੇ ਹਨ। ਗੁਰੂ ਕੇ ਸਿਖ ਗੁਰੂ ਰੂਪ ਬਣ ਗਏ ਅਤੇ ਫਿਰ ਭੀ ਵਾਹਿਗੁਰੂ ਨੂੰ ਹਿਰਦੇ ਵਿਚੋਂ ਨਹੀਂ ਭੁਲਾਉਂਦੇ ਹਨ ਸਗੋਂ ਰਾਤ ਦਿਨ ਮਨ ਵਿਚ ਯਾਦ ਰਖਦੇ ਹਨ।

ਕਬਿਤ—ਸਤਿਗੁਰੁ ਸਤਿ ਸਤਿ ਗੁਰਮਤਿ ਸਤਿ ਰਿਦੈ, ਭਿਦੈ ਨ ਦੁਤੀਆ ਭਾਉ ਤ੍ਰਿਗੁਨ ਅਤੀਤ ਹੈ॥ ਪੂਰਨ ਬ੍ਰਹਮ ਗੁਰ ਪੂਰਨ ਸਰਬਮਈ ਏਕ ਹੀ ਅਨੇਕ ਮੇਕ ਸਕਲ ਕੇ ਮੀਤ ਹੈ॥ ਨਿਰਲੇਪ ਨਿਰਵੈਰ ਨਿਰਾਧਾਰ ਨਿਰਲੰਭ, ਨਿਰੰਕਾਰ ਨਿਰਵਿਕਾਰ ਨਿਹਚਲ ਚੀਤ ਹੈ॥ ਨਿਰਮਲ ਨਿਰਮੋਲੁ ਨਿਰੰਜਨ ਨਿਰਾਹਾਰ, ਨਿਰਮੋਹ ਨਿਰਭੇਦ ਅਛਲ ਅਜੀਤ ਹੈ॥੧੫੦॥

ਵਾਹਿਗੁਰੂ ਦਾ ਸਰੂਪ ਸਚੇ ਨੇ ਅਤੇ ਸਿਖਿਆ ਗੁਰਾਂ ਦੀ ਵਾਹਿਗੁਰੂ ਨੂੰ ਮਿਲਾਉਣ ਵਾਲੀ ਹੈ ਅਤੇ ਗੁਰਾਂ ਦੇ ਹਿਰਦੇ ਵਿਚ ਦਵੈਤ ਭਾਵ ਰੂਪ ਜੋ ਸੰਸਾਰ ਹੈ ਇਸ

ਦੇ ਦੁਖ ਜੋ ਜਨਮ ਮਰਨ ਹੈਂ ਇਹਨਾਂ ਤੋਂ (ਅਤੀਤ) ਰਹਿਤ ਹਨ। ਵਾਹਿਗੁਰੂ ਹੀ ਸਾਰਿਆਂ ਵਿਚ ਭਰਿਆ ਅਤੇ ਮਿਲਿਆ ਹੋਇਆ ਸੋਈਓ ਹੀ ਗੁਰੂ ਇਕ ਅਨੇਕਾਂ ਵਿਚ ਮਿਲੇ ਹੋਏ ਹਨ। ਸਾਰਿਆਂ ਜੀਵਾਂ ਦੇ ਪਿਆਰੇ ਹਨ। ਵੈਰ ਤੋਂ ਬਿਨਾਂ (ਨਿਰਲੇਪ) ਮਾਇਆ ਦੇ ਲੇਪ ਦਬਾ ਤੋਂ ਬਿਨਾਂ (ਨਿਰਾਲੰਭ) ਹੋਰਨਾਂ ਪੀਰਾਂ ਫਕੀਰਾਂ ਅਵਤਾਰਾਂ ਦੇ ਆਸਰੇ ਓਟ ਤੋਂ ਬਿਨਾਂ ਵਾਹਿਗੁਰੂ ਦਾ ਰੂਪ ਅਕਾਰ ਤੋਂ ਰਹਿਤ ਹਨ ਵਿਕਾਰਾਂ ਤੋਂ ਬਿਨਾਂ ਹਨ ਅਤੇ ਅਡੋਲ ਜਿਨ੍ਹਾ ਦਾ ਚਿਤ ਹੈ। ਉਜਲ ਮੁਖ ਤੋਂ ਬਿਨਾਂ ਮਾਇਆ ਦੀ ਇਛਾ ਤੋਂ ਰਹਿਤ ਸੰਤੋਖੀ ਅੰਨ ਆਦਿਕ ਤੋਂ ਸੰਤੋਖ ਰਖਣ ਵਾਲੇ ਜਗਤ ਗ੍ਰਿਹਸਤ ਦੇ ਮੋਹ ਤੋਂ ਬਿਨਾਂ ਤੇ (ਨਿਰਭੇਦ) ਕਟਣ ਮਾਰਨ ਤੋਂ ਬਿਨਾਂ ਤੇ ਛਲਨ ਤੋਂ ਬਿਨਾਂ ਤੇ ਜਿਤੇ ਨਹੀਂ ਜਾਂਦੇ।

ਕਬਿਤ—ਸਤਿਗੁਰ ਸਤਿ ਸਤਿਗੁਰ ਕੇ ਸਬਦ ਸਤਿ, ਸਤਿ ਸਾਧ ਸੰਗਤ ਹੈ ਗੁਰਮੁਖਿ ਜਾਨੀਐ॥ ਦਰਸ ਧਯਾਨ ਸਤਿ, ਸਬਦ ਸੁਰਤਿ ਸਤਿ, ਗੁਰ ਸਿਖ ਸੰਗ ਸਤਿ ਸਤਿ ਕਰ ਮਾਨੀਐ॥ ਦਰਸ ਬ੍ਰਹਮ ਧਯਾਨ, ਸਬਦ ਬ੍ਰਹਮ ਗਯਾਨ, ਸੰਗਤ ਬ੍ਰਹਮ ਥਾਨ, ਪ੍ਰੇਮ ਪਹਿਚਾਨੀਐ॥ ਸਤਿ ਰੂਪ ਸਤਿ ਨਾਮ ਸਤਿਗੁਰ ਗਯਾਨ ਧਯਾਨ, ਕਾਮ ਨਿਹਕਾਮ ਉਨਮਨ ਉਨਮਾਨੀਐ॥ ੧੫੧॥

ਸਚੇ ਗੁਰੂ ਆਪ ਭੀ ਸਚੇ ਹਨ ਅਤੇ ਗੁਰਾਂ ਦਾ ਉਪਦੇਸ਼ ਭੀ ਸਚਾ ਹੈ ਤੇ ਤਿਨਾ ਦੇ ਗੁਰਮੁਖਾਂ ਦੀ ਸਾਧ ਸੰਗਤ ਵੀ ਸਚੀ ਜਾਣ ਲਵੋ। ਗੁਰਾਂ ਦੇ ਦਰਸ਼ਨ ਦਾ ਧਿਆਨ ਭੀ ਸਚਾ ਹੈ ਅਤੇ ਗੁਰਾਂ ਦੇ ਉਪਦੇਸ਼ ਦੀ ਗਯਾਤ ਸਚੀ ਹੈ ਗੁਰੂ ਕੇ ਸਿਖਾਂ ਦਾ ਸਾਥ ਸਚਾ ਹੈ। ਗੁਰਾਂ ਦਾ ਦਰਸ਼ਨ ਕਰਨ ਨਾਲ ਵਾਹਿਗੁਰੂ ਦੇ ਧਿਆਨ ਲਾਉਣ ਦੀ ਯੁਕਤੀ ਮਿਲਦੀ ਹੈ ਅਤੇ ਗੁਰਾਂ ਦੇ ਉਪਦੇਸ਼ ਸੁਣਨ ਨਾਲ ਵਾਹਿਗੁਰੂ ਦਾ ਗਯਾਨ ਹੋਂਦਾ ਹੈ ਅਤੇ ਗੁਰਾਂ ਦੀ ਸਾਧ ਸੰਗਤ ਵਾਹਿਗੁਰੂ ਦੇ ਰਹਿਣ ਦੀ ਜਗਾ ਹੈ ਪਰ ਪ੍ਰੇਮੀ ਜਾਣਦੇ ਹਨ। ਗੁਰਾਂ ਦੇ ਮੰਤਰ ਦਾ ਧਯਾਨ ਕੀਤਾ ਫਿਰ ਸਤ ਰੂਪ ਵਾਹਿਗੁਰੂ ਦਾ ਗਿਆਨ ਹੋਇਆ ਤੇ ਜਗਤ ਦੇ ਪਦਾਰਥਾਂ ਦੀਆਂ ਇਛਾ ਤੋਂ ਰਹਿਤ ਹੋਏ ਤੇ ਤੁਰੀਆ ਪਦ ਦਸਵੇਂ ਦੁਵਾਰ ਦੇ ਵਿਚਾਰਨ ਵਾਲੇ ਹੋਏ।

ਕਬਿਤ—ਗੁਰਮੁਖਿ ਪੂਰਨ ਬ੍ਰਹਮ ਦੇਖੇ ਦ੍ਰਿਸ਼ਟਿ ਕੈ, ਗੁਰਮੁਖਿ ਸਬਦ ਕੈ ਪੂਰਨ ਬ੍ਰਹਮ ਹੈ॥ ਗੁਰਮੁਖਿ ਪੂਰਨ ਬ੍ਰਹਮ ਸ੍ਰੁਤਿ ਸ੍ਰਵਨ ਕੈ, ਮਧੁਰ ਬਚਨ ਕਹਿ ਬੇਨਤੀ ਬਿਸਮ ਹੈ॥ ਗੁਰਮੁਖਿ ਪੂਰਨ ਬ੍ਰਹਮ ਰਸ ਗੰਧ ਸੰਧ, ਪ੍ਰੇਮ ਰਸ ਚੰਦਨ ਸੁਗੰਧ ਗਮਾਗਮ ਹੈ॥ ਗੁਰਮੁਖਿ

ਪੂਰਨ ਬ੍ਰਹਮ ਗੁਰ ਸਰਬ ਮੈ, ਗੁਰਮੁਖਿ ਪੂਰਨ ਬ੍ਰਹਮ ਨਮੋ ਨਮ ਹੈ ॥ ੧੫੨ ॥

ਗੁਰਮੁਖ ਵਾਹਿਗੁਰੂ ਨੂੰ ਹੀ ਨੇਤਰਾਂ ਦੀ ਨਿਗਾ ਨਾਲ ਵੇਖਦੇ ਹਨ ਅਤੇ ਸ਼ਬਦ ਗੁਰਾਂ ਦੇ ਸ਼ਬਦ ਬਾਣੀ ਨਾਲ ਪੂਰਨ ਵਾਹਿਗੁਰੂ ਨੂੰ ਉਚਾਰਨ ਕਰਦੇ ਹਨ । ਗੁਰਮੁਖ ਵਾਹਿਗੁਰੂ ਦੇ ਨਾਮ ਨੂੰ ਹੀ ਕੰਨਾਂ ਨਾਲ ਸੁਣਨਾ ਕਰਦੇ ਹਨ ਤੇ ਮਿਠੇ ਬੋਲਾਂ ਨੂੰ ਬੋਲਕੇ ਅਸਚਰਜ ਬੇਨਤੀ ਕਰਦੇ ਹਨ । ਗੁਰਮੁਖ ਵਾਹਿਗੂਰੂ ਦੀ ਪ੍ਰੇਮਾ ਭਗਤੀ ਵਿਚ ਮਿਲੇ ਹਨ ਸੋ ਓਹ ਪ੍ਰੇਮ ਰਸ ਅਨੰਦ ਵਾਹਿਗੁਰੂ ਦਾ ਚੰਦਨ ਆਦਿਕ ਬ੍ਰਿਛਾਂ ਦੀ ਸੁਗੰਧੀ ਤੋਂ ਪਰੇ ਤੇ ਪਰੇ ਹੈ । ਗੁਰਮੁਖ ਪੂਰਨ ਬ੍ਰਹਮ ਵਾਹਿਗੁਰੂ ਨੂੰ (ਗੁਰੂ) ਵਡਾ ਪੂਜਨੀਕ ਸਾਰਿਆਂ ਦਾ (ਮੈਂ) ਰੂਪ ਜਾਣਦੇ ਨੇ ਸੋ ਅਜਿਹੇ ਗੁਰਮੁਖ ਜੋ ਵਾਹਿਗੁਰੂ ਦਾ ਰੂਪ ਹੈਂ ਤਿਨਾ ਨੂੰ ਵਾਰੰਵਾਰ ਨਮੋ ਨਮੋ ਬੰਦਨਾ ਹੋਵੇ ।

ਕਬਿਤ—ਦਰਸ ਅਦਰਸ ਦਰਸ ਅਸਚਰਜ ਮੈ, ਹੇਰਤ ਹਿਰਾਨੇ ਦ੍ਰਿਗ ਦ੍ਰਿਸ਼ਟਿ ਅਗਮ ਹੈ ॥ ਸਬਦ ਅਗੋਚਰ ਸਬਦ ਪਰਮਦਭੁਤ, ਅਕਥ ਕਥਾ ਸ੍ਰੁਤਿ ਸ੍ਰਵਨ ਬਿਸਮ ਹੈ ॥ ਸ੍ਵਾਦ ਰਸ ਰਹਿਤ ਅਪਿਅ ਪੀਆ ਪ੍ਰੇਮ ਰਸੁ, ਰਸਨਾ ਥਕਤ ਨੇਤਿ ਨੇਤਿ ਨਮੋ ਨਮ ਹੈ ॥ ਨ੍ਰਿਗੁਨ ਸ੍ਰਗੁਨ ਅਬਿਗਤਿ ਨ ਗਹਨ ਗਤਿ, ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ ॥ ੧੫੩ ॥

ਗੁਰਮੁਖਾਂ ਦਾ ਦਰਸ਼ਨ ਕਰਨਾ ਛਿਆਂ ਦਰਸ਼ਨਾਂ ਦੇ ਵੇਖਣ ਤੋਂ (ਅਦਰਸ) ਅਦੇਖ ਕਰ ਦੇਂਦਾ ਹੈ।ਗੁਰਮੁਖਾਂ ਦਾ ਦਰਸ਼ਨ ਕਰਨਾ ਅਸਚਰਜ ਵਾਹਿਗੁਰੂ ਦਾ ਮੈਂ ਸਰੂਪ ਹੀ ਅਦਰਸ਼ ਹੈ, ਹੋਰਨਾਂ ਨੂੰ ਵਿਖਾਉਂਦੇ ਹਨ ਅਤੇ (ਦ੍ਰਿਗ) ਨੇਤ੍ਰਾਂ ਦੀ ਨਿਗਾ (ਅਗਮ) ਕੋਈ ਨਾ ਵੇਖ ਸਕੇ ਹੋ ਗਈ ਹੈ । ਜੋ ਸ਼ਬਦ ਗੁਰਾਂ ਦੀ ਉਪਦੇਸ਼ ਅਗੋਚਰ ਨੇਤ੍ਰਾਂ ਦੀ ਨਿਗਾ ਤੋਂ ਪਰੇ ਸੀ ਸੋ ਸ਼ਬਦ ਬ੍ਰਹਮ ਵਾਹਿਗੁਰੂ (ਪਰਮਦਭੁਤ) ਅਸਚਰਜ ਪ੍ਰਗਟ ਹੋ ਆਇਆ ਜੋ ਨਾ ਕਥੀ ਜਾਵੇ ਕਥਾ ਉਸਨੂੰ (ਸ੍ਰਵਨ) ਸੁਣਕੇ (ਸ੍ਰੁਤਿ) ਕੰਨ ਅਸਚਰਜ ਸਫਲ ਕਰ ਲਏ । ਗੁਰਮੁਖਾਂ ਨੇ (ਆਪਿਆ) ਅੰਮ੍ਰਿਤ ਆਦਿਕ ਰਸਾਂ ਦੇ ਸ੍ਵਾਦ ਤੋਂ ਬਿਨਾ ਹੋਕੇ ਪ੍ਰੇਮ ਰਸ ਵਾਹਿਗੁਰੂ ਦੇ ਪ੍ਰੇਮ ਦਾ ਜੋ ਅਨੰਦ ਹੈ ਉਸ ਨੂੰ ਜੀਭ ਨਾਲ ਪੀਤਾ ਸੋ ਅਜਿਹੇ ਅਨੰਦ ਨੂੰ ਪਾਕੇ ਰਸਨਾ ਥਕ ਗਈ, ਸਦਾ ਸਦਾ ਨਮਸ਼ਕਾਰਾਂ ਤੇ ਨਮਸ਼ਕਾਰਾਂ ਕਰਦੀ ਰਹਿੰਦੀ ਹੈ । ਜੋ ਨਿਕਾ ਵੱਡਾ ਹੁੰਦਾ ਹੈ ਹਰੀ ਇਹਨਾਂ ਸਾਰਿਆਂ ਦਾ ਮੁਢ ਵਾਹਿਗੁਰੂ (ਪੂਰਨ ਬ੍ਰਹਮ) ਹੈ ਇਸ ਲਈ ਗੁਰਾਂ ਦੀ (ਅਬਿਗਤ) ਗਤੀ ਹੈ ।

ਕਬਿਤ—ਖੁਲੇ ਸੇ ਬੰਧਨ ਬਿਖੈ ਭਲੋ ਹੋ ਸੀਚਾਨੇ ਜਾਤੇ ਜੀਵ

ਘਾਤ ਕਰੈ ਨ ਵਿਕਾਰ ਹੋਇ ਆਵਈ ॥ ਖੁਲੇ ਸੇ ਬੰਧਨ ਬਿਖੈ ਚਕਈ ਭਲੋ ਹੈ, ਜਾਤੇ ਰਾਮ ਰੇਖ ਮੇਟਿ ਨਿਸ ਪ੍ਰਿਯ ਸੰਗ ਪਾਵਈ ॥ ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ, ਸੁਨ ਉਪਦੇਸ਼ ਰਾਮ ਨਾਮ ਲਿਵ ਲਾਵਈ ॥ ਮੋਖ ਪਦਵੀ ਸੈਂ ਤੈਸੇ ਮਾਨਸ ਜਨਮ ਭਲੋ, ਗੁਰਮੁਖਿ ਹੋਇ ਸਾਧ ਸੰਗ ਪ੍ਰਭੁ ਧਯਾਵਈ ॥੧੫੪॥

(ਸੀਚਾਨੇ) ਬਾਜ ਨੂੰ ਖੁਲਿਆਂ ਛਡਣ ਨਾਲੋਂ (ਬੰਧਨ) ਬੰਨ੍ਹ ਪਾ ਛਡਣਾ ਇਸਲਈ ਓਹ ਜੀਵਾਂ ਨੂੰ ਘਾਤ ਨਾ ਕਰੇ ਵਿਕਾਰ ਹੋ ਜਾਵੇਗਾ। ਖੁਲਿਆਂ ਰਹਿਣ ਨਾਲੋਂ ਬੰਨ੍ਹਣ ਚਕਵੇ ਦੀ ਆਗਜਾ ਵਿਚ ਰਹਿਣੀ ਚਕਵੀ ਚੰਗੀ ਹੈ ਜਿਸ ਕਰਕੇ ਰਾਮ ਚੰਦਰ ਦਾ ਜੋ ਸਰਾਪ ਹੋਇਆ ਹੋਇਆ ਹੈ ਇਸ ਦੀ ਹੱਦ ਨੂੰ (ਮੇਟ) ਦੂਰ ਕਰਕੇ (ਪ੍ਰਿਯਾ) ਪਜਾਰੇ ਦਾ ਸਾਥ ਪਾ ਲੈਂਦੀ ਹੈ। ਖੁਲੇ ਉਡਦੇ ਫਿਰਨ ਨਾਲੋਂ ਬੰਨ੍ਹਕੇ ਪਿੰਜਰੇ ਵਿਚ ਪ੍ਰਗਟ ਹੀ ਪਾਉਣਾ (ਸੂਆ) ਤੋਤੇ ਨੂੰ ਚੰਗਾ ਹੈ ਵਾਹਿਗੁਰੂ ਦਾ ਸੁਣਕੇ ਨਾਮ ਬ੍ਰਿਤੀ ਤਾਰ ਮਨ ਦੀ ਲਾਉਂਦਾ ਹੈ। ਮੋਖ ਪਦਵੀ ਮੁਕਤੀ ਦਾ ਰਸਤਾ ਲੈਣ ਨਾਲੋਂ ਤੇਹਾ ਕੁ ਹੀ ਮਨੁਖਾ ਜਨਮ ਚੰਗਾ ਹੈ ਗੁਰਮੁਖ ਸੰਤਾਂ ਦੇ ਸੰਗ ਵਿਚ ਜਾ ਕੇ ਵਾਹਿਗੁਰੂ ਨੂੰ ਧਿਆਉਂਦੇ ਹਨ।

ਕਬਿਤ—ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ, ਜੈਸੇ ਹੀ ਬ੍ਰਿਖ ਬੈਠੇ ਤੈਸੇ ਫਲ ਚਾਖਈ ॥ ਪਰ ਬਸਿ ਹੋਇ ਜੈਸੀ ਜੈਸੀਐ ਸੰਗਤਿ ਮਿਲੈ, ਸੁਨ ਉਪਦੇਸ਼ ਤੈਸੀ ਭਾਖਾ ਲੈ ਸੁਭਾਖਈ ॥ ਤੈਸੇ ਚਿਤ ਚੰਚਲ ਚਪਲ ਜਲ ਕੋ ਸੁਭਾਉ, ਜੈਸੇ ਰੰਗਾ ਸੰਗ ਮਿਲੈ ਤੈਸੋ ਰੰਗ ਰਾਖਈ ॥ ਅਧਮ ਅਸਾਧ ਜੈਸੇ ਬਾਰਨੀ ਬਿਨਾਸਕਾਲ, ਸਾਧ ਸੰਗ ਗੰਗ ਮਿਲ ਸੁਜਨ ਭਿਲਾਖਈ॥੧੫੫॥

ਤੋਤਾ ਜੰਗਲਾਂ ਜੰਗਲਾਂ ਵਿਚ ਉਡਦਾ ਫਿਰਦਾ ਹੈ ਦਰਖਤ ਉਤੇ ਬਹੇ ਚਖਦਾ ਹੈ ਸੁਆਦ ਧ੍ਰਕੋਨਿਆਂ ਦਾ ਤੇ ਜੇ ਅੰਬ ਤੇ ਬਹੇ ਤਾਂ ਅੰਬ ਦਾ। (ਬਨ ਪ੍ਰਤਿ) ਪਾਣੀ ਉਪਰ ਭੀ ਅਰਥ ਕਰਦੇ ਹਨ। ਪਰਾਏ ਵਸ ਹੋ ਕੇ ਜੇਹੀ ਜੇਹੀ ਸੰਗਤ ਤੋਤੇ ਨੂੰ ਮਿਲਦੀ ਹੈ ਤੇਹਾ ਤੇਹਾ ਉਪਦੇਸ਼ ਕਿਸੇ ਦਾ ਰਾਮ ਨਾਮ ਗੰਗਾ ਰਾਮ ਤੇ ਕਿਸੇ ਦਾ ਮੀਆਂ ਮਿਠੂ ਸੁਣਕੇ ਤੇਹੋ ਜੇਹੀ (ਭਾਖਾ) ਬੋਲੀ ਨੂੰ ਬੋਲਦਾ ਹੈ। ਤੇਹਾ ਕੁ ਚਿਤ ਚੰਚਲ ਹੋ ਜਾਂਦਾ ਹੈ ਜੇਹੀ ਕੁ ਸੰਗਤ ਮਿਲੇ ਜੇਹਾ ਕੁ ਪਾਣੀ ਦਾ ਚੰਚਲ ਸੁਭਾਉ ਹੈ ਜਲ ਨੀਲਾਰੀ ਤੇ ਰੰਗ ਦੀ ਸੰਗਤ ਕਰਕੇ ਵਿਗੜ ਜਾਂਦਾ ਹੈ ਤੇਹਾ ਕੁ ਮਨ ਨੀਚਾਂ ਆਦਮੀਆਂ ਦੀ ਸੰਗਤ ਨਾਲ ਖਰਾਬ ਹੋ ਜਾਂਦਾ ਹੈ। ਪਾਪੀਆਂ ਅਸਾਧੂਆਂ ਅਨਾੜੀਆਂ ਦਾ ਸਾਥ ਸ਼ਰਾਬ ਵਾਕਰ ਹੈ ਅਸਾਧੂਆਂ ਦੀ ਸੰਗਤ ਵਿਚ ਆਦਮੀ ਵਿਗੜ ਜਾਂਦਾ ਹੈ ਅਤੇ ਸਾਧੂਆਂ ਦੀ ਸੰਗਤ ਵਿਚ

ਸੌਰ ਜਾਂਦਾ ਹੈ ਜੇਹਾ ਕੁ ਪਾਣੀ ਸ਼ਰਾਬ ਦੀ ਤੇ ਰੰਗ ਦੀ ਸੰਗਤ ਕਰਕੇ ਵਿਗੜ ਜਾਂਦਾ ਹੈ ਤੇ ਫਿਰ ਧਰਤੀ ਦੀ ਸੰਗਤ ਕਰਕੇ ਸੌਰ ਜਾਂਦਾ ਹੈ ਜਿਹਾ ਕੁ ਬਹੁਤ ਹੀ ਮੈਲਾ ਪਾਣੀ ਸ਼ਹਿਰਾਂ ਦਾ ਮੂਤ ਗੰਦ ਨਦੀਆਂ ਵਿਚ ਪੈ ਕੇ ਨਿਰਮਲ ਹੋ ਜਾਂਦਾ ਹੈ ਤੇਹਾ ਕੁ ਮਾੜੇ ਆਦਮੀ ਸਤਿਸੰਗ ਵਿਚ ਸੋਰ ਜਾਂਦੇ ਹਨ (ਭਿਲਾਖਈ) ਇਛਾ ਧਾਰ ਕੇ।

ਕਬਿਤ—ਜੈਸੇ ਜੈਸੇ ਰੰਗ ਸੰਗ ਮਿਲਤ ਸੇਤਾਂਬਰ ਹੈ, ਤੈਸੋ ਤੈਸੋ ਰੰਗ ਅੰਗ ਅੰਗ ਲਪਟਾਇ ਹੈ ॥ ਭਗਵਤ ਕੀ ਕਥਾ ਹੈ ਅਰਧਨ ਕੌ ਧਾਰਨੀਕ, ਲਿਖਤ ਕ੍ਰਿਤਾਸ ਪੱਤ੍ਰ ਬੰਧ ਮੋਖ ਦਾਇ ਹੈ ॥ ਸੀਤ ਗ੍ਰੀਖਮਾਦਿ ਬਰਖਾ ਤ੍ਰਿਬਿਧ ਬਰਖ ਮੈਂ, ਨਿਸਦਿਨ ਹੋਇ ਲਘੁ ਦੀਰਘ ਦਿਖਾਇ ਹੈ ॥ ਤੈਸੇ ਚਿਤ ਚੰਚਲ ਚਪਲ ਪੌਨ ਗੌਨ ਗਤਿ, ਸੰਜਮ ਸੁਗੰਧ ਬਿਰਗੰਧ ਪ੍ਰਗਟਾਇ ਹੈ ॥ ੧੫੬ ॥

ਜੇਹੋ ਜੇਹੇ ਰੰਗ ਨਾਲ ਚਿਟਾ ਕਪੜਾ ਮਿਲਦਾ ਹੈ ਤੇਹੋ ਜੇਹਾ ਰੰਗ ਕਪੜੇ ਦੇ ਅੰਗਾਂ ਅੰਗਾਂ ਦਾ ਹੋ ਜਾਂਦਾ ਹੈ। (ਅੰਗ) ਪਖ ਆਪਣਾ ਛਡ ਕੇ ਓਸ ਰੰਗ ਦੇ ਨਾਲ ਲਪਟ ਜਾਂਦਾ ਹੈ। ਵਾਹਿਗੁਰੂ ਦੀ ਕਥਾ ਜੋ ਹੈ ਯਾਦ ਕਰਨ ਨੂੰ ਤੇ (ਧਾਰਨੀਕ) ਹਿਰਦੇ ਵਿਚ ਧਾਰਨੇ ਨੂੰ ਚੰਗੀ ਹੈ (ਕ੍ਰਿਤਾਸ) ਕਾਗਜ ਦੇ ਪਤਰੇ ਉਪਰ ਲਿਖੀਏ ਤਾਂ ਕਾਗਦ ਦੀ ਕੈਦ ਨੂੰ ਦੂਰ ਕਰਕੇ ਮੁਕਤੀ ਨੂੰ ਦੇਂਦੀ ਹੈ ਅਤੇ ਜੇਕਰ ਓਸੇ ਹੀ ਕਾਗਦ ਉਪਰ ਚਿੱਠੀ ਲਿਖ ਦੇਈਏ ਤਾਂ ਬੰਧਨ ਦਾ ਕਾਰਨ ਹੋ ਜਾਂਦੀ ਹੈ। ਸਰਦ ਰੁਤ ਤੇ ਹਾੜ ਜੇਠ ਦੀ ਰੁਤ ਤੇ ਬਰਖਾ ਦੇ ਦਿਨ ਵਿਚ ਸੰਗਤ ਕਰਕੇ ਜੇਹਾ ਕੁ ਰਾਤ ਦਿਨ ਛੋਟਾ ਤੇ ਵਡਾ ਆਪਣੇ ਆਪ ਵਿਚ ਹੋਕੇ ਦਿਖਾਉਂਦਾ ਹੈ। ਤੇਹਾ ਕੁ ਹੀ ਚਿਤ ਜੋ ਚੰਚਲ ਹੈ ਸੋ ਬਹੁਤ ਚੰਚਲ ਹੋਂਦਾ ਹੈ ਪੌਣ ਦੇ ਚਲਨ ਵਾਕਰ ਪੌਣ ਨੂੰ ਸੁਗੰਧੀ ਤੇ ਦੁਰਗੰਧੀ ਖੋਟੀ ਦਾ ਮਿਲਾਪ ਹੋਂਦਾ ਹੈ ਹਵਾ ਫੁਲਾਂ ਵਲੋਂ ਦੀ ਹੋਕੇ ਆਵੇ ਤਾਂ ਸੁਗੰਧੀ ਦੇਂਦੀ ਆਉਂਦੀ ਹੈ ਜੋ ਗੰਦਗੀ ਵਲੋਂ ਆਵੇ ਤਾਂ ਮੁਸ਼ਕ ਆਉਂਦੀ ਹੈ।

ਕਬਿਤ—ਚਤੁਰ ਪਹਰ ਦਿਨ ਜਗਤ ਚਤੁਰ ਜੁਗ ਨਿਸ ਮਹਾ ਪਰਲੈ ਸਮਾਨ ਦਿਨ ਪ੍ਰਤਿ ਹੈ ॥ ਉਤਮ ਮਧਿਮ ਨੀਚ ਤ੍ਰਿਗੁਨ ਸੰਸਾਰ ਗਤਿ ਲੋਗ ਬੇਦ ਗਜ਼ਾਨ ਉਨਮਾਨ ਆਸਕਤਿ ਹੈ ॥ ਰਜ, ਤਮ, ਸਤਿ ਗੁਨ ਔਗੁਨ ਸਿਮ੍ਰਤ ਚਿਤ ਤ੍ਰਿਗੁਨ ਅਤੀਤ ਵਿਰਲੋਈ ਗੁਰਮਤਿ ਹੈ ॥ ਚਤਰ ਬਰਨ ਸਾਰ ਚੌਪਰ ਕੌ ਖੇਲੁ ਜਗੁ ਸਾਧ ਸੰਗ ਜੁਗਲ ਹ੍ਵੈ ਜੀਵਨ ਮੁਕਤਿ ਹੈ ॥ ੧੫੭ ॥

ਜਗਤ ਦੇ ਵਿਚ ਹਰ ਰੋਜ਼ ਹੀ ਉਤਪਤੀ ਅਤੇ ਮਹਾਂ ਪਰਲੈ ਦੇ ਤੁਲ ਦਿਨ ਰਾਤ ਆਉਂਦੇ ਹਨ ਅਤੇ ਜਿਹੜੇ ਦਿਨ ਦੇ ਚਾਰ ਪਹਰ ਹਨ ਜੇਹੜੇ ਚਾਰ ਜੁਗ ਹਨ ਏਹ ਚੌਪੜ ਦੇ ਚਾਰ ਖਾਨੇ ਹਨ। ਰਜੋ ਸਤੋ ਤਮੋ ਰੂਪ ਸੰਸਾਰ ਦੀ ਜੋ (ਗਤਿ) ਚਾਲ ਹੈ ਖੁਭੇ ਹੋਏ ਨੇ। ਏਹ ਜੋ ਸੰਸਾਰ ਚੌਪੜ ਦੀ ਖੇਡ ਵਾਕਣ ਹੈ ਇਸ ਵਿਚ ਲੋਕੀ ਆਪੋ ਆਪਣੇ ਧੰਧਿਆਂ ਵਿਚ ਫਸੇ ਹੋਏ ਤੇ ਗੁਰਮੁਖ ਨਾਮ ਜਪਦੇ ਨੇ ਸੋ ਇਸ ਖੇਡ ਵਿਚੋਂ ਲੋਕੀਂ ਹਾਰ ਜਾਣਗੇ ਅਤੇ ਗੁਰਮੁਖ ਜਿਤ ਜਾਣਗੇ। ਉਤਮ ਗਜਾਨ ਉਨਮਾਨ ਮਧਮ ਬੇਦ ਨੀਚ ਲੋਗ ਆਸ਼ਕਤਿ ॥ ਰਜੋ ਸਤੋ ਤਮੋ ਗੁਣ ਰੂਪ ਜੋ ਸੰਸਾਰ ਹੈ ਤਿਸਤੋਂ (ਅਤੀਤ) ਰਹਿਤ ਭਾਵ ਅਜਿਹੇ ਸੰਸਾਰ ਨੂੰ ਛਡਣ ਵਾਲੇ ਵਿਰਲੇ ਹੀ ਗੁਰਮਤ ਦੇ ਧਾਰਨ ਵਾਲੇ ਗੁਰਮੁਖ ਹੈਨ। ਇਹ ਸੰਸਾਰ ਚੌਪੜ ਦੀ ਖੇਡ ਹੈ ਅਤੇ ਇਸ ਵਿਚ ਚਾਰ (ਬਰਨ) ਰੰਗ੍ਰ ਦੀਆਂ ਨਰਦਾਂ ਅੰਡਜ ਜੇਰਜ ਸੇਤਜ ਉਤਭੁਜ ਚਾਰ ਖਾਣੀਆਂ ਹਨ ਇਸ ਖੇਡ ਵਿਚ (ਜੁਗਲ) ਦੋਵੇਂ ਗੁਰਮੁਖ ਤੇ ਮਨਮੁਖ ਖੇਡਣ ਲਗੇ ਸੋ ਮਨਮੁਖ ਸੰਸਾਰ ਵਲ ਲਗੇ ਤੇ ਉਨਾਂ ਦੇ ਤਿੰਨ ਕਾਣੇ ਪਏ ਹਾਰ ਕੇ ਨਰਕਾਂ ਵਿਚ ਜਾ ਪਏ ਭਜਨ ਸੁਨਣ ਸੋ ਤਿਨਾਂ ਦੇ ਪੌਂ ਬਾਰਾਂ ਪਏ ਤੇ ਸੰਸਾਰ ਵਿਚ ਰਹਿਕੇ ਹੀ ਵਾਹਿਗੁਰੂ ਨੂੰ ਪਹੁੰਚ ਗਏ।

ਕਬਿਤ—ਜੈਸੇ ਜੈਸੇ ਰੰਗ ਸੰਗ ਮਿਲਤ ਸਲਿਲ ਮਿਲ ਹੋਇ ਤੈਸੇ ਤੈਸੋ ਰੰਗ ਜਗਤ ਮੈ ਜਾਨੀਐ॥ ਚੰਦਨ ਸੁਗੰਧ ਮਿਲ ਪਵਨ ਸੁਗੰਧ ਸੰਗ ਮਲ ਮੂਤ੍ਰ ਸੂਤ੍ਰ ਬਿਰਗੰਧ ਉਨਮਾਨੀਐ॥ ਜੈਸੇ ਜੈਸੇ ਪਾਕ ਸਾਕ ਬਿੰਜਨ ਮਿਲਤ ਘ੍ਰਿਤ, ਤੈਸੋ ਤੈਸੋ ਸ੍ਵਾਦ ਰਸ ਰਸਨਾ ਕੈ ਮਾਨੀਐ॥ ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ, ਮੂਰੀ ਔ ਤੰਬੋਲ ਰਸ ਖਾਇ ਪਹਿਚਾਨੀਐ॥ ੧੫੯॥

ਜੇਹੇ ਜੇਹੇ ਰੰਗ ਦੇ ਮੇਲ ਨਾਲ ਪਾਣੀ ਮਿਲਦਾ ਹੈ ਤੇਹੋ ਜੇਹਾ ਪਾਣੀ ਦਾ ਰੰਗ ਹੋ ਜਾਂਦਾ ਹੈ ਇਸ ਗਲ ਨੂੰ ਪ੍ਰਗਟ ਹੀ ਸਾਰੇ ਲੋਕੀ ਜਗ ਵਿਚ ਜਾਣਦੇ ਹਨ। ਚੰਦਨ ਬ੍ਰਿਛ ਦੀ ਵਾਸ਼ਨਾਂ ਨਾਲ ਪੌਣ ਵੀ ਮਿਲਕੇ ਵਾਸ਼ਨਾਂ ਵਾਲੀ ਹੋ ਜਾਂਦੀ ਹੈ ਅਤੇ ਓਹੋ ਹੀ ਪੌਣ ਜੇਹੜੀ ਚੰਗੀ ਹੋਈ ਹੁੰਦੀ ਹੈ ਮਲ ਗੰਦ ਤੇ (ਮੂਤ੍ਰ) ਮੂਤ ਨਾਲ ਮਿਲਕੇ ਖੋਟੀ ਵਾਸ਼ਨਾਂ ਵਾਲੀ ਹੋ ਜਾਂਦੀ ਹੈ ਗਲ ਨੂੰ (ਉਨਮਾਨੀਐ) ਚੰਗੀ ਤਰਾਂ ਵਿਚਾਰਿਆ ਹੈ (ਸੂਤ੍ਰ) ਇਹ ਮਰਯਾਦਾ ਦਾ ਤਰੀਕਾ ਠੀਕ ਹੈ। ਜੇਹੋ ਜੇਹੇ ਸਾਗ ਸਲੂਣੇ ਤੇ ਭੋਜਨ ਨਾਲ ਰਸੋਈ ਲੰਗਰ ਵਿਚ ਘਿਓ ਮਿਲਦਾ ਹੈ ਤੇਹੋ ਜੇਹਾ ਸ੍ਵਾਦ ਅਨੰਦ ਰਸਨਾ ਜੀਭ ਕਰਕੇ ਮੰਨੀ ਦਾ ਹੈ। ਮਾੜਿਆਂ ਸੰਤਾਂ ਦੀ ਸੰਗਤ ਦਾ ਫਲ ਮੂਲੀ ਦੇ ਸ੍ਵਾਦ (ਗਤਿ) ਵਾਕਰ ਮਾੜਾ ਹੈ ਅਤੇ ਸੰਤਾਂ ਦੀ ਸੰਗਤ ਦਾ ਫਲ ਤੰਬੋਲ ਵਾਕਰ ਆਨੰਦ ਦੇਣ ਵਾਲਾ ਹੈ।

ਕਬਿਤ—ਬਾਲਕ ਕਸ਼ੋਰ ਜੋਬਨਾਦ ਔ ਜਰਾ ਅਵਸਥਾ ਏਕ ਹੀ ਜਨਮ ਹੋਤ ਅਨਿਕ ਪ੍ਰਕਾਰ ਹੈ ॥ ਜੈਸੇ ਨਿਸਦਿਨ ਤਿਥ ਵਾਰ ਪੱਖ ਮਾਸ ਰੁਤਿ, ਚਤਰ ਮਾਸ ਤ੍ਰਿਬਿਧਿ ਬਰਖ ਵਿਥਾਰ ਹੈ ॥ ਜਾਗ੍ਰਤ ਸੁਪਨ ਔ ਸੁਖੋਪਤਿ ਅਵਸਥਾ ਕੈ, ਤੁਰੀਆ ਪ੍ਰਗਾਸ ਗੁਨ ਗਜ਼ਾਨ ਉਪਕਾਰ ਹੈ ॥ ਮਾਨਸ ਜਨਮ ਸਾਧ ਸੰਗ ਮਿਲ ਸਾਧ ਸੰਤ. ਭਗਤ ਬਿਬੇਕੀ ਜਨ ਬ੍ਰਹਮ ਬੀਚਾਰ ਹੈ॥ ੧੫੯॥

ਜਵਾਨੀ ਆਦਕ ਤੇ ਜਰਾ ਬੁਢੇਪੇ ਵਾਲੀ ਉਮਰ ਇਹ ਅਨੇਕ ਤਰਾਂ ਦੀਆਂ ਅਵਸਥਾ ਇਕ ਹੀ ਜਨਮ ਵਿਚ ਹੁੰਦੀਆਂ ਹਨ।ਜੈਸੇ (ਨਿਸ) ਰਾਤ ਦਿਨ ੧੫ਤਿਥੀਆਂ ੭ ਵਾਰ ੨ ਪਖ ਅੱਧਾ ਮਹੀਨਾ ਚੰਦ੍ਰਮਾ ਘਟਦਾ ਰਹਿੰਦਾ ਹੈ, ਚਾਰ ਮਾਸਾ ਆਦਿਕ ਤਿੰਨਾਂ ਤਰਾਂ ਦੀਆਂ ਬਹਾਰਾਂ ਸਾਰਾ ਇਕ ਸਾਲ ਦਾ ਫੈਲਾਉ ਹੈ। ਗੁਰੂ ਅਗਜ਼ਾਨਤਾਈ ਦੂਰ ਕਰਕੇ ਤੇ ਗਜ਼ਾਨ ਨੂੰ ਪ੍ਰਗਟ ਕਰਕੇ ਵਾਹਿਗੁਰੂ ਵਲ ਗੁਰ ਸਿਖਾਂ ਦਾ ਮਨ ਲਾਉਂਦੇ ਹਨ ਚੌਥੀ ਅਵਸਥਾ ਗਜ਼ਾਨ ਗੁਰੂ ਪ੍ਰਗਟ ਕਰਾਉਂਦੇ ਹਨ । ਆਦਮੀ ਦੀ ਦੇਹ ਪਾਕੇ ਸੰਤਾਂ ਦੇ ਸਾਥ ਨਾਲ ਸੰਤ ਆ ਰਲਿਆ ਹੈ ਓਹ ਭਗਤ ਬਿਬੇਕੀ ਵਿਚਾਰ ਵਾਲਾ ਪੁਰਖ ਵਾਹਿਗੁਰੂ ਦਾ ਹੀ ਵੀਚਾਰ ਕਰਦਾ ਹੈ।

ਕਬਿਤ—ਜੈਸੇ ਚਕਈ ਮੁਦਿਤ ਪੇਖ ਪ੍ਰਤਿਬਿੰਬ ਨਿਸ, ਸਿੰਘ ਪ੍ਰਤਿਬਿੰਬ ਦੇਖ ਕੂਪ ਮੈ ਪਰਤ ਹੈ॥ ਜੈਸੇ ਕਾਚ ਮੰਦਰ ਮੈ ਮਾਨਸ ਅਨੰਦ ਮਈ, ਸ੍ਵਾਨ ਪੇਖ ਆਪ ਆਪ ਭੂਸ਼ ਕੈ ਮਰਤ ਹੈ ॥ ਜੈਸੇ ਰਵਿ ਸੁਤ ਜਮ ਰੂਪ ਔ ਧਰਮਰਾਇ, ਧਰਮ ਅਧਰਮ ਕੈ ਭਾਉ ਭੈ ਕਰਤ ਹੈ ॥ ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ, ਆਪਾ ਆਪ ਚੀਨਤ ਨ ਚੀਨਤ ਚਰਿਤ ਹੈ ॥ ੧੬੦॥

ਚਕਵੀ ਅਨੰਦ ਹੋਂਦੀ ਹੈ ਆਪਣੇ ਪਰਛਾਵੇਂ ਦੇ ਭੁਲੇਖੇ ਰਾਤ ਨੂੰ ਆਪਣੇ ਪਤੀ ਚਕਵੇ ਨੂੰ ਵੇਖਕੇ, ਸ਼ੇਰ ਆਪਣੇ ਪਰਛਾਵੇਂ ਨੂੰ ਖੂਹ ਵਿਚ ਦੂਜਾ ਸ਼ੇਰ ਭੁਲੇਖੇ ਨਾਲ ਸਮਝਕੇ ਜਾ ਪੈਂਦਾ ਹੈ। (ਕਾਚਮੰਦਰ) ਸ਼ੀਸ਼ ਮਹਿਲ ਵਿਚ ਆਦਮੀ ਜਾਕੇ ਅਨੰਦ ਰੂਪ ਹੁੰਦਾ ਹੈ ਸ਼ੀਸ਼ਿਆਂ ਵਾਲਿਆਂ ਘਰਾਂ ਨੂੰ ਆਦਮੀ ਵੇਖਕੇ ਆਨੰਦ ਹੁੰਦਾ ਹੈ ਅਤੇ ਓਹਨਾਂ ਹੀ ਸ਼ੀਸ਼ ਮਹਿਲਾਂ ਨੂੰ ਕੁਤਾ ਵੇਖਕੇ ਆਪਣੇ ਆਪ ਵਿਚ ਭੌਂਕ ਭੌਂਕ ਕੇ ਮਰ ਜਾਂਦਾ ਹੈ। ਸੂਰਜ ਦਾ ਪੁਤਰ ਧਰਮ ਰਾਜਾ ਪਾਪੀਆਂ ਨੂੰ ਜਮ ਰੂਪ ਨਜ਼ਰ ਆਉਂਦਾ ਹੈ ਅਤੇ ਧਰਮ ਕਰਨ ਵਾਲਿਆਂ ਸੰਤਾ ਨੂੰ ਧਰਮ ਕਰਨ ਵਾਲਾ ਦੋਹਾਂ ਦੇ ਮਾੜਿਆਂ

ਚੰਗਿਆਂ ਕਰਮਾਨੁਸਾਰ ਧਰਮ ਰਾਜਾ ਸੰਤਾਂ ਨਾਲ ਪ੍ਰੇਮ ਕਰਦਾ ਹੈ ਅਤੇ ਪਾਪੀਆਂ ਨੂੰ ਡਰ ਦੇਣਾ ਕਰਦਾ ਹੈ। ਖੋਟੀ ਅਕਲ ਕਰਕੇ ਮਾੜੇ ਸਾਧੂ ਆਪਣੇ ਆਪ ਨੂੰ ਨਹੀਂ ਜਾਣਦੇ, (ਗੁਰਮਤਿ) ਚੰਗੀ ਅਕਲ ਕਰਕੇ ਆਪਣੇ ਆਪ ਨੂੰ ਜਾਣਦੇ ਹਨ ਕਿ ਅਸੀਂ ਵਾਹਿਗੁਰੂ ਦਾ ਭਜਨ ਕਰਨ ਆਏ ਹਾਂ ਅਜੇਹੇ ਰੰਗ ਵਿਚ ਰਹਿਕੇ ਇਸ ਸੰਸਾਰ ਨੂੰ ਖੇਲ ਰੂਪ ਝੂਠਾ ਜਾਣਦੇ ਹਨ। ਭਾਵ ਮਨਮੁਖ ਖੋਟੇ ਕੰਮ ਕਰਕੇ ਨਰਕਾਂ ਨੂੰ ਗਏ ਅਤੇ ਗੁਰਮੁਖ ਚੰਗੀ ਕੰਮ ਕਰਕੇ ਜੀਵਨ ਮੁਕਤਿ ਹੋਏ।

ਕਬਿਤ—ਜੈਸੇ ਤੌ ਸਲਿਲ ਮਿਲ ਬਰਨ ਬਰਨ ਬਿਖੈ, ਜਾਹੀ ਜੋ ਹੀ ਰੰਗ ਮਿਲੈ ਸੋਈ ਹ੍ਵੈ ਦਿਖਾਵਈ॥ ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੈ, ਤੈਸੋ ਤੈਸੋ ਸ੍ਵਾਦ ਰਸ ਰਸਨਾ ਚਖਾਵਈ॥ ਜੈਸੇ ਸ੍ਵਾਂਗੀ ਏਕ ਹ੍ਵੈ ਅਨੇਕ ਭਾਂਤਿ ਭੇਖ ਧਾਰੈ, ਜੋਈ ਜੋਈ ਸ੍ਵਾਂਗ ਕਾਛੈ ਸੋਈ ਤੌ ਕਹਾਵਈ॥ ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ, ਗੁਰਮੁਖਿ ਹੋਇ ਏਕ ਟੇਕ ਠਹਿਰਾਵਈ॥੧੬੧॥

ਪਾਨੀ ਰੰਗਾਂ ਰੰਗਾਂ ਵਿਚ ਮਿਲ ਜਾਂਦਾ ਹੈ ਜੇਹੇ ਜੇਹੇ ਰੰਗ ਨਾਲ ਪਾਣੀ ਮਿਲਦਾ ਹੈ ਤੇਹੇ ਜਿਹਾ ਆਪ ਰੂਪ ਹੋਕੇ ਦਿਖਾਉਂਦਾ ਹੈ। ਘਿਓ ਜਿਸ ਜਿਸ ਰਸੋਈ, ਸਾਗ ਸਲੂਣੇ ਨਾਲ ਮਿਲਦਾ ਹੈ ਤਿਹੋ ਜਿਹਾ ਸਵਾਦ ਆਨੰਦ ਜੀਭ ਕਰਕੇ ਚਖੀਦਾ ਹੈ। ਮਦਾਰੀ ਬਹੁਤ ਰੂਪ ਬਨਾਵਣ ਵਾਲਾ ਇਕ ਤੋਂ ਅਨੇਕਾਂ ਤਰਾਂ ਦੇ ਭੇਖ ਧਾਰਦਾ ਹੈ ਜਿਹੜਾ ਜਿਹੜਾ (ਭੇਖ) ਰੂਪ ਆਪਣਾ ਬਣਾਉਂਦਾ ਹੈ ਸੋਈਓ ਹੀ ਆਪਣਾ ਆਪਣਾ ਨਾਮ ਕਹਾਉਂਦਾ ਹੈ। ਕੁਸੰਗੀਆਂ ਦਾ ਸੰਗ ਕਰਕੇ ਚਿਤ ਚੰਚਲ ਹੋ ਜਾਂਦਾ ਹੈ ਤੇ ਜੋ ਗੁਰਮੁਖ ਹਨ ਓਹਨਾਂ ਨੇ ਮਨ ਵਿਚ ਇਕ ਵਾਹਿਗੁਰੂ ਦੀ ਹੀ ਓਟ ਲਈ ਹੈ।

ਕਬਿਤ—ਸਾਗਰ ਮਥਤ ਜੈਸੇ ਨਿਕਸੈ ਅੰਮ੍ਰਿਤ ਬਿਖ, ਪਰ ਉਪਕਾਰ ਨ ਵਿਕਾਰ ਸਮਸਰ ਹੈ॥ ਬਿਖ ਅਚਵਤ ਹੋਤ ਰਤਨ ਵਿਨਾਸ ਕਾਲ ਅਚਏ ਅੰਮ੍ਰਿਤ ਮੂਏ ਜੀਵਤ ਅਮਰ ਹੈ॥ ਜੈਸੇ ਤਾਰੋ ਤਾਰੋ ਏਕ ਲੋਸਟ ਮੈ ਪ੍ਰਗਟ ਹ੍ਵੈ, ਬੰਧ ਮੋਖ ਪਦਵੀ ਸੰਸਾਰ ਬਿਸਥਾਰ ਹੈ॥ ਤੈਸੇ ਹੀ ਅਸਾਧ ਸਾਧ ਸਠ ਔ ਮਜੀਠ ਗਤਿ, ਗੁਰਮੁਖਿ ਦੁਰਮਤਿ ਟੇਵਸੈ ਨ ਟਰ ਹੈ॥ ੧੬੨॥

ਸਮੁੰਦਰ ਦੇ ਰਿੜਕਨ ਨਾਲ ਅੰਮ੍ਰਿਤ ਤੇ ਵਿਹੁ ਨਿਕਲੀ ਹੈ ਅੰਮ੍ਰਿਤ ਪਰਉਪਕਾਰ ਤੇ ਵਿਹੁ ਦੇ ਵਿਕਾਰ ਇਕੋ ਜਿਹੇ ਨਹੀਂ, ਉਸ ਦਾ ਕੰਮ ਪਰਉਪਕਾਰ ਕਰਨਾ ਹੈ ਤੇ ਉਸਦਾ ਵਿਕਾਰ ਕਰਨਾ ਹੈ। ਵਿਹੁ ਦੇ ਖਾਣ ਨਾਲ ਹੀਰੇ ਵਰਗਾ

ਅਮੋਲਕ ਆਦਮੀ ਦਾ ਸਰੀਰ ਹੈ ਇਸਦੇ ਮਰਨ ਦਾ ਵੇਲਾ ਨੇੜੇ ਆ ਜਾਂਦਾ ਹੈ, ਖਾਣ ਨਾਲ ਅੰਮ੍ਰਿਤ ਦੇ ਆਦਮੀ ਮੋਇਆ ਹੋਇਆ ਜੀਉ ਪੈਂਦਾ ਹੈ ਦੇਵਤਿਆਂ ਵਾਕਰ ਰਹਿੰਦਾ ਹੈ। ਲੋਹੇ ਵਿਚੋਂ ਜੰਦਰਾ ਕੁੰਜੀ ਪ੍ਰਗਟ ਹੋਂਦੀ ਹੈ ਸੋ ਜੰਦਰਾ ਬੰਦ ਕਰਨ ਵਾਲਾ ਬੂਹਾ ਕੁੰਡੇ ਨੂੰ ਹੋਂਦਾ ਹੈ ਅਤੇ ਕੁੰਜੀ ਜੰਦਰੇ ਨੂੰ ਮੁਕਤੀ ਵਾਲਾ ਰਸਤਾ ਖੋਲਣ ਵਾਲੀ ਹੁੰਦੀ ਹੈ ਇਹ ਦੋਵੇਂ ਹੀ ਆਪੋ ਆਪਣਾ ਕੰਮ ਸੰਸਾਰ ਉਪਰ ਫੈਲਾਉਂਦੇ ਹਨ। (ਸਨ) ਸਣ ਜਿਵੇ ਜੱਟ ਰੱਸੇ ਵੱਟਦੇ ਹਨ ਅਤੇ ਸਾਧ ਗੁਰਮੁਖ ਮਜੀਠ ਦੇ ਰੰਗ (ਗਤਿ) ਚਾਲ ਆਦਤ ਤੋਂ ਨਹੀਂ ਟਲਦੇ ਤੇ ਗੁਰਮੁਖ ਗੁਰਮੁਖ ਤਾਈ ਵਲੋਂ ਨਹੀਂ ਹਟਦੇ। ਮਜੀਠ ਵਾਂਕਰ ਗੂੜੇ ਰੰਗ ਵਾਲੇ ਤੇ ਆਪਣੇ ਆਪ ਤੇ ਦੁਖ ਝਲ ਕੇ ਮਜੀਠ ਵਾਂਕਰ ਅਗਲੇ ਨੂੰ ਸੁਖ ਦੇਣਾ ਅਤੇ ਗੂੜ੍ਹਾ ਰੰਗ ਨਾਮ ਦਾ ਚੜ੍ਹਾ ਦੇਣਾ।

ਕਬਿਤ—ਬਰਖਾ ਸੰਜੋਗ ਮੁਕਤਾਹਲ ਓਰਾ ਪ੍ਰਗਾਸ, ਪਰਉਪਕਾਰੀ ਔ ਵਿਕਾਰੀ ਹੀ ਕਹਾਵਈ ॥ ਓਰਾ ਬਰਖਤ ਜੈਸੇ ਧਾਨ ਪਾਨ ਕੋ ਬਨਾਸ, ਮੁਕਤਾ ਅਨੂਪ ਰੂਪ ਸਭਾ ਸੋਭ ਪਾਵਈ ॥ ਓਰਾ ਤੋ ਵਿਕਾਰ ਧਾਰ ਦੇਖਤ ਬਿਲਾਇ ਜਾਇ, ਪਰਉਪਕਾਰੀ ਮੁਕਤਾ ਜਜੋਂ ਠਹਿਰਾਵਈ ॥ ਤੈਸੇ ਹੀ ਅਸਾਧ ਸਾਧ ਜਗਤ ਸੁਭਾਵ ਗਤਿ, ਗੁਰਮਤਿ ਦੁਰਮਤਿ ਦੁਰੈ ਨ ਦੁਰਾਵਈ ॥ ੧੬੩ ॥

ਮੀਂਹ ਦੇ ਮਿਲਾਪ ਨਾਲ ਭਾਵ ਸ੍ਵਾਂਤੀ ਨਿਛੱਤ੍ਰ ਵਿਚ ਮੀਂਹ ਵਰਸਨ ਕਰਕੇ ਨਿਕੀਆਂ ਨਿਕੀਆਂ ਬੂੰਦਾਂ ਤੋਂ ਮੋਤੀਆਂ ਦਾ ਤੇ (ਓਰਾ) ਗੜਿਆਂ ਦਾ ਪ੍ਰਕਾਸ਼ ਹੁੰਦਾ ਹੈ। ਮੋਤੀ ਪਰਉਪਕਾਰੀ ਹੁੰਦਾ ਹੈ, ਗੜਾ ਵਿਕਾਰੀ ਕਹਾਉਂਦਾ ਹੈ । ਗੜੇ ਦੇ ਪੈਣ ਨਾਲ ਧਾਨਾਂ ਦੇ ਖੇਤ ਦਾ ਤੇ ਪਾਨਾਂ ਦੇ ਪੱਤਿਆਂ ਤੰਬੋਲਾਂ ਦਾ ਨਾਸ ਹੁੰਦਾ ਹੈ ਅਤੇ ਮੋਤੀ ਜੋ ਹੈ ਸੁੰਦਰ ਸਰੂਪ ਵਾਲਾ ਓਹ ਸਭਾ ਵਿਚ ਸ਼ੋਭਾ ਪਾਉਂਦਾ ਹੈ। ਗੜਾ ਤਾਂ ਵਿਕਾਰ ਦੀ ਧਾਰ ਹੈ ਸੋ ਵੇਖਦਿਆਂ ਹੀ ਦੂਰ ਹੋ ਜਾਂਦਾ ਹੈ ਅਤੇ ਪਰਉਪਕਾਰੀ ਮੋਤੀ ਜਿਉਂ ਕਾ ਤਿਉਂ ਠਹਿਰਿਆ ਰਹਿੰਦਾ ਹੈ। ਮਾੜਿਆਂ ਚੰਗਿਆਂ ਸੰਤਾਂ ਦੇ ਸੁਭਾਉ ਦੀ ਜਗਤ ਵਿਚ ਰੀਤੀ ਹੈ ਦੁਹਾਂ ਦੀ ਚੰਗੀ ਮਾੜੀ ਅਕਲ ਛਪਾਈ ਹੋਈ ਛਪਦੀ ਨਹੀਂ।

ਕਬਿਤ—ਲਜਾਹੁਲ ਅੰਕੁਸ ਔ ਗੁਰ ਜਨ ਸੀਲ ਡੀਲ, ਕੁਲ ਬਧੂ ਬ੍ਰਿਤਿ ਕੈ ਪਤਿਬ੍ਰਤਾ ਕਹਾਵਈ ॥ ਦੁਸਟ ਸਭਾ ਸੰਜੋਗ ਅਧਮ ਅਸਾਧ ਸੰਗ, ਬਹੁ ਬਿਭਚਾਰ ਧਾਰ ਗਨਿਕਾ ਬੁਲਾਵਈ ॥ ਕੁਲ ਬਧੂ ਸੂਤ ਕੋ ਬਖਾਨੀਅਤ ਗੋਤ੍ਰਾਚਾਰ, ਗਨਿਕਾ ਸੁਅਨ ਪਿਤਾ ਨਾਮ ਕੋ ਬਤਾਵਈ ॥ ਦੁਰਮਤ ਲਾਗ ਜੈਸੇ ਕਾਗ ਬਨ ਬਨ ਫਿਰੈ, ਗੁਰਮਤ

ਹੰਸ ਏਕ ਟੇਕ ਜਸ ਪਾਵਈ ॥ ੧੬੪ ॥

ਆਪਣੀ ਕੁਲ (ਸਸ ਸੌਹਰਾ ਮਾਂ ਬਾਪ ਦੀ) ਇਜ਼ਤ ਦਾ ਡਰ ਇਹ ਹੀ ਇਕ (ਅੰਕਸ) ਕੁੰਡਾ ਸੀਤਲ ਸੁਭਾਉ (ਡੀਲ) ਸ਼ਰੀਰ ਰਖਕੇ ਕੁਲ ਦੀ ਨੂੰਹ ਕਹਾਉਂਦੀ ਹੈ। ਭਾਵ ਆਪਣੀ ਕੁਲ ਸਸ ਸੌਹਰਾ ਮਾਈ ਬਾਪ ਤੇ ਪਤੀ ਦੇ ਵਰਤ ਵਿਚ ਵਰਤਕੇ। ਦੁਸ਼ਟਾਂ ਦੀ ਸਭਾ ਦਾ ਮਿਲਾਪ ਕਰਕੇ ਭਾਵ ਬਹੁਤਿਆਂ ਆਦਮੀਆਂ ਨਾਲ ਖਰਾਬ ਹੋਕੇ ਆਪਣੇ ਆਪ ਨੂੰ ਓਹੀ ਇਸਤ੍ਰੀ ਵੇਸਵਾ ਕਰਕੇ ਬੁਲਵਾਉਂਦੀ ਹੈ । ਉਚੀ ਕੁਲ ਦੀ ਨੂੰਹ ਦੇ ਪੁਤਰ ਦਾ ਗੋਤ੍ਰਚਾਰ (ਪਿਤਾ ਪਿਤਾਮਾ) ਦੀ ਸੁੱਧ ਬੰਸਾਵਲੀ ਦਾ ਕਹੀਦਾ ਹੈ ਵੇਸਵਾ ਦੇ ਪੁਤਰ ਦੇ ਪਿਤਾ ਦਾ ਨਾਮ ਕੀ ਕੋਈ ਦਸੇ ?' ਕਾਂ ਬਨ ਵਿਚ ਵਿਸ਼ਟਾ ਦੇ ਮਗਰ ਕਾਂ ਕਾਂ ਕਰਦਾ ਫਿਰਦਾ ਹੈ ਖੋਟੀ ਸੰਗਤ ਦੇ ਲਾਗ ਨਾਲ ਮਨਮੁਖ ਭਰਮਦਾ ਫਿਰਦਾ ਹੈ ਗੁਰਮਤਿ ਨੂੰ ਧਾਰਨ ਵਾਲੇ ਗੁਰਮੁਖ, ਹੰਸ ਵਾਂਕਰ ਇਕ ਆਸਰਾ ਸਤਸੰਗ ਵਿਚ ਬੈਠੇ ਰਹਿੰਦੇ ਹਨ।

ਕਬਿਤ—ਮਾਨਸ ਜਨਮ ਧਾਰ ਸੰਗਤ ਸੁਭਾਵ ਗਤਿ, ਗੁਰਮਤਿ ਦੁਰਮਤਿ ਬਿਬਿਧ ਬਿਧਾਨੀ ਹੈ ॥ ਸਾਧ ਸੰਗ ਪਦਵੀ ਭਗਤਿ ਐ ਬਿਬੇਕੀ ਜਨ, ਜੀਵਨ ਮੁਕਤਿ ਸਾਧੂ ਬ੍ਰਹਮ ਗਿਆਨੀ ਹੈ ॥ ਅਧਮ ਅਸਾਧ ਸੰਗ ਚੋਰ ਜਾਰ ਐ ਜੂਆਰੀ, ਠਗ ਬਟਵਾਰਾ ਮਤਿਵਾਰਾ ਅਭਿਮਾਨੀ ਹੈ ॥ ਆਪਨੇ ਆਪਨੇ ਰੰਗ ਸੰਗ ਸੁਖ ਮਾਨੈ ਬਿਸ, ਗੁਰਮਤਿ ਗਤਿ ਗੁਰਮੁਖ ਪਹਿਚਾਨੀ ਹੈ ॥ ੧੬੫ ॥

ਮਨੁਖ ਜਨਮ ਵਿਚ ਮਾੜਾ ਚੰਗਾ ਸੁਭਾਵ ਸੰਗਤ ਕਰਕੇ ਮਿਲਦਾ ਹੈ ਇਸ ਦੀ ਚੰਗੀ ਰੀਤ ਹੈ ਇਹ ਨਾਮ ਜਪਦਾ ਹੈ, ਖੋਟੀ ਮਤ ਵਾਲਾ ਖੋਟਾ ਕਹਾਉਂਦਾ ਹੈ । ਸਾਧ ਸੰਗਤ ਕਰਕੇ ਅਜੇਹੀ ਪਦਵੀ ਉਚੀ ਮਿਲਦੀ ਹੈ ਕਿ ਭਗਤਿ ਤੇ ਵਿਚਾਰਵਾਨ ਜੀਉਂਦਾ ਹੀ ਮੁਕਤਿ ਸਾਧੂ ਤੇ ਬ੍ਰਹਮ ਗਿਆਨੀ ਕਹਾਉਂਦਾ ਹੈ । ਪਾਪੀਆਂ ਦੀ ਖੋਟੀ ਸੰਗਤ ਕਰਕੇ ਨੀਵੀਂ ਪਦਵੀ ਮਿਲਦੀ ਹੈ ਚੋਰ ਯਾਰ ਜੁਆਰੀਆ ਠਗ ਸ਼ਰਾਬੀ ਹੰਕਾਰੀ ਕਹਾਉਂਦਾ ਹੈ। ਆਪਣੇ ਆਪਣੇ ਵਿਸ਼ਿਆਂ ਦੇ ਆਨੰਦ ਨਾਲ ਸਾਰੇ ਸੁਖ ਮੰਨਦੇ ਹਨ ਗੁਰਾਂ ਦੀ ਸਿਖਿਆ ਧਾਰਨ ਕਰਨ ਮੁਕਤਿ ਜਾਣੀ ਹੈ ਜੀਕਰ ਵਿਸ਼ਈ ਵਿਸ਼ਯ ਵਲ ਲਗੇ ਹੋਏ ਨੇ ਈਕੁਰ ਹੀ ਗੁਰਮੁਖ ਨਾਮ ਵਲ ਲਗੇ ਹੋਏ ਹਨ।

ਕਬਿਤ—ਜੈਸੇ ਤੌ ਅਸ਼ਟ ਧਾਤ ਡਾਰੀਅਤ ਨਾਉ ਬਿਖੈ, ਪਾਰਿ ਪਰੈ ਤਾਹਿ ਤਊ ਵਾਰ ਪਾਰ ਸੋਈ ਹੈ ॥ ਸੋਈ ਧਾਂਤ ਅਗਨਿ ਮੈ ਹੋਤ ਹੈ ਅਗਨਿ ਰੂਪ, ਤਊ ਜੋਈ ਸੋਈ ਪੈ ਸੁ ਘਾਟ ਠਾਟ ਹੋਈ ਹੈ ॥ ਸੋਈ

ਧਾਂਤ ਪਾਰਸ ਪਰਸ ਪੁਨ ਕੰਚਨ ਹ੍ਵੈ, ਮੋਲ ਕੈ ਅਮੋਲਾ ਨੂਪ ਰੂਪ ਅਵਲੋਈ ਹੈ ॥ ਪਰਮ ਪਾਰਸ ਗੁਰ ਪਰਸ ਪਾਰਸ ਹੋਤ, ਸੰਗਤ ਹੈ ਸਾਧ ਸੋਈ ਸਤਿਸੰਗ ਪੋਈ ਹੈ ॥੧੬੬॥

ਕੰਦਰਾ ਪਹਾੜ ਆਦਿਕਾਂ ਤੋਂ ਸੋਨਾ ਚਾਂਦੀ ਆਦਿਕ ਆਉਂਦਾ ਜਾਂਦਾ ਹੈ ਪਰ ਅਗੇ ਦਰੀਆਉ ਤਦ ਹੀ ਲੰਘੇ ਜਾਂਦੇ ਹਨ ਜੇਕਰ ਬੇੜੀ ਚੜੀਏ ਤਾਂ ਜਦ ਓਹ ਧਾਤੂਆਂ ਪਾਰ ਹੋ ਜਾਂਦੀਆਂ ਹਨ ਤਾਂ ਤਿਸ ਨੂੰ (ਤਊ) ਫਿਰ (ਵਾਰ ਪਾਰ) ਉਰਲਾ ਬੰਨਾ ਤੇ ਪਰਲਾ ਬੰਨਾ ਇਕੋ ਜੇਹਾ ਹੁੰਦਾ ਹੈ ਓਹੋ ਹੀ ਧਾਤੂਆਂ ਅੱਗ ਵਿਚ ਜਾਕੇ ਅਗ ਰੂਪ ਹੋਕੇ (ਘਾਟ) ਘੜਨ ਨਾਲ (ਠਾਟ) ਅਕੱਠ ਬਣਾਉ ਗਹਣਿਆਂ ਦਾ ਬਣਿਆਂ ਪਰ ਜੋ ਧਾਤਾਂ ਦਾ ਪਹਿਲੇ ਰੂਪ ਸੀ ਸੋਈਓ ਹੀ ਰੂਪ ਧਾਤੂਆਂ ਹੋ ਰਹੀਆਂ। ਸੋਈ ਧਾਤੂ ਪਾਰਸ ਨੂੰ ਲਗਕੇ ਤੇ ਫਿਰ (ਕੰਚਨ) ਸੋਨਾ ਰੂਪ ਹੋ ਜਾਂਦੀ ਹੈ ਫਿਰ ਉਸ ਧਾਤੂ ਦਾ ਕੁਝ (ਮੋਲ ਕੈ) ਮੁਲ ਕਰੀਏ ਤਾਂ ਮੁਲ ਨਹੀਂ ਪਾਇਆ ਜਾਂਦਾ ਕਿਉਂਕਿ ਓਸ ਦਾ ਅਮੋਲਕ ਸੁੰਦਰ ਅਨੂਪ ਰੰਗ ਵੇਖੀਦਾ ਹੈ। ਚੰਗੇ ਪਾਰਸ ਰੂਪ ਗੁਰੂ ਨੂੰ (ਪਰਸ) ਛੋਹ ਕੇ ਪਰ ਜੇਕਰ ਸਾਧ ਸੰਗਤ ਦੀ ਸੰਗਤ ਹੋਵੇ ਤੇ ਸਤਿਸੰਗ ਨੂੰ (ਪੋਈ) ਮਿਲੇ।

ਕਬਿਤ—ਜੈਸੇ ਘਰ ਲਾਗੈ ਆਗ ਭਾਗ ਨਿਕਸਤ ਖਾਨ, ਪ੍ਰੀਤਮ ਪਰੋਸੀ ਜਾਇ ਜਰਤ ਬੁਝਾਵਈ ॥ ਗੋਧਨ ਹਰਤ ਜੈਸੇ ਕਰਤ ਪੁਕਾਰ ਗੋਪ, ਗਾਉਂ ਮੈ ਗੁਹਾਰ ਲਾਗ ਤੁਰਤ ਛੁਡਾਵਈ ॥ ਬੂਡਤ ਅਥਾਹ ਜੈਸੇ ਪ੍ਰਬਲ ਪ੍ਰਬਾਹਿ ਬਿਖੈ, ਪੇਖਤ ਪ੍ਰੈਰੂਆ ਵਾਰ ਪਾਰ ਲੈ ਲਗਾਵਈ॥ ਤੈਸੇ ਅੰਤਕਾਲ ਜਮ ਜਾਲ ਕਾਲ ਬ੍ਯਾਲ ਗ੍ਰਸੇ, ਗੁਰ ਸਿਖ ਸਾਧ ਸੰਗ ਸੰਕਟ ਮਿਟਾਵਈ ॥੧੬੭॥

ਘਰ ਨੂੰ ਅਗ ਲਗ ਜਾਵੇ ਤਾਂ ਦੌੜ ਕੇ (ਖਾਨ) ਘਰ ਵਾਲੇ ਨਿਕਲ ਜਾਂਦੇ ਨੇ ਅਤੇ ਪਿਆਰੇ ਗਵਾਂਢੀ ਨਸਕੇ ਸੜਦੇ ਘਰ ਦੀ ਅਗ ਬੁਝਾਉਂਦੇ ਹਨ। ਗਊਆਂ ਚੁਰਾਉਂਦਾ ਵੇਖਕੇ ਚੋਰ ਨੂੰ, ਗੁਾਲੇ ਪੁਕਾਰ ਕਰਦੇ ਨੇ, ਅਵਾਜ਼ ਪਿੰਡ ਵਿਚ ਜਾ ਲਗੀ ਤਾਂ ਛੇਤੀ ਨਾਲ ਲੋਕੀ ਆਣਕੇ ਛੁਡਾ ਲੈਂਦੇ ਨੇ। ਡੂੰਘੇ ਸਮੁੰਦਰ ਦੇ ਬਲ ਵਾਲੇ ਵੈਹਣ ਵਿਚ ਡੁਬਦਾ ਹੋਇਆ ਵੇਖਕੇ (ਪਰੈਊਆ) ਤਰਨ ਵਾਲਾ ਤਾਰੂ ਉਸ ਨੂੰ ਉਰਲੇ ਬੰਨਿਓਂ ਪਰਲੇ ਬੰਨੇ ਲਗਾ ਦੇਂਦਾ ਹੈ। ਓੜਕ ਮਰਨ ਦੇ ਵੇਲੇ ਜਮਦੂਤਾਂ ਦੇ ਜਾਲ ਵਿਚ ਫਸਿਆ ਹੋਇਆ ਅਤੇ ਮੌਤ ਰੂਪੀ ਸੱਪ ਨੇ ਗ੍ਰਸਿਆ ਹੋਇਆ ਗੁਰੂ ਕੇ ਸਿਖ ਸਾਧ ਸੰਗਤ ਵਾਲੇ ਸੰਤਾਂ ਦੇ ਸੰਗ ਵਿਚ ਲਿਆ ਕੇ ਜਨਮ ਮਰਨ ਦਾ ਦੁਖ ਉਸ ਦਾ ਮਿਟਾ ਦੇਂਦੇ ਹਨ। ਗੁਰੂ ਦਾ ਰੂਪ ਕੈਸਾ ਹੈ ? ਅਗੇ ਦਸਦੇ ਹਨ—

ਕਬਿਤ–ਨਿਹਕਾਮ ਨਿਹਕ੍ਰੋਧ ਨਿਰਲੋਭ ਨਿਰਮੋਹ, ਨਿਹਮੇਵ ਨਿਹਟੇਵ ਨਿਰਦੋਖ ਵਾਸੀ ਹੈ ॥ ਨਿਰਲੇਪ ਨਿਰਬਾਨ ਨਿਰਮਲ ਨਿਰਵੈਰ, ਨਿਰਵਿਘਨਾਇ ਨਿਰਾਲੰਬ ਅਵਿਨਾਸੀ ਹੈ ॥ ਨਿਰਾਹਾਰ ਨਿਰਾਧਾਰ ਨਿਰੰਕਾਰ ਨ੍ਰਿਵਿਕਾਰ, ਨਿਹਚਲ ਨਿਹਭ੍ਰਾਂਤ ਨਿਰਭੈ ਨਿਰਾਸੀ ਹੈ ॥ ਨਿਹਕ੍ਰਮ ਨਿਹਭ੍ਰਮ ਨਿਹਸ਼੍ਰਮ ਨਿਹਸ੍ਵਾਦ, ਨਿਰਵਿਵਾਦ ਨਿਰੰਜਨ ਸੂੰਨ ਮੈ ਸੰਨਿਆਸੀ ਹੈ ॥ ੧੬੮ ॥

ਕਾਮਨਾ ਇਛਾ ਕ੍ਰੋਧ ਲੋਭ ਮੋਹ ਅਤੇ ਹੰਕਾਰ ਬੁਰੀ ਆਦਤ ਤੋਂ ਬਿਨਾਂ ਨਿਰਦੋਸ਼ ਆਤਮਾ ਵਾਹਿਗੁਰੂ ਵਿਚ ਨਿਵਾਸ ਕਰਨ ਵਾਲੇ ਹਨ । ਸੰਸਾਰ ਦੇ ਦਬਾ ਲਿੰਬਣ ਤੋਂ ਬਿਨਾਂ ਅਡੋਲ ਚਿਤ ਉਜਲ ਮਨ ਵਾਲੇ ਤੇ ਬਿਨਾਂ ਵੈਰ ਤੋਂ ਹਨ, ਵਿਘਨਾਂ ਤੋਂ ਰਹਿਤ ਬਿਨਾਂ ਵਾਹਿਗੁਰੂ ਦੇ ਹੋਰ ਕਿਸੇ ਨੂੰ ਆਪਣਾ ਆਸਰਾ ਨਹੀਂ ਸਮਝਦੇ ਤੇ ਮਰਨ ਤੋਂ ਰਹਿਤ ਵਾਹਿਗੁਰੂ ਦਾ ਰੂਪ ਹਨ । ਅੰਨ ਦੇ ਆਸਰ ਤੇ ਪਦਾਰਥਾਂ ਦੀ ਇਛਾ ਤੋਂ ਬਿਨਾਂ ਤੇ ਹੋਰਨਾਂ ਅਨਮਤੀਆਂ ਅਵਤਾਰਾਂ ਦੀ ਓਟ ਤੋਂ ਬਿਨਾਂ ਵਾਹਿਗੁਰੂ ਦਾ ਰੂਪ ਵਿਕਾਰਾਂ ਤੋਂ ਬਿਨਾਂ ਹਨ ਅਚਲ ਭਰਮ ਤੋਂ ਬਿਨਾਂ ਜਮ ਆਦਿਕ ਦੇ ਡਰ ਤੋਂ ਬਿਨਾਂ ਤੇ ਨਿਰਾਸੀ ਜਗਤ ਉਤੋਂ ਉਦਾਸ ਰਹਿਣ ਵਾਲੇ ਹਨ । ਜਗਤ ਦੇ ਕਰਮਾਂ ਤੋਂ ਰਹਿਤ ਤੇ ਸੁਖੀ ਬੈਠੇ ਰਹਿਣੇ ਵਾਲੇ ਨਹੀਂ ਪਰੀਸ੍ਰਮ ਕਰਨੇ ਵਾਲੇ ਕਠਨ ਅਭਿਆਸੀ ਜਪ ਤਪ ਨਾਮ ਜਪਣ, ਪਦਾਰਥਾਂ ਦੇ ਸ੍ਵਾਦ ਤੋਂ ਰਹਿਤ ਤੇ ਝਗੜਿਆਂ ਤੋਂ ਰਹਿਤ ਮਾਯਾ ਵਾਹਿਗੁਰੂ ਦਾ ਰੂਪ (ਸੁੰਨ) ਅਫੁਰ ਵਾਹਿਗੁਰੂ ਵਿਚ ਧਿਆਨ ਲਾਉਣ ਵਾਲੇ ਹਨ ।

ਕਬਿਤ–ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗ, ਪਰਮਦਭੁਤ ਪ੍ਰੇਮ ਪੂਰਨ ਪ੍ਰਗਾਸੇ ਹੈ ॥ ਪ੍ਰੇਮ ਰੰਗ ਮੈ ਅਨੇਕ ਰੰਗ ਜਯੋਂ ਤਰੰਗ ਰੰਗ, ਪ੍ਰੇਮ ਰਸ ਮੈਂ ਅਨੇਕ ਰਸ ਹ੍ਵੈ ਬਿਲਾਸੇ ਹੈ ॥ ਪ੍ਰੇਮ ਗੰਧ ਸੰਧ ਮੈਂ ਸੁਗੰਧ ਸਨਬੰਧ ਕੋਟਿ, ਪ੍ਰੇਮ ਸੁਰਤਿ ਅਨਿਕ ਅਨਾਹਦ ਉਲਾਸੇ ਹੈ ॥ ਪ੍ਰੇਮ ਆਸਪਰਸ ਕੋਮਲਾ ਸੀਤਲਤਾ ਕੈ, ਅਨਿਕ ਕਥਾ ਬਿਨੋਦ ਬਿਸਮ ਬਿਸ੍ਵਾਸੇ ਹੈ ॥ ੧੬੯ ॥

ਗੁਰਮੁਖਾਂ ਦੀ ਸਾਧ ਸੰਗਤ ਵਿਚ ਹੋਰ ਸਿਖ ਆ ਕੇ ਗੁਰਮੁਖਾਂ ਦੇ ਉਪਦੇਸ਼ ਨੂੰ ਪ੍ਰੀਤੀ ਕਰਕੇ ਸੁਣਦੇ ਹਨ ਤੇ ਫਿਰ ਬ੍ਰਿਤੀ ਲਗਾਉਂਦੇ ਹਨ । ਬੜਾ ਅਸਚਰਜ ਪੂਰਨ ਪ੍ਰੇਮ ਪ੍ਰਕਾਸ਼ ਕਰਦੇ ਹਨ । ਪ੍ਰੇਮ ਵਿਚ ਆਕੇ ਅਨੰਦ ਗੂੜ੍ਹੇ ਨਾਮ ਨਾਲ ਲਗ ਕੇ ਗੁਰਮੁਖ ਅਨੇਕਾਂ ਹੀ ਅਨੰਦ ਤਮਾਸ਼ੇ ਕਰਦੇ ਹਨ ਗੁਰਮੁਖ ਸ੍ਵਾਦ ਨਾਮ ਦੇ ਵਿਚ ਆਕੇ ਅਨੇਕਾਂ

ਸੁਆਦ ਲੈਂਦੇ ਹਨ, ਚੰਗੇ ਚੰਗੇ ਬਿਲਾਸ ਕਰਦੇ ਹਨ ਓਹ ਵਾਹਿਗੁਰੂ ਦੇ ਨਾਮ ਦਾ ਅਨੰਦ ਲੈਂਦੇ ਹਨ। ਪ੍ਰੇਮ ਰੂਪੀ ਸੁਗੰਧੀ ਭਗਤੀ ਦੇ ਮੇਲ ਵਿਚ ਕ੍ਰੋੜਾਂ ਹੀ ਵਾਸ਼ਨਾ ਦਾ ਮਿਲਾਪ ਹੈ ਅਨੇਕਾਂ ਹੀ ਇਕ ਰਸ ਅਨੰਦ ਖੁਸ਼ੀ ਉਛਲਕੇ ਮਿਲਦੇ। ਪ੍ਰੇਮ ਉਹਨਾਂ ਗੁਰਮੁਖਾਂ ਦਾ ਅਛੋਹ ਹੈ ਕੋਮਲਤਾਈ ਬਚਨਾਂ ਦੀ ਸੀਤਲਤਾਈ ਬਾਣੀ ਦੀ ਹਿਰਦੇ ਦੀ ਕਰਕੇ ਤੇ ਅਨੇਕਾਂ ਹੀ ਕਥਾ ਦੇ ਤਮਾਸ਼ੇ ਅਸਚਰਜ ਭਰੋਸੇ ਨੇ।

ਕਬਿਤ—ਪ੍ਰੇਮ ਰੰਗ ਸਮਸਰਿ ਪੁਜਸ ਨ ਕੋਊ ਰੰਗ, ਪ੍ਰੇਮ ਰਸ ਪੁਜਸ ਨ ਅਨਰਸ ਸਮਾਨ ਕੈ॥ ਪ੍ਰੇਮ ਗੰਧ ਪੁਜਸਿ ਨ ਆਨ ਕੋਊ ਐ ਸੁਗੰਧ, ਪ੍ਰੇਮ ਪ੍ਰਭੁਤਾ ਪੁਜਸਿ ਪ੍ਰਭੁਤਾ ਨ ਆਨ ਕੈ॥ ਪ੍ਰੇਮ ਤੋਲ ਤੁਲਿ ਨ ਪੁਜਸ ਤੋਲ ਤੁਲਾਧਾਰ, ਪ੍ਰੇਮ ਮੋਲ ਪੁਜਸ ਨ ਸਰਬ ਨਿਧਾਨ ਕੈ॥ ਏਕ ਬੋਲ ਪ੍ਰੇਮ ਕੈ ਪੁਜਸ ਨਹੀਂ ਬੋਲ ਕੋਊ, ਗਯਾਨ ਉਨਮਾਨ ਅਸ ਥਕਤ ਕੋਟਾਨ ਕੈ॥੧੭੦॥

ਵਾਹਿਗੁਰੂ ਦੇ ਨਾਮ ਜਪਣ ਦਾ ਗੂੜਾ ਰੰਗ ਗੁਰਮੁਖਾਂ ਨੂੰ ਚੜ੍ਹਿਆ ਹੈ ਉਸ ਰੰਗ ਦੀ ਬਰਾਬਰੀ ਕੋਈ ਰੰਗ ਨਹੀਂ ਕਰਦਾ ਅਤੇ ਜੋ ਨਾਮ ਦਾ ਅਨੰਦ ਆਇਆਹੈ ਉਹਦੀ ਬਰਾਬਰੀ ਕੋਈ ਵਿਸ਼ਿਆਂ ਦਾ ਅਨੰਦ ਨਹੀਂ ਕਰ ਸਕਦਾ ਹੈ। ਪ੍ਰੇਮ ਭਗਤੀ ਦੇ ਬਰਾਬਰ ਹੋਰ ਕੋਈ ਫੁਲਾਂ ਦੀ ਵਾਸ਼ਨਾਂ ਨਹੀਂ ਪੁਜ ਸਕਦੀ ਅਤੇ ਪ੍ਰੇਮ ਦੀ ਵਡਿਆਈ ਦੇ ਬਰਾਬਰ ਹੋਰ ਕੋਈ ਵਡਿਆਈ ਨਹੀਂ ਪੁਜ ਸਕਦੀ। ਪ੍ਰੇਮ ਦੇ ਵਿਚਾਰ ਦੇ ਬਰਾਬਰ ਤਕੜੀ ਵਿਚਾਰ ਨਹੀਂ ਪਹੁੰਚ ਸਕਦੀ। ਭਾਵ ਬਹੁਤੀਆਂ ਸਿਆਣੀਆਂ ਗਲਾਂ ਨਾਲ ਵਾਹਿਗੁਰੂ ਨੂੰ ਨਹੀਂ ਪਾ ਸਕੀਦਾ ਅਤੇ ਪ੍ਰੇਮ ਦੇ ਮੁਲ ਬਰਾਬਰ ਸਾਰੇ ਖਜ਼ਾਨੇ ਨਹੀਂ ਹੋ ਸਕਦੇ। ਪ੍ਰੇਮ ਦੇ ਰਚਨ ਨਾਲ ਕੋਈ ਬਚਨ ਨਹੀਂ ਪਹੁੰਚ ਸਕਦਾ ਸ਼ਾਸਤ੍ਰ ਵੇਦਾਂ ਪੁਰਾਨਾਂ ਦੇ ਗਯਾਨ ਕ੍ਰੋੜਾਂ ਹੀ ਵਿਚਾਰ (ਅਸ) ਅਜੇਹੇ ਥਕ ਜਾਂਦੇ ਹਨ।

ਕਬਿਤ—ਪੂਰਨ ਬ੍ਰਹਮ ਗੁਰ ਚਰਨ ਕਮਲ ਰਜ, ਆਨਦ ਸਹਜ ਸੁਖ ਬਿਸਮ ਕੋਟਾਨਿ ਹੈ॥ ਕੋਟਨ ਕੋਟਾਨ ਸੋਭ ਲੋਭ ਕੈ ਲੁਭਤ ਹੋਇ, ਕੋਟਨ ਕੋਟਾਨ ਛਬਿ ਛਬਿਕੈ ਲੁਭਾਨ ਹੈ॥ ਕੋਮਲਤਾ ਕੋਟ ਲੋਟ ਪੋਟ ਹ੍ਵੈ ਕੋਮਲਤਾ ਕੈ, ਸੀਤਲਤਾ ਕੋਟ ਓਟ ਚਾਹਿਤ ਹਿਰਾਨ ਹੈ॥ ਅੰਮ੍ਰਿਤ ਕੋਟਾਨਿ ਅਨਹਦ ਗਦ ਗਦ ਹੋਤ, ਮਨ ਮਧੁਕਰ ਤਿਹ ਸੰਪਟ ਸਮਾਨ ਹੈ॥੧੭੧॥

ਵਾਹਿਗੁਰੂ ਦਾ ਰੂਪ ਗੁਰੂ ਤਿਨਾਂ ਦੇ ਚਰਨਾਂ ਕਮਲਾਂ ਦੀ ਧੂੜੀ ਵਿਚ ਬਹੁਤ ਹੀ ਅਨੰਦ ਹੁੰਦਾ ਹੈ ਅਡੋਲ ਰਹਿਣ ਵਾਲੇ ਸੁਖ ਹੈਰਾਨ ਕਰਣ ਵਾਲੇ ਹੋ ਜਾਂਦੇ ਨੇ। ਕ੍ਰੋੜਾਨ

ਕ੍ਰੋੜਾਂ ਹੀ ਸ਼ੋਭਾ (ਗੁਰਾਂ ਦੇ ਚਰਨਾਂ ਕਮਲਾਂ ਦੇ ਉਤੋਂ ਦੀ) (ਲੋਭ) ਲਾਲਚ ਦਰਸ਼ਨ ਦੀ ਇਛਾ ਵਾਲੀਆਂ ਹੋਕੇ ਲੁਭਾਇਮਾਨ ਹੋ ਰਹੀਆਂ ਹਨ ਅਤੇ ਕ੍ਰੋੜਾਨ ਕ੍ਰੋੜਾਂ ਹੀ ਉਪਮਾ ਲੁਭਾਇਮਾਨ ਹੋ ਰਹੀਆਂ ਹਨ। ਫੁਲਾਂ ਦੀਆਂ ਕੋਮਲਤਾਈਆਂ ਕ੍ਰੋੜਾਂ ਹੀ ਲੋਟ ਪੋਟ ਹੋ ਹੋ (ਗੁਰਾਂ ਦੇ ਚਰਨਾਂ ਦੀ ਕੋਮਲਤਾਈ ਤੋਂ) ਪੈਂਦੀਆਂ ਹਨ। ਸੀਤਲਤਾਈਆਂ ਵੀ ਗੁਰਾਂ ਦੇ ਚਰਨਾਂ ਦੀ ਸੀਤਲਤਾਈ ਵੇਖਕੇ ਡਿਗ ਪੈਂਦੀਆਂ ਹਨ ਤੇ ਗੁਰਾਂ ਦੇ ਚਰਨਾਂ ਦੀ ਓਟ ਨਾਲ ਖੜੋਂਦੀਆਂ ਨੇ। ਅੰਮ੍ਰਿਤ ਕ੍ਰੋੜਾਂ ਹੀ ਇਕ ਰਸ ਬਹੁਤ ਹੀ ਖੁਸ਼ੀ ਹੁੰਦੇ ਹਨ ਗੁਰਾਂ ਦੇ ਚਰਨਾਂ ਤੋਂ ਸੋ ਅਜੇਹੇ ਗੁਰਾਂ ਦੇ ਚਰਨਾਂ ਕਮਲਾਂ ਉਪਰ ਸਿਖ ਆਪਣਾ ਮਨ ਭੌਰੇ ਵਾਕਰ ਕਰਦੇ ਹਨ।

ਕਬਿਤ—ਸੋਵਤ ਪੈ ਸੁਪਨ ਚਰਿਤ ਚਿਤ ਦੇਖਿਓ ਚਾਹੇ, ਸਹਿਜ ਸਮਾਧਿ ਬਿਖੈ ਉਨਮਨੀ ਜੋਤ ਹੈ॥ ਸੁਰਾਪਾਨ ਸ੍ਵਾਦ ਮਤਿਵਾਲਾ ਪ੍ਰਤਿ ਪ੍ਰਸੰਨ ਜੈਸੇਂ, ਨਿਝਰ ਅਪਾਰ ਧਾਰ ਅਨਭੈ ਉਦੋਤ ਹੈ॥ ਬਾਲਕ ਪੈ ਨਾਦ ਬਾਦ ਸਬਦ ਬਿਧਾਨ ਚਾਹੇ ਅਨਹਦ ਧੁਨੈ ਰੁਨ ਝੁਨਿ ਸ੍ਰੁਤ ਸ੍ਰੋਤ ਹੈ॥ ਅਕਥ ਕਥਾ ਬਿਨੋਦ ਸੋਈ ਜਾਨੈ ਜਾਂਸੈ ਬੀਤੇ ਚੰਦਨ ਸੁਗੰਧ ਜੈਸੇਂ ਤਰੋਵਰ ਨ ਗੋਤ ਹੈ॥ ੧੭੨॥

ਸੁਪਨੇ ਵਿਚ ਸੁਤਾ ਹੋਇਆ ਆਦਮੀ ਤਮਾਸ਼ੇ ਸੁੰਦਰ ਕੀਤੇ ਹੋਏ ਵੇਖਦਾ ਹੈ ਪਰ ਜੇਕਰ ਕਹੇ ਮੈਂ ਉਠ ਕੇ ਓਹ ਹੀ ਦੇਖ ਲਵਾਂ ਤਾਂ ਨਹੀਂ, ਅਡੋਲ ਵਾਹਿਗੁਰੂ ਵਿਚ ਸਮਾਧੀ ਲਾ ਕੇ ਜੋ ਚੌਥੀ ਭੂਮਕਾ ਦਾ ਪ੍ਰਕਾਸ਼ ਅਨੰਦ ਹੈ ਸੋ ਨਹੀਂ ਦਸ ਸਕਦਾ। ਸ਼ਰਾਬ ਪੀਣੇ ਵਾਲਾ ਆਦਮੀ ਸ਼ਰਾਬ ਦੇ ਸ੍ਵਾਦ ਵਿਚ ਮਸਤ ਕਮਲਾ ਹੋਕੇ (ਪ੍ਰਤਿ) ਆਪਣੇ ਆਪ ਵਿਚ ਆਪ ਹਾ ਪ੍ਰਸੰਨ ਹੁੰਦਾ ਹੈ, ਇਕ ਰਸ ਬਹੁਤ ਵਾਹਿਗੁਰੂ ਦੇ ਅਨ ਭੈ ਗਜ਼ਾਨ ਦੀ ਜੋ ਧਾਰੀ (ਉਦੋਤ) ਪ੍ਰਗਟ ਹੋਈ ਹੈ ਉਸ ਦਾ ਅਨੰਦ ਨਹੀਂ ਕਹਿ ਸਕਦਾ। ਰਾਗ ਹੀਨ ਪਾਸੋਂ ਵਾਜੇ ਦਾ ਅਵਾਜ਼ (ਬਾਦ) ਵਜਾਉਣਾ ਚਾਹੀਏ ਤਾਂ ਓਹ ਵਿਧੀ ਅਨੁਸਾਰ ਉਸ ਪ੍ਰਤੇ ਰਾਗ ਦੀ ਤਾਰ ਨੂੰ ਸਮਝ ਕੇ ਤੇ ਰਾਗ ਅਲਾਪਕੇ ਸ਼ਬਦ ਨਹੀਂ ਸੁਣਾ ਸਕਦਾ (ਰੁਣਝੁਣ) ਇਕ ਰਸ ਕੰਨਾ ਵਿਚ ਸੁਣਨੀ ਕੀਤੀ ਹੈ ਤਾਂ ਉਸ ਦਾ ਅਨੰਦ ਨਹੀਂ ਕਿਹਾ ਜਾਂਦਾ। ਗੁਰਾਂ ਚਰਨਾਂ ਦੀ ਕਥਾ ਦਾ ਅਨੰਦ ਅਕਥ ਹੈ ਇਸ ਤਮਾਸ਼ੇ ਨੂੰ ਸੋਈਓ ਹੀ ਜਾਣਦਾ ਹੈ ਜਿਸ ਨਾਲ ਬੀਤੇ। ਬਹੁਤੇ ਬ੍ਰਿਛਾਂਨੂੰ ਚੰਦਨ ਆਪਣੇ ਵਰਗਾ ਕਰ ਲੈਂਦਾ ਹੈ ਤਿਹਾ ਕੁ ਹੀ ਗੁਰੂ ਸਿਖਾਂ ਨੂੰ ਆਪਣਾ ਰੂਪ ਕਰ ਲੈਂਦੇ ਨੇ ਚੰਦਨ ਵਰਗੀ ਬ੍ਰਿਛ ਦੀ ਜਾਤੀ ਨਹੀਂ ਦਸੀ ਜਾਂਦੀ ਚਾਰੇ ਬਰਨ ਗੁਰਾਂ ਦੇ ਮਤ ਵਿਚ ਅਭੇਦ ਹੋ ਸਕਦੇ ਹਨ।

ਕਬਿਤ—ਪ੍ਰੇਮ ਰਸ ਕੋ ਪ੍ਰਤਾਪ ਸੋਈ ਜਾਨੈ ਜਾਸੈ ਬੀਤੇ, ਮਦਨ ਮਦੋਨ ਮਤਿਵਾਰੇ ਜਗ ਜਾਨੀਐ॥ ਘੂਰਮ ਹ੍ਵੈ ਘਾਇਲ ਸੋ ਘੂਮਤ

ਅਰਨ ਦ੍ਰਿਗ, ਮਿਤ੍ਰ ਸਤ੍ਰਤਾ ਨਿਲਜ ਲਜਾ ਹੂ ਲਜਾਨੀਐ ॥ ਰਸਨਾ ਰਸੀਲੀ ਕਥਾ ਅਕਥ ਕੈ ਮੋਨ ਬ੍ਰਤ ਅਨਰਸ ਰਹਿਤ ਨ ਉਤਰ ਬਖਾਨੀਐ ॥ ਸੁਰਤਿ ਸੰਕੋਚ ਸਮਸਰਿ ਅਸਤੁਤਿ ਨਿੰਦਾ, ਪਗ ਡਗ ਮਗ ਜਤ ਕਤ ਬਿਸਮਾਨੀਐ ॥ ੧੭੩॥

ਪਰੇਮ ਰਸ ਦੇ ਅਨੰਦ ਨੂੰ ਸੋਈਓ ਹੀ ਜਾਣਦਾ ਹੈ ਜਿਸ ਦੇ ਅੰਦਰ ਬੀਰਤਾ ਹੈ, ਸ਼ਰਾਬ ਪੀ ਕੇ ਮਸਤ ਹੋਇਆ ਹੋਇਆ ਕਾਮ ਕ੍ਰੀੜਾ ਨੂੰ ਉਛਲਦਾ ਹੈ (ਪੁਰਖ) ਓਹ ਬੜਾ ਭਲਾ ਜਗਤ ਵਿਚ ਜਾਣੀਦਾ ਹੈ । ਸੂਰਮਾ ਜੰਗ ਵਿਚ ਬੇਹੋਸ਼ ਤੇ ਫੱਟਾਂ ਕਰਕੇ ਫੱਟਿਆ ਹੋਇਆ ਲਾਲ (ਦ੍ਰਿਗ) ਨੇਤਰ ਕਰਕੇ ਘੁੰਮਦਾ ਫਿਰਦਾ ਹੈ ਅਤੇ ਮਿਤ੍ਰ ਸ਼ਤ੍ਰੂਤਾਈ ਤੋਂ ਨਿਲਜ ਹੁੰਦਾ ਹੈ ਉਸ ਨੂੰ ਕੋਈ ਲਜਾ ਦਬਾ ਨਹੀਂ ਸਕਦੀ। (ਰਸਨਾ) ਮਿਠੀ ਰਸ ਲੈਣ ਵਾਲੀ ਨਾਲ ਵਾਹਿਗੁਰੂ ਦੀ ਕਥਾ ਨੂੰ ਕਹਿ ਕੇ ਚੁਪ ਕਰ ਲੈਂਦੇ ਨੇ, ਹੋਰ ਸੰਸਾਰ ਦੇ ਪਦਾਰਥਾਂ ਦੇ ਰਸਾਂ ਸੁਆਦਾਂ ਤੋਂ ਰਹਿਤ ਹੋ ਗਏ ਨੇ। ਉਸਤਤੀ ਨਿੰਦਜਾ ਨੂੰ ਇਕੋ ਜੇਹਾ ਜਾਣਕੇ ਗੁਰਮੁਖਾਂ ਨੇ ਚਿਤ ਬ੍ਰਿਤੀ ਨੂੰ ਸੰਸਾਰ ਦੇ ਪਦਾਰਥਾਂ ਵਲੋਂ ਰੋਕਿਆ ਹੈ ਅਤੇ ਗੁਰਾਂ ਦੇ ਚਰਨਾਂ ਤੋਂ ਡੋਲ ਨਹੀਂ ਸਕਦੇ ਅਸਚਰਜ ਹੋਏ ਰਹਿੰਦੇ ਨੇ।

ਕਬਿਤ—ਤਨਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ, ਤਨਕ ਹੀ ਕਾਂਜੀ ਪਰੇ ਦੂਧ ਫਟ ਜਾਤ ਹੈ ॥ ਤਨਕ ਹੀ ਬੀਜ ਬੋਇ ਬਿਰਖ ਬਿਥਾਰ ਹੋਇ ਤਨਕ ਚਿਨਗ ਪਰ ਭਸਮ ਹ੍ਵੈ ਸਮਾਤ ਹੈ ॥ ਤਨਕ ਹੀ ਖਾਇ ਬਿਖ ਹੋਤ ਹੈ ਬਿਨਾਸ਼ਕਾਲ, ਤਨਕ ਹੀ ਅੰਮ੍ਰਿਤ ਕੈ ਅਮਰ ਹ੍ਵੈ ਗਾਤ ਹੈ ॥ ਸੰਗਤ ਅਸਾਧ ਗਨਿਕਾ ਵਿਵਾਹਤਾ ਜਜੋਂ, ਤਨਕ ਮੈ ਉਪਕਾਰ ਔ ਵਿਕਾਰ ਘਾਤ ਹੈ ॥ ੧੭੪ ॥

ਥੋੜਾ ਜੇਹੀ ਜਾਗ ਨਾਲ ਦੁਧ ਦਾ ਦਹੀਂ ਹੋ ਜਾਂਦਾ ਹੈ ਥੋੜੀ ਜੇਹੀ ਕਾਂਜੀ ਖਟਿਆਈ ਪੈ ਜਾਣ ਨਾਲ ਦੁਧ ਫਿਟ ਜਾਂਦਾ ਹੈ । ਨਿਕਾ ਜੇਹਾ ਬੀਜ ਬੀਜਣ ਨਾਲ ਵਡਾ ਸਾਰਾ ਬ੍ਰਿਛ ਹੋ ਜਾਂਦਾ ਹੈ। ਥੋੜੀ ਜੇਹੀ ਅਗ ਦੀ ਚਿੰਗਿਆੜੀ ਪੈ ਜਾਣ ਨਾਲ ਸਾਰੇ ਬ੍ਰਿਛ ਖਾਕ ਹੋਕੇ ਧਰਤੀ ਨਾਲ ਸਮਾ ਜਾਂਦੇ ਹਨ। ਥੋੜੀ ਜੇਹੀ ਵਿਹੁ ਖਾਣ ਨਾਲ ਮੌਤ ਦਾ ਵੇਲਾ ਨੇੜੇ ਆਉਂਦਾ ਹੈ ਥੋੜਾ ਜੇਹਾ ਅੰਮ੍ਰਿਤ ਪੀਣ ਨਾਲ ਆਦਮੀ ਦਾ ਸਰੀਰ ਮਰਨ ਤੋਂ ਬਿਨਾਂ ਹੋ ਜਾਂਦਾ ਹੈ। ਵੇਸ਼ਵਾ ਇਸਤ੍ਰੀ ਦੀ ਸੰਗਤ ਵਿਕਾਰਾਂ ਨੂੰ ਪ੍ਰਗਟ ਕਰਨੇ ਵਾਲੀ ਹੈ ਅਤੇ ਦਰਿਦ੍ਰ ਰੋਗ ਆਦਿਕ ਨਾਲ ਘਾਤ ਕਰਨ ਵਾਲੀ ਹੈ ਅਤੇ ਵਿਆਹੀ ਹੋਈ ਇਸਤ੍ਰੀ ਦੀ ਸੰਗਤ ਚੰਗੀ ਸੰਤਾਨ ਨੂੰ ਪ੍ਰਗਟ ਕਰਨ ਵਾਲੀ ਹੈ ਤਿਸਤੇ ਅਨੇਕਾਂ ਕੰਮ ਘਰ ਦੇ ਸੌਰਦੇ ਹਨ।

ਕਬਿਤ—ਸਾਧ ਸੰਗ ਦ੍ਰਿਸ਼ਟਿ ਦਰਸ ਕੈ ਬ੍ਰਹਮ ਧਯਾਨ, ਸੋਈ ਤੌ ਅਸਾਧ ਸੰਗ ਦ੍ਰਿਸਟਿ ਬਿਕਾਰ ਹੈ ॥ ਸਾਧ ਸੰਗ ਸ਼ਬਦ ਸੁਰਤਿ ਕੈ ਬ੍ਰਹਮ ਗਯਾਨ, ਸੋਈ ਤੌ ਅਸਾਧ ਸੰਗ ਬਾਦ ਅਹੰਕਾਰ ਹੈ॥ ਸਾਧ ਸੰਗ ਅਸਨ ਬਸਨ ਕੈ ਮਹਾਪ੍ਰਸਾਦਿ*ਸੋਈ ਤੌ ਅਸਾਧ ਸੰਗ ਬਿਖਮ ਅਹਾਰ ਹੈ॥ ਦੁਰਮਤਿ ਜਨਮ ਮਰਨ ਹ੍ਵੈ ਅਸਾਧ ਸੰਗ, ਗੁਰਮਤਿ ਸਾਧ ਸੰਗ ਮੁਕਤਿ ਦੁਆਰ ਹੈ ॥ ੧੭੫ ॥

ਹਰ ਥਾਂ ਵਾਹਿਗੁਰੂ ਦੀ ਮਹਿਮਾ ਤੇ ਵਾਹਿਗੁਰੂ ਨਜ਼ਰ ਆਉਂਦਾ ਹੈ ਤੇ ਮਾੜਿਆਂ ਸਾਧੂਆਂ ਦੀ ਸੰਗਤ ਕਰਨ ਨਾਲ ਪਰਾਈ ਇਸਤ੍ਰੀ ਵੇਖਣ ਦੀ ਵਾਦੀ ਪੈਂਦੀ ਹੈ ਅਤੇ ਦ੍ਰਿਸ਼ਟੀ ਵਿਕਾਰਾਂ ਵਲ ਜਾ ਕੇ ਚੰਚਲ ਹੁੰਦੀ ਹੈ । ਸਾਧ ਸੰਗਤ ਕਰਨ ਨਾਲ ਗੁਰੂ ਕੇ ਉਪਦੇਸ਼ ਦ੍ਵਾਰਾ ਵਾਹਿਗੁਰੂ ਦਾ ਗਯਾਨ ਪ੍ਰਾਪਤ ਹੁੰਦਾ ਹੈ ਬ੍ਰਿਤੀ ਆਤਮ ਵਿਚ ਲਗ ਜਾਂਦੀ ਹੈ ਅਤੇ ਸਾਧ ਸੰਗਤ ਕਰਨ ਨਾਲ ਸ਼ਬਦਾਂ ਨੂੰ ਸੁਣਕੇ ਹੰਕਾਰ ਹੋ ਜਾਂਦਾ ਹੈ ਅਤੇ ਲੋਕਾਂ ਨਾਲ ਝਗੜਾ ਕਰਨ ਦੀ ਇਛਾ ਪ੍ਰਗਟ ਹੁੰਦੀ ਹੈ। ਸਾਧ ਸੰਗਤ ਵਿਚ ਜਾਣ ਨਾਲ ਆਦਮੀ ਸੰਤੋਖੀ ਬਣ ਜਾਂਦੇ ਹਨ ਭੋਜਨ ਮਿਲੇ ਉਸ ਨੂੰ ਕੜਾਹ ਪ੍ਰਸਾਦਿ ਕਰਕੇ ਜਾਣਦੇ ਹੈਨ,(ਬਸਨ) ਫਾਟੇ ਪੁਰਾਣੇ ਬਸਤਰਾਂ ਨੂੰ ਰੇਸ਼ਮ ਦੇ ਕਪੜੇ ਦੁਸ਼ਾਲੇ ਸਮਝਦੇ ਹੈਨ,ਕਠਨ ਅੰਨ ਦੁਖਦਾਈ ਮਾਰਨ ਵਾਲਾ ਛੇਤੀ ਨਾਲ ਹੋ ਜਾਂਦਾ ਹੈ । ਮਾੜਿਆਂ ਸਾਧੂਆਂ ਦੀ ਸੰਗਤ ਕਰਨ ਨਾਲ ਖੋਟੀ ਅਕਲ ਪ੍ਰਗਟ ਹੁੰਦੀ ਹੈ ਅਤੇ ਜਨਮ ਮਰਨ ਚੁਰਾਸੀ ਦਾ ਕਾਰਨ ਇਹ ਫਲ ਮਿਲਦਾ ਹੈ ਅਤੇ ਗੁਰਮੁਖਾਂ ਦੀ ਸੰਗਤ ਕਰਨ ਨਾਲ ਤੇ ਗੁਰਾਂ ਦੀ ਸਿਖਿਆ ਧਾਰਨ ਨਾਲ ਮੁਕਤੀ ਦਾ ਦਰਵਾਜਾ ਸੁਖ ਮਿਲਦਾ ਹੈ ।

ਕਬਿਤ—ਗੁਰਮਤਿ ਚਰਮ ਦ੍ਰਿਸਟਿ ਦਿਬ ਦ੍ਰਿਸ਼ਟਿ ਹ੍ਵੈ, ਦੁਰਮਤਿ ਲੋਚਨ ਅਛਤ ਅੰਧ ਕੰਧ ਹੈ ॥ਗੁਰਮਤਿ ਸੁਰਤਿ ਕੈ ਬਜਰ ਕਪਾਟ ਖੁਲੈ ਦੁਰਮਤਿ ਕਠਨ ਕਪਾਟ ਸਨਬੰਧ ਹੈ ॥ ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਦੁਰਮਤਿ ਮੁਖ ਦੁਰਬਚਨ ਦੁਰਗੰਧਿ ਹੈ॥ ਗੁਰਮਤਿ ਸਹਜਿ ਸੁਭਾਇ ਨ ਹਰਖ ਸੋਗ ਦੁਰਮਤਿ ਬਿਗ੍ਰਹਿ ਵਿਰੋਧ ਕ੍ਰੋਧ ਸੰਗਿ ਹੈ ॥ ੧੭੬ ॥

ਗੁਰਾਂ ਦੀ ਸਿਖਿਆ ਲੈ ਕੇ ਚੰਮ ਵਰਗੀ ਨਜ਼ਰ ਤੋਂ ਪ੍ਰਕਾਸ਼ ਵਾਲੀ ਨਜ਼ਰ ਹੋ ਜਾਂਦੀ ਹੈ ਅਤੇ ਖੋਟਿਆਂ ਦੀ ਸੰਗਤ ਵਿਚ ਜਾਕੇ ਖੋਟੀ ਸਿਖਿਆ ਸੁਣਕੇ ਅੱਖਾਂ ਦੇ

*(ਮਹਾਂ ਪ੍ਰਸ਼ਾਦਿ) ਮਾਸ ਨਹੀਂ, ਕੜਾਹ ਪ੍ਰਸ਼ਾਦ ਹੈ ।

ਹੁੰਦਿਆਂ ਹੀ ਅੰਨ੍ਹੇ ਕੋਠੇ ਦੀ ਕੰਧ ਵਾਂਕਰ ਹੋ ਜਾਂਦੇ ਹਨ। ਗੁਰਾਂ ਦੀ ਸਿਖਿਆ ਸੁਣਨ ਨਾਲ ਪੱਥਰ ਦੇ ਤਖਤੇ ਖੁਲ ਗਏ ਖੋਟੀ ਸਿਖਿਆ ਦੇ ਸੁਣਨ ਨਾਲ ਕਰੜੇ ਤਖਤੇ ਜੜਤਾ ਰੂਪ ਦਾ ਮਿਲਾਪ ਹੋ ਗਿਆ। ਗੁਰਮੁਖ ਗੁਰਾਂ ਦੀ ਸਿਖਿਆ ਕਰਕੇ ਵਾਹਿਗੁਰੂ ਦੇ ਅਨੰਦ ਦੇ ਅੰਮ੍ਰਿਤ (ਖਜਾਨੇ) ਨੂੰ (ਪਾਨ) ਪੀਂਦੇ ਨੇ, ਮਨਮੁਖ ਖੋਟੀ ਸਿਖਿਆ ਸੁਣਕੇ ਮੁਖੋਂ ਬਚਨਾਂ ਰੂਪ ਖੋਟੀ ਵਾਸ਼ਨਾ ਕਢਦੇ ਹਨ। ਗੁਰਮੁਖ ਗੁਰਾਂ ਦੀ ਸਿਖਿਆ ਸੁਣ ਕੇ ਸ਼ਾਂਤੀ ਸੁਭਾਉ ਵਾਲੇ ਹੋ ਜਾਂਦੇ ਹਨ ਅਤੇ ਹਰਖ ਸ਼ੋਕ ਉਨ੍ਹਾਂ ਨੂੰ ਨਹੀਂ ਰਹਿੰਦਾ ਅਤੇ ਮਨਮੁਖ ਖੋਟੀ ਸਿਖਿਆ ਦੇ ਸੁਣਨ ਨਾਲ ਵਿਗੜ ਜਾਂਦੇ ਨੇ ਅਤੇ ਵਿਰੋਧ ਕ੍ਰੋਧ ਦੇ ਮਿਲਾਪੀ ਹੋ ਜਾਂਦੇ ਨੇ।

ਕਬਿਤ—ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ, ਕਾਮ ਚੇਸਟਾ ਸੰਜੋਗ ਜਤ ਸਤ ਵੰਤ ਹੈ॥ ਕ੍ਰੋਧ ਕੇ ਵਿਰੋਧ ਬਿਖੈ ਸਹਿਜ ਸੰਤੋਖ ਮੋਖ, ਲੋਭ ਲਹਿਰੰਤਰ ਧਰਮ ਧੀਰ ਜੰਤ ਹੈ॥ ਮਾਯਾ ਮੋਹ ਦ੍ਰੋਹ ਕੈ ਅਰਥ ਪ੍ਰਮਾਰਥ ਸੈਂ, ਅਹੰਮੇਵ ਟੇਵ ਦਯਾ ਦ੍ਰਵੀਭੂਤ ਸੰਤ ਹੈ॥ ਦੁਕ੍ਰਿਤ ਸੁਕ੍ਰਿਤ ਚਿਤ ਮਿਤ੍ਰ ਸੱਤ੍ਰਤਾ ਸੁਭਾਵ ਪਰਉਪਕਾਰ ਔ ਵਿਕਾਰ ਮੂਲ ਮੰਤ ਹੈ॥੧੭੭॥

ਮਾੜਿਆਂ ਸਾਧੂਆਂ ਦੀ ਸੰਗਤ ਕਰਕੇ ਖੋਟੀ ਅਕਲ ਆਉਂਦੀ ਹੈ ਕਾਮ ਕ੍ਰੀੜਾ ਦਾ ਮਿਲਾਪ ਹੁੰਦਾ ਹੈ। ਆਦਮੀ ਬਹੁਤ ਵਿਸ਼ਈ ਹੋ ਜਾਂਦਾ ਹੈ। ਸਾਧ ਸੰਗਤ ਗੁਰਮਤਿ ਜਤ ਸਤਵੰਤ। ਗੁਰਮੁਖਾਂ ਦੀ ਸੰਗਤ ਕਰਕੇ ਚੰਗੀ ਅਕਲ ਆਉਂਦੀ ਹੈ ਅਤੇ ਜਤੀ ਸਤੀ ਆਦਮੀ ਹੁੰਦਾ ਹੈ। (ਜੰਤ) ਆਦਮੀ ਮਨਮੁਖਾਂ ਦੀ ਸੰਗਤ ਕਰਨ ਨਾਲ ਗੁਸੇ ਕਰਕੇ ਵੈਰ ਵਿਚ ਨਿਵਾਸ ਕਰਦਾ ਹੈ ਅਤੇ ਪਦਾਰਥਾਂ ਤੇ ਲਾਲਚ ਦੀ ਲਹਿਰ ਦੇ ਅੰਦਰ ਪਹੁੰਚਦਾ ਹੈ। ਗੁਰਮੁਖਾਂ ਦੀ ਸੰਗਤ ਕਰਨ ਨਾਲ ਸੰਤੋਖ ਪਦਾਰਥਾਂ ਦੀ ਇਛਾ ਤੋਂ ਰਹਿਤ ਅਤੇ ਮੁਕਤੀ ਤੇ ਧਰਮ ਕਰਨ ਵਾਲੇ ਧੀਰਜ ਵਾਲੇ ਗੁਣ ਆਦਮੀਆਂ ਵਿਚ ਆਉਂਦੇ ਹਨ। ਮਨਮੁਖ ਖੋਟੀ ਸੰਗਤ ਵਿਚ ਬੈਠਕੇ ਮਾਇਆ ਵਿਚ ਮੋਹ ਪਿਆਰ ਅਤੇ ਧ੍ਰੋਹ ਦਗਾ (ਕਿਸੇ ਨਾਲ ਧੋਖਾ ਕਰਨਾ) ਹੰਕਾਰ ਔਗੁਣਾਂ ਕਰਕੇ ਬੁਰੀ ਆਦਤ ਪੈ ਜਾਂਦੀ ਹੈ, ਵਾਹਿਗੁਰੂ ਦੇ ਰਸਤੇ ਦੇ ਜਾਨਣ ਵਾਲੇ ਗੁਰਮੁਖ, ਗੁਰਮੁਖਾਂ ਦੀ ਸੰਗਤ ਕਰਕੇ ਹੁੰਦੇ ਹਨ ਅਤੇ ਦਯਾਵਾਨ ਹੁੰਦੇ ਹਨ ਤੇ ਬਹੁਤ ਨਿੰਮ੍ਰਤਾ ਕਰਨੀ ਅਤੇ ਸੰਤ ਬਣ ਜਾਣਾ ਅਜੇਹੇ ਗੁਣ ਗੁਰਮੁਖਾਂ ਨੂੰ ਸਾਧ ਸੰਗਤ ਵਿਚੋਂ ਮਿਲਦੇ ਹਨ। ਖੋਟਿਆਂ ਦੀ ਸੰਗਤ ਕਰਕੇ ਪਾਪ ਤੇ ਚਿਤ ਵਿਚ ਵੈਰ ਪੁਣੇ ਦਾ ਸੁਭਾਉ ਪ੍ਰਗਟ ਹੁੰਦਾ ਹੈ ਅਤੇ ਵਿਕਾਰਾਂ ਦਾ ਮੁਢ ਜੋ ਕਾਮ ਹੈ ਇਸ ਦੇ ਹੀ ਮਨ ਮੁਖ (ਮੰਤ) ਮੰਤ੍ਰ ਜੰਤ੍ਰ ਤੰਤ੍ਰ ਕਰਦੇ ਰਹਿੰਦੇ ਹਨ। (ਸੁਕ੍ਰਿਤ) ਪੁੰਨ ਕਰਨੇ ਦਾ ਉਤਸ਼ਾਹ ਚਿਤ ਵਿਚ ਪ੍ਰਗਟ ਹੁੰਦਾ ਹੈ ਅਤੇ ਮਿਤ੍ਰਤਾਈ ਦਾ ਸੁਭਾਵ ਸਾਰਿਆਂ ਨਾਲ ਪ੍ਰਗਟ ਹੋਂਦਾ ਹੈ ਅਤੇ ਪਰਉਪਕਾਰ ਕਰਦੇ ਨੇ ਅਜਿਹੇ ਗੁਣ ਗੁਰਮੁਖਾਂ ਦੀ ਸੰਗਤ

ਕਰਕੇ ਗੁਰਸਿਖਾਂ ਨੂੰ ਮਿਲਦੇ ਹਨ।

ਕਬਿਤ—ਸਤਿਗੁਰ ਸਿਖ ਰਿਦੈ ਪ੍ਰਥਮ ਕ੍ਰਿਪਾ ਕੈ ਬਸੈ, ਤਾਂ ਪਾਛੈ ਕਰਤ ਆਗਯਾ ਮਯਾ ਕੈ ਮਨਾਵਈ॥ ਆਗਯਾ ਮਾਨ ਗਯਾਨ ਗੁਰ ਪਰਮ ਨਿਧਾਨ ਦਾਨ, ਗੁਰਮੁਖ ਸੁਖ ਫਲ ਨਿਜ ਪਦ ਪਾਵਈ॥ ਨਾਮ ਨਿਹਕਾਮ ਧਾਮ ਸਹਜ ਸਮਾਧਿ ਲਿਵ, ਅਗਮ ਅਗਾਧ ਕਥਾ ਕਹਿਤ ਨ ਆਵਈ॥ ਜੈਸੋ ਜੈਸੋ ਭਾਉ ਕਰ ਪੂਜਤ ਪਦਾਰਬਿੰਦ, ਸਕਲ ਸੰਸਾਰ ਕੈ ਮਨੋਰਥ ਪੁਜਾਵਈ॥੧੭੯॥

ਗੁਰੂ ਸਿਖ ਦੇ ਵਿਚ ਵੱਸਣ ਤਿਸ ਪਿਛੋਂ ਫਿਰ ਆਪਣੀ ਆਗਯਾ ਕਰਨ, ਫਿਰ ਆਪ ਹੀ ਕਿਰਪਾ ਕਰਕੇ ਸਿਖ ਨੂੰ ਮਨਾਵੇਂ ਸਿਖ ਰੁਸ ਜਾਵੇ ਯਾ ਕੰਮ ਨਾ ਕਰੇ ਤਾਂ ਆਪ ਉਸ ਨੂੰ ਬਖਸ਼ ਲੈਣ। ਸਿਖ ਗੁਰੂ ਕੀ ਆਗਯਾ ਮੰਨ ਲਵੇ ਤਾਂ ਗੁਰੂ ਚੰਗੇ ਅੰਮ੍ਰਿਤ ਦੇ ਸਮੁੰਦਰ ਵਾਹਿਗੁਰੂ ਦੇ ਸੁਖ ਦਾ ਦਾਨ ਕਰਦੇ ਹਨ, ਫਿਰ ਗੁਰਮੁਖ ਓਹ ਗੁਰੂ ਜੀ ਦੀ ਆਗਿਆ ਮੰਨਣ ਵਾਲਾ ਅਨੰਦ ਨੂੰ ਪਾ ਕੇ ਆਪਣਾ ਘਰ ਵਾਹਿਗੁਰੂ ਨੂੰ ਲੈਂਦਾ ਹੈ। ਨਾਮ ਨੂੰ ਜਪਕੇ ਪਦਾਰਥਾਂ ਦੀ ਇਛਾ ਤੋਂ ਰਹਿਤ ਹੋਕੇ ਘਰ ਵਿਚ ਹੀ ਰਹਿਕੇ ਸਹਜ ਅਟਲ ਸੁਖ ਜਪਕੇ ਸਮਾਧੀ ਲਾਕੇ ਬ੍ਰਿਤੀ ਲਗਾਉਂਦਾ ਹੈ, ਗੁਰਾਂ ਦੇ ਕੌਤਕਾਂ ਦੀਆਂ ਓਹ ਸਾਖੀਆਂ ਕਰਦੇ ਹਨ ਅਤੇ ਓਹ ਸਾਖੀਆਂ ਦਾ ਅਨੰਦ ਕਿਸੇ ਪਾਸੋਂ ਨਹੀਂ ਕਿਹਾ ਜਾਂਦਾ। ਜਿਹਾ ਜਿਹਾ (ਭਾਉ) ਪ੍ਰੇਮ ਕਰਕੇ ਜੀਵ ਓਨ੍ਹਾਂ ਦੇ ਚਰਨ ਕਮਲ ਪੂਜਦੇ ਹਨ ਸੰਸਾਰ ਦੇ ਮਨ ਦੇ ਅਰਥ ਓਨ੍ਹਾਂ ਨੂੰ ਅਪੜਾ ਦੇਂਦੇ ਹਨ।

ਕਬਿਤ—ਜੈਸੇ ਪ੍ਰਿਯਾ ਭੇਟਤ ਅਧਾਨ ਨਿਰਮਾਨ ਹੋਤ, ਬਾਂਛਤ ਬਿਧਾਨ ਖਾਨ ਪਾਨ ਅਗ੍ਰ ਭਾਗ ਹੈ॥ ਜਨਮਤ ਸੁਤ ਖਾਨ ਪਾਨ ਕੋ ਸੰਜਮ ਕਰੈ, ਸੁਤ ਹਿਤ ਰਸ ਕਸ ਸਕਲ ਤਿਆਗ ਹੈ॥ਤੈਸੇ ਗੁਰ ਚਰਨ ਸਰਨ ਕਾਮਨਾ ਪੁਜਾਇ, ਨਾਮ ਨਿਹਕਾਮ ਧਾਮ ਅਨਤ ਨ ਲਾਗ ਹੈ॥ ਨਿਸ ਅੰਧਕਾਰ ਭਵ ਸਾਗਰ ਸੰਸਾਰ ਬਿਖੈ, ਪੰਚ ਤਸਕਰ ਜੀਤ ਸਿਖ ਹੀ ਸੁ ਜਾਗ ਹੈ॥੧੭੯॥

ਪਿਆਰੇ ਪਤੀ ਦੇ ਮਿਲਨ ਨਾਲ ਗਰਭ ਇਸਤ੍ਰੀ ਨੂੰ ਹੁੰਦਾ ਹੈ ਇਸਤ੍ਰੀ ਨਿਮਾਣੀ ਹੋਕੇ ਪਤੀ ਅਗੇ ਰਹੇ ਤਾਂ ਇਸਤ੍ਰੀ ਨੂੰ ਉਲਾਦ ਦਾ ਸੁਖ ਅਤੇ ਮਨ ਭਾਵਤ ਖਾਣਿਆਂ ਦਾ ਅਨੰਦ ਪਤੀ ਦੇਂਦਾ ਹੈ। ਪੁਤ ਦੇ ਜੰਮਦਿਆਂ ਹੀ ਇਸਤ੍ਰੀ ਮਾੜੇ ਚੰਗੇ ਸੁਾਦੀ ਓਹਨਾਂ ਖਾਣਿਆਂ ਦੇ ਖਾਣ ਤੋਂ ਪਥ ਕਰਦੀ ਹੈ ਪੁਤਰ ਵਾਸਤੇ ਛੀਆਂ ਰਸਾਂ ਦਾ ਸੁਾਦ ਸਾਰਾ ਛਡ ਦੇਂਦੀ ਹੈ। ਗੁਰਾਂ ਦੇ ਚਰਨਾਂ ਦੀ ਸ਼ਰਨ ਆਉਣ ਨਾਲ ਸਾਰੀਆਂ ਇਛਾ ਪੂਰੀਆਂ

ਹੁੰਦੀਆਂ ਹਨ, ਗੁਰਮੁਖ ਨਾਮ ਨੂੰ ਜਪਕੇ ਪਦਾਰਥਾਂ ਦੀਆਂ ਇਛਾ ਤੋਂ (ਨਿਸ਼ਕਾਮ) ਰਹਿਤ ਹੋਏ ਹਨ ਘਰ ਰਾਤ ਅੰਧੇਰੀ ਅਗਿਆਨਤਾਈ ਜਨਮ ਮਰਨ ਦਾ ਸਬਬ ਜਿਹੜੀ ਸੰਸਾਰ ਸਮੁੰਦਰ ਵਿਚ ਬਣਾਈ ਰਖਦੀ ਹੈ।

ਭਾਵ—ਜੁਵਾਨੀ ਉਮਰ ਜਿਹੜੀ ਅੰਧੇਰੀ ਆਦਮੀ ਉਪਰ ਆਉਂਦੀ ਹੈ ਇਸ ਵਿਚ ਮਨਮੁਖ ਤਾਂ ਵਿਸ਼ਿਆਂ ਵਲ ਲਗ ਕੇ ਆਪਣਾ ਆਪ ਨਾਸ਼ ਕਰ ਲੈਂਦੇ ਹਨ ਗੁਰਮੁਖ ਇਸ ਹੀ ਜੁਵਾਨੀ ਰਾਤ ਵਿਚ ਪੰਜ ਚੋਰਾਂ ਨੂੰ ਜਿਤ ਕੇ ਜਾਗਦੇ ਹਨ।

ਗੁਰੂ ਕੀ ਆਗਿਆ ਮੰਨਣ ਵਾਲੇ ਸਿਖ ਨੂੰ ਕੀ ਮਿਲਦਾ ਹੈ?—

ਕਬਿਤ—ਸਤਿਗੁਰ ਆਗਯਾ ਪ੍ਰਤਿਪਾਲਕ ਬਾਲਕ ਸਿਖ, ਚਰਨ ਕਮਲ ਰਜ ਮਹਿਮਾ ਅਪਾਰ ਹੈ॥ ਸਿਵ ਸਨਕਾਦਿ ਬ੍ਰਹਮਾਦਿਕ ਨ ਗੰਮਤਾ ਹੈ, ਨਿਗਮ ਸੇਖਾਦਿ ਨੇਤਿ ਨੇਤਿ ਕੈ ਉਚਾਰ ਹੈ॥ ਚਤਰ ਪਦਾਰਥ ਤ੍ਰਿਕਾਲ ਤ੍ਰਿਭਵਨ ਚਾਹੈ, ਜੋਗ ਭੋਗ ਸੁਰਸਰਿ ਸਰਧਾ ਸੰਸਾਰ ਹੈ॥ ਪੂਜਨ ਕੌ ਪੂਜ ਅਰ ਪਾਵਨ ਪਵਿਤ੍ਰ ਕਰੈ, ਅਕਥ ਕਥਾ ਬੀਚਾਰ ਬਿਮਲ ਬਿਥਾਰ ਹੈ॥ ੧੯੦॥

ਜਿਹੜਾ ਬਾਲਕ ਸਿਖ ਗੁਰਾਂ ਦੀ ਆਗਿਆ ਦਾ ਮੰਨਣ ਵਾਲਾ ਹੁੰਦਾ ਹੈ ਉਸ ਦੇ ਚਰਨ ਕਮਲਾਂ ਦੀ ਧੂੜੀ ਦੀ ਉਸਤਤੀ ਬਹੁਤ ਹੈ। ਸ਼ਿਵਜੀ, ਤੇ ਚਾਰ ਪੁਤਰ ਬ੍ਰਹਮਾ ਦੇ, ਅਤੇ ਹੋਰ ਬ੍ਰਹਮਾ ਵਰਗੇ ਵੀ ਉਸ ਸਿਖ ਦੇ ਚਰਨਾਂ ਦੀ ਖਾਕ ਦੇ ਬਰਾਬਰ ਨਹੀਂ ਪਹੁੰਚ ਸਕਦੇ ਵੇਦ ਤੇ ਸ਼ੇਸ਼ਨਾਗ ਵਰਗੇ ਬੇਅੰਤ ਬੇਅੰਤ ਉਚਾਰਦੇ ਹਨ। ਧਰਮ, ਅਰਥ, ਕਾਮ, ਮੋਖ,(ਤ੍ਰਿਕਾਲ) ਤਿੰਨ ਵੇਲੇ ਲੋਕ,ਯੋਗ ਕਰਨ ਵਾਲੇ ਜੋਗੀ,ਭੋਗਣ ਵਾਲੇ ਭੋਗੀ, ਗੰਗਾ ਦੇਵਤੇ ਸਾਰਾ ਹੀ ਸੰਸਾਰ, ਉਸ ਗੁਰੂ ਦੇ ਸਿਖ ਦੇ ਚਰਨਾਂ ਦੀ ਧੂੜ ਨੂੰ ਆਦਰ ਨਾਲ ਮਥੇ ਤੇ ਲਾਉਂਦੇ ਹਨ। ਸਿਖ ਦੇ ਚਰਨਾਂ ਦੀ ਧੂੜੀ, ਪੂਜਣ ਵਾਲਿਆਂ ਨੂੰ, ਅਗੇ ਪੂਜਨੀਕ ਕਰਦੀ ਹੈ ਸਿਖ ਦੀ ਅਕਥ ਕਥਾ ਹੈ ਭਾਵ ਵਿਚਾਰੀ ਨਹੀਂ ਜਾਂਦੀ ਅਤੇ ਉਸ ਧੂੜੀ ਦਾ ਉਜਲ ਫੈਲਾਓ ਹੈ। ਸਾਰਿਆਂ ਨੂੰ ਨਿਹਾਲ ਕਰ ਦੇਂਦੀ ਹੈ।

ਕਬਿਤ—ਗੁਰਮੁਖ ਸੁਖ ਫਲ ਚਾਖਤ ਭਈ ਉਲਟਿ, ਤਨ ਸਨਾਤਨ ਮਨ ਉਨਮਨ ਮਾਨੇ ਹੈ॥ ਦੁਰਮਤ ਉਲਟਿ ਭਈ ਹੈ ਗੁਰਮਤਿ ਰਿਦੈ, ਦੁਰਜਨ ਸੁਰਜਨ ਕਰ ਪਹਿਚਾਨੇ ਹੈ॥ ਸੰਸਾਰੀ ਸੈ ਉਲਟਿ ਪਲਟਿ ਨਿਰੰਕਾਰੀ ਭਏ, ਬਗ ਬੰਸ, ਹੰਸ ਭਏ ਸਤਿਗੁਰ ਗਯਾਨੇ ਹੈ॥ ਕਾਰਨ ਅਧੀਨ ਦੀਨ ਕਾਰਨ ਕਰਨ ਭਏ, ਹਰਨ ਭਰਨ ਭੇਦ ਅਲਖ ਲਖਾਨੇ ਹੈ॥ ੧੯੧॥

ਗੁਰੂ ਕੇ ਸਿਖਾਂ ਦੇ ਚਰਨਾਂ ਦੀ ਧੂੜੀ ਪਾ ਕੇ (ਸਦਾ ਹੀ ਸੁਖੀ ਰਖਣ ਵਾਲਾ ਫਲ) ਗਜਾਨ ਤਿਸ ਨੂੰ ਹਿਰਦੇ ਵਿਚ ਧਾਰਕੇ ਅਤੇ ਉਸਦੇ ਅਨੰਦ ਦਾ ਸੁਆਦ ਚਖਕੇ ਸੰਸਾਰ ਵਲੋਂ ਓਹਨਾਂ ਗੁਰਮੁਖਾਂ ਦੀ ਅਕਲ ਉਲਟ ਗਈ ਹੈ। ਸਰੀਰ ਤਾਂ ਪਿਛਲਾ ਹੋ ਗਿਆ ਹੈ, ਵਡਿਆਂ ਲੋਕਾਂ ਵਾਲੇ ਕੰਮ ਕਰਨ ਵਾਲਾ ਓਹੋ ਜਿਹਾ ਹੋ ਗਿਆ ਹੈ ਅਤੇ ਮਨ ਤੁਰੀਆ ਪਦ ਮੰਨਦਾ ਹੈ ਭਾਵ ਨਾਮ ਜਪਦਾਹੈ। ਖੋਟੀ ਅਕਲ ਵਲੋਂ ਬ੍ਰਿਤੀ)ਬੁਧੀ ਉਲਟ ਗਈ ਹੈ ਚੰਗੀ ਅਕਲ ਗੁਰਾਂ ਦੀ ਹਿਰਦੇ ਵਿਚ ਪ੍ਰਕਾਸ਼ ਹੋਈ ਹੈ, ਖੋਟੇ ਆਦਮੀਆਂ ਵੈਰੀਆਂ ਨੂੰ ਦੇਵਤਿਆਂ ਵਰਗੇ ਆਦਮੀ ਕਰਕੇ ਜਾਨਣ ਲਗ ਪਏ। ਸੰਸਾਰ ਦੇ ਜੀਵਾਂ ਗ੍ਰਿਹਸਤੀਆਂ ਦੇ ਕੰਮਾਂ ਦੇ ਪਲਟੇ ਤੋਂ ਉਲਟਕੇ ਵਿਓਪਾਰੀਆਂ ਵਾਲੇ ਕੰਮਛਡ ਕੇ ਵਾਹਿਗੁਰੂ ਦੇ ਮਿਲਣ ਵਾਲਿਆਂ ਕੰਮਾਂ ਵਲ ਲਗ ਪਏ, ਬਗਲੇ ਆਦਮੀ ਦੀ ਉਲਾਦ ਤੋਂ ਹੰਸਾਂ ਵਰਗੀ ਉਚੀ ਕੁਲ ਵਾਲੇ ਹੋਏ ਪਰ ਇਹ ਸਾਰਾ ਪ੍ਰਤਾਪ ਸਤਿਗੁਰਾਂ ਦੇ ਗਜਾਨ ਦਾ ਹੈ। ਸੰਸਾਰ ਦੇ ਕਰਨ ਵਾਲੀ ਮਾਇਆ ਡੈਣ ਦੇ ਵਸ ਗਰੀਬਾਂ ਵਾਕਰ ਹੋਏ ਹੋਏ ਸੀ ਤੇ ਸਭ ਕੰਮ ਕਰਨ ਨੂੰ ਸਮਰਥ ਹਨ ਤੇ ਨਾਸ ਪਾਲਣ ਵੇਖਿਆ ਨਹੀਂ ਜਾਂਦਾ ਪਰ ਓਹ ਗੁਰਮੁਖ ਸਾਰਿਆਂ ਨੂੰ ਹੀ ਵੇਖਾ ਦੇਂਦੇ ਹਨ।

ਕਬਿਤ—ਗੁਰਮੁਖ ਸੁਖ ਫਲ ਚਾਖਤ ਉਲਟ ਪਈ, ਜੋਨਿ ਕੈ ਅਜੋਨ ਭਏ ਕੁਲ ਅਕੁਲੀਨ ਹੈ ॥ ਜੰਤਨ ਤੇ ਸੰਤ ਔ ਬਿਨਾਸੀ ਅਬਿਨਾਸੀ ਭਏ, ਅਧਮ ਅਸਾਧ ਭਏ ਸਾਧ ਪ੍ਰਬੀਨ ਹੈ ॥ ਲਾਲਚੀ ਲਲੂਜਨ ਤੇ ਪਾਵਨ ਕੈ ਪੂਜ ਕੀਨੇ, ਅੰਜਨ ਜਗਤ ਮੈ ਨਿਰੰਜਨ ਈ ਦੀਨ ਹੈ ॥ ਕਾਟਿ ਮਾਯਾ ਫਾਸੀ ਗੁਰੁ ਗ੍ਰਿਹ ਮੈ ਉਦਾਸੀ ਕੀਨੇ, ਅਨਭੈ ਅਭਯਾਸੀ ਪ੍ਰਿਯਾ ਪ੍ਰੇਮ ਰਸ ਭੀਨ ਹੈ ॥ ੧੯੨ ॥

ਜਿਨ੍ਹਾ ਗੁਰਮੁਖਾਂ ਨੇ ਗੁਰਾਂ ਦੀ ਸਿਖਿਆ ਲਈ ਹੈ ਅਤੇ ਓਹਨਾਂ ਨੂੰ ਸੁਖ ਫਲ ਹੋਇਆ ਹੈ ਉਹਨਾਂ ਦੀ ਬੁਧੀ ਗਜਾਨ ਦੇ ਅਨੰਦ ਦਾ ਸੁਆਦ ਚਖਕੇ ਸੰਸਾਰ ਦੇ ਪਦਾਰਥਾਂ ਵਲੋਂ ਹਟ ਗਈ। ਜੋਨੀਆਂ ਦਾ ਦੁਖ ਹੈ ਇਸ ਤੋਂ ਅਤੇ ਕਲਾਂ ਦੇ ਹੰਕਾਰ ਤੋਂ ਰਹਿਤ ਹੋਏ। ਨੀਚਾਂ ਆਦਮੀਆਂ ਤੋਂ ਸੰਤ ਬਣ ਗਏ ਅਤੇ ਮਰਨ ਤੋਂ ਰਹਿਤ ਹੋਕੇ ਨਾ ਮਰਨ ਵਾਲੇ ਵਾਹਿਗੁਰੂ ਦਾ ਰੂਪ ਹੋ ਗਏ ਅਤੇ ਗੁਰਾਂ ਦਾ ਦਰਸ਼ਨ ਲੈਕੇ ਚਤਰ ਸਾਧੂ ਵਾਹਿਗੁਰੂ ਦਾ ਭਜਨ ਕਰਨ ਵਾਲੇ ਹੋ ਗਏ।

ਭਾਵ—ਮਾੜਿਆਂ ਆਦਮੀਆਂ ਤੋਂ ਚੰਗੇ ਬਣ ਗਏ। ਸਤਿਗੁਰਾਂ ਨੇ ਆਪਣੀ ਕਿਰਪਾ ਕਰਕੇ ਜਗਤ ਦੇ ਆਦਮੀਆਂ ਨੂੰ ਲਾਲਚੀ ਲੋਭੀਆਂ ਤੇ (ਲਲੂਜਨ) ਲਪਟਾਂ ਪਵਿਤ੍ਰ ਕਰ ਦਿਤੇ ਅਤੇ ਪੂਜਨੀਕ ਸਾਰੇ ਜਗਤ ਦੇ ਮੰਨਣ ਵਾਲੇ ਕਰ ਦਿਤੇ, ਵਾਹਿਗੁਰੂ ਦਾ ਨਾਮ ਜਪਣ ਵਾਲੇ ਨਿੰਮ੍ਰਿਤਾ ਸੰਜੁਗਤ ਕਰ ਦਿਤੇ। ਸਤਿਗੁਰਾਂ ਨੇ ਅਜੇਹੀ ਕਿਰਪਾ ਕੀਤੀ ਕਿ ਮਾਯਾ ਦੀ ਫਾਹੀ ਵਢ ਕੇ ਇਕ ਦਾ ਮੋਹ ਤੋੜ ਕੇ ਘਰ ਵਿਚ ਹੀ ਸੰ

ਵਾਹਿਗੁਰੂ ਨੂੰ ਮਿਲਣ ਵਾਲੇ ਕਰ ਦਿਤੇ ਡਰ ਤੋਂ ਰਹਿਤ ਜੋ ਗਿਆਨ ਵਾਨ ਹੈ ਉਸਦੇ ਅਭਜਾਸ ਕਰਨ ਵਾਲੇ ਕਰ ਦਿਤੇ ਪਜਾਰੇ ਵਾਹਿਗੁਰੂ ਦੇ ਨਾਮ ਦੇ ਅਨੰਦ ਵਿਚ ਮਸਤ ਹੋਏ ਰਹਿੰਦੇ ਹਨ।

ਕਬਿਤ—ਸਤਿਗੁਰ ਦਰਸ ਧਿਆਨ ਅਸਚਰਜ ਮੈ, ਦਰਸ਼ਨੀ ਹੋਤ ਖਟ ਦਰਸ਼ ਅਤੀਤ ਹੈ ॥ ਸਤਿਗੁਰ ਚਰਨ ਸਰਨ ਨਿਹਕਾਮ ਧਾਮ, ਸੇਵਕ ਨ ਆਨ ਦੇਵ ਸੇਵ ਕੀ ਨ ਪ੍ਰੀਤ ਹੈ ॥ ਸਤਿਗੁਰ ਸਬਦਸੁਰਤਿ ਲਿਵ ਮੂਲ ਮੰਤ੍ਰ, ਜੰਤ੍ਰਆਨ ਤੰਤ੍ਰ ਕੀ ਨ ਸਿਖਨ ਪ੍ਰਤੀਤ ਹੈ॥ ਸਤਿਗੁਰ ਕ੍ਰਿਪਾ ਸਾਧ ਸੰਗਤ ਪੰਗਤ ਸੁਖ, ਹੰਸ ਬੰਸ ਮਾਨਸਰ ਅਨਤ ਨ ਚੀਤ ਹੈ ॥ ੧੯੩ ॥

ਗੁਰਾਂ ਦੇ ਦਰਸ਼ਨ ਦਾ ਪਿਆਰ ਕਰਨ ਵਾਲਾ ਹੋ ਜਾਂਦਾ ਹੈ। ਛੀਆਂ ਦਰਸ਼ਨਾਂ ਦੇ ਮਤਾਂ ਨੂੰ ਛਡ ਕੇ ਦਰਸ਼ਨ ਕਰਨ ਵਾਲਾ ਹੋ ਜਾਂਦਾ ਹੈ। ਹੋਰਨਾਂ ਭੇਖਾਂ ਤੋਂ ਰਹਿਤ ਹੋਕੇ ਸੋਹਣੇ ਬਾਣੇ ਵਾਲਾ ਗੁਰਾਂ ਦਾ ਸਿਖ ਦਰਸ਼ਨੀ ਬਣ ਜਾਂਦਾ ਹੈ। ਸਤਿਗੁਰਾਂ ਦੇ ਚਰਨਾਂ ਦੀ ਸ਼ਰਨ ਜਾਕੇ ਪਦਾਰਥਾਂ ਦੀਆਂ ਇਛਾ ਤੋਂ ਨਿਸ਼ਕਾਮ ਰਹਿਤ ਹੋਏ ਅਤੇ ਘਰ ਵਿਚ ਹੀ ਵਾਹਿਗੁਰੂ ਨੂੰ ਪਾ ਲਿਆ ਓਹ ਟਹਿਲੂਏ ਗੁਰਾਂ ਦੇ ਹੋਰ ਦੇਵੀ ਦੇਵਤਿਆਂ ਦੀ ਸੇਵਾ ਵਿਚ ਪ੍ਰੀਤੀ ਨਹੀਂ ਕਰਦੇ। ਗੁਰਾਂ ਦੇ ਸਿਖ ਗੁਰਾਂ ਦੇ ਉਪਦੇਸ਼ ਵਿਚ ਬ੍ਰਿਤੀ ਲਗਾ ਕੇ ਚੰਗੀ ਪ੍ਰੀਤੀ (ਮੂਲ ਮੰਤ੍ਰ) ਸਤਿਨਾਮ ਸ੍ਰੀ ਵਾਹਿਗੁਰੂ ਵਿਚ ਕਰਦੇ ਹਨ। ਜੰਤ੍ਰ ਮੰਤ੍ਰ ਤੰਤ੍ਰਾਂ ਵਿਚ ਸਿਖਾਂ ਦੀ ਪ੍ਰਤੀਤ ਨਹੀਂ ਹੈ। ਗੁਰਾਂ ਦੇ ਸਤਿਸੰਗ ਨੂੰ ਤੇ ਗੁਰਾਂ ਨੂੰ ਛਡ ਕੇ ਸਿਖਾਂ ਦਾ ਚਿਤ ਅਜਿਹਾ ਕੁ ਕਿਧਰੇ ਨਹੀਂ ਜਾਂਦਾ ਜਿਹਾ ਕੁ ਹੰਸਾਂ ਦੀ ਉਲਾਦ ਹੰਸ ਬਚਿਆਂ ਦਾ ਮਾਨ ਸਰੋਵਰ ਤਾਲ ਨੂੰ ਛਡ ਕੇ ਹੋਰਥੇ ਚਿਤ ਨਹੀਂ ਜਾਂਦਾ।

ਕਬਿਤ—ਘੋਸਲਾ ਮੋ ਅੰਡਾ ਤਜਿ ਉਡਤ ਅਕਾਸ ਚਾਰੀ, ਸੰਧਜਾ ਸਮੈ ਅੰਡਾ ਹੇਤ ਚੇਤ ਫਿਰ ਆਵਈ ॥ ਤਿਰੀਆ ਤਿਆਗ ਸੁਤ ਜਾਤ ਬਨ ਖੰਡ ਬਿਖੈ, ਸੁਤ ਕੀ ਸੁਰਤਿ ਗ੍ਰਿਹ ਆਇ ਸੁਖ ਪਾਵਈ ॥ ਜੈਸੇ ਜਲ ਕੂੰਡਿ ਕਰ ਛਾਡੀਅਤ ਜਲਚਰੀ, ਜਬ ਚਾਹੈ ਤਬ ਗਹਿ ਲੇਤ ਮਨ ਭਾਵਈ ॥ ਤੈਸੇ ਚਿਤ ਚੰਚਲ ਭ੍ਰਮਤ ਹੈ ਚਤਰ ਕੁੰਟ, ਸਤਿਗੁਰ ਬੋਹਿਥ ਬਿਹੰਗ ਠਹਿਰਾਵਈ ॥੧੯੪॥

ਅਕਾਸ਼ ਦੇ ਵਿਚਰਨੇ ਵਾਲਾ ਪੰਛੀ ਆਲ੍ਹਣੇ ਵਿਚ ਅੰਡਿਆਂ ਬਚਿਆਂ ਨੂੰ ਛਡਕੇ ਸਵੇਰੇ ਉਡ ਜਾਂਦਾ ਹੈ, ਤਰਕਾਲਾਂ ਵੇਲੇ ਬਚਿਆਂ ਵਾਸਤੇ ਚੇਤਾ ਕਰਕੇ ਫਿਰ ਆਉਂਦਾ

ਹੈ। ਤ੍ਰੀਮਤ ਆਪਣੇ ਪੁਤਰ ਨੂੰ ਘਰ ਵਿਚ ਸੁਤਾ ਛਡਕੇ ਉਜਾੜ ਵਿਚ ਜਾਂਦੀ ਹੈ ਚੇਤੇ ਕਰਕੇ ਘਰ ਵਿਚ ਆਕੇ ਪੁਤਰ ਨੂੰ ਵੇਖ ਕੇ ਸੁਖ ਪਾਉਂਦੀ ਹੈ। ਪਾਣੀ ਵਿਚ ਕੁੰਡੀ ਨੂੰ ਮਾਸ ਅੜਾ ਕੇ ਛਡੀਏ ਪਾਣੀ ਵਿਚ ਮਛੀ ਦੇ ਮਨ ਨੂੰ ਜਦ ਓਹ ਮਾਸ ਚਾਹ ਕਰ ਜਾਵੇ (ਭਾਵ ਜਾਵੇ) ਤਾਂ ਮਛੀ ਨੂੰ ਜਲਦੀ ਨਾਲ ਪਕੜ ਲੈਂਦਾ ਹੈ ਭਾਵੇਂ ਮਾਰੇ ਭਾਵੇਂ ਛਡੇ। ਮਛੀ ਆਪਣੇ ਪੂੰਗੜਿਆਂ ਨੂੰ ਬਾਹਰ ਆਣਕੇ ਵੀ ਨਹੀਂ ਭੁਲਾਵੰਦੀ। ਚਾਰੇ ਪਾਸੇ ਚਿਤ ਚੰਚਲ ਭਟਕਦਾ ਫਿਰਦਾ ਹੈ ਗੁਰਾਂ ਦੇ ਚਰਨ ਜਹਾਜ ਦੀ ਨਿਆਈਂ ਮਨ ਪੰਛੀ ਪਾ ਲਵੇ ਤਾਂ ਠਹਿਰ ਜਾਂਦਾ ਹੈ।

ਕਬਿਤ—ਚਤਰ ਬਰਨ ਮੈ ਨ ਪਾਈਐ ਬਰਨ ਤੈਸੋ, ਖਟ ਦਰਸ਼ਨ ਮੈ ਨ ਦਰਸ਼ਨ ਜੋਤਿ ਹੈ ॥ ਸਿੰਮਰਤ ਪੁਰਾਨ ਬੇਦ ਸ਼ਾਸਤਰ ਸਮਾਨ ਖਾਨ.ਨਾਗ ਨਾਦ ਬਾਦ ਮੈ ਨ ਸ਼ਬਦ ਉਦੋਤ ਹੈ ॥ ਨਾਨਾ ਬਿੰਜਨਾਦਿ ਸ੍ਵਾਦ ਅੰਤਰ ਨ ਪ੍ਰੇਮ ਰਸ, ਸਕਲ ਸੁਗੰਧਿ ਮੈ ਨ ਗੰਧਿ ਸੰਧਿ ਹੋਤਹੈ ॥ ਉਸਨ ਸੀਤਲਤਾ ਸਪਰਸ ਅਪਰਸ ਨ ਗੁਰਮੁਖ ਸੁਖ ਫਲ ਤੁਲਿ ਓਤ ਪੋਤ ਹੈ ॥ ੧੯੫ ॥

ਗੁਰਮੁਖਾਂ ਦਾ ਚੰਗਾ ਭੇਖ ਖਾਣਾ ਚਾਲ ਚਲਣ ਚਵਾਂ ਵਰਨਾਂ ਵਿਚ ਕੋਈ ਵੀ ਗੁਰਮੁਖਾਂ ਦੀ ਰੀਸ ਨਹੀਂ ਕਰ ਸਕਦਾ ਛੀਆਂ ਦਰਸ਼ਨਾਂ ਵਿਚ ਵੀ ਗੁਰਮੁਖਾਂ ਦੇ ਭੇਖ ਜਹੀ ਸੋਭਾ ਨਹੀਂ ਹੈ। ਗੁਰਮੁਖਾਂ ਦੇ ਖਾਲਸਾ ਪੰਥ ਵਰਗਾ ਕੋਈ ਵੀ ਪੰਥ ਨਹੀਂ ਹੈ ਖਾਲਸਾ ਜੀ ਦਾ ਜਦ ਕੋਈ ਦਰਸ਼ਨ ਕਰ ਲੈਂਦਾ ਹੈ ਤੇ ਉਸੀ ਵਕਤ ਉਸ ਦਾ ਮਨ ਮੋਹਤ ਹੋ ਜਾਂਦਾ ਹੈ (ਸਿਧੇ ਸਿਧੇ ਦਾੜੇ ਸਿਧੇ ਸਿਧੇ ਦਸਤਾਰੇ ਕਛਹਿਰੇ ਵੇਖ ਕੇ)। ਸਿੰਮ੍ਰਤੀਆਂ ਪੁਰਾਨ ਵੇਦ ਸ਼ਾਸਤ੍ਰ ਖਾਨ ਹੀਰੇ ਮੋਤੀ ਆਦਿਕਾਂ ਦੀ ਅਤੇ ਰਾਗ ਸ਼ਬਦ ਓਹਨਾਂ ਦੇ ਬਹੁਤ ਤਰਾਂ ਦੇ ਵਾਜ ਜਿੰਨਾ ਕੁ ਇਹਨਾਂ ਵਿਚ ਅਤੇ ਇਹਨਾਂ ਦੇ ਪੜ੍ਹਨ ਵਾਲਿਆਂ ਨੂੰ ਅਨੰਦ ਹੈ ਸੋ ਗੁਰਮੁਖਾਂ ਨੂੰ ਜੋ ਗੁਰਾਂ ਦਾ ਉਪਦੇਸ਼ ਪ੍ਰਗਟ ਹੋਇਆ ਹੈ ਉਸ ਦੇ ਸਾਰੇ ਹੀ ਬਰਾਬਰ ਨਹੀਂ ਹਨ।ਨਾਮ ਦਾ ਅਨੰਦ ਜੋ ਗੁਰਮੁਖਾਂ ਨੂੰ ਹੈ ਓਹੋ ਬਹੁਤ ਤਰਾਂ ਦੇ ਭੋਜਨ ਖਾਣਿਆਂ ਦੇ ਜੋ ਗੁਰਮੁਖਾਂ ਨੂੰ ਪ੍ਰੇਮਾ ਭਗਤੀ ਮਿਲੀ ਹੈ ਉਸ ਜਿਹਾ ਅਨੰਦ ਸਾਰੀਆਂ ਸੁਗੰਧੀਆਂ ਚੰਦਨ ਦੀਆਂ ਵਿਚ ਨਹੀਂ ਹੈ। ਗੁਰਮੁਖਾਂ ਨੂੰ ਸੁਖ ਫਲ (ਤੁਲ) ਵਿਚਾਰ ਜੋ ਅੰਦਰ ਬਾਹਰ ਹੋਇਆ ਹੈ ਸੋ ਇਸ ਕਰਕੇ ਓਹਨਾਂ ਨੂੰ ਗਰਮੀ ਵੀ ਨਹੀਂ ਛੋਹ ਸਕਦੀ ਠੰਢ ਵੀ ਓਹਨਾਂ ਨੂੰ (ਅਪਰਸ) ਅਛੂਹ ਹੈ, ਸਰਦੀ ਗਰਮੀ ਕੁਝ ਨਹੀਂ ਕਰਦੀ।

ਕਬਿਤ—ਲਿਖਨ ਪੜ੍ਹਨ ਤੌ ਲੌ ਜਾਨੈ ਦਿਸੰਤਰ ਜੌ ਲੌਂ, ਕਹਿਤ ਸੁਨਤ ਹੈ ਬਿਦੇਸ ਕੇ ਸੰਦੇਸ ਕੈ ॥ ਦੇਖਤ ਐ ਦੇਖੀਅਤ ਇਤ ਉਤ

ਦੋਇ ਹੋਇ, ਭੇਟਤ ਪਰਸ ਪਰ ਬਿਰਹ ਅਵੇਸ ਕੈ॥ ਖੋਹਿ ਖੋਹਿ ਖੋਜੀ ਹੋਇ ਖੋਜਤੇ ਚਤਰਕੁੰਟ ਮ੍ਰਿਗ ਮਦ ਜੁਗਤ ਨ ਜਾਨਤ ਪ੍ਰਵੇਸ ਕੈ॥ ਗੁਰ ਸਿਖ ਸੰਧ ਮਿਲੇ ਅੰਤਰ ਅੰਤਰਜਾਮੀ ਸ੍ਵਾਮੀ ਸੇਵ ਸੇਵਕ ਨਿਰੰਤਰ ਅਦੇਸ ਕੈ॥ ੧੯੬॥

(ਦਿਸੰਤਰ) ਦੂਜੀ ਦਿਸ਼ਾ ਦੇ ਅੰਦਰ (ਬਗਾਨੇ ਦੇਸ਼) ਚਿਠੀ ਪਤ੍ਰ ਦਾ ਸੁਨੇਹਾ ਆਦਿਕ ਉਤਨਾ ਹੀ ਚਿਰ ਹੈ ਜਿਤਨਾ ਚਿਰ ਪਤੀ ਘਰ ਨਹੀਂ ਜਦ ਪਤੀ ਘਰ ਹੋਵੇ ਤੇ ਫਿਰ ਚਿਠੀਆਂ ਸੁਨੇਹਾਂ ਦੀ ਕੀ ਜ਼ਰੂਰਤ ਹੈ। ਇਸਤ੍ਰੀ ਦਾ ਪਤੀ ਜਦ ਪ੍ਰਦੇਸੋਂ ਆਵੇ ਤਾਂ ਦੋਨੋਂ ਇਕ ਰੂਪ ਹੋ ਜਾਂਦੇ ਹਨ ਅਤੇ ਬੜਾ ਪ੍ਰੇਮ ਕਰਦੇ ਹਨ ਅਤੇ ਖਤਾਂ ਦਾ ਲਿਖਣਾ ਪੜ੍ਹਨਾ ਦੂਰ ਹੋ ਜਾਂਦਾ ਹੈ। ਹਰਨ (ਖੋਹਿ) ਆਦਤ (ਖੋਹਿ) ਦੂਰ ਕਰਕੇ ਅਤੇ ਭੁਲ ਕੇ ਕਸਤੂਰੀ ਦਾ ਲਭਣ ਵਾਲਾ ਹੁੰਦਾ ਹੈ ਅਤੇ ਚਵਾਂ ਪਾਸਿਆਂ ਵਲ ਲੱਭਦਾ ਫਿਰਦਾ ਹੈ (ਨਾਭੀ ਵਿਚੋਂ) ਕਸਤੂਰੀ ਦੀ ਵਾਸ਼ਨਾ ਆਉਂਦੀ ਹੈ ਸੋ ਆਪਣੇ ਅੰਦਰ ਪ੍ਰਵੇਸ਼ ਹੋਕੇ ਕਸਤੂਰੀ ਦੀ ਯੁਕਤੀ (ਖੁਸ਼ਬੋਇ ਨੂੰ) ਨਹੀਂ ਜਾਣਦਾ। ਗੁਰੂ ਕੇ ਸਿਖ ਗੁਰੂ ਕੇ ਸਿਖਾਂ ਦੀ ਮਿਲੌਨੀ ਵਿਚ ਮਿਲ ਕੇ ਆਪਣੇ ਅੰਦਰੋਂ ਹੀ ਵਾਹਿਗੁਰੂ ਨੂੰ ਭਾਵ ਦੇਵੀ ਦੇਵਤਿਆਂ ਦੇ ਖੋਜ ਵਲੋਂ ਹਟ ਗਏ। ਓਹਨਾਂ ਨੂੰ ਮੈਂ ਇਕ ਰਸ ਆਪਣੇ ਅੰਦਰ ਨਮਸ਼ਕਾਰ ਕਰਦਾ ਹਾਂ।

ਕਬਿਤ—ਦੀਪਕ ਪਤੰਗ ਸੰਗ ਪ੍ਰੀਤ ਇਕ ਅੰਗੀ ਹੋਇ, ਚੰਦ੍ਰਮਾ ਚਕੋਰ ਘਨ ਚਾਤ੍ਰਿਕ ਨ ਹੋਤ ਹੈ॥ ਚਕਵੀ ਔ ਸੂਰ, ਜਲ ਮੀਨ, ਜਸੋਂ ਕਮਲ ਅਲਿ, ਕਾਸ਼ਟ ਅਗਨਿ, ਮ੍ਰਿਗਨਾਦ ਕੋ ਉਦੋਤ ਹੈ॥ ਪਿਤ ਸੁਤ ਹਿਤ ਅਰ ਧਾਮਨੀ ਭਤਾਰ ਗਤਿ, ਮਾਯਾ ਔ ਸੰਸਾਰ ਦ੍ਵਾਰ ਮਿਟਤ ਨ ਛੋਤ ਹੈ॥ ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਸਾਰੇ ਲੋਕ ਪਰਲੋਕ ਸੁਖਦਾਈ ਓਤ ਪੋਤ ਹੈ॥ ੧੯੭॥

ਦੀਵੇ ਤੇ ਪਤੰਗ ਦੀ ਆਪੋ ਵਿਚ ਦੀ ਪ੍ਰੀਤੀ ਇਕ ਅੰਗੀ ਹੈ ਚਕੋਰ ਚੰਦ੍ਰਮਾ ਨੂੰ ਵੇਖਕੇ ਅੰਗਿਆਰ ਭਖਦਾ ਹੈ ਬਦਲਾਂ ਨੂੰ ਵੇਖਕੇ ਪਪੀਹਾ ਟੀਂ ਟੀਂ ਕਰਦਾ ਹੈ ਸ੍ਵਾਂਤੀ ਬੂੰਦ ਵਾਸਤੇ (ਇਹ ਵੀ ਇਕ ਅੰਗੀ ਪ੍ਰੀਤੀ)। ਚਕਵੀ ਤੇ ਸੂਰਜ ਦੀ ਅਤੇ ਪਾਨੀ ਤੇ ਮਛੀ ਦੀ ਕੌਲ ਫੁਲ ਤੇ ਭੌਰੇ ਦੀ ਤੇ ਲਕੜ ਤੇ ਅਗ ਦੀ ਅਤੇ (ਮ੍ਰਿਗ) ਹਰਨ ਤੇ ਸ਼ਬਦ ਘੰਡੇ ਹੇੜੇ ਦੀ ਇਹਨਾਂ ਸਾਰਿਆਂ ਦੀ ਪ੍ਰੀਤੀ ਇਕ ਅੰਗੀ ਹੈ ਪ੍ਰਗਟ ਹੈ। ਪਿਤਾ ਪੁਤ੍ਰ ਦਾ ਪ੍ਰੇਮ ਅਤੇ ਇਸਤ੍ਰੀ ਤੇ ਪਤੀ ਦਾ ਮਿਲਾਪ (ਰੀਤੀ) ਅਤੇ ਮਾਯਾ ਵਿਚ ਸੰਸਾਰੀਆਂ ਦੀ ਪ੍ਰੀਤੀ ਦਾ ਦਰਵਾਜਾ ਜੋ ਛੋਤ (ਮਿਲਾਪ) ਭੇੜ ਪੁਣੇ ਦਾ ਹੈ ਜਾਨ ਦੇਂਦੇ ਹਨ ਪਰ ਪਿਛਾਂ

ਨਹੀਂ ਹਟਦੇ। ਗੁਰ ਸਿਖਾਂ ਦਾ ਸੰਗਤ ਦੇ ਮਿਲਾਪ ਦਾ ਪ੍ਰਤਾਪ ਸਚਾ ਹੈ,ਅੰਦਰ ਬਾਹਿਰ ਸੁਖ ਹੁੰਦਾ ਹੈ।

ਕਬਿਤ—ਲੋਗਨ ਮੈ ਲੋਗਾਚਾਰ ਅਨਿਕ ਪ੍ਰਕਾਰ ਪਜਾਰ, ਮਿਥਨ ਬਓਹਾਰ ਦੁਖਦਾਈ ਪਹਿਚਾਨੀਐ ॥ ਬੇਦ ਮਰਜਾਦ ਮੈ ਕਹਿਤ ਹੈ ਕਥਾ ਅਨੇਕ, ਸੁਨੀਐ ਨ ਤੈਸੀ ਪ੍ਰੀਤ ਮਨ ਮੈ ਨ ਮਾਨੀਐ ॥ ਗਯਾਨ ਉਨਮਾਨ ਮੈ ਨ ਜਗਤ ਭਗਤ ਵਿਖੈ, ਰਾਗ ਨਾਦ ਬਾਦ ਆਦਿ ਅੰਤ ਹੂੰ ਨ ਜਾਨੀਐ ॥ ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਜੈਸੋ, ਤੈਸੋ ਨ ਤ੍ਰਿਲੋਕ ਵਿਖੇ ਔਰ ਠੌਰ ਆਨੀਐ ॥ ੧੯੮ ॥

ਮੰਸਾਰੀ ਲੋਕਾਂ ਵਿਚ ਲੋਗਾਚਾਰ ਲੋਕਾਂ ਵਾਲੇ ਕੰਮ ਬਹੁਤ ਤਰਾਂ ਦਾ ਪਜਾਰਾ ਹੈ ਸੋ ਮਿਥਨ ਝੂਠਾ ਹੀ ਬਪਾਰ ਹੈ ਦੁਖ ਦੇਣ ਵਾਲਾ ਜਾਣ ਲਵੋ। ਵੇਦ ਦੀ ਮਰਯਾਦਾ ਵਿਚ ਵੀ ਅਨੇਕ ਤਰਾਂ ਦੀਆਂ ਕਥਾ ਕਹੀਆਂ ਹਨ, ਗੁਰ ਸਿਖਾਂ ਦੇ ਮਿਲਾਪ ਵਰਗੀ ਪ੍ਰੀਤੀ ਨਹੀਂ ਸੁਣੀਦੀ ਅਤੇ ਨਾ ਹੀ ਮਨ ਵਿਚ ਮੰਨੀ ਜਾਂਦੀ ਹੈ। ਗਿਆਨ ਦੇ ਵਿਚਾਰ ਵਿਚ ਵੀ ਨਹੀਂ ਅਤੇ ਜਗਤ ਦੀਆਂ ਪਾਖੰਡੀ ਭਗਤੀਆਂ ਵਿਚ ਵੀ ਨਹੀਂ ਅਤੇ ਰਾਗ ਦੇ ਸ਼ਬਦਾਂ ਚਰਚਾ ਦੇ ਝਗੜਿਆਂ ਵਿਚ ਵੀ ਨਹੀਂ ਹੈ। ਭਾਵ ਗੁਰਸਿਖਾਂ ਦੇ ਮਿਲਾਪ ਵਰਗਾ ਪ੍ਰੇਮ ਕਿਧਰੇ ਵੀ ਨਹੀਂ ਜਾਣਿਆਂ ਜਾਂਦਾ। ਗੁਰਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ,ਤ੍ਰਿਲੋਕੀ ਵਿਚ ਅਤੇ ਹੋਰ ਕਿਸੇ ਜਗਾ ਵਿਚ ਨਹੀਂ ਲਿਆਯਾ ਜਾਂਦਾ ਹੈ।

ਕਬਿਤ—ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਜੋ ਕਰੈ, ਹਰੈ ਹੌਮੈ ਰੋਗ ਰਿਦੈ ਨਿੰਮ੍ਰਤਾ ਨਿਵਾਸ ਹੈ ॥ ਸ਼ਬਦ ਸੁਰਤਿ ਲਿਵਲੀਨ ਸਾਧ ਸੰਗ ਮਿਲ, ਭਾਵਨੀ ਭਗਤਿਭਾਇ ਦੁਬਿਧਾ ਬਿਨਾਸ ਹੈ ॥ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ,ਬਿਸਮ ਬਿਸ੍ਵਾਸ ਵਿਖੈ ਅਨਭੈ ਅਭ੍ਯਾਸ ਹੈ॥ ਸਹਿਜਸੁਭਾਇ ਚਾਇ ਚਿੰਤਾ ਮੈ ਅਤੀਤ ਚੀਤ ਸਤਿਗੁਰ ਸਤਿਗੁਰ ਸਤਿ ਗੁਰਦਾਸ ਹੈ ॥ ੧੯੯ ॥

ਵਾਹਿਗੁਰੂ ਦੇ ਸਰੂਪ ਗੁਰੂ, ਜਦ ਪੂਰਨ ਕਿਰਪਾ ਕਰਨ ਤਾਂ ਹਿਰਦੇ ਵਿਚੋਂ ਹੰਗਤਾ ਮਮਤਾ ਰੋਗ ਨਾਸ ਹੁੰਦਾ ਹੈ ਅਤੇ ਨਿੰਮ੍ਰਤਾ ਦਾ ਟਿਕਾਣਾ ਹੁੰਦਾ ਹੈ। ਜਿਨ੍ਹਾਂ ਸਿਖਾਂ ਤੇ ਗੁਰਾਂ ਦੀ ਕਿਰਪਾ ਹੋਈ ਹੈ ਓਹ ਸਾਧ ਸੰਗਤ ਵਿਚ ਜਾ ਕੇ ਗੁਰਉਪਦੇਸ਼ ਸੁਣ ਕੇ ਗੁਰਾਂ ਵਿਚ ਪ੍ਰੀਤੀ ਕਰਦੇ ਹਨ ਅਤੇ ਚੰਗੀ ਭਗਤੀ ਤੇ ਸਰਧਾ ਗੁਰਾਂ ਦੇ ਸ਼ਬਦ ਨਾਲ ਅਤੇ ਦ੍ਵੈਸ਼ ਭਾਉ ਨੂੰ ਨਾਸ਼ ਕਰਦੇ ਹਨ। ਪੀਕੇ ਅਸਚਰਜ ਭਰੋਸਾ ਨਿਡਰ ਹੋਕੇ

ਉਦਮ, ਨਾਮ ਅੰਮ੍ਰਿਤ ਨੂੰ ਪੀ ਕੇ ਰਜ ਜਾਂਦੇ ਹਨ ਅਤੇ ਵਾਹਿਗੁਰੂ ਦੇ ਮਿਲਣ ਨੂੰ ਉਦਮ ਕਰਦੇ ਹਨ। ਸ਼ਾਂਤੀ ਸੁਭਾਉ ਉਤਸ਼ਾਹ ਵਾਲੇ ਤੇ ਚਿੰਤਾ ਨੂੰ ਦੂਰ ਕਰਨ ਵਾਲੇ ਹੋ ਕੇ *ਗੁਰਾਂ ਦੇ ਦਾਸ ਕਹਾਉਂਦੇ ਹਨ।

ਕਬਿਤ—ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗ ਤ੍ਰਿਗੁਨ ਅਤੀਤ ਚੀਤ ਆਸਾ ਮੈਂ ਨਿਰਾਸ ਹੈ ॥ ਨਾਮ ਨਿਹਕਾਮ ਧਾਮ ਸਹਿਜ ਸੁਭਾਇ ਰਿਦੇ, ਬਰਤੈ ਬਰਤਮਾਨ ਗਯਾਨ ਕੋ ਪ੍ਰਗਾਸ ਹੈ॥ ਸੂਖਮ ਸਥੂਲ ਏਕ ਏਕ ਔ ਅਨੇਕ ਮੇਕ, ਬ੍ਰਹਮ ਬਿਬੇਕ ਟੇਕ ਬ੍ਰਹਮ

---

*ਭਾਈ ਸਾਹਿਬ ਜੀ ਨੇ ਗੁਰੂ ਦੇ ਦਾਸਾਂ ਦਾ ਲੱਛਣ ਦਸਿਆ ਹੈ ਸੋ ਓਹ ਗੁਰੂ ਦੇ ਦਾਸ ਹਨ ਜੋ ਗੁਰੂ ਲਈ ਆ ਕੇ ਕੁਰਬਾਨੀ ਕਰਦੇ ਹਨ ਦੇਖੋ ਅਖੀਂ ਡਿਠੇ ਸਮਾਚਾਰ ਜੋ ੧ ਸਤੰਬਰ ੧੯੨੨ ਨੂੰ ਹੋਏ।

੧ ਸਤੰਬਰ ਸ਼ੁਕ੍ਰਵਾਰ ੧੯੨੨ ਸੈਂਟ੍ਰਲ ਮਾਝਾ ਦੀਵਾਨ ਅਕਾਲੀ ਜਥਾ ਭਸੀਨ ਦਾ ਵਸਾਵਾ ਸਿੰਘ ਜਥੇਦਾਰ ੧੦੦ ਅਕਾਲੀਆਂ ਦਾ ਜਥਾ।

੨ ਸਤੰਬਰ ਸ਼ਨੀਵਾਰ ਟਹਿਲ ਸਿੰਘ ਜੀਵਨ ਸਿੰਘ ਜਥੇਦਾਰ।

੩ ਸਤੰਬਰ ਐਤਵਾਰ ਲਾਹੌਰ ਦਾ ਅਕਾਲੀ ਜਥਾ, ਮਰਹਾਣੇ ਦਾ ਚੰਨਣ ਸਿੰਘ ਜਥੇਦਾਰ।

੪ ਸਤੰਬਰ ਗੁਰਦਾਸ ਪੁਰ ਦਾ ਜਥਾ ਖੜਗ ਸਿੰਘ ਜਥੇਦਾਰ।

੫ ਸਤੰਬਰ ਲਾਇਲਪੁਰ ਦਾ ਜਥਾ ਜਵੰਦ ਸਿੰਘ ਦੂਜਾ ਨਾਮ ਪ੍ਰਿਥੀਪਾਲ ਸਿੰਘ ਜਥੇਦਾਰ।

੬ ਸਤੰਬਰ ਜਲੰਧਰ ਦਾ ਜਥਾ ਪ੍ਰਤਾਪ ਸਿੰਘ ਜਥੇਦਾਰ।

੭ ਸਤੰਬਰ ਹੁਸ਼ਿਆਰ ਪੁਰ ਦਾ ਜਥਾ ਲਾਭ ਸਿੰਘ ਜਥੇਦਾਰ।

੮ ਸਤੰਬਰ ਗੜ੍ਹਗੱਜ ਜਥਾ ਸੁੰਦਰ ਸਿੰਘ ਜਥੇਦਾਰ।

ਇਹ ਅੱਠ ਜਥੇ ਗੁਰੂ ਦੇ ਬਾਗ ਰਾਜਾ ਸਾਂਸੀ ਪਿੰਡ ਸੈਂਸਰਾ ਜ਼ਿਲਾ ਅੰਮ੍ਰਿਤਸਰ ਜਾਂਦੇ ਰਹੇ ਅਤੇ ਨੌਕਰ ਸ਼ਾਹੀ ਦੇ ਚਾਟੜਿਆਂ ਤੋਂ ਡਾਂਗਾਂ ਦੀਆਂ ਮਾਰਾਂ ਖਾਂਦੇ ਫਟੜ ਹੋਕੇ ਅਕਾਲੀਆਂ ਦੇ ਬਾਗ ਵਿਚ ਆਉਂਦੇ ਰਹੇ। ਇਹਨਾਂ ਨੂੰ ਸ਼ਾਂਤ ਮਈ ਦਾ ਉਪਦੇਸ਼ ਦੇਣ ਵਾਲੇ ਸ੍ਰ: ਤੇਜਾ ਸਿੰਘ ਜੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਨ ਜੋ ਅਜ ਵੀ ਪੰਥ ਵਿਚ ਬੜੀ ਉਚੀ ਸੇਵਾ ਕਰਕੇ ਪੰਥ ਵਿਚ ਬੜਾ ਮਾਣ ਪ੍ਰਾਪਤ ਕਰ ਰਹੇ ਹਨ ਜੇ ਗੁਰੂ ਦੇ ਬਾਗ ਦਾ ਹਾਲ ਦੇਖਣਾ ਹੋਵੇ ਤਾਂ ਗੁਰੂ ਦੇ ਬਾਗ ਦੀ ਤਵਾਰੀਖ ਮੇਰੀ ਬਣਾਈ ਹੋਈ ਦੇਖੋ।

ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਹਾਲ ਲਖੂਵਾਲ ਅੰਮ੍ਰਿਤਸਰ।

ਬਿਸ੍ਵਾਸ ਹੈ ॥ ਚਰਨ ਸ਼ਰਨ ਲਿਵ ਆਪਾ ਖੋਇ ਹੋਇ ਰੇਨ, ਸਤਿਗੁਰ ਸਤਿਗੁਰ ਮਤਿ ਗੁਰ ਦਾਸ ਹੈ ॥੧੯੦॥

ਗੁਰਸਿਖ ਸਾਧ ਸੰਗਤ ਵਿਚ ਜਾ ਕੇ ਗੁਰ ਉਪਦੇਸ਼ ਵਿਚ ਪ੍ਰੀਤੀ ਕਰਦੇ ਹਨ ਅਤੇ ਸੰਸਾਰ ਦੇ ਦੁਖਾਂ ਤੋਂ ਓਹਨਾਂ ਦਾ ਚਿਤ ਰਹਿਤ ਹੋਇਆ ਹੈ। ਘਰ ਵਿਚ ਹ ਪਦਾਰਥ ਦੀਆਂ ਇਛਾਂ ਤੋਂ (ਨਿਸਕਾਮ) ਰਹਿਤ ਹੋਏ ਹਨ ਅਤੇ ਸ਼ਾਂਤੀ ਸੁਭਾਵ ਰਿਦੇ ਵਿਚ ਹੋਇਆ (ਵਰਤਮਾਨ) ਸੰਸਾਰ ਹੈ ਉਸ ਵਿਚ ਆਪ ਵਰਤਦੇ ਰਹਿੰਦੇ ਗਿਆਨ ਦਾ ਪ੍ਰਕਾਸ਼ ਕਰਦੇ ਹਨ। ਛੋਟੇ ਵਡੇ ਜੀਵਾਂ ਅਨੇਕਾਂ ਵਿਚ ਇਕੋ ਹੀ ਮਿਲਿਆ ਹੋਇਆ ਹੈ ਗੁਰਮੁਖਾਂ ਨੂੰ ਓਸੇ ਵਾਹਿਗੁਰੂ ਦਾ ਹੀ ਵਿਚਾਰ ਆਸਰਾ ਭਰੋਸਾ ਹੈ। ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਜਿਨ੍ਹਾ ਨੇ ਬ੍ਰਿਤੀ ਲਾਕੇ ਪ੍ਰੀਤੀ ਕਰੀ ਹੈ, ਹੰਕਾਰ ਨੂੰ ਦੂਰ ਕਰਕੇ ਸਭ ਦੇ ਚਰਨਾਂ ਦੀ ਧੂੜੀ ਹੋਏ ਸਤਿਗੁਰਾਂ ਦੀ ਸਿਖਿਆ ਲਈ ਓਹ ਗੁਰਾਂ ਦੇ ਦਾਸ ਹਨ।

ਕਬਿਤ—ਹੌਮੈ ਅਭਿਮਾਨ ਕੈ ਅਗਜ਼ਾਨਤਾ ਅਵਗਜ਼ਾ ਗੁਰ, ਨਿੰਦਾ ਗੁਰਦਾਸਨ ਕੈ ਨਾਮ ਗੁਰਦਾਸ ਹੈ ॥ ਮਹੁਰਾ ਕਹਾਵੈ ਮੀਠਾ, ਗਈ ਸੋ ਕਹਾਵੈ ਆਈ, ਰੂਠੀ ਕੋ ਕਹਿਤ ਤੂਠੀ ਹੋਤ ਉਪਹਾਸ ਹੈ ॥ ਬਾਂਝ ਕਹਾਵੈ ਸੁਪੂਤੀ ਦੁਹਾਗਨਿ ਸੁਹਾਗਨਿ, ਕੀਰਤਿ ਸੁਰੀਤਿ ਕਾਟਯੋ ਨਕਟਾ ਕੋ ਨਾਸ ਹੈ ॥ ਬਾਵਰੋ ਕਹਾਵੈ ਭੋਰੋ ਆਂਧਰੈ ਕਹੈ ਸੁਜਾਖੋ, ਚੰਦਨ ਸਮੀਪ ਜੈਸੇ ਬਾਂਸ ਮੈ ਨ ਬਾਸ ਹੈ॥ ੧੯੧ ॥

ਹੰਗਤਾ, ਮਮਤਾ, ਹੰਕਾਰ ਅਗਜ਼ਾਨਤਾਈ, ਅਵਗਜ਼ਾ ਤੇ ਨਿੰਦਜ਼ਾ ਗੁਰੂ ਕੇ ਦਾਸਾਂ ਦੀ ਕਰਕੇ ਜੇਕਰ ਕੋਈ ਕਹੇ ਮੈਂ ਆਪਣਾ ਨਾਮ ਗੁਰਾਂ ਦਾ ਸੇਵਕ ਕਹਾਵਾਂ ਤਾਂ ਨਹੀਂ ਕਹਾ ਸਕਦਾ। ਮੌਹਰਾ ਮਿਠਾ ਕਹਾਵੇ ਅਤੇ ਚਲੀ ਗਈ ਹੋਈ ਆਪਣੇ ਆਪ ਨੂੰ ਆਈ ਹੋਈ ਕਹਾਵੇ ਜੇ ਕੋਈ ਉਸ ਅਖ ਦੁਖਣ ਵਾਲੇ ਨੂੰ ਪੁਛੇ ਤੇ ਤਾਂ ਓਹ ਅਗੋਂ ਆਖਦਾ ਹੈ ਕਿ ਮੇਰੀ ਅਖ ਆਈ ਹੋਈ ਹੈ। ਰੁਸੀ ਹੋਈ ਜੋ ਬਾਲਕਾਂ ਨੂੰ ਚੀਚਕ ਨਿਕਲਦੀ ਨੂੰ ਪ੍ਰਸੰਨ ਹੋਈ ਆਖਦੇ ਹਨ ਉਸੀ ਨੂੰ ਹਾਸੀ ਹੁੰਦੀ ਹੈ। ਜਿਨੂੰ ਕਦੀ ਪੁਤ੍ਰ ਜੰਮਿਆ ਹੀ ਨਾ ਹੋਵੇ ਅਤੇ ਓਹ ਚੰਗੇ ਪੁਤ੍ਰਾਂ ਵਾਲੀ ਇਸਤ੍ਰੀ ਕਹਾਵੇ ਅਤੇ ਜੋ ਪਤੀ ਪ੍ਰਮੇਸ਼ਰ ਤੋਂ ਬੇਮੁਖ ਹੈ ਓਹ ਪਤੀ ਵਾਲੀ ਕਹਾਵੇ ਅਤੇ ਮਾੜੀ ਰੀਤੀ ਚੰਗੀ ਰੀਤੀ ਕਹਾਵੇ ਅਤੇ ਕਟੇ ਹੋਏ ਨਕ ਵਾਲਾ ਨਕ ਵਾਲਾ ਕਹਾਵੇ ਤਾਂ ਹਾਸਾ ਹੁੰਦਾ ਹੈ। ਪਾਗਲ ਆਪਣੇ ਆਪ ਨੂੰ ਭੋਲਾ ਕਹਾਵੇ ਅਤੇ ਅੰਨ੍ਹਾ ਸੁਜਾਖਾ ਕਹਾਵੇ ਚੰਦਨ ਬ੍ਰਿਛ ਦੇ ਪਾਸ ਰਹਿਣੇ ਕਰਕੇ ਵਾਂਸ ਵਿਚ ਸੁਗੰਧੀ ਨਹੀਂ ਹੁੰਦੀ ਤੇਹਾ ਕੁ ਉਸ ਦਾਸ ਵਿਚ ਭਗਤੀ ਦੀ ਲਾਗ ਨਹੀਂ ਲਗਦੀ।

ਕਬਿਤ–ਗੁਰ ਸਿਖ ਏਕ ਮੇਕ ਰੋਮ ਨ ਪੁਜਸ ਕੋਟਿ, ਹੋਮ ਜਗ ਭੋਗ ਨਈਵੇਦ ਪੂਜਾਚਾਰ ਹੈ ॥ ਜੋਗ ਗਗ਼ਾਨ ਧਗ਼ਾਨ ਅਧਗ਼ਾਤਮ ਰਿਧ ਸਿਧ ਨਿਧੇ,ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ ॥ ਸਿੰਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਸੰਗੀਤ ਔਰ, ਸੁਰਸਰਿ ਦੇਵ ਸਭ ਮਾਯਾ ਬਿਸਥਾਰ ਹੈ॥ ਕੋਟਨ ਕੋਟਾਨਿ ਸਿਖ ਸੰਗਤ ਅਸੰਖ ਜਾਕੈ, ਸ੍ਰੀ ਗੁਰ ਚਰਨ ਨੇਤਿ ਨੇਤਿ ਨਮਸਕਾਰ ਹੈ॥ ੧੯੨॥

ਜਿਹੜੇ ਗੁਰ ਸਿਖ ਗੁਰਾਂ ਨਾਲ ਮਿਲਕੇ ਇਕ ਹੋਏ ਹਨ ਪੱਥਰਾਂ ਦੇ ਮੂੰਹ ਵਿਚ ਬੁਰਕੀਆਂ ਦੇਣੀਆਂ, ਅਤੇ (ਨਈਵੇਦ) ਫੁਲ ਆਦਿਕ ਠਾਕਰਾਂ ਤੇ ਅਰਪਣਾ ਕਰਨ ਤੇ ਪੂਜਾ ਦਾ ਅਚਾਰ ਕਰਨਾ ਨਹੀਂ ਪੁਜ ਸਕਦੇ। ਜੋਗੀਆਂ ਵਾਕਰ ਯੋਗ ਕਰਨਾ ਗਿਆਨ ਕਰਨਾ, ਧਿਆਨ ਲਾਉਣਾ ਅਤੇ ਨੇਤੀ ਧੋਤੀ ਜਪ ਕਰਨਾ ਤਪ ਕਰਨਾ ਇੰਦ੍ਰੀਆਂ ਦਾ ਰੋਕਣ ਆਦਿਕ ਕਰਨਾ ਏਹੋ ਜੇਹੇ ਜੋ ਅਨੇਕਾਂ ਤਰਾਂ ਦੇ ਕੰਮ ਹਨ। ੨੭ ਸਿੰਮ੍ਰਤੀਆਂ ੧੮ ਪੁਰਾਨ ੪ ਵੇਦ ੬ ਸ਼ਾਸਤ੍ਰ ਸੰਗੀਤ ਰਾਗ ਦੇ ਪੁਸਤਕ ਸੁਰਸਰੀ ਗੰਗਾ ਦੇਵੀ ਦੇਵਤੇ ਸਾਰੇ ਅਤੇ ਜਿੰਨਾ ਕੁ ਮਇਆ ਦਾ ਬਿਸਥਾਰ (ਫੈਲਾਓ) ਸੰਸਾਰ ਹੈ। ਕ੍ਰੋੜਾਂ ਹੀ ਜਿਨ੍ਹਾਂ ਗੁਰਸਿਖਾਂ ਦੀਆਂ ਅਜਿਹੀਆਂ ਸੰਗਤਾਂ (ਅਸੰਖ) ਬੇ ਓੜਕੀਆਂ ਹੀ ਹਨ ਓਹਨਾਂ ਸੁਭਾਇਮਾਨ ਗੁਰਾਂ ਨੂੰ ਬੇਅੰਤ ਬੇਅੰਤ ਕਹਿਕੇ ਸਾਰੇ ਪਿਛੇ ਦੇ ਦੇਵੀ ਦੇਵਤੇ ਨਮਸ਼ਕਾਰ ਕਰਦੇ ਹਨ।

ਕਬਿਤ–ਚਰਨ ਕਮਲ ਰਜ ਗੁਰ ਸਿਖ ਮਾਥੈ ਲਾਗੀ, ਬਾਂਛਤ ਸਕਲ ਗੁਰ ਸਿਖ ਪਗ ਰੇਨ ਹੈ॥ ਕੋਟਿਨ ਕੋਟਾਨ ਕੋਟਿ ਕਮਲਾ ਕਲਪਤਰ, ਪਾਰਸ ਅੰਮ੍ਰਿਤ ਚਿੰਤਾਮਣਿ ਕਾਮਧੇਨ ਹੈ॥ ਸੁਰ, ਨਰ, ਨਾਥ, ਮੁਨਿ, ਤ੍ਰਿਭਵਨ ਔ ਤ੍ਰਿਕਾਲ, ਲੋਗ ਬੇਦ ਗਗ਼ਾਨ ਉਨਮਾਨ ਜੇਨ ਕੇਨ ਹੈ॥ ਕੋਟਿਨ ਕੋਟਾਨ ਸਿਖ ਸੰਗਤ ਅਸੰਖ ਜਾਕੇ, ਨਮੋ ਨਮੋ ਗੁਰ ਸਿਖ ਸੁਖ ਫਲ ਦੇਨ ਹੈ॥ ੧੯੩॥

ਜਿਨ੍ਹਾਂ ਗੁਰਸਿਖਾਂ ਦੇ ਮਥੇ ਤੇ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਲਗੀ ਹੈ ਅਗੇ ਓਹਨਾਂ ਗੁਰਸਿਖਾਂ ਦੇ ਚਰਨਾਂ ਦੀ ਧੂੜੀ ਭਾਉਂਦੇ ਪਦਾਰਥ ਸਾਰੇ ਦੇਣ ਵਾਲੀ ਹੈ। ਕ੍ਰੋੜਾਂ ਹੀ ਲਖਮੀਆਂ ਤੇ ਕਲਪ ਬ੍ਰਿਛ ਦੇਵਤਿਆਂ ਦਾ ਰੁਖ ਤੇ ਪਾਰਸ ਪੱਥਰ ਅਤੇ ਅੰਮ੍ਰਿਤ ਚਿੰਤਾਮਣੀ ਦੇਵਤਿਆਂ ਦੀ ਗਾਂ। ਦੇਵਤੇ ਆਦਮੀ ਨੇ ਨਾਥ ਗੋਰਖ ਭੈਰੋਂ ਆਦਿਕ ਮੁਨੀ ਤਿੰਨੇ ਘਰ ਅਕਾਸ਼ ਪਤਾਲ ਲੋਕ ਤੇ (ਤ੍ਰਿਕਾਲ ਤਿੰਨੇ ਸਮੇਂ ਲੋਗ ਲੋਕੀ ਅਤੇ ਚਾਰੇ ਵੇਦ ਗਗ਼ਾਨ ਦਾ ਉਨਮਾਨ ਵਿਚਾਰ ਜਿਹੜੇ ਕਿਹੜੇ ਹਨ। ਜਿਨ੍ਹਾਂ ਗੁਰਾਂ ਦੀ ਸਾਧ

ਸੰਗਤ ਵਿਚ ਕ੍ਰੋੜਾਂਨ ਕ੍ਰੋੜਾਂ ਹੀ ਅਜਿਹੇ ਸਿਖ ਅਨਗਿਣਤ ਸੰਗਤਾਂ ਹਨ ਓਹਨਾਂ ਅਜਿਹੇ ਗੁਰਮੁਖਾਂ ਨੂੰ ਨਮਸ਼ਕਾਰ ਮੇਰੀ ਹੋਵੇ ਕਿਉਂਕਿ ਜੋ ਪੀਛੇ ਦੇਵੀ ਦੇਵਤੇ ਪਦਾਰਥ ਕਥਨ ਕੀਤੇ ਹੈਂ ਓਹਨਾਂ ਨਾਲੋਂ ਬਹੁਤੇ ਤੇ ਸੁਖਦਾਈ ਅਨੰਦਾਂ ਦੇ ਦੇਣ ਵਾਲੇ ਹਨ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ, ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈਂ ॥ ਦ੍ਰਿਸ਼ਟਿ ਦਰਸ ਲਿਵ ਅਤਿ ਅਸਚਰਜ ਮੈ, ਬਚਨ ਤੰਬੋਲ ਸੰਗ ਰੰਗ ਹ੍ਵੈ ਰੰਗੀਲੇ ਹੈਂ ॥ ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ, ਪ੍ਰੇਮ ਰਸ ਅੰਮ੍ਰਿਤ ਕੈ ਰਸਕ ਰਸੀਲੇ ਹੈਂ ॥ ਸੋਭਾ ਨਿਧਿ ਸੋਭ ਕੋਟਿ ਓਟ ਲੋਭ ਕੈ ਲੁਭਿਤ. ਕੋਟ ਛਬਿ ਛਾਹ ਛਪੈ ਛਬਿਕੈ ਛਬੀਲੇ ਹੈਂ ॥ ੧੯੪ ॥

ਗੁਰਸਿਖਾਂ ਦੀ ਸਾਧ ਸੰਗਤ ਵਿਚ ਪ੍ਰੇਮ ਦੇ ਮੇਲ ਦਾ ਬਹੁਤ ਪ੍ਰਤਾਪ ਹੈ ਸ਼ਰਧਾ ਵੀ ਗੁਰਸਿਖਾਂ ਦੀ ਬਹੁਤ ਹੈ ਪ੍ਰੇਮਾ ਭਗਤੀ ਵੀ ਬਹੁਤ ਹੈ (ਚਾਇ) ਅਨੰਦ ਉਤਸ਼ਾਹ ਕਰਕੇ ਅਨੰਦ ਵਾਲੇ ਵਾਹਿਗੁਰੂ ਦੇ ਨਾਮ ਦੀਆਂ ਮੌਜਾਂ ਲੈਣ ਵਾਲੇ ਹੋਇ ਰਹਿੰਦੇ ਹਨ। ਬਹੁਤ ਹੀ ਅਸਚਰਜ (ਮੈ) ਰੂਪ ਜੋ ਗੁਰਾਂ ਦਾ ਦਰਸ਼ਨ ਹੈ ਤਿਸ ਵਿਚ ਨਜ਼ਰ ਲਗਾ ਕੇ ਬ੍ਰਿਤੀ ਨੂੰ ਜੋੜਦੇ ਨੇ ਗੁਰਾਂ ਦੇ ਬਚਨ ਬਿਲਾਸ ਨੇ ਪਾਨ ਬੀੜੇ ਵਾਂਕਰ ਓਹਨਾਂ ਦੇ ਨਾਲ ਬੜੇ ਰੰਗ ਕਰਕੇ ਗਾੜ੍ਹੇ ਰੰਗ ਅਨੰਦ ਵਾਲੇ ਹੋਏ ਨੇ। ਗੁਰਾਂ ਦੇ ਉਪਦੇਸ਼ ਦੀ ਚੰਗੀ ਪ੍ਰੀਤੀ ਵਿਚ ਬ੍ਰਿਤੀ ਨੂੰ (ਮਸਤ) ਲਾਈ ਰਖਦੇ ਨੇ ਪਾਣੀ ਵਿਚ ਮਛੀ ਵਾਂਕਰ ਰਸ ਲੈਣ ਵਾਲੇ ਰਸੀਏ ਹੋਏ ਹਨ ਭਾਵ ਬਹੁਤ ਖੁਭ ਕੇ ਨਾਮ ਅੰਮ੍ਰਿਤ ਦੇ ਚਸ਼ਮੇ ਵਿਚ ਅਨੰਦ ਲੈਂਦੇ ਨੇ। ਗੁਰ ਸਿਖਾਂ ਦੀ ਸੋਭਾ ਦੀ ਟੇਕ ਲੈਕੇ ਕ੍ਰੋੜਾਂ ਹੀ ਸ਼ੋਭਾ ਤੇ ਨੌ ਨਿਧੀਆਂ ਲਾਲਚ ਵਾਲੀਆਂ ਹੋਕੇ ਲੋਭ ਜਾਂਦੀਆਂ ਹਨ। ਗੁਰ ਸਿਖਾਂ ਦੀ ਸ਼ੋਭਾ ਦੇ ਬਰਾਬਰ ਸ਼ੋਭਾ ਅਤੇ ਛਬ ਦੇ ਬਰਾਬਰ ਛਬ ਵੀ ਨਹੀਂ ਹੋ ਸਕਦੀ।

ਕਬਿਤ—ਗੁਰ ਸਿਖ ਏਕ ਮੇਕ ਰੋਮ ਕੀ ਅਕਥ ਕਥਾ, ਗੁਰ ਸਿਖ ਸਾਧ ਸੰਗ ਮਹਿਮਾ ਕੋ ਪਾਵਈ ॥ ਏਕ ਓਅੰਕਾਰ ਕੇ ਬਿਥਾਰ ਕੋ ਨ ਪਾਰਾਵਾਰ, ਸਬਦ ਸੁਰਤਿ ਸਾਧ ਸੰਗਤ ਸਮਾਵਈ ॥ ਪੂਰਨ ਬ੍ਰਹਮ ਗੁਰ ਸਾਧ ਸੰਗ ਮੈ ਨਿਵਾਸ, ਦਾਸਨ ਦਾਸਾਨ ਮਤਿ ਆਪਾ ਨ ਜਤਾਵਈ ॥ ਸਤਿਗੁਰ ਗੁਰ, ਗੁਰਸਿਖ ਸਾਧ ਸੰਗਤਿ ਹੈ, ਓਤ ਪੋਤ ਵਾਂਕੀ ਜੋਤਿ ਵਾਹੀ ਬਨਿ ਆਵਈ ॥ ੧੯੫ ॥

ਜਿਹੜੇ ਗੁਰੂ ਕੇ ਸਿਖ ਗੁਰਾਂ ਨਾਲ (ਏਕ ਮੇਕ) ਮਿਲਕੇ ਇਕ ਰੂਪ ਹੋਏ ਹਨ

ਓਹਨਾਂ ਦੇ ਇਕ ਰੋਮ (ਵਾਲ) ਦੀ ਅਕਥ ਕਥਾ ਭਾਵ ਜਿਹੜਾ ਇਕ ਸਿਖ ਗੁਰਾਂ ਨਾਲ ਮਿਲਿਆ ਹੈ ਉਸਦੀ ਮਹਿਮਾ ਨਹੀਂ ਕੀਤੀ ਜਾਂਦੀ ਅਤੇ ਤਿਨਾਂ ਗੁਰਸਿਖਾਂ ਦੀ ਸਾਧ ਸੰਗਤ ਦੀ ਮਹਿਮਾ ਦਾ ਕੌਣ ਅੰਤ ਪਾ ਸਕਦਾ ਹੈ ਭਾਵ ਕੋਈ ਨਹੀਂ ਪਾ ਸਕਦਾ। ਇਕ ਅਕਾਰ ਤੋਂ ਰਹਿਤ ਜੋ ਵਾਹਿਗੁਰੂ ਹੈ, ਅਥਵਾ ੧ ਓਅੰਕਾਰ ਸਤਿਨਾਮ ਤੋਂ ਲੈ ਕੇ ਜਪ ਬਿਥਾਰ ਦਾ ਅੰਤ ਕੋਈ ਨਹੀਂ ਪਾ ਸਕਦਾ ਓਹ ਅਜਿਹਾ ਵਾਹਿਗੁਰੂ ਗੁਰਾਂ ਦੇ ਉਪਦੇਸ਼ ਵਿਚ ਚੰਗੀ ਪ੍ਰੀਤੀ ਕਰਨ ਨਾਲ ਮਿਲਦਾ ਹੈ ਸਾਧ ਸੰਗਤ ਵਿਚ ਵਾਹਿਗੁਰੂ ਵਸਦਾ ਹੈ। ਜਿਨ੍ਹਾ ਨੇ ਸੰਤਾਂ ਦੀ ਸਿਖਿਆ ਲਈ ਹੈ ਅਤੇ ਹੰਕਾਰ ਨੂੰ ਦੂਰ ਕੀਤਾ ਹੈ ਓਹ ਦਾਸਾਂ ਦੇ ਦਾਸ ਹੋਏ ਹਨ ਅਤੇ ਓਹਨਾਂ ਨੇ ਵਾਹਿਗੁਰੂ ਦੇ ਸਰੂਪ ਗੁਰਾਂ ਦਾ ਸਾਧ ਸੰਗਤ ਵਿਚ ਦਰਸ਼ਨ ਕੀਤਾ ਹੈ। ਸਤਿਗੁਰੂ ਸਿਖ ਗੁਰਾਂ ਦੇ ਇਕ ਹੀ ਰੂਪ ਹੈਨ, ਸਾਧ ਸੰਗਤ ਵਿਚ ਜਿੰਨੇ ਸਿਖ ਬੈਠੇ ਹੋਣ ਓਹ ਸਾਰੇ ਗੁਰੂ ਰੂਪ ਹੀ ਹੁੰਦੇ ਹਨ ਤਾਣੇ ਪੇਟੇ ਵਾਕਰ ਗੁਰਾਂ ਨਾਲ ਸਿਖਾਂ ਦੀ ਜੋ ਅਭੇਦਤਾਈ ਹੈ ਸਾਧ ਸੰਗਤ ਵਿਚ ਗੁਰਸਿਖਾਂ ਦੀ ਜੋ ਕਰਾਮਾਤ ਹੈ ਉਸਦੀ ਉਪਮਾ ਓਸੇ ਨੂੰ ਹੀ ਬਣ ਆਂਵਦੀ ਹੈ।

ਕਬਿਤ—ਪਵਨਹਿ ਪਵਨ ਮਿਲਤ ਨਾਹੀਂ ਪੇਖੀਅਤ, ਸਲਿਲੈ ਸਲਿਲ ਮਿਲ ਨਾਹਿ ਪਹਿਚਾਨੀਐ॥ ਜੋਤੀ ਮਿਲੇ ਜੋਤਿ ਹੋਤ ਭਿੰਨ ਭਿੰਨ ਕੈਸੇ ਕਰ, ਭਸਮਹਿ ਭਸਮ ਸਮਾਨੀ ਕੈਸੇ ਜਾਨੀਐ॥ ਕੈਸੇ ਪੰਚ ਤਤ ਮੇਲ ਖੇਲ ਹੋਤ ਪਿੰਡ ਪ੍ਰਾਨ, ਬਿਛੁਰਤ ਪਿੰਡ ਪ੍ਰਾਨ ਕੈਸੇ ਉਨਮਾਨੀਐ॥ ਅਬਿਗਤਿ ਗਤਿ ਅਤਿ ਬਿਸਮ ਅਸਚਰਜ ਮੈ,ਗਯਾਨ ਧਯਾਨ ਅਗਮਿਤਿ ਕੈਸੇ ਉਰ ਮਾਨੀਐ॥ ੧੯੬॥

ਪੌਣ ਨਾਲ ਪੌਣ ਮਿਲਦਾ ਨਹੀਂ ਵੇਖਿਆ ਜਾਂਦਾ ਤੇ ਪਾਨੀ ਨਾਲਪਾਨੀ ਮਿਲਦਾਨਹੀਂ ਜਾਣ ਸਕੀਦਾ। ਜਿਹਾ ਕੁ (ਜੋਤੀ) ਅਗਨੀ (ਜੋਤਿ)ਅਗ ਨਾਲ ਮਿਲ ਜਾਂਦੀ ਹੈ ਫਿਰ (ਭਿੰਨ ਭਿੰਨ) ਵਖੋ ਵਖ ਕਿਸ ਤਰਾਂ ਹੋ ਸਕਦੀ ਹੈ। ਧਰਤੀ ਦੀ (ਭਸਮ) ਸੁਆਹ ਨਾਲ ਸੁਆਹ ਰਲ ਗਈ ਸੋ ਕਿਸ ਤਰਾਂ ਜਾਨੀ ਜਾਵੇ। ਪੰਜਾਂ ਤਤਾਂ (ਪੌਣ, ਪਾਣੀ, ਅਗਨੀ, ਅਕਾਸ਼, ਧਰਤੀ) ਦਾ ਮਿਲਾਪ ਜੋ ਸਰੀਰ ਨਾਲ ਹੋਇਆ ਹੁੰਦਾ ਹੈ ਸੋ ਕਿਸ ਤਰਾਂ ਦਾ ਇਕ ਤਮਾਸ਼ਾ ਸਰੀਰ ਨਾਲੋਂ ਪ੍ਰਾਣਾਂ ਦਾ ਹੋ ਜਾਂਦਾ ਹੈ । ਸਾਰਿਆਂ ਵਿਚ ਵਾਹਿਗੁਰੂ ਮਿਲਿਆ ਹੋਇਆ ਹੈ ਬਹੁਤ ਹੀ ਅਤਸੈ ਕਰਕੇ ਅਦਭੁਤ ਅਸਚਰਜ ਸਰੂਪ ਜੋ ਹੈ ਉਸਨੂੰ ਸ਼ਾਸਤ੍ਰਾਂ ਪੁਰਾਨਾਂ ਦੇ ਗਯਾਨ ਧਯਾਨ ਨਾਲ ਅਤੇ ਅਣਗਿਣਤ ਮਰਯਾਦਾ ਨਾਲ ਅਜੇਹੇ ਵਡੇ ਵਾਹਿਗੁਰੂ ਨੂੰ ਕਿਸ ਤਰਾਂ ਹਿਰਦੇ ਵਿਚ ਲਿਆਈਏ।

ਕਬਿਤ—ਚਾਰ ਕੁੰਟ ਸਾਤ ਦੀਪ ਮੈ ਨ ਨਵਖੰਡ ਵਿਖੈ, ਦਹਿ ਦਿਸੰ ਦੇਖੀਐ ਨ ਬਨ ਗ੍ਰਿਹ ਜਾਨੀਐ॥ ਲੋਗ ਵੇਦ ਗਯਾਨ ਉਨਮਾਨ

ਕੈ ਨ ਦੇਖਯੋ ਸੁਨਯੋ, ਸ੍ਵਰਗ ਪੈਯਾਲ ਮ੍ਰਿਤ ਮੰਡਲ ਨ ਮਾਨੀਐ ॥ ਭੂਤ ਔ ਭਵਿਖਤ ਨ ਬ੍ਰਤਮਾਨ ਚਾਰੋ ਜੁਗ, ਚਤੁਰ ਬਰਨ ਖਟ ਦਰਸ ਨ ਧਯਾਨੀਐ ॥ ਗੁਰਸਿਖ ਸੰਗਤ ਮਿਲਾਪ ਕੋ ਪ੍ਰਤਾਪ ਜੈਸੋ, ਐਸੋ ਔਰ ਠੌਰ ਸੁਨੀਐ ਨ ਪਹਿਚਾਨੀਐ ॥੧੯੮॥

ਚਵ੍ਹਾਂ ਕੂੰਟਾਂ ਸਤਾਂ ਦੀਪਾਂ ਤੇ ਨਵਾਂ ਖੰਡਾਂ ਵਿਚ ਅਤੇ ਦਸਾਂ ਹੀ ਦਿਸ਼ਾਂ ਵਿਚ ਤੇ ਜੰਗਲਾਂ ਵਿਚ ਘਰ ਕਰਕੇ ਅਜੇਹਾ ਅਨੰਦ ਨਹੀਂ ਵੇਖਿਆ ਜਾਂਦਾ ਅਤੇ ਨਾ ਜਾਣਿਆਂ ਜਾਂਦਾ ਹੈ ਸ਼ਾਸਤ੍ਰਾਂ ਤੇ ਵੇਦਾਂ ਦੇ ਗਿਆਨ ਦੇ ਵਿਚਾਰ ਵਿਚ ਵੀ ਅਜੇਹਾ ਅਨੰਦ ਨ ਵੇਖਿਆ ਹੈ ਅਤੇ ਨਾ ਸੁਣਿਆਂ ਹੈ ਸਾਧ ਸੰਗ ਵਰਗਾ ਅਨੰਦ ਨਹੀਂ ਹੈ। ਭੂਤ ਭਵਿਖਤ ਅਤੇ ਜੋ ਬੀਤ ਰਿਹਾ ਹੈ ਤੇ ਚਵਾਂ ਹੀ ਜੁਗਾਂ ਵਿਚ ਅਤੇ ਚਵਾਂ ਵਰਨਾ ਛੇ ਦਰਸ਼ਨਾਂ ਦੇ ਧਿਆਨ ਵਿਚ ਵੀ ਨਹੀਂ ਵੇਖਿਆ ਜਾਂਦਾ। ਜੇਹਾ ਕੁ ਗੁਰ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ ਅਜੇਹਾ ਅਨੰਦ ਕਿਧਰੇ ਨਹੀਂ ਹੈ।

ਕਬਿਤ—ਊਖ ਮੈ ਪਯੂਖ ਰਸ ਰਸਨਾ ਰਹਿਤ ਹੋਇ, ਚੰਦਨ ਸੁਵਾਸ ਤਾਸ ਨਾਸਕਾ ਨ ਹੋਤ ਹੈ ॥ ਨਾਦ ਬਾਦ ਸੁਰਤਿ ਬਿਹੂਨ ਬਿਸਮਾਦ ਗਤਿ, ਬਿਬਿਧ ਬਰਨ ਬਿਨ ਦ੍ਰਿਸ਼ਟਿ ਸੁ ਜੋਤਿ ਹੈ॥ ਪਾਰਸ ਪਰਸ ਨ ਸਪਰਸ ਉਸਨ ਸੀਤ, ਕਰ ਚਰਨ ਹੀਨ ਧਰ ਔਖ਼ਧੀ ਉਦੋਤ ਹੈ॥ ਜਾਂਹਿ ਪੰਚ ਦੋਖ ਨਿਰਦੋਖ ਮੋਖ ਪਾਵੈ ਕੈਸੇ, ਗੁਰਮੁਖ ਸਹਜ ਸੰਤੋਖ ਹ੍ਵੈ ਅਛੋਤ ਹੈ॥ ੧੯੯ ॥

ਗੰਨੇ ਵਿਚ ਅੰਮ੍ਰਿਤ ਦਾ ਅਨੰਦ ਸ੍ਵਾਦ ਹੈ ਜੀਭ ਤੋਂ ਰਹਿਤ ਹੋਣ ਕਰਕੇ ਗੰਨੇ ਨੂੰ ਆਪਣੇ ਆਪ ਵਿਚ ਕੀ ਅਨੰਦ ? (ਚੰਦਨ) ਬ੍ਰਿਛ ਵਿਚ ਚੰਗੀ ਵਾਸ਼ਨਾ ਹੈ ਤਿਸ ਦੀਆਂ (ਨਾਸਕਾ) ਨਾਸਾਂ ਨਹੀਂ ਹੁੰਦੀਆਂ। ਵਾਜਿਆਂ ਦੇ ਸ਼ਬਦ ਦਾ ਖੜਾਕ ਹੋਣਾ ਅਸਚਰਜ ਰੀਤੀ ਵਾਲਾ ਹੈ ਕਿਉਂਕਿ ਵਾਜੇ ਕੰਨਾਂ ਤੋਂ ਬਿਨਾਂ ਹਨ, ਵਾਜਿਆਂ ਦੇ ਕੰਨ ਨਹੀਂ ਹਨ ਅਤੇ ਬਹੁਤ ਤਰਾਂ ਦੇ (ਬਰਨ) ਰੰਗ ਨੇਤ੍ਰਾਂ ਦੀ ਨਜ਼ਰ ਦੀ (ਜੋਤਿ) ਚਾਨਣੀ ਤੋਂ ਬਿਨਾਂ ਹਨ। ਪਾਰਸ ਨੂੰ ਛੁਹਕੇ ਤਾਂਬਾ ਆਦਿਕ ਧਾਤੂਆਂ ਸੋਨਾ ਬਣ ਜਾਂਦੀਆਂ ਹਨ ਪਾਰਸ ਤਾਂ ਹੀ ਧਾਤੂਆਂ ਨੂੰ ਸੋਨਾ ਕਰ ਦੇਂਦਾ ਹੈ ਜੋ ਓਹਨੂੰ ਆਪ ਗਰਮੀ ਸਰਦੀ ਨਹੀਂ ਲਗਦੀ ਅਤੇ (ਪ੍ਰਿਥਵੀ ਉਪਰ) ਦਵਾਈਆਂ, ਤਾਂ ਹੀ ਪ੍ਰਗਟ ਲੋਕਾਂ ਨੂੰ ਰਾਜੀ ਕਰਨ ਵਾਲੀਆਂ ਹਨ ਜੇਕਰ ਓਹ ਹਥ ਪੈਰ ਤੋਂ ਰਹਿਤ ਹਨ। ਜਿਨ੍ਹਾਂ ਪੰਜਾਂ ਗੰਨਾ, ਚੰਦਨ, ਵਾਜੇ, ਰੰਗ, ਪਾਰਸ ਵਿਚ ਆਪ ਅਜੇਹੇ ਦੂਸ਼ਣ ਮਾੜੇ ਹੈਨ ਉਹ ਦੂਸ਼ਣਾਂ ਤੋਂ ਬਿਨਾਂ ਹੋਕੇ ਆਪ ਮੁਕਤੀ ਦਾ ਦਰਵਾਜਾ ਇਹ ਪੰਜੇ ਹੀ ਦੋਸ਼ਾਂ ਵਾਲੇ ਹਨ ਕਿਉਂਕਿ ਇਹਨਾਂ

ਪੰਜਾਂ ਦੇ ਤੇ ਵਿਸ਼ੇ ਹੈ ਨਹੀਂ ਗੰਨੇ ਨੂੰ ਜੀਭ, ਚੰਦਨ ਨੂੰ ਨਾਸਕਾਂ, ਵਾਜੇ ਨੂੰ ਕੰਨ ਗੁਰਮੁਖਾਂ ਦੀਆਂ ਇਹ ਇੰਦ੍ਰੀਆਂ ਰਸਨਾ, ਕੰਨਾ ਆਦਿਕ ਹਨ ਅਤੇ ਫਿਰ ਵੀ ਗੁਰਮੁਖ ਦੋਸ਼ਾਂ ਤੋਂ ਬਿਨਾ ਹਨ। ਅਛੋਹ ਹੈਨ ਭਾਵ ਵਿਸ਼ੇ ਗੁਰਮੁਖਾਂ ਨੂੰ ਜੋਰ ਨਹੀਂ ਪਾ ਸਕਦੇ।

ਕਬਿਤ—ਨਿਹਫਲ ਜਿਹਵਾ ਹੈ ਸਬਦ ਸੁਆਦਿ ਹੀਨ, ਨਿਹਫਲ ਸੁਰਤਿ ਨ ਅਨਹਦਿ ਨਾਦ ਹੈ॥ ਨਿਹਫਲ ਦ੍ਰਿਸਟਿ ਨ ਆਪਾ ਆਪ ਦੇਖੀਅਤ, ਨਿਹਫਲ ਸ੍ਵਾਸ ਨਹੀਂ ਬਾਸੁ ਪਰਮਾਦਿ ਹੈ॥ ਨਿਹਫਲ ਕਰ ਗੁਰ ਪਾਰਸ ਪਰਸ ਬਿਨ, ਗੁਰਮੁਖ ਮਾਰਗ ਬਿਹੂਨ ਪਗ ਬਾਦ ਹੈ॥ ਗੁਰਮੁਖ ਅੰਗ ਅੰਗ ਪੰਗ ਸਰਬੰਗ ਲਿਵ, ਦ੍ਰਿਸਟਿ ਸੁਰਤਿ ਸਾਧ ਸੰਗਤ ਪ੍ਰਸਾਦਿ ਹੈ॥ ੧੯੯॥

ਗੁਰਾਂ ਦੇ ਸ਼ਬਦ ਕੰਠ ਕਰਨ ਪੜ੍ਹਨ ਦੇ ਸ੍ਵਾਦ ਤੇ ਬਿਨਾ ਹੋਈ ਹੋਈ (ਜਿਹਵਾ) ਰਸਨਾ ਵੀ (ਨਿਹਫਲ) ਬਿਅਰਥ ਹੈ। ਇਕ ਰਸ (ਅਨਾਹਦ) ਦਸਵੇਂ ਦ੍ਵਾਰ ਦੇ ਸ਼ਬਦ ਸੁਣੇ ਤੋਂ ਬਿਨਾ (ਸੁਰਤਿ) ਕੰਨ ਵੀ ਬਿਅਰਥ ਹਨ। ਓਹ ਨੇਤ੍ਰਾਂ ਦੀ ਦ੍ਰਿਸ਼ਟੀ ਵੀ ਬਿਅਰਥ ਹੈ ਜੇਹੜੀ ਸਭ ਨੂੰ ਆਪਣੇ ਆਪ ਦਾ ਰੂਪ ਕਰਕੇ ਨਹੀਂ ਵੇਖਦੀ ਐਵੇਂ ਹੈ ਅਤੇ ਆਪਣੀ ਜਾਨ ਵਾਕਰ ਪਜਾਰਾ ਸਾਰਿਆਂ ਨੂੰ ਨਹੀਂ ਸਮਝਦਾ। ਅਤੇ ਬਾਰ ਬਾਰ ਜੋ ਸ੍ਵਾਦ ਆਉਂਦੇ ਹਨ ਇਹ ਵੀ ਬਿਅਰਥ ਹਨ ਭਗਤੀ ਰੂਪੀ ਧੂੜੀ ਦਾ ਮਾਇਆ ਆਦਿਕ ਤੋਂ ਪਹਿਲੇ ਦਾ ਅਨੰਦ ਨਹੀਂ ਲੈਂਦੇ। ਪਾਰਸ ਰੂਪ ਗੁਰਾਂ ਨੂੰ ਪਰਸੇ ਤੋਂ ਬਿਨਾ ਹਥ ਵੀ ਬਿਅਰਥ ਹਨ। ਗੁਰਮੁਖਾਂ ਦਾ ਰਸਤਾ ਤਿਸ ਤੋਂ ਬਿਨਾ ਪੈਰ ਵੀ ਬਿਅਰਥ ਹਨ। ਸਾਧ ਸੰਗਤ ਦੀ ਕਿਰਪਾ ਕਰਕੇ ਗੁਰਮੁਖਾਂ ਦੇ ਅੰਗ ਅੰਗ ਸਾਰੇ ਸਫਲੇ ਹੋਇ ਹਨ (ਸਾਰੇ ਹੀ ਬ੍ਰਿਤੀ) ਨੇਤ੍ਰਾਂ ਦੀ (ਸੁਰਤਿ) ਕੰਨ ਮਨ ਦੀ ਪ੍ਰੀਤੀ।

ਭਾਵ—ਗੁਰਮੁਖਾਂ ਦੇ ਇੰਦ੍ਰੇ ਇਸ ਲਈ ਸਫਲ ਹੋਇ ਹਨ ਕਿ ਸਾਧ ਸੰਗਤ ਵਿਚ ਜਾਕੇ ਨਾਮ ਨਾਲ ਪ੍ਰੀਤੀ ਕਰਦੇ ਹਨ।

ਕਬਿਤ—ਪਸ਼ੂਆ ਮਨੁਸ਼ ਦੇਹ ਅੰਤਰੁ ਅੰਤਰੁ ਇਹੈ, ਸ਼ਬਦ ਸੁਰਤਿ ਕੋ ਬਿਬੇਕ ਅਵਿਵੇਕ ਹੈ॥ ਪਸ਼ੂ ਹਰਿਆਉ ਕਹਜੋ ਸੁਨਜੋ ਅਨੁਸੁਨਜੋ ਕਰੈ, ਮਾਨਸ ਜਨਮ ਉਪਦੇਸ਼ ਰਿਦੈ ਟੇਕ ਹੈ॥ ਪਸ਼ੂਆ ਸ਼ਬਦ ਹੀਨ ਜਿਹਵਾ ਨ ਬੋਲ ਸਕੈ, ਮਾਨਸ ਜਨਮ ਬੋਲੈ ਬਚਨ ਅਨੇਕ ਹੈ॥ ਸ਼ਬਦ ਸੁਰਤਿ ਸੁਨਿ ਸਮਝਿ ਬਿਬੇਕੀ ਬੋਲੈ, ਨਾਤਰ ਅਚੇਤ ਪਸ਼ੂ ਪ੍ਰੇਤ ਹੂੰ ਮੈ ਏਕ ਹੈ॥ ੨੦੦॥

ਪਸ਼ੂ ਅਤੇ ਆਦਮੀ ਦੀ ਦੇਹ(ਅੰਤਰ)ਵਿਚ ਇਹ ਭੇਦ ਹੈ ਕਿ ਆਦਮੀ ਨੂੰ ਸ਼ਬਦ ਦੀ ਗਜਾਤ ਦਾ (ਬਿਬੇਕ) ਵਿਚਾਰ ਹੈ ਅਤੇ ਪਸ਼ੂ ਨੂੰ ਅਵਿਚਾਰ ਹੈ। ਪਸ਼ੂ (ਹਰਿਆਊ) ਹਰਿਆਂ ਪਠਿਆਂ ਨੂੰ ਵੇਖਕੇ ਦੌੜ ਆਉਂਦਾ ਹੈ ਅਤੇ ਮਾਲਕ ਦੇ ਕਹੇ ਹੋਏ ਨੂੰ ਸੁਣ ਕੇ ਅਨਸੁਣਿਆਂ ਕਰ ਦਿੰਦਾ ਹੈ। ਆਦਮੀ ਦੀ ਜੂਨ ਦੇ ਮਿਲਣ ਦਾ ਇਹ ਡੰਗਰ ਨਾਲੋਂ ਵਾਧਾ ਹੈ ਕਿ ਗੁਰ ਉਪਦੇਸ਼ ਦੀ ਹਿਰਦੇ ਵਿਚ (ਟੇਕ) ਲੈ ਸਕੀ ਦੀ ਹੈ। ਡੰਗਰ ਸ਼ਬਦ ਦੀ ਸੁਣਾਈ ਦੇ ਵਿਚਾਰ ਤੋਂ ਹੀਨ ਹੋਕਰ ਰਸਨਾ ਕਰਕੇ ਨਹੀਂ ਬੋਲ ਸਕਦਾ। ਅਤੇ ਆਦਮੀ ਮਨੁਖਾ ਜਨਮ ਧਾਰਕੇ ਅਨੇਕਾਂ ਹੀ ਬਚਨ ਬੋਲ ਸਕਦਾ ਹੈ। ਗੁਰ ਉਪਦੇਸ਼ ਦੇ ਸ਼ਬਦ ਦੀ ਕੰਨਾਂ ਨਾਲ ਗਜਾਨ ਕਰਕੇ ਅਵਾਜ਼ ਸੁਣੇ ਅਤੇ ਅਗੇ ਓਹ ਉਪਦੇਸ਼ ਸਮਝਕੇ ਤੇ ਵੀਚਾਰ ਵਾਲਾ ਹੋਕੇ ਬੋਲੇ ਭਾਵ ਗੁਰ ਉਪਦੇਸ਼ ਨੂੰ ਪ੍ਰੀਤ ਨਾਲ ਸੁਣੇ ਅਤੇ ਅਗੇ ਸਮਝ ਕੇ ਲੋਕਾਂ ਨੂੰ ਉਸ ਦਾ ਭਾਵ ਦਸੇ। ਬੇ ਸਮਝ ਡੰਗਰ ਨਾਲੋਂ ਭੂਤਨਿਆਂ ਵਿਚ ਇਕ ਭੂਤਨਾਂ ਹੈ ਭਾਵ ਓਹ ਆਦਮੀ ਅਜੇਹਾ ਡੰਗਰਾਂ ਨਾਲੋਂ ਵੀ ਮਾੜਾ ਹੈ।

ਕਬਿਤ—ਸਬਦ ਸੁਰਤਿ ਹੀਨ ਪਸ਼ੂਆ ਪਵਿਤ੍ਰ ਦੇਹ, ਖੜ ਖਾਇ ਅੰਮ੍ਰਿਤ ਪ੍ਰਵਾਹਿ ਕੌ ਸੁਆਉ ਹੈ॥ ਗੋਬਰ ਗੋਮੂਤ੍ਰ ਸੂਤ੍ਰ ਪਰਮ ਪਵਿਤ੍ਰ ਭਏ, ਮਾਨਸ਼ ਨਿਖੇਧਿ ਦੇਹੀ ਅੰਮ੍ਰਿਤ ਅਪਜਾਉ ਹੈ॥ ਬਰਨ ਬਿਬੇਕ ਟੇਕ ਸਾਧਨ ਕੈ ਸਾਧ ਭਏ, ਅਧਮ ਅਸਾਧ ਖਲ ਬਚਨ ਦੁਰਾਉ ਹੈ॥ ਰਸਨਾ ਅੰਮ੍ਰਿਤ ਰਸਿ ਰਸਿਕ ਰਸਾਇਨ ਹ੍ਵੈ, ਮਾਨਸ ਬਿਖੈ ਧਰ ਬਿਖਮ ਬਿਖਤਾਉ ਹੈ॥੨੦੧॥

ਆਦਮੀ ਗੁਰ ਸ਼ਬਦ ਦੇ ਸ੍ਰੋਤ ਤੋਂ ਰਹਿਤ ਹੈ ਇਸ ਲਈ ਪਸੂ ਦੀ ਦੇਹ ਆਦਮੀ ਨਾਲੋਂ ਚੰਗੀ ਹੈ ਖਲ ਜੋ ਤਿਲਾਂ ਦੀ ਹੁੰਦੀ ਹੈ ਅਥਵਾ ਘਾਹ ਖਾਕੇ ਦੁਧ ਦੇ ਪ੍ਰਵਾਹ ਚਲਾਉਣ ਦਾ ਪਸੂਆਂ ਦਾ ਪ੍ਰਯੋਜਨ ਹੈ। ਹੋਰ ਭਾਵ ਡੰਗਰਾਂ ਵਿਚ ਅਛਾ ਕਵਦੇ ਹਨ ਕਿ ਜਿਨ੍ਹਾ ਪਸੂਆਂ ਦਾ ਗੋਹਾ ਗਾਂ ਦਾ (ਮੂਤ੍ਰ ਮੂਤ ਬੜੀ ਅਛੀ ਮਰਯਾਦਾ ਨਾਲ ਹਿੰਦੂਆਂ ਨੇ ਆਪਣੇ ਵਿਚ ਬਹੁਤ ਹੀ ਅਛਾ ਪਵਿਤ੍ਰ ਮੰਨਿਆ ਹੋਇਆ ਹੈ, ਆਦਮੀ ਦੀ ਦੇਹ (ਨਿਖੇਧ) ਨਿਕੰਮੀ ਹੈ ਕਿਉਂਕਿ ਉਸ ਗਊ ਆਦਿਕ ਦੇ ਦੁਧ ਦਾ ਭੋਜਨ ਕਰਕੇ ਅਪਵਿਤ੍ਰ ਮੂਤ੍ਰ ਕਰ ਦੇਈਦਾ ਹੈ। ਵਿਚਾਰਵਾਨ ਗੁਰਮੁਖ ਗੁਰਾਂ ਦੇ ਬਚਨਾਂ ਦੀ ਓਟ ਲੈਕੇ ਜੋ ਗੁਰਾਂ ਨੇ ਸਾਧਨ ਦਸੇ ਹਨ ਓਹਨਾਂ ਨੂੰ ਕਰਕੇ ਗੁਰਮੁਖ ਬਣ ਗਏ (ਅਧਮ) ਪਾਪੀ ਭੈੜੇ ਸਾਧੂ ਮੂਰਖ ਜਿਨ੍ਹਾ ਨੇ ਗੁਰਾਂ ਦੇ ਬਚਨਾਂ ਦਾ ਛਪਾਉ ਕੀਤਾ ਹੈ। ਗੁਰਮੁਖਾਂ ਦੀ ਰਸਨਾ ਨਾਮ ਦਾ ਅਨੰਦ ਜੋ ਹੈ ਤਿਸ ਵਿਚ ਰਸੀਆਂ ਵਾਕਰ ਬਹੁਤ ਲਗੀ ਹੋਈ ਅਤੇ ਇਸੀ ਕਰਕੇ ਰਸਾਂ ਦਾ ਘਰ ਪਿਆਰੀ ਰਸਨਾਂ ਹੋ ਗਈ ਹੈ, ਜੋ ਆਦਮੀ ਹਨ ਓਹਨਾਂ ਦੀ ਰਸਨਾ ਦਾ ਵਿਹੁ ਦੇ ਧਾਰਨ ਵਾਲੇ ਸਪ ਦੀ ਵਿਹੁ ਕਰ ਕੌੜਾ ਸੇਕ ਦੁਖ ਹੈ, ਮਾਰ

ਸੁਟਦੇ ਹਨ।

ਕਬਿਤ—ਪਸ਼ੂ ਖੜਿ ਖਾਤ ਖਲ ਸਬਦ ਸੁਰਤਿ ਹੀਨ, ਮੋਨ ਕੋ ਮਹਾਤਮ ਪੈ ਅੰਮ੍ਰਿਤ ਪ੍ਰਵਾਹ ਜੀ ॥ ਨਾਨਾ ਮਿਸਟਾਨ ਖਾਨ ਪਾਨ ਕੋ ਮਾਨੁਸ਼ ਮੁਖ, ਰਸਨਾ ਰਸੀਲੀ ਹੋਇ ਸੋਇ ਭਲੀ ਤਾਂਹਿ ਜੀ ॥ ਬਚਨ ਬਿਬੇਕ ਟੇਕ ਮਾਨਸ ਜਨਮ ਫਲ, ਬਚਨ ਬਿਹੂਨ ਪਸ਼ੂ ਪਰਮਿਤਿ ਆਹਿ ਜੀ ॥ ਮਾਨੁਸ ਜਨਮੁ ਗਤਿ ਬਚਨ ਬਿਬੇਕ ਹੀਨ, ਬਿਖਧਰ ਬਿਖਮ ਚਕਿਤ ਚਿਤ ਚਾਹਿ ਜੀ ॥ ੨੦੧ ॥

ਡੰਗਰ ਘਾਹ ਅਤੇ ਖਲ ਨੂੰ ਖਾਕੇ ਸਬਦ ਦੀ ਸੂੋਤ ਤੋਂ ਹੀਨ ਹੁੰਦਾ ਹੈ ਉਸ ਚੁਪ ਕਰ ਰਹਿਣ ਦਾ ਉਸ ਨੂੰ ਇਹ ਫਲ ਹੁੰਦਾ ਹੈ ਪਸ਼ੂ ਘਾਹ ਖਾ ਕੇ ਅੰਮ੍ਰਿਤ ਵਰਗਾ ਦੁਧ ਦੇਂਦਾ ਹੈ। ਆਦਮੀ ਆਪਣੇ ਮੂੰਹ ਨਾਲ ਬਹੁਤ ਤਰਾਂ ਦੇ ਮਿਠੇ ਖਾਣਿਆਂ ਨੂੰ ਖਾਕੇ ਅਤੇ ਦੁਧ ਨੂੰ ਪੀਕੇ ਜੇਕਰ ਜੀਭ ਨੂੰ ਰਸ ਵਾਲੀ ਕਰ ਲਵੇ ਤਾਂ ਚੰਗੀ ਹੈ ਨਹੀਂ ਤਾਂ ਕਿਸੇ ਕੰਮ ਦੀ ਨਹੀਂ। (ਟੇਕ) ਓਹ ਹਛੀ ਮਰਯਾਦਾ ਹੈਗੀ ਹੈ ਮਨੁਖ ਜਨਮ ਧਾਰੇ ਦਾ ਇਹ ਫਲ ਹੈ ਕਿ ਵਿਚਾਰ ਵਾਲੇ ਬਚਨਾਂ ਦੀ ਓਟ ਲੈਣੀ ਅਤੇ ਵਿਚਾਰ ਵਾਲੇ ਬਚਨਾਂ ਤੋਂ ਬਿਨਾਂ ਆਦਮੀ ਹੋਇਆ ਹੋਇਆ ਪਸ਼ੂ ਦੀ ਮਰਯਾਦਾ ਨਾਲੋਂ ਵੀ ਪਰੇ ਹੈ। ਮਨੁਖਾ ਜਨਮ ਮਿਲਿਆ ਸੀ ਸੋ ਇਹ ਮੂਰਖ ਚੰਗੇ ਵਿਚਾਰ ਵਾਲੇ ਬਚਨਾਂ ਤੋਂ ਰਹਿਤ ਹੋ ਗਿਆ ਇਸ ਨੂੰ ਵੇਖ ਕੇ ਸਪ ਵੀ ਕਰੜੇ ਚਿਤ ਵਾਲੇ ਹੈਰਾਨ ਹੋ ਜਾਂਦੇ ਹਨ।

ਕਬਿਤ—ਦਰਸ਼ਨ ਧਜਾਨ ਬ੍ਰਿਹਾ ਬਜਾਪਿਤ ਦ੍ਰਿਗਨ ਹੋਇ, ਸ੍ਰਵਨ ਬਿਰਸੁ ਬਜਾਪੈ ਮਧੁਰ ਬਚਨ ਕੈ ॥ ਸੰਗਮ ਸਮਾਗਮ ਬਿਰਹੋਂ ਬਜਾਪੈ ਜਿਹਵਾ ਕੈ, ਪਾਰਸ ਪਰਸ ਅੰਕਮਾਲ ਕੀ ਰਚਨ ਕੈ ॥ ਸਿਹਜਾ ਗਵਨ ਬ੍ਰਿਹਾਂ ਬਜਾਪਤ ਚਰਨ ਹੋਇ, ਪ੍ਰੇਮ ਰਸ ਬਿਰਹਾਂ ਸ੍ਰਬੰਗ ਹ੍ਰੈ ਸਚਨ ਕੈ ॥ ਰੋਮ ਰੋਮ ਬਿਰਹਾਂ ਬ੍ਰਿਥਾ ਕੈ ਬਿਹਬਲ ਭਈ, ਸਸਾ ਜਜੋਂ ਵਹੀਰ ਪੀਰ ਪ੍ਰਬਲ ਤਚਨ ਕੈ ॥ ੨੦੩ ॥

ਨੇਤ੍ਰ ਕੰਨ (ਮਧਰ) ਮਿਠੇ ਜਿਹਾ ਕੁ ਇਸਤ੍ਰੀ ਨੂੰ ਆਪਣੇ ਪਤੀ ਦੇ ਧਜਾਨ ਦਾ (ਬ੍ਰਿਹੁ) ਵਿਛੋੜੇ ਦਾ ਦੁਖ ਨੇਤ੍ਰਾਂ ਨੂੰ ਲਗਦਾ ਹੈ ਅਤੇ ਕੰਨਾਂ ਨੂੰ ਦੁਖ ਹੁੰਦਾ ਹੈ ਮਿਠੇ ਬਚਨਾਂ ਤੋਂ ਬਿਨਾਂ ਹੋਇਆਂ ਹੋਇਆਂ। ਪਤੀ ਦੇ ਨਾਲ ਮਿਲਣ ਤੇ ਸਮਾਗਮ ਤੋਂ ਬਿਨਾਂ ਹੋ ਕੇ ਜੀਭ ਨੂੰ ਦੁਖ ਲਗ ਰਹਿਆ ਹੈ ਅਤੇ ਪਾਰਸ ਰੂਪ ਭਰਤਾ ਦੇ ਨਾਲ ਲਗਣ ਤੋਂ ਬਿਨਾਂ ਛਾਤੀ ਦੁਖਤ ਹੋ ਰਹੀ ਹੈ ਮਾਲਾ ਹਿਰਦੇ ਤੋਂ ਲਥ ਕੇ ਮਣਕਾ ਮਣਕਾ ਹੋ ਜਾਂਦੀ ਹੈ। ਜਿਹੜਾ ਮੈਂ ਪਤੀ ਦੀ ਸੇਜ ਉਤੇ ਪੈਰੀਂ ਟੁਰਕੇ ਜਾਂਦੀ ਸੀ ਪਰ

ਹੁਣ ਪਤੀ ਨਾ ਪਾਸ ਹੋਣ ਕਰਕੇ ਓਹ ਵਿਛੋੜਾ ਮੈਨੂੰ ਬੁਰਾ ਲਗਦਾ ਹੈ ਅਤੇ ਮੈਂ ਦੁਖੀ ਹੋ ਰਹੀ ਹਾਂ ਅਤੇ ਜੋ (ਪ੍ਰੇਮ ਰਸ) ਵਾਹਿਗੁਰੂ ਦਾ (ਪਤੀ ਦੇ) ਨਾਮ ਦਾ ਵਿਛੋੜਾ ਹੋ ਰਿਹਾ ਹੈ ਓਹ ਸਾਰੇ ਅੰਗਾਂ ਨੂੰ (ਸਚਨ) ਲਗ ਰਿਹਾ ਹੈ। ਪਤੀ ਦੇ ਵਿਛੋੜੇ ਦੀ ਪੀੜਾ ਕਰਕੇ ਇਸਤ੍ਰੀ ਵਿਆਕੁਲ ਹੋ ਜਾਂਦੀ ਹੈ ਅਤੇ ਲੂੰ ਲੂੰ ਪ੍ਰੇਮ ਦੇ ਬਾਣਾਂ ਨਾਲ ਵਿੰਨ੍ਹਿਆ ਜਾਂਦਾ ਹੈ ਅਤੇ ਜਿਹਾ ਕੁ ਸਹਿਆ ਸ਼ਿਕਾਰ ਦੇ ਬਹੁਤਿਆਂ ਆਦਮੀਆਂ ਤੇ ਕੁਤਿਆਂ ਦਾ ਘੇਰਿਆ ਹੋਇਆ ਦੁਖੀ ਹੁੰਦਾ ਹੈ ਅਤੇ ਓਹਨਾਂ ਦੀ ਬੜੀ ਜੋਰ ਵਾਲੀ ਤਾੜਨਾ ਕਰਕੇ ਉਸ ਨੂੰ ਪੀੜਾ ਹੁੰਦੀ ਹੈ ਓਹ ਦੁਖੀ ਹੁੰਦਾ ਹੈ।

ਕਬਿਤ—ਕਿੰਚਤ ਕਟਾਛਜ ਕ੍ਰਿਪਾ ਬਦਨ ਅਨੂਪ ਰੂਪ, ਅਤਿ ਅਸਚਰਜ ਮੈ ਨਾਇਕਾ ਕਹਾਈ ਹੈ॥ ਲੋਚਨ ਕੀ ਪੂਤਰੀ ਮੈ ਤਨਕ ਤਾਰਕਾ ਸਜ਼ਾਮ, ਤਾਂਕੋ ਪ੍ਰਤਿਬਿੰਬ ਤਿਲ ਬਨਿਤਾ ਬਨਾਈ ਹੈ॥ ਕੋਟਿਨ ਕੋਟਾਨਿ ਛਬਿ ਤਿਲ ਮੈ ਛਪਤ ਛਾਹ, ਕੋਟਿਨ ਕੋਟਾਨਿ ਸੋਭ ਲੋਭ ਲਲਚਾਈ ਹੈ॥ ਕੋਟਿ ਬ੍ਰਹਮੰਡ ਕੇ ਨਾਇਕ ਕੀ ਨਾਇਕ ਭਈ, ਤਿਲਕੈ ਤਿਲਕ ਸ੍ਰਬ ਨਾਇਕਾ ਮਿਟਾਈ ਹੈ॥੨੦੪॥

ਥੋੜੀ ਜਿਹੀ ਕਿਰਪਾ ਦ੍ਰਿਸ਼ਟੀ ਪਤੀ ਦੀ ਸੁੰਦਰ ਸਰੂਪ ਵਾਲੇ ਸਰੀਰ ਵਲ ਹੋ ਜਾਵੇ ਤਾਂ ਬਹੁਤ ਹੀ ਸੁੰਦਰ ਇਸਤ੍ਰੀ ਕਹਾਉਂਦੀ ਹੈ। ਪਤੀ ਦੇ ਨੇਤਰਾਂ ਵਿਚ ਜੋ ਚਿਟਾ ਚਿਟਾ ਰੰਗ ਹੈ ਅਤੇ ਕਾਲੀਆਂ ਕਾਲੀਆਂ ਵਿਚ ਧਾਰੀਆਂ ਹਨ ਅਤੇ ਥੋੜਾ ਥੋੜਾ ਵਿਚ ਲਾਲ ਰੰਗ ਹੈ ਛਬ ਵਾਲਿਆਂ ਨੇਤ੍ਰਾਂ ਦੀ ਜਦੋਂ ਕ੍ਰਿਪਾ ਦ੍ਰਿਸ਼ਟੀ ਹੋਈ ਅਤੇ ਮੇਰੇ ਵਲ ਉਨ੍ਹਾਂ ਵੇਖਿਆ, ਮੇਰੀਆਂ ਅੱਖੀਆਂ ਵਿਚ ਓਹਨਾਂ ਦਾ ਚਮਤਕਾਰ ਥੋੜਾ ਜੇਹਾ ਪਿਆ। ਤਾਂ ਉਸ ਚਮਤਕਾਰੇ ਨੇ ਮੈਨੂੰ ਇਸਤ੍ਰੀ ਬਣਾ ਦਿਤਾ। ਪਤੀ ਦੀ ਥੋੜੀ ਜੇਹੀ ਕ੍ਰਿਪਾ ਦ੍ਰਿਸ਼ਟੀ ਦੇ ਪਰਛਾਵੇਂ ਹੇਠਾਂ ਬਹੁਤ ਤਰਾਂ ਦੀਆਂ ਕ੍ਰੋੜਾਂ ਹੀ ਛਬਾਂ ਛਿਪ ਜਾਂਦੀਆਂ ਹਨ ਅਤੇ ਬਹੁਤ ਤਰਾਂ ਦੀਆਂ (ਸੋਭ) ਮੋਹਤ ਹੋਕੇ ਮੋਹੀਆਂ ਜਾਂਦੀਆਂ ਹਨ। ਜਦ ਪਤੀ ਨੇ ਬਹੁਤ ਕ੍ਰਿਪਾ ਕੀਤੀ ਤਾਂ ਕ੍ਰੋੜਾਂ ਹੀ ਬ੍ਰਹਮੰਡਾਂ ਦਾ ਜਿਹੜਾ ਮੇਰਾ ਪਤੀ ਮਾਲਕ ਹੈ ਉਸ ਸੁਆਮੀ ਦੀ ਮੈਂ ਸੁਆਮਣਿ ਬਣ ਗਈ ਪਰ ਮੈਂ ਕਿਉਂ ਜਾਣ ਲਿਆ ਕਿ ਪਤੀ ਨੇ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਮੈਂ ਸਾਰੀਆਂ ਇਸਤ੍ਰੀਆਂ ਵਿਚੋਂ ਸਿਰੋਮਣੀ ਪਟਰਾਣੀ ਬਣ ਗਈ। ਚੰਗੀ ਇਸਤ੍ਰੀ—

ਕਬਿਤ—ਸ੍ਰਪਨ ਚਰਿਤ੍ਰ ਚਿਤ੍ਰ ਬਾਨਕ ਬਚਿਤ੍ਰ ਬਨੇ, ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ॥ ਪਰਮ ਦਯਾਲ ਲਾਲ ਲੋਚਨ ਬਿਸਾਲ ਮੁਖ, ਬਚਨ ਰਸਾਲ ਮਧੁ ਮਧੁਰ ਪੀਆਏ ਹੈਂ॥ ਸ਼ੋਭਤ ਸੇਜਾਸਨ

ਬਿਲਾਸਨ ਦੈ ਅੰਕਮਾਲ, ਪ੍ਰੇਮ ਰਸ ਬਿਸਮ ਹ੍ਵੈ ਸਹਿਜ ਸਮਾਏ ਹੈਂ॥ ਚਾਤ੍ਰਿਕ ਸ਼ਬਦ ਸੁਨ ਅਖੀਆਂ ਉਘਰ ਗਈ, ਭਈ ਜਲ ਮੀਨ ਗਤਿ ਬਿਰਹ ਜਗਾਏ ਹੈਂ॥ ੨੦੫॥

ਪਤੀ ਪਰਮਾਤਮਾ ਸੁਪਨੇ ਦੇ ਤਮਾਸ਼ੇ ਵਿਚ ਚਿਤ੍ਰਕਾਰੀ ਕੀਤੇ ਹੋਇ ਪਹਰਾਵੇ ਦੀ ਬਨਾਵਟ ਬਹੁਤ ਤਰਾਂ ਦੇ ਬਣੇ ਹੋਏ ਅਤੇ ਬਹੁਤ ਤਰਾਂ ਦੇ ਨਿਰਮਲ ਮਨ ਨੂੰ ਪਵਿਤ੍ਰ ਕਰਨ ਵਾਲੇ ਮੇਰੇ ਪਿਆਰੇ ਮੇਰੇ ਘਰ ਵਿਚ ਆਏ ਹਨ। ਪਤੀ ਮੇਰੇ ਦੇ ਜੋ ਨੇਤ੍ਰ ਚੌੜੇ ਕਮਲ ਦੇ ਪਤਿਆਂ ਵਾਕਰ ਨੇ ਓਹਨਾਂ ਨਾਲ ਮੇਰੇ ਵਲ ਦੇਖਿਆ ਅਤੇ ਮੂੰਹੋਂ ਸੁੰਦਰ ਬਚਨ ਮਿਠੇ ਮਿਠੇ ਸ਼ਹਿਤ ਵਾਕਰ ਕਹਿਕੇ ਮੈਨੂੰ ਪੀਆਏ ਮੁਖੋਂ ਚੰਗੀਆਂ ਗਲਾਂ ਕੀਤੀਆਂ। (ਅੰਕਮਾਲ) ਹਿਰਦੇ ਦੀ ਮਾਲਾ ਛਾਤੀ ਮੇਰੀ ਅੰਤਹ ਕਰਣ ਰੂਪੀ ਸੇਜਾ ਉਤੇ ਆਸਣ ਵਿਛਾਕੇ ਸੋਭੇ ਹੈਨ ਅਤੇ ਹਿਰਦੇ ਨੂੰ ਅਨੰਦ ਦਿਤਾ ਹੈ ਪ੍ਰੇਮ ਰਸ ਵਿਚ ਅਨੰਦ ਹੋਕੇ ਮੈਂ ਅਦਭੁਤ ਹੋ ਗਈ ਹਾਂ ਅਤੇ ਸਹਜੇ ਹੀ ਪਤੀ ਦੇ ਨਾਲ ਸਮਾ ਗਈ। ਪਪੀਹੇ ਦਾ ਬੋਲ ਸੁਣ ਕੇ ਮੈਂ ਜਾਗ ਉਠੀ ਹੁਣ ਓਹ ਵਿਛੋੜੇ ਦਾ ਦੁਖ ਵੀ ਨਾਲ ਹੀ ਜਾਗ ਉਠਿਆ, ਮੈਂ ਉਸ ਨੂੰ ਬਥੇਰਾ ਸੁਵਾ ਰਹੀ ਪਰ ਓਹ ਪ੍ਰੇਮ ਨ ਸੁਤਾ ਹੁਣ ਮੈਂ ਅਜੇਹੀ ਤੜਫਦੀ ਹਾਂ ਜੇਹੀ ਕੁ ਪਾਣੀ ਤੋਂ ਬਿਨਾਂ ਮੱਛੀ ਦੀ ਗਤੀ ਹੁੰਦੀ ਹੈ। ਮੈਨੂੰ ਬਹੁਤ ਦੁਖ ਹੋ ਗਿਆ ਹੈ ਪਤੀ ਪ੍ਰਤੱਛ ਹੋਕੇ ਅਲੋਪ ਹੋ ਗਿਆ ਹੈ।

ਕਬਿਤ—ਦੇਖਬੇ ਕੋ ਦ੍ਰਿਸ਼ਟਿ ਨ ਦਰਸ ਦਿਖਾਇਬੇ ਕੋ, ਕੈਸੇ ਪ੍ਰਿਯਾ ਦ੍ਰਸ਼ਨ ਕੋ ਦੇਖੀਐ ਦਿਖਾਈਐ॥ ਕਹਿਬੇ ਕੌ ਸੁਰਤਿ ਹੈ ਨ ਸ੍ਰਵਨ ਸੁਨਿਬੇ ਕੋ, ਕੈਸੇ ਗੁਨ ਨਿਧ ਗੁਨ ਸੁਨੀਐ ਸੁਨਾਈਐ॥ ਮਨ ਮੈ ਨ ਗੁਰਮਤਿ, ਗੁਰਮਤਿ ਮੈ ਨ ਮਨ, ਨਿਹਚਲ ਹ੍ਵੈ ਨ ਉਨ ਮਨ ਲਿਵਲਾਈਐ॥ ਅੰਗ ਅੰਗ ਭੰਗ ਰੰਗ ਰੂਪ ਕੁਲ ਹੀਨ ਦੀਨ, ਕੈਸੇ ਬਹੁ ਨਾਇਕ ਦੀ ਨਾਇਕਾ ਕਹਾਈਐ॥ ੨੦੬॥

ਜੇਹਾ ਕੁ ਮੈਨੂੰ ਪਤੀ ਪ੍ਰਮਾਤਮਾ ਦੇ ਦਰਸ਼ਨ ਦਾ ਅਨੰਦ ਹੋਯਾ ਹੈ ਓਹ ਹੁਣ ਮੈਂ ਨਾ ਆਪ ਵੇਖ ਸਕਦੀ ਹਾਂ (ਕਿਉਂਕਿ ਮੈਨੂੰ ਸੁਪਨੇ ਵਿਚ ਦਰਸ਼ਨ ਦੇਕੇ ਅਲੋਪ ਹੋ ਗਿਆ ਹੈ) ਮੈਂ ਤੁਹਾਨੂੰ ਵਿਖਾ ਸਕਦੀ ਨਹੀਂ। ਕਹਿਣ ਨੂੰ ਗਿਆਤ ਨਹੀਂ ਹੈ ਅਤੇ ਕੰਨ ਸੁਣ ਨਹੀਂ ਸਕਦੇ, ਸੋ ਕਿਸਤਰਾਂ ਪਤੀ ਪਰਮਾਤਮਾ ਦੇ ਮੈਂ ਗੁਣ ਤੁਹਾਨੂੰ ਸੁਣਾਵਾਂ? ਪਹਿਲੇ ਮੈਨੂੰ ਹੀ ਨਹੀਂ ਆਪ ਸੁਣੀ ਦੇ। ਮਨ ਵਿਚ ਪਤੀ ਦੀ ਸਿਖਿਆ ਯਾਦ ਨਹੀਂ ਹੈ ਅਤੇ ਉਹ ਜੇਹੜੀ ਸਿਖਿਆ ਪ੍ਰਮਾਤਮਾ ਨੇ ਦਿਤੀ ਹੈ ਉਸਦੇ ਵਿਚ ਮਨ ਨਹੀਂ ਹੈ ਅਤੇ ਮਨ ਵੀ ਟਿਕਦਾ ਨਹੀਂ ਹੈ ਮੈਂ ਕਿਵੇਂ ਤੁਹਾਨੂੰ ਉਸ ਅਨੰਦਵਾਲੇ ਘਰ ਵਿਚ ਜੋ ਪਤੀ ਨੇ ਅਨੰਦ ਕੀਤਾ ਸੀ ਉਸ ਵਿਚ ਬ੍ਰਿਤੀ ਲਾਕੇ ਦਸਾਂ। ਸਰੀਰ ਦਾ ਅੰਗ ਅੰਗ ਮੇਰਾ ਟੁਟ

ਰਹਿਆ ਹੈ ਅਤੇ ਰੰਗ ਪੀਲਾ ਹੋ ਗਿਆ ਹੈ ਰੂਪ ਵੀ ਚੰਗਾ ਨਹੀਂ ਰਹਿਆ ਅਤੇ ਕੁਲ ਦੀ ਵੀ ਨਿਮਾਣੀ ਹਾਂ ਅਤੇ ਗਰੀਬਣੀ ਹਾਂ (ਜੋ ਬਹੁਤੀਆਂ ਇਸਤ੍ਰੀ ਦਾ ਮਾਲਕ ਹੈ) ਕਿਸ ਤਰਾਂ ਓਹਦੀ ਇਸਤ੍ਰੀ ਕਹਾਵਾਂ।

ਕਬਿਤ—ਬਿਰਹ ਵਿਯੋਗ ਰੋਗ ਦੂਖਤ ਹ੍ਵੈ ਬਿਰਹਨੀ, ਕਹਿਤ ਸੰਦੇਸ ਪਥਕਨ ਪੈ ਉਸਾਸ ਤੇ॥ ਦੇਖੇ ਹੌਂ ਤ੍ਰਿਗਦ ਜੋਨਿ ਪ੍ਰੇਮ ਕੈ ਪਰੇਵਾ ਗੁਰ, ਪਰ ਕਰ ਨਾਰਿ ਦੇਖ ਟੂਟਤ ਅਕਾਸ ਤੇ॥ ਤੁਮ ਤੌ ਚਤੁਰਦਸ ਵਿਦਯਾ ਕੇ ਨਿਧਾਨ ਪ੍ਰਿਆ, ਤ੍ਰਿਆ ਨਾ ਛਡਾਵੋ ਹਾਇ ਬ੍ਰਿਹਾਂ ਰਿਪੁ ਤ੍ਰਾਸ ਤੇ॥ ਚਰਨ ਬਿਖਮ ਦੁਖ ਤਾਰਿਕ ਚਮਤਕਾਰ, ਹੇਰਤ ਹਿਰਾਹਿ ਰਵਿ ਦਰਸ ਪ੍ਰਗਾਸ ਤੇ॥ ੨੦੭॥

ਪਤੀ ਦੇ ਵਿਛੋੜੇ ਦੇ ਪ੍ਰੇਮ ਰੂਪ ਰੋਗ ਵਿਚ ਇਸਤ੍ਰੀ ਗ੍ਰਸੀ ਹੋਈ ਹੈ ਅਤੇ ਦੁਖੀ ਹੋ ਰਹੀ ਹੈ ਅਤੇ ਉਭੇ ਸਾਹ ਭਰਕੇ ਸੁਨੇਹੇ ਰਾਹੀਆਂ ਪਾਸ ਆਖਦੀ ਹੈ ਰਾਹੀਓ! ਮੇਰੇ ਪਤੀ ਨੂੰ ਕਹਿ ਦੇਣਾ ਕਿ ਜਿਹੜੀਆਂ ਟੇਢੀਆਂ ਜੋਨੀਆਂ ਸਰਪ ਆਦਿਕ ਨੇ ਅਤੇ ਹੋਰ ਅਕਾਸ਼ ਵਿਚ ਉਡਣ ਵਾਲੇ ਪੰਛੀ ਓਹ ਆਪਣੀਆਂ ਇਸਤ੍ਰੀਆਂ ਪਾਸ ਪ੍ਰੇਮ ਕਰਕੇ ਅਕਾਸ਼ੋਂ ਉਤਰ ਆਉਂਦੇ ਹਨ ਅਤੇ ਪ੍ਰੇਮਕਾ ਪਰ ਟੁਟਕੇ ਆ ਪੈਂਦੇ ਹਨ। ਵੇ ਰਾਹੀਓ! ਐਉਂ ਮੇਰੇ ਪਤੀ ਨੂੰ ਕਹਿਣਾ ਕਿ ਤੁਸੀਂ ਤਾਂ ਚੌਦਾਂ ਵਿਦਜਾ ਦੇ ਭੰਡਾਰ ਹੋ। ਹੇ ਪਿਆਰੇ! ਆਪਣੀ ਇਸਤ੍ਰੀ ਨੂੰ ਇਸ ਵਿਛੋੜੇ ਰੂਪ ਦੁਸ਼ਮਨ ਦੇ ਡਰ ਤੋਂ ਕਿਉਂ ਨਹੀਂ ਛੁਡਾਂਵਦੇ। ਆਪਣੇ ਚਰਨਾਂ ਤੋਂ ਬੇਮੁਖ ਹੋਣੇ ਕਰਕੇ ਮੈਨੂੰ ਤਾਰਿਆਂ ਦੀ ਲਿਸ਼ਕ ਦੁਖ ਦੇ ਰਹੀ ਹੈ ਸਵੇਰੇ ਸੂਰਜ ਚੜ੍ਹਦੇ ਵਲੋਂ ਉਗਦਾ ਵੇਖਕੇ ਹੈਰਾਨ ਹੁੰਦੀ ਹਾਂ।

ਕਬਿਤ—ਜੋਈ ਪ੍ਰਿਆ ਭਾਵੈ ਤਾਂਹਿ ਦੇਖ ਔ ਦਿਖਾਵੈ ਆਪ, ਦ੍ਰਿਸ਼ਟਿ ਦਰਸ ਮਿਲ ਸ਼ੋਭਾ ਦੇ ਸੁਹਾਵਈ॥ ਜੋਈ ਪ੍ਰਿਆ ਭਾਵੈ ਮੁਖ ਬਚਨ ਸੁਨਾਵੈ ਤਾਂਹਿ, ਸਬਦ ਸੁਰਤਿ ਗੁਰ ਗਜਾਨ ਉਪਜਾਵਈ॥ ਜੋਈ ਪ੍ਰਿਆ ਭਾਵੈ ਦਸ ਦਿਸ ਪ੍ਰਗਟਾਵੈ ਤਾਂਹਿ, ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ॥ ਜੋਈ ਪ੍ਰਿਆ ਭਾਵੈ ਸਿਹਜਾਸਨ ਮਿਲਾਵੈ ਤਾਂਹਿ, ਪ੍ਰੇਮ ਰਸ ਬਸ ਕਰਿ ਅਪਿਉ ਪੀਆਵਈ॥ ੨੦੮॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਤਿਸਨੂੰ ਪਤੀ ਵੇਖਦਾ ਹੈ ਅਤੇ ਪਤੀ ਉਸ ਨੂੰ ਆਪਣਾ ਆਪ ਵਿਖਾਉਂਦਾ ਹੈ। ਜਿਸ ਵੇਲੇ ਪਤੀ ਦੇ ਦਰਸ਼ਨ ਵਿਚ ਇਸਤ੍ਰੀ ਦੀ ਨਿਗਾ ਮਿਲ ਜਾਵੇ ਤਾਂ ਪਤੀ ਗਹਿਣੇ ਕਪੜੇ ਪਹਿਰਾਕੇ ਸੁਭ ਦਿਮਾਨ ਕਰਦਾ ਹੈ। ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗ ਜਾਵੇ ਉਸ ਨੂੰ ਪਤੀ ਅਛ ਅਛੇ ਬਚਨ ਸੁਣਉਂਦਾ

ਹੈ ਆਪਣੇ ਸ਼ਬਦ ਦੀ ਗਜਾਤ ਵਡੀ ਗਿਆਨ ਵਾਲੀ ਪ੍ਰਗਟ ਕਰਦਾ ਹੈ । ਜੇਹੜੀ ਇਸਤ੍ਰੀ, ਪਤੀ ਨੂੰ ਚੰਗੀ ਲਗੇ ਉਸ ਨੂੰ ਦਸਾਂ ਦਿਸ਼ਾਂ ਵਲ ਪ੍ਰਗਟ ਕਰ ਦੇਂਦਾ ਹੈ ਓਹੋ ਹੀ ਇਸਤ੍ਰੀ ਬਹੁਤੀਆਂ ਇਸਤ੍ਰੀਆਂ ਵਾਲੇ ਪਤੀ ਦੀ ਮੁਖੀ ਇਸਤ੍ਰੀ ਕਹਾਉਂਦੀ ਹੈ । ਜੇਹੜੀ ਇਸਤ੍ਰੀ ਪਤੀ ਨੂੰ ਭਾ ਜਾਵੇ ਉਸ ਨੂੰ ਪਤੀ ਸੇਜਾ ਦੇ ਆਸਣ ਨਾਲ ਮਿਲਾ ਲੈਂਦਾ ਹੈ ਅਤੇ ਉਸ ਨੂੰ ਪ੍ਰੇਮ ਦੇ ਅਨੰਦ ਵਿਚ ਵਸ ਕਰ ਲੈਂਦਾ ਹੈ ਆਪਣਾ ਅਧਰਾਮ੍ਰਿਤ ਵੀ ਪੀਆਉਂਦਾ ਹੈ ।

ਕਬਿਤ—ਜੋਈ ਪ੍ਰਿਆ ਭਾਵੇ ਤਾਂਹਿ ਸੁੰਦਰਤਾ ਕੈ ਸੁਹਾਵੈ, ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ ॥ ਜੋਈ ਪ੍ਰਿਆ ਭਾਵੈ ਤਾਂਹਿ ਬਾਨਕ ਬਧੂ ਬਨਾਵੈ, ਸੋਈ ਬਨਿਤਾ ਕਹਾਵੈ ਰੰਗ ਮੈਂ ਰੰਗੀਲੀ ਹੈ ॥ ਜੋਈ ਪ੍ਰਿਆ ਭਾਵੇ ਤਾਂਹਿ ਸਭੈ ਕਾਮਨਾ ਪੁਜਾਵੈ, ਸੋਈ ਕਾਮਨੀ ਕਹਾਵੈ ਸ਼ੀਲ ਕੈ ਸੁਸ਼ੀਲੀ ਹੈ ॥ ਜੋਈ ਪ੍ਰਿਆ ਭਾਵੈ ਤਾਂਹਿ ਪ੍ਰੇਮ ਰਸ ਲੈ ਪੀਆਵੈ, ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ ॥ ੨੦੯ ॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਓਹੋ ਹੀ ਸੁੰਦਰਤਾਈ ਕਰਕੇ ਸੋਹਣੀ ਲਗਦੀ ਹੈ ਅਤੇ ਸੋਈਓ ਹੀ ਸੁੰਦਰੀ ਕਹਾਉਂਦੀ ਹੈ ਛਬ ਕਰਕੇ ਫੱਬੀ ਹੋਈ ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਤਿਸਨੂੰ ਸੋਹਣੇ ਬਾਣੇ ਪਹਿਰਾਵੇ ਵਾਲੀ ਇਸਤ੍ਰੀ ਬਣਾਉਂਦਾ ਹੈ ਅਤੇ ਓਹੋ ਹੀ ਅਜੇਹੀ ਇਸਤ੍ਰੀ ਕਹਾਉਂਦੀ ਹੈ ਅਤੇ ਪਤੀ ਦੇ ਗਾੜ੍ਹੇ ਰੰਗ ਵਿਚ ਰੰਗੀ ਜਾਂਦੀ ਹੈ । ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਉਸ ਦੀਆਂ ਸਾਰੀਆਂ ਇਛਾ ਪਤੀ ਪੂਰੀਆਂ ਕਰ ਦੇਂਦਾ ਹੈ ਅਤੇ ਸੋਈਓ ਹੀ ਇਸਤ੍ਰੀ ਕਹਾਉਂਦੀ ਹੈ ਸ਼ਾਂਤੀ ਸੁਭਾਉ ਕਰਕੇ ਸ਼ਾਂਤੀ ਸੁਭਾਂਉ ਵਾਲੀ ਹੁੰਦੀ ਹੈ । ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਉਸ ਨੂੰ ਆਪਣਾ ਅਧਰਾਮ੍ਰਿਤਪਿਆਉਂਦਾ ਹੈ ਅਤੇ ਸੋਈਓ ਹੀ ਪ੍ਰੇਮਣ ਕਹਾਉਂਦੀ ਹੈ ਅਤੇ ਓਹੋ ਹੀ ਪਤੀ ਦੇ ਰਸ ਲੈਣ ਨੂੰ ਰਸਕਣ ਬਣ ਜਾਂਦੀ ਹੈ ।

ਕਬਿਤ—ਬਿਰਹ ਵਿਯੋਗ ਰੋਗ ਸੇਤ ਰੂਪ ਹ੍ਵੈ, ਕ੍ਰਿਤਾਸ ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ ॥ ਬਿਰਹ ਅਗਨਿ ਸੇ ਸਵਾਨੀ ਮਾਸ ਕ੍ਰਿਸਨ ਹ੍ਵੈ ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ ॥ ਬਿਰਹ ਵਿਯੋਗ ਰੋਗ ਲੇਖਨਿ ਕੀ ਛਾਤੀ ਫਟੀ, ਰੁਦਨ ਕਰਤ ਲਿਖੇ ਆਤਮ ਅਵੇਸ ਕੇ ॥ ਬਿਰਹੋਂ ਉਸਾਸਨ ਪ੍ਰਗਾਸਨ ਦੁਖਿਤਗਤ, ਬਿਰਹਨੀ ਕੈਸੇ ਜੀਐ ਬ੍ਰਿਹਪ੍ਰਵੇਸ ਤੇ ॥ ੨੧੦ ॥

ਬ੍ਰਿਹਣੀ ਇਸਤ੍ਰੀ ਦਾ ਸਰੀਰ ਪਤੀ ਦੇ ਪ੍ਰੇਮ ਰੂਪ ਵਿਛੋੜੇ ਦੇ ਦੁਖ ਕਰਕੇ ਕਾਗਜ਼ ਵਰਗਾ ਚਿਟਾ ਰੰਗ ਹੋ ਗਿਆ ਹੈ ਪਤੀ ਦੇ ਵਿਛੋੜੇ ਦੀ ਅਗ ਨਾਲ ਸਵਾਣੀ ਦੇ ਸਰੀਰ ਦਾ ਮਾਸ ਕਾਲਾ ਹੋ ਗਿਆ ਹੈ ਅਜੇਹਾ ਬ੍ਰਿਹਣੀ ਇਸਤ੍ਰੀ ਦੇ ਸਰੀਰ ਦਾ ਮਾੜਾ ਭੇਖ ਬਣਿਆਂ ਹੋਯਾ ਹੈ ਅਤੇ ਇਹੋ ਜੇਹੇ ਆਪਣੇ ਭੇਖਦੇ ਹਾਲ ਦੇ ਕਠਨ ਸਨੇਹੇ ਭਰਕੇ ਲਿਖਦੀ ਹੈ ਪਤ੍ਰਕਾ ਵਿਚ, ਪਤੀ ਦੇ ਪ੍ਰੇਮ ਰੂਪ ਵਿਛੋੜੇ ਦੇ ਦੁਖ ਵਿਚ ਗਲਾਂ ਲਿਖਾਉਂਦਿਆਂ ੨ ਲਿਖਾਉਣ ਵਾਲੀ ਦੀ ਛਾਤੀ ਫਟ ਗਈ ਅਤੇ ਫਿਰ ਸੁਚੇਤ ਹੋਕੇ ਆਪਣੇ ਵਿਛੋੜੇ ਦਾ ਦੁਖ ਲਿਖਣ ਨੂੰ ਉਛਲਦੀ ਹੈ ਕਦੀ ਰੋਣ ਲਗ ਜਾਂਦੀ ਹੈ ਮਨ ਵਿਚ ਪਤੀ ਦੀ ਮੂਰਤੀ ਵਸੌਂਦੀ ਹੈ। ਰੋਗੀਆਂ ਵਾਂਗਰ ਪਤੀ ਦੇ ਵਿਛੋੜੇ ਵਿਚ ਉਭੇ ਸਾਹ ਠੰਢੇ ਤਤੇ ਹਾਉਕੇ ਪ੍ਰਗਟ ਕਰਦੀ ਹੈ । ਪਤੀ ਦੇ ਵਿਛੋੜੇ ਵਿਚ ਪਰਵੇਸ਼ ਹੋਇਆ ਹੋਇਆ ਹੈ।

ਕਬਿਤ—ਪੂਰਬ ਸੰਜੋਗ ਮਿਲ ਸੁਜਨ ਸਗਾਈ ਹੇਤ, ਸਿਮਰਤ ਸੁਨ ਸੁਨ ਸ੍ਰਵਨ ਸੰਦੇਸ ਕੈ ॥ ਬਿਧਿ ਸੋਂ ਵਿਵਾਹੇ ਮਿਲ ਦ੍ਰਿਸ਼ਟਿ ਦਰਸ ਲਿਵ, ਵਿੱਦਮਾਨ ਧਯਾਨ ਰਸ ਰੂਪ ਰੰਗ ਭੇਸ ਕੈ। ਰੈਨ ਸੈਨ ਸਮੈ ਸ੍ਰੁਤਿ ਸ਼ਬਦ ਬਿਬੇਕ ਟੇਕ, ਆਤਮ ਗਿਆਨ ਪਰਮਾਤਮ ਪ੍ਰਵੇਸ ਕੈ ॥ ਗਯਾਨ ਧਯਾਨ ਸਿਮਰਨ ਉਲੰਘ ਇਕੱਤ੍ਰ ਹੋਇ ਪ੍ਰੇਮ ਰਸ ਬਸ ਹੋਇ ਬਿਸਮ ਅਵੇਸ ਕੈ ॥ ੨੧੧ ॥

ਜੇਹੜੇ ਪਹਿਲੇ ਚੰਗੇ ਕਰਮ ਕੀਤੇ ਹੁੰਦੇ ਨੇ ਸਾਰੇ ਸਰਬੰਧੀ ਸਰੀਕ ਕੁੜਮ ਆਦਿਕ ਮਿਲਦੇ ਹਨ ਤੇ ਫਿਰ ਇਹਨਾਂ ਦੇ ਆਪੋ ਵਿਚ ਦੀ ਮਿਲਾਪ ਨਾਲ ਲੜਕੀ ਲੜਕੇ ਦੀ ਕੁੜਮਾਈ ਹੁੰਦੀ ਹੈ ਅਤੇ ਲੜਕੀ ਅ ਪਣੇ ਪਤੀ ਦੇ ਗੁਣਾਂ ਨੂੰ ਸੁਣ ਸੁਣਕੇ ਖੁਸ਼ੀ ਹੁੰਦੀ ਹੈ ਅਤੇ ਓਹਨਾਂ ਸੁਨੇਹਾਂ ਨੂੰ ਯਾਦ ਕਰਦੀ ਹੈ ਜੇਹੜੇ ਪਤੀ ਵਲੋਂ ਆਉਂਦੇ ਹਨ। ਪ੍ਰਤੱਛ ਸਰੀਕਾਂ ਸਰਬੰਧੀਆਂ ਕੁੜਮਾ ਦੇ ਕੱਠਿਆਂ ਹੋਣ ਕਰਕੇ ਲੜਕੀ ਲੜਕੇ ਦਾ ਬੜੀ ਚੰਗੀ ਮਰਯਾਦਾ ਨਾਲ ਵਿਆਹ ਹੋਯਾ ਅਤੇ ਲੜਕੀ ਦੇ ਨੇਤ੍ਰਾਂ ਦੀ ਨਿਗਾ ਤੇ ਲਿਵ ਬ੍ਰਿਤੀ ਲੜਕੇ ਦੇ ਦਰਸ਼ਨ ਦੇ ਧਯਾਨ ਵਿਚ ਪ੍ਰਗਟ ਹੀ ਪ੍ਰੇਮ ਨਾਲ ਲਗ ਜਾਂਦੀ ਹੈ ਅਤੇ ਅਜੇਹਾ ਹੀ ਲੜਕੇ ਦਾ ਧਯਾਨ ਲੜਕੀ ਵਲ ਲਗ ਜਾਂਦਾ ਹੈ, ਫਿਰ ਇਸਤ੍ਰੀ ਰਾਤ ਨੂੰ ਸੌਣਾ ਦੇ ਵੇਲੇ ਆਪਣੇ ਕੰਨਾਂ ਵਿਚ ਪਤੀ ਦੇ ਬੋਲ ਦੀ ਦ੍ਰਿੜਤਾ ਵਿਚਾਰ ਦੀ ਹੈ। ਆਪਣੇ ਮਨ ਨੂੰ ਪਤੀ ਦੇ ਗਿਆਨ ਵਿਚ ਪ੍ਰਵੇਸ਼ ਕਰਾਉਂਦੀ ਹੈ ਜੇਹੜੀਆਂ ਸੋਚਾਂ ਦੀਆਂ ਨਦੀਆਂ ਅਤੇ (ਗਿਆਨ) ਹੋਰਨਾਂ ਪਾਸੋਂ ਪਤੀ ਦੀਆਂ ਗਲਾਂ ਸੁਣਨੀਆਂ ਪਤੀ ਵਲ ਧਿਆਨ ਲਾਉਂਣਾ ਸੋਚਾਂ ਦੂਰ ਹੋ ਗਈਆਂ ਇਕ ਰੂਪ ਹੋ ਗਏ।

ਕਬਿਤ—ਏਕ ਸੈਂ ਅਧਿਕ ਏਕ ਨਾਇਕਾ ਅਨੇਕ ਜਾਂਕੇ ਦੀਨ

ਕੈ ਦਯਾਲ ਹ੍ਵੈ ਕ੍ਰਿਪਾਲ ਕ੍ਰਿਪਾ ਧਾਰੀ ਹੈ ॥ ਸਜਨੀ ਰਜਨੀ ਸਸਿ ਪ੍ਰੇਮ ਰਸ ਔਸਰ ਮੈਂ, ਅਬਲੇ ਅਧੀਨ ਗਤਿ ਬੇਨਤੀ ਉਚਾਰੀ ਹੈ॥ ਜੋਈ ਜੋਈ ਆਗਯਾ ਹੋਇ ਸੋਈ ਸੋਈ ਮਾਨ ਜਾਨ, ਹਾਥ ਜੋਰ ਅਗ੍ਰਭਾਗ ਹੋਇ ਆਗਯਾ ਕਾਰੀ ਹੈ ॥ ਭਾਵਨੀ ਭਗਤਿ ਭਾਇ ਚਾਇ ਕੈ ਚਈਲੋ ਭਜੋ, ਸਫਲ ਜਨਮ ਧੰਨ ਆਜ ਮੇਰੀ ਬਾਰੀ ਹੈ ॥੨੧੨॥

ਇਕ ਤੋਂ ਇਕ ਚੜ੍ਹਦੀਆਂ ਅਨੇਕਾਂ ਹੀ ਜਿਸ ਪਤੀ ਦੇ ਘਰ ਵਿਚ ਸ੍ਰੇਸ਼ਟ ਵਰਗੀਆਂ ਇਸਤ੍ਰੀਆਂ ਹਨ । ਜਿਸ ਗਰੀਬਣੀ ਮੇਰੇ ਵਰਗੀ ਇਸਤ੍ਰੀ ਤੇ ਦਯਾ ਦੇ ਘਰ ਮੇਰੇ ਪਤੀ ਕ੍ਰਿਪਾਲੂ ਨੇ ਕ੍ਰਿਪਾ ਕੀਤੀ ਹੈ । ਓਹ ਤਰ ਗਈ ! ਤਦੋਂ ਪਤੀ ਦੇ ਪਾਸ ਸਮਾਗਮ ਸਖੀਆਂ ਦਾ ਜੁੜਿਆ ਹੋਇਆ ਅਤੇ ਚੰਦ੍ਰਮਾ ਰਾਤ ਨੂੰ ਚੜ੍ਹਿਆ ਹੋਯਾ ਵੇਖਕੇ ਅਜੇਹੇ ਵੇਲੇ ਪ੍ਰੇਮ ਰਸ ਅਨੰਦ ਵਿਚ ਆਕੇ ਗਰੀਬ ਇਸਤ੍ਰੀਆਂ ਵਾਕਰ ਹੋਕੇ ਅਧੀਨਤਾਈ ਨਾਲ ਮਿਠੀਆਂ ਮਿਠੀਆਂ ਗਲਾਂ ਵਾਲੀ ਬੇਨਤੀ ਉਚਾਰਨ ਕੀਤੀ। ਜੇਹੜੀ ਜੇਹੜੀ ਪਤੀ ਦੀ ਆਗਿਆ ਹੋਣੀ ਓਹੋ ਓਹੋ ਸਤ ਬਚਨ ਕਰਕੇ ਮੰਨਣ ਲਗ ਪਈ ਅਤੇ ਦੋਵੇਂ ਹਥ ਜੋੜਕੇ ਅਗੇ ਖੜ੍ਹੋਕੇ ਬੇਨਤੀ ਮੰਨਣ ਵਾਲੀ ਹੋਈ । ਪਤੀ ਤੋਂ ਬਗੈਰ ਕਿਸੇ ਦੀ ਛਾਂ ਵਲ ਵੀ ਨਾ ਵੇਖੇ ਅਤੇ ਉਸ ਦਾ ਨਾਮ ਸ੍ਵਾਸ ਸ੍ਵਾਸ ਜਪੇ ਅਤੇ ਪਤੀ ਅਨੰਦ ਦੇ ਅਨੰਦ ਵਿਚ ਸਮਾਈ ਰਹੇ । ਮੇਰੇ ਚੰਗੇ ਭਾਗ ਮੇਰੀ ਸੰਸਾਰ ਉਤੋਂ ਉਧਰਨ ਦੀ ਵਾਰੀ ਹੈ ।

ਕਬਿਤ—ਪ੍ਰੀਤਮ ਕੀ ਪੁਤਰੀ ਮੈ ਤਨਕ ਤਾਰਿਕਾ ਸ੍ਯਾਮ, ਤਾਕੋ ਪ੍ਰਤਿਬਿੰਬ ਤਿਲ ਤਿਲਕ ਤ੍ਰਿਲੋਕ ਕੋ ॥ ਬਨਿਤਾ ਬਦਨ ਪਰ ਪ੍ਰਗਟ ਬਨਾਇ ਰਾਖ੍ਯੋ, ਕਾਮਦੇਵ ਕੋਟਿ ਲੋਟ ਪੋਟ ਅਵਿਲੋਕ ਕੋ ॥ ਕੋਟਨ ਕੋਟਾਨ ਰੂਪ ਕੀ ਅਨੂਪ ਰੂਪ ਛਬਿ, ਸਕਲ ਸਿੰਗਾਰ ਕੋ ਸਿੰਗਾਰ ਸ੍ਰਬ ਥੋਕ ਕੋ ॥ ਕਿੰਚਤ ਕਟਾਛ ਕ੍ਰਿਪਾ ਤਿਲਕੀ ਅਤੁਲ ਸ਼ੋਭਾ ਸੁਰਸ੍ਵਤੀ ਕੋਟ ਮਾਨ ਭੰਗ ਧ੍ਯਾਨ ਕੋਕ ਕੋ ॥ ੨੧੩॥

ਮੇਰੇ ਪਯਾਰੇ ਪਤੀ ਦੀਆਂ ਅਖਾਂ ਦੀਆਂ ਪੁਤਲੀਆਂ ਵਿਚ ਜੋ ਛੋਟੇ ਛੋਟੇ ਦੋ ਕਾਲੇ ਆਨੇ ਹੈਨ ਉਹਨਾਂ ਦੇ ਪ੍ਰਛਾਵੇਂ ਨੇ ਮੇਰੀਆਂ ਅਖੀਆਂ ਵਿਚ ਥੋੜ੍ਹਾ ਜੇਹਾ ਪ੍ਰਛਾਵਾਂ ਆਕੇ ਕੀਤਾ ਤਾਂ ਤੇ ਮੈਨੂੰ ਤਿਨਾਂ ਲੋਕਾਂ ਵਿਚ ਉਸ ਪਤੀ ਦੇ ਪ੍ਰਛਾਵੇਂ ਨੇ ਸ਼੍ਰੋਮਣੀ ਬਣਾ ਦਿਤਾ । ਪਤੀ ਨੇ ਕ੍ਰਿਪਾ ਦ੍ਰਿਸ਼ਟੀ ਅਜੇਹੀ ਕੀਤੀ ਕਿ ਆਪਣੀ ਇਸਤ੍ਰੀ ਦੇ ਮੂੰਹ ਉਤੇ ਪ੍ਰਗਟ ਹੀ ਕਾਲਾ ਤਿਲ ਬਣਾ ਰਖਿਆ ਉਸ ਕਾਲੇ ਤਿਲ ਦੀ ਗੋਰੇ ਮੂੰਹ ਉਪਰ ਸ਼ੋਭਾ ਵੇਖਕੇ ਕ੍ਰੋੜਾਂ ਹੀ ਕਾਮਦੇਵ ਭਵਾਟਣੀਆਂ ਖਾਕੇ ਡਿਗਦੇ ਜਾਂਦੇ ਹਨ । ਉਸ ਅਜੇਹੀ ਛਬਿ

ਬਣੀ ਹੋਈ ਨੂੰ ਵੇਖਕੇ ਕ੍ਰੋੜਾਂ ਕ੍ਰੋੜਾਂ ਸੁੰਦਰ ਸਰੂਪ ਦੀਆਂ ਅਨੂਪਮ ਰੂਪ ਵਾਲੀਆਂ ਸਜਾਵਟਾਂ ਅਤੇ ਸਾਰੇ ਸ਼ਿੰਗਾਰ ਸਾਰੇ ਸ਼ਿੰਗਾਰਾਂ ਦੇ ਪਦਾਰਥ ਉਹ ਸਾਰੇ ਹੀ ਉਸ ਆਗਜਾ ਕਾਰਨੀ ਇਸਤ੍ਰੀ ਦੀ ਸਜਾਵਟ ਨੂੰ ਵੇਖਕੇ ਹੈਰਾਨ ਹੁੰਦੇ ਹਨ। ਪਤੀ ਦੀ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕਰਨ ਨਾਲ ਇਸਤ੍ਰੀ ਦੀ ਤਿਲ ਮਾਤ੍ਰ ਦੀ ਸ਼ੋਭਾ ਅਣਮਿਣ ਹੋ ਗਈ ਅਤੇ ਉਸ ਸ਼ੋਭਾ ਨੂੰ ਦੇਖ ਕੇ ਨਦੀ ਦਾ ਵੀ ਨਿਰਾਦਰ ਹੁੰਦਾ ਹੈ ਸਤਵੰਤੀ ਕਹਾਉਂਦੀ ਹਾਂ ਉਸ ਨੂੰ ਵੇਖਕੇ ਚਕੋਰ ਵੀ ਆਖਦਾ ਹੈ ਕਿ ਮੈਂ ਕੀ ਚੰਦ੍ਰਮਾ ਵਲ ਅਜੇਹਾ ਧਿਆਨ ਲਾਉਣਾ ਹੈ।

ਕਬਿਤ—ਸ੍ਰੀ ਗੁਰ ਦਰਸ਼ਖਾ ਧਜਾਨ ਖਟ ਦਰਸ਼ਨ ਦੇਖੈ, ਸਕਲ ਦਰਸ ਸਮ ਦਰਸ ਦਿਸਾਇ ਹੈ ॥ ਸ੍ਰੀ ਗੁਰ ਸਬਦ ਪੰਚ ਸ਼ਬਦ ਗਿਆਨ ਗੰਮ, ਸਰਬ ਸਬਦ ਅਨਹਦਿ ਸਮਝਾਇ ਹੈ ॥ ਮੰਤਰ ਉਪਦੇਸ ਪਰਵੇਸ ਕੈ ਅਵੇਸ ਰਿਦੈ ਆਦਿ ਕੌ ਅਦੇਸ ਕੈ ਬ੍ਰਹਮ ਬ੍ਰਹਮਾਇ ਹੈ ॥ ਗਜਾਨ ਧਜਾਨ ਸਿਮਰਨ ਪ੍ਰੇਮ ਰਸ ਰਸਕ ਹ੍ਵੈ ਏਕ ਔ ਅਨੇਕ ਕੇ ਬਿਬੇਕ ਪ੍ਰਗਟਾਇ ਹੈ ॥੨੧੪॥

ਜੇਹੜਾ ਕੋਈ ਭੇਖ ਵਾਲਾ ਛੀਆਂ ਭੇਖਾਂ ਵਿਚੋਂ ਸਤਿਗੁਰਾਂ ਦੇ ਦਰਸ਼ਨ ਨੂੰ ਖਿਆਲ ਕਰਕੇ ਵੇਖਦਾ ਹੈ। ਉਸ ਵਿਚ ਗੁਰਾਂ ਦੇ ਦਰਸ਼ਨ ਕਰਨ ਦੀ ਐਡੀ ਵੱਡੀ ਭਾਰੀ ਤਾਕਤ ਹੋ ਜਾਂਦੀ ਹੈ ਕਿ ਹੋਰਨਾਂ ਸਾਰਿਆਂ ਭੇਖਾਂ ਵਾਲਿਆਂ ਨੂੰ ਸਮਦ੍ਰਿਸ਼ਟੀ ਵਿਖਾ ਦੇਂਦਾ ਹੈ। ਮੈਂ ਤੇ ਜੇਹੜਾ ਓਹਨਾਂ ਭੇਖਾਂ ਵਿਚੋਂ ਸ੍ਰੀ ਗੁਰੂ ਜੀ ਦੇ ਉਚਾਰੇ ਹੋਏ ਸ਼ਬਦਾਂ ਦੇ ਉਪਦੇਸ਼ ਨੂੰ ਸੁਣ ਲੈਂਦਾ ਹੈ ਉਸ ਮੰਤ ਮਹਾਤਮਾ ਨੂੰ ਹੋਰਨਾਂ ਦੇ ਸ਼ਬਦਾਂ ਦੀ ਗਜਾਨ ਗੰਮਤਾ ਹੋ ਜਾਂਦੀ ਹੈ। ਗੁਰਾਂ ਦੇ ਸਤਿਨਾਮ ਮੰਤ੍ਰ ਦਾ ਉਪਦੇਸ਼ ਟਿਕਦਾ ਹੈ ਓਹ ਵਾਹਿਗੁਰੂ ਨੂੰ ਨਮਸ਼ਕਾਰ ਕਰਨ ਲਗ ਜਾਂਦਾ ਹੈ ਅਤੇ ਸਾਰੇ ਬ੍ਰਹਮੰਡਾਂ ਵਿਚ ਵਾਹਿਗੁਰੂ ਨੂੰ ਵਿਖਾ ਦੇਂਦਾ ਹੈ ਤੇ ਨਮਸ਼ਕਾਰਾਂ ਕਰਾਉਣ ਲਗ ਪੈਂਦਾ ਹੈ। ਗੁਰਾਂ ਦੇ ਗਜਾਨ ਧਜਾਨ ਨੂੰ ਯਾਦ ਕਰਕੇ ਨਾਮ ਦਾ ਸ੍ਵਾਦ ਲੈਂਦਾ ਹੈ।

ਭਾਵ—ਆਪ ਨਾਮ ਦਾ ਅਨੰਦ ਲੈਂਦਾ ਹੈ ਅਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੈ।

ਕਬਿਤ—ਸਤਿ ਬਿਨ ਸੰਜਮੁ ਨ, ਪਤਿ ਬਿਨੁ ਪੂਜਾ ਹੋਇ, ਸਚੁ ਬਿਨੁ ਸੋਚ ਨ, ਜਨੇਊ ਜਤ ਹੀਨ ਹੈ ॥ ਬਿਨੁ ਗੁਰ ਦੀਖਿਆ ਨਾ ਗਜਾਨ ਬਿਨ ਦ੍ਰਸ ਧਜਾਨ, ਭਾਉ ਬਿਨ ਭਗਤਿ ਨ ਕਥਨੀ ਭੈ ਭੀਨ ਹੈ ॥ ਸਾਂਤਿ ਨ ਸੰਤੋਖ ਬਿਨ ਸੁਖ ਨ ਸਹਜ ਬਿਨ ਸਬਦ ਸੁਰਤਿ ਬਿਨ ਪ੍ਰੇਮ ਨ ਪ੍ਰਬੀਨ ਹੈ ॥ ਬ੍ਰਹਮ ਬਿਬੇਕ ਬਿਨੁ ਹਿਰਦੇ ਨ ਏਕ ਟੇਕ

ਬਿਨ ਸਾਧਸੰਗਤਿ ਨ ਰੰਗ ਲਿਵਲੀਨ ਹੈ ॥੨੧੫॥

ਗੁਰਾਂ ਦੇ ਸਤਿਨਾਮ ਦਾ ਉਪਦੇਸ਼ ਲਏ ਤੋਂ ਬਿਨਾ ਇੰਦ੍ਰੀਆਂ ਦਾ (ਦਮਨ) ਰੋਕਣਾ ਕਿਸੇ ਕੰਮ ਨਹੀਂ ਅਤੇ ਵਾਹਿਗੁਰੂ ਦੀ ਪੂਜਾ ਕੀਤੀ ਤੋਂ ਬਿਨਾ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨੀ ਕਿਸੇ ਕੰਮ ਨਹੀਂ ਅਤੇ ਸਚ ਬੋਲਣ ਤੋਂ ਬਿਨਾ ਸੁਚਮ ਨਹੀਂ ਹੁੰਦੀ ਹੈ, ਅਤੇ ਜੇਕਰ ਜਤ ਤੋਂ ਰਹਿਤ ਹੋ ਗਿਆ ਤਾਂ ਜਨੇਊ ਪਾਉਣਾ ਕਿਸੇ ਕੰਮ ਨਹੀਂ। ਪੂਰੇ ਗੁਰਾਂ ਦੀ ਸਿਖਿਆ ਲਈ ਤੋਂ ਬਿਨਾ ਗਜ਼ਾਨ ਨਹੀਂ ਹੁੰਦਾ ਜੇਹਾ ਕੁ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾ ਵਾਹਿਗੁਰੂ ਦੇ ਦਰਸ਼ਨ ਵਲ ਧਜ਼ਾਨ ਨਹੀਂ ਲਗਦਾ ਅਤੇ ਪ੍ਰੇਮ ਤੋਂ ਬਿਨਾ ਭਗਤੀ ਨਹੀਂ ਹੁੰਦੀ ਅਤੇ ਵਾਹਿਗੁਰੂ ਦੇ ਡਰ ਵਿਚ ਭਿਜਿਆਂ ਤੋਂ ਬਿਨਾਂ ਕਹਿਣੀ ਚੰਗੀ ਨਹੀਂ ਹੁੰਦੀ। (ਵਾਹਿਗੁਰੂ ਦੇ ਅਚਲ) ਗਜ਼ਾਨ ਤੋਂ ਬਿਨਾ ਸੁਖ ਨਹੀਂ ਹੁੰਦਾ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਗਜ਼ਾਤ ਚੰਗੀ ਨਾਮ ਦੀ ਪ੍ਰੀਤੀ ਨਹੀਂ ਅਤੇ ਪ੍ਰੇਮ ਤੋਂ ਬਿਨਾ ਸਿਆਣਾ ਨਹੀਂ ਕਹਾਇਆ ਜਾਂਦਾ। ਵਾਹਿਗੁਰੂ ਦੇ ਵਿਚਾਰ ਤੋਂ ਬਿਨਾ ਅਤੇ ਹਿਰਦੇ ਵਿਚ ਇਕ ਗੁਰੂ ਸਚੇ ਪਾਤਿਸ਼ਾਹ ਦੀ ਓਟ ਲਈ ਤੋਂ ਬਿਨਾ ਪਿਛਲੇ ਸਾਰੇ ਕਰਮ ਧਰਮ ਅਤੇ ਸੰਸਾਰ ਉਤੇ ਆਉਣਾ ਬਿਅਰਥ ਹੈ ਅਤੇ ਸਾਧ ਸੰਗਤ ਵਿਚ ਆਏ ਤੋਂ ਬਿਨਾ ਪ੍ਰਮਾਤਮਾ ਦੇ ਰੰਗ ਵਿਚ ਲਿਵ ਨੂੰ ਲੀਨ ਨਹੀਂ ਕਰ ਸਕਦਾ।

ਕਬਿਤ—ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ, ਚਰਨ ਕਮਲ ਤਾਂਹਿ ਜਗ ਮਧੁਕਰ ਹੈ ॥ ਸ੍ਰੀ ਗੁਰ ਸ਼ਬਦ ਧੁਨਿ ਸੁਣ ਗਦ ਗਦ ਹੋਇ, ਅੰਮ੍ਰਿਤ ਬਚਨ ਤਾਂਹਿ ਜਗਤ ਉਧਰਿ ਹੈ ॥ ਕਿੰਚਤ ਕਟਾਛ ਕ੍ਰਿਪਾ ਕੈ ਗੁਰ ਦਯਾ ਨਿਧਾਨ, ਸਰਬ ਨਿਧਾਨ ਦਾਨ ਦੋਖ ਦੂਖ ਹਰ ਹੈ ॥ ਸ੍ਰੀਗੁਰ ਦਾਸਨ ਦਾਸ, ਦਾਸਨ ਦਾਸਾਨਦਾਸ, ਤਾਸ ਨ ਇੰਦ੍ਰਾਦਿ ਬ੍ਰਹਮਾਦਿ ਸਮਸਰ ਹੈ ॥ ੨੧੬ ॥

ਗੁਰਮੁਖ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਧੂੜੀ ਉਪਰ ਭੌਰੇ ਵਾਕਰ ਲੁਭਾਇਮਾਨ ਹੁੰਦਾ ਹੈ ਨਾਮ ਦਾ ਅਨੰਦ ਲੈਂਦਾ ਹੈ ਤਿਸ ਸਿਖ ਦੇ ਚਰਨਾਂ ਕਮਲਾਂ ਦੀ ਧੂੜੀ ਉਪਰ ਸਾਰਾ ਜਗਤ ਲੁਭਾਇਮਾਨ ਹੁੰਦਾ ਹੈ। ਜਿਹੜਾ ਸਿਖ ਗੁਰਾਂ ਦੇ ਸ਼ਬਦ ਦੀ ਆਵਾਜ ਨੂੰ ਸੁਣਕੇ ਪ੍ਰਸੰਨ ਹੁੰਦਾ ਹੈ ਉਸ ਦੇ ਅੰਮ੍ਰਿਤ ਵਰਗੇ ਮਿਠੇ ਬਚਨ ਬਿਲਾਸ ਸੁਣ ਕੇ ਜਗਤ ਤਰ ਜਾਂਦਾ ਹੈ। ਜਿਹੜੇ ਸਿਖ ਨੂੰ ਥੋਹੜੀ ਜਿਹੀ ਕ੍ਰਿਪਾ ਦ੍ਰਿਸ਼ਟੀ ਕਰਕੇ ਗੁਰਾਂ ਨੇ ਨਿੰਮ੍ਰਤਾ ਦਾ ਖਜ਼ਾਨਾ ਬਖਸ਼ਿਆ ਉਹ ਅਜੇਹਾ ਸਿਖ ਅਗੇ ਸੰਸਾਰੀਆਂ ਲੋਕਾਂ ਨੂੰ ਸਾਰੇ ਰਿਧੀਆਂ ਸਿਧੀਆਂ ਦੇ ਖਜ਼ਾਨਿਆਂ ਦੇ ਦਾਨ ਕਰਨ ਨੂੰ ਸਮੱਰਥ ਹੋ ਜਾਂਦਾ ਹੈ ਅਤੇ ਕਲੰਕੀਆਂ ਦੇ ਕਲੰਕ ਰੋਗੀਆਂ ਦੇ ਰੋਗ ਹਰਨ ਨੂੰ ਤਿਆਰ ਬਰਤਿਆਰ ਹੋ

ਜਾਂਦਾ ਹੈ। ਜੇਹੜਾ ਗੁਰੂ ਜੀ ਦੇ ਦਾਸਾਂ ਦਾ ਦਾਸ ਬਣਿਆਂ ਹੈ ਉਸ ਦੇ ਬਰਾਬਰ ਬ੍ਰਹਮ, ਬਿਸ਼ਨ, ਮਹੇਸ਼, ਇੰਦਰ, ਸੁਰ, ਦੇਵਤੇ, ਜਗਤ ਦੇ ਸੰਸਾਰੀ, ਰਿਖੀ, ਮੁਨੀ, ਹਠੀ, ਜਪੀ, ਤਪੀ, ਮਾਇਆਧਾਰੀ ਨਹੀਂ ਹੋ ਸਕਦੇ।

ਕਬਿਤ—ਜਬ ਤੇ ਪਰਮ ਗੁਰ ਚਰਨ ਸ਼ਰਨਿ ਆਏ, ਚਰਨ ਸ਼ਰਨਿ ਲਿਵ ਸਕਲ ਸੰਸਾਰ ਹੈ ॥ ਚਰਨ ਕਮਲ ਮਕਰੰਦ ਚਰਣਾਮ੍ਰਿਤ ਕੈ, ਚਾਹਿਤ ਚਰਨ ਰੇਨ ਸਕਲ ਅਕਾਰ ਹੈ ॥ ਚਰਨ ਕਮਲ ਸੁਖ ਸੰਪਟ ਸਹਜ ਘਰ ਨਿਹਚਲ ਮਤਿ ਪਰਮਾਰਥ ਵੀਚਾਰ ਹੈ ॥ ਚਰਨ ਕਮਲ ਗੁਰ ਮਹਿਮਾ ਅਗਾਧ ਬੋਧ, ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੈ ॥ ੨੧੮ ॥

ਜਦੋਂ ਗੁਰਾਂ ਦੇ ਚਰਨਾਂ ਦੀ ਸ਼ਰਨ ਆਏ ਹਾਂ ਓਦੋਂ ਤੋਂ ਇਹਨਾਂ ਸਿਖਾਂ ਦੇ ਚਰਨਾਂ ਦੀ ਸ਼ਰਨ ਵਿਚ ਸਾਰਾ ਸੰਸਾਰ ਪ੍ਰੀਤੀ ਕਰਦਾ ਹੈ। ਇਹ ਸਿਖ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਸ਼ਰਨ ਆਏ ਅਤੇ ਭੌਰੇ ਵਾਂਗਰ ਹੋਕਰ ਗੁਰੂ ਜੀ ਦੇ ਚਰਨਾਂ ਦੀ ਧੂੜੀ, ਸੁਗੰਧੀ, ਭਗਤੀ ਚਰਨਾਂ ਦਾ ਪਾਣੀ ਮੁਖ ਵਿਚ ਲੈਣਾ ਕੀਤਾ ਹੈ ਓਦੋਂ ਤੋਂ ਇਹਨਾਂ ਸਿਖਾਂ ਦੇ ਚਰਨਾਂ ਕਮਲਾਂ ਦੀ ਧੂੜੀ ਸਾਰਾ ਸੰਸਾਰ ਚਾਹੁੰਦਾ ਹੈ। ਜਿਹੜਾ ਸਿਖ ਗੁਰਾਂ ਦੇ ਚਰਨਾਂ ਕਮਲਾਂ ਦੇ ਸਖ ਰੂਪ (ਸੰਪਟ) ਡਬੇ ਵਿਚ ਮਿਲਿਆ ਹੈ ਓਹਦਾ ਅਚਲ ਸੁਖਵਿਚਨਿਵਾਸ ਹੋਯ ਹੈ ਅਤੇ ਗੁਰਾਂਦੀਸਿਖਿਆ ਨਾਲ ਅਕਲ ਵਿਚਵਾਹਿਗੁਰੂ ਨੂੰ ਮਿਲਣ ਦਾ ਵਿਚਾਰ ਵਿਚਾਰਦਾ ਹੈ। ਗੁਰੂ ਜੀ ਦੇ ਚਰਨਾਂ ਕਮਲਾਂ ਦੀ ਮਹਿਮਾ ਦਾ ਜਾਨਣਾ ਕਠਨ ਹੈ। ਮਨ, ਬਾਣੀ ਸਰੀਰ ਕਰਕੇ ਤਿੰਨਾਂ ਸਮਿਆਂ ਵਿਚ ਨਮਸ਼ਕਾਰ ਕਰਦੇ ਹਨ।

ਕਬਿਤ—ਚਰਨ ਕਮਲ ਗੁਰ ਜਬਤੇ ਰਿਦੈ ਬਸਾਏ, ਤਬ ਤੇ ਸਥਿਰ ਚਿਤ ਅਨਤ ਨ ਧਾਵਈ ॥ ਚਰਨ ਕਮਲ ਮਕਰੰਦ ਚਰਣਾਮ੍ਰਿਤ ਕੈ, ਪ੍ਰਾਪਤਿ ਅਮਰਪਦ ਸਹਜ ਸਮਾਵਈ ॥ ਚਰਨ ਕਮਲ ਗੁਰ ਜਬ ਤੇ ਧਿਆਨ ਧਾਰੇ, ਆਨ ਗਯਾਨ ਧਯਾਨ ਸਰਬੰਗ ਬਿਸਰਾਵਈ ॥ ਚਰਨ ਕਮਲ ਗੁਰ ਮਧੁਪ ਕਮਲ ਗਤਿ, ਮਨ ਮਨਸਾ ਬਕਤ ਨਿਜ ਗ੍ਰਿਹ ਆਵਈ ॥੨੧੯॥

ਸ੍ਰੀ ਗੁਰੂ ਜੀ ਦੇ ਚਰਨ ਕਮਲ ਜਦ ਤੋਂ ਸਿਖਾਂ ਨੇ ਹਿਰਦੇ ਵਿਚ ਵਸਾਏ ਹਨ ਤਦ ਤੋਂ ਇਹਨਾਂ ਦਾ ਚਿਤ ਸਥਿਤ ਹੋ ਗਿਆ ਹੈ। ਅਤੇ ਹੋਰ ਪਾਸੇ ਜਗਤ ਦੇ ਪਦਾਰਥਾਂ ਵਲ ਨਹੀਂ ਦੌੜਦਾ। ਜਦ ਤੋਂ ਸਿਖਾਂ ਨੇ ਭੌਰੇ ਵਾਕਰ ਹੋਕਰ ਗੁਰਾਂ ਦੇ ਚਰਨਾਂ ਕਮਲਾਂ

ਦੀ ਸੁਗੰਧੀ ਭਗਤੀ ਤੇ ਚਰਨ ਪਹੁਲ ਲੈਣੀ ਕੀਤੀ ਹੈ ਤਦੋਂ ਤੋਂ ਅਮਰ ਪਦ(ਵਾਹਿਗੁਰੂ ਦੇ ਘਰ ਦਾ ਅਨੰਦ) ਪਾ ਲਿਆ ਸ਼ਾਂਤੀ ਸਰੂਪ ਗਿਆਨ ਵਾਹਿਗੁਰੂ ਦਾ ਉਸ ਵਿਚ ਸਮਾ ਗਏ ਹਾਂ। ਜਦੋਂ ਤੋਂ ਸਿਖਾਂ ਨੇ ਗੁਰਾਂ ਦੇ ਚਰਨਾਂ ਕਮਲਾਂ ਦਾ ਧਿਆਨ ਧਾਰਨ ਕੀਤਾ ਹੈ ਤਦੋਂ ਤੋਂ ਹੋਰ ਵੇਦਾਂ ਸ਼ਾਸਤ੍ਰਾਂ ਦੇ ਅਤੇ ਅਨਮਤੀਆਂ ਲੋਕਾਂ ਦੇਵੀ ਦੇਵਤਿਆਂ ਦੇ ਸਾਰੇ ਧਿਆਨ ਅੰਗ ਵਿਚੋਂ ਵਿਸਰਾ ਦਿਤੇ ਹਨ। ਸਿਖਾਂ ਨੇ ਗੁਰਾਂ ਦੇ ਚਰਨ ਕਮਲਾਂ ਉਪਰ ਈਕਰ ਪ੍ਰੇਮ ਕੀਤਾ ਜੀਕਰ ਫੁਲਾਂ ਉਤੇ ਭੌਰਾ ਕਰਦਾ ਹੈ। ਅਤੇ ਮਨ ਤੇ ਅਕਲ ਬਾਹਰ ਦੀਆਂ ਪਦਾਰਥਾਂ ਦੀਆਂ ਵਾਸ਼ਨਾਂ ਤੋਂ ਥਕ ਕੇ ਆਪਣੇ ਘਰ ਵਿਚ ਆ ਗਏ ਹਾਂ।

ਕਬਿਤ—ਬਾਰੀ ਬਹੁ ਨਾਇਕ ਕੀ ਨਾਇਕਾ ਪਿਆਰੀ ਕੇਰੀ, ਘੇਰੀ ਆਨ ਪ੍ਰਬਲ ਹ੍ਵੈ ਨਿੰਦ੍ਰਾ ਨੈਨ ਛਾਇਕੈ॥ ਪ੍ਰੇਮਨੀ ਪਤਿਬ੍ਰਤਾ ਰਈਲੀ ਪ੍ਰਿਅ ਅਗਮ ਕੀ, ਨਿੰਦ੍ਰਾ ਕੋ ਨਿਰਾਦਰੁ ਕੈ ਸੋਈ ਨ ਭੈ ਭਾਇ ਕੈ॥ ਸਖੀ ਹੁਤੀ ਸੋਤ ਭਈ ਗਈ ਸੁਖਦਾਇਕ ਪੈ, ਜਹਾਂ ਕੇ ਤਹਾਂ ਲੈ ਰਾਖੇ ਸੰਗਮ ਸੁਲਾਇਕੈ॥ ਸੁਪਨ ਚਰਿਤ੍ਰ ਮੈ ਨ ਮਿਤ੍ਰਹਿ ਮਿਲਨ ਦੀਨੀ, ਜਮ ਰੂਪ ਜਾਮਨੀ ਨ ਨਿਬਹੈ ਬਿਹਾਇਕੈ॥੨੧੯॥

ਬਹੁਤੀਆਂ ਇਸਤ੍ਰੀਆਂ ਦਾ ਮਾਲਕ ਜੋ ਮੇਰਾ ਪਤੀ ਹੈ ਮੈਂ ਉਸਦੀ ਪਜਾਰੀ ਇਸਤ੍ਰੀ ਸਾਂ ਸੋ ਅਜੇਹੇ ਵੇਲੇ ਪਤੀ ਨਾਲ ਹਾਸ ਬਿਲਾਸ ਦੇ ਅਨੰਦ ਕਰਨ ਦੀ ਮੇਰੀ ਵਾਰੀ ਸੀ ਪਰ ਮੇਰੇ ਨੇਤ੍ਰਾਂ ਵਿਚ ਨੀਂਦ ਆਣ ਛਾਈ ਅਤੇ ਉਸ ਜ਼ੋਰਾਵਰ ਨੀਂਦ ਨ ਮੈਨੂੰ ਦਬਾ ਲਿਆ। ਪ੍ਰੇਮਣਾਂ ਤੇ ਸਤਵੰਤਣਾਂ ਅਤੇ ਅਨੰਦ ਕਰਨ ਵਾਲੀਆਂ ਇਸਤ੍ਰੀਆਂ ਨੇ ਪਤੀ ਦੇ ਆਉਣ ਦੀ ਖਬਰ ਸੁਣਕੇ ਨੀਂਦ ਦਾ ਨਿਰਾਦਰ ਕੀਤਾ ਅਤੇ ਨਾ ਹੀ ਸੁਤੀਆਂ, ਪੇਮ ਨਾਲ ਡਰ ਕਰਕੇ। ਹੇ ਸਖੀ! ਇਸ ਵਿਛੋੜੇ ਕਸਾਈ ਨੇ ਮੈਨੂੰ ਪਤੀ ਪਾਸੋਂ ਵਿਛੋੜ ਦਿਤਾ ਜਿਸ ਜਗਾ ਮੈਂ ਪਤੀ ਕੋਲੋਂ ਵਿਛੜ ਕੇ ਰਹਿੰਦੀ ਸਾਂ ਇਸ ਵਿਛੋੜੇ ਨੇ ਮੇਰੇ ਨਾਲ ਰਲਕੇ ਮੈਨੂੰ ਉਸ ਜਗਾ ਸੁਲਾ ਦਿਤਾ। ਹੇ ਸਖੀ! ਰਾਤ ਨੂੰ ਕੀ ਦਿਨੇ ਹੀ ਸੁਪਨੇ ਦੇ ਤਮਾਸ਼ੇ ਨੇ ਮੈਨੂੰ ਪਤੀ ਨਾਲ ਨਹੀਂ ਮਿਲਣ ਦਿਤਾ ਅਤੇ ਫਿਰ ਇਹ ਜਮਾਂ ਵਰਗੀ ਰਾਤ ਬਤੀਤ ਹੋ ਕੇ ਨਿਬੜ ਦੀ ਨਹੀਂ ਹੈ।

ਕਬਿਤ—*ਰੂਪ ਹੀਨ, ਕੁਲ ਹੀਨ, ਗੁਨ ਹੀਨ, ਗਯਾਨ ਹੀਨ, ਸ਼ੋਭਾ ਹੀਨ, ਭਾਗ ਹੀਨ, ਤਪ ਹੀਨ ਬਾਵਰੀ॥ ਦ੍ਰਿਸ਼ਟਿ ਦਰਸ ਹੀਨ,

---

*ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਦੂਜੀ ਪੋਥੀ ਜੋ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ ਅੰਮ੍ਰਿਤਸਰ ਸਿੰਘ ਤੋਂ ਮਿਲਦੀ ਹੈ।

ਸ਼ਬਦ ਸੁਰਤਿ ਹੀਨ, ਬੁਧਿ ਬਲ ਹੀਨ, ਸੂਧੇ ਹਸਤ ਨ ਪਾਵਰੀ ॥ ਪ੍ਰੀਤਿ ਹੀਨ, ਰੀਤਿ ਹੀਨ, ਭਾਇ, ਭੈ, ਪ੍ਰਤੀਤ ਹੀਨ, ਚਿਤ ਹੀਨ, ਬਿਤ ਹੀਨ, ਸਹਜ ਸੁਭਾਵਰੀ ॥ ਅੰਗ ਅੰਗ ਹੀਨ ਦੀਨਾਧੀਨ ਪਰਾਚੀਨ ਲਗ, ਚਰਨ ਸ਼ਰਨਿ ਕੈਸੇ ਪ੍ਰਾਪਤਿ ਹ੍ਵੈ ਰਾਵਰੀ ॥ ੨੨੦॥

ਸੁੰਦਰ ਸਰੂਪ, ਉਚੀ ਕੁਲ, ਚੰਗੇ ਗੁਣ, ਪਿਛਲਾ ਗਿਆਨ, ਸਜਾਵਟ ਚੰਗੀ, ਭਾਗ ਚੰਗੇ, ਤਪ, ਏਹੋ ਜੇਹੇ ਗੁਣਾਂ ਤੋਂ ਮੈਂ ਰਹਿਤ ਹਾਂ ਅਤੇ ਪਾਗਲ ਕਮਲੀ ਹੋਈ ਫਿਰਦੀ ਹਾਂ। ਮੈਂ ਨੇਤ੍ਰਾਂ ਦੀ ਦ੍ਰਿਸ਼ਟੀ ਨਾਲ ਪਤੀ ਦਾ ਦਰਸ਼ਨ ਵੀ ਨਹੀਂ ਕੀਤਾ ਅਤੇ ਕੰਨ ਲਾ ਕੇ ਗਲਾਂ ਵੀ ਨਹੀਂ ਸੁਣੀਆਂ ਅਤੇ ਅਕਲ ਦੇ ਜੋਰ ਤੋਂ ਵੀ ਰਹਿਤ ਹਾਂ ਨਾਲੇ ਮੇਰੇ ਹਥ ਪੈਰ ਵੀ ਸਿਧੇ (ਚੰਗੇ) ਨਹੀਂ ਹਨ ਜਿਸ ਕਰਕੇ ਪਤੀ ਮੇਰੇ ਤੇ ਰੀਝ ਜਾਵੇ। ਪਤੀ ਦੀ ਪ੍ਰੀਤ ਤੋਂ ਰੀਤ ਤੋਂ ਪ੍ਰੇਮ ਡਰ ਨਿਸਚੇ ਤੋਂ ਰਹਿਤ ਹਾਂ ਮਨ ਵੀ ਪਤੀ ਵਲ ਨਹੀਂ ਲਗਦਾ ਅਤੇ ਧਨ ਵੀ ਘਰ ਵਿਚ ਨਹੀਂ ਸ਼ਾਂਤੀ ਸੁਭਾਉ ਵੀ ਨਹੀਂ ਹੈ। ਸਾਰੇ ਸਰੀਰ ਦੇ ਅੰਗ ਮੇਰੇ ਪਤੀ ਦੀ ਸੇਵਾ ਤੋਂ ਰਹਿਤ ਹਨ ਅਤੇ ਗਰੀਬਾਂ ਵਾਕਰ ਗਰੀਬ ਤਾਈ ਦੇ ਵਸ ਹੋਈ ਹੋਈ ਹਾਂ। ਹੇ ਪਤੀ ! ਮੈਂ ਤੇਰੇ ਚਰਨਾਂ ਦੀ ਸ਼ਰਨ ਕੀਕਰ ਆਵਾਂ?

ਕਾਬਲ ਦੇ ਘੋੜਿਆਂ ਵਾਲੀ ਸਾਖੀ—

*ਜਨਨਿ ਸੁਤਹ ਬਿਖ ਦੇਤ ਹੇਤ ਕੌਣ ਰਾਖੈ, ਘਰ ਮੂਸੇ ਪਾਹਰੂਆ ਸੁ ਕਹੌ ਕੈਸੇ ਰਾਖੀਐ ॥ ਕਰੀਆ ਜੌ ਬੋਰੈ ਨਾਵ ਕਹੌ ਕੈਸੇ ਪਾਵੈ ਪਾਰ, ਆਗੂਆਊ ਬਾਟ ਪਾਰੈ, ਕਾ ਪੈ ਦੀਨ ਭਾਖੀਐ ॥ ਖੇਤ ਕੌ ਜੋ ਖਾਇ ਬਾਰ, ਕੌਨ ਧਾਇ ਰਾਖਨ ਹਾਰ, ਚਕ੍ਰਵੈ ਕਰੇ ਅਨਿਆਉ ਪੂਛੈ ਕੌਨ ਸਾਖੀਐ ॥ ਰੋਗੀਆ ਜੋ ਵੈਦ ਮਾਰੈ, ਮਿਤ੍ਰ ਜੋ ਕਮਾਵੈ ਦ੍ਰੋਹ, ਗੁਰ ਨ ਮੁਕਤਿ ਕਰੈ ਕਾ ਪੈ ਅਭਿਲਾਖੀਐ ॥ ੨੨੧ ॥

ਜੇਕਰ ਮਾਤਾ ਹੀ ਪੁਤ੍ਰ ਨੂੰ ਵਿਹੁ ਦੇਕੇ ਮਾਰੇ ਤਾਂ ਪੁਤ੍ਰ ਨੂੰ ਪਜਾਰ ਦੇਕੇ ਕਿਹੜਾ ਰਖਿਆ ਕਰੇ ? ਜੇਕਰ ਘਰ ਨੂੰ ਰਾਖੀ ਕਰਨ ਵਾਲਾ ਹੀ ਉਠ ਕੇ ਲੁਟ ਲਵੇ ਤਾਂ ਦਸੋ ਖਾਂ ਕੀਕਰ ਕੋਈ ਘਰ ਨੂੰ ਬਚਾ ਸਕਦਾ ਹੈ ? ਜੇਕਰ ਮਲਾਹ ਹੀ ਬੇੜੀ ਨੂੰ ਡੋਬਕੇ ਮੁਸਾਫਰਾਂ ਨੂੰ ਮਾਰਨਾ ਚਾਹੇ ਤਾਂ ਕੀਕਰ ਕੋਈ ਪਾਰ ਹੋ ਸਕਦਾ ਹੈ ? ਜੇਕਰ ਅਗੋ

*ਦੇਖੋ ਵਾਰਾਂ ਸਟੀਕ ਜੋ ਦੂਸਰੀ ਵਾਰ ਅਕਾਲੀ ਪ੍ਰੈਸ ੧੯੨੫ ਨੂੰ ਛਪੀਆਂ ਹਨ ਪੰਨਾ ੬੯੭ ਭਾਵੇਂ ਹੁਣ ਭਾਈ ਜਵਾਹਰ ਸਿੰਘ ਹੋਰਾਂ ਵੀ ੧੯੩੫-੪੯-੫੦ ਸੰਨ ਵਿਚ ਛਾਪੀਆਂ ਹਨ ਪਰ ਓਹ ਟੀਕਾ ਤਤਕਰਾ ਸਮੇਤ ਹੈ।

ਚਲਣ ਵਾਲਾ ਹੀ ਰਾਹ ਮਾਰ ਹੋ ਕੇ ਰਸਤੇ ਵਿਚ ਲੁਟ ਲਵੇ ਤਾਂ ਕਿਸ ਪਾਸ ਜਾ ਕੇ ਗਰੀਬਾਂ ਵਾਕਰ ਰੋਈਏ ? ਆਪਣੇ ਦੁਖ ਆਖੀਏ । ਜੇਕਰ ਖੇਤ ਨੂੰ ਵਾੜ ਹੀ ਖਾ ਜਾਵੇ ਤਾਂ ਕੌਣ ਦੌੜ ਕੇ ਰਖਣ ਵਾਲਾ ਰਖ ਸਕਦਾ ਹੈ ? ਜੇਕਰ ਰਾਜਾ ਹੀ ਅਨਿਆਇ ਕਰੇ ਤਾਂ ਉਗਾਹੀ ਦੇਣ ਵਾਲੇ ਉਗਾਹ ਨੂੰ ਕੌਣ ਪੁਛਦਾ ਹੈ ? ਜੇਕਰ ਰੋਗੀ ਨੂੰ ਵੈਦ ਹੀ ਮਾਰ ਦੇਵੇ ਤਾਂ ਉਸ ਨੂੰ ਕੌਣ ਰਾਜੀ ਕਰ ਸਕਦਾ ਹੈ ? ਜੇਕਰ ਮਿਤ੍ਰ ਨੂੰ ਮਿਤ੍ਰ ਹੀ ਛਲ ਕਰਕੇ ਠੱਗ ਲਵੇ ਤਾਂ ਕੌਣ ਉਸ ਨੂੰ ਬਚਾ ਸਕਦਾ ਹੈ ? ਜੇਕਰ ਸਿਖ ਨੂੰ ਗੁਰੂ ਹੀ ਨਾ ਮੁਕਤ ਕਰਨ ਤੇ ਕਿਸ ਪਾਸ ਜਾ ਕੇ ਸਿਖ ਨੂੰ ਮੁਕਤੀ ਦੀ ਇਛਾ ਕਰਨੀ ਚਾਹੀਦੀ ਹੈ ?

ਜਿਨ੍ਹਾ ਸਿਖਾਂ ਨੇ ਅਮਰ ਪਦ ਨੂੰ ਪਾਇਆ ਹੈ—

ਕਬਿਤ—ਮਨ ਮਧੁਕਰ ਗਤਿ ਭ੍ਰਮਤ ਚਤਰ ਕੁੰਟ, ਚਰਨ ਕਮਲ ਸੁਖ ਸੰਪਟ ਸਮਾਈਐ ॥ ਸੀਤਲ ਸੁਗੰਧ ਅਤਿ ਕੋਮਲ ਅਨੂਪ ਰੂਪ, ਮਧੁ ਮਕਰੰਦ ਰਸ ਅਨਤ ਨ ਧਾਈਐ ॥ ਸਹਜ ਸਮਾਧਿ ਉਨਮਨ ਜਗਮਗ ਜੋਤਿ, ਅਨਹਦ ਧੁਨਿ ਰੁਨਿ ਝੁਨਿ ਲਿਵ ਲਾਈਐ ॥ ਗੁਰਮੁਖ ਬੀਸ ਇਕਈਸ ਸੋਹੰ ਸੋਈ ਜਾਨੈ, ਆਪ ਅਪਰੰਪਰ ਅਮਰ ਪਦ ਪਾਈਐ ॥ ੨੨੨ ॥

ਭੌਰਾ ਚਵਾਂ ਪਾਸਿਆਂ ਵਲ ਉਡਦਾ ਫਿਰਦਾ ਹੈ ਅਤੇ ਦੁਖ ਪਾਉਂਦਾ ਹੈ ਫੁਲਾਂ ਉਤੇ ਜਾ ਬੈਠਦਾ ਹੈ ਤਾਂ ਵਾਸ਼ਨਾ ਕਰ ਸੁਖ ਪਾਉਂਦਾ ਹੈ । ਗੁਰਾਂ ਦੇ ਚਰਨਾਂ ਵਿਚੋਂ ਸਿਖ ਦਾ ਮਨ ਹਿਰਦਾ ਠੰਢਾ ਰਹਿਣਾ ਅਤੇ ਭਗਤੀ ਦੀ ਵਾਸ਼ਨਾਂ ਆਉਂਣੀ ਬਾਣੀ ਕੋਮਲ ਹੋ ਜਾਣੀ ਬਹੁਤ ਬਹੁਤ ਚੰਗੇ ਰੂਪ ਵਾਲਾ ਹੋ ਜਾਣਾ । ਨਾਲ ਦਾ ਮਿਠਾ ਸੁਆਦ ਚਖਣਾ ਅਤੇ ਚਰਨਾਂ ਦੀ (ਧੂੜੀ ਮਥੇ ਤੇ ਲਾਉਂਣੀ) ਹੋਰ ਪਾਸੇ ਪਦਾਰਥ ਵਲ ਨਹੀਂ ਦੌੜਦਾ । ਓਹਨਾਂ ਅਜੇਹਾਂ ਸਿਖਾਂ ਦਾ ਮਨ ਪ੍ਰਕਾਸ਼ ਕਰਨ ਵਾਲੇ ਵਾਹਿਗੁਰੂ ਦੀ ਜੋਤਿ ਵਿਚ ਸਹਿਜੇ ਹੀ ਸਮਾਧੀ ਲਾਉਂਦਾ ਹੈ। ਵਾਹਿਗੁਰੂ ਦੇ ਪਾਸ ਜੋ ਨਾਮ ਦੇ ਭਜਨ ਦਾ ਅਨੰਦ ਆ ਰਹਿਆ ਹੈ ਉਸ ਵਾਜੇ ਦੀ ਅਵਾਜ਼ ਵਿਚ ਇਕ ਰਸ ਚਿਤ ਦੀ ਬ੍ਰਿਤੀ ਲਾਉਂਦਾ ਹੈ। ਗੁਰਾਂ ਦੇ ਸਿਖ ਇਕ ਵਾਹਿਗੁਰੂ ਨੂੰ ਨਿਸਚੇ ਕਰਕੇ (ਇਸ ਸੰਸਾਰ ਨੂੰ ਤਿਲਾਂਜਲੀ ਦੇ ਕੇ) ਸਾਰੀ ਸ੍ਰਿਸ਼ਟੀ ਨੂੰ ਆਪਣਾ ਆਪ ਰੂਪ ਜਾਣਦੇ ਹਨ ਇਸ ਵਾਸਤੇ ਇਸ ਸੰਸਾਰ ਤੋਂ ਪਰੇ ਹੋ ਕੇ ਚੰਗੇ ਅਮਰ ਪਦ ਨੂੰ ਪਾ ਲੈਂਦੇ ਹਨ ।

ਕਬਿਤ—ਮਨ ਮ੍ਰਿਗ, ਮ੍ਰਿਗਮਦ, ਅਛਤ ਅੰਤਰ ਗਤਿ, ਭੂਲਜੋ ਭ੍ਰਮ ਖੋਜਤ ਫਿਰਤ ਬਨ ਮਾਹੀ ਜੀ ॥ ਦਾਦਰ ਸਰੋਜ ਗਤਿ ਏਕੈ ਸਰਵਰੁ ਬਿਖੈ, ਅੰਤਰ ਦਿਸੰਤਰ ਹ੍ਵੈ ਸਮਝਤ ਨਾਹੀ ਜੀ॥ ਜੈਸੇ ਬਿਖਿਆ

ਧਰ ਤਜੈ ਨ ਬਿਖ ਬਿਖਮ ਕੋ, ਅਹਿਨਿਸ ਬਾਵਨ ਬਿਰਖ ਲਪਟਾਹੀ ਜੀ॥ ਜੈਸੇ ਨਰਪਤਿ ਸੁਪਨੰਤਰ ਭੇਖਾਰੀ ਹੋਇ, ਗੁਰਮੁਖ ਜਗਤ ਮੈਂ ਭਰਮ ਮਿਟਾਹੀ ਜੀ॥ ੨੨੩॥

ਹਰਨ ਕਸਤੂਰੀ ਦੇ ਅੰਦਰ ਹੁੰਦਿਆਂ ਹੀ ਭਰਮ ਕਰਕੇ ਭੁਲਿਆ ਹੋਇਆ ਉਜਾੜਾਂ ਦੀਆਂ ਝਾੜੀਆਂ ਵਿਚ ਲਭਦਾ ਫਿਰਦਾ ਹੈ। ਡੱਡੂ ਅਤੇ ਕੌਲ ਇਕੋ ਹੀ ਤਾਲ ਵਿਚ ਪਹੁੰਚੇ ਹੁੰਦੇ ਹਨ ਪਰ ਡੱਡੂ ਦੇ ਅੰਦਰ ਫਰਕ ਹੁੰਦਾ ਹੈ ਇਸ ਲਈ ਕੌਲ ਦੀ ਮਿਠਾਸ ਕੋਮਲਤਾਈ ਗੁਣਾਂ ਨੂੰ ਨਹੀਂ ਸਮਝਦਾ ਹੈ। ਸੱਪ ਬੁਰੀ ਵਿਹੁ ਨੂੰ ਛਡਦਾ ਨਹੀਂ ਹੈ ਤੇ ਚੰਦਨ ਦੇ ਦਰਖਤ ਨਾਲ ਰਾਤ ਦਿਨ ਲਟਕਿਆ ਰਹਿੰਦਾ ਹੈ। ਜਿਸ ਤਰ੍ਹਾਂ ਸੁਪਨੇ ਵਿਚ ਰਾਤ ਨੂੰ ਸੁਤਿਆਂ ਪਿਆਂ ਰਾਜਾ ਮੰਗਤਾ ਹੋ ਜਾਂਦਾ ਹੈ ਅਤੇ ਦੁਖ ਪਾਉਂਦਾ ਹੈ ਪਰ ਜਦ ਜਾਗਦਾ ਹੈ ਤਾਂ ਓਹ ਆਪਣਾ ਰਾਜ ਆਪਣੇ ਪਾਸ ਵੇਖਕੇ ਸੁਖ ਪਾਉਂਦਾ ਹੈ।

ਰਿਧੀਆਂ ਸਿਧੀਆਂ ਤੇ ਚਰਨਾਂ ਦੀ ਧੂੜ—

ਕਬਿਤ—ਬਾਇ ਹ੍ਵੈ ਬਘੂਲਾ ਬਾਇ ਮੰਡਲ ਫਿਰੈ ਤੌ ਕਹਾਂ ਬਾਸਨਾ ਕੀ ਆਗਿ ਜਾਗਿ ਜੁਗਤਿ ਨ ਜਾਨੀਐ॥ ਕੂਪ ਜਲ ਗਰੋ ਬਾਂਧੇ ਨਿਕਸੇ ਨ ਹ੍ਵੈ ਸਮੁਦ੍ਰ, ਚੀਲ ਹ੍ਵੈ ਉਡੈ ਨ ਖਗਪਤਿ ਉਨਮਾਨੀਐ॥ ਮੂਸਾ ਬਿਲ ਖੋਦਿ ਨ ਜੁਗੀਸਰ ਗੁਫਾ ਕਹਾਵੈ, ਸਰਪ ਹ੍ਵੈ ਚਿਰੰਜੀਵ ਬਿਖ ਨ ਬਿਲਾਨੀਐ॥ ਗੁਰਮੁਖ ਤ੍ਰਿਗੁਣ ਅਤੀਤ ਚੀਤ ਹ੍ਵੈ ਅਤੀਤ, ਹੌਮੈ ਖੋਇ ਹੋਇ ਰੇਨ ਕਾਮਧੇਨ ਮਾਨੀਐ॥੨੨੪॥

ਪੌਣ ਵਾ ਵਰੋਲਾ ਹੋਕੇ ਅਕਾਸ਼ ਵਿਚ ਫਿਰ ਰਿਹਾ ਹੈ ਤੇ ਤਾਂ ਕੀ ਹੋਯਾ ? ਜੇ ਪਦਾਰਥਾਂ ਦੀ ਵਾਸ਼ਨਾਂ ਦੀ ਅਗ ਹਿਰਦੇ ਵਿਚ ਭੜਕ ਰਹੀ ਹੈ ਅਤੇ ਵਾਹਿਗੁਰੂ ਨੂੰ ਮਿਲਣ ਦੀ ਯੁਕਤੀ ਨਹੀਂ ਜਾਣਦਾ। ਢੀਂਗਲੀ ਦੇ ਨਾਲ ਡੋਲ ਬੰਨ੍ਹਿਆਂ ਹੋਇਆ ਖੂਹੇ ਵਿਚੋਂ ਪਾਣੀ ਨਿਕਲੇ ਤੇ ਤਦ ਕੀ ਓਹ ਸਮੁੰਦਰ ਤੇ ਨਹੀਂ ਬਣ ਚਲਿਆ ਅਤੇ ਜੇ ਇਲ ਅਕਾਸ਼ ਨੂੰ ਉਡੇ ਤੇ ਤਾਂ ਕੀ ਉਸ ਨੂੰ ਗਰੜ ਦਾ ਵਿਚਾਰ ਨਹੀਂ ਕਰ ਲਈਦਾ ? ਪਾਖੰਡੀ ਸਾਧੂ ਕਹੇ ਕਿ ਮੈਂ ਪਹਾੜ ਦੀ ਕੰਦਰਾ ਵਿਚ ਬੈਠਕੇ ਸਾਧੂ ਕਹਾਵਾਂ ਚੂਹਾ ਰੁੜ ਨੂੰ ਪੁਟਕੇ ਪਹਾੜ ਵਿਚ ਬਹਿ ਰਹਿੰਦਾ ਹੈ, ਸਪ ਬਹੁਤਾ ਚਿਰ ਜੀਵਣ ਵਾਲਾ ਹੋ ਗਿਆ ਹੈ, ਪਰ ਵਿਚੋਂ ਵਿਹੁ ਨਹੀਂ ਗਈ ਤੇ ਤਾਂ ਕੀ ਹੋਇਆ ਯੋਗੀ ਤੇ ਨਹੀਂ ਬਣ ਚਲਿਆ। ਗੁਰਮੁਖ ਤਿੰਨਾਂ ਗੁਣਾਂ ਤੋਂ ਰਹਿਤ ਹੋਏ ਹਨ ਅਤੇ ਆਪਣੇ ਹੰਕਾਰ ਨੂੰ ਦੂਰ ਕਰਕੇ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਹੋਏ ਹਨ ਤਿਨਾ ਅਜੇਹਾਂ ਗੁਰਸਿਖਾਂ ਨੂੰ ਗਊ ਵਾਕਰ ਸਭ ਫਲ ਦੇਣ ਵਾਲੇ ਮੰਨੀਦਾ ਹੈ।

ਕਬਿਤ—ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ, ਆਤਮ ਅਵੇਸ ਪਰਮਾਤਮ ਪ੍ਰਬੀਨ ਹੈ ॥ ਤਤੈ ਮਿਲ ਤਤ ਸ੍ਵਾਂਤਿ ਬੂੰਦ ਮੁਕਤਾ ਹਲ ਹ੍ਵੈ, ਪਾਰਸ ਕੈ ਪਾਰਸ ਪਰਸਪਰ ਕੀਨ ਹੈ ॥ ਜੋਤੀ ਮਿਲਿ ਜੋਤਿ ਜੈਸੇ ਦੀਪ ਕੈ ਦਿਪਤ ਦੀਪ, ਹੀਰੈ ਹੀਰਾ ਬੇਧੀਅਤਿ ਆਪੈ ਆਪਾ ਚੀਨ ਹੈ ॥ ਚੰਦਨ ਬਨਾਸਪਤੀ ਵਾਸਨਾ ਸੁਵਾਸ ਗਤਿ ਚਤਰ ਬਰਨ ਜਨ ਕੁਲ ਅਕੁਲੀਨ ਹੈ ॥ ੨੨੫ ॥

ਸੰਸਾਰਕ ਆਦਮੀ ਜਿਹੜਾ ਗੁਰੂ ਕੇ ਸਿਖਾਂ ਦੀ ਮਿਲੌਨੀ ਵਿਚ ਮਿਲ ਜਾਵੇ ਓਹ ਗੁਰਾਂ ਦੇ ਉਪਦੇਸ਼ ਦੀ ਪ੍ਰੀਤੀ ਵਿਚ ਚਿਤ ਬ੍ਰਿਤੀ ਲਗਾਕੇ ਅਤੇ ਮਨ ਨੂੰ ਟਿਕਾ ਕੇ ਵਾਹਿਗੁਰੂ ਦੇ ਮਿਲਣ ਨੂੰ ਸਿਆਣਾ ਹੋ ਜਾਂਦਾ ਹੈ। (ਤਾਂਤੇ) ਵਾਹਿਗੁਰੂ ਦਾ ਰੂਪ ਹੋਏ ਹਨ ਸ੍ਵਾਂਤੀ ਨਿਛਤਰ ਦੇ ਮੀਂਹ ਦਾ ਤੁਬਕਾ ਸਿੱਪੀ ਦੇ ਮੂੰਹ ਵਿਚ ਪੈਕੇ ਮੋਤੀ ਹੋ ਜਾਂਦਾ ਹੈ ਸਿਖ ਪਾਰਸ ਰੂਪ ਨੂੰ ਸੰਸਾਰਕ ਆਦਮੀ ਮਿਲਦਾ ਹੈ ਓਹਨੂੰ ਵੀ ਸੁਧ ਰੂਪ ਕਰ ਦੇਂਦਾ ਹੈ। (ਇਕ ਜਗਦੇ) ਦੀਵੇ ਨਾਲ ਹੋਰ ਦੀਵਾ ਜਗਾਈਏ ਤੇ ਤਦ ਦੋਹਾਂ ਦੀਵਿਆਂ ਦੀ ਲਾਟ ਮਿਲ ਜਾਂਦੀ ਹੈ। ਅਤੇ ਫਿਰ ਓਹ ਆਪਣੇ ਆਪ ਦੇ ਜਾਨਣ ਵਿਚ ਅਜੇਹੇ ਵਿੰਨ੍ਹੇ ਗਏ (ਲਗੇ ਹੋਏ ਹਨ) ਜੇਹਾ ਕੁ ਹੀਰਾ ਹੀਰੇ ਨੂੰ ਵਿੰਨ ਦੇਂਦਾ ਹੈ। ਜਿਹਾ ਕੁ ਚੰਦਨ ਬ੍ਰਿਛ ਦੀ ਵਾਸ਼ਨਾ ਸਾਰੀ ਬਨਾਸਪਤੀ ਨੂੰ ਸ੍ਰੇਸ਼ਟ ਸੁਗੰਧੀ ਪਹੁੰਚਾਉਂਦੀ ਹੈ, ਗੁਰਮੁਖ ਚਵਾਂ ਹੀ ਵਰਨਾਂ ਵਿਚੋਂ ਚਾਹੇ ਕੋਈ ਆਦਮੀ ਨੀਵੀਂ ਕੁਲ ਦਾ ਹੋਵੇ ਚਾਹੇ ਕੋਈ ਉੱਚੀ ਕੁਲ ਦਾ ਹੋਵੇ ਉਸ ਨੂੰ ਆਪਣੇ ਵਰਗਾ ਬਣਾ ਲੈਂਦੇ ਹਨ ਅਤੇ ਭਗਤੀ ਵਾਸ਼ਨਾ ਵਾਲੇ ਕਰਦੇ ਹਨ।

ਕਬਿਤ—ਗੁਰਮਤਿ ਸਤਿ ਰਿਦੈ ਸਤਿਰੂਪ ਦੇਖੇ ਦ੍ਰਿਗ, ਸਤਿਨਾਮ ਜਿਹਬਾ ਕੈ ਪ੍ਰੇਮ ਰਸ ਪਾਏ ਹੈ ॥ ਸਬਦ ਬਿਬੇਕ ਸਤਿ ਸ੍ਰਵਨ ਸੁਰਤਿ ਨਾਦ, ਨਾਸਕਾ ਸੁਗੰਧ ਸਤਿ ਆਘ੍ਰਾਨ ਅਘਾਏ ਹੈ ॥ ਸੰਤ ਚਰਨਾਮ੍ਰਿਤ ਹਸਤ ਅਵਿਲੰਭ ਸਤਿ, ਪਾਰਸ ਪਰਸ ਹੋਇ ਪਾਰਸ ਦਿਖਾਏ ਹੈ ॥ ਸਤਿ ਰੂਪ ਸਤਿਨਾਮ ਸਤਿਗੁਰ ਗਯਾਨ ਧਯਾਨ, ਗੁਰ ਸਿਖ ਸੰਧਿ ਮਿਲੇ ਅਲਖ ਲਖਾਏ ਹੈ ॥ ੨੨੬ ॥

ਗੁਰਾਂ ਦੀ ਸਿਖਿਆ ਨੂੰ ਹਿਰਦੇ ਵਿਚ ਸਚਾ ਜਾਣਕੇ ਵਾਹਿਗੁਰੂ ਨੂੰ ਨੇਤ੍ਰਾਂ ਨਾਲ ਵੇਖਦੇ ਹਨ ਅਤੇ ਰਸਨਾ ਕਰਕੇ ਸਚੇ ਨਾਮ ਨੂੰ ਜਪਕੇ ਪ੍ਰੇਮ ਦਾ ਅਨੰਦ ਪਾਉਂਦੇ ਹਨ। ਗੁਰ ਉਪਦੇਸ਼ ਦੀ ਵਿਚਾਰ ਕਰਕੇ ਸਚੇ ਦਾ ਸ਼ਬਦ ਕੰਨਾਂ ਨਾਲ ਸੁਣਨਾ ਕਰਦੇ ਹਨ, ਨਾਸਕਾਂ ਆਦਿਕ ਸਾਰੇ ਇੰਦ੍ਰੇ ਪ੍ਰਮਾਤਮਾ ਦੀ ਭਗਤੀ ਕਰਕੇ ਰਜੇ ਹਨ। ਗੁਰਮੁਖਾਂ ਦੀ

ਚਰਨ ਪਾਹੁਲ ਸੰਸਾਰਕ ਲੈਕੇ ਹਥ ਸਫਲ ਕਰਦੇ ਹਨ ਅਤੇ ਸਤਿਨਾਮ ਦਾ ਆਸਰਾ ਲੈਂਦੇ ਹਨ, ਚਰਨਾਂ ਨੂੰ ਪਰਸ ਕੇ ਪਾਰਸ ਰੂਪ ਨਜਰ ਆਉਂਦੇ ਹਨ। ਮਿਲੌਨੀ ਵਿਚ ਜਿਹੜੇ ਸੰਸਾਰਕ ਲੋਕੀ ਮਿਲੇ ਹੈਨ ਅਤੇ ਓਹਨਾਂ ਨੇ ਫਿਰ ਸਤਿਗੁਰਾਂ ਦਾ ਧਯਾਨ ਕੀਤਾ, ਅਤੇ ਮਿਲੇ ਓਹ ਹੋਰ ਸੰਸਾਰੀ ਲੋਕਾਂ ਨੂੰ ਗਯਾਨ ਕਰਦੇ ਹਨ ਜੋ ਨਹੀਂ ਵੇਖਿਆ ਜਾਂਦਾ, ਉਸ ਨੂੰ ਵਿਖਾ ਦੇਂਦੇ ਹਨ।

ਕਬਿਤ—ਆਤਮ ਤ੍ਰਿਬਿਧੀ ਜਤ੍ਰ ਕੱਤ੍ਰ ਸੈਂ ਇਕਤ੍ਰ ਭਏ, ਗੁਰਮਤਿ ਸਤਿ ਨਿਹਚਲ ਮਨ ਮਾਨੇ ਹੈਂ॥ ਜਗ ਜਗਜੀਵਨ ਮੈ ਜਗ ਜਗ ਜੀਵਨ ਹੈ, ਪੂਰਨ ਬ੍ਰਹਮ ਗਯਾਨ ਧਯਾਨ ਉਰ ਆਨੇ ਹੈਂ॥ ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ, ਗੋਰਸ ਗੋਬੰਸ ਗਤਿ ਪ੍ਰੇਮ ਪਹਿਚਾਨੇ ਹੈਂ॥ ਕਾਰਨ ਮੈ ਕਾਰਨ ਕਰਨ ਚਿਤ੍ਰ ਮੈ ਚਿਤੇਰੋ, ਜੰਤ੍ਰ ਧੁਨਿ ਜੰਤ੍ਰੀ ਜਨ ਕੈ ਜਨਕ ਜਾਨੇ ਹੈਂ॥੨੨੭॥

ਤਿੰਨਾ ਤਰਾਂ ਦੇ ਮਨ ਨੂੰ (ਜਿਧਰੋਂ ਕਿਧਰੋਂ ਆਸ ਪਾਸ) ਚਵਾਂ ਕੂੰਟਾਂ ਦੇ ਭਰਮਨ ਵਲੋਂ ਵਸ ਕਰਦੇ ਹੋਏ। ਗੁਰੂ ਗੁਰਾਂ ਦੀ ਸਿਖਿਆ ਨੂੰ ਮਨ ਵਿਚ ਸਚੀ ਜਾਣਕੇ ਅਚਲ ਭਰੋਸਾ ਕਰਦੇ ਹਨ ਅਤੇ ਫਿਰ ਉਪਰਾਮ ਨਹੀਂ ਹੁੰਦੇ ਓਸੇ ਵਿਚ ਹੀ ਮਨ ਮੰਨਿਆਂ ਰਹਿੰਦਾ ਹੈ। ਜਗਤ ਦੇ ਜੀਵਾਂ ਵਿਚ ਤਾਂ ਵਾਹਿਗੁਰੂ ਹੈ ਅਤੇ ਵਾਹਿਗੁਰੂ ਵਿਚ ਜਗਤ ਦੇ ਜੀਵ ਹਨ। ਪ੍ਰਮਾਤਮਾ ਦੇ ਗਯਾਨ ਦਾ ਧਯਾਨ ਹਿਰਦੇ ਵਿਚ ਲਿਆਉਂਦੇ ਹਨ। ਸੂਖਮ ਸਥੂਲ ਪ੍ਰਮਾਤਮਾ ਦਾ ਮੂਢ ਇਕ ਹੀ ਅਨੇਕਾਂ ਜੀਵਾਂ ਵਿਚ ਪ੍ਰੇਮ ਨਾਲ ਮਿਲਿਆ ਜਾਣਦੇ ਹਨ ਗਊਆਂ ਸਾਰੀਆਂ ਦਾ ਦੁਧ ਇਕੋ ਜਿਹਾ ਚਿਟਾ ਮਿਲਦਾ ਹੈ। ਮਾਇਆ ਵਿਚ ਪ੍ਰਮਾਤਮਾ, ਚਿਤ੍ਰਕਾਰੀ ਕਰਨ ਵਿਚ ਚਿਤ੍ਰਕਾਰੀ ਕਰਨ ਵਾਲੇ ਦਾ ਧਿਆਨ, ਵਾਜੇ ਦੀ ਅਵਾਜ਼ ਵਿਚ ਰਾਗੀ, ਪੁਤ੍ਰ ਨਾਲ ਪਿਤਾ ਦੀ ਅਭੇਦਤਾ ਹੈ।

ਕਬਿਤ—ਨਾਇਕ ਹੈ ਏਕ ਅਰੁ ਨਾਇਕਾ ਅਸਟ ਤਾਕੈ, ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈਂ॥ ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ ਭਏ, ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤਿ ਹੈਂ॥ ਤਾਹੂ ਤੇ ਅਨੇਕ ਪੁਨ ਏਕੈ ਏਕੈ ਪਾਂਚਿ ਪਾਂਚਿ, ਤਾਂਤੇ ਚਾਰ ਚਾਰ ਸੁਤ ਸੰਤਤਿ ਸਭੂਤ ਹੈ॥ ਤਾਂਤੇ ਆਠ ਆਠ ਸੁਤਾ, ਸੁਤਾ ਸੁਤਾ ਆਠ ਸੁਤ, ਐਸੋ ਪਰਵਾਰ ਕੈਸੇ ਹੋਇ ਏਕ ਸੂਤ ਹੈ॥੨੨੮॥

ਇਕ ਪਤੀ ਹੈ ਤਿਸ ਦੀਆਂ ਅਠ ਇਸਤ੍ਰੀਆਂ ਹਨ, ਇਕ ਇਕ ਇਸਤ੍ਰੀ ਦੇ ਘਰ ਪੰਜ ਪੰਜ ਪੁਤ੍ਰ ਹਨ ਇਕ ੨ ਪੁਤ੍ਰ ਦੇ ਘਰ ਚਾਰ ਚਾਰ (ਪੁਤ੍ਰ) ਪੋਤ੍ਰੇ ਹੋਏਹਨ ਓਹਨਾਂ

ਇਕ ਇਕ ਪੋਤੇ ਦੇ ਘਰ ਦੋ ਦੋ ਇਸਤ੍ਰੀਆਂ ਪ੍ਰਸੂਤਕਾ ਹੋਈਆਂ ਹਨ। ਅਨੇਕ ਤਰਾਂ ਦਾ ਪ੍ਰਵਾਰ ਪ੍ਰਗਟ ਹੋਇਆ ਇਕ ਇਕ ਪਤਨੀ ਦੇ ਘਰ ਪੰਜ ਪੰਜ ਫਿਰ ਪੁਤ੍ਰ ਹੋਏ ਪੰਜ ਪੰਜ ਪੁਤ੍ਰਾਂ ਦੇ ਘਰ ਚਾਰ ਚਾਰ ਪੁਤ੍ਰ ਫਿਰ ਹੋਏ ਅਜੇਹੀ ਔਲਾਦ ਬੜੀ ਚੰਚਲ ਪ੍ਰਗਟ ਹੋਈ। ਤਿਸ ਦੇ ਅਗੇ ਅਠ ਅਠ ਧੀਆਂ ਹੋਈਆਂ ਫਿਰ ਅਠਾਂ ਅਠਾਂ ਧੀਆਂ ਦੇ ਘਰ ਅਠ ਅਠ ਪੁਤ੍ਰ ਹੋਏ ਅਜੇਹਾ ਟਬਰ ਇਕ ਮਰਯਾਦਾ ਵਾਲਾ ਕਿਸ ਤਰਾਂ ਹੋਵੇ?

ਕਬਿਤ—ਏਕ ਮਨ, ਆਠ ਖੰਡ, ਖੰਡ ਖੰਡ ਪਾਂਚ ਟੂਕ, ਟੂਕ ਟੂਕ ਚਾਰੁ ਫਾਰਿ, ਫਾਰ ਦੋਇ ਫਾਰ ਹੈ॥ ਤਾਹੂ ਤੇ ਪਈਸੇ ਔ ਪਈਸਾ ਏਕ ਪਾਂਚ ਟਾਂਕ, ਟਾਂਕ ਟਾਂਕ ਮਾਸੇ ਚਾਰ, ਅਨਿਕ ਪ੍ਰਕਾਰ ਹੈ॥ ਮਾਸਾ ਏਕ ਆਠ ਰਤੀ, ਰਤੀ ਆਠ ਚਾਵਰ ਕੀ, ਹਾਟ ਹਾਟ ਕਨੁ ਕਨੁ ਤੋਲ ਤੁਲਾ ਧਾਰ ਹੈ॥ ਪੁਰ ਪੁਰ ਪੂਰ ਰਹੇ ਸਕਲ ਸੰਸਾਰ ਵਿਖੈ, ਵਸ ਆਵੈ ਕੈਸੇ ਤਾਂਕੋ ਏਤੋ ਵਿਸਤਾਰ ਹੈ॥੨੨੯॥

ਇਕ ਮਣ (ਤੋਲਣ ਵਾਲਾ ਹੈ) ਉਸਦੇ ਅਗੇ (ਖੰਡ) ਅਠ ਟੁਕੜੇ ਪੰਜਸੇਰੀਆਂ ਹਨ ਅਤੇ ਜੋ ਅਠ ਪੰਜ ਸੇਰੀਆਂ ਹਨ ਤਿਨਾ ਦੇ ਅਗੇ (ਇਕ ਇਕ ਪੰਜਸੇਰੀਆਂ ਦੇ) ਪੰਜ ਪੰਜ ਟੁਕੜੇ ਪੰਜ ਸੇਰ ਹੋਏ ਓਹਨਾਂ ਪੰਜਾਂ ਪੰਜਾਂ ਸੇਰਾਂ ਦੇ (ਟੂਕ) ਟੁਕੜੇ ਕੀਤੇ ਜਾਣ ਤਾਂ ਤਿਨਾਂ ਇਕ ਇਕ ਦੇ ਚਾਰ ਚਾਰ (ਫਾਰ) ਫਾੜਾਂ (ਪਾ) ਹੁੰਦੇ ਹਨ ਅਤੇ (ਫਾੜਾਂ ਦੇ) ਅਗੇ ਦੋ ਦੋ ਫਾੜੀਆਂ ਅਧ ਪਾ ਹੋਏ। ਓਹਨਾਂ ਅਧਪਾਵਾਂ ਦੇ ਅਗੇ ਪੰਜ (ਪਈਸੇ) ਸਰਸਾਹੀਆਂ ਹੋਈਆਂ ਤੇ ਫਿਰ ਸਰਸਾਹੀਆਂ ਪੰਜਾਂ ਦੇ ਅਗੇ ਚਾਰ ਚਾਰ ਟਾਂਕ ਹੋਏ ਤੇ ਚਾਰ ਜੇਹੜੇ ਟਾਂਕ ਹਨ ਤਿਨਾਂ ਚਾਰਾਂ ਚਾਰਾਂ ਟਾਂਕਾਂ ਦੇ ਅਗੇ ਇਕ ਇਕ ਟਾਂਕ ਦੇ ਚਾਰ ਮਾਸੇ ਹੋਇ ਅਗੇ ਫਿਰ ਬਹੁਤ ਤਰਾਂ ਦਾ ਪਰਵਾਰ ਵਧ ਗਿਆ। ਇਕ ਮਾਸੇ ਦੀਆਂ ਅਠ ਰਤੀਆਂ ਹੁੰਦੀਆਂ ਹਨ ਅਤੇ ਇਕ ਰਤੀ ਦੇ ਅਠ ਚਾਵਲ ਹੁੰਦੇ ਹਨ ਅਤੇ ਇਕ ਚਾਵਲ ਦੇ ਅਠ ਖਸਖਾਸ ਦੇ ਦਾਣੇ ਹੁੰਦੇ ਹਨ ਹਟੀ ਹਟੀ ਤੇ ਤੋਲੀ ਦੇ ਤਕੜੀ ਵਿਚ ਵੇਖੀਦੇ ਹਨ। ਸਾਰੇ ਜਗਤ ਦੀਆਂ ਪੁਰੀਆਂ ਪੁਰੀਆਂ ਵਿਚ ਇਸ ਲੇਖੇ ਦੇ ਤੋਲ ਪੂਰਨ ਹੋ ਰਹੇ ਹਨ। ਜਿਸ ਮਣ (ਮਨ) ਦਾ ਇਤਨਾ ਵਡਾ ਵਿਸਤਾਰ ਹੋਇਆ ਹੋਇਆ ਹੈ ਓਹ ਕਿਸ ਤਰਾਂ ਵਸ ਆਵੇ ? ਭਾਵ ਕੀ ਕਿ ਮਨ ਬੜਾ ਚੰਚਲ ਹੈ ਅਤੇ ਰੁਕਦਾ ਨਹੀਂ। ਮਨ ਦੀ ਚੰਚਲਤਾਈ ਹੈ—

ਕਬਿਤ—ਖਗਪਤਿ ਪਰਬਲ ਪਰਾਕ੍ਰਮੀ ਪਰਮਹੰਸ, ਚਾਤਰ ਚਤਰ ਮੁਖ ਚਪਲਾ ਚਪਲ ਹੈ॥ ਭੁਜ ਬਲੀ ਅਸ਼ਟ ਭੁਜਾ ਤਾਕੇ ਹੈ ਚਾਲੀਸ ਕਰ, ਏਕ ਸੌ ਸੁ ਸਾਠ ਪਾਉ ਚਾਲ ਚਲਾ ਚਲ ਹੈ॥ ਜਾਗ੍ਰਤ ਸੁਪਨ

ਅਹਿਨਿਸਿ ਦਹਿ ਦਿਸ ਧਾਵੈ ਤ੍ਰਿਭਵਨ ਪ੍ਰਤਿ ਹੋਇ ਆਵੈ ਏਕ ਪਲ ਹੈ ॥ ਪਿੰਜਰੀ ਮੈ ਅਛਤ ਉਡਤ ਪਹੁੰਚੈ ਨ ਕੋਊ, ਪੂਰ ਪੂਰ ਪਰ ਗਿਰ ਤਰ ਜਲ ਥਲ ਹੈ ॥ ੨੩੦ ॥

ਗਰੜ ਪੌਰਖ ਵਾਲਾ ਬਹੁਤ ਹਛੇ ਹੰਸਾਂ ਵਾਕਰ (ਸਿਆਣਿਆਂ ਵਿਚੋਂ ਮੁਖੀ) ਬਿਜਲੀ ਨਾਲੋਂ ਵੀ ਚੰਚਲ ਹੈ। ਬਾਹਾਂ ਦਾ ਜੋ ਬਲੀ ਹੈ (੪੦ ਸੇਰ) ਹਥ ਹਨ ਇਕ ਸੌ ਸਠ ਪੈਰ ਹਨ ਅਤੇ ਚਾਲ ਬੜੀ ਭਾਰੀ ਚੰਚਲ ਹੈ । ਇਹ ਮਨ ਜਾਗ੍ਰਤ ਸੁਪਨ ਅਵਸਥਾ ਵਿਚ ਰਾਤ ਦਿਨ ਦਸੋ ਹੀ ਦਿਸ਼ਾ ਵਲ ਭਜਾ ਫਿਰਦਾ ਹੈ ਤਿੰਨਾਂ ਹੀ ਲੋਕਾਂ ਵਿਚ ਇਕ ਛਿਨ ਮਾਤ੍ਰ ਵਿਚ ਫਿਰ ਆਉਂਦਾ ਹੈ ਜਾਨਵਰ ਪਿੰਜਰੇ ਵਿਚ ਪਿਆ ਹੁੰਦਾ ਹੈ ਅਤੇ ਉਡਕੇ ਕਿਧਰੇ ਵੀ ਨਹੀਂ ਜਾ ਸਕਦਾ ਪਰ ਉਸਦੇ ਮਨ ਦਾ ਸੰਕਲਪ ਜਲਾਂ, ਥਲਾਂ, ਪਹਾੜਾਂ ਬ੍ਰਿਛਾਂ, ਨਗਰੀਆਂ ਨਗਰੀਆਂ ਵਿਚ ਪੂਰਨ ਹੋ ਰਿਹਾ ਹੈ। ਮਨ ਇਸ ਦੇਹੀ ਵਿਚ ਹੈ ਪਰ ਵਾਸ਼ਨਾ ਕਰਕੇ ਕਿਤੇ ਦਾ ਕਿਤੇ ਫਿਰ ਆਉਂਦਾ ਹੈ।

ਕਬਿਤ—ਜੈਸੇ ਪੰਛੀ ਉਡਤ ਫਿਰਤ ਹੈ ਅਕਾਸਚਾਰੀ, ਜਾਰੀ ਡਾਰਿ ਪਿੰਜਰੀ ਮੈ ਰਾਖੀਅਤਿ ਆਨਕੈ ॥ ਜੈਸੇ ਗਜਰਾਜ ਗਹਿਬਰ ਬਨ ਮੈਂ ਮਦਨ, ਵਸ ਹ੍ਵੈ ਮਹਾਵਤ ਕੇ ਅੰਕਸਹਿ ਮਾਨ ਕੈ ॥ ਜੈਸੇ ਬਿਖਿਆਧਰ ਬਿਖਮ ਬਿਲ ਮੈ ਪਾਤਾਲ, ਗਹੇ ਸਾਪਹੇਰਾ ਤਾਹਿ ਮੰਤ੍ਰਨ ਕੀ ਕਾਨ ਕੈ ॥ ਤੈਸੇ ਤ੍ਰਿਭਵਨ ਪ੍ਰਤਿ ਭ੍ਰਮਤ ਚੰਚਲ ਚਿਤ, ਨਿਹਚਲ ਹੋਤ ਮਤਿ ਸਤਿਗੁਰ ਗਜਾਨ ਕੈ ॥ ੨੩੧ ॥

ਅਕਾਸ਼ ਦੇ ਵਿਚਰਣ ਵਾਲਾ ਜਾਨਵਰ ਉਡਦਾ ਫਿਰਦਾ ਹੈ ਪਰ ਉਸ ਨੂੰ ਜਾਲੀ ਪਾਕੇ ਪਿੰਜਰੇ ਵਿਚ ਲਿਆ ਰਖੀਦਾ ਹੈ । ਮੱਤਿਆ ਹੋਇਆ ਹਾਥੀ ਸੰਘਣੇ ਜੰਗਲ ਵਿਚ ਕਾਮ ਦੇ ਵਸ ਹੋਕੇ ਮਹਾਵਤ ਦੇ ਕੁੰਡਿਆਂ ਨੂੰ ਸਿਰ ਵਿਚ ਸਹਾਰਦਾ ਹੈ। ਸਪ ਡੂੰਘੀ ਖੁਡ ਵਿਚ ਵੜਕੇ ਪਤਾਲ ਨੂੰ ਚਲਿਆ ਜਾਂਦਾ ਹੈ ਤਾਂ ਉਸ ਨੂੰ ਮੰਤ੍ਰ ਕਰਨ ਵਾਲਾ ਮੰਤ੍ਰਾਂ ਦੀ ਕਾਨ ਮਨਾਕੇ ਪਕੜ ਲਿਆਉਂਦਾ ਹੈ । ਤੇਹਾ ਕੁ ਹੀ ਚੰਚਲ ਮਨ ਤਿੰਨਾਂ ਲੋਕਾਂ ਵਿਚ ਵਾਸ਼ਨਾ ਕਰਕੇ ਭ੍ਰਮਦਾ ਫਿਰਦਾ ਹੈ ਪਰ ਸਤਿਗੁਰਾਂ ਦੀ ਸਿਖਿਆ ਤੇ ਗਿਆਨ ਕਰਕੇ ਇਸਥਿਤ ਹੁੰਦਾ ਹੈ।

ਕਬਿਤ—ਰਚਨਾ ਚਰਿੱਤ ਚਿੱਤ੍ਰ ਬਿਸਮ ਬਚਿੱਤ੍ਰ ਪੁਨ, ਏਕ ਮੈ ਅਨੇਕ ਭਾਂਤਿ ਅਨਿਕ ਪ੍ਰਕਾਰ ਹੈ॥ ਲੋਚਨ ਮੈ ਦ੍ਰਿਸਟਿ, ਸ੍ਰਵਨ ਮੈ ਸੁਰਤਿ ਰਾਖੀ, ਨਾਸਕਾ ਸੁਬਾਸ ਰਸ ਰਸਨਾ ਉਚਾਰ ਹੈ ॥ ਅੰਤਰ ਹੀ

ਅੰਤਰ ਨਿਰੰਤਰੀਨ ਸੋਤਨ ਮੈ, ਕਾਹੂ ਕੀ ਨ ਕੋਊ ਜਾਨੈ ਬਿਖਮ ਬਿਚਾਰ ਹੈ ॥ ਅਗਮ ਚਰਿਤ੍ਰ ਚਿਤ੍ਰ ਜਾਨੀਐ ਚਿਤੇਰੋ ਕੈਸੋ, ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ ॥੨੩੨॥

ਬਹੁਤ ਤਰਾਂ ਦੀ ਰਚਨਾ ਚਿਤ੍ਰਕਾਰੀ ਕੀਤੀ ਹੋਈ ਹੈ ਅਤੇ ਤਿਸਦੇ ਕੌਤਕ ਸੁੰਦਰ ਤੇ ਅਚਰਜ ਹਨ। ਇਕ ਚਿਤ੍ਰਕਾਰੀ ਵਿਚ ਬਹੁਤ ਤਰਾਂ ਦੀਆਂ ਅਨੇਕਾਂ ਹੀ ਰੀਤੀਆਂ ਹਨ। ਸਰੀਰ ਦੇ ਇੰਦ੍ਰਿਆਂ ਵਿਚ ਅਜੇਹੀਆਂ ਸ਼ਕਤੀਆਂ ਰਖੀਆਂ ਹਨ ਨੇਤ੍ਰਾਂ ਵਿਚ ਦ੍ਰਿਸ਼ਟੀ ਕੰਨਾਂ ਵਿਚ ਸੁਣਨ ਦੀ ਗਜਾਤ ਹੈ ਨਾਸਕਾਂ ਵਿਚ ਚੰਗੀ ਵਾਸ਼ਨਾਂ ਲੈਣ ਦੀ ਸ਼ਕਤੀ ਜਿਹਬਾ ਵਿਚ ਰਸਾਂ ਦੇ ਸਵਾਦ ਲੈਣ ਦੀ ਅਤੇ ਬਾਣੀਆਂ ਉਚਾਰਨ ਦੀ ਸ਼ਕਤੀ ਰਖੀ ਹੈ। ਇਕ ਰਸ ਸਰੀਰ ਦੇ ਅੰਦਰ ਹੀ ਸਾਰਿਆਂ ਇੰਦ੍ਰਿਆਂ ਵਿਚ ਫਰਕ ਹੈ ਇੰਦ੍ਰਿਆਂ ਦੀ ਕੋਈ ਗਲ ਦੂਜੀ ਇੰਦ੍ਰੀ ਨਹੀਂ ਜਾਣਦੀ (ਇਸ ਬੜੇ ਔਖੇ ਵਿਚਾਰ ਨੂੰ) ਬਹੁਤ ਉਸਦੇ ਤਮਾਸ਼ੇ ਨੇ ਤਾਂਤੇ ਚਿਤ੍ਰਕਾਰੀ ਕਰਨ ਵਾਲੇ ਵਾਹਿਗੁਰੂ ਨੂੰ ਕੀਕੁਰ ਜਾਣੀਏ? ਇਸ ਲਈ ਸਦਾ ਸਦਾ ਉਸ ਨੂੰ ਨਮਸ਼ਕਾਰ ਹੋਵੇ।

ਕਬਿਤ—ਮਾਯਾ ਛਾਯਾ ਪੰਚ ਦੂਤ ਭੂਤ ਉਨਮਾਦ ਠਟ, ਘਟ ਘਟ ਘਟਿਕਾ ਮੈ ਸਾਗਰ ਅਨੇਕ ਹੈ ॥ ਅੌਧ ਪਲ ਘਟਿਕਾ ਜੁਗਾਦਿ ਪਰਜੰਤ ਆਸਾ, ਲਹਿਰ ਤਰੰਗ ਮੈ ਨ ਤ੍ਰਿਸਨਾ ਕੀ ਟੇਕ ਹੈ ॥ ਮਨ ਮਨਸਾ ਪ੍ਰਸੰਗ ਧਾਵਤ ਚਤੁਰ ਕੁੰਟ, ਕਿਨਕ ਮੈ ਖੰਡ ਬ੍ਰਹਮੰਡ ਜਾਵਦੇਕ ਹੈ ॥ ਆਧਿ ਕੈ ਬਿਆਧਿ ਕੈ ਉਪਾਧਿ ਕੈ ਅਸਾਧ ਮਨ, ਸਾਧਬੇ ਕੋ ਚਰਨ ਸਰਨ ਗੁਰ ਏਕ ਹੈ ॥ ੨੩੩ ॥

ਮਾਯਾ ਰੂਪ ਸੰਸਾਰ ਵਿਚ ਅਵਿਦਿਆ ਕਰਕੇ ਤੇ ਪੰਜਾਂ ਦੂਤਾਂ ਭੂਤਨਿਆਂ ਦੀ ਚੰਚਲਤਾਈ ਨਾਲ ਬਹੁਤ ਸਾਰੇ ਸਰੀਰਾਂ ਦੀ ਬੁਧੀ ਵਿਚ ਮਸਤੀ ਦਾ ਬਣਾਉ ਬਣਿਆਂ ਹੋਯਾ ਹੈ। ਏਹ ਉਮਰ ਤਾਂ ਛਿਨ ਭਰ ਯਾ ਘੜੀ ਅਧੀ ਘੜੀ ਦੀ ਹੈ ਅਤੇ ਆਸਾ ਜੁਗਾਂ ਦੇ ਆਦਿ ਤਕ ਲਗੀ ਹੋਂਦੀ ਹੈ, ਇਛਾ ਦੇ ਤਰੰਗਾਂ ਸੰਕਲਪਾਂ ਵਿਕਲਪਾਂ ਵਿਚ ਤ੍ਰਿਸਨਾਂ ਦਾ ਆਸਰਾ ਨਹੀਂ। ਇਹ ਮਨ ਬਹੁਤ ਤਰਾਂ ਦੀਆਂ ਵਾਸ਼ਨਾ ਦੇ ਸੰਗ ਨਾਲ ਚਵਾਂ ਕੂੰਟਾਂ ਵਿਚ ਭਜਾ ਫਿਰਦਾ ਹੈ ਅਤੇ ਇਕ ਛਿਨ ਭਰ ਵਿਚ ਖੰਡਾਂ ਬ੍ਰਹਮੰਡਾਂ ਵਿਚ ਫਿਰ ਆਉਂਦਾ ਹੈ। ਆਧੀਆਂ ਬਿਆਧੀਆਂ ਉਪਾਧੀਆਂ ਕਰਕੇ ਮਨ ਅਸਾਧ ਹੋ ਰਿਹਾ ਹੈ। ਸੋ ਮਨ ਦੇ ਵਸ ਕਰਨ ਨੂੰ ਇਕ ਗੁਰਾਂ ਦੇ ਚਰਨਾਂ ਦੀ ਸ਼ਰਨ ਹੈ।

ਕਬਿਤ—ਜੈਸੇ ਮਨ ਲਾਗਤ ਹੈ ਲੇਖਕ ਕੌ ਲੇਖੈ ਵਿਖੇ, ਹਰਿ ਯਸ ਲਿਖਤ ਨ ਤੈਸੋ ਠਹਿਰਾਵਈ ॥ ਜੈਸੇ ਮਨ ਬਨਜ ਬਿਉਹਾਰ ਕੈ

ਵਿਥਾਰ ਵਿਖੈ, ਸ਼ਬਦ ਸੁਰਤਿ ਅਵਗਾਹਨ ਨ ਭਾਵਈ ॥ ਜੈਸੇ ਮਨ ਕਨਿਕ ਔ ਕਾਮਨੀ ਸਨੇਹ ਬਿਖੈ, ਸਾਧ ਸੰਗ ਤੈਸੇ ਨੇਹ ਪਲ ਨ ਲਗਾਵਈ ॥ ਮਾਯਾ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ, ਗੁਰ ਉਪਦੇਸ਼ ਹੀਨ ਪਾਛੈ ਪਛਤਾਵਈ ॥ ੨੩੪ ॥

ਜਿਹਾ ਕੁ ਮਨ ਲੇਖੇ ਵਾਲੇ ਦਾ ਲੇਖੇ ਵਿਚ ਲਗਦਾ ਹੈ ਤੇਹੋ ਜੇਹਾ (ਮਨ) ਪ੍ਰਮਾਤਮਾ ਦਾ ਯਸ ਗੁਰਬਾਨੀ ਲਿਖਣ ਵਿਚ ਨਹੀਂ ਲਗਦਾ। ਜੇਹਾ ਕੁ ਮਨ ਵਿਹਾਰੀ ਦਾ ਸੌਦੇ ਦੇ ਖਰੀਦਨ ਵਿਚ ਲਗਦਾ ਹੈ ਓਹੇ ਜੇਹਾ ਇਸਨੂੰ ਗੁਰ ਸ਼ਬਦ ਦੀ ਗਿਆਨ ਦਾ ਵਿਚਾਰਨਾ ਨਹੀਂ ਹਛਾ ਲਗਦਾ। ਜਿਵੇਂ ਮਨ ਸੋਨੇ ਅਤੇ ਇਸਤ੍ਰੀ ਦੇ ਪ੍ਰੇਮ ਵਿਚ ਲਗਦਾ ਹੈ ਤਿਵੇਂ ਸਾਧ ਸੰਗਤ ਨਾਲ ਪ੍ਰੇਮ ਇਕ ਪਲ ਭਰ ਵੀ ਨਹੀਂ ਲਗਾਉਂਦਾ। ਸੰਸਾਰ ਦੇ ਪਦਾਰਥਾਂ ਦੇ ਧੰਧਿਆਂ ਦੇ ਬੰਧਨਾਂ ਵਿਚ ਉਮਰਾ ਗੁਜ਼ਰਦੀ ਜਾਂਦੀ ਹੈ ਮਨ (ਜੀਵ) ਗੁਰ ਉਪਦੇਸ਼ ਤੋਂ ਰਹਿਤ ਹੋਇਆ ਹੋਇਆ ਓੜਕ ਨੂੰ ਪਛੋਤਾਵੇਗਾ ਅਤੇ ਹਥ ਮਲਕੇ ਰੋਵੇਗਾ।

ਕਬਿਤ—ਜੈਸੇ ਮਨ ਧਾਵੈ ਪਰ ਤਨ ਧਨ ਦੂਖਨ ਲੌ, ਸ੍ਰੀ ਗੁਰ ਸਰਨ ਸਾਧਸੰਗ ਲੌ ਨ ਆਵਈ ॥ ਜੈਸੇ ਮਨ ਲਾਗੈ ਪਰਾਧੀਨ ਹੀਨ ਦੀਨਤਾ ਮੈਂ, ਸਾਧਸੰਗ ਸਤਿਗੁਰੁ ਸੇਵਾ ਨ ਲਗਾਵਈ ॥ ਜੈਸੇ ਮਨ ਕਿਰਤਿ ਬਿਰਤਿ ਮੈਂ ਮਗਨ ਹੋਇ, ਸਾਧ ਸੰਗ ਕੀਰਤਨ ਮੈਂ ਨਹਿ ਠਹਿਰਾਵਈ ॥ ਕੂਕਰ ਜਿਉਂ ਚਉਚ ਕਾਢਿ ਚਾਕੀ ਚਾਟਬੇ ਕੋ ਜਾਇ, ਜਾਕੇ ਮੀਠੀ ਲਾਗੀ ਦੇਖੇ ਤਾਹੀ ਪਾਛੈ ਧਾਵਈ ॥ ੨੩੫ ॥

ਮਨ ਦੂਜੇ ਦੇ ਬੁਰੇ ਵਿਚ ਦੌੜਦਾ ਹੈ ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈਕੇ ਸਾਧ ਸੰਗਤ ਵਿਚ ਨਹੀਂ ਆਉਂਦਾ। ਮਨ ਆਪਣੇ ਗੁਣਾਂ ਤੋਂ ਹੀਨ ਹੋਕੇ ਪ੍ਰਾਇ ਅਧੀਨ ਹੁੰਦਾ ਹੈ ਤੇ ਗਰੀਬਾਂ ਵਾਕਰ ਬੇਨਤੀਆਂ ਕਰਦਾ ਹੈ ਗੁਰਾਂ ਦੀ ਸੇਵਾ ਵਿਚ (ਬ੍ਰਿਤੀ) ਨੂੰ ਨਹੀਂ ਲਾਉਂਦਾ। ਮਨ ਰੋਜੀ ਕਮਾਉਣ ਵਿਚ ਮਸਤ ਹੁੰਦਾ ਹੈ ਪਰ ਸਾਧ ਸੰਗਤ ਵਿਚ ਜਾ ਕੇ ਪ੍ਰਮਾਤਮਾ ਦੇ ਕੀਰਤਨ ਵਿਚ ਨਹੀਂ ਖਲੋਂਦਾ। ਕੁਤਾ ਜੀਭ ਕਢਕੇ ਚੱਕੀ ਦਾ ਆਟਾ ਚਟਣ ਜਾਂਦਾ ਹੈ ਜਿਸ ਦੇ ਘਰ ਵਿਚ ਮਿਠੀ ਚੱਕੀ ਲਗਦੀ ਹੈ ਤਿਸ ਆਦਮੀ ਦੇ ਹੀ ਮਗਰ ਮਗਰ ਕੁਤਾ ਦੌੜਦਾ ਹੈ।

ਕਬਿਤ—ਸਰਵਰ ਮੈ ਨ ਜਾਨੀ ਦਾਦਰ ਕਮਲ ਗਤਿ, ਮ੍ਰਿਗ ਮ੍ਰਿਗ ਮਦ ਗਤਿ ਅੰਤਰ ਨ ਜਾਨੀ ਹੈ ॥ ਮਨ ਮਹਿਮਾ ਨ ਜਾਨੀ ਅਹਿ

ਬਿਖ ਬਿਖਮ ਕੈ ਸਾਗਰ ਮੈਂ ਸੰਖ ਨਿਧਿ ਹੀਨ ਬਕਬਾਨੀ ਹੈ ॥ ਚੰਦਨ ਸਮੀਪ ਜੈਸੇ ਬਾਂਸ ਨਿਰਗੰਧ ਕੰਧ ਉਲੂਐ ਅਲੱਖ ਦਿਨ ਦਿਨ ਕਰ ਧਿਆਨੀ ਹੈ ॥ ਤੈਸੇ ਬਾਂਝ ਬਧੂ ਮਮ ਸ੍ਰੀ ਗੁਰੂ ਪੁਰਖ ਭੇਟ ਨਿਹਫਲ ਸੋ ਬਲ ਜਿਉਂ ਹਉਮੈ ਅਭਿਮਾਨੀ ਹੈ ॥੨੩੬॥

ਤਾਲ ਵਿਚ ਰਹਿਕੇ ਡੱਡੂ ਨੇ ਕੌਲ ਫੁਲ ਦੀ ਰੀਤੀ ਨਹੀਂ ਜਾਣੀ ਅਤੇ ਹਰਨ ਦੇ ਅੰਦਰ ਕਸਤੂਰੀ ਪਹੁੰਚੀ ਹੋਈ ਹੈ ਪਰ ਤਿਸ ਨੇ ਵੀ ਕਦਰ ਨਾ ਜਾਣੀ। ਸਪ ਨੇ ਬਹੁਤੀ ਵਿਹੁ ਕਰਕੇ ਮਣੀ ਦੀ ਮਹਿਮਾ ਨਹੀਂ ਜਾਣੀ ਸਮੁੰਦਰ ਵਿਚ ਜੋ ਸੰਖ ਹੈ ਓਹ ਖਾਣੀਆਂ ਤੋਂ ਰਹਿਤ ਬਾਹਰ ਹੋਕੇ ਬਾਣੀ ਬੋਲਦਾ ਹੈ। ਚੰਦਨ ਬ੍ਰਿਛ ਦੇ ਪਾਸ ਵਾਂਸ ਦਾ ਬੂਟਾ ਹੁੰਦਾ ਹੈ ਪਰ ਸੁਗੰਧੀ ਤੋਂ ਬਿਨਾ ਹੀ ਰਹਿੰਦਾ ਹੈ ਅਤੇ ਹੋਰ ਦੂਰ ਦੂਰ ਦਿਆਂ ਬੂਟਿਆਂ ਨੂੰ ਸੁਗੰਧੀ ਲਗ ਜਾਂਦੀ ਹੈ, ਉਲੂ ਦਿਨ ਚੜ੍ਹੇ ਸੂਰਜ ਦੇ ਵੇਖਣ ਤੋਂ ਅਦੇਖ ਰਹਿੰਦਾ ਹੈ। ਬਾਂਝ ਇਸਤ੍ਰੀ ਪਤੀ ਨੂੰ ਮਿਲਕੇ ਔਲਾਦ ਤੋਂ ਖਾਲੀ ਰਹਿੰਦੀ ਹੈ, ਸਿੰਮਲ ਬ੍ਰਿਛ (ਉਚਾਈ) ਦੇ ਹੰਕਾਰ ਕਰਕੇ ਫਲਾਂ ਤੋਂ ਖਾਲੀ ਰਹਿੰਦਾ ਹੈ।

ਕਬਿਤ—ਬਰਖਾ ਚਤੁਰ ਮਾਸ ਭਿਦੈ ਨ ਪਖਾਨ ਸਿਲਾ ਨਿਪਜੈ ਨ ਧਾਨ ਪਾਨ ਅਨਿਕ ਉਪਾਵ ਕੈ ॥ ਉਦਿਤ ਬਸੰਤ ਪਰਫੁਲਤ ਬਨਾਸਪਤੀ ਮੌਲੇ ਨ ਕਰੀਰ ਆਦਿ ਬੰਸ ਕੇ ਸੁਭਾਵ ਕੈ ॥ ਸਿਹਜਾ ਸੰਜੋਗ ਭੋਗ ਨਿਹਫਲ ਬਾਂਝ ਬਧੂ ਹੋਇ ਨ ਅਧਾਨ ਦੁਖ ਦੁਬਿਧਾ ਦੁਰਾਵ ਕੈ ॥ ਤੈਸੇ ਮਮ ਕਾਗ ਸਾਧ ਸੰਗਤ ਮਰਾਲ ਸਭਾ ਰਹਜੋ ਨਿਰਾਹਾਰ ਮੁਕਤਾਹਲ ਅਪਿਆਵਕੈ ॥ ੨੩੭ ॥

ਚਾਰ ਮਹੀਨੇ ਬਰਖਾ ਪੈਂਦੀ ਰਹੇ ਪਰ ਪੱਥਰ ਦੀ ਸਿਲਾ ਨਹੀਂ ਭਿਜਦੀ ਅਤੇ ਨਾ ਹੀ ਉਸ ਪਰ ਧਾਣਾਂ ਦਾ ਖੇਤ ਉਗਦਾ ਹੈ ਅਤੇ ਨਾ ਹੀ ਤੰਬੋਲ ਜੰਮਦੇ ਹਨ। ਬਸੰਤ ਰੁਤ ਦੇ ਪ੍ਰਗਟ ਹੋਣ ਨਾਲ ਬਨਾਸਪਤੀ ਸਾਰੀ ਖਿੜਦੀ ਹੈ ਪਰ ਕਰੀਰ ਬੰਸ ਦੇ ਸੁਭਾਵ ਭੈੜੇ ਕਰਕੇ ਨਹੀਂ ਖਿੜਦਾ। ਸੇਜਾ ਉਪਰ ਪਤੀ ਦਾ ਮਿਲਾਪ ਅਤੇ ਹਾਸ ਬਿਲਾਸ ਦੇ ਹੋਦਿਆਂ ਹੋਇਆਂ ਬਾਂਝ ਇਸਤ੍ਰੀ ਪੁਤ੍ਰ ਧੀ ਤੋਂ ਖਾਲੀ ਰਹਿੰਦੀ ਹੈ ਅਤੇ ਭਾਵੇਂ ਓਹ ਕਿੰਨਾ ਹੀ ਉਪਾਉ ਕਰੇ ਪਰ ਉਸ ਨੂੰ ਗਰਭ ਨਹੀਂ ਹੁੰਦਾ ਅਤੇ ਦੁਖੀ ਹੁੰਦੀ ਹੈ। ਮੈਂ ਸਾਧ ਸੰਗਤ ਵਿਚੋਂ ਗੁਣਾਂ ਰੂਪ ਭੋਜਨ ਪਾਉਣ ਤੋਂ ਖਾਲੀ ਰਿਹਾ ਹਾਂ, ਜੀਕੁਰ ਕਾਂ ਹੰਸਾਂ ਦੀ ਸਭਾ ਵਿਚ ਜਾ ਕੇ ਮੋਤੀਆਂ ਦੇ ਖਾਣੇ ਤੋਂ ਭੁਖਾ ਆਉਂਦਾ ਹੈ।

ਕਬਿਤ—ਕਪਟ ਸਨੇਹ ਜੈਸੇ ਢੇਕੁਲੀ ਨਵਾਵੇ ਸੀਸ ਤਾਕੇ ਬਸਿ ਹੋਇ ਜਲੁ ਬੰਧਨੁ ਮੈ ਆਵਈ ॥ ਡਾਰਿ ਦੇਤ ਖੇਤ ਹ੍ਵੈ ਪ੍ਰਫੁਲਤ ਸਫਲ

ਤਾਂਤੇ ਆਪ ਨਿਹਫਲ ਪਾਛੈ ਬੋਝ ਉਕਤਾਵਈ ॥ ਅਰਧ ਉਰਧ ਹੋਇ ਅਨੁਕ੍ਰਮ ਕੈ ਹੀ ਜਬ ਪਰਉਪਕਾਰ ਅਬਿਕਾਰ ਨ ਮਿਟਾਵਈ ॥ ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ ਗੁਰਮਤਿ ਦੁਰਮਤਿ ਸੁਖ ਦੁਖ ਪਾਵਈ ॥੨੩੮॥

ਢੀਂਗਲੀ ਖੋਟਾ ਪ੍ਰੇਮ ਕਰਕੇ ਸਿਰ ਨਿਵਾਉਂਦੀ ਹੈ ਅਤੇ ਫਿਰ ਢੀਂਗਲੀ ਦੇ ਵਸੀਕਾਰ ਹੋਕੇ ਜਲ ਬੰਨ੍ਹਣ ਵਿਚ ਆ ਜਾਂਦਾ ਹੈ । ਓਹ ਡੋਲ ਵਿਚ ਬੱਧਿਆਂ ਹੋਇਆ ਜਲ ਜਦ ਰੋੜ੍ਹ ਦੇਈਦੇ ਆਡ ਵਿਚ ਤਾਂ ਖੇਤ ਵਿਚ ਜਾ ਪੈਂਦਾ ਹੈ ਪੈਲੀ ਬੜੀ ਫੁਲਦੀ ਹੈ, ਸਹਿਤ ਫਲਾਂ ਦੇ ਹੁੰਦੀ ਹੈ, ਆਪ (ਢੀਂਗੁਲੀ) ਐਵੇਂ ਹੀ ਭਾਰ ਨੂੰ ਮਗਰੋਂ ਚੁਕਦੀ ਰਹਿੰਦੀ ਹੈ । ਦੂਜੇ ਦੇ ਪਿਛੇ (ਕਿਸੇ ਆਦਮੀ ਦੇ ਕਾਰਨ)ਢੀਂਗਲੀ ਹੇਠਾਂ ਤੇ ਉਤਾਂਹ ਨੂੰ ਜਾਂਦੀ ਰਹਿੰਦੀ ਹੈ ਪਰ ਪਾਨੀ ਉਪਕਾਰ ਕਰਦਾ ਹੈ ਅਤੇ ਢੀਂਗਲੀ ਆਪਣੇ ਵਿਕਾਰ (ਖੋਟ ਪੁਣੇ) ਨੂੰ ਨਹੀਂ ਛਡਦੀ । ਚੰਗੇ ਮੰਦੇ ਸਾਧੂ ਹਨ । ਸਾਧ ਗੁਰਮਤ ਦੇ ਸੁਭਾਵ ਨੂੰ ਪ੍ਰਾਪਤ ਹੁੰਦੇ ਹਨ ਅਤੇ ਅਸਾਧ ਦੁਰਮਤ ਦੇ ਸੁਭਾਵ ਨੂੰ ਪ੍ਰਾਪਤ ਹੁੰਦੇ ਹਨ, ਗੁਰਮਤ ਕਰਕੇ ਗੁਰਮੁਖ ਸੁਖ ਅਤੇ ਦੁਰਮਤ ਕਰਕੇ ਮਨਮੁਖ ਦੁਖ ਪਾਉਂਦੇ ਹਨ ।

ਕਬਿਤ— ਜੈਸੇਤਉ ਕੁਚੀਲ ਅਪਵਿਤ੍ਰਤਾ ਅਤੀਤ ਮਾਖੀ ਰਾਖੀ ਨ ਰਹਿਤ ਜਾਇ ਬੈਠੇ ਇਛਾ ਚਾਰੀ ਹੈ ॥ ਪੁਨ ਜੋ ਅਹਾਰ ਸਨਬੰਧ ਪਰਵੇਸ ਕਰੈ ਜਰੈ ਨ ਅਜਰ ਉਕਲੇਦ ਖੇਦ ਭਾਰੀ ਹੈ ॥ ਬਧਕ ਬਿਧਾਨ ਜੈਸੇ ਉਦਜਾਨ ਮੈ ਟਾਟੀ ਦਿਖਾਇ ਕਰੈ ਜੀਵ ਘਾਤ ਅਪਰਾਧ ਅਧਿਕਾਰੀ ਹੈ ॥ ਹਿਰਦੈ ਬਲਾਉ ਅਰ ਨੈਨ ਬਗ ਧਜਾਨੀ ਪ੍ਰਾਨੀ ਕਪਟ ਸਨੇਹੀ ਦੇਹੀ ਅੰਤ ਹ੍ਵੈ ਦੁਖਾਰੀ ਹੈ ॥ ੨੩੯ ॥

ਮਨਮੁਖਾਂ ਨੂੰ ਮਾੜੇ ਕੰਮ ਤੋਂ ਹਟਾਈਏ ਤੇ ਹਟਦੇ ਨਹੀਂ ਹਨ, ਗੰਦੀ ਮਖੀ ਨੂੰ ਗੰਦ ਤੋਂ ਹਟਾਈਏ ਤਾਂ ਓਹ ਨਹੀਂ ਹਟਦੀ ਸਗੋਂ ਫਿਰ ਆਪਣੀ ਇਛਾ ਅਨੁਸਾਰ ਜਾ ਬੈਠਦੀ ਹੈ । (ਉਕਲੇਦ) ਕੈ, ਫਿਰ ਜੇਕਰ ਅੰਨ ਵਿਚ ਪੈਕੇ ਮਖੀ ਆਦਮੀ ਦੇ ਅੰਦਰ ਵੜ ਜਾਵੇ ਤਾਂ ਓਹ ਮਖੀ ਸਹਾਰੀ ਨਹੀਂ ਜਾਂਦੀ ਅਤੇ ਔਖਿਆਂ ਹੋਕੇ ਉਛਾਲੀ ਦਾ ਹੈ ਅਤੇ ਬੜਾ ਦੁਖ ਦੇਂਦੀ ਹੈ । ਫੰਦਕਾਂ ਦੀ ਰੀਤੀ ਹੁੰਦੀ ਹੈ ਇਵੇਂ ਹੀ ਕੋਈ ਪਾਖੰਡੀ ਸਾਧੂ ਜੇਕਰ ਉਜਾੜ ਵਿਚ ਆਪਣੀ ਝੁਗੀ ਦਿਖਾਵੇ ਅਤੇ ਆਖੇ ਮੈਂ ਸਾਧੂ ਹਾਂ । ਇਸ ਗਲ ਉਤੇ ਬਹੁਤ ਭਰਮ ਜਾਣਗੇ ਪਰ ਓਸ ਨੇ ਜੀਵਾਂ ਰਾਹੀਆਂ ਜਾਨਵਰਾਂ ਨੂੰ ਮਾਰ ਕੇ ਪਾਪ ਦਾ ਹੀ ਅਧਿਕਾਰੀ ਬਣਨਾ ਹੈ । ਹਿਰਦੇ ਵਿਚ ਬਿਲੀ ਵਾਕਰ ਛਲ ਹੈ ਅਤੇ ਨੇਤਰਾਂ ਕਰਕੇ ਬਗਲੇ ਵਾਕਰ ਸਮਾਧੀ ਦਾ ਧਿਆਨ ਲਾਉਣ ਵਾਲਾ ਧਜਾਨੀ ਬਣਿਆਂ

ਹੋਇਆ ਹੈ ਅਜਿਹੇ ਖੋਟੇ ਪ੍ਰੇਮ ਵਾਲੇ ਆਦਮੀ ਦੀ ਦੇਹੀ ਓੜਕ ਨੂੰ ਦੁਖੀ ਹੁੰਦੀ ਹੈ।

ਕਬਿਤ—ਗਊ ਮੁਖ ਬਾਘ ਜੈਸੇ ਬਸੇ ਮ੍ਰਿਗਮਾਲ ਵਿਖੇ ਕੰਗਨਾ ਪਹਿਰ ਜਸੋਂ ਬਿਲਾਈ ਖਗ ਮੋਹਈ ॥ ਜੈਸੇ ਬਗ ਧਯਾਨ ਧਾਰ ਕਰਤ ਅਹਾਰ ਮੀਨ ਗਨਿਕਾ ਸ਼ਿੰਗਾਰ ਸਾਜਿ ਬਿਭਚਾਰ ਜੋਹਈ ॥ ਪੰਰ ਬਟ ਪਾਰੇ ਭੇਖ ਧਾਰੀ ਜਸੋਂ ਸੰਘਾਤੀ ਹੋਇ ਅੰਤ ਫਾਂਸੀ ਡਾਰਿ ਮਾਰੈ ਦ੍ਰੋਹ ਕਰ ਦ੍ਰੋਹਈ ॥ ਕਪਟ ਸਨੇਹ ਕੈ ਮਿਲਤ ਸਾਧ ਸੰਗਤ ਮੈਂ ਚੰਦਨ ਸੁਗੰਧ ਬਾਂਸ ਗਠੀਲੋ ਨ ਬੇਹਈ ॥ ੨੪੦ ॥

ਜੇ ਬਘਿਆੜ ਗਊ ਵਾਕਰ ਮੂੰਹ ਬਣਾ ਕੇ ਬਹੁਤਿਆਂ ਹਰਨਾਂ ਵਿਚ ਰਹਿੰਦਾ ਰਹੇ ਅਤੇ ਹਥ ਵਿਚ ਕੰਗਨਾਂ ਪਾ ਕੇ ਬਿਲੀ ਪੰਛੀਆਂ ਨੂੰ ਮੋਹਤ ਕਰਦੀ ਫਿਰੇ। ਬਗਲਾ ਸਮਾਧੀ ਲਾ ਕੇ ਮਛੀਆਂ ਨੂੰ ਖਾਂਦਾ ਰਹਿੰਦਾ ਹੈ ਅਤੇ ਵੇਸ਼ਵਾ ਸ਼ਿੰਗਾਰ ਸਾਜ ਬਹੁਤਿਆਂ ਆਦਮੀਆਂ ਨਾਲ ਰਮਨ ਕਰਨ ਚਿਤਵੰਦੀ ਰਹਿੰਦੀ ਹੈ। ਰਾਹ ਮਾਰ ਚੰਗੇ ਆਦਮੀ ਦਾ ਰੂਪ ਧਾਰ ਕੇ ਲੋਕਾਂ ਨੂੰ ਮਾਰਦਾ ਰਹੇ ਤਾਂ ਓੜਕ ਨੂੰ ਓਹਨੂੰ ਸਰਕਾਰ ਦੇ ਸਪਾਹੀ ਫਾਹੀ ਪਾਕੇ ਮਾਰ ਦੇਣਗੇ। ਜਿਹੜਾ ਖੋਟਾ ਆਦਮੀ ਖੋਟੇ ਪ੍ਰੇਮ ਕਰਕੇ ਸਾਧ ਸੰਗਤ ਵਿਚ ਆਉਂਦਾ ਹੈ ਓਸਦੇ ਅੰਦਰ ਭਗਤੀ ਸ਼ਰਧਾ ਸੁਗੰਧੀ ਨਹੀਂ ਪ੍ਰਵੇਸ਼ ਕਰਦੀ, ਗੇਢ ਵਾਲੇ ਵੰਝ ਵਿਚ ਚੰਦਨ ਬ੍ਰਿਛ ਦੀ ਸੁਗੰਧੀ ਨਹੀਂ ਹੁੰਦੀ ਹੈ।

ਕਬਿਤ—ਆਦ ਹੀ ਅਧਾਨ ਵਿਖੈ ਹੋਇ ਨਿਰਮਾਣ ਪ੍ਰਾਨੀ ਮਾਸ ਦਸ ਗਨਤ ਹੀ ਗਨਤ ਬਿਹਾਤ ਹੈ ॥ ਜਨਮਤ ਸੁਤ ਸਭ ਕੁਟਭ ਅਨੰਦ ਮਈ ਬਾਲ ਬੁਧਿ ਗਨਤ ਬਿਤੀਤ ਨਿਸ ਪ੍ਰਾਤ ਹੈ ॥ ਪਢਤ ਬਿਵਾਹੀ ਅਤੇ ਜੋਬਨ ਮੈਂ ਭੋਗ ਵਿਖੈ ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ ॥ ਬਢਤ ਬਿਆਜ ਕਾਜ ਗਨਤ ਅਵਧ ਬੀਤੀ ਗੁਰ ਉਪਦੇਸ਼ ਬਿਨ ਜਮਪੁਰ ਜਾਤ ਹੈ ॥ ੨੪੧ ॥

ਪਹਿਲੇ ਪਹਿਲ ਜਦ ਜੀਵ ਮਾਂ ਦੇ ਪੇਟ ਵਿਚ ਨਿਮਿਆਂ ਹੀ ਹੁੰਦਾ ਹੈ ਮਾਂ ਪਿਓ ਦਾ ਦਸ ਮਹੀਨੇ ਦੀਆਂ ਗਿਣਤੀਆਂ ਹੀ ਗਿਣਦਿਆਂ ਸਮਾ ਨਿਭਦਾ ਹੈ। ਪੁਤ੍ਰ ਦੇ ਜਨਮਣ ਨਾਲ ਸਾਰਾ ਟਬਰ ਅਨੰਦ ਵਾਲਾ ਹੁੰਦਾ ਹੈ ਬਾਲਕ ਉਮਰ ਵੇਖ ਕੇ ਜਿਉਂ ਜਿਉਂ ਵਧਦੀ ਹੈ ਤਿਉਂ ਤਿਉਂ ਮਾਂ ਪਿਓ ਦਾ ਰਾਤ ਦਿਨ ਗਿਣਦਿਆਂ ਲੰਘਦਾ ਹੈ ਕਿ ਸਾਡਾ ਪੁਤ੍ਰ ਕਦ ਵਿਆਹਿਆ ਜਾਵੇ। ਫਿਰ ਮਾਂ ਪਿਓ ਪੁਤ੍ਰ ਨੂੰ ਪੜ੍ਹਾਉਂਦਾ ਤੇ ਵਿਆਹੁੰਦਾ ਹੈ ਅਤੇ ਇਹ ਜੀਵ ਫਿਰ ਚੰਗੀ ਤਰਾਂ ਵਿਸ਼ਿਆਂ ਦੇ ਅਨੰਦ ਵਿਚ ਲਗਦਾ ਹੈ ਬਪਾਰ ਕਰਨ ਵਿਚ ਲਗਦਾ ਹੈ ਅਤੇ ਦਗੇ ਬਾਜ਼ੀਆਂ ਕਰਦਾ ਹੈ ਧੰਧਿਆਂ ਦੇ ਵਿਚ ਲਗਦਾ ਹੈ।

ਸ੍ਵਾਸ ਘਟਦੇ ਜਾਂਦੇ ਹਨ ਅਤੇ ਜੋ ਦੁਖ ਮਿਲਣੇ ਨੇ ਓਹ ਵਧਦੇ ਜਾਂਦੇ ਨੇ ਸੰਸਾਰ ਦੇ ਧੰਧਿਆਂ ਵਿਚ ਉਮਰ ਗੁਜਰਦੀ ਜਾਂਦੀ ਹੈ ਗੁਰ ਉਪਦੇਸ਼ ਤੋਂ ਬਿਨਾ ਆਦਮੀ ਜਮ ਪੁਰ ਨੂੰ ਜਾਂਦਾ ਹੈ।

ਕਬਿਤ—ਜੈਸੇ ਚਕਈ ਚਕਵਾ ਬਧਿਕ ਇਕਤ੍ਰ ਕੀਨੇ ਪਿੰਜਰੀ ਮੈਂ ਬਸੈ ਨਿਸ ਦੁਖ ਸੁਖ ਮਾਨੇ ਹੈ॥ ਕਹਤ ਪਰਸਪਰ ਕੋਟਿ ਸੁਰਜਨ ਵਾਰੋ, ਓਟ ਦੁਰਜਨ ਪੁਰ ਜਾਂਹਿ ਗਹਿ ਆਨੇ ਹੈ॥ ਸਿਮਰਨ ਮਾਤ੍ਰ ਕੋਟਿ ਆਪਦਾ ਸੰਪਦਾ ਕੋਟਿ, ਸੰਪਦਾ ਆਪਦਾ ਕੋਟਿ ਪ੍ਰਭ ਬਿਸਰਾਨੇ ਹੈ॥ ਸਤਿਰੂਪ ਸਤਿਨਾਮ ਸਤਿਗੁਰ ਗਜਾਨ ਧਜਾਨ, ਸਤਿਗੁਰ ਮਤਿ ਸਤਿ ਸੱਤ ਕਰ ਜਾਨੇ ਹੈ॥ ੨੪੨॥

ਜੈਹਾ ਕੁ ਸ਼ਿਕਾਰੀ ਨੇ ਚਕਵੀ ਚਕਵੇ ਦੋਹਾਂ ਨੂੰ ਫੜਕੇ ਪਿੰਜਰੇ ਵਿਚ ਇਕੱਠਿਆਂ ਕੀਤਾ ਰਾਤ ਨੂੰ ਪਿੰਜਰੇ ਵਿਚ ਵਸਦੇ ਹੋਏ (ਸਗਮਾ) ਦੁਖ ਨੂੰ ਸੁਖ ਰੂਪ ਮੰਨਦੇ ਹਨ। ਆਪੋ ਵਿਚ ਦੀ ਚਕਵੀ ਚਕਵਾ ਆਖਦੇ ਹਨ ਕਿ ਅਸੀ ਕ੍ਰੋੜਾਂ ਲੱਖਾਂ ਚੰਗਿਆਂ ਭਲਿਆਂ ਮਾਣਸਾਂ ਆਦਮੀਆਂ ਨੂੰ ਓਸ ਸ਼ਿਕਾਰੀ ਉਤੋਂ ਦੀ ਵਾਰਦੇ ਹਾਂ ਜਿਸ ਦੇ ਆਸਰੇ ਅਸਾਂ ਇਹ ਸੁਖ ਦੇਖਿਆ ਹੈ ਅਰ ਜਿਸਨੇ ਸਾਨੂੰ ਪਕੜਕੇ ਆਂਦਾ ਹੈ।ਪ੍ਰਮਾਤਮਾਂ ਦਾ ਨਾਮ ਥੋੜਾ ਜਿਹਾ ਯਾਦ ਕਰਨ ਦੇ ਅਨੰਦ ਵਿਚ ਕ੍ਰੋੜਾਂ ਹੀ ਬਿਪਤਾ ਰਾਜ ਭਾਗ ਦੇ ਅਨੰਦ ਵਰਗੀਆਂ ਨੇ ਅਤੇ ਵਾਹਿਗੁਰੂ ਨਾਮ ਭੁਲਣ ਕਰਕੇ ਕ੍ਰੋੜਾਂ ਹੀ ਰਾਜ ਭਾਗ ਦਾ ਸੁਖ ਕ੍ਰੋੜਾਂ ਹੀ ਬਿਪਤਾ ਵਾਕੁਰ ਹੈ। ਸਤਿਗੁਰਾਂ ਦੀ ਸੱਚੀ ਸਿਖਿਆ ਵਾਹਿਗੁਰੂ ਨੂੰ ਮਿਲਾਉਣ ਵਾਲੀ ਵਿਚ ਸਚਾ ਭਰੋਸਾ ਕਰਕੇ, ਗੁਰਾਂ ਦੇ ਸਚੇ ਨਾਮ ੧ ਓਅੰ ਦਾ ਧਿਆਨ ਲਾ ਕੇ ਸਿਮਰਨ ਕਰਦੇ ਹਨ ਅਤੇ ਵਾਹਿਗੁਰੂ ਦੇ ਮਿਲਣ ਦਾ ਗਜਾਨ ਓਨ੍ਹਾਂ ਨੂੰ ਹੁੰਦਾ ਹੈ, ਓਹ ਸਾਰਿਆਂ ਜੀਵਾਂ ਵਿਚ ਪ੍ਰਮਾਤਮਾ ਨੂੰ ਰਮਿਆ ਹੋਇਆ ਜਾਣਦੇ ਹਨ।

ਕਬਿਤ—ਪੁਨ ਕਤ ਪੰਚ ਤਤ ਮੇਲ ਖੇਲ ਹੋਇ ਕੈਸੇ, ਭ੍ਰਮਤ ਅਨੇਕ ਜੋਨਿ ਕੁਟੰਬ ਸੰਜੋਗ ਹੈ॥ ਪੁਨ ਕਤ ਮਾਨਸ ਜਨਮ ਨਿਰਮਲ ਹੋਇ ਦ੍ਰਿਸ਼ਟਿ ਸਬਦ ਸ੍ਰੁਤਿ ਰਸ ਕਸ ਭੋਗ ਹੈ॥ ਪੁਨ ਕਤ ਸਾਧ ਸੰਗ ਚਰਨ ਸ਼ਰਨਿ ਗੁਰ, ਗਜਾਨ ਧਜਾਨ ਸਿਮ੍ਰਨ ਪ੍ਰੇਮ ਸੁ ਪ੍ਰਯੋਗ ਹੈ॥ ਸਫਲ ਜਨਮ ਗੁਰਮੁਖ ਸੁਖ ਫਲ ਚਾਖ, ਜੀਵਨ ਮੁਕਤਿ ਹੋਇ ਲੋਗ ਮੈਂ ਅਲੋਗ ਹੈ॥ ੨੪੩॥

ਫਿਰ ਇਥੇ ਇਉਂ ਪੰਜਾਂ ਤਤਾਂ ਦਾ ਮਿਲਾਪ ਹੋਵੇਗਾ, ਉਤਮ ਵਸਤੂ ਸਤਿਸੰਗ ਹੈ ਓਹ ਕਰੀਏ। ਅਨੇਕਾਂ ਹੀ ਜੂਨੀਆਂ ਵਿਚ ਭ੍ਰਮਦੇ ਆਏ ਹਾਂ ਅਤੇ ਇਸ ਝੂਠੇ ਟਬਰ ਦਾ ਮੇਲਾ ਹੋਇਆ ਹੈ। ਫਿਰ ਕਿਥੇ ਮਨੁਖਾ ਜਨਮ ਅਮੋਲਕ ਮਿਲਣਾ ਹੈ ਅਤੇ ਇਸ ਦੇ ਜੋ ਸੋਹਣੇ ਸੋਹਣੇ ਅੰਗ ਨੇਤ੍ਰਾਂ ਦੀ ਦ੍ਰਿਸ਼ਟੀ, ਸ਼ਬਦ ਉਚਾਰਨ ਵਾਲੀ ਰਸਨਾ ਅਤੇ ਭਜਨ ਸੁਣਨ ਵਾਲੇ ਕੰਨ ਨਾਨਾ ਪ੍ਰਕਾਰ ਦੇ ਰਸਾਂ ਕਸਾਂ ਦਾ ਸ੍ਵਾਦ ਅਤੇ ਪਦਾਰਥਾਂ ਦੇ ਅਨੰਦ ਮਿਲਣੇ ਹਨ ? ਫਿਰ ਕਿਥੇ ਸਤਿਸੰਗਤ ਵਿਚ ਆਕੇ ਗੁਰਾਂ ਦੇ ਚਰਨਾਂ ਦੀ ਸ਼ਰਨ ਮਿਲਣੀ ਹੈ ? ਗਯਾਨ ਧਯਾਨ ਪ੍ਰਮਾਤਮਾ ਨੂੰ ਯਾਦ ਕਰਨਾ ਇਸ ਦਾ ਮੇਲ ਕਿਥੋਂ ਹੋਣਾ ਹੈ ਗੁਰਮੁਖਾਂ ਨੇ ਸਾਧ ਸੰਗਤ ਵਿਚ ਜਾਕੇ ਅਤੇ ਗੁਰਾਂ ਦੇ ਚਰਨਾਂ ਦੀ ਸ਼ਰਨ ਲੈਕੇ ਗਯਾਨ ਦਾ ਅਨੰਦ ਚਖਿਆ ਅਤੇ ਇਸ ਸੰਸਾਰ ਵਿਚ ਜੀਉਂਦੇ ਹੀ ਮੁਕਤੀ ਹੋ ਗਏ।

ਕਬਿਤ—ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਧੁਨ, ਚਿਤ੍ਰਹਿ ਚਿਤੈ ਚਿਤੈ ਚਿਤੇਰਾ ਉਰ ਆਨੀਐ ॥ ਬਚਨ ਬਿਬੇਕ ਟੇਕ ਏਕ ਹੀ ਅਨੇਕ ਮੇਕ, ਸੁਨਿ ਧੁਨਿ ਜੰਤ੍ਰ ਜੰਤ ਧਾਰੀ ਉਨਮਾਨੀਐ ॥ ਅਸਨ ਬਸਨ ਧਨ ਸਰਬ ਨਿਧਾਨ ਦਾਨ, ਕਰਨਾ ਨਿਧਾਨ ਸੁਖਦਾਈ ਪਹਿਚਾਨੀਐ ॥ ਕਥਤਾ ਬਕਤਾ ਸ੍ਰੋਤਾ ਦਾਤਾ ਭੁਗਤਾ ਸਰਬਗੱਯ ਪੂਰਨ ਬ੍ਰਹਮ ਗੁਰ ਸਾਧ ਸੰਗ ਜਾਨੀਐ ॥ ੨੪੪ ॥

ਜਿਸ ਵਾਹਿਗੁਰੂ ਦੀ ਸੰਸਾਰ ਰੂਪੀ ਰਚਨਾਂ ਚਿਤ੍ਰਕਾਰੀ ਸੁੰਦਰ ਕੀਤੀ ਹੋਈ ਦੇ ਬਹੁਤ ਤਰਾਂ ਦੇ ਸੁੰਦਰ ਅਸਚਰਜ ਤਮਾਸ਼ੇ ਹਨ ਓਸ ਚਿਤ੍ਰਕਾਰੀ ਕਰਨ ਵਾਲੇ ਚਿਤੇਰੇ ਨੂੰ ਹਿਰਦੇ ਵਿਚ ਲਿਆਉਣਾ ਚਾਹੀਦਾ ਹੈ।(ਬਿਬੇਕ)ਚੰਗੇ ਬਚਨਾਂ ਦੀ ਓਟ ਲੈਕੇ ਪ੍ਰਮਾਤਮਾ ਨੂੰ ਹੀ ਸਾਰਿਆਂ ਜੀਵਾਂ ਵਿਚ ਮਿਲਿਆ ਹੋਇਆ ਜਾਣਨਾ ਚਾਹੀਦਾ ਹੈ, ਵਾਜੇ ਵਾਲੇ ਦੀ ਤੇ ਵਾਜੇ ਦੀ ਅਵਾਜ ਇਕ ਸੁਣਾਈ ਦਿੰਦੀ ਹੈ। ਅੰਨ ਬਸਤਰ ਧਨ ਇਜੇਹੇ ਸਭ ਤਰਾਂ ਦੇ ਜੋ ਖਜਾਨੇ ਪਦਾਰਥਾਂ ਦੇ ਦਾਨ ਕਰਨ ਵਾਲੇ ਹਨ ਓਹ ਕ੍ਰਿਪਾ ਦੇ ਖਜਾਨੇ ਅਤੇ ਸੁਖ ਦੇਣ ਵਾਲੇ ਜਾਣੀਦੇ ਨੇ। ਕਥਾ ਨੂੰ ਕਥਨ ਕਰਨ ਵਾਲਾ, ਸ੍ਰੋਤਾ, ਦਾਨੀ, ਮੰਗਤਾ, ਇਹਨਾਂ ਸਾਰਿਆਂ ਦੇ ਦਿਲ ਦੀ ਜਾਨਣ ਵਾਲਾ ਜੋ ਹੈ ਪ੍ਰਮਾਤਮਾ ਗੁਰੂ ਹੈ ਪਰ ਗੁਰੂ ਜੀ ਸੰਤਾਂ ਦੇ ਸਤਿਸੰਗ ਵਿਚ ਹੁੰਦੇ ਹਨ।

ਕਬਿਤ—ਲੋਚਨ ਸ੍ਰਵਨ ਮੁਖ ਨਾਸਕਾ ਹਸਤ ਪਗ, ਚਿਹਨ ਅਨੇਕ ਮਨ ਮੇਕ ਜੈਸੇ ਜਾਨੀਐ ॥ ਅੰਗ ਅੰਗ ਪੁਸ਼ਟ ਤੁਸ਼ਟਮਾਨ ਹੋਤ ਜੈਸੇ, ਏਕ ਮੁਖ ਸਵਾਦ ਰਸ ਅਰਪਤਿ ਆਨੀਐ ॥ ਮੂਲ ਏਕ ਸਾਖਾ ਪਰ

ਸਾਖਾ ਜਲ ਜਿਉਂ ਅਨੇਕ, ਬ੍ਰਹਮ ਬਿਬੇਕ ਜਾਵਦੇਕ ਉਰ ਆਨੀਐ॥ ਗੁਰਮੁਖ ਦਰਪਨ ਦੇਖੀਅਤਿ ਆਪਾ ਆਪ, ਆਤਮ ਅਵੇਸ ਪਰਮਾਤਮ ਗਿਆਨੀਐ ॥ ੨੪੫ ॥

ਨੇਤ੍ਰ, ਕੰਨ, ਮੁਖ, ਨਾਸਾਂ, ਹਥ, ਪੈਰ ਬਹੁਤ ਅੰਗਾਂ ਦੇ ਚਿੰਨਾਂ ਵਿਚ ਇਕੋ ਮਨ ਮਿਲਿਆ ਹੋਇਆ ਜਾਣੀਦਾ ਹੈ। ਸੁਆਦੀ ਰਸ ਵਾਲੇ ਭੋਜਨਾਂ ਨੂੰ ਲਿਆ ਕੇ ਇਕ ਮੁਖ ਵਿਚ ਪਾਈਏ ਤਾਂ ਸਾਰਿਆਂ ਅੰਗਾਂ ਨੂੰ ਤਕੜੇ ਕਰਦਾ ਹੈ ਅਤੇ ਸਾਰਾ ਸਰੀਰ ਵੀ ਤਕੜਾ ਹੁੰਦਾ ਹੈ। ਬ੍ਰਿਛ ਦੇ ਮੁਢ ਉਤੇ ਅਨੇਕ ਟਾਹਣੀਆਂ ਹੁੰਦੀਆਂ ਹਨ ਓਸ ਮੁਢ ਦੁਆਰਾ ਸਾਰੀਆਂ ਟਾਹਣੀਆਂ ਪਤ੍ਰਾਂ ਵਿਚ ਜਲ ਫੈਲਿਆ ਹੋਇਆ ਹੁੰਦਾ ਹੈ ਤੇਹਾ ਕੁ ਹੀ ਸੰਸਾਰ ਦੇ ਜਿੰਨੇ ਕੁ ਜੀਵ ਹਨ ਸਾਰਿਆਂ ਵਿਚ ਇਕ ਪ੍ਰਮਾਤਮਾ ਦੇ ਮਿਲੇ ਹੋਏ ਦਾ ਵਿਚਾਰ ਗੁਰਮੁਖ ਹਿਰਦੇ ਵਿਚ ਲਿਆਉਂਦੇ ਹਨ। ਜਿਨ੍ਹਾਂ ਗੁਰ ਸਿਖਾਂ ਨੇ ਗੁਰਮੁਖਾਂ ਦੇ ਉਪਦੇਸ਼ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖਿਆ ਹੈ ਅਤੇ ਓਹਨਾਂ ਨੇ ਆਪਣੇ ਆਪ ਦਾ ਵਿਚਾਰ ਕੀਤਾ ਹੈ ਤਾਂ ਓਹਨਾਂ ਦਾ ਮਨ ਵਾਹਿਗੁਰੂ ਦੇ ਗਜਾਨ ਵਿਚ (ਟਿਕਿਆ) ਲਗਾ ਹੈ।

ਕਬਿਤ—ਜਤ ਸਤ ਸਿੰਘਾਸਨ ਸਹਜ ਸੰਤੋਖ ਮੰਤ੍ਰੀ, ਧਰਮ ਧੀਰਜ ਧੁਜਾ ਅਬਿਚਲ ਰਾਜ ਹੈ ॥ ਸਿਵ ਨਗਰੀ ਨਿਵਾਸ ਦਯਾ ਦੁਲਹਨੀ ਮਿਲੀ, ਭਾਗ ਤੇ ਭੰਡਾਰੀ ਭਾਉ ਭੋਜਨ ਸਕਾਜ ਹੈ ॥ ਅਰਥ ਬਿਚਾਰ ਪਰਮਾਰਥ ਕੈ ਰਾਜਨੀਤਿ ਛਤ੍ਰਪਤਿ, ਛਿਮਾ ਛਤ੍ਰਿ ਛਾਯਾ ਛਬਿ ਛਾਜ ਹੈ ॥ ਆਨਦ ਸਮੂਹ ਸੁਖ ਸਾਂਤਿ ਪਰਜਾ ਪ੍ਰਸੰਨ, ਜਗਮਗ ਜੋਤਿ ਅਨਹਦਿ ਧੁਨਿ ਬਾਜ ਹੈ ॥ ੨੪੬ ॥

ਜਤ, ਸਤ, ਤਖਤ ਹੈ। ਸ਼ਾਂਤੀ, ਸੰਤੋਖ, ਵਜ਼ੀਰ ਹੈ। ਧਰਮ, ਧੀਰਜ, ਝੰਡਾ ਹੈ। ਇਹ ਅਟਲ ਰਾਜ ਹੈ। ਸੁਖ ਵਸਣ ਵਾਲੀ ਨਗਰੀ (ਸਤਸੰਗ) ਵਿਚ ਓਹ ਰਹਿੰਦੇ ਹਨ। ਦਯਾ ਕਰਨੀ ਓਹਨਾਂ ਗੁਰਮੁਖਾਂ ਨੂੰ ਇਸਤ੍ਰੀ ਮਿਲੀ ਹੋਈ ਹੈ। ਪਿਛਲੇ ਹਛੇ ਕਰਮ ਕੀਤੇ ਹੋਏ ਇਹ (ਭੰਡਾਰੀ) ਲਾਂਗਰੀ ਹੈ ਓਹਨਾਂ ਦਾ ਗਜਾਨ ਭੋਜਨ ਹੈ, ਇਹ ਓਹਨਾਂ ਦਾ ਸਾਰਾ ਕੰਮ ਹੈ। ਚੰਗਾ ਵਿਚਾਰ ਕਰਨਾ ਪਦਾਰਥ ਹੈ। ਪ੍ਰਮਾਤਮਾ ਨੂੰ ਸਾਖੀ ਜਾਣ ਕੇ ਨਜਾਇ ਕਰਨਾ ਇਹ ਰਾਜ ਨੀਤੀ ਹੈ, ਸਭਨਾਂ ਜੀਆਂ ਤੇ ਛਿਮਾਂ ਕਰਨੀ ਇਹ 'ਛਤ੍ਰ' ਚੌਰ ਹੈ, ਛਾਂ ਇਸ ਰਾਜ ਦੀ ਦੂਰ ਦੂਰ ਤਕ ਫੈਲ ਰਹੀ ਹੈ, ਜਿਨ੍ਹਾਂ ਦੇ ਰਾਜ ਦਾ ਪ੍ਰਤਾਪ ਬੜਾ ਹੈ ਪਾਤਿਸ਼ਾਹਾਂ ਦੇ ਪਾਤਿਸ਼ਾਹ ਗੁਰਮੁਖ ਬਣੇ ਹੋਏ ਹਨ। ਸਿਖ ਸੰਗਤ ਸਾਰੀ ਪਰਜਾ ਹੈ, ਆਪ ਬਹੁਤੇ ਅਨੰਦ ਵਿਚ ਰਹਿਣਾ ਅਤੇ ਪਰਜਾ ਨੂੰ ਪ੍ਰਸੰਨ ਰਖਣਾ

ਇਹ ਸੁਖੀ ਵਸਣਾ ਹੈ, ਹਿਰਦੇ ਵਿਚ ਵਾਹਿਗੁਰੂ ਦਾ ਪ੍ਰਕਾਸ਼ ਹੋਣਾ ਇਹ ਸਾਰੀ ਰਾਜ ਭਾਗ ਦੀ ਸਜਾਵਟ ਦਾ ਪ੍ਰਕਾਸ਼ ਹੈ ਇਕ ਰਸ ਰਾਤ ਦਿਨੇ ਗੁਰਾਂ ਦੇ ਸ਼ਬਦ ਕੀਰਤਨ ਨੂੰ ਉਚਾਰਨ ਕਰਦੇ ਹਨ ਇਹ ਨਗਾਰਿਆਂ ਦਾ ਵਜਣਾ ਹੈ।

ਕਬਿਤ—ਪਾਂਚੋ ਮੁੰਦ੍ਰਾਂ ਚੱਕ੍ਰ ਖਟ ਭੇਦ ਚੱਕ੍ਰਵੈ ਕਹਾਏ, ਉਲੰਘਿ ਤ੍ਰਿਬੇਨੀ ਤ੍ਰਿਕੁਟੀ ਤ੍ਰਿਕਾਲ ਜਾਨੇ ਹੈ ॥ ਨਵਘਰ ਜੀਤਿ ਨਿਜ ਆਸਨ ਸਿੰਘਾਸਨ ਮੈ, ਨਗਰ ਅਗਮ ਪੁਰ ਜਾਇ ਠਹਿਰਾਨੇ ਹੈ ॥ ਆਨ ਸਰ ਤਯਾਗ ਮਾਨਸਰ ਨਿਹਚਲ ਹੰਸ, ਪਰਮ ਨਿਧਾਨ ਬਿਸਮਾਹਿ ਬਿਸਮਾਨੇ ਹੈ॥ ਉਨਮਨ ਮਗਨ ਗਗਨ ਅਨਹਦ ਧੁਨਿ, ਬਾਜਤ ਨੀਸਾਨ ਗਯਾਨ ਧਯਾਨ ਬਿਸਰਾਨੇ ਹੈ॥ ੨੪੮॥

ਪੰਜ ਮੁੰਦ੍ਰਾਂ ਛੇ ਚੱਕ੍ਰ, ਸਧਾਰਾ ਆਦਿਕ ਯੋਗੀ ਜਨਾਂ ਦੀ ਕਠਨ ਕਿਰਿਆ ਨੂੰ ਤਿਆਗਕੇ ਚਕ੍ਰਵਰਤੀ ਰਾਜੇ (ਗੁਰਮੁਖ) ਕਹਾਏ। ਤਿੰਨਾਂ ਨਦੀਆਂ ਵਾਕਰ ਜੋ ਇੜਾ ਪਿੰਗਲਾ ਆਦਿ ਦਾ ਕਠਨ ਅਭਯਾਸ ਸੀ ਉਸ ਨੂੰ ਵੀ ਟਪ ਕੇ ਤਿੰਨਾਂ ਸਮਿਆਂ ਦੇ ਜਾਨਣ ਵਾਲੇ ਹੋ ਗਏ। ਨਵਾਂ ਘਰਾਂ ਵਾਲਾ ਜੋ ਇਹ ਸਰੀਰ ਹੈ ਇਸ ਨੂੰ ਵਿਸ਼ਿਆਂ ਵਿਕਾਰਾਂ ਵਲੋਂ ਜਿਤ ਕੇ ਆਪਣੇ ਸਰੂਪ, ਸਤਿਸੰਗ ਵਿਚ ਆਸਣ ਲਾਕੇ ਬੈਠੇ ਉਹ ਨਗਰ ਅਜੇਹਾ ਹੈ ਕਿ ਜਿਥੇ ਕਿਸੇ ਦਾ ਡਰ ਨਹੀਂ ਹੈ ਉਸ ਪੁਰੀ ਵਿਚ ਜਾ ਠਹਿਰੇ ਹਨ ਛਡ ਕੇ ਹੋਰਨਾਂ ਤਲਾਵਾਂ ਨੂੰ ਹੰਸਾਂ ਨੂੰ ਬੜਾ ਹਛਾ ਖਜਾਨਾ ਰਤਨਾਂ ਮੋਤੀਆਂ ਦਾ ਮਿਲਦਾ ਹੈ ਓਸੇ ਨੂੰ ਖਾ ਕੇ ਅਸਚਰਜ ਅਨੰਦੀ ਹੁੰਦੇ ਹਨ। ਅਕਾਸ਼ ਪ੍ਰਮਾਤਮਾਂ ਦੇ ਸ਼ਬਦ ਕੀਰਤਨ ਦੀ ਅਵਾਜ ਵਿਚ(ਰਸ ਮਸਤ ਰਹਿੰਦੇ ਹਨ ਇਹੋ ਹੀ ਓਹਨਾਂ ਦਾ ਤੁਰੀਆ ਪਦ ਹੈ। ਅਜੇਹੇ ਕੰਮ ਵਿਚ ਲਗਿਆਂ, ਭਾਵ ਸ਼ਬਦ ਕੀਰਤਨ ਦੇ ਸੁਣਦਿਆਂ ਹੋਰ ਗਯਾਨ ਧਯਾਨ ਓਹਨਾਂ ਨੂੰ ਭੁਲ ਗਏ ਹਨ।

ਕਬਿਤ—ਅਵਿਘਟਿ ਉਤਰਿ ਸਰੋਵਰ ਮੱਜਨ ਕਰੈ, ਜਪਤ ਅਜੱਪਾ ਜਾਪ ਅਨਭੈ ਅਭਯਾਸੀ ਹੈ ॥ ਨਿਝਰ ਅਪਾਰ ਧਾਰ ਬਰਖਾ ਅਕਾਸ ਬਾਸ, ਜਗ ਮਗ ਜੋਤਿ ਅਨਹਦ ਅਬਿਨਾਸੀ ਹੈ॥ ਆਤਮ ਅਵੇਸ ਪਰਮਾਤਮ ਪ੍ਰਵੇਸ ਕੈ, ਅਧਯਾਤਮ ਗਯਾਨ ਧਯਾਨ ਰਿਧਿ ਸਿਧ ਨਿਧ ਦਾਸੀ ਹੈ॥ ਜੀਵਨ ਮੁਕਤਿ ਜਗ ਜੀਵਨ ਜੁਗਤਿ ਜਾਨੀ, ਸਲਲ ਕਮਲ ਗਤਿ ਮਾਯਾ ਮੈ ਉਦਾਸੀ ਹੈ ॥੨੪੯॥

ਕਾਮਾਦਕਾਂ ਨੂੰ ਜਿਤ ਕੇ ਸਤਿਸੰਗ ਰੂਪੀ ਤਾਲ ਵਿਚ ਇਸ਼ਨਾਨ ਕਰਦੇ ਹਨ ਅਤੇ ਅਜਪਾ ਨਾਮ ਦਾ ਜਾਪ ਜਪਦੇ ਹਨ ਅਤੇ ਵਾਹਿਗੁਰੂ ਦੇ ਅਭਯਾਸੀ ਹੁੰਦੇ ਹਨ।

ਜਿਸ ਨਾਮ ਤੋਂ ਰਹਿਤ ਬੇਹੱਦ ਪ੍ਰਮਾਤਮਾ ਦੀ ਜੋਤ ਦਾ ਪ੍ਰਕਾਸ਼ ਅਕਾਸ਼ ਆਦਕਾਂ ਵਿਚ ਵਸ ਰਿਹਾ ਹੈ ਉਸ ਦੀ ਬਰਖਾ ਦੀ ਧਾਰਾ ਦੇ ਅਨੰਦ ਨੂੰ ਬਹੁਤ ਹੀ ਇਕ ਰਸ ਗੁਰਮੁਖ ਲਈਂਦੇ ਹਨ। ਗੁਰਮੁਖ ਮਨ ਨੂੰ ਇਸਥਿਤ ਕਰਕੇ ਵਾਹਿਗੁਰੂ ਵਿਚ ਲਾਉਂਦੇ ਹਨ ਅਤੇ ਉਸੇ ਦੇ ਹੀ ਗਜ਼ਾਨ ਦਾ ਆਸਰਾ ਲੈ ਕੇ ਉਸ ਨੂੰ ਦੇਖਦੇ ਹਨ ਇਸ ਲਈ ਰਿਧੀਆਂ ਸਿਧੀਆਂ ਨਿਧੀਆਂ ਓਹਨਾਂ ਦੀਆਂ ਦਾਸੀਆਂ ਹੁੰਦੀਆਂ ਹਨ। ਗੁਰਮੁਖ ਜੀਉਂਦੇ ਹੀ ਸੰਸਾਰ ਵਿਚ ਮੁਕਤੀ ਹੋਏ ਹਨ, ਪਾਣੀ ਵਿਚ ਕੌਲ ਰਹਿੰਦਾ ਹੈ, ਗੁਰਮੁਖ ਮਾਯਾ ਦੇ ਵਿਚ ਰਹਿਕੇ ਉਦਾਸ ਹਨ।

ਕਬਿਤ—ਚਰਨ ਕਮਲ (ਸਰਨ) ਗੁਰ ਕੰਚਨ ਭਏ ਮਨੂਰ ਕੰਚਨ ਪਾਰਸ ਭਏ ਪਾਰਸ ਪਰਸਿ ਕੈ ॥ ਬਾਇਸ ਭਏ ਹੈਂ ਹੰਸ, ਹੰਸ ਤੇ ਪਰਮਹੰਸ, ਚਰਨ ਕਮਲ ਚਰਨਾਮ੍ਰਿਤ ਸੁ ਰਸ ਕੈ ॥ ਸੇਂਬਲ ਸਕਲ ਫਲ ਸਕਲ ਸੁਗੰਧ ਬਾਂਸ ਸੂਕਰੀ ਸੋ ਕਾਮਧੇਨ ਕਰੁਨਾ ਬਰਸ ਕੈ ॥ ਸ੍ਰੀ ਗੁਰ ਚਰਨ ਰਜੁ ਮਹਿਮਾ ਅਗਾਧ ਬੋਧ, ਲੋਗ ਬੇਦ ਗਜ਼ਾਨ ਕੋਟਿ ਬਿਸਮ ਨਮਸ ਕੈ ॥ ੨੪੯ ॥

ਜਿਵੇਂ ਲੋਹੇ ਦਾ ਸਾੜ ਸੋਨੇ ਵਿਚ ਰਲਕੇ ਸੋਨੇ ਵਰਗਾ ਹੋ ਜਾਂਦਾ ਹੈ ਇਵੇਂ ਗੁਰਾਂ ਦੇ ਚਰਨਾਂ ਕਮਲਾਂ ਨਾਲ ਪਾਪੀ ਲਗ ਕੇ ਤਰ ਗਏ। ਜਿਵੇਂ ਜੇਹੜੀ ਧਾਂਤ ਪਾਰਸ ਨੂੰ ਲਗੇ ਓਹੋ ਹੀ ਸੋਨਾ ਹੋ ਜਾਂਦੀ ਹੈ ਤਾਲ ਵਿਚੋਂ ਮੋਤੀ ਤੇ ਦੁਧ ਛਕ ਕੇ ਕਾਂ ਹੰਸ ਹੋ ਜਾਂਦੇ ਅਤੇ ਅਗੇ ਫਿਰ ਉਹ ਹੰਸਾਂ ਤੋਂ ਵੀ ਉਤਮ ਹੰਸ ਹੋ ਜਾਂਦੇ ਹਨ। ਵਿਸ਼ਾ ਭੋਗਣ ਵਾਲੇ ਗੁਰਾਂ ਦੇ ਚਰਨਾਮ੍ਰਿਤ ਵਿਚ ਪ੍ਰੇਮ ਕਰਕੇ ਹਛੇ ਮਹਾਤਮਾ ਬਣ ਗਏ। ਕਿਸੇ ਹਛੇ ਕੰਮ ਮਾਲੀ ਦੇ ਨਾਲ ਸਿੰਬਲ ਬ੍ਰਿਛ ਸਾਰਾ ਫਲਾਂ ਵਾਲਾ ਹੋ ਜਾਂਦਾ ਹੈ ਅਤੇ ਚੰਦਨ ਬ੍ਰਿਛ ਦੀ ਸੁਗੰਧੀ ਨਾਲ ਵੀ ਸੁਗੰਧੀ ਵਾਲਾ ਹੋ ਜਾਂਦਾ ਹੈ ਅਤੇ ਸੂਗੀ ਤੋਂ ਕਾਮਧੇਨ ਗਊ ਬਣ ਜਾਂਦੀ ਹੈ। ਗੁਰਾਂ ਦੇ ਚਰਨਾਂ ਦੀ ਧੂੜੀ ਦੀ ਮਹਿਮਾ ਦਾ ਜਾਨਣਾ ਬਹੁਤ ਔਖਾ ਹੈ ਸ਼ਾਸਤ੍ਰ ਤੇ ਵੇਦਾਂ ਦੇ ਗਜ਼ਾਨ ਕਰੋੜਾਂ ਹੀ ਹੈਰਾਨ ਹੋ ਕੇ ਨਿਮਸਕਾਰਾਂ ਕਰਦੇ ਹਨ।

ਕਬਿਤ—ਕੋਟਿਨ ਕੋਟਾਨਿ ਅਸਚਰਜ ਅਸਚਰਜਮੈ, ਕੋਟਿਨ ਕੋਟਾਨਿ ਬਿਸਮਾਦ ਬਿਸਮਾਦ ਹੈ ॥ ਅਦਭੁਤ ਪਰਮਦ ਭੁਤ ਹ੍ਵੈ ਕੋਟਿਨ ਕੋਟਿ, ਗਦ ਗਦ ਹੋਤ ਕੋਟਿ ਅਨਹਦ ਨਾਦ ਹੈ ॥ ਕੋਟਿਨ ਕੋਟਾਨਿ ਉਨਮਨੀ ਗਨੀ ਜਾਤ ਨਹਿ, ਕੋਟਿਨ ਕੋਟਾਨਿ ਕੋਟਿ ਸੁੰਨ ਮੰਡਲਾਦਿ ਹੈ ॥ ਗੁਰਮੁਖ ਸਬਦ ਸੁਰਤਿ ਲਿਵ ਸਾਧ ਸੰਗ ਅੰਤ ਕੈ ਅਨੰਤ ਪ੍ਰਭੁ ਆਦਿ ਪਰਮਾਦਿ ਹੈ ॥ ੨੫੦ ॥

ਕ੍ਰੋੜਾਂ ਹੀ ਬੜੇ ਸੁੰਦਰ ਦੇਵੀ ਦੇਵਤੇ ਸੁੰਦਰ ਵਾਹਿਗੁਰੂ ਤੋਂ ਵਾਰਨੇ ਜਾਂਦੇ ਹਨ ਅਤੇ ਕਰੋੜਾਂ ਹੀ ਮਾਤ ਲੋਕ ਪਰਮਾਤਮਾ ਨੂੰ ਵੇਖ ਕੇ ਹੈਰਾਨ ਹੁੰਦੇ ਹਨ। ਕਰੋੜਾਂ ਹੀ ਅਸਚਰਜ ਪਦਾਰਥ ਵਾਰਨੇ ਜਾਂਦ ਹਨ ਬੜੇ ਪ੍ਰਸੰਨ ਹੁੰਦੇ ਹਨ ਕਰੋੜਾਂ ਹੀ ਇਕ ਰਸ ਬਾਜਿਆਂ ਦੇ ਸ਼ਬਦ ਨੂੰ ਉਚਾਰਨ ਵਾਲੇ। ਕਰੋੜਾਂ ਹੀ ਤੁਰੀਆ ਪਦ ਦੀਆਂ ਮਸਤੀਆਂ ਜੋ ਗਿਣੀਆਂ ਨਹੀਂ ਜਾਂਦੀਆਂ ਹਨ ਮੰਡਲ ਦੇਸ ਪ੍ਰਦੇਸ ਦੇ ਰਹਿਣੇ ਵਾਲੇ ਕਰੋੜਾਂ ਹੀ ਓਸ ਕੋਟੀ ਵਾਹਿਗੁਰੂ ਤੋਂ ਬਲਿਹਾਰਨੇ ਜਾਂਦੇ ਹਨ ਓਹ ਅੰਤ ਲੈਣ ਤੋਂ ਬੇਅੰਤ ਹੈ ਅਤੇ ਸਭ ਸ੍ਰਿਸ਼ਟੀ ਦੇ ਪਹਿਲੇ ਦਾ ਹੈ ਤਿਸ ਅਜੇਹੇ ਵਾਹਿਗੁਰੂ ਵਿਚ ਗੁਰੂ ਕੇ ਸਿਖਾਂ ਨੇ ਸਾਧ ਸੰਗਤ ਵਿਚ ਜਾ ਕੇ ਗੁਰਾਂ ਦਾ ਉਪਦੇਸ਼ ਸੁਣ ਕੇ ਚਿਤ ਦੀ ਬ੍ਰਿਤੀ ਲਾ ਕੇ ਪ੍ਰੀਤੀ ਕੀਤੀ ਹੈ।

ਕਬਿਤ—ਗੁਰਮੁਖ ਸਬਦ ਸੁਰਤਿ ਲਿਵ ਸਾਧ ਸੰਗ, ਉਲਟਿ ਪਵਨ ਮਨ ਮੀਨ ਕੀ ਚਪਲ ਹੈ ॥ ਸੋਹੰ ਸੋ ਅਜੱਪਾ ਜਾਪ ਚੀਨੀਅਤ ਆਪਾ ਆਪ, ਉਨਮਨੀ ਜੋਤਿ ਕੋ ਉਦੋਤ ਹ੍ਵੈ ਪ੍ਰਬਲ ਹੈ ॥ ਅਨਹਦਿ ਨਾਦਿ ਬਿਸਮਾਦਿ ਰੁਨਿ ਝੁਨਿ ਸੁਨਿ, ਨਿਝਰ ਝਰਨ ਬਰਖਾ ਅੰਮ੍ਰਿਤ ਜਲ ਹੈ ॥ ਅਨਭੈ ਅਭ੍ਯਾਸ ਕੋ ਪ੍ਰਗਾਸ ਅਸਚਰਜ ਮੈ, ਬਿਸਮ ਬਿਸ੍ਵਾਸ ਬਾਸ ਬ੍ਰਹਮ ਸਬਲ ਹੈ ॥ ੨੫੧ ॥

ਗਰਮੁਖਾਂ ਨੇ ਸਾਧ ਸੰਗਤ ਵਿਚ ਜਾ ਕੇ ਗੁਰਾਂ ਦੇ ਸ਼ਬਦ ਵਿਚ ਚਿਤ ਬ੍ਰਿਤੀ ਲਾ ਕੇ ਪ੍ਰੀਤੀ ਕੀਤੀ ਅਤੇ ਚੰਚਲ ਮਛੀ ਵਾਂਕਰ ਜੋ ਮਨ ਦਾ ਫੁਰਨਾ ਸੀ ਓਸ ਤੋਂ ਮਨ ਨੂੰ ਰੋਕ ਕੇ ਅਭੇਦ ਰੂਪ ਅਜਪਾ ਜਾਪ ਨੂੰ ਜਪ ਕੇ ਆਪਣੇ ਆਪ ਨੂੰ ਜਾਣਿਆਂ ਕਿ ਅਸੀਂ ਕੀ ਚੀਜ ਹਾਂ ? ਅਤੇ ਤੁਰੀਆ ਪਦ ਦੀ ਜੋ ਜੋਤ ਹੈ ਓਸ ਜੋਤੀ ਦਾ ਬਹੁਤ ਪ੍ਰਕਾਸ਼ ਹੋਇਆ। ਓਹ ਉਪੋਕਤ ਅਸਚਰਜ ਦਸਮ ਦੁਵਾਰ ਦੇ ਵਾਜਿਆਂ ਦੀ ਇਕ ਰਸ ਆਵਾਜ਼ ਸੁਣ ਕੇ (ਜੀਕੁਰ ਪਹਾੜ ਦੇ ਚਸ਼ਮੇ ਤੋਂ ਮੀਂਹ ਦਾ ਪਾਣੀ ਵਗਦਾ ਹੈ) ਈਕੁਰ ਹੀ ਗੁਰਮੁਖ ਆਪਣੇ ਮੁਖ ਝਰਨੇ ਤੋਂ ਇਕ ਰਸ ਅੰਮ੍ਰਿਤ ਜਲ ਦਾ ਮੀਂਹ ਵਾਕਰ ਵਰਖਾ ਕਰਦੇ ਹਨ ਨਿਡਰ ਪ੍ਰਮਾਤਮਾ ਦਾ ਹਿਰਦੇ ਵਿਚ ਪ੍ਰਕਾਸ਼ ਕਰਨ ਵਾਸਤੇ ਗੁਰਮੁਖ ਅਭ੍ਯਾਸ ਕਰਦੇ ਹਨ ਅਤੇ ਗੁਰਾਂ ਵਿਚ ਬੜਾ ਭਰੋਸਾ ਹੈ ਅਤੇ ਸਾਧ ਸੰਗਤ ਵਿਚ ਵਸਦੇ ਹਨ।

ਕਬਿਤ—ਦ੍ਰਿਸਟਿ ਦਰਸ ਸਮ ਦਰਸ ਧਿਆਨ ਧਾਰ, ਦੁਬਿਧਾ ਨਿਵਾਰ ਏਕ ਟੇਕ ਗਹਿ ਲੀਜੀਐ ॥ ਸਬਦ ਸੁਰਤਿ ਲਿਵ ਅਸਤੁਤਿ ਨਿੰਦਾ ਛਾਡਿ, ਅਕਥ ਕਥਾ ਬੀਚਾਰ ਮੋਨ ਬ੍ਰਤ ਕੀਜੀਐ ॥ ਜਗ

ਜੀਵਨ ਮੈਂ ਜਗ, ਜਗ ਜਗ ਜੀਵਨ ਕੈ, ਜਾਨੀਐ ਜੀਵਨ ਮੂਲ ਜੁਗ ਜੁਗ ਜੀਜੀਐ ॥ ਏਕ ਹੀ ਅਨੇਕ ਔ ਅਨੇਕ ਏਕ ਸਰਬ ਮੈ, ਬ੍ਰਹਮ ਬਿਬੇਕ ਟੇਕ ਪ੍ਰੇਮ ਰਸ ਪੀਜੀਐ ॥ ੨੫੨ ॥

ਗੁਰਾਂ ਦੇ ਦਰਸ਼ਨ ਵਿਚ ਦ੍ਰਿਸ਼ਟੀ ਦਾ ਧਿਆਨ ਕਰਨ ਨਾਲ (ਛੀਏ ਦਰਸ਼ਨ) ਇਕੋ ਜਹੇ ਨਜ਼ਰ ਆਉਂਦੇ ਹਨ । ਦ੍ਵੈਤ ਭਾਵ ਨੂੰ ਦੂਰ ਕਰਕੇ ਇਕ ਓਟ ਗੁਰਾਂ ਦੀ ਫੜ ਲੌ । ਗੁਰ ਸ਼ਬਦ ਵਿਚ ਪ੍ਰੀਤੀ ਕਰਕੇ ਬ੍ਰਿਤੀ ਲਾਉਣ ਨਾਲ ਉਸਤਤਿ ਨਿੰਦਾ ਛਡ ਦਈਦੀ ਹੈ ਅਕਥ ਵਾਹਿਗੁਰੂ ਦੀ ਕਥਾ ਨੂੰ ਵਿਚਾਰ ਕੇ ਚੁਪ ਕਰ ਰਹੋ ਅਤੇ ਇਹ ਪ੍ਰਣ ਧਾਰ ਰਖੋ । ਜਗਤ ਵਿਚ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਵਿਚ ਜਗਤ ਹੈ ਜਗਤ ਜੀਉਂਦਾ ਜਾਣੀਦਾ ਹੈ ਸਭ ਦੀ ਜੀਊਣ ਬੂਟੀ ਵਾਹਿਗੁਰੂ ਨੂੰ ਜਾਨਣਾ ਚਾਹੀਦਾ ਹੈ ਅਤੇ ਜੁਗਾਂ ਜੁਗਾਂ ਪ੍ਰਯੰਤ ਜੀਉਂਦੇ ਰਹੋ । ਇਕ ਅਕਾਲ ਪੁਰਖ ਅਨੇਕਾਂ ਜੀਵਾਂ ਵਿਚ ਫੈਲਿਆ ਹੋਇਆ ਹੈ ਅਤੇ ਅਨੇਕ ਜਗਤ ਦੇ ਚਰਾਚਰ ਜੀਵ ਪ੍ਰਮਾਤਮਾ ਵਿਚ ਹਨ ਅਜੇਹੇ ਵਾਹਿਗੁਰੂ ਦੀ ਓਟ ਲੈਕੇ ਪ੍ਰੇਮ ਰਸ ਨੂੰ ਪੀਣਾ ਚਾਹੀਦਾ ਹੈ ।

ਕਬਿਤ—ਅਬਿਗਤਿ ਗਤਿ ਕਤ ਆਵਤ ਅੰਤਰ ਗਤਿ, ਅਕਥ ਕਥਾ ਸੁ ਕਹਿ ਕੈਸੇ ਕੈ ਸੁਨਾਈਐ ॥ ਅਲਖ ਅਪਾਰ ਕਿਧੌ ਪਾਈਅਤਿ ਪਾਰ ਕੈਸੇ, ਦਰਸ ਅਦਰਸ ਕੋ ਕੈਸੇ ਕੈ ਦਿਖਾਈਐ ॥ ਅਗਮ ਅਗੋਚਰ ਅਗਹੁ ਗਹੀਐ ਧੌ ਕੈਸੇ, ਨਿਰਾਲੰਬ ਕੋ ਨ ਅਵਲੰਬ ਠਹਿਰਾਈਐ ॥ ਗੁਰਮੁਖ ਸੰਧਿ ਮਿਲੈ ਸੋਈ ਜਾਨੈ ਜਾਮੈ ਬੀਤੈ, ਬਿਸਮ ਬਿਦੇਹ ਜਲ ਬੂੰਦ ਹ੍ਵੈ ਸਮਾਈਐ ॥੨੫੩॥

ਜਿਸ ਵਾਹਿਗੁਰੂ ਦੀ ਪ੍ਰਾਪਤੀ ਮੁਸ਼ਕਲ ਹੈ ਓਹ ਹਿਰਦੇ ਵਿਚ ਕਦ ਪ੍ਰਗਟ ਹੁੰਦਾ ਹੈ ਅਤੇ ਓਸ ਅਕਥ ਵਾਹਿਗੁਰੂ ਦੀ ਕਥਾ ਕਥਨ ਕਰਕੇ ਕੀਕੁਰ ਸੁਣਾਈਏ ? ਜੋ ਅਦੇਖ ਬਹੁਤਾ ਵਾਹਿਗੁਰੂ ਹੈ ਓਸ ਦਾ ਫਿਰ ਅੰਤ ਕੀਕੁਰ ਪਾਈਏ ? ਅਤੇ ਅਦਰਸ ਦਾ ਦਰਸ ਕੀਕੁਰ ਕਰਕੇ ਵਿਖਾਈਏ ? ਜੇਹੜਾ ਵੇਖਿਆ ਨਹੀਂ ਜਾਂਦਾ ਬੇਅੰਤ ਪ੍ਰਮਾਤਮਾ ਓਹਨੂੰ ਕੀਕਰ ਵੇਖੀਏ ? ਅਤੇ ਜੋ ਫੜਿਆ ਨਹੀਂ ਜਾਂਦਾ ਉਸ ਨੂੰ ਕੀਕਰ ਫੜੀਏ ? ਅਤੇ ਜੋ ਨਿਆਸਰਾ ਹੈ ਓਸ ਨੂੰ ਆਸਰੇ ਵਾਲਾ ਕੀਕਰ ਠਹਿਰਾਈਏ ? ਸਰੀਰ ਰਹਿਤ ਜੋ ਵਾਹਿਗੁਰੂ ਪਾਣੀ ਵਾਕਰ ਸੀਤਲ ਹੈ ਓਸ ਵਿਚ ਪਾਣੀ ਦੀ ਛਿਟ ਵਾਕਰ ਹੋ ਕੇ ਸਮਾ ਜਾਵੇ ਭਾਵ ਇਹ ਰੀਤੀ ਜੇ ਵਾਹਿਗੁਰੂ ਨਾਲ ਮਿਲਣ ਦੀ ।

ਕਬਿਤ—ਗੁਰਮੁਖ ਸਬਦ ਸੁਰਤਿ ਸਾਧ ਸੰਗ ਮਿਲ ਪੂਰਨ ਬ੍ਰਹਮ ਪ੍ਰੇਮ ਭਗਤ ਬਿਬੇਕ ਹੈ ॥ ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ

ਦ੍ਰਿਸ਼ਟ ਦਰਸ ਲਿਵ ਟਰਤ ਨ ਟੇਕ ਹੈ ॥ ਰਾਗ ਨਾਦ ਬਾਦ ਬਿਸਮਾਦ ਕੀਰਤਨ ਸਮੈ, ਸਬਦ ਸੁਰਤਿ ਗਿਆਨ ਗੋਸਟ ਅਨੇਕ ਹੈ ॥ ਭਾਵਨੀ ਭੈ ਭਾਇ ਚਾਇ ਚਾਹ ਚਰਨਾਮ੍ਰਿਤ ਕੀ ਆਸ ਪ੍ਰਿਯ ਸਦੀਵ ਅੰਗ ਅੰਗ ਜਾਵਦੇਕ ਹੈ॥ ੨੫੪ ॥

ਗੁਰਮੁਖ ਸਾਧ ਸੰਗਤ ਵਿਚ ਮਿਲ ਕੇ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰਦੇ ਅਤੇ ਪੂਰਨ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚਾਰਦੇ ਹਨ । ਬਹੁਤ ਹੀ ਅਸਚਰਜ ਵਾਹਿਗੁਰੂ ਵਿਚ ਲਗਣ ਕਰਕੇ ਓਹ ਗੁਰਮੁਖ ਸੁੰਦਰ ਰੂਪ ਕਰਕੇ ਬਹੁਤ ਹੀ ਅਨੂਪਮ ਰੂਪ ਵਾਲੇ ਹੋਏ ਅਤੇ ਵਾਹਿਗੁਰ ਦੇ ਦਰਸ਼ਨ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਅਤੇ ਚਿਤ ਦੀ ਬ੍ਰਿਤੀ ਟਿਕਣ ਤੋਂ ਟਲਦੀ ਨਹੀਂ ਹੈ । ਸ਼ਬਦ ਕੀਰਤਨ ਵੇਲੇ ਵਾਜਿਆਂ ਦੇ ਆਵਾਜ਼ ਨੂੰ ਰਾਗ ਅਸਚਰਜ ਵਿਚ ਅਲਾਪਣਾ ਕਰਦੇ ਅਤੇ ਅਗੇ ਹੋਰਨਾਂ ਨੂੰ ਸ਼ਬਦ ਵਿਚ ਪ੍ਰੀਤੀ ਕਰਾਉਣ ਵਾਸਤੇ ਗਜ਼ਾਨ ਦੀਆਂ ਅਨੇਕਾਂ ਹੀ ਚਰਚਾ ਕਰਦੇ ਹਨ। ਪ੍ਰੇਮ ਨਾਲ ਤੇ ਡਰ ਨਾਲ ਸਰਧਾ ਕਰਕੇ ਅਨੰਦ ਦੇਣ ਵਾਲੇ ਗੁਰਾਂ ਦੇ ਚਰਨਾਮ੍ਰਿਤ ਵਿਚ ਇਛਾ ਕਰਦੇ ਅਤੇ ਸਰੀਰ ਦੇ ਜਿੰਨੇ ਕੁ ਅੰਗ ਹਨ ਓਹਨਾਂ ਨੂੰ ਪਿਆਰੇ ਦੀ ਆਸਾ ਵਿਚ ਸਦਾ ਹੀ ਕਰਦੇ ਹਨ ।

—ਸਿਖਾਂ ਦੇ ਪੈਰਾਂ ਦੀ ਧੂੜ—

ਕਬਿਤ—ਹੋਮ ਯਗ ਨਈਵੇਦ ਆਦਿ ਕੈ ਪੂਜਾ ਅਨੇਕ, ਜਪ ਤਪ ਸੰਜਮ ਅਨੇਕ ਪੁੰਨ ਦਾਨ ਕੈ ॥ ਜਲ ਥਲ ਗਿਰ ਤਰ ਤੀਰਥ ਭਵਨ ਭੂਅ ਹਿਮਾਚਲ ਧਾਰਾ ਅਗੂ ਅਰਪਨ ਪ੍ਰਾਨ ਕੈ ॥ ਰਾਗ ਨਾਦ ਬਾਦ ਏ ਸੰਗੀਤ ਬੇਦ ਪਾਠ ਬਹੁ, ਸਹਿਜ ਸਮਾਧ ਸਾਧ ਕੋਟ ਜੋਗਿ ਧਜ਼ਾਨ ਕੈ ॥ ਚਰਨ ਸਰਨ ਗੁਰ ਸਿਖ ਸਾਧ ਸੰਗ ਪਰ, ਵਾਰ ਡਾਰੋਂ ਨਿਗ੍ਰਹ ਹਠ ਜਤਨ ਕੋਟਾਨਕੈ ॥ ੨੫੫ ॥

ਯਗ ਵਿਚ ਹੋਮ ਕਰਨੇ, ਦੇਵਤਿਆਂ ਨੂੰ ਅਨੇਕਾਂ ਹੀ ਤਰ੍ਹਾਂ ਦੀਆਂ ਪੂਜਾ ਕਰਕੇ ਪਦਾਰਥਾਂ ਦੇ ਭੋਗ ਲਗੌਣੇ ਏਹ ਜੋ ਪਹਿਲੋਂ ਦੇ ਬਹੁਤ ਹੀ ਕਰਮ ਚਲੇ ਆਏ ਹਨ ਜਪ ਤਪ ਕਰਨੇ ਇੰਦ੍ਰੀਆਂ ਦਾ ਰੋਕਣਾ ਹੋਰ ਅਨੇਕਾਂ ਹੀ ਪੁੰਨ ਦਾਨ ਕਰਨੇ । ਜਲਾਂ, ਥਲਾਂ, ਬ੍ਰਿਛਾਂ, ਤੀਰਥਾਂ ਲੋਕਾਂ ਸਾਰੀ ਧਰਤੀ ਦੇ ਤੀਰਥਾਂ ਦੇ ਯਤਨ ਕਰਨੇ ਹੀ ਹਿਮਾਲਾ ਪਰਬਤ ਦੀ ਬਰਫ ਵਿਚ ਪਾਂਡਵਾਂ ਵਾਕਰ ਗਲ ਕੇ ਮਰਨਾ ਅਤੇ ਗੰਗਾ ਦੀ ਧਾਰਾ ਵਿਚ ਪ੍ਰਾਨ ਅਰਪਨ ਕਰਨੇ ਵਾਜਿਆਂ ਦੇ ਸ਼ਬਦ ਰਾਗ ਵਿਚ ਅਲਾਪਣੇ ਕਰਨੇ ਜੋ ਹਨ ਅਤੇ ਅਡੋਲ ਸਮਾਧੀ ਜੋ ਸਾਧੂਆਂ ਦੀ ਹੈ ਅਤੇ ਕਰੋੜਾਂ ਹੀ ਯੋਗੀਆਂ ਦੇ ਯੋਗ ਦੇ ਧਜ਼ਾਨ

ਕਰਨੇ ਜੋ ਹਨ। ਜੇਹੜੇ ਸਿਖ ਗੁਰਾਂ ਦੇ ਚਰਨਾਂ ਦੀ ਸ਼ਰਨ ਆਏ ਹਨ ਓਹਨਾਂ ਦੀ ਸਾਧ ਸੰਗਤ ਦੀ ਧੂੜੀ ਦੇ ਉਤੋਂ ਦੀ ਉਪਰੋਕਤ ਹਨ ਕਰਕੇ ਇੰਦ੍ਰੀਆਂ ਦਾ ਰੋਕਣਾ ਅਜਿਹੇ ਜੋ ਅਨੇਕਾਂ ਹੀ ਯਤਨ ਹਨ ਓਹਨਾਂ ਨੂੰ ਵਾਰ ਘੋਲ ਦੇਈਏ।

ਕਬਿਤ—ਮਧੁਰ ਬਚਨ ਸਮਸਰਿ ਨ ਪੁਜਸ ਮਧੁ, ਕਰਕ ਸਬਦ ਸਮ ਬਿਖ ਨ ਖਿਖਮ ਹੈ ॥ ਮਧੁਰ ਬਚਨ ਸੀਤਲਤਾ ਮਿਸ਼ਟਾਨ ਪਾਨ, ਕਰਕ ਸਬਦ ਸਤਪਤ ਕਟ ਕਮ ਹੈ ॥ ਮਧੁਰ ਬਚਨ ਕੈ ਤ੍ਰਿਪਤ ਔ ਸੰਤੋਖ ਸ਼ਾਂਤਿ, ਕਰਕ ਸਬਦ ਅਸੰਤੋਖ ਚੋਖ ਸ੍ਰਮ ਹੈ ॥ ਮਧੁਰ ਬਚਨ ਲਗ ਅਗਮ ਸੁਗਮ ਹੋਇ ਕਰਕ ਸਬਦ ਲਗਿ ਸੁਗਮ ਅਗਮ ਹੈ ॥ ੨੫੬ ॥

ਮਿਠੇ ਬੋਲ ਸਮਾਨ ਸ਼ਹਿਦ ਨਹੀਂ ਪੁਜਦਾ ਅਤੇ ਜਿਤਾਕੁ ਕੌੜਾ ਬਚਨ ਓਡੀ ਕੁ ਵਡੀ ਕੋੜੇ ਬਚਨ ਦੇ ਬਰਾਬਰ ਸਪ ਦੀ ਵਿਹ ਵੀ ਕੌੜੀ ਨਹੀਂ ਹੈ। ਮਿਠੇ ਬੋਲ ਜੋ ਹਨ ਸੋ ਇਸ ਮਿਠੇ ਨੂੰ ਪੀ ਕੇ ਸੀਤਲਤਾਈ ਹੁੰਦੀ ਹੈ ਸ਼ਾਂਤੀ ਆਉਂਦੀ ਹੈ ਅਤੇ ਸਹਿਤ ਤਪਤ ਦੇ ਜੋ ਅੰਗ ਹੈ ਇਸ ਦੀ ਸੜਨ ਵਾਲੀ ਤਾਜ਼ੀ ਕੁੜਤਨ ਕਮਤੀ ਹੈ ਕਠੋਰ ਬਚਨਾਂ ਨਾਲੋਂ। ਮਿਠੇ ਬਚਨਾਂ ਦੇ ਉਚਾਰਨ ਕਰਕੇ ਰਜਦਾ ਹੈ ਅਤੇ ਸੰਤੋਖ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਤੇ ਕਠੋਰਬਚਨਾਂ ਦੇ ਬੋਲਣਕਰਕੇ ਨਹੀਂਰਜੰਦਾ ਇਸਦੂਜ਼ਨ ਦ (ਚੋਖ) ਬੜਾ ਭਾਰਾ (ਸ੍ਰਮ) ਥਕੇਵਾਂ ਹੁੰਦਾ ਹੈ। ਮਿਠੇ ਬਚਨ ਬੋਲਣ ਨਾਲ ਔਖੇ ਕਾਰਜ ਭੀ ਸੌਖੇ ਹੋ ਜਾਂਦੇ ਹਨ ਅਤੇ ਕਠੋਰ ਬਚਨ ਬੋਲਣ ਨਾਲ ਸੌਖੇ ਕੰਮ ਵੀ ਔਖੇ ਹੋ ਜਾਂਦੇ ਹਨ।

ਕਬਿਤ—ਗੁਰਮੁਖ ਸ਼ਬਦ ਸੁਰਤਿ ਸਾਧ ਸੰਗ ਮਿਲ, ਭਾਨ ਗਗਆਨ ਜੋਤਿ ਕੇ ਉਦੋਤ ਪ੍ਰਗਟਾਯੋ ਹੈ ॥ ਨਾਭ ਸਰਵਰ ਬਿਖੈ ਬ੍ਰਹਮ ਕਮਲ ਦਲ, ਹੋਇ ਪਰਫੁਲਿਤ ਬਿਮਲ ਜਲ ਛਾਯੋ ਹੈ ॥ ਮਧੁ ਮਕਰੰਦ ਰਸ ਪ੍ਰੇਮ ਪਰ ਪੂਰਨ ਕੈ, ਮਨੁ ਮਧੁਕਰ ਸੁਖ ਸੰਪਟ ਸਮਾਯੋ ਹੈ ॥ ਅਕਥ ਕਥਾ ਬਿਨੋਦ ਮੋਦ ਔ ਅਮੋਦ ਲਿਵ, ਉਨਮਨ ਹ੍ਵੈ ਮਨੋਦ ਅਨਤ ਨ ਧਾਯੋ ਹੈ ॥ ੨੫੭ ॥

ਜਦ ਗੁਰਮੁਖ ਸਾਧ ਸੰਗਤ ਵਿਚ ਮਿਲੇ ਅਤੇ ਗੁਰ ਸ਼ਬਦ ਵਿਚ ਪ੍ਰੀਤੀ ਕੀਤੀ ਓਹਨਾਂ ਨੂੰ ਗਿਆਨ ਪ੍ਰਗਟ ਹੋਇਆ ਸੂਰਜ ਦੀਆਂ ਕਿਰਨਾਂ ਦਾ ਪ੍ਰਕਾਸ਼ ਹੁੰਦਾ ਹੈ। ਜਦ ਸੂਰਜ ਚੜ੍ਹਦਾ ਹੈ ਤਾਂ ਤਾਲ ਦੇ ਨਿਰਮਲ ਪਾਣੀ ਵਿਚ ਕੌਲ ਦੇ ਪਤੇ ਫੁਲਦੇ ਹਨ, ਗੁਰੂ ਗਜਾਨ ਦਾ ਪ੍ਰਕਾਸ਼ ਕਰਦੇ ਹਨ ਤਾਂ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਪ੍ਰਗਟ ਹੁੰਦਾ ਹੈ ਹਿਰਦਾ ਖਿੜਦਾ ਹੈ ਅਨੰਦ ਨਾਲ ਛਾ ਜਾਂਦਾ ਹੈ। ਜਦ ਰਾਤ ਪੈ ਜਾਂਦੀ ਹੈ

ਤਾਂ ਫੁਲ ਜੋ ਡੱਬੇ ਵਤ ਮੀਟਿਆ ਹੁੰਦਾ ਹੈ ਉਸ ਦੇ ਵਿਚ ਭੌਰਾ ਸਮਾ ਜਾਂਦਾ ਹੈ ਗੁਰਮੁਖਾਂ ਦਾ ਹਿਰਦਾ ਜੋ ਵਾਹਿਗੁਰੂ ਦੇ ਨਾਮ ਨਾਲ ਭਰਿਆ ਹੋਇਆ ਹੈ ਉਸ ਡਬੇ ਵਿਚ ਸਮਾਉਣ ਵਾਸਤੇ ਹੋਰ ਸਿਖਾਂ ਨੂੰ ਸਦਦੇ ਹਨ ਅਤੇ ਆਪ ਉਸ ਅਨੰਦ ਨੂੰ ਲੈਂਦੇ ਹਨ। ਜੋ ਉਹਨਾਂ ਨੂੰ ਅਨੰਦ ਹੁੰਦਾ ਹੈ ਉਸ ਅਨੰਦ ਅਗੇ ਸੰਸਾਰ ਦੇ ਅਨੰਦ (ਅਮੋਦ) ਤੁਛ ਹਨ ਬ੍ਰਿਤੀ ਵਾਹਿਗੁਰੂ ਵਿਚ (ਅਮੋਦ) ਮਸਤ ਲਾਈ ਰਖਦੇ ਹਨ ਅਤੇ ਹੋਰ ਕਿਧਰੇ ਨਹੀਂ ਦੌੜਦੇ। ਸੋ ਇਸ ਲਈ ਓਹਨਾਂ ਦੇ ਤਮਾਸ਼ੇ ਦੀ ਕਥਾ ਕਹੀ ਨਹੀਂ ਜਾਂਦੀ।

ਕਬਿਤ—ਜੈਸੇ ਕਾਰੋ ਪਾਰੋ ਮਹਾਂ ਬਿਖਮ ਨ ਖਾਯੋ ਜਾਇ, ਮਾਰੇ ਨਿਹਕਲੰਕ ਹ੍ਵੈ ਕਲੰਕਨ ਮਿਟਾਵਈ॥ ਤੈਸੇ ਮਨ ਸ਼ਬਦ ਬੀਚਾਰਿ ਮਾਰ ਹਉਮੈ ਮੇਟਿ, ਪਰਉਪਕਾਰੀ ਹ੍ਵੈ ਵਿਕਾਰ ਨ ਘਟਾਵਈ॥ ਸਾਧ ਸੰਗ ਅਧਮ ਅਸਾਧ ਹ੍ਵੈ ਮਿਲਤ ਜਬ, ਚੂਨਾ ਜਜੋਂ ਤੰਬੋਲ ਰਸ ਰੰਗ ਪ੍ਰਗਟਾਵਈ ॥ ਤੈਸੇ ਹੀ ਚੰਚਲ ਚਿਤ ਭ੍ਰਮਤ ਚਤੁਰ ਕੁੰਟ, ਚਰਨ ਕਮਲ ਸੁਖ ਸੰਪਟ ਸਮਾਵਈ॥ ੨੫੮॥

ਕਚਾ ਪਾਰਾ ਕਰੜਾ ਹੁੰਦਾ ਹੈ ਖਾਧਾ ਨਹੀਂ ਜਾਂਦਾ (ਕਲੰਕ) ਰੋਗ ਲਾ ਦੇਂਦਾ ਹੈ ਓਸੇ ਹੀ ਪਾਰੇ ਨੂੰ ਕਿਸੇ ਉਸਤਾਦ ਰਾਹੀਂ ਮਾਰ ਕੇ ਖਾਈਏ ਤਾਂ ਕਿਤੇ ਰੋਗੀ ਨੂੰ ਬਿਨਾਂ ਰੋਗ ਤੋਂ ਕਰਦਾ ਹੈ। ਮਨ ਨੂੰ ਗੁਰ ਸ਼ਬਦ ਦੇ ਵਿਚਾਰ ਨਾਲ ਜੋ ਮਾਰੇ ਓਹ ਗੁਰਮੁਖ ਪਰਉਪਕਾਰ ਦੇ ਕਰਨ ਵਾਲਾ ਹੁੰਦਾ ਹੈ ਮਨ ਨੂੰ ਵਸ ਨਾ ਕਰੇ ਤਾਂ ਵਿਸ਼ੇ ਵਿਕਾਰ ਓਸ ਦੇ ਨਹੀਂ ਘਟਦੇ, ਸਾਧ ਸੰਗਤ ਵਿਚ ਭਾਵੇਂ ਕੋਈ ਪਾਪੀ ਸਾਧੂ ਹੀ ਆ ਮਿਲੇ (ਪਰ ਉਸ ਦਾ ਰੰਗ ਏਹੋ ਜਿਹਾ ਨਾਮ ਦੀ ਰੰਗਤ ਨਾਲ ਹੋ ਜਾਂਦਾ ਹੈ) ਜੇਹਾ ਕਿ ਚੂਨਾ ਪਾਨਾਂ ਦੇ ਪਤਿਆਂ ਨਾਲ ਮਿਲ ਕੇ ਲਾਲ ਰੰਗ ਨੂੰ ਪ੍ਰਗਟ ਕਰਦਾ ਹੈ । ਭੌਰੇ ਨੂੰ ਸੂਰਜ ਡੁਬਣ ਨਾਲ ਡਬੇ ਵਾਂਕਰ ਕੌਲ ਵਿਚ ਮੀਟ ਲੈਂਦਾ ਹੈ ਪਰ ਫਿਰ ਵੀ ਪਾਣੀ ਚਿਕੜ ਦੇ ਦੁਖ ਤੋਂ ਬਚਿਆ ਰਹਿੰਦਾ ਹੈ ਮਨ ਚੰਚਲ ਚਾਰੇ ਕੁੰਟਾਂ ਫਿਰਦਾ ਹੋਇਆ ਜੋ ਗੁਰਾਂ ਦੇ ਚਰਨਾਂ ਉਤੇ ਆ ਸਮਾਵੇ ਤਾਂ ਬਹੁਤ ਸੁਖ ਹੁੰਦਾ ਹੈ।

ਕਬਿਤ—ਗੁਰਮੁਖ ਮਾਰਗ ਹ੍ਵੈ, ਧਾਵਤ ਬਰਜ ਰਾਖੇ, ਸਹਜ ਬਿਸ੍ਰਾਮ ਧਾਮ ਨਿਹਚਲ ਬਾਸ ਹੈ॥ ਚਰਨ ਸਰਨ ਰਜ ਰੂਪ ਕੈ ਅਨੂਪ ਊਪ, ਦਰਸ ਦਰਸਿ ਸਮ ਦਰਸਿ ਪ੍ਰਗਾਸ ਹੈ॥ ਸਬਦ ਸੁਰਤਿ ਲਿਵ ਬੱਜਰ ਕਪਾਟ ਖੁਲੇ, ਅਨਹਦ ਨਾਦ ਬਿਸਮਾਦ ਕੋ ਬਿਸ੍ਵਾਸ ਹੈ॥ ਅਮ੍ਰਿਤ ਬਾਣੀ ਅਲੇਖ ਲੇਖ ਕੈ ਅਲੇਖ ਭਏ, ਪਰਦਛਨਾ ਕੈ ਸੁਖ ਦਾਸਨ ਕੇ ਦਾਸ ਹੈ॥ ੨੫੯॥

ਗੁਰਮੁਖਾਂ ਨੇ ਗੁਰਾਂ ਦੇ ਰਸਤੇ (ਸਤਸੰਗ) ਵਲ ਆ ਕੇ ਦੌੜਦੇ ਹੋਏ ਇੰਦ੍ਰਿਆਂ ਨੂੰ ਰੋਕ ਰਖਿਆ ਅਤੇ ਸਹਜੇ ਹੀ ਇਸਥਿਤ ਵਸਣ ਵਾਲੇ ਘਰ ਵਿਚ ਬਿਸ੍ਰਾਮ ਕੀਤਾ ਗੁਰਾਂ ਦੀ ਸ਼ਰਨ ਜਾ ਕੇ ਗੁਰਾਂ ਦੇ ਚਰਨਾਂ ਦੀ ਧੂੜੀ ਲਈ ਅਤੇ ਬੜੇ ਸੁੰਦਰ ਰੂਪ ਵਾਲੇ ਤੇ ਉਪਮਾ ਦੇ ਜੋਗ ਹੋਏ ਅਤੇ ਜਦ ਗੁਰਾਂ ਦਾ ਦਰਸ਼ਨ ਦਰਸਿਆ ਤਾਂ ਨੇਤਰਾਂ ਵਿਚ ਸਮ ਦ੍ਰਿਸ਼ਟੀ ਦਾ ਪ੍ਰਕਾਸ਼ ਹੋਇਆ। ਜਦ ਗੁਰਾਂ ਦੇ ਸ਼ਬਦ ਵਿਚ ਬ੍ਰਿਤੀ ਲਾ ਕੇ ਪ੍ਰੀਤੀ ਕੀਤੀ ਤਾਂ ਪੱਥਰ ਦੇ ਤਖਤੇ ਖੁਲ ਗਏ ਅਤੇ ਫਿਰ ਅਸਚਰਜ ਇਕ ਰਸ ਸ਼ਬਦ ਦਾ ਭਰੋਸਾ ਹੋਇਆ। ਗੁਰਾਂ ਦੀ ਅੰਮ੍ਰਿਤ ਵਰਗੀ ਬਾਨੀ ਦੇ ਅਲੇਖ ਨੂੰ ਲਿਖ ਕੇ ਜਮਾਂ ਦੇ ਲੇਖੇ ਤੋਂ ਰਹਿਤ ਹੋਏ ਗੁਰਾਂ ਦੀਆਂ ਪਰਕਰਮਾਂ ਕਰਕੇ ਸੁਖੀ ਹੋਏ ਦਾਸਾਂ ਦੇ ਦਾਸ ਹੋਏ।

ਕਬਿਤ—ਗੁਰ ਸਿਖ ਸਾਧ ਰੂਪ ਰੰਗ ਅੰਗ ਅੰਗ ਛਬਿ, ਦੇਹਕੈ ਬਿਦੇਹ ਔ ਸੰਸਾਰੀ ਨਿਰੰਕਾਰੀ ਹੈ ॥ਦਰਸ ਦਰਸ ਸਮਿ ਦਰਸ ਬ੍ਰਹਮ ਧਿਆਨ, ਸਬਦ ਸੁਰਤਿ ਗੁਰ ਬ੍ਰਹਮ ਬੀਚਾਰੀ ਹੈ ॥ ਗੁਰ ਉਪਦੇਸ ਪਰਵੇਸ ਲੇਖ ਕੈ ਅਲੇਖ, ਚਰਨ ਸਰਨ ਕੈ ਬਿਕਾਰੀ ਉਪਕਾਰੀ ਹੈ ॥ ਪਰਦੱਛਨਾ ਕੈ ਬ੍ਰਹਮਾਦਿਕ ਪਰਕ੍ਰਮਾਦਿ, ਪੂਰਨ ਬ੍ਰਹਮ ਅਗ੍ਰ ਭਾਗ ਆਗਿਆ ਕਾਰੀ ਹੈ ॥ ੨੯੦ ॥

ਸਾਧ ਸੰਗਤ ਗੁਰਾਂ ਵਿਚ ਪ੍ਰੇਮ ਕੀਤਾ ਤਾਂ ਸਾਰੇ ਅੰਗ ਸਰੀਰ ਦੇ ਸਫਲ ਹੋਏ ਅਤੇ ਆਪਣੀ ਦੇਹ ਦੇ ਹੰਕਾਰ ਤੋਂ ਬਿਦੇਹ ਹੋਏ ਅਤੇ ਸੰਸਾਰ ਵਿਚ ਰਹਿੰਦੇ ਗ੍ਰਿਹਸਥੀ ਕਹਾਕੇ ਨਿਰੰਕਾਰੀ ਹੋ ਗਏ। ਵਾਹਿਗੁਰੂ ਦੇ ਦਰਸ਼ਨ ਦੇ ਧਿਆਨ ਨੂੰ ਕਰਨ ਨਾਲ ਸਮ ਦ੍ਰਿਸ਼ਟੀ ਹੋਈ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕਰਨ ਨਾਲ ਵਾਹਿਗੁਰੂ ਦੇ ਵਿਚਾਰਨ ਵਾਲੇ ਗੁਰਮੁਖ ਹੋਏ ਗੁਰ ਉਪਦੇਸ਼ ਵਿਚ ਪ੍ਰਵੇਸ਼ ਹੋ ਕੇ ਸੰਸਾਰ ਦੇ ਲੇਖਿਆਂ ਤੋਂ ਛੁਟ ਗਏ। ਪੈਦਲ ਤੁਰ ਕੇ ਗੁਰਾਂ ਦੀ ਸ਼ਰਨ ਗਏ ਸੋ ਵਿਸ਼ੇ ਵਿਕਾਰਾਂ ਤੋਂ ਛੁਟ ਕੇ ਉਪਕਾਰ ਕਰਨ ਵਾਲੇ ਹੋ ਗਏ ਪਰਕ੍ਰਮਾਂ ਕਰਨ ਨਾਲ ਬ੍ਰਹਮਾ ਤੋਂ ਲੈ ਕੇ ਸਾਰੇ ਦੇਵਤੇ ਅਤੇ ਹੋਰ ਸਾਰੇ ਕੀੜੇ ਪਤੰਗੇ ਅਗੇ ਖੜੇ ਕੇ ਆਗਿਆ ਮੰਨਣ ਵਾਲੇ ਹੋਏ।

ਕਬਿਤ—ਗੁਰਮੁਖ ਮਾਰਗ ਹ੍ਵੈ ਭ੍ਰਮਨ ਕੋ ਭ੍ਰਮ ਖੋਯੋ, ਚਰਨ ਸਰਨ ਗੁਰ ਏਕ ਟੇਕ ਧਾਰੀ ਹੈ ॥ ਦਰਸ ਦਰਸ ਸਮ ਦਰਸ ਧਿਆਨ ਧਾਰਿ, ਸਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ ॥ ਸਤਿਗੁਰ ਸੇਵਾ ਕਰ ਸੁਰਿ ਨਰ ਸੇਵਕ ਹ੍ਵੈ, ਮਾਨ ਗੁਰ ਆਗਿਆ ਸਭ ਜਗ ਆਗਿਆ ਕਾਰੀ ਹੈ ॥ ਪੂਜਾ ਪ੍ਰਾਨ ਪ੍ਰਾਨ ਪਤਿ ਸਗਲ ਨਿਧਾਨ ਦਾਨ, ਪਾਰਸ ਪਰਸ ਗਤਿ ਪਰਉਪਕਾਰੀ ਹੈ ॥ ੨੯੧ ॥

ਗੁਰਮੁਖਾਂ ਦੇ (ਰਸਤੇ) ਸਤਿਸੰਗ ਵਿਚ ਜਾਣੇ ਕਰਕੇ ਜੋ ਹੋਰ ਦੇਵੀ ਦੇਵਤਿਆਂ ਦੇ ਭਰਮ ਦ ਭਰਮਾਇ ਹੋਏ ਜੀਵ ਦੌੜੇ ਫਿਰਦੇ ਸੀ ਓਹ ਓਹਨਾਂ ਨੇ ਭਰਮ ਦੂਰ ਕੀਤਾ ਅਤੇ ਗੁਰਾਂ ਦੀ ਚਰਨ ਸ਼ਰਨ ਜਾ ਕੇ ਇਕ ਵਾਹਿਗੁਰੂ ਦੀ ਓਟ ਧਾਰਨੀ ਕੀਤੀ ਹੈ। ਜਿਨ੍ਹਾਂ ਗੁਰ ਸਿਖਾਂ ਨੇ ਗਰਮੁਖਾਂ ਦਾ ਦਰਸ਼ਨ ਦਰਸ਼ਿਆ ਤਾਂ ਓਹ ਸਮਾਨ ਦ੍ਰਿਸ਼ਟੀ ਦੇ ਧਿਆਨ ਧਾਰਨ ਵਾਲੇ ਹੋ ਗਏ ਅਤੇ ਗੁਰ ਉਪਦੇਸ਼ ਵਿਚ ਪ੍ਰੀਤੀ ਕਰਕੇ ਗ੍ਰਿਹਸਤੀਆਂ ਤੋ ਵਾਹਿਗੁਰੁ ਦੇ ਪਿਆਰੇ ਬਣ ਗਏ। ਜਿਨ੍ਹਾ ਸਿਖਾਂ ਨੇ ਗੁਰਾਂ ਦੀ ਆਗਿਆ ਮੰਨੀ ਹੈ ਓਹਨਾਂ ਦੀ ਆਗਿਆ ਮੰਨਣ ਵਾਲਾ ਸਾਰਾ ਜਗਤ ਹੋਇਆ ਹੈ। ਜਿਨ੍ਹਾਂ ਗੁਰਸਿਖਾਂ ਨੇ ਤਨ ਮਨ ਧਨ ਤਾਈਂ ਗੁਰਮੁਖਾਂ ਨੂੰ ਪ੍ਰਾਨਾਂ ਦੇ ਮਾਲਕ ਸਮਝਕੇ ਪੂਜਾ ਕੀਤੀ ਹੈ ਉਹਨਾਂ ਨੂੰ ਗੁਰਮੁਖਾਂ ਨੇ ਸਾਰੇ ਖਜ਼ਾਨੇ ਬਖਸ਼ ਦਿਤੇ। ਓਹ ਗੁਰਸਿਖ ਗੁਰਮੁਖਾਂ ਨਾਲ (ਗਤਿ) ਪ੍ਰਾਪਤ ਹੋਕੇ ਪਰਉਪਕਾਰ ਕਰਨ ਵਾਲੇ ਹੋ ਗਏ।

ਕਬਿਤ—ਪੂਰਨ ਬ੍ਰਹਮ ਗੁਰ ਮਹਿਮਾ ਕਹੈ ਸੁ ਥੋਰੀ ਕਥਨੀ ਬਦਨੀ ਬਾਦਿ ਨੇਤਿ ਨੇਤਿ ਨੇਤਿ ਹੈ॥ ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ ਨਿੰਦਾ ਕਰੀਐ ਸੁ ਕਾਂਕੀ ਨਮੋ ਨਮੋ ਹੇਤਿ ਹੈ॥ ਤਾਹੀ ਤੇ ਬਿਬਰਜਤ ਅਸਤੁਤਿ ਨਿੰਦਾ ਦੋਊ, ਅਕਥ ਕਥਾ ਬੀਚਾਰ ਮੋਨ ਬ੍ਰਤ ਲੇਤ ਹੈ॥ ਬਾਲ ਬੁਧਿ ਸੁਧਿ ਕਰਿ ਦੇਹ ਕੈ ਬਿਦੇਹ ਭਏ, ਜੀਵਨ ਮੁਕਤਿ ਗਤਿ ਬਿਸਮ ਸੁਚੇਤ ਹੈ॥ ੨੬੨॥

ਪ੍ਰਮਾਤਮਾ ਦਾ ਸਰੂਪ ਜੋ ਸਤਿਗੁਰੂ ਹਨ ਓਹਨਾਂ ਦੀ ਜਿਤਨੀ ਉਸਤਤਿ ਕਰੀਏ ਉਤਨੀ ਹੀ ਥੋੜੀ ਹੈ ਓਹ ਮਹਿਮਾ ਕਥਾ, ਬੇਅੰਤ ਹੈ। ਪਰਮੇਸ਼ਰ ਦਾ ਸਰੂਪ ਜੋ ਸਤਿਗੁਰੂ ਜੀ ਹਨ ਸੋ ਸਾਰੇ ਪੂਰਨ ਹੋ ਰਹੇ ਹਨ ਅਤੇ ਸਾਰਿਆਂ ਦਾ ਸਰੂਪ ਹਨ, ਇਸ ਲਈ ਨਿੰਦਿਆ ਕਿਸ ਦੀ ਕਰੀਏ, ਸੋ ਅਜਿਹੇ ਗੁਰਾਂ ਨੂੰ ਬਾਰ ਬਾਰ ਮਨ ਬਾਣੀ ਪ੍ਰੇਮ ਕਰਕੇ ਨਮਸ਼ਕਾਰ ਹੋਵੇ। ਉਸਤਤਿ ਨਿੰਦਿਆ ਦੋਵੇਂ ਦੂਰ ਕਰ ਛਡੀਆਂ ਹਨ, ਕਥਾ ਨੂੰ ਵਿਚਾਰਕੇ ਚੁਪ ਕਰਨ ਵਾਲਾ ਪ੍ਰਣ ਧਾਰ ਰਖਦੇ ਹਨ। ਓਹ ਅਜਿਹੇ ਗੁਰਮੁਖ ਬਾਲਕਾਂ ਵਾਲੀ ਅਕਲ ਤੋਂ ਸਿਆਣੇ ਹੋਕੇ ਦੇਹ ਦੇ ਹੰਕਾਰ ਤੋਂ ਰਹਿਤ ਹੋਏ ਹਨ ਅਤੇ ਜੀਵਨ ਮੁਕਤੀ ਨੂੰ ਪਹੁੰਚ ਗਏ ਅਤੇ ਬਹੁਤ ਹੀ ਅਸਚਰਜ ਨਾਮ ਜਪਣ ਵਿਚ ਤਕੜੇ ਰਹਿੰਦੇ ਹਨ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ, ਪ੍ਰੇਮ ਕੈ ਪਰਸਪਰ ਬਿਸਮ ਸਥਾਨ ਹੈ॥ ਦ੍ਰਿਸ਼ਟਿ ਦਰਸ ਕੈ ਦਰਸ ਕੈ ਦ੍ਰਿਸ਼ਟ ਹਰੀ, ਹੇਰਤ ਹਿਰਾਤ ਸੁਧਿ ਰਹਤ ਨ ਧਜਾਨ ਹੈ॥ ਸਬਦ ਕੈ ਸੁਰਤਿ

ਸੁਰਤਿ ਕੈ ਸਬਦ ਹਰੇ, ਕਹਿਤ ਸੁਨਤ ਗਤਿ ਰਹਤ ਨ ਗਯਾਨ ਹੈ॥ ਅਸਨ ਬਸਨ ਤਨ ਮਨ ਬਿਸਿਮਰਨ ਹ੍ਵੈ ਦੇਹ ਕੈ ਬਿਦੇਹ ਉਨਮੱਤ ਮਧੁ ਪ੍ਰਾਨ ਹੈ॥੨੯੩॥

ਗੁਰਸਿਖਾਂ ਦੇ ਸਤਸੰਗਤ ਦੇ ਮਿਲਾਪ ਦਾ ਬਹੁਤ ਪ੍ਰਤਾਪ ਹੈ ਆਪੋ ਵਿਚ ਦੀ ਪ੍ਰੇਮ ਕਰਕੇ ਅਸਚਰਜ ਥਾਨ ਵਿਚ ਵਸਦੇ ਹਨ। ਸਿਖਾਂ ਦਾ ਦਰਸ਼ਨ ਨੇਤ੍ਰਾਂ ਦੀ ਨਜ਼ਰ ਨਾਲ ਦੇਖ ਕੇ ਹੋਰ ਮੰਦ ਦ੍ਰਿਸ਼ਟੀ ਦੂਰ ਕੀਤੀ ਅਤੇ ਹੋਰ ਧਯਾਨ ਦੇਵੀ ਦੇਵਤਿਆਂ ਦੇ ਦੇਖਣ ਵਿਖਾਉਣ ਦੀ ਖਬਰ ਉਹਨਾਂ ਨੂੰ ਨਾ ਰਹੀ। ਗੁਰਸਿਖਾਂ ਪਾਸੋਂ ਗੁਰ ਉਪਦੇਸ਼ ਸੁਣਕੇ ਹੋਰ ਸ਼ਬਦ ਦੇ ਟੱਪੇ ਆਦਿਕ ਸੁਣਨੇ ਦੂਰ ਕੀਤੇ ਅਤੇ ਹੋਰ ਕੁਝ ਮੁਖੋਂ ਆਖਣਾ ਸੁਣਨਾ ਮੰਦਾ ਇਸ ਦੀ ਰੀਤੀ ਦੂਰ ਕੀਤੀ। ਸਰੀਰ ਤੋਂ ਅੰਨ ਬਸਤ੍ਰ ਮਨ ਤੋਂ ਵਿਕਾਰ ਭੁਲ ਗਏ ਮਨ ਵਿਕਾਰਾਂ ਵਲੋਂ ਰਕ ਗਿਆ ਦੇਹ ਦਾ ਪਾਲਣਾ ਛਡ ਕੇ ਨਾਮ ਅੰਮ੍ਰਿਤ ਦੇ ਪੀਣ ਵਿਚ ਹੀ ਮਸਤਾਨੇ ਰਹਿੰਦੇ ਹਨ।

ਕਬਿਤ—ਜੈਸੇ ਲਗ ਮਾਤ੍ਰ ਹੀਨ ਪੜਤ ਔਰ ਕੋ ਔਰ, ਪਿਤਾ ਪੂਤ ਪੂਤ ਪਿਤਾ ਸਮਸਰਿ ਜਾਨੀਐ॥ ਸੁਰਤਿ ਬਿਹੂਨ ਜੈਸੇ ਬਾਵਰੇ ਬਖਾਨੀਅਤਿ, ਔਰ ਕਹੇ ਔਰ ਕਛੁ ਹਿਰਦੈ ਮੈ ਆਨੀਐ॥ ਜੈਸੇ ਗੁੰਗ ਸਭਾ ਮਧ ਕਹਿ ਨ ਸਕਤ ਬਾਤ, ਬੋਲਤ ਹਸਾਇ ਹੋਇ ਬਚਨ ਬਿਧਾਨੀਐ॥ ਗੁਰਮੁਖ ਮਾਰਗ ਮੈ ਮਨਮੁਖ ਥਕਤ ਹੈ, ਲਗਨ ਸਗਨ ਮਾਨੇ ਕੈਸੇ ਮਨ ਮਾਨੀਐ॥੨੯੪॥

ਲਗ ਮਾਤ੍ਰ ਤੋਂ ਬਿਨਾ ਅਖਰ ਨੂੰ ਹੋਰ ਦਾ ਹੋਰ ਪੜ੍ਹਦਾ ਹੈ ਪਿਤਾ ਪੂਤ ਪੂਤ ਪਿਤਾ ਇਕੋ ਜਹੇ (ਪਤ,ਪਤ,ਪਤ, ਪਤ,) ਬਰਾਬਰ ਜਾਣੇ ਜਾਣਗੇ। ਅਕਲ ਤੋਂ ਬਿਨਾ ਆਦਮੀ ਬੌਰਾ ਕਹੀਦਾ ਹੈ ਓਸਨੂੰ ਆਖੀਦਾ ਕੁਝ ਹੈ ਤੇ ਸਮਝਦਾ ਮਨ ਵਿਚ ਕੁਝ ਹੈ। ਜਿਹਾ ਕਿ ਗੁੰਗਾ ਸਭਾ ਵਿਚ ਬਾਤਨਹੀਂ ਕਹਿ ਸਕਦਾ ਜੇ ਓਹ ਬੋਲੇਗਾ ਭੀ ਤਾਂ ਓਸ ਨੂੰ ਲੋਕ ਹਾਸਾ ਕਰਨਗੇ ਮਰਯਾਦਾ ਅਨੁਸਾਰ ਬਚਨ ਬੋਲਣੇ ਨਹੀਂ ਆਉਂਦੇ ਗੁਰਮੁਖਾਂ ਦੇ ਰਸਤੇ ਵਿਚ ਮਨਮੁਖ ਥਕ ਜਾਂਦੇ ਹਨ ਕਿਉਂਕਿ ਮਨਮੁਖ ਲਗਨ ਸਗਨ ਮੰਨਦੇ ਹਨ ਇਸ ਲਈ ਗੁਰਮੁਖਾਂ ਦਾ ਮਨ ਮਨਮੁਖਾਂ ਤੇ ਕੀਕਰ ਮੰਨੇ?

ਕਬਿਤ—ਕੋਟਿਨ ਕੋਟਾਨਿ ਛਬਿ ਰੂਪ ਰੰਗ ਸੋਭਾ ਨਿਧਿ, ਕੋਟਿਨ ਕੋਟਾਨਿ ਕੋਟ ਜਗਮਗ ਜੋਤਿ ਕੈ॥ ਕੋਟਿਨ ਕੋਟਾਨਿ ਰਾਜ ਭਾਗ ਪ੍ਰਭਤਾ ਪ੍ਰਤਾਪ ਕੋਟਿਨ ਕੋਟਾਨ ਸੁਖ ਆਨੰਦ ਉਦੋਤਿ ਕੈ॥ ਕੋਟਿਨ

ਕੋਟਾਨਿ ਰਾਗ ਨਾਦ ਬਾਦ ਗਯਾਨ ਗੁਨ, ਕੋਟਿਨ ਕੋਟਾਨਿ ਜੋਗ ਭੋਗ ਓਤ ਪੋਤ ਕੈ ॥ ਕੋਟਿਨ ਕੋਟਾਨਿ ਤਿਲ ਮਹਿਮਾ ਅਗਾਧ ਬੋਧ, ਨਮੋ ਨਮੋ ਦ੍ਰਿਸਟਿ ਦਰਸ ਸ਼ਬਦ ਸ੍ਰੋਤ ਕੈ ॥ ੨੬੫ ॥

ਕਰੋੜਾਂ ਹੀ ਸਜਾਵਟਾਂ ਕਰੋੜਾਂ ਰੂਪ ਰੰਗ ਅਤੇ ਕਰੋੜਾਂ ਹੀ ਸੋਭਾ ਦੀਆਂ ਨਿਧੀਆਂ ਹਨ ਕਰੋੜਾਂ ਹੀ ਜੋ ਪ੍ਰਕਾਸ਼ ਕਰਨ ਵਾਲੀਆਂ ਜੋਤੀਆਂ ਸੂਰਜ ਚੰਦਰਮਾ ਕਰੋੜਾਂ ਰਾਜ ਭਾਗ ਵਡਿਆਈਆਂ ਪ੍ਰਤਾਪ ਕਰੋੜਾਂ ਹੀ ਸੁਖ ਦੇਣ ਵਾਲੇ ਪਦਾਰਥ ਪ੍ਰਗਟ ਹੋ ਕਰਕੇ ਕਰੋੜਾਂ ਹੀ ਤਰਾਂ ਦੇ ਰਾਗ ਵਾਜਿਆਂ ਦਾ ਆਵਾਜ਼ ਝਗੜੇ ਗਯਾਨ ਗੁਣ ਅਤੇ ਕਰੋੜਾਂ ਜੋਗ ਅਤੇ ਭੋਗਾਂ ਵਿਚ ਤਾਣੇ ਪੇਟੇ ਵਾਕੁਰ ਮਿਲਣਾ ਕਰਨ ਵਾਲੇ ਕਰੋੜਾਂ ਹੀ ਦ੍ਰਿਸ਼ਟੀਆਂ ਦਰਸ਼ਨ ਸ਼ਬਦਾਂ ਦੀ ਸ੍ਰੋਤ ਕਰਕੇ ਤਿਲ ਮਾਤ੍ਰ ਮਹਿਮਾ ਨੂੰ ਵੀ ਨਹੀਂ ਜਾਣ ਸਕਦੇ ਇਸ ਲਈ ਨਮਸ਼ਕਾਰ ਕਰਦੇ ਹਾਂ।

ਕਬਿਤ—ਅਹਿਨਿਸ ਭ੍ਰਮਤ ਕਮਲ ਕੁਮਦਨੀ ਕੋ ਸਸਿ, ਰਵਿ ਮਿਲ ਬਿਛਰਤ ਸੋਗ ਹਰਖ ਬਯਾਪਹੀ ॥ ਰਵਿ ਸਸਿ ਉਲੰਘ ਸਰਨ ਸਤਿਗੁਰ ਗਹੀ, ਚਰਨ ਕਮਲ ਸੁਖ ਸੰਪਟ ਮਿਲਾਪ ਹੀ ॥ ਸਹਿਜ ਸਮਾਧਿ ਨਿਜ ਆਸਨ ਸੁਬਾਸਨ ਕੈ, ਮਧੁ ਮਕਰੰਦ ਰਸ ਲੁਭਿਤ ਅਜਾਪ ਹੀ ॥ ਤ੍ਰਿਗੁਨ ਅਤੀਤ ਹ੍ਵੈ ਬਿਸ੍ਰਾਮ ਨਿਹਕਾਮ ਧਾਮ ਉਨ ਮਨ ਮਗਨ ਅਨਾਹਦਿ ਅਲਾਪ ਹੀ ॥ ੨੬੬ ॥

ਦਿਨੇ ਸੂਰਜ ਵਲ ਕੌਲ ਭਰਮਦਾ ਫਿਰਦਾ ਹੈ ਰਾਤੀਂ ਕੰਮੀਆਂ ਚੰਦ ਵਲ ਭਰਮਦੀਆਂ ਫਿਰਦੀਆਂ ਹਨ ਸੂਰਜ ਚੰਦ ਦੀ ਹਦ ਟਪ ਕੇ ਗੁਰਾਂ ਦੀ ਸ਼ਰਨ ਫੜੀ ਜੀਕੁਰ ਭੌਰਾ ਫੁਲ ਵਿਚ ਡਬੇ ਵਾਕਰ ਮੀਟਿਆ ਹੋਇਆ ਸੁਖ ਪਾਉਂਦਾ ਹੈ ਈਕੁਰ ਹੀ ਗੁਰਮੁਖ ਗੁਰਾਂ ਦੇ ਚਰਨਾਂ ਕੌਲਾਂ ਨਾਲ ਮਿਲ ਕੇ ਸੁਖ ਪਾਉਂਦੇ ਹਨ। ਜੀਕੁਰ ਭੌਰਾ ਫੁਲਾਂ ਦੀ ਧੂੜੀ ਦੀ ਵਾਸ਼ਨਾਂ ਦੇ ਸੁਆਦ ਉਤੇ ਲੋਭਦਾ ਹੈ ਈਕੁਰ ਹੀ ਸਿਖ ਸਹਿਜੇ ਹੀ ਸਮਾਧੀ ਲਾਕੇ ਤੇ ਆਪ ਆਸਨ ਗੁਰਾਂ ਦੇ ਚਰਨਾਂ ਕਮਲਾਂ ਦੀ ਭਗਤੀ ਉਪਰ ਜਮਾਕੇ ਅਜਪਾ ਜਾਪ ਨੂੰ ਜਪ ਕੇ ਬੈਠਦੇ ਹਨ ਤਿੰਨਾ ਗੁਣਾਂ ਤੋਂ ਰਹਿਤ ਹੋ ਕੇ ਅਤੇ ਘਰ ਵਿਚ ਹੀ ਰਹਿ ਕਰਕੇ ਸੁਧ ਕਾਮਨਾ ਤੋਂ ਬਿਨਾ ਹੋਏ ਹਨ ਅਤੇ ਵਾਹਿਗੁਰੂ ਦੇ ਅਨੰਦ ਉਚਾਰਨ ਵਿਚ ਇਕ ਰਸ ਮਸਤ ਰਹਿੰਦੇ ਹਨ।

ਕਬਿਤ—ਰਵਿ ਸਸਿ ਦਰਸ ਕਮਲ ਕੁਮਦਨੀ ਹਿਤ, ਭ੍ਰਮਰ ਭ੍ਰਮਰ ਮਨ ਸੰਜੋਗੀ ਬਿਯੋਗੀ ਹੈ ॥ ਤ੍ਰਿਗੁਨ ਅਤੀਤ ਗੁਰੁ ਚਰਨ ਕਮਲ ਰਸ, ਮਧੁ ਮਕਰੰਦ ਰੋਗ ਰਹਤ ਅਰੋਗੀ ਹੈ ॥ ਨਿਹਚਲ ਮਕਰੰਦ ਸੁਖ

ਸੰਪਟ ਸਹਿਜ ਧੁਨਿ, ਸਬਦ ਅਨਾਹਦਿ ਕੈ ਲੋਗ ਮੈ ਅਲੋਗੀ ਹੈ ॥ ਗੁਰਮੁਖ ਸੁਖ ਫਲ ਮਹਿਮਾ ਅਗਾਧ ਬੋਧ, ਜੋਗ ਭੋਗ ਅਲਖ ਨਿਰੰਜਨ ਪ੍ਰਜੋਗੀ ਹੈ ॥ ੨੬੮ ॥

ਕੌਲ ਨੂੰ ਸੂਰਜ ਤੇ ਕੰਮੀ ਨੂੰ ਚੰਦਰਮਾ ਦਾ ਦਰਸ਼ਨ ਜੀਕੁਰ ਪ੍ਰੇਮ ਵਾਲਾ ਨਹੀਂ ਹੈ ਭੌਰੇ ਦਾ ਮਨ ਕਮਲ ਉਤੇ ਭਰਮਣੇ ਕਰਕੇ ਸੁਖ ਦਾ ਵਿਯੋਗੀ ਅਤੇ ਦੁਖ ਦਾ ਸੰਜੋਗੀ ਹੈ, ਸਿਖ ਤਿੰਨਾ ਗੁਣਾਂ ਤੋਂ ਰਹਿਤ ਹੋਇ ਹਨ ਅਤੇ ਗੁਰਾਂ ਦੇ ਚਰਨਾਂ ਕਮਲਾਂ ਦੀ ਭਗਤੀ ਦਾ ਅਨੰਦ ਲੈ ਕੇ ਰੋਗ ਤੋਂ ਰਹਿਤ ਹੋਏ ਹਨ ਭੌਰੇ ਕਮਲ ਦੀ ਧੂੜੀ ਦੀ ਸੁਗੰਧੀ ਦੇ ਸੁਆਦ ਵਿਚ ਮਸਤ ਰਹਿ ਕੇ ਰੋਗੀ ਹੋਏ ਰਹਿੰਦੇ ਹਨ। ਜੀਕੁਰ ਫੁਲ ਉੱਤੇ ਬੈਠ ਕੇ ਭੌਰਾ ਸੁਖ ਪਾਉਂਦਾ ਹੈ ਈਕੁਰ ਹੀ ਗੁਰਾਂ ਦੇ ਚਰਨਾਂ ਦੀ ਭਗਤੀ ਨੂੰ ਜਪ ਕੇ ਸਿਖ ਸੁਖ ਪਾਉਂਦੇ ਹਨ ਡਬੇ ਵਾਂਕੁਰ ਚਰਨ ਦੁਖਾਂ ਤੋਂ ਢਕੀ ਰਖਦੇ ਹਨ ਸਿਖ ਗੁਰਾਂ ਦੇ ਸ਼ਬਦ ਨੂੰ ਇਕ ਰਸ ਉਚਾਰਨ ਕਰਕੇ ਲੋਕਾਂ ਦੀਆਂ ਰੀਤੀਆਂ ਤੋਂ ਰਹਿਤ ਹੋਏ ਰਹਿੰਦੇ ਹਨ। ਗੁਰਮੁਖਾਂ ਦਾ ਜੋ ਸੁਖ ਫਲ ਹੈ ਓਸ ਦੀ ਮਹਿਮਾ ਜਾਨਣੀ ਕਠਨ ਹੈ ਜੋਗ ਭੋਗ ਪਦਾਰਥਾਂ ਵਿਚ ਰਹਿ ਕੇ ਹੀ ਮਾਇਆ ਤੋਂ ਰਹਿਤ ਪ੍ਰਮਾਤਮਾ ਵਿਚ ਲਗੇ ਰਹਿੰਦੇ ਹਨ।

ਕਬਿਤ—ਜੈਸੇ ਦਰਪਨ ਬਿਖੇ ਬਦਨ ਬਿਲੋਕੀਅਤਿ, ਐਸੇ ਸਰਗੁਨ ਸਾਖੀ ਭੂਤ ਗੁਰ ਧਯਾਨ ਹੈ ॥ ਜੈਸੇ ਜੰਤ੍ਰ ਧੁਨਿ ਬਿਖੇ ਬਾਜਤ ਜੰਤ੍ਰੀ ਕੋ ਮਨੁ, ਤੈਸੇ ਘਟ ਘਟ ਗੁਰ ਸਬਦ ਗਿਆਨ ਹੈ ॥ ਮਨ ਬਚ ਕ੍ਰਮ ਜੱਤ੍ਰ ਕੱਤ੍ਰ ਸੈ ਇਕੱਤ੍ਰ ਭਏ, ਪੂਰਨ ਪ੍ਰਗਾਸ ਪ੍ਰੇਮ ਪਰਮ ਨਿਧਾਨ ਹੈ॥ ਉਨਮਨ ਮਗਨ ਗਗਨ ਅਨਹਦ ਧੁਨ, ਸਹਿਜ ਸਮਾਧਿ ਨਿਰਾਲੰਬ ਨਿਰਬਾਨ ਹੈ ॥ ੨੬੯ ॥

ਸ਼ੀਸ਼ੇ ਵਿਚ ਮੂੰਹ ਵੇਖੀਦਾ ਹੈ, ਸਿਖ ਅਕਾਲ ਪੁਰਖ ਗੁਰਾਂ ਨੂੰ ਸਰਗੁਨ ਰੂਪ ਕਰਕੇ ਵੇਖਦੇ ਹਨ। ਵਾਜੇ ਦੀ ਆਵਾਜ ਨਾਲ ਰਾਗੀ ਦਾ ਮਨ ਜੀਕੁਰ ਰਲਿਆ ਹੁੰਦਾ ਹੈ ਈਕੁਰ ਹੀ ਹਿਰਦਿਆਂ ਵਿਚ ਗੁਰਾਂ ਦੇ ਸ਼ਬਦ ਦਾ ਗਿਆਨ ਰਲਿਆ ਹੋਇਆ ਹੈ। ਮਨ ਬਾਣੀ ਸਰੀਰ ਇੰਦ੍ਰੇ ਗੁਰਮੁਖਾਂ ਦੇ ਜਿਧਰੋਂ ਕਿਧਰੋਂ ਅਕਠੇ ਹੋ ਗਏ ਹਨ ਖਜਾਨੇ ਦਾ ਪੂਰਾ ਪਤਾ ਲਗਾ ਹੈ। ਵਿਆਪਕ ਵਾਹਿਗੁਰੂ ਦੇ ਅਨੰਦ ਦੀ ਧੁਨੀ ਉਚਾਰਨ ਵਿਚ ਸਹਿਜੇ ਹੀ ਸਮਾਧੀ ਲਾ ਕੇ ਮਸਤ ਰਹਿੰਦੇ ਹਨ ਅਤੇ ਬਿਨਾ ਵਾਹਿਗੁਰੂ ਤੋਂ ਹੋਰ ਕਿਸੇ ਦੇਵੀ ਦੇਵਤੇ ਨੂੰ ਆਪਣਾ ਆਸਰਾ ਤੇ ਪਵਿਤ੍ਰ ਨਹੀਂ ਸਮਝਦੇ।

ਕਬਿਤ—ਕੋਟਿਨ ਕੋਟਾਨ ਧਯਾਨ ਦ੍ਰਿਸ਼ਟਿ ਦਰਸ ਮਿਲ, ਅਤ

ਅਸਚਰਜ ਮੈ ਹੇਰਤ ਹਿਰਾਏ ਹੈ ॥ ਕੋਟਿਨ ਕੋਟਾਨ ਗਯਾਨ ਸਬਦ ਸੁਰਤਿ ਮਿਲ, ਮਹਿਮਾ ਮਹਾਤਮ ਨ ਅਲਖ ਲਖਾਏ ਹੈਂ ॥ ਤਿਲ ਕੀ ਅਤੁਲ ਸ਼ੋਭਾ ਤੁਲ ਨਾਹਿ ਤੁਲਾਧਾਰ.ਪਾਰ ਕੈ ਅਪਾਰ ਨ ਅਨੰਤ ਅੰਤ ਪਾਏ ਹੈਂ ॥ ਕੋਟਿਨ ਕੋਟਾਨਿ ਚੰਦ੍ਰ ਭਾਨੁ ਜੋਤਿ ਕੋ ਉਦੋਤ, ਹੋਤ ਬਲਿਹਾਰ ਬਾਰੰਬਾਰ ਨ ਅਘਾਏ ਹੈਂ ॥ ੨੬੯ ॥

ਕਰੋੜਾਂ ਹੀ ਗਯਾਨ ਨੇਤਰਾਂ ਦੀਆਂ ਦ੍ਰਿਸ਼ਟੀਆਂ ਬਹੁਤ ਹੀ ਅਸਚਰਜ ਗੁਰਮੁਖਾਂ ਦੇ ਦਰਸ਼ਨ ਕਰਨ ਵਿਚ ਇਕ ਟਕ ਮਿਲ ਕੇ ਲਗੀਆਂ ਰਹਿੰਦੀਆਂ ਹਨ। ਕਰੋੜਾਂ ਹੀ ਤਰ੍ਹਾਂ ਦੇ ਜੋ ਗਯਾਨ ਹਨ ਸੋ ਗੁਰਸਿਖਾਂ ਦੇ ਸ਼ਬਦ ਦੀ ਸੁਰਤਿ ਵਿਚ ਮਿਲ ਕੇ ਮਹਿਮਾ ਦੇ ਮਹਾਤਮ ਨੂੰ ਨਹੀਂ ਵਿਚਾਰ ਸਕਦੇ, ਗੁਰਾਂ ਦਾ ਉਪਦੇਸ਼ ਅਤੇ ਗੁਰੂ ਸਿਖ ਵਾਹਿਗੁਰੂ ਦਾ ਰੂਪ ਹਨ ਅਲਖ ਨੂੰ ਵਿਖਾ ਦੇਂਦੇ ਹਨ। ਗੁਰਮੁਖਾਂ ਦੀ ਥੋੜੀ ਜੇਹੀ ਸ਼ੋਭਾ ਵੀ ਅਣਮਿਣਤ ਹੈ। ਕਿਸੇ ਤਕੜੀ ਤੇ ਵਟੇ ਕਰਕੇ ਤੁਲ ਨਹੀਂ ਸਕਦੀ ਅਤੇ ਪਾਰ ਕਰਕੇ ਵੀ ਅਪਾਰ ਹੈ ਸ਼ੇਸ਼ਨਾਗ ਹਜਾਰ ਮੂੰਹ ਵਾਲੇ ਪਾਸੋਂ ਵੀ ਅੰਤ ਨਹੀਂ ਪਾਇਆ ਜਾਂਦਾ। ਕਰੋੜਾਂ ਹੀ ਚੰਦਰਮਾ ਸੂਰਜ ਦੀਆਂ ਜੋਤੀਆਂ ਪ੍ਰਗਟ ਹੋ ਕੇ ਗੁਰਮੁਖਾਂ ਤੋਂ ਬਲਿਹਾਰ ਜਾਂਦੀਆਂ ਹਨ ਅਤੇ ਦਰਸ਼ਨ ਕਰਕੇ ਰੱਜਦੀਆਂ ਨਹੀਂ।

ਕਬਿਤ—ਕੋਟ ਬ੍ਰਹਮੰਡ ਜਾਕੇ ਏਕ ਰੋਮ ਅਗ੍ਰ ਭਾਗ, ਪੂਰਨ ਪ੍ਰਗਾਸ ਤਾਸ ਕਹਾ ਧੌ ਸਮਾਵਈ ॥ ਜਾਂਕੈ ਏਕ ਤਿਲ ਕੋ ਮਹਾਤਮ ਅਗਾਧ ਬੋਧ, ਪੂਰਨ ਪ੍ਰਗਾਸ ਜੋਤਿ ਕੈਸੇ ਕਹਿ ਆਵਈ ॥ ਜਾਕੇ ਓਅੰਕਾਰ ਕੇ ਬਿਥਾਰ ਕੀ ਅਪਾਰ ਗਤਿ, ਸਬਦ ਬਿਬੇਕ ਏਕ ਜੀਹ ਕੈਸੇ ਗਾਵਈ ॥ ਪੂਰਨ ਬ੍ਰਹਮ ਗੁਰ ਮਹਿਮਾ ਅਕਥ ਕਥਾ, ਨੇਤਿ ਨੇਤਿ ਨੇਤਿ ਨਮੋ ਨਮੋ ਕਰ ਆਵਈ ॥ ੨੭੦ ॥

ਕਰੋੜਾਂ ਹੀ ਬ੍ਰਹਮੰਡ ਜਿਸ (ਵਾਹਿਗੁਰੂ) ਦੇ ਇਕ ਰੋਮ ਦੇ ਅਗੇ ਲਮਕੇ ਹੋਏ ਹਨ ਅਜਿਹੇ ਜਿਸ ਪ੍ਰਮਾਤਮਾ ਦਾ ਬੜਾ ਪੂਰਨ ਪ੍ਰਕਾਸ਼ ਹੈ ਉਸ ਦੀ ਕਿਸ ਜਗਾ ਸਮਾਈ ਹੋਈ ਹੋਈ ਦਸੀਏ ? ਜਿਸ (ਵਾਹਿਗੁਰੂ) ਦੇ ਇਕ ਤਿਲ ਮਾਤ੍ਰ ਦੇ ਜਾਨਣੇ ਦਾ ਮਹਾਤਮ ਬਹੁਤ ਮੁਸ਼ਕਲ ਹੈ ਓਹ ਪੂਰਾ ਪ੍ਰਕਾਸ਼ਕ ਜੋਤੀ ਸਰੂਪ ਵਾਹਿਗੁਰੂ ਕੀਕਰ ਕਹਿਣ ਵਿਚ ਆ ਵੇ? ਜਿਸ (ਵਾਹਿਗੁਰੂ) ਦੇ ਇਕ ਫੈਲਾਉ ਦੀ ਬਹੁਤ ਰੀਤੀ ਹੈ ਇਕ ਜੀਭ ਨਾਲ ਕੀਕੁਰ ਕਹਿਣ ਵਿਚ ਆਵੇ ? ਅਜਿਹੇ ਵਾਹਿਗੁਰੂ ਦੇ ਰੂਪ ਸਤਿਗੁਰਾਂ ਦੀ ਮਹਿਮਾ ਅਕਥ ਕਥਾ ਹੈ ਇਸ ਲਈ ਨਮਸ਼ਕਾਰ ਹੋਵੇ।

ਕਬਿਤ—ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ ਮਨੁ ਮਧੁਕਰ ਸੁਖ ਸੰਪਟ ਸਮਾਨੇ ਹੈ ॥ ਪਰਮ ਸੁਗੰਧਿ ਅਤਿ ਕੋਮਲ ਸੀਤਲਤਾ ਕੈ ਬਿਮਲ ਸਥਲ ਨਿਹਚਲ ਨ ਡੁਲਾਨੇ ਹੈ ॥ ਸਹਿਜ ਸਮਾਧਿ ਅਤਿ ਅਗਮ ਅਗਾਧ ਲਿਵ, ਅਨਹਦ ਰੁਨ ਝੁਨ ਧੁਨਿ ਉਰ ਗਾਨੇ ਹੈ ॥ ਪੂਰਨ ਪਰਮ ਜੋਤਿ ਪਰਮ ਨਿਧਾਨ ਦਾਨ, ਆਨ ਗਯਾਨ ਧਯਾਨ ਸਿਮਰਨ ਬਿਸਰਾਨੇ ਹੈ ॥ ੨੭੧ ॥

ਜੀਕੁਰ ਕੌਲ ਸੂਰਜ ਦੇ ਡੁਬਣ ਨਾਲ ਡਬੇ ਵਾਂਕੁਰ ਹੋ ਜਾਂਦਾ ਹੈ ਤਾਂ ਭੌਰਿਆਂ ਨੂੰ ਹਵਾ ਆਦਿਕ ਦੇ ਦੁਖ ਤੋਂ ਸੁਖ ਹੁੰਦਾ ਹੈ ਈਕੁਰ ਹੀ ਜਦ ਸਿਖ ਗੁਰਾਂ ਦੇ ਚਰਨਾਂ ਪਾਸ ਆ ਜਾਣ ਤਾਂ ਮਾਇਆ ਜਗਤ ਦੇ ਝੋਲੇ ਕੁਝ ਨਹੀਂ ਕਰ ਸਕਦੇ । ਜੀਕੁਰ ਭੌਰੇ ਸੁਗੰਧੀ ਫੁਲ ਦੀ ਸੀਤਲਤਾ ਅਤੇ ਕੋਮਲਤਾ ਨੂੰ ਗ੍ਰਹਿਣ ਕਰਕੇ ਨਿਰਮਲ ਅਸਥਾਨ ਉਤੇ ਇਸਥਿਤ ਹੋ ਜਾਂਦੇ ਹਨ ਅਤੇ ਡੋਲਦੇ ਨਹੀਂ ਹਨ ਜੀਕੁਰ ਭੌਰਾ ਫਿਰ ਕੌਲ ਦੇ ਅਨੰਦ ਨੂੰ ਲੈਂਦਾ ਹੈ ਅਤੇ ਅਗੇ ਹੋਰਨਾਂ ਭੌਰਿਆਂ ਨੂੰ ਓਹ ਸੁਖ ਗੌਂਦਾ ਹੈ ਈਕੁਰ ਹੀ ਅਤਸੈ ਕਰਕੇ ਅਗਮ ਅਗਾਧ ਬ੍ਰਿਤੀ ਅਡੋਲ ਸਮਾਧੀ ਵਿਚ ਲਗੀ ਅਤੇ ਇਕ ਰਸ ਵਾਜਿਆਂ ਦੀ ਆਵਾਜ਼ ਹਿਰਦੇ ਵਿਚ ਉਚਾਰਨ ਕਰਦੇ ਹਨ ਓਹਨਾਂ ਅਜਿਹੇ ਉਪਰੋਕਤ ਸਿਖਾਂ ਨੂੰ ਹੋਰ ਸ਼ਾਸਤ੍ਰਾਂ ਦੇ ਸਭ ਗਯਾਨ ਧਿਆਨ ਲਾਉਣੇ ਯਾਦ ਕਰਨੇ ਭੁਲ ਗਏ ਹਨ ।

ਕਬਿਤ—ਰਜ ਤਮ ਸਤ ਕਾਮਕ੍ਰੋਧਲੋਭ ਮੋਹ ਹੰਕਾਰ, ਹਾਰ ਗੁਰ ਗਯਾਨ ਬਾਨ ਕ੍ਰਾਂਤਿ ਨਿਹਕ੍ਰਾਂਤਿ ਹੈ ॥ ਕਾਮ ਨਿਹਕਾਮ ਨਿਹ ਕਰਮ ਕਰਮ ਗਤਿ, ਆਸਾ ਕੈ ਨਿਰਾਸ ਭਏ ਭ੍ਰਾਂਤਿ ਨਿਹ ਭ੍ਰਾਂਤਿ ਹੈ ॥ ਸ੍ਵਾਦ ਨਿਹਸ੍ਵਾਦ ਅਰ ਬਾਦ ਨਿਹਬਾਦ ਭਏ, ਅਸੰਪ੍ਰੇਹ ਨਿਸਪ੍ਰੇਹ ਦੇਹ ਗੇਹ ਪ੍ਰਾਂਤਿ ਹੈ ॥ ਗੁਰਮੁਖ ਪ੍ਰੇਮ ਰਸ ਬਿਸਮ ਬਿਦੇਹ ਸਿਖ, ਮਾਯਾ ਮੈ ਉਦਾਸ ਬਾਸ ਏਕਾ ਕੀ ਇਕਾਂਤ ਹੈ ॥ ੨੭੨ ॥

ਤਿੰਨਾਂ ਗੁਣਾਂ ਨੂੰ ਤੇ ਪੰਜਾਂ ਕਾਮ ਆਦਿਕਾਂ ਨੂੰ ਹਾਰ ਦਿਤੀ ਅਤੇ ਗੁਰਾਂ ਦੇ ਗਯਾਨ ਰੂਪੀ ਤੀਰ ਨਾਲ ਦਮਕ ਚਮਕ (ਸ਼ੋਭਾ) ਨੂੰ (ਨਿਹਕ੍ਰਾਂਤਿ) ਬਿਨਾਂ ਚਮਕ ਦਮਕ ਤੋਂ ਕਰ ਦਿਤਾ । ਪਦਾਰਥਾਂ ਦੀਆਂ ਕਾਮਨਾਂ ਤੋਂ ਰਹਿਤ ਹੋਏ ਅਛੇ ਕਰਮਾਂ ਦੇ ਕਰਨ ਨੂੰ ਪਹੁੰਚੇ ਆਸਾ ਤ੍ਰਿਸ਼ਨਾ ਤੋਂ ਨਿਰਾਸ ਭਰਮ ਤੋਂ ਰਹਿਤ ਹੋਏ ਹਨ । ਅਸੰ ਪ੍ਰੇਹ=ਇਛਾ ਰਹਿਤ ਹੀ ਜੀਭ ਦੇ ਸਵਾਦ ਤੋਂ ਬਿਨਾਂ ਤੇ ਝਗੜਿਆਂ ਦੇ ਝਗੜਨ ਤੋਂ ਬਿਨਾਂ ਹੋਏ ਹਨ ਇਛਾ ਤੋਂ ਨਰਿਛਤ ਅਤੇ ਸਰੀਰ ਘਰ ਆਦਿਕਾਂ ਨੂੰ ਨਾਸਵੰਤ ਜਾਣਦੇ ਹਨ । ਪ੍ਰੇਮ ਰਸ

ਅਚਰਜ ਨਾਲ ਸਰੀਰ ਦੇ ਹੰਕਾਰ ਤੋਂ ਰਹਿਤ ਨਾਮ ਵਾਲੇ ਸਿਖ ਹੋਏ ਹਨ ਅਤੇ ਸੰਸਾਰ ਵਿਚ ਰਹਿ ਕੇ ਹੀ ਉਦਾਸ ਇਕ ਵਾਹਿਗੁਰੂ ਦੀ ਭਗਤੀ ਕਰਨ ਵਿਚ ਇਕੰਤ ਵਸਦੇ ਹਨ ।

—ਤਿਲ—

ਕਬਿਤ—ਪ੍ਰਿਥਮ ਹੀ ਤਿਲ ਬੋਏ ਧੂਰ ਮਿਲ ਬੂਟ ਬਾਧੈ, ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ ॥ ਕੋਊ ਲੈ ਚਬਾਇ ਕੋਊ ਖਾਲ ਕਾਢੈ ਰੇਵਰੀ ਕੈ ਕੋਊ ਕਰੇ ਤਿਲਵਾ ਮਿਲਾਇ ਗੁਰ ਬਾਰ ਮੈ ॥ ਕੋਊ ਤਾਂ ਉੱਖਲੀ ਡਾਰਿ ਕੂਟ ਤਿਲ ਕੁਟ ਕਰੈ ਕੋਊ ਕੋਲੂ ਪੀਰ ਦੀਪ ਦਿਪਤ ਅੰਧਕਾਰ ਮੈ ॥ ਜਾਕੇ ਏਕ ਤਿਲ ਕੋ ਬੀਚਾਰ ਨ ਕਹਿਤ ਆਵੈ ਅਬਿਗਤਿ ਗਤਿ ਕਤ ਆਵਤ ਬੀਚਾਰ ਮੈ ॥ ੨੭੩ ॥

ਪਹਿਲੇ ਜਦ ਤਿਲ ਬੀਜੀਦਾ ਹੈ ਤਾਂ ਮਿਟੀ ਵਿਚ ਮਿਲ ਕੇ ਬੂਟਾ ਵਧਦਾ ਹੈ ਤੇ ਇਕ ਤਿਲ ਤੋਂ ਅਨੇਕਾਂ ਤਿਲ ਸੰਸਾਰ ਵਿਚ ਪ੍ਰਗਟ ਹੀ ਹੁੰਦੇ ਹਨ । ਉਪਰੋਕਤ ਤਿਲਾਂ ਨੂੰ ਕੋਈ ਚੱਬਦਾ ਹੈ ਕੋਈ ਡੰਗਰਾਂ ਨੂੰ ਪਉਣ ਵਾਸਤੇ ਖਲ ਕਢਦਾ ਹੈ ਕੋਈ ਰਿਓੜੀਆਂ ਬਣਾਉਂਦਾ ਹੈ ਕੋਈ ਗੁੜ ਨੂੰ ਪਾਣੀ ਵਿਚ ਮਿਲਾ ਕੇ ਮਰੂੰਡੇ ਬਣਾਉਂਦਾ ਹੈ । ਕੋਈ ਤਿਲਾਂ ਨੂੰ ਉਖਲੀ ਵਿਚ ਸੁਟ ਕੇ ਛੜਦਾ ਹੈ ਕੋਈ ਕੋਹਲੂ ਵਿਚ (ਪੀਰ) ਪੀੜ ਕੇ ਦੀਵਾ ਅੰਧੇਰੇ ਵਿਚ ਜਗਾਉਂਦਾ ਹੈ । ਜਿਸ ਵਾਹਿਗੁਰੂ ਦੇ ਇਕ ਤਿਲ ਦਾ ਵਿਚਾਰ ਨਹੀਂ ਕਹਿਣ ਵਿਚ ਆਉਂਦਾ । ਇਕ ਤਿਲ ਦਾ ਅੰਤ ਨਹੀਂ ਤੇ ਵਾਹਿਗੁਰੂ ਦਾ ਅੰਤ ਕੀਕੁਰ ਲਿਆ ਜਾਵੇ ?

—ਕੀੜੀ—

ਕਬਿਤ—ਰਚਨਾ ਚਰਿੱਤ ਚਿੱਤ੍ਰ ਬਿਸਮ ਬਚਿੱਤ੍ਰ ਪੁਨ, ਏਕ ਚੀਟੀ ਕੋ ਚਰਿੱਤ੍ਰ ਕਹਤ ਨ ਆਵਈ ॥ ਪ੍ਰਿਥਮ ਹੀ ਚੀਟੀ ਕੇ ਮਿਲਾਪ ਕੋ ਪ੍ਰਤਾਪ ਦੇਖੋ, ਸਹਸ ਅਨੇਕ ਏਕ ਬਿਲ ਮੈ ਸਮਾਵਈ ॥ ਅਗ੍ਰਭਾਗੀ ਪਾਛੈ ਏਕੈ ਮਾਰਗ ਚਲਤ ਜਾਤ ਪਾਵਤ ਮਿਠਾਸ ਬਾਸ ਤਹੀ ਮਿਲ ਧਾਵਈ ॥ ਭ੍ਰਿੰਗੀ ਮਿਲ ਤਾਤਕਾਲ ਭ੍ਰਿੰਗੀ ਰੂਪ ਹ੍ਵੈ ਦਿਖਾਵੈ ਚੀਟੀ ਚਿੱਤ੍ਰ ਅਲਖ ਚਿਤੇਰੈ ਕਤ ਪਾਵਈ ॥ ੨੭੪ ॥

ਰਚਨਾ ਦੀ ਬਨਾਵਟ ਦਾ ਸੁੰਦਰ ਤਮਾਸ਼ਾ ਬਹੁਤ ਹੀ ਤਰਾਂ ਦਾ ਸੁੰਦਰ ਅਸਚਰਜ ਹੈ ਤਿਸ ਵਿਚੋਂ ਇਕ ਕੀੜੀ ਦਾ ਤਮਾਸ਼ਾ ਹੀ ਨਹੀਂ ਕਹਿਣ ਵਿਚ ਆਉਂਦਾ। ਪਹਿਲੇ ਹੀ ਇਕ ਕੀੜੀ ਦੇ ਮੇਲ ਦਾ ਪ੍ਰਤਾਪ ਦੇਖੋ ਕਿ ਬਹੁਤ ਸੈਂਕੜੇ ਇਕ ਖੁਡ ਵਿਚ ਵੜ ਜਾਂਦੀਆਂ ਹਨ। ਅਗੇ ਪਿਛੇ ਇਕੋ ਇਕ ਰਸਤੇ ਵਿਚ ਤੁਰੀਆਂ ਜਾਂਦੀਆਂ ਹਨ ਜਿਥੇ ਮਿਠੇ ਦੀ ਵਾਸ਼ਨਾਂ ਮੁਸ਼ਕ ਪਾਉਂਦੀਆਂ ਹਨ ਓਥੇ ਹੀ ਸਾਰੀਆਂ ਮਿਲ ਕੇ ਅਤੇ

ਦੌੜ ਕੇ ਜਾਂਦੀਆਂ ਹਨ। ਕੀੜੀ ਇਕ ਭ੍ਰਿੰਗੀ ਕੀੜੇ ਨੂੰ ਮਿਲ ਕੇ ਛੇਤੀ ਨਾਲ ਉਸ ਜੇਹਾ ਰੂਪ ਹੋ ਕੇ ਵਿਖਾਉਂਦੀ ਹੈ। ਇਸ ਲਈ ਕੀੜੀ ਦੀ ਚਿਤਰਕਾਰੀ ਵੇਖਣ ਲਿਖਣ ਤੋਂ ਬਾਹਰ ਹੈ ਅਤੇ ਜਿਸ ਵਾਹਿਗੁਰੂ ਨੇ ਇਹ ਸਾਰਾ ਪਸਾਰਾ ਅਰੰਭਿਆ ਹੈ ਓਸ ਦਾ ਅੰਤ ਕੀਕੁਰ ਪਾ ਸਕੀਏ ?

ਕਬਿਤ–ਰਚਨਾ ਚਰਿੱਤ੍ਰ ਚਿੱਤ੍ਰ ਬਿਸਮ ਬਚਿੱਤ੍ਰਪਨ, ਘਟ ਘਟ ਏਕ ਹੀ ਅਨੇਕ ਹ੍ਵੈ ਦਿਖਾਏ ਹੈ॥ ਉਤ ਤੇ ਲਿਖਤ ਇਤ ਪਢਤ ਅੰਤਰ ਗਤਿ ਇਤ ਹੂ ਤੇ ਲਿਖ ਪ੍ਰਤ੍ਰ ਉਤਰ ਪਠਾਏ ਹੈ॥ ਉਤ ਤੇ ਸਬਦ ਰਾਗ ਨਾਦ ਕੋ ਪ੍ਰਸੰਨ ਕਰ, ਇਤ ਸੁਨਿ ਸਮਝਿ ਕੈ ਉਤ ਸਮਝਾਏ ਹੈ॥ ਰਤਨ ਪਰੀਖ੍ਯਾ ਪੇਖਿ ਪਰਮਿਤਿ ਕੈ ਸੁਨਾਵੈ, ਗੁਰਮੁਖ ਸੰਧਿ ਮਿਲੇ ਅਲਖ ਲਖਾਏ ਹੈ॥੨੭੫॥

ਚਿਤਰਕਾਰੀ ਦੀ ਬਨਾਵਟ ਦਾ ਤਮਾਸ਼ਾ ਅਸਚਰਜ ਬਹੁਤ ਤਰਾਂ ਦਾ ਹੈ। ਇਕ ਵਾਹਿਗੁਰੂ ਹੀ ਹਿਰਦਿਆਂ ਹਿਰਦਿਆਂ ਦੇ ਵਿਚ ਹੋ ਕੇ ਦਿਖਾਉਂਦਾ ਹੈ । ਪਤੀ ਚਿਠੀ ਲਿਖਦਾ ਹੈ ਤਾਂ ਏਧਰ ਇਹ ਇਸਤ੍ਰੀ ਪੜ੍ਹਦੀ ਹੈ ਏਧਰੋਂ ਇਹ ਲਿਖ ਕੇ ਪਤੀ ਤਾਈਂ ਚਿਠੀ ਉਸ ਦੇ ਪ੍ਰਸ਼ਨ ਦਾ ਉਤਰ ਉਸ ਨੂੰ ਭੇਜਦੀ ਹੈ ਓਧਰੋਂ ਰਾਗੀ ਰਾਗ ਨੂੰ ਅਛੇ ਰਾਗ ਵਿਚ ਅਲਾਪ ਕੇ ਸ਼ਬਦ ਨੂੰ ਗਾ ਕੇ ਹੋਰਨਾਂ ਨੂੰ ਸੁਣਾ ਕੇ ਪ੍ਰਸੰਨ ਕਰਦਾ ਹੈ। ਏਧਰ ਹਛੇ ਹਛੇ ਸੁਣਨ ਵਾਲੇ ਓਸ ਰਾਗ ਦੇ ਅਲਾਪ ਨੂੰ ਸਮਝ ਕੇ ਓਧਰ ਫਿਰ ਹੋਰ ਅਣਜਾਣ ਸ੍ਰੋਤਿਆਂ ਨੂੰ ਦਸਦੇ ਹਨ। ਰਤਨ ਪਰਖਣ ਵਾਲੇ ਸਰਾਫਾਂ ਨਾਲ ਮਿਲੇ ਤਾਂ ਰਤਨਾਂ ਦਾ ਪਰਖਣਾ ਆ ਸਕਦਾ ਹੈ ਈਕੁਰ ਹੀ ਜੇਹੜਾ ਗੁਰਾਂ ਦੀ ਮਿਲੌਣੀ ਵਿਚ ਮਿਲਦਾ ਹੈ ਉਸ ਨੂੰ ਗੁਰਮੁਖ ਅਲਖ ਵਾਹਿਗੁਰੂ ਵਿਖਾ ਦਿੰਦੇ ਹਨ।

ਕਬਿਤ–ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ, ਸਾਚ ਉਪਦੇਸ਼ ਰਿਦੈ ਨਿਹਚਲ ਮਤਿ ਹੈ॥ ਸਬਦ ਸੁਰਤਿ ਲਿਵ ਲੀਨ ਜਲ ਮੀਨ ਭਏ ਪੂਰਨ ਸਰਬ ਮਈ ਪੈ ਘ੍ਰਿਤ ਜੁਗਤਿ ਹੈ॥ ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ ਗੰਧ ਰਸ ਪੂਰਨ ਪਰਸਪਰ ਭਾਵਨੀ ਭਗਤਿ ਹੈ॥ ਪੂਰਨ ਬ੍ਰਹਮ ਦ੍ਰੁਮ ਸਾਖਾ ਪੱਤ੍ਰ ਫੂਲ ਫਲ, ਏਕ ਹੀ ਅਨੇਕ ਨੇਕ ਸਤਿਗੁਰ ਸਤਿ ਹੈ॥੨੭੬॥

ਪੂਰੇ ਵਾਹਿਗੁਰੂ ਦਾ ਰੂਪ ਸਤਿਗੁਰਾਂ ਨੇ ਜਦ ਪੂਰੀ ਕ੍ਰਿਪਾ ਕਰਕੇ ਹਿਰਦੇ ਵਿਚ ਸਚਾ ਉਪਦੇਸ਼ ਦਿਤਾ ਤਾਂ ਅਕਲ ਇਸਥਿਤ ਹੋ ਗਈ। ਗੁਰਮੁਖ ਗੁਰਾਂ ਦੇ ਸ਼ਬਦ ਵਿਚ

ਇਕੁਰ ਬ੍ਰਿਤੀ ਲਾ ਕੇ ਪ੍ਰੀਤੀ ਕਰਦੇ ਹਨ ਜੀਕੁਰ ਪਾਣੀ ਨਾਲ ਮਛੀ ਮਸਤ ਹੋ ਕੇ ਪ੍ਰੀਤੀ ਕਰਦੀ ਹੈ। ਓਹ ਵਾਹਿਗੁਰੂ ਸਾਰਿਆਂ ਦਾ ਰੂਪ ਸਾਰਿਆਂ ਨਾਲ ਇਕੁਰ ਮਿਲ ਰਿਹਾ ਹੈ ਜੀਕੁਰ ਦੁਧ ਘਿਉ ਦੀ ਮਿਲਾਵਟ ਹੁੰਦੀ ਹੈ। ਗੁਰਮੁਖਾਂ ਦੇ ਹਿਰਦੇ ਵਿਚ ਸਚ ਹੀ ਹੈ ਅਤੇ ਸਚ ਨੂੰ ਹੀ ਬੋਲਦੇ ਹਨ ਅਤੇ ਸਚੀ ਸੁਗੰਧੀ ਸੁਆਦ, ਅਨੰਦ ਲੈਂਦੇ ਹਨ ਅਤੇ ਸਾਰੇ ਹੀ ਆਪੋ ਵਿਚ ਦੀ ਪ੍ਰੇਮਾ ਭਗਤੀ ਕਰਦੇ ਹਨ। ਗੁਰਮੁਖ ਗੁਰਾਂ ਪਾਸੋਂ ਸਿਖਿਆ ਲੈ ਕੇ ਇਹ ਨਿਸਚੇ ਕਰਦੇ ਹਨ ਕਿ ਇਕ ਵਾਹਿਗੁਰੂ ਈਕੁਰ ਸਾਰਿਆਂ ਜੀਵਾਂ ਵਿਚ ਮਿਲਿਆ ਹੋਇਆ ਹੈ ਜੀਕੂੰ ਇਕ ਬ੍ਰਿਛ ਦੀਆਂ ਟਾਹਣੀਆਂ ਪੱਤਾਂ ਫੁਲਾਂ ਫਲਾਂ ਵਿਚ ਇਕ ਨਿਕਾ ਜਿਹਾ ਬੀਜ ਹੋਕੇ ਮਿਲਿਆ ਹੁੰਦਾ ਹੈ।

ਕਬਿਤ—ਪੂਰਨ ਬ੍ਰਹਮ ਗੁਰ ਪੂਰਨ ਪਰਮ ਜੋਤਿ ਓਤ ਪੋਤ ਸੂਤ੍ਰ ਗਤਿ ਏਕ ਹੀ ਅਨੇਕ ਹੈ ॥ ਲੋਚਨ ਸ੍ਰਵਨ ਸ੍ਰੋਤ ਏਕ ਹੀ ਦਰਸ ਸਬਦ, ਵਾਰ ਪਾਰ ਕੂਲ ਗਤਿ ਸਰਿਤਾ ਬਿਬੇਕ ਹੈ॥ਚੰਦਨ ਬਨਾਸਪਤੀ ਕਨਿਕ ਅਨਿਕ ਧਾਤੁ, ਪਾਰਸ ਪਰਸ ਜਾਨੀਅਤ ਜਾਵਦੇਕ ਹੈ ॥ ਗਗ੍ਯਾਨ ਗੁਰ ਅੰਜਨ ਨਿਰੰਜਨ ਅੰਜਨ ਬਿਖੈ, ਦੁਬਿਧਾ ਨਿਵਾਰ ਗੁਰਮਤਿ ਏਕ ਟੇਕ ਹੈ ॥ ੨੭੭ ॥

ਇਕ ਵਾਹਿਗੁਰੂ ਪੂਰੇ ਹਛੇ ਪ੍ਰਕਾਸ਼ ਵਾਲਾ ਹੀ ਅਨੇਕਾਂ ਜੀਵਾਂ ਵਿਚ ਹੈ ਓਸ ਵਾਹਿਗੁਰੂ ਦੀ ਤੇ ਗੁਰੂ ਦੀ ਅਭੇਦਤਾ ਸੂਤ ਦੇ ਤਾਣੇ ਪੇਟੇ ਦੀ ਰੀਤੀ ਵਾਂਕੁਰ ਹੈ। ਨੇਤਰਾਂ ਕੰਨਾਂ ਹੋਰ ਸਾਰਿਆਂ ਇੰਦ੍ਰਿਆਂ ਸਰੀਰ ਦਿਆਂ ਵਿਚ ਇਕ ਹੀ ਗੁਰਾਂ ਦੇ ਦਰਸ਼ਨ ਕਰਕੇ ਉਪਦੇਸ਼ ਕਮਾਈਦਾ ਹੈ ਤਿਸ ਗੁਰਾਂ ਦੇ ਸ਼ਬਦ ਵਿਚ ਵਾਹਿਗੁਰੂ ਈਕੁਰ ਮਿਲਿਆ ਹੋਇਆ ਹੈ ਜੀਕੂੰ ਨਦੀ ਦੇ ਦੋਹਾਂ ਕੰਢਿਆਂ ਦਾ ਰੀਤੀ ਅਨੁਸਾਰ ਬਿਚਾਰ ਹੁੰਦਾ ਹੈ ਜੀਕੁਰ ਚੰਦਨ ਦੀ ਵਾਸ਼ਨਾਂ ਨਾਲ ਸਾਰੀ ਸਬਜ਼ੀ ਵਾਸ਼ਨਾ ਵਾਲੀ ਹੋ ਜਾਂਦੀ ਹੈ ਅਤੇ ਜਿੰਨੀਆਂ ਕੁ ਅਨੇਕਾਂ ਹੀ ਧਾਤੂਆਂ ਹਨ ਸੋ ਸਾਰੀਆਂ ਹੀ ਪਾਰਸ ਨਾਲ ਲਗ ਕੇ ਸੋਨਾ ਰੂਪ ਜਾਣੀਆਂ ਜਾਂਦੀਆਂ ਹਨ। ਗੁਰਾਂ ਨੇ ਵਾਹਿਗੁਰੂ ਦਾ ਗਜ਼ਾਨ ਸੁਰਮਾ (ਨੇਤਰਾਂ) ਵਿਚ ਪਾ ਕੇ ਮਾਇਆ ਵਿਚ ਹੀ ਦ੍ਵੈਤ ਭਾਵ ਨੂੰ ਦੂਰ ਕਰ ਦਿਤਾ ਹੈ ਇਸ ਲਈ ਗੁਰਮੁਖਾਂ ਨੇ ਇਕ ਗੁਰਾਂ ਦੀ ਹੀ ਓਟ ਲਈ ਹੈ।

ਕਬਿਤ—ਦਰਸ ਧਿਆਨ ਲਿਵ ਦ੍ਰਿਸਟਿ ਅਚਲ ਭਈ, ਸਬਦ ਬਿਬੇਕ ਸ੍ਰੁਤਿ ਸ੍ਰਵਨ ਅਚਲ ਹੈ ॥ ਸਿਮਰਨ ਮਾਤ੍ਰ ਸੁਧ ਜਿਹਵਾ ਅਚਲ ਭਈ, ਗੁਰਮਤ ਅਚਲ ਉਨਮਨ ਅਸਥਲ ਹੈ ॥ ਨਾਸਕਾ ਸੁਬਾਸ ਕਰ ਕੋਮਲ ਸੀਤਲਤਾ ਕੇ, ਪੂਜਾ ਪ੍ਰਨਾਮ ਪਰਸ ਚਰਨ

ਕਮਲ ਹੈ ॥ ਗੁਰਮੁਖ ਪੰਥ ਚਰ ਅਚਰ ਹ੍ਵੈ ਅੰਗ ਅੰਗ, ਪੰਗ ਸਰਬੰਗ ਬੂੰਦ ਸਾਗਰ ਸਲਲ ਹੈ ॥ ੨੭੮ ॥

ਗੁਰਾਂ ਦੇ ਦਰਸ਼ਨ ਦਾ ਧਿਆਨ ਕਰਕੇ ਚਿਤ ਬ੍ਰਿਤੀ ਅਤੇ ਨੇਤ੍ਰਾਂ ਦੀ ਦ੍ਰਿਸ਼ਟੀ ਇਸਥਿਤ ਹੋਈ ਹੈ ਅਤੇ ਗੁਰਾਂ ਦੇ ਸ਼ਬਦ ਦੇ ਵਿਚਾਰ ਨਾਲ ਕੰਨ ਹੋਰ ਟਪਿਆਂ ਦੇ ਸੁਣਨ ਵਲੋਂ ਅਡੋਲ ਹੋਏ ਹਨ। ਗੁਰਾਂ ਦਾ ਪਵਿਤ੍ਰ ਨਾਮ ਯਾਦ ਕਰਨ ਨਾਲ ਹੀ ਜੀਭ ਇਸਥਿਤ ਹੋ ਗਈ ਹੈ ਅਤੇ ਗੁਰਾਂ ਦੀ ਸਿਖਿਆ ਲੈਕੇ ਬੁਧੀ ਵਾਹਿਗੁਰੂ ਦੇ ਅਨੰਦ ਦੇ ਥਾਂ ਫਿਰ ਇਸਥਿਤ ਹੋ ਗਈ ਹੈ। ਨਾਸਾਂ ਗੁਰਾਂ ਦੇ ਚਰਨਾਂ ਦੇ ਫੁਲਾਂ ਦੀਆਂ ਵਾਸ਼ਨਾਂ ਲੈਕੇ ਇਸਥਿਤ ਹੋਈਆਂ ਹਨ ਅਤੇ ਹਥ ਜੋ ਨਰਮ ਹਨ ਸੋ ਗੁਰਾਂ ਦੇ ਚਰਨਾਂ ਕਮਲਾਂ ਨੂੰ ਲਗਕੇ ਇਸਥਿਤ ਅਤੇ ਮਨ ਤਨ ਠੰਢਾ ਹੋਯਾ, ਗੁਰਾਂ ਦੀ ਪੂਜਾ ਅਤੇ ਨਮਸ਼ਕਾਰ ਕਰਕੇ ਗੁਰਾਂ ਦੇ ਰਸਤੇ ਸਤਿਸੰਗ ਵਿਚ ਗੁਰਮੁਖਾਂ ਦੇ ਚਰਨੀ ਪੈਕੇ ਮਾੜਿਆਂ ਕੰਮਾਂ ਦੇ ਜਾਣ ਵਲੋਂ ਇਸਥਿਤ ਹੋਏ, ਈਕੁਰ ਗੁਰਮੁਖਾਂ ਦੇ ਸਾਰੇ ਅੰਗ ਸਰੀਰ ਦੇ ਪਵਿਤ੍ਰ ਹੋ ਗਏ ਅਤੇ ਹੁਣ ਸਾਰੇ ਅੰਗ ਗੁਰਾਂ ਦੀ ਸੇਵਾ ਵਿਚ ਈਕੁਰ ਸਮਾਏ ਰਹਿੰਦੇ ਹਨ ਜੀਕੁਰ ਸਮੁੰਦਰ ਵਿਚ ਇਕ ਛਿਟ ਪਾਣੀ ਦੀ ਸਮਾਈ ਰਹਿੰਦੀ ਹੈ।

ਕਬਿਤ—ਦਰਸਨ ਸੋਭਾ ਦ੍ਰਿਗ ਦ੍ਰਿਸਟ ਗਿਆਨ ਗੰਮ, ਦ੍ਰਿਸਟ ਧਿਆਨ ਪ੍ਰਭੁ ਦਰਸ ਅਤੀਤ ਹੈ ॥ ਸਬਦ ਸੁਰਤਿ ਪਰੈ ਸੁਰਤਿ ਸਬਦ ਪਰੈ, ਜਾਸ ਬਾਸ ਅਲਖ ਸੁਬਾਸਨਾ ਸਰੀਤ ਹੈ ॥ ਰਸ ਰਸਨਾਂ ਰਹਤ ਰਸਨਾ ਰਹਤ ਰਸ, ਕਰ ਅਸਪਰਸ ਪਰਸਨ ਕਰਾ ਜੀਤ ਹੈ ॥ ਚਰਨ ਗਵਨ ਗੰਮਿ ਗਵਨ ਚਰਨ ਗੰਮਿ, ਆਸ ਪਯਾਸ ਬਿਸਮ ਬਿਸਾਸ ਪ੍ਰਿਯ ਪ੍ਰੀਤ ਹੈ ॥੨੭੯॥

ਗੁਰਾਂ ਦੇ ਸੁਭਾਇਮਾਨ ਦਰਸ਼ਨ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਕੀੜੀ ਫਿਰ ਨੇਤ੍ਰਾਂ ਦੀ ਦ੍ਰਿਸ਼ਟੀ ਦੇ ਧਿਆਨ ਵਿਚ ਵਾਹਿਗੁਰੂ ਦਾ ਗਿਆਨ ਪ੍ਰਾਪਤ ਹੋਇਆ ਤਾਂ ਫਿਰ ਹੋਰ ਦੇਵੀ ਦੇਵਤਿਆਂ ਦੇ ਦਰਸ਼ਨ ਤੋਂ ਰਹਿਤ ਹੋ ਗਏ ! ਗੁਰਾਂ ਦੇ ਸ਼ਬਦ ਦੀ ਅਵਾਜ ਜਦ ਕੰਨਾਂ ਵਿਚ ਪਈ ਤਾਂ ਹੋਰ ਭੈੜੇ ਸ਼ਬਦਾਂ ਦੀਆਂ ਅਵਾਜਾਂ ਪਰੇ ਨਸ ਗਈਆਂ ਅਤੇ ਜੇਹੜੀ ਵਾਹਿਗੁਰਾਂ ਦੀ ਨਾਸਕਾ ਵਿਚ ਵਾਸ਼ਨਾਂ ਹਨ ਓਹ ਹੋਰ ਭੈੜੀਆਂ ਵਾਸ਼ਨਾਂ ਤੋਂ ਖਾਲੀ ਰਹਿੰਦੀਆਂ ਹਨ। ਗੁਰੂ ਦੇ ਨਾਮ ਦੇ ਸਵਾਦ ਵਿਚ ਜੀਭ ਰਹਿੰਦੀ ਹੈ ਅਤੇ ਹੋਰ ਵਿਸ਼ੇ ਰਸਾਂ ਕਸਾਂ ਵਲੋਂ ਰਹਿਤ ਹੋ ਗਈ ਹੈ ਅਤੇ ਹਥ ਗੁਰਾਂ ਦੇ ਚਰਨਾਂ ਨੂੰ ਲਾ ਕੇ ਹੋਰ ਪਾਸਿਉਂ ਜਿਤ ਕੇ ਅਲਗ ਕੀਤੇ ਹਨ ਪੈਰੀਂ ਤੁਰ ਕੇ ਸਤਸੰਗ ਵਿਚ ਪਹੁੰਚੇ ਇਸ ਲਈ ਪੈਰ ਹੋਰ ਰਸਤੇ ਦੇ ਚਲਨ ਵਲੋਂ ਡਰਦੇ ਹਨ ਅਤੇ ਪਯਾਰੇ ਗੁਰੂ ਦੀ ਇਛਾ ਦੀ ਤੇਹ ਲਗੀ ਹੋਈ ਹੈ ਇਸ ਲਈ ਪ੍ਰੀਤ ਨਾਲ ਅਸਚਰਜ ਭਰੋਸਾ ਕਰਦੇ ਹਨ।

ਕਬਿਤ—ਗੁਰਮੁਖ ਸਬਦ ਸੁਰਤਿ ਹੋਮੈ ਮਾਰਿ ਮਰੈ, ਜੀਵਨ ਮੁਕਤ ਜਗ ਜੀਵਨ ਕੈ ਜਾਨੀਐ ॥ ਅੰਤਰਿ ਨਿਰੰਤਰਿ ਅੰਤਰ ਪਟ ਘਟ ਗਏ, ਅੰਤਰਜਾਮੀ ਅੰਤਰਾ ਗਤਿ ਉਨਮਾਨੀਐ ॥ ਬ੍ਰਹਮ ਮਈ ਹੈ ਮਾਯਾ, ਮਾਯਾ ਮਈ ਹੈ ਬ੍ਰਹਮ, ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ ॥ ਪਿੰਡ ਬ੍ਰਹਮੰਡ ਬ੍ਰਹਮੰਡ ਪਿੰਡ ਓਤਿ ਪੋਤਿ, ਜੋਤਿ ਮਿਲ ਜੋਤਿ ਗੋਤਿ ਬ੍ਰਹਮ ਗਿਆਨੀਐ ॥ ੨੮੦ ॥

ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰੀ ਅਤੇ ਸੰਗਤਾਂ ਨੂੰ ਮਾਰਕੇ ਜੀਵਤ ਭਾਵ ਤੋਂ ਮਰੇ ਹਨ ਜੀਵਨ ਮੁਕਤਿ ਹੋਕੇ ਵਾਹਿਗੁਰੂ ਦੇ ਤਾਈਂ ਜਾਣਦੇ ਹਨ। ਵਿਛੋੜੇ ਦੇ ਹਿਰਦੇ ਅੰਦਰ ਪੜਦੇ ਪਏ ਹੋਏ ਸੀ ਓਹ ਦੂਰ ਹੋ ਗਏ ਆਪਣੇ ਹਿਰਦੇ ਦੇ ਅੰਦਰਹੀ ਵਾਹਿਗੁਰੂ ਨੂੰ ਆਇਆ ਹੋਇਆ ਵਿਚਾਰ ਲਿਆ। ਵਾਹਿਗੁਰੂ ਦਾ ਰੂਪ ਸੰਸਾਰ ਹੈ ਅਤੇ ਸੰਸਾਰ ਦਾ ਰੂਪ ਵਾਹਿਗੁਰੂ ਹੈ ਈਕੁਰ ਵਾਹਿਗੁਰੂ ਦੇ ਵਿਚਾਰ ਦੀ ਓਟ ਲੈਕੇ ਇਕੋ ਨੂੰ ਹੀ ਜਾਣਦੇ ਹਨ। (ਸਰੀਰ) ਬ੍ਰਹਮੰਡ ਵਿਚ ਅਤੇ ਬ੍ਰਹਮੰਡ ਪਿੰਡ ਵਿਚ ਸੂਤ ਦੇ ਤਾਣੇ ਪੇਟੇ ਵਾਂਕੁਰ ਏਹ ਅਭੇਦਤਾ ਜਾਣਦੇ ਹਨ। ਅਕਾਲ ਪੁਰਖ ਦੀ ਜੋਤ ਨਾਲ ਜੋਤ ਮਿਲੀ ਹੋਈ ਹੁੰਦੀ ਹੈ ਇਹ ਸਾਰੀ ਬ੍ਰਹਮ ਗਯਾਨੀ ਦੀ (ਗੋਤ) (ਮੰਗਯਾ) ਜਾਤ ਹੈ।

ਕਬਿਤ—ਚਰਨ ਸ਼ਰਨ ਗੁਰ ਧਾਵਤ ਬਰਜ ਰਾਖੇ, ਨਿਹਚਲ ਚਿਤ ਸੁਖ ਸਹਜ ਨਿਵਾਸ ਹੈ ॥ ਜੀਵਨ ਕੀ ਆਸਾ ਅਰੁ ਮਰਨ ਕੀ ਚਿੰਤਾ ਮਿਟੀ, ਜੀਵਨ ਮੁਕਤਿ ਗੁਰਮਤਿ ਕੇ ਪ੍ਰਗਾਸ ਹੈ ॥ ਆਪਾ ਖੋਇ ਹੋਨਹਾਰ ਹੋਇ ਸੋਈ ਭਲੋ ਮਾਨੈ, ਸੇਵਾ ਸਰਬਾਤਮ ਕੈ ਦਾਸਨ ਕੋ ਦਾਸ ਹੈ ॥ ਸ੍ਰੀ ਗੁਰ ਦਰਸ ਸਬਦ ਬ੍ਰਹਮ ਗਯਾਨ ਧਯਾਨ, ਪੂਰਨ ਸਰਬ ਮਈ ਬ੍ਰਹਮ ਬਿਸ੍ਵਾਸ ਹੈ ॥ ੨੮੧ ॥

ਜੇਹੜੇ (ਇੰਦ੍ਰੇ) ਪਹਿਲੇ ਵਿਸ਼ਿਆਂ ਵਲ (ਧਾਵਤ) ਦੌੜਦੇ ਸੀ ਓਹ ਗੁਰਾਂ ਦੇ ਚਰਨਾਂ ਦੀ ਸ਼ਰਨ ਆਕੇ ਇਸਥਿਤ ਹੋਕੇ ਅਟਲ ਸੁਖ ਵਿਚ ਨਿਵਾਸ ਕਰਦੇ ਹਨ। ਬਹੁਤਾ ਜੀਊਣ ਦੀ ਆਸ਼ਾ ਅਤੇ ਮਰਨ ਦੀ ਚਿੰਤਾ ਦੂਰ ਹੋ ਗਈ ਜਦ ਪੂਰੇ ਗੁਰਾਂ ਦੀ ਸਿਖਿਆ ਦਾ ਪ੍ਰਕਾਸ਼ ਹੋਇਆ। ਹੰਕਾਰ ਨੂੰ ਦੂਰ ਕਰਕੇ ਜੋ ਕੁਝ ਵਾਹਿਗੁਰੂ ਦਾ ਭਾਣਾ ਹੋਣਾ ਹੈ ਤਿਸ ਨੂੰ ਹੀ ਭਲਾ ਮੰਨਦੇ ਹਨ ਸੇਵਾ ਕਰਕੇ ਦਾਸਾਂ ਦੇ ਦਾਸ ਹੋਏ ਹਨ। ਗੁਰਾਂ ਦਾ ਦਰਸ਼ਨ ਕਰਨ ਨਾਲ ਜੋ ਵਾਹਿਗੁਰੂ ਸਾਰੇ ਜੀਵਾਂ ਦਾ ਰੂਪ ਹੋ ਰਿਹਾ ਹੈ ਓਸਦਾ ਧਯਾਨ ਹੋਇਆ ਅਤੇ ਗੁਰਾਂ ਦੇ ਉਪਦੇਸ਼ ਸੁਣਨ ਵਿਚ ਭਰੋਸਾ ਕਰਨ ਨਾਲ ਵਾਹਿਗੁਰੂ ਦਾ ਗਯਾਨ ਹੋਇਆ।

ਕਬਿਤ—ਗੁਰਮੁਖ ਸੁਖ ਫਲ ਕਾਮ ਨਿਹਕਾਮ ਕੀਨੇ, ਗੁਰਮੁਖ ਉਦਮ ਨਿਰੁੱਦਮ ਉਕੱਤਿ ਹੈ ॥ ਗੁਰਮੁਖ ਮਾਰਗ ਹ੍ਵੈ ਦੁਬਿਧਾ ਭਰਮ ਖੋਇ, ਚਰਨ ਸ਼ਰਨ ਗਹੇ ਨਿਹਚਲ ਮੱਤਿ ਹੈ॥ ਦਰਸਨ ਪਰਸਤ ਆਸਾ ਮਨਸਾ ਥਕਤ, ਸਬਦ ਸੁਰਤਿ ਗਯਾਨ ਪ੍ਰਾਨ ਪ੍ਰਾਨਪਤਿ ਹੈ॥ ਰਚਨਾ ਚਰਿੱਤ੍ਰ ਚਿੱਤ੍ਰ ਬਿਸਮ ਬਚਿੱਤ੍ਰਪਨ, ਚਿੱਤ੍ਰ ਮੈ ਚਿਤੇਰਾ ਕੋ ਬਸੇਰਾ ਸੱਤਿ ਸੱਤਿ ਹੈ॥ ੨੯੨ ॥

ਗੁਰਮੁਖਾਂ ਨੇ ਗਯਾਨ ਵਾਸਤੇ ਨਿਸ਼ਕਾਮ ਕੰਮ ਕੀਤੇ, ਮਾੜੇ ਉਦਮ ਕਰਨ ਤੋਂ ਬਿਨਾਂ ਹੋਏ ਅਤੇ ਮੁਖੋਂ ਮਾੜੀ ਬਾਣੀ ਨਹੀਂ ਉਚਾਰਦੇ ਹਨ। ਗੁਰਮੁਖਾਂ ਦੇ ਰਸਤੇ ਵਿਚ ਜਾਕੇ ਦਵੈਤ ਭਾਉ ਤੇ ਭ੍ਰਮ ਨੂੰ ਦੂਰ ਕੀਤਾ ਅਤੇ ਜਦ ਗੁਰਾਂ ਦੇ ਚਰਨਾਂ ਦੀ ਸ਼ਰਨ ਪਕੜੀ ਤਾਂ ਮਤਿ ਇਸਥਿਤ ਹੋ ਗਈ। ਗੁਰਾਂ ਦਾ ਦਰਸ਼ਨ ਕੀਤਾ ਤਾਂ ਆਸਾ ਬੁਧੀ ਦੀਆਂ ਵਾਸ਼ਨਾਂ ਥਕ ਗਈਆਂ ਅਤੇ ਗੁਰਾਂ ਦੇ ਸ਼ਬਦ ਵਿਚ ਹਛੀ ਪ੍ਰੀਤੀ ਕੀਤੀ ਤਾਂ ਵਾਹਿਗੁਰੂ ਦਾ ਪ੍ਰਾਣਾਂ ਵਿਚ ਗਯਾਨ ਹੋਇਆ। ਸੰਸਾਰ ਰੂਪੀ ਰਚਨਾਂ ਦੀ ਬਨਾਵਟ ਬਹੁਤ ਤਰਾਂ ਦੀ ਅਸਚਰਜ ਹੈ ਜੀਕੂੰ ਚਿਤ੍ਰਕਾਰੀ ਵਿਚ ਖਿਤ੍ਰਨ ਵਾਲੇ ਦਾ ਧਿਆਨ ਹੁੰਦਾ ਹੈ ਈਕੂੰ ਚਿਤ੍ਰਕਾਰੀ ਵਿਚ ਵਾਹਿਗੁਰੂ ਦਾ ਵਾਸਾ ਹੈ।

ਕਬਿਤ—ਸ੍ਰੀ ਗੁਰ ਸਬਦ ਸੁਨ ਸ੍ਰਵਨ ਕਪਾਟ ਖੁਲੇ, ਨਾਦੈ ਮਿਲਿ ਨਾਦ ਅਨਹਦ ਲਿਵਲਾਈ ਹੈ ॥ ਗਾਵਤ ਸਬਦ ਰਸ ਰਸਨਾ ਰਸਨਾਇਕ ਕੈ, ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ॥ ਹਿਰਦੈ ਨਿਵਾਸ ਗੁਰਸਬਦ ਨਿਧਾਨ ਗਯਾਨ, ਧਾਵਤ ਬਰਜ ਉਨਮਨ ਸੁਧ ਪਾਈ ਹੈ॥ ਸਬਦ ਅਵੇਸ ਪਰਮਾਰਥ ਪ੍ਰਵੇਸ ਧਾਰ, ਦਿਬ ਦੇਹ ਦਿੱਬ ਜੋਤਿ ਪ੍ਰਗਟ ਦਿਖਾਈ ਹੈ॥ ੨੯੩ ॥

ਗੁਰਾਂ ਦੇ ਸ਼ਬਦ ਨੂੰ ਕੰਨਾਂ ਨਾਲ ਸੁਣਿਆਂ ਤਾਂ ਜੜ੍ਹਤਾ ਰੂਪੀ ਬੂਹੇ ਖੁਲ੍ਹ ਗਏ ਅਤੇ ਗੁਰਾਂ ਦੇ ਸ਼ਬਦ ਦੀ ਆਵਾਜ਼ ਨਾਲ ਆਪਣੀ ਆਵਾਜ਼ ਨੂੰ ਮਿਲਾਇਆ ਤਾਂ ਇਕ ਰਸ ਬ੍ਰਿਤੀ ਵਾਹਿਗੁਰੂ ਵਿਚ ਲਗ ਗਈ। ਜੇਹੜਾ ਸਿਖ ਰਸਨਾਂ ਜੋ ਰਸਾਂ ਦਾ ਘਰ ਹੈ ਉਸ ਕਰਕੇ ਪ੍ਰੇਮ ਨਾਲ ਗੁਰਾਂ ਦੇ ਸ਼ਬਦ ਨੂੰ ਗਾਉਂਦਾ ਹੈ ਉਸ ਨੂੰ ਇਕ ਰਸ ਵਾਹਿਗੁਰੂ ਦੇ ਅਨੰਦ ਦੀ ਬਾਹਲੀ ਸਾਰੀ ਧਾਰਾ ਭਠੀ (ਬੁਧੀ) ਵਿਚ ਚੋ ਆਉਂਦੀ ਹੈ ਗੁਰ ਸ਼ਬਦ ਦੇ ਗਯਾਨ ਖਜਾਨੇ ਨੂੰ ਹਿਰਦੇ ਵਿਚ ਟਿਕਾਨਾ ਦਿਤਾ ਤਦ ਦੌੜਦੇ ਮਨ ਨੂੰ ਰੋਕ ਕੇ ਤੁਰੀਆ ਪਦ (ਵਾਹਿਗੁਰੂ ਦੇ ਅਨੰਦ) ਦੀ ਖਬਰ ਪਾ ਲਈ। ਗੁਰ ਸਬਦ ਵਿਚ ਮਨ ਨੂੰ ਲਾ ਕੇ ਵਾਹਿਗੁਰੂ ਦੇ ਅਨੰਦ ਵਿਚ ਪ੍ਰਵੇਸ਼ ਕਰਨ ਦੀ ਦਲੀਲ ਧਾਰੀ ਤਾਂ ਫਿਰ

ਇਸ ਮਨੁਖਾ ਦੇਹ ਸੋਹਣੀ ਜਿਹੀ ਵਿਚ ਹੀ ਪ੍ਰਕਾਸ ਰੂਪ ਵਾਹਿਗੁਰੂ ਨੇ ਪ੍ਰਗਟ ਹੀ ਦਿਖਾਈ ਦਿਤੀ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ, ਪ੍ਰੇਮ ਕੈ ਪਰਸ ਪਰ ਪੂਰਨ ਪ੍ਰਗਾਸ ਹੈ॥ ਦਰਸ ਅਨੂਪ ਰੂਪ ਰੰਗ ਅੰਗ ਅੰਗ ਛਬਿ, ਹੇਰਤ ਹਿਰਾਨੈ ਦ੍ਰਿਗ ਬਿਸਮ ਬਿਸ੍ਵਾਸ ਹੈ॥ ਸ਼ਬਦ ਨਿਧਾਨ ਅਨਹਦ ਰੁਨ ਝੁਨ ਧੁਨਿ, ਸੁਨਤ ਸੁਰਤਿ ਮਤਿ ਹਰਨ ਅਭ੍ਯਾਸ ਹੈ॥ ਦ੍ਰਿਸ਼ਟਿ ਦਰਸ ਅਤ ਸਬਦ ਸੁਰਤਿ ਮਿਲ, ਪਰਮਦ ਭੁਤ ਗਤਿ ਪੂਰਨ ਬਿਲਾਸ ਹੈ॥੨੯੪॥

ਗੁਰਾਂ ਦੇ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੀ ਵਡਾ ਹੈ ਆਪੋ ਵਿਚ ਦੀ ਪ੍ਰੇਮ ਕਰਕੇ ਵਾਹਿਗੁਰੂ ਦਾ ਪ੍ਰਕਾਸ਼ ਕਰਦੇ ਹਨ। ਗੁਰਾਂ ਦਾ ਦਰਸ਼ਨ ਬਹੁਤ ਹੀ ਸੁੰਦਰ ਹੈ ਜਿਸ ਦੀ ਕੋਈ ਉਪਮਾ ਨਹੀਂ ਅਤੇ ਸਰੀਰ ਦੇ ਅੰਗਾਂ ਅੰਗਾਂ ਦੀ ਬਹੁਤ ਸੋਭਾ ਹੈ ਉਸ ਨੂੰ ਨੇਤਰਾਂ ਨਾਲ ਆਪ ਵੇਖਦੇ ਹਨ ਅਤੇ ਹੋਰਨਾਂ ਨੂੰ ਵਿਖਾਉਂਦੇ ਹਨ ਅਤੇ ਅਸਚਰਜ ਭਰੋਸੇ ਵਾਲੇ ਬਣੇ ਰਹਿੰਦੇ ਹਨ। ਗੁਣਾਂ ਦੇ ਖਜਾਨੇ ਗੁਰਾਂ ਦੇ ਸ਼ਬਦ ਦੀ ਇਕ ਰਸ ਬਰੀਕ ਬਰੀਕ ਆਵਾਜ ਬ੍ਰਿਤੀ ਲਾ ਕੇ ਸੁਣਦੇ ਹਨ ਅਤੇ ਖੋਟੀ ਸਿਖਿਆ ਦੇ ਨਾਸ ਕਰਨ ਦਾ ਯਤਨ ਕਰਦੇ ਹਨ। ਗੁਰਮੁਖਾਂ ਦੀ ਦ੍ਰਿਸ਼ਟੀ ਗੁਰਾਂ ਦੇ ਦਰਸ਼ਨ ਵਿਚ ਅਤੇ ਬ੍ਰਿਤੀ ਸ਼ਬਦ ਵਿਚ ਮਿਲੀ ਬਹੁਤ ਹੀ ਅਸਚਰਜ ਪੂਰਨ ਅਨੰਦ ਦੀ ਪ੍ਰਾਪਤੀ ਵਾਲੇ ਹੋਏ।

ਕਬਿਤ—ਗੁਰਮੁਖਿ ਸੰਗਤ ਮਿਲਾਪ ਕੋ ਪ੍ਰਤਾਪ ਅਤਿ, ਪੂਰਨ ਪ੍ਰਗਾਸ ਪ੍ਰੇਮ ਕੈ ਪਰਸਪਰ ਹੈ॥ ਚਰਨ ਕਮਲ ਰਜ ਬਾਸਨਾ ਸੁਬਾਸ ਰਸ, ਸੀਤਲਤਾ ਕੋਮਲ ਕੋਟ ਨ ਸਮਸਰ ਹੈ॥ ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ, ਨਾਦ ਬਿਸਮਾਦ ਰਾਗ ਰਾਗਨੀ ਨ ਪਟਤਰ ਹੈ॥ ਨਿਝਰ ਅਪਾਰ ਧਾਰ ਅੰਮ੍ਰਿਤ ਨਿਧਾਨ ਪਾਨ, ਪਰਮਦ ਭੁਤ ਗਤਿ ਆਨ ਨਾਹੀ ਸਮਸਰ ਹੈ॥੨੯੫॥

ਗੁਰਮੁਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੀ ਵਡਾ ਹੈ। ਆਪੋ ਵਿਚ ਬਹੁਤ ਪ੍ਰੇਮ ਕਰਦੇ ਹਨ ਇਸ ਲਈ ਓਹਨਾਂ ਨੂੰ ਪੂਰਨ ਪ੍ਰਕਾਸ਼ ਹੋਇਆ ਹੈ। ਗੁਰਾਂ ਦੇ ਚਰਨਾਂ ਕਮਲਾਂ ਦੀ ਜੋ ਧੂੜੀ ਅਤੇ ਹਛੀ ਭਗਤੀ ਦੇ ਅਨੰਦ ਬਰਾਬਰ ਕਰੋੜਾਂ ਹੀ ਸੀਤਲ ਤਾਈਆਂ ਅਤੇ ਕੋਮਲ ਤਾਈਆਂ ਦੀ ਪੂਜਾ ਨਹੀਂ ਹੋ ਸਕਦੀ। ਸੁੰਦਰ ਰੂਪ ਕਰਕੇ ਜੋ ਉਪਮਾ ਤੋਂ ਰਹਿਤ ਰੂਪ ਵਾਲਾ ਵਾਹਿਗੁਰੂ ਹੈ ਅਤਿਅੰਤ ਹੀ ਅਸਚਰਜ ਸਰੂਪ

ਤਿਨਾਂ ਦੇ ਸ਼ਬਦ ਦੇ ਅਵਾਜ਼ ਦੇ ਅਨੰਦ ਅਸਚਰਜ ਬਰਾਬਰ ਰਾਗ ਰਾਗਨੀਆਂ ਵੀ ਨਹੀਂ ਹਨ ਵਾਹਿਗੁਰੂ ਦੇ ਨਾਮ ਅੰਮ੍ਰਿਤ ਦੇ (ਨਿਧਾਨ) ਖਜਾਨੇ ਦੀ ਜੋ ਬਹੁਤ ਹੀ ਇਕ ਰਸ ਧਾਰਾ ਵਗਦੀ ਹੈ ਉਸ ਨੂੰ (ਗੁਰਮੁਖ) ਪੀਂਦੇ ਹਨ ਅਤੇ ਅਸਚਰਜ ਰੀਤੀ ਵਾਲੇ ਹੋਏ ਹਨ ਬਰਾਬਰ ਦੀ ਉਪਮਾ ਦੇਣ ਨੂੰ ਹੋਰ ਕੋਈ ਨਹੀਂ ਹੈ।

ਕਬਿਤ—ਨਵਨ ਗਵਨ ਜਲ ਸੀਤਲ ਅਮਲ ਜੈਸੇ, ਅਗਨਿ ਉਰਧ ਮੁਖ ਤਪਤ ਮਲੀਨ ਹੈ ॥ ਬਰਨ ਬਰਨ ਮਿਲ ਸਲਿਲ ਬਰਨ ਸੋਈ, ਸ੍ਯਾਮ ਅਗਨਿ ਸਰਬ ਬਰਨ ਛਬਿ ਛੀਨ ਹੈ ॥ ਜਲ ਪ੍ਰਤਿ ਪਾਲਕ ਪ੍ਰਫੁਲਤ ਬਨਾਸਪਤੀ, ਅਗਨਿ ਪਰ ਦਗਧ ਕਰਤ ਸੁਖ ਹੀਨ ਹੈ ॥ ਤੈਸੇ ਹੀ ਅਸਾਧ ਸਾਧ ਸੰਗਮ ਸੁਭਾਵ ਗਤਿ, ਗੁਰਮਤਿ ਦੁਰਮਤਿ ਸੁਖ ਦੁਖ ਦੀਨ ਹੈ ॥ ੨੯੬ ॥

ਪਾਨੀ ਨੀਵੀਂ ਜਗ੍ਹਾ ਦੇ ਜਾਣ ਕਰ ਕੇ ਠੰਢਾ ਅਤੇ ਪਵਿਤ੍ਰ ਹੁੰਦਾ ਹੈ। ਅੱਗ ਉਚਾ ਮੂੰਹ ਕਰ ਕੇ ਬਲਨ ਵਾਲੀ ਹੋ ਕੇ ਤਤੀ ਅਤੇ ਮੈਲੀ ਹੁੰਦੀ ਹੈ। ਰੰਗ ਰੰਗ ਵਿਚ ਮਿਲ ਕੇ ਪਾਨੀ ਸੋਈ ਰੰਗ ਹੁੰਦਾ ਹੈ ਲਾਲ ਵਿਚ ਪਾਈਏ ਤਾਂ ਲਾਲ, ਕਾਲੇ ਵਿਚ ਪਾਈਏ ਤਾਂ ਕਾਲਾ ਹੁੰਦਾ ਹੈ। ਅਗ ਸਾਰਿਆਂ ਰੰਗਾਂ ਦੀ ਸ਼ੋਭਾ ਨੂੰ ਨਾਸ ਕਰਕੇ ਕਾਲਿਆਂ ਕਰਦੀ ਹੈ, ਪਾਨੀ ਬੂਟਿਆਂ ਨੂੰ ਪਾਲਣ ਵਾਲਾ ਤੇ ਖਿੜਾਉਣ ਵਾਲਾ ਹੁੰਦਾ ਹੈ ਅਤੇ ਅੱਗ ਸਾਰਿਆਂ ਬੂਟਿਆਂ ਨੂੰ ਚੰਗੀ ਤਰਾਂ ਸਾੜ ਕੇ ਸੁਖਾਂ ਤੋਂ ਬਿਨਾਂ ਕਰਨ ਵਾਲੀ ਹੈ। ਮਾੜਿਆਂ ਸਾਧੂਆਂ ਦੇ ਸੰਗ ਕਰਨ ਨਾਲ ਖੋਟੀ ਸਿਖਿਆ ਤੇ ਦੁਖ ਦੇ ਸੁਭਾਵ ਨੂੰ ਪ੍ਰਾਪਤ ਹੋਈਦਾ ਹੈ ਤੇ ਸਾਧੂਆਂ ਦਾ ਸੰਗ ਕਰਨ ਨਾਲ ਹਛੀ ਸਿਖਿਆ ਤੇ ਸੁਖ ਪ੍ਰਾਪਤ ਹੁੰਦਾ ਹੈ। ਗੁਰਮੁਖਾਂ ਮਨਮੁਖਾਂ ਦੇ ਗੁਣ ਔਗੁਣ ਵਰਨਨ ਕਰਦੇ ਹਨ—

ਕਬਿਤ—ਕਾਮ, ਕ੍ਰੋਧ, ਲੋਭ, ਮੋਹ, ਅਹੰਮੇਵ ਕੈ ਅਸਾਧ, ਸਾਧ ਸਤ ਧਰਮ ਦਯਾਰਥ ਸੰਤੋਖ ਕੈ ॥ ਗੁਰਮਤਿ ਸਾਧ ਸੰਗ ਭਾਵਨੀ ਭਗਤਿ ਭਾਇ, ਦੁਰਮਤਿ ਕੈ ਅਸਾਧ ਸੰਗ ਦੁਖ ਦੋਖ ਕੈ ॥ ਜਨਮ ਮਰਨ ਗੁਰ ਚਰਨ ਸਰਨ ਬਿਨ, ਮੋਖ ਪਦ ਚਰਨ ਕਮਲ ਚਿਤ ਚੋਖ ਕੈ ॥ ਗ੍ਯਾਨ ਅੰਸ ਹੰਸ ਗਤਿ ਗੁਰਮੁਖ ਬੰਸ ਬਿਖੈ, ਦੁਕ੍ਰਿਤ ਸੁਕ੍ਰਿਤ ਖੀਰ ਨੀਰ ਸੋਖ ਪੋਖਕੈ ॥ ੨੯੭ ॥

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕਰ ਕੇ ਅਸਾਧ ਹੁੰਦੇ ਹਨ ਸਾਧੂ ਸਤ ਸੰਤੋਖ, ਦਯਾ, ਧਰਮ ਅਰਥ ਦੇ ਪ੍ਰਯੋਜਨ ਨੂੰ ਧਾਰਨਾ ਕਰਦੇ ਹਨ। ਸਤਿਗੁਰਾਂ ਦੀ ਸਿਖਿਆ ਨਾਲ ਸਰਧਾ ਪ੍ਰੇਮਾ ਭਗਤੀ ਨੂੰ ਧਾਰਨ ਕਰਦੇ ਹਨ ਮਾੜੇ ਸੰਤ ਖੋਟੀ ਸਿਖਿਆ ਕਰਕੇ

ਦੋਖਾਂ ਦੇ ਸੰਗੀ ਹੋ ਕੇ ਹੋਰਨਾਂ ਵਿਚ ਵੀ ਦੂਸ਼ਨ ਅਰੋਪਨ ਕਰਦੇ ਹਨ। (ਦੋਖ) ਲਾਕੇ ਮਾੜੇ ਸਾਧੂਆਂ ਨੂੰ ਗੁਰਾਂ ਦੀ ਚਰਨ ਸ਼ਰਨ ਤੋਂ ਬਿਨਾਂ ਜਨਮ ਮਰਨ ਦਾ ਦੁਖ ਹੁੰਦਾ ਹੈ ਅਤੇ ਸਾਧੂਆਂ ਨੂੰ ਗੁਰਾਂ ਦੇ ਚਰਨਾਂ ਕਮਲਾਂ ਵਿਚ ਚਿਤ ਮੋਖ ਪਦਵੀ ਪ੍ਰਾਪਤ ਹੁੰਦੀ ਹੈ। ਗੁਰਮੁਖਾਂ ਦੀ ਸੰਤਾਨ ਵਿਚ ਤਾਂ ਹੰਸ ਵਾਕਰ ਮੋਤੀ ਗੁਣ ਗਜਾਨ ਅੰਸ ਲੈਣ ਦੀ ਮਰਯਾਦਾ ਹੈ। ਗੁਰਮੁਖਾਂ ਦੀ ਬੰਸ ਪਾਪਾਂ ਨੂੰ ਦੂਰ ਕਰਕੇ ਪੁੰਨਾਂ ਦੀ ਪਾਲਨਾਂ ਕਰਦੀਹੈ।

ਗੁਰਮੁਖਾਂ ਦੀ ਨਿਮ੍ਰਤਾ ਕਹਿੰਦੇ ਹਨ:-

ਕਬਿਤ—ਝਗਰੋ ਮਿਟਤ ਰੋਸ, ਮਾਹੇ ਸੈਂ ਰਸਾਇਨ ਹ੍ਵੈ, ਪੋਟ ਡਾਰੇ ਲਾਗਤ ਨ ਡੰਡੁ ਜਗ ਜਾਨੀਐ ॥ ਹੌਮੈ ਅਭਿਮਾਨ ਅਸਥਾਨ ਊਚੇ ਨਾਹਿ ਜਲ, ਨਿਮਤ ਨਵਨ ਥਲ ਜਲ ਪਹਿਚਾਨੀਐ ॥ ਅੰਗ ਸਰਬੰਗ ਤਰਹ ਰਹੋਤ ਹੈ ਚਰਨ, ਤਾਂਤੇ ਚਰਨਾਂਮ੍ਰਿਤ ਚਰਨ ਰੇਨ ਮਾਨੀਐ ॥ ਤੈਸੇ ਹਰਿ ਭਗਤ ਜਗਤ ਮੈ ਨਿਮਰੀਭੂਤ, ਜਗ ਪਗ ਲਗ ਮਸਤਕ ਪਰਵਾਨੀਐ॥੨੯੮॥

ਹਾਰ ਮੰਨੀ ਜਾਵੇ ਤਾਂ ਝਗੜਾ ਦੂਰ ਹੋ ਜਾਂਦਾ ਹੈ ਅਤੇ ਗੁਸਾ ਮਾਰਨ ਨਾਲ ਰਸ਼ਾਂ ਦੇ ਘਰ ਮੇਲ ਹੁੰਦਾ ਹੈ ਮਸੂਲ ਵਾਲੀ ਪੰਡ ਸੁਟ ਦਈਏ ਤਾਂ (ਰਾਜੇ) ਮਸੂਲੀਏ ਦਾ ਮਸੂਲ ਨਹੀਂ ਲਗਦਾ ਇਸ ਗਲ ਨੂੰ ਪ੍ਰਗਟ ਹੀ ਜਗ ਜਾਣਦਾ ਹੈ। ਹੰਗਤਾ ਹੰਕਾਰ ਕਰਨ ਵਾਲੇ ਉਚੇ ਥਾਂ ਵਾਕੁਰ ਹਨ। ਉਚੇ ਥਾਂ ਪਾਨੀ ਨਹੀਂ ਖੜ੍ਹੋਂਦਾ ਅਤੇ ਨੀਵੀਂ ਜਗ੍ਹਾ ਦੇ ਥਲ ਵਿਚ ਪਾਣੀ ਆ ਜਾਂਦਾ ਜਾਣੀਦਾ ਹੈ। ਸ਼ਰੀਰ ਦੇ ਸਾਰੇ ਅੰਗਾਂ ਵਿਚੋਂ ਇਕ ਚਰਨ ਅੰਗ ਨੀਵਾਂ ਰਹਿੰਦਾ ਹੈ ਇਸ ਵਾਸਤੇ ਚਰਨਾਂ ਦਾ ਅੰਮ੍ਰਿਤ ਅਤੇ ਧੂੜੀ ਉਤਮ ਮੰਨਦੇ ਹਨ। ਵਾਹਿਗੁਰੂ ਦੇ ਗੁਰਮੁਖ ਜਗਤ ਵਿਚ ਨਿਮਰਤਾ ਦਾ ਰੂਪ ਹਨ ਇਹਨਾਂ ਗੁਰਮੁਖਾਂ ਦੇ ਪੈਰਾਂ ਨੂੰ ਮਥਾ ਲਾਕੇ ਜਗਤ ਆਪਣੇ ਆਪ ਨੂੰ ਪ੍ਰਵਾਨਨੀਕ ਗਿਣਦਾ ਹੈ।

ਨਿਮ੍ਰਤਾ ਦਾ ਮਹਾਤਮ:-

ਕਬਿਤ—ਪੂਜੀਐ ਨ ਸੀਸ ਈਸ ਊਚੇ ਦੇਹੀ ਮੈ ਕਮਾਵੈ, ਪੂਜੀਐ ਨ ਲੋਚਨ ਦ੍ਰਿਸਟਿ ਦ੍ਰਿਸਟਾਂਤ ਕੈ ॥ ਪੂਜੀਐ ਨ ਸ੍ਰਵਨ ਸੁਰਤਿ ਸਨਬੰਧ ਕਰ, ਪੂਜੀਐ ਨ ਨਾਸਕਾ ਸੁਬਾਸ ਸ੍ਵਾਸ ਕ੍ਰਾਂਤ ਕੈ ॥ ਪੂਜੀਐ ਨ ਮੁਖ ਸ੍ਵਾਦ ਸਬਦ ਸੰਜੁਗਤਿ ਕੈ, ਪੂਜੀਐ ਨ ਹਸਤ ਸਕਲ ਅੰਗ ਪਾਂਤ ਕੈ ॥ ਦ੍ਰਿਸਟਿ ਸਬਦ ਸੁਤਿ ਗੰਧ ਰਸ ਰਹਤ ਹ੍ਵੈ, ਪੂਜੀਐ ਪਦਾਰ ਬਿੰਦ ਨਵਨ ਮਹਾਂਤ ਕੈ ॥ ੨੯੯॥

ਪੂਜੀਦਾ ਨਹੀਂ ਸਿਰ, (ਈਸਰ)ਉਚਾ ਦੇਹੀ ਵਿਚ ਕਹਾਉਣ ਤੋਂ ਪੂਜੀ ਦੇ ਨਹੀਂ

ਨੇਤਰ ਨਜ਼ਰ ਕਰਕੇ ਵੇਖਣ ਨਾਲ। ਪੂਜੀ ਦੇ ਨਹੀਂ ਕੰਨ, ਹਛਾ ਸੁਣਨ ਦੇ ਮਾਣ ਕਰਨ ਨਾਲ। ਪੂਜੀਦੀ ਨਹੀਂ ਨਾਸਕਾ ਹੱਛੀ ਵਾਸ਼ਨਾ ਨੂੰ ਸੁਆਸ ਨਾਲ ਲੈਣ ਕਰ ਕੇ। ਪੂਜੀਦਾ ਨਹੀਂ ਮੂੰਹ ਚੰਗੇ ਚੰਗੇ ਪਦਾਰਥਾਂ ਦੇ ਸੁਆਦ ਅਤੇ ਚੰਗੇ ੨ (ਸਬਦ) ਬੋਲਾਂ ਦੇ ਨਾਲ ਹੋ ਕੇ। ਸਾਰੇ ਅੰਗਾਂ ਦੇ ਧੋਣ ਕਰ ਕੇ, ਹਥਾਂ ਦੀ ਪੂਜਾ ਨਹੀਂ ਹੁੰਦੀ। ਨਜ਼ਰ, ਬੋਲ, ਸ੍ਰੋਤ ਸੁਗੰਧੀ, ਰਸ ਤੋਂ ਰਹਿਤ ਹੋਇ ਹੋਏ, ਚਰਨ ਕਮਲ ਨਿਮਰਤਾ ਦੇ ਮਹਾਤਮ ਕਰ ਕੇ ਪੂਜੀਦੇ ਹਨ।

ਕਬਿਤ—ਨਵਨ ਗਵਨ ਜਲ ਨਿਰਮਲ ਸੀਤਲ ਹ੍ਵੈ, ਨਵਨ ਬਸੁੰਧਰਾ ਸਰਬ ਰਸ ਰਾਸ ਹੈ॥ ਊਰਧ ਤਪੱਸਯਾ ਕੈ ਸ੍ਰੀ ਖੰਡ ਬਾਸ ਬਹੈ ਬਨ, ਨਵਨ ਸਮੁੰਦ੍ਰ ਹੇਤ ਰਤਨ ਪ੍ਰਗਾਸ ਹੈ॥ ਨਵਨ ਗਵਨ ਪਗ ਪੂਜੀਅਤ ਜਗਤ ਮੈ, ਚਾਹੇ ਚਰਨਾਂਮ੍ਰਿਤ ਚਰਨ ਰਜ ਤਾਸ ਹੈ॥ ਤੈਸੇ ਹਰਿ ਭਗਤ ਜਗਤ ਮੈ ਨਿਮਰੀ ਭੂਤ, ਕਾਮ ਨਿਹਕਾਮ ਧਾਮ ਬਿਸਮ ਬਿਸ੍ਵਾਸ ਹੈ॥ ੨੯੦॥

ਨੀਵੀਂ ਜਗ੍ਹਾ ਦੇ ਚਲਣ ਕਰ ਕੇ ਪਾਣੀ ਨਿਰਮਲ ਤੇ ਠੰਢਾ ਹੈ ਅਤੇ ਨੀਵੀਂ ਧਰਤੀ ਹੋਈ ਤਾਂ ਸਾਰੇ ਰਸਾਂ ਦੀ ਖਾਣੀ ਬਣੀ। ਉਚਾ ਖੜੋ ਕੇ ਤਪ ਕਰਦਾ ਹੈ ਇਸ ਲਈ ਬਾਵਨ ਚੰਦਨ ਸਾਰੇ ਬਣ ਨੂੰ ਵਾਸ਼ਨਾ ਪਹੁੰਚਾ ਕੇ ਸੁਗੰਧਤਾ ਵਾਲਾ ਕਰ ਦਿੰਦਾ ਹੈ ਅਤੇ ਸਮੁੰਦਰ ਨੀਵਾਂ ਹੋਣ ਕਰਕੇ ਰਤਨਾਂ ਦਾ ਪ੍ਰਕਾਸ਼ ਕਰਦਾ ਹੈ। ਸਰੀਰ ਦੇ ਸਾਰੇ ਅੰਗਾਂ ਵਿਚੋਂ ਪੈਰ ਨੀਵੇਂ ਚਲਦੇ ਹਨ ਇਸ ਲਈ ਜਗਤ ਵਿਚ ਪੂਜੀਦੇ ਹਨ। ਅਤੇ ਲੋਕੀਂ ਤਿਨਾਂ ਚਰਨਾਂ ਦੇ ਚਰਨਾਂਮ੍ਰਿਤ ਤੇ ਚਰਨ ਧੂੜ ਨੂੰ ਚਾਹੁੰਦੇ ਹਨ। ਵਾਹਿਗੁਰੂ ਦੇ ਭਗਤ ਜਗਤ ਵਿਚ ਨਿੰਮ੍ਰਤਾ ਦਾ ਰੂਪ ਹੋਏ ਅਤੇ ਪਦਾਰਥਾਂ ਦੀਆਂ ਕਾਮਣਾਂ ਤੋਂ ਨਿਸ਼ਕਾਮ ਹੋਕੇ ਘਰ ਵਿਚ ਹੀ ਅਸਚਰਜ ਭਰੋਸੇ ਵਾਲੇ ਹੋਏ।

ਕਬਿਤ—ਸਬਦ ਸੁਰਤਿ ਲਿਵਲੀਨ ਜਲ ਮੀਨ ਗਤਿ, ਸੁਖਮਨਾ ਸੰਗਮ ਹ੍ਵੈ ਉਲਟ ਪਵਨ ਕੈ॥ ਬਿਸਮ ਬਿਸ੍ਵਾਸ ਬਿਖੈ ਅਨਭੈ ਅਭ੍ਯਾਸ ਰਸ, ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ॥ ਸਬਦ ਕੈ ਅਨਹਦ ਸੁਰਤਿ ਕੈ ਉਨਮਨੀ, ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ॥ ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ, ਦਸਮ ਸਥਲ ਨਿਹਕੇਵਲ ਭਵਨ ਕੈ॥ ੨੯੧॥

ਪਾਣੀ ਨਾਲ ਮੱਛੀ ਪ੍ਰੀਤੀ ਕਰਦੀ ਹੈ ਗੁਰਸਬਦ ਨਾਲ ਗੁਰਮੁਖ ਬ੍ਰਿਤੀ ਲਾਕੇ ਪ੍ਰੀਤੀ ਕਰਦੇ ਹਨ ਸੁਆਸਾਂ ਨੂੰ (ਰੋਕਕੇ) ਸੁਖਮਨਾ ਨਾੜੀ ਦੇ ਸਾਥੀ ਹੋਏ ਹਨ। ਅਸਚਰਜ

ਭਰੋਸੇ ਵਿਚ ਨਿੱਡਰ ਹੋਕੇ ਅਭਯਾਸ ਕਰਕੇ ਸ੍ਵਾਦ ਵਾਲਾ ਪ੍ਰੇਮ ਅੰਮ੍ਰਿਤ ਜੋ ਛੁਪਿਆ ਹੋਇਆ ਹੈ ਓਸ ਦੇ ਵਿਚ ਜਾ ਕੇ ਓਸਦੇ ਸ੍ਵਾਦ ਨੂੰ ਪੀਵੇ। ਸ਼ਬਦ ਨੂੰ ਇਕ ਰਸ ਸੁਰਤੀ ਤੇ ਪ੍ਰੇਮ ਕਰਕੇ ਵਿਚਾਰੇ ਅਤੇ ਵਾਹਿਗੁਰੂ ਦੀ ਇਕ ਰਸ ਧਾਰਾ ਨੂੰ ਸਹਿਜੇ ਹੀ ਲੈਣਾ ਕਰੇ। ਸਾਧ ਸੰਗਤ ਜੋ ਸੁਖਾਂ ਦਾ ਸਮੁੰਦਰ ਹੈ ਓਸ ਦੇ ਮਿਲਾਪ ਦਾ ਅਨੰਦ ਭੋਗਕੇ ਅਤੇ ਤਿੰਨੇ ਨਦੀਆਂ ਦੇ ਔਖੇ ਥਾਂ ਟੱਪਕੇ ਅਤੇ ਦਸਵੇਂ ਦੁਆਰ ਵਿਚ ਜਾਕੇ ਪਵਿਤ੍ਰ ਵਾਹਿਗੁਰੂ ਦੇ ਵਿਚ ਘਰ ਕੀਤਾ।

ਕਬਿਤ—ਜੈਸੇ ਜਲ ਜਲਜ ਔ ਜਲ ਦੁਧ ਸੀਲ ਮੀਨ, ਚਕਈ ਕਮਲ ਦਿਨਅਰ ਪ੍ਰਤਿ ਪ੍ਰੀਤ ਹੈ॥ ਦੀਪਕ ਪਤੰਗ ਅਲਿ ਕਮਲ ਚਕੋਰ ਸਸਿ, ਮ੍ਰਿਗ ਨਾਦ ਬਾਦ ਘਨ ਚਾਤ੍ਰਿਕ ਸੁਚੀਤ ਹੈ॥ ਨਾਰਿ ਔ ਭਤਾਰ ਸੁਤ ਮਾਤ ਜਲ ਤ੍ਰਿਖਾਵੰਤ, ਖੁਧਯਾਰਥਿ ਭੋਜਨ ਦਾਰਿਦ੍ਰ ਧਨ ਮੀਤ ਹੈ॥ ਮਾਯਾ ਮੋਹ ਦ੍ਰੋਹ ਦੁਖਦਾਈ ਨ ਸਹਾਈ ਹੋਤ, ਗੁਰਸਿਖ ਸੰਧਿ ਮਿਲੈ ਤ੍ਰਿਗੁਨ ਅਤੀਤ ਹੈ॥ ੨੯੨॥

ਜੇਹਾ ਕਿ ਕੌਲ ਫੁਲ ਦੀ ਪਾਣੀ ਨਾਲ। ਪਾਣੀ ਦੀ ਦੁਧ ਨਾਲ, ਮਛੀ ਦੀ ਠੰਡੇ ਪਾਣੀ ਨਾਲ, ਚਕਵੀ ਅਤੇ ਕੌਲ ਦੀ ਸੂਰਜ ਨਾਲ ਪ੍ਰੀਤੀ ਹੈ। ਦੀਵੇ ਨਾਲ ਪਤੰਗੇ ਜਾਨਵਰ ਦੀ ਕੌਲ ਫੁਲ ਨਾਲ ਭੌਰੇ ਦੀ। ਚੰਦ੍ਰਮਾਂ ਨਾਲ ਚਕੋਰ ਦੀ। ਵਾਜੇ ਦੀ ਆਵਾਜ਼ ਨਾਲ ਹਰਨ ਦੀ। ਬੱਦਲ ਨਾਲ ਪਪੀਹੇ ਦੀ (ਮਨ ਕਰ ਕੇ) ਪ੍ਰੀਤ ਹੈ। ਇਸਤਰੀ ਦੀ ਪਤੀ ਨਾਲ। ਮਾਤਾ ਦੀ ਪੁਤ੍ਰ ਨਾਲ। ਤਿਹਾਏ ਦੀ ਪਾਣੀ ਨਾਲ। ਭੁਖੇ ਦੀ ਅੰਨ ਨਾਲ। ਕੰਗਾਲ(ਸੂਮ)ਦੀ ਧਨ ਨਾਲ। ਮਿਤ੍ਰ ਵਾਂਕੁਰ ਪ੍ਰੀਤ ਏਹਨਾਂ ਵਸਤੂਆਂ ਨਾਲ ਓਹਨਾਂ ਦੀ ਬਹੁਤ ਪ੍ਰੀਤ ਹੁੰਦੀ ਹੈ। (ਦ੍ਰੋਹ) ਛਲ (ਭਾਵ ਜੋ ਜਾਨਵਰ ਪ੍ਰੀਤ ਕਰ ਕੇ ਜਾਨ ਦੇ ਦੇਂਦੇ ਹਨ) ਸਾਧ ਸੰਗਤ ਦੀ ਮਿਲੌਨੀ ਵਿਚ ਮਿਲੇ ਹਨ। ਤਿੰਨਾਂ ਗੁਣਾਂ ਰੂਪ ਸੰਸਾਰ ਦੇ ਦੁਖ ਤੋਂ ਰਹਿਤ ਹੋਏ ਹਨ।

ਕਬਿਤ—ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ, ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਨੇ ਹੈਂ॥ ਦ੍ਰਿਸਟਿ ਦਰਸ ਲਿਵ ਦੀਪਕ ਪਤੰਗ ਸੰਗ, ਸਬਦ ਸੁਰਤ ਮ੍ਰਿਗ ਨਾਦ ਹੈ ਹਰਾਨੇ ਹੈਂ॥ ਕਾਮ ਨਿਹਕਾਮ ਕ੍ਰੋਧਾ ਕ੍ਰੋਧ ਨਿਰਲੋਭ ਲੋਭ, ਮੋਹ ਨਿਰਮੋਹ ਅਹੰਮੇਵ ਹੂ ਲਜਾਨੇ ਹੈ॥ ਬਿਸਮੈ ਬਿਸਮ ਅਸਚਰਜ ਅਸਚਰਜ ਮੈ, ਅਦਭੁਤ ਪਰਮਦ ਭੁਤ ਅਸਥਾਨੇ ਹੈ॥ ੨੯੩॥

ਗੁਰਾਂ ਦੇ ਸਿਖ, ਗੁਰਾਂ ਦੇ ਚਰਨਾਂ ਦੀ ਧੂੜੀ ਦੇ ਅਨੰਦ ਵਿਚ ਲੁਭਾਇਮਾਨ

ਹੋਏ ਹਨ ਗੁਰਮੁਖ ਵਾਹਿਗੁਰੂ ਜੋ ਸਾਰਿਆਂ ਜੀਵਾਂ ਦੀ ਸਹਾਇਤਾ ਕਰਦਾ ਹੈ ਓਸ ਵਿਚ ਅੰਗ ਅੰਗ ਕਰ ਕੇ ਸਮਾ ਗਏ ਹਨ। ਜੀਕੁਰ ਪਤੰਗੇ ਜਾਨਵਰ ਦੀ ਦੀਵੇ ਨਾਲ ਪਰੀਤੀ ਹੁੰਦੀ ਹੈ ਈਕੁਰ ਹੀ ਗੁਰਦਰਸ਼ਨ ਵਿਚ ਗੁਰਮੁਖਾਂ ਦੇ ਨੇਤਰਾਂ ਦੀ ਦ੍ਰਿਸ਼ਟੀ ਲਗੀ ਹੋਈ ਹੈ। ਜੀਕੁਰ ਹਰਨ ਅਵਾਜ਼ ਨੂੰ ਸੁਣ ਕੇ ਹੈਰਾਨ ਹੁੰਦਾ ਹੈ ਈਕੁਰ ਹੀ ਗੁਰਾਂ ਦੇ ਸ਼ਬਦ ਵਿਚ ਕੰਨ ਲਾ ਕੇ ਗੁਰਮੁਖ ਮਸਤ ਹੋਏ ਹਨ। ਕਾਮ ਦੀ ਇਛਾ ਤੋਂ, ਗੁਸੇ ਤੋਂ, ਲਾਲਚ ਤੋਂ, ਪਜਾਰ ਤੋਂ, ਅਤੇ ਹੰਕਾਰ ਤੋਂ ਵੀ ਲਜਿਆ ਕਰਦੇ ਹਨ ਵਿਸ਼ਿਆਂ ਨੂੰ ਜਿਤਣ ਕਰ ਕੇ ਅਤੇ ਗੁਰ ਚਰਨ ਵਿਚ ਪ੍ਰੀਤੀ ਕਰਕੇ, ਸਾਰੇ ਵਿਸ਼ੇ ਵਸ ਹੋ ਗਏ ਅਤੇ ਸਤਿਸੰਗਤ ਵਿਚ ਬਿਸ੍ਰਾਮ ਕੀਤਾ।

—ਗੁਰਾਂ ਦੇ ਦਰਸ਼ਨ ਦਾ ਪਰਤਾਪ—

ਕਬਿਤ—ਦਰਸਨ ਜੋਤਿ ਕੋ ਉਦੋਤ ਸੁਖ ਸਾਗਰ ਮੈ ਕੋਟ ਕੋ ਸਤਤਿ ਛਬਿ, ਤਿਲ ਕੇ ਪ੍ਰਗਾਸ ਹੈ॥ ਕਿੰਚਤ ਕ੍ਰਿਪਾ ਕੋਟਿਕ ਕਮਲਾ ਕਲਪਤਰ, ਮਧੁਰ ਬਚਨ ਮਧੁ ਕੋਟਿਕ ਬਿਲਾਸ ਹੈ॥ ਮੰਦ ਮੁਸਕਾਨਿ ਬਾਨਿ ਖਾਨਿ ਹੈ ਕੋਟਾਨਿ ਸਸਿ, ਸੋਭਾ ਕੋਟ ਲੋਟ ਪੋਟ ਕੁਮਦਨੀ ਤਾਸ ਹੈ॥ ਮਨ ਮਧੁਕਰ ਮਕਰੰਦ ਰਸ ਲੁਭਿਤ ਹ੍ਵੈ, ਸਹਜ ਸਮਾਧ ਲਿਵ ਬਿਸਮ ਬਿਸ੍ਵਾਸ ਹੈ॥ ੨੯੪॥

ਸੁਖਾਂ ਦੇ ਸਮੁੰਦਰ ਸਤਿਗੁਰਾਂ ਦੇ ਦਰਸ਼ਨ ਦੀ ਜੋਤਿ ਵਿਚੋਂ ਜੋ ਪ੍ਰਕਾਸ਼ ਪ੍ਰਗਟ ਹੋਇਆ ਹੈ। ਤਿਸ ਦਰਸਨ ਦੇ ਪ੍ਰਕਾਸ਼ ਅਗੇ ਕ੍ਰੋੜਾਂ ਹੀ ਉਸਤਤੀਆਂ ਅਤੇ ਸਜਾਵਟਾਂ ਦਾ ਥੋੜਾ ਜਿਹਾ ਪ੍ਰਕਾਸ਼ ਹੈ। ਸਤਿਗੁਰਾਂ ਦੀ ਥੋੜੀ ਜਿਹੀ ਕਿਰਪਾ ਦ੍ਰਿਸ਼ਟੀ ਅਗੇ ਕਰੋੜਾਂ ਹੀ ਲਛਮੀਆਂ ਅਤੇ ਦੇਵਤਿਆਂ ਦਾ ਬ੍ਰਿਛ ਤੁਛ ਹੈ ਅਤੇ ਗੁਰਾਂ ਦੇ ਮਿਠੇ ਬਚਨਾਂ ਅਗੇ ਕਰੋੜਾਂ ਹੀ ਸ਼ਹਿਤ ਅਤੇ ਅਨੰਦ ਹਨ। ਚੰਦਰਮਾਂ ਦੀ ਚਾਨਣੀ ਵੇਖ ਕੇ ਕੰਮੀਆਂ ਪਾਣੀ ਵਿਚ ਲੋਟ ਪੋਟ ਖਿੜ ਪੈਂਦੀਆਂ ਹਨ। ਹੌਲੀ ੨ ਮੁਸਕੜਾਵਣੀ ਵਾਲਾ ਸੁਭਾਉ ਹੈ ਓਹ ਸ਼ੋਭਾ ਦੀ ਖਾਣੀ ਹੈ ਅਤੇ ਤਿਸ ਦੇ ਉਤੋਂ ਦੀ ਕ੍ਰੋੜਾਂ ਹੀ ਚਾਨਣੀਆਂ ਅਤੇ ਸ਼ੋਭਾ ਲੋਟ ਪੋਟ ਹੋਂਦੀਆਂ ਹਨ। ਗੁਰਮੁਖ ਗੁਰਾਂ ਦੇ ਚਰਨਾਂ ਦੀ ਭਗਤੀ ਤੇ ਅਨੰਦ ਉਤੇ ਮਸਤ ਹੋਂਦੇ ਹਨ ਅਤੇ ਭੌਰਾ ਫਿਰ ਓਥੇ ਟਿਕ ਜਾਂਦਾ ਹੈ ਅਚਲ ਸਮਾਧੀ ਨੂੰ ਲਾ ਕੇ, ਗੁਰਮੁਖ ਬ੍ਰਿਤੀ ਨੂੰ ਰੋਕਦੇ ਹਨ ਤੇ ਭਰੋਸਾ ਵਾਹਿਗੁਰੂ ਵਿਚ ਕਰਦੇ ਹਨ।

ਕਬਿਤ—ਚਰਨ ਸਰਨ ਰਜ ਮੱਜਨ ਮਲੀਨ ਮਨ, ਦਰਪਨ ਗਤਿ ਗੁਰਮਤਿ ਨਿਹਚਲ ਹੈ॥ ਗਯਾਨ ਗੁਰ ਅੰਜਨ ਦੇ ਚਪਲ ਖੰਜਨ ਦ੍ਰਿਗ, ਅਕੁਲ ਨਿਰੰਜਨ ਧਯਾਨ ਜਲ ਥਲ ਹੈ॥ ਭੰਜਨ ਭੈ ਭ੍ਰਮ ਅਰਿ

ਗੰਜਨ ਕਰਮ ਕਾਲ, ਪਾਂਚ ਪਰਪੰਚ ਬਲ ਬੰਚ ਨਿਰਦਲ ਹੈ ॥ ਸੇਵਾ ਕਰੰਜਨ ਸੂਬਾਤਮ ਨਿਰੰਜਨ ਭਏ, ਮਾਯਾ ਮੈ ਉਦਾਸ ਕਲਿਮਲਿ ਨਿਰਮਲ ਹੈ ॥ ੨੯੫ ॥

ਗੁਰਾਂ ਦੇ ਚਰਨ ਸ਼ਰਨ ਦੀ ਧੂੜੀ ਵਿਚ ਜਦ ਇਸ਼ਨਾਨ ਕੀਤਾ ਤਦ ਮੈਲਾ ਮਨ ਸ਼ੀਸ਼ੇ ਵਾਂਕੁਰ ਸਾਫ ਹੋ ਗਿਆ ਬੁਧੀ ਗੁਰਾਂ ਦੇ ਚਰਨਾਂ ਵਿਚ ਇਸਥਿਤ ਹੋ ਗਈ ਮਮੋਲੇ ਵਾਂਕੁਰ ਚੰਚਲ ਨੇਤ੍ਰ ਸੀ ਓਹਨਾਂ ਵਿਚ ਗੁਰਾਂ ਨੇ ਗਯਾਨ ਰੂਪੀ ਸੁਰਮਾ ਪਾਇਆ ਅਤੇ ਫਿਰ ਓਹਨਾਂ ਨੇਤ੍ਰਾਂ ਨਾਲ ਜਾਤ ਪਾਤ ਕੁਲ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਹਰ ਥਾਂ ਵੇਖਿਆ। ਡਰ ਤੇ ਭਰਮ ਨੂੰ ਤੋੜਨ ਵਾਲੇ ਕਰਮ ਕਾਂਡ, ਜਨਮ, ਮਰਨ ਪੰਜ ਕਾਮ ਆਦਿਕ ਵੈਰੀਆਂ ਬਲੀਆਂ ਨੂੰ ਨਾਸ ਕਰਨ ਵਾਲੇ ਅਤੇ ਠਗੀ ਨੂੰ ਬਿਨਾਂ ਫੌਜ ਤੋਂ ਕਰਨ ਵਾਲੇ ਗੁਰਮੁਖ ਹੋਏ। ਸਾਰਿਆਂ ਨੂੰ ਆਪਣਾ ਜਾਣ ਕੇ ਸੇਵਾ ਕਰਦੇ ਹਨ ਘਰ ਵਿਚ ਹੀ ਪਦਾਰਥਾਂ ਤੋਂ ਉਦਾਸ ਹੋ ਕੇ ਪਾਪਾਂ ਤੋਂ ਪੁੰਨਾਂ ਵਾਲੇ ਹੋ ਕੇ ਵਾਹਿਗੁਰੂ ਦਾ ਰੂਪ ਬਣ ਗਏ।

ਕਬਿੱਤ—ਚੰਦ੍ਰਮਾ ਅਛਤ ਰਵਿ ਰਾਹੁ ਨ ਸਕਤ ਗ੍ਰਸਿ, ਦ੍ਰਿਸ਼ਟਿ ਅਗੋਚਰ ਹ੍ਵੈ ਸੂਰਜ ਗ੍ਰਹਣ ਹੈ ॥ ਪੱਛਮ ਉਦੋਤ ਹੋਤ ਚੰਦ੍ਰਮੈ ਨਮਸਕਾਰ, ਪੂਰਬ ਸੰਜੋਗ ਸਸਿ ਕੇਤੁ ਖੇਤ ਹਨਿ ਹੈ ॥ ਕਾਸ਼ਟ ਮੈਂ ਅਗਨਿ ਮਗਨ ਚਿਰੰਕਾਲ ਰਹੈ, ਅਗਨਿ ਮੈਂ ਕਾਸ਼ਟ ਪਰਤ ਹੀ ਦਹਨ ਹੈ ॥ ਤੈਸੇ ਸ਼ਿਵ ਸ਼ਕਤਿ ਅਸਾਧ ਸਾਧ ਸੰਗਮ ਕੈ, ਦੁਰਮਤਿ ਗੁਰਮਤਿ ਦੁਸਹ ਸਹਨ ਹੈ ॥ ੨੯੬ ॥

ਚੰਦਰਮਾ ਦੇ ਚੜ੍ਹਿਆਂ ਹੋਇਆਂ ਸੂਰਜ ਨੂੰ ਰਾਹੂ ਨਹੀਂ ਗ੍ਰਸ ਸਕਦਾ ਅਤੇ ਨੇਤਰਾਂ ਦੀ ਨਜ਼ਰ ਦੇ ਓਹਲੇ ਚੰਦਰਮਾ ਨੂੰ ਹੋਇਆਂ ਵੇਖ ਸੂਰਜ ਨੂੰ ਗ੍ਰਹਿਣ ਲਗਦਾ ਹੈ। ਜਦੋਂ ਚੰਦਰਮਾ ਪਸ਼ਚਮ ਵਲੋਂ ਚੜ੍ਹਦਾ ਹੈ ਲੋਕੀਂ ਓਹਨੂੰ ਨਮਸ਼ਕਾਰਾਂ ਕਰਦੇ ਹਨ ਅਤੇ ਜਦ ਪੂੰਨਿਆਂ ਦਾ ਬਣ ਕੇ ਪੂਰਬ ਦਿਸ਼ਾ ਦਾ ਮੇਲ ਕਰਦਾ ਹੈ ਤਾਂ ਚੰਦਰਮਾ ਨੂੰ ਕੇਤੂ ਜੁਧ ਭੂਮਕਾ (ਆਕਾਸ) ਵਿਚ ਮਾਰਦਾ ਹੈ ਲਕੜੀ ਵਿਚ ਅਗ ਕਿੰਨਾਂ ਹੀ ਚਿਰ ਧੁਖਦੀ ਰਹਿੰਦੀ ਹੈ ਅਤੇ ਅਗ ਵਿਚ ਲਕੜੀ ਪੈਂਦਿਆਂ ਹੀ ਸੜ ਜਾਂਦੀ ਹੈ।

ਭਾਵ—ਲਕੜੀ ਅਗਨੀ ਦੀ ਸਹਾਇਤਾ ਕਰਦੀ ਹੈ ਅਤੇ ਅਗਨੀ ਲਕੜੀ ਨੂੰ ਸਾੜਦੀ ਹੈ ਤੇਹਾ ਕੁ ਹੀ ਸੰਤਾਂ ਦੀ ਸੰਗਤ ਦਾ ਸੰਗ ਕਰਕੇ ਚੰਗੀ ਸਿਖਿਆ ਅਤੇ ਅਸੰਤਾਂ ਦੀ ਸੰਗਤ ਕਰਕੇ ਗੁਸੇ ਵਾਲਾ ਸੁਭਾਵ ਅਤੇ ਖੋਟੀ ਸਿਖਿਆ ਔਖਿਆਈਆਂ ਨੂੰ ਸਹਾਰੀਦਾ ਹੈ।

ਕਬਿੱਤ–ਸਾਧ ਕੀ ਸੁਜਨ ਤਾਈ ਪਾਹਨ ਕੀ ਰੇਖ ਪ੍ਰੀਤ, ਬੈਰ ਜਲ ਰੇਖ ਹ੍ਵੈ ਬਿਸੇਖ ਸਾਧ ਸੰਗ ਮੈ ॥ ਦੁਰਜਨਤਾ ਅਸਾਧ ਪ੍ਰੀਤ ਜਲ ਰੇਖ ਅਰੁ, ਵੈਰ ਤੋ ਪਖਾਨ ਰੇਖ ਸੇਖ ਅੰਗ ਅੰਗ ਮੈ ॥ ਕਾਸਟ ਅਗਨਿ ਗਤਿ ਪ੍ਰੀਤ ਬਿਪਰੀਤ, ਸੁਰਸੁਰੀ ਜਲ ਬਾਰਨੀ ਸਰੂਪ ਜਲ ਗੰਗ ਮੈ ॥ ਦੁਰਮਤਿ ਗੁਰਮਤਿ ਅਜਯਾ ਸਰਪ ਗਤਿ ਉਪਕਾਰੀ ਔ ਵਿਕਾਰੀ ਢੰਗ ਹੀ ਕੁਢੰਗ ਹੈ ॥ ੨੯੭ ॥

ਉਤਮ ਆਦਮੀਆਂ ਦੀ ਪ੍ਰੀਤੀ ਪਥਰ ਦੀ ਲੀਕ ਵਾਕੁਰ ਅਮਿਟ ਹੈ ਸਾਧ ਸੰਗਤ ਵਿਚ ਸੰਤ ਕਿਸੇ ਨਾਲ ਵੈਰ ਨਹੀਂ ਕਰਦੇ ਜੇ ਕਿਸੇ ਗਲੋਂ ਹੋ ਵੀ ਜਾਵੇ ਤਾਂ ਪਾਨੀ ਦੀ ਲੀਕ ਵਾਕੁਰ ਛੇਤੀ ਹਟ ਜਾਂਦਾ ਹੈ। ਅਸਾਧਾਂ ਦੀ ਅਜੇਹੀ ਖੋਟੀ ਬਾਣ ਹੈ ਕਿ ਪ੍ਰੀਤ ਪਾਨੀ ਦੀ ਲਕੀਰ ਵਾਕੁਰ ਹੈ ਵੈਰ ਪੱਥਰ ਦੀ ਲੀਕ ਵਾਕੁਰ ਬਹੁਤ ਤਿੰਨਾਂ ਦੇ ਅੰਗਾਂ ਅੰਗਾਂ ਵਿਚ ਹੈ। ਲੜਾਈ ਦਾ ਵੇਲਾ ਦੂਰ ਵੀ ਹੋ ਜਾਵੇ ਪਰ ਫਿਰ ਵੀ ਯਾਦ ਰਖ ਕੇ ਮਾਰਦੇ ਹਨ ਲਕੜੀ ਅਗਨੀ ਵਾਕੁਰ ਅਤੇ ਗੰਗਾ ਦੇ ਪਾਨੀ ਵਿਚ ਸ਼ਰਾਬ ਪੈਣੀ, ਗੰਗਾ ਦੇ ਪਾਨੀ ਦਾ ਸਰੂਪ ਹੋਕੇ ਜੀਕੁਰ ਇਹਨਾਂ ਦੀ ਪ੍ਰੀਤੀ ਉਲਟੀ ਹੈ । ਗੰਗਾ ਸ਼ਰਾਬ ਦੇ ਪੜਦੇ ਢਕਦੀ ਹੈ ਪਰ ਸ਼ਰਾਬ ਗੰਗਾ ਨਦੀ ਦੇ ਪਾਨੀ ਨੂੰ ਹੀ ਵਿਗਾੜ ਦੇਂਦੀ ਹੈ ਖੋਟੀ ਮਤ ਨੂੰ ਧਾਰਨ ਵਾਲੇ ਸਪ ਵਾਕੁਰ ਖੋਟਾ ਢੰਗ ਡੰਗ ਮਾਰਨ ਦਾ ਕਰਕੇ ਵਿਕਾਰ ਕਰਦੇ ਮਾਰ ਦੇਂਦੇ ਹਨ ਅਤੇ ਹਛੀ ਅਕਲ ਨੂੰ ਧਾਰਨ ਵਾਲੇ ਬਕਰੀ ਵਾਕੁਰ ਹਛਾ ਢੰਗ ਕਰਕੇ ਉਪਕਾਰ ਕਰਦੇ ਹਨ ।

ਕਬਿੱਤ–ਦੁਰਮਤਿ ਗੁਰਮਤਿ ਸੰਗਤ ਅਸਾਧ ਸਾਧ, ਕਾਸ਼ਟ ਅਗਨਿ ਗਤਿ ਟੇਵ ਨ ਟਰਤ ਹੈ ॥ ਅਜਯਾ ਸਰਪ ਜਲ ਗੰਗ ਬਾਰਨੀ ਬਿਧਾਨ, ਸਨ ਔ ਮਜੀਠ ਖਲ ਖੰਡਤ ਲਰਤ ਹੈ ॥ ਕੰਟਕ ਪੁਹਪ ਸੈਲ ਘਟਿਕਾ ਸਨਾਹ ਸਸਤ੍ਰ, ਹੰਸ ਕਾਗ ਬਗ ਬਯਾਧ ਮ੍ਰਿਗ ਹੋਇ ਨਿਵਰਤ ਹੈ ॥ ਲੋਸਟ ਕਨਿਕ, ਸੀਪ, ਸੰਖ, ਮਧੁ ਕਾਲਕੂਟ, ਸੁਖ ਦੁਖ ਦਾਇਕ ਸੰਸਾਰ ਬਿਚਰਤ ਹੈ ॥ ੨੯੮ ॥

ਸਾਧਾਂ ਦੀ ਸੰਗਤ ਕਰਕੇ ਹਛੀ ਅਕਲ ਸਿਖਿਆ ਪ੍ਰਾਪਤ ਹੁੰਦੀ ਹੈ ਅਤੇ ਅਸਾਧਾਂ ਦੀ ਸੰਗਤ ਕਰਕੇ ਮਾੜੀ ਅਕਲ ਪ੍ਰਾਪਤ ਹੁੰਦੀ ਹੈ ਅਗਨੀ ਤੇ ਲਕੜੀ ਆਪਣੇ ਸੁਭਾਉ ਨੂੰ ਨਹੀਂ ਛਡਦੀਆਂ। ਬਕਰੀ ਅਤੇ ਸੱਪ ਦੀ । ਗੰਗਾ ਦੇ ਪਾਨੀ ਅਤੇ ਸ਼ਰਾਬ ਦੀ। ਸਣ ਅਤੇ ਮਜੀਠ ਦੀ। ਮੂਰਖ ਅਤੇ ਪੰਡਤ ਦੀ । ਇਹਨਾਂ ਦੀ ਰੀਤੀ ਜੀਕੁਰ ਆਪੋ ਵਿਚ ਵੀ ਲੜਨ ਵਾਲੀ ਹੁੰਦੀ ਹੈ। ਕੰਡੇ ਅਤੇ ਫੁਲ ਦਾ। ਵਟੇ ਅਤੇ ਘੜੇ ਦਾ । ਸੰਜੋਇ ਅਤੇ

ਤਲਵਾਰ ਦਾ। ਹੰਸ ਅਤੇ ਕਾਂ, ਬਗਲੇ ਦਾ। ਸ਼ਿਕਾਰੀ ਅਤੇ ਹਰਨ ਦਾ ਸੁਭਾਉ ਜਾਨ ਤਕ ਹੋਕੇ ਹੀ ਨਿਬੜਦਾ ਹੈ। ਲੋਹੇ ਦਾ ਤੇ ਸੋਨਾ। ਸਿਪੀ ਤੋਂ ਸੰਖ। ਅੰਮ੍ਰਿਤ ਤੇ ਵਿਖ ਆਪੋ ਆਪਣਾ ਸੁਖ ਦੇਣ ਵਾਲਾ ਤੇ ਦੁਖ ਦੇਣ ਵਾਲਾ ਸੁਭਾਉ ਨਹੀਂ ਛਡਦੇ।

ਕਬਿੱਤ—ਦਾਦਰ ਸਰੋਜ ਬਾਸ ਬਾਵਨ ਮਰਾਲ ਬਗ, ਪਾਰਸ ਪਖਾਨ ਬਿਖ ਅੰਮ੍ਰਿਤ ਸੰਜੋਗ ਹੈ ॥ ਮ੍ਰਿਗ ਮ੍ਰਿਗਮਦ, ਅਹਿਮਨਿ, ਮਧੁ ਮਾਖੀ ਸਾਖੀ, ਬਾਂਝ ਬਧੂ ਨਾਹ ਨੇਹ ਨਿਹਫਲ ਭੋਗ ਹੈ ॥ ਦਿਨ ਕਰ ਜੋਤਿ ਉਲੂ ਬਰਖੇ ਸਮੇ ਜਵਾਸੋ, ਅਸਨ ਬਸਨ ਜੈਸੇ ਬ੍ਰਿਥਾਵੰਤ ਰੋਗ ਹੈ ॥ ਤੈਸੇ ਗੁਰਮਤਿ ਬੀਜ ਜਮਤ ਨ ਕਾਲਰ ਮੈ, ਅੰਕੁਰ ਉਦੋਤ ਹੋਤ ਨਾਹਿ ਨ ਵਿਯੋਗ ਹੈ ॥ ੨੯੯ ॥

ਡੱਡੂ ਨੂੰ ਕੌਲ ਫੁਲ ਦਾ, ਬਾਂਸ ਨੂੰ ਚੰਦਨ ਬ੍ਰਿਖ ਦਾ, ਬਗਲੇ ਨੂੰ ਹੰਸ ਦਾ, ਪੱਥਰ ਨੂੰ ਪਾਰਸ ਦਾ। ਵਿਹੁ ਨੂੰ ਅੰਮ੍ਰਿਤ ਦਾ ਭਾਵੇਂ ਮਿਲਾਪ ਹੋ ਜਾਵੇ ਪਰ ਇਹਨਾਂ ਨੇ ਆਪੋ ਆਪਣਾ ਸੁਭਾਵ ਨਹੀਂ ਛਡਣਾ। ਹਰਨ ਪਾਸ ਨਾਭੀ—ਧੁੰਨੀ ਵਿਚ ਕਸਤੂਰੀ ਹੈ। ਸੱਪ ਪਾਸ ਮਣੀ ਹੈ। ਮੱਖੀ ਸ਼ਹਿਤ ਪਾਸ ਰਹਿੰਦੀ ਹੈ ਪਰਗਟ ਹੀ ਬਾਂਝ ਇਸਤ੍ਰੀ ਦਾ ਪਤੀ ਨਾਲ ਬੜਾ ਪ੍ਰੇਮ ਹੁੰਦਾ ਹੈ ਪਰ ਪੁਤਰ ਫਲ ਨਹੀਂ ਮਿਲਦਾ। ਜੇਹਾ ਕੁ ਸੂਰਜ ਦਾ ਪ੍ਰਕਾਸ਼ ਉਲੂ ਹੈ ਅਤੇ ਮੀਂਹ ਦੇ ਦਿਨਾਂ ਦਾ ਜੁਵਾਹਾਂ ਨੂੰ, ਅੰਨ ਬਸਤ੍ਰ ਰੋਗੀ ਨੂੰ ਰੋਗ ਰੂਪ ਦੁਖ ਦਣ ਵਾਲੇ ਹਨ ਜੀਕੁਰ ਕਲਰ ਵਿਚ ਬੀਜ ਬੀਜੀਏ ਤਾਂ ਓਹਦੀ ਪਨੀਰੀ ਨਹੀਂ ਉਗਦੀ ਈਕੁਰ ਹੀ ਵਿਸ਼ੇ ਵਿਕਾਰੀ ਦੇ ਹਿਰਦੇ ਵਿਚ ਗੁਰਾਂ ਦੀ ਸਿਖਿਆ ਨਹੀਂ ਉਤਪਤ ਹੁੰਦੀ ਅਤੇ ਨਾ ਹੀ ਓਸ ਨੂੰ ਸ਼ਰਧਾ ਇਛਾ ਪ੍ਰਗਟ ਹੁੰਦੀ ਹੈ ਇਸ ਲਈ ਮਨਮੁਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਹੀ ਰਹਿੰਦਾ ਹੈ।

ਕਬਿੱਤ—ਸੰਗਮ ਸੰਜੋਗ ਪ੍ਰੇਮ ਨੇਮ ਕੋ ਪਤੰਗ ਜਾਨੈ, ਬਿਰਹ ਬਿਓਗ ਸੋਗ ਮੀਨ ਜਲ ਜਾਨਈ ॥ ਇਕ ਟਕ ਦੀਪਕ ਧਿਆਨ ਪ੍ਰਾਨ ਪਰਹਰੈ, ਸਲਿਲ ਵਿਯੋਗ ਮੀਨ ਜੀਵਨ ਨ ਮਾਨਈ ॥ ਚਰਨ ਕਮਲ ਮਿਲ ਬਿਛਰੈ ਮਧਪ ਮਨ, ਕਪਟ ਸਨੇਹ ਧ੍ਰਿਗ ਜਨਮ ਅਗਯਾਨਈ ॥ ਨਿਹਫਲ ਜੀਵਨ ਮਰਨ ਗੁਰ ਬਿਮੁਖ ਹ੍ਵੈ, ਪ੍ਰੇਮ ਅਰੁ ਬਿਰਹ ਨ ਦੋਊ ਉਰ ਆਨਈ ॥ ੩੦੦ ॥

ਪ੍ਰੇਮ ਕਰਕੇ ਰੋਜ ਦੇ ਨਿਯਮ ਨੂੰ ਦੀਵੇ ਨਾਲ ਮਿਲ ਕੇ ਸੜ ਮਰਨਾ ਪਤੰਗਾ ਜਾਣਦਾ ਹੈ ਅਤੇ ਪਾਣੀ ਨਾਲੋਂ ਵਿਛੜ ਕੇ ਵਿਛੋੜੇ ਦੇ ਦੁਖ ਨੂੰ ਮੱਛੀ ਹਛੀ ਤਰਾਂ ਜਾਣਦੀ ਹੈ। ਇਕ ਟਕ ਨੇਤਰਾਂ ਦਾ ਧਿਆਨ ਦੀਵੇ ਵਲ ਪਤੰਗਾ ਕਰਕੇ ਆਪਣੇ

ਪ੍ਰਾਣਾਂ ਨੂੰ ਤਿਆਗ ਦੇਂਦਾ ਹੈ ਅਤੇ ਪ ਣੀ ਦੇ ਵਿਛੋੜੇ ਕਰਕੇ ਮੱਛੀ ਆਪਣਾ ਜੀਵਣ ਰਛਾ ਨਹੀਂ ਮੰਨਦੀ। ਜੇਹੜੇ ਭੌਰੇ ਮਨਮੁਖ ਗਤਾਂ ਦੇ ਚਰਨ ਕੌਲ ਤੇ ਆਣ ਕੇ ਬੈਠਦੇ ਹਨ ਅਤੇ ਓਹਨਾਂ ਕਪਟੀਆਂ ਅਗਜਾਨੀਆਂ ਦਾ ਮਨ ਨਹੀਂ ਲਗਦਾ ਇਸ ਲਈ ਓਹਨਾਂ ਦੇ ਜਨਮ ਨੂੰ ਧ੍ਰਿਕਾਰ ਹੈ। ਐਵੇਂ ਹੀ ਜੰਮਦਾ ਮਰਦਾ ਦੁਖ ਭੋਗਦਾ ਰਹਿੰਦਾ ਹੈ ਪ੍ਰੇਮ ਪਤੰਗੇ ਦਾ ਅਤੇ ਵਿਛੋੜਾ ਮੱਛੀ ਦਾ ਜੋ ਦੋਹਾਂ ਨੂੰ ਹਿਰਦੇ ਵਿਚ ਨਹੀਂ ਲਿਆਉਂਦਾ।

ਕਬਿੱਤ—ਦ੍ਰਿਸਟਿ ਦਰਸ ਲਿਵ ਦੇਖੈ ਔ ਦਿਖਾਵੈ ਸੋਈ, ਸਰਬ ਦਰਸ ਏਕ ਦਰਸ ਕੈ ਜਾਨੀਐ ॥ ਸਬਦ ਸੁਰਤਿ ਲਿਵ ਕਹਤ ਸੁਨਤ ਸੋਈ, ਸਰਬ ਸਬਦ ਏਕ ਸਬਦ ਕੈ ਮਾਨੀਐ॥ ਕਾਰਨ ਕਰਨ ਕਰਤੱਗ ਸਰਬਗਿ ਸੋਈ, ਕਰਮ ਕਰਤੂਤ ਕਰਤਾਰ ਪਹਿਚਾਨੀਐ॥ ਸਤਿਗੁਰ ਗਿਆਨ ਧਯਾਨ ਏਕ ਹੀ ਅਨੇਕ ਮੇਕ, ਬ੍ਰਹਮ ਬਿਬੇਕ ਟੇਕ ਏਕੈ ਉਰ ਆਨੀਐ॥ ੩੦੧॥

ਨੇਤਰਾਂ ਦੀ ਦ੍ਰਿਸ਼ਟੀ ਵਿਚ ਵਾਹਿਗੁਰੂ ਦੇ ਦਰਸ਼ਨ ਨੂੰ ਵੇਖਦੇ ਹਨ ਅਤੇ ਬ੍ਰਿਤੀ ਲਾ ਕੇ ਸੋਈ ਵਾਹਿਗੁਰੂ ਗੁਰੂ ਰੂਪ ਹੋਰਨਾਂ ਨੂੰ ਵਿਖਾਉਂਦੇ ਹਨ ਅਤੇ ਸਾਰਿਆਂ ਦਰਸ਼ਨਾਂ ਨੂੰ ਇਕ ਵਾਹਿਗੁਰੂ ਦਾ ਦਰਸ਼ਨ ਕਰਕੇ ਜਾਣਦੇ ਹਨ। ਸੋਈ ਵਾਹਿਗੁਰੂ ਰੂਪ ਹੋਕੇ ਸ਼ਬਦ ਨੂੰ ਉਚਾਰਨ ਕਰਦਾ ਹੈ ਅਤੇ ਸਿਖ ਹੋਕੇ ਬ੍ਰਿਤੀ ਲਾ ਕੇ ਕੰਨਾਂ ਨਾਲ ਸੁਣਦਾ ਹੈ ਈਕੁਰ ਜਾਣ ਕੇ ਗੁਰਮੁਖ ਸਾਰਿਆਂ ਸ਼ਬਦਾਂ ਨੂੰ ਇਕ ਸ਼ਬਦ ਕਰਕੇ ਮੰਨਦੇ ਹਨ। ਸੋਈ ਵਾਹਿਗੁਰੂ ਸਾਰਿਆਂ ਕੰਮਾਂ ਦੇ ਕਰਨ ਵਾਲਾ ਹੈ ਤੇ ਹੱਛੇ ਕੰਮਾਂ ਦੀ ਕਰਨੀ ਵੀ ਵਾਹਿਗੁਰੂ ਨੂੰ ਜਾਣਦੇ ਹਨ। ਸਤਗੁਰਾਂ ਦੇ ਗਜਾਨ ਦੇ ਧਜਾਨ ਪ੍ਰਾਪਤ ਹੋਣ ਕਰਕੇ ਇਕ ਵਾਹਿਗੁਰੂ ਨੂੰ ਹੀ ਅਨੇਕਾਂ ਜੀਵਾਂ ਵਿਚ ਮਿਲਿਆ ਹੋਇਆ ਜਾਣਦੇ ਹਨ ਵਾਹਿਗੁਰੂ ਦੇ ਵਿਚਾਰ ਦੀ ਓਟ ਇਕੋ ਹੀ ਹਿਰਦੇ ਵਿਚ ਲਿਆਉਂਦੇ ਹਨ।

ਕਬਿੱਤ—ਕਿੰਚਤ ਕਟਾਛ ਮਾਯਾ ਮੋਹੇ ਬ੍ਰਹਮੰਡ ਖੰਡ, ਸਾਧ ਸੰਗ ਰੰਗ ਮੈਂ ਬਿਮੋਹਿਤ ਮਗਨ ਹੈ॥ ਜਾਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ ਕੀਰਤਨ ਸਮੈ ਸਾਧ ਸੰਗ ਸੌਂ ਲਗਨ ਹੈ ॥ ਸ਼ਿਵ ਸਨਕਾਦਿ ਬ੍ਰਹਮਾਦਿ ਆਗਯਾਕਾਰੀ ਜਾਕੋ, ਅੱਗ੍ਰ ਭਾਗ ਸਾਧ ਸੰਗ ਗੁਨਨੁ ਅਗਨ ਹੈ ॥ ਅਗਮਅਪਾਰ ਸਾਧ ਮਹਿਮਾ ਅਪਾਰ ਬਿਖੈ ਅਤਿ ਲਿਵਲੀਨ ਜਲ ਮੀਨ ਅਭਗਨ ਹੈ॥ ੩੦੨॥

ਜਿਸ ਮਾਇਆ ਦੇ ਥੋੜੇ ਜਿਹੇ ਨੇਤਰਾਂ ਦੇ ਫੇਰਨ ਨਾਲ ਸਾਰੇ ਖੰਡ ਬ੍ਰਹਮੰਡ ਮੋਹਤ ਹੋ ਜਾਂਦੇ ਹਨ ਓਹ ਮਾਇਆ ਸਾਧ ਸੰਗਤ ਵਿਚ ਪ੍ਰੇਮ ਕਰਕੇ ਮੋਹਤ ਹੋ ਕੇ

ਮਸਤ–ਟਿਕ ਜਾਂਦੀ ਹੈ । ਜਿਸ ਵਾਹਿਗੁਰੂ ਦੇ ਬਹੁਤ ਤਰ੍ਹਾਂ ਦੇ ਜੀਵਾਂ ਰੂਪ–ਅਕਾਰ ਕੀਤੇ ਹੋਏ ਹਨ ਸ਼ਬਦ ਕੀਰਤਨ ਦੇ ਵੇਲੇ ਓਹ ਵੀ ਸਾਧ ਸੰਗਤ (ਸੋਂ) ਨਾਲ ਪ੍ਰੇਮ ਕਰਦਾ ਹੈ। ਸ਼ਿਵ ਬ੍ਰਹਮਾ ਅਤੇ ਹੋਰ ਦੇਵਤੇ ਆਗਜਾ ਮੰਨਣ ਵਾਲੇ ਅਗੇ ਖੜੋਤੇ ਹੋਏ ਹਨ ਓਸ ਪਾਸੋਂ ਵੀ ਸਾਧ ਸੰਗਤ ਦੇ ਗੁਣ ਨਹੀਂ ਗਿਣੇ ਜਾਂਦੇ । ਮਛੀ ਪਾਣੀ ਵਿਚ ਲੀਨ ਹੋਈ ਰਹਿੰਦੀ ਹੈ ਸਾਧ ਸੰਗਤ ਅਗਮ ਵਾਹਿਗੁਰੂ ਵਿਚ ਬ੍ਰਿਤੀ ਲਾ ਕੇ ਅਭਗਨ–ਇਕ ਰਸ ਮਸਤ ਰਹਿੰਦੀ ਹੈ ਇਸ ਲਈ ਸਾਧ ਸੰਗਤ ਦੀ ਮਹਿਮਾ ਵਡਿਆਈ ਬਹੁਤ ਸਾਰੀ ਹੈ।

–ਨਾਰਦ ਨੂੰ ਉਤਰ ਹੈ–

ਕਬਿਤ–ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ, ਦਰਸ਼ਨ ਸਾਧ ਸੰਗ ਮੇਰੋ ਨਿਜ ਰੂਪ ਹੈ ॥ ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ, ਸਾਧ ਸੰਗ ਮੇਰੌ ਸੁਤ ਸ੍ਰਿਸ਼ਟ ਅਨੂਪ ਹੈ ॥ ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ. ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ ॥ ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ, ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ ॥ ੩੦੩ ॥

ਹੇ ਨਾਰਦ ਮੁਨੀ ! ਸਾਧ ਸੰਗਤ ਹੀ ਮੇਰਾ ਘਰ ਹੈ ਅਤੇ ਸਾਧ ਸੰਗਤ ਦਾ ਦਰਸ਼ਨ ਹੀ ਮੇਰੇ ਆਪਣੇ ਸਰੂਪ ਦਾ ਦਰਸ਼ਨ ਹੈ । ਹੇ ਨਾਰਦ ਮੁਨੀ ! ਸਾਧ ਸੰਗਤ ਹੀ ਮੇਰਾ ਦਾਤਾ ਪਿਤਾ ਅਤੇ ਟੱਬਰ ਮਿਤ੍ਰ ਪਿਆਰਾ ਹੈ ਅਤੇ ਸਾਧ ਸੰਗਤ ਹੀ ਮੇਰਾ ਸ੍ਰੇਸ਼ਟ ਹੱਛਾ ਉਪਮਾ ਰਹਿਤ ਪੁਤਰ ਹੈ। ਸਾਧ ਸੰਗਤ ਹੀ ਸਾਰਾ ਮੇਰੇ ਪ੍ਰਾਣਾਂ ਦੇ ਜੀਵਣ ਦਾ ਖਜ਼ਾਨਾ ਹੈ ਅਤੇ ਸਾਧ ਸੰਗਤ ਦੀ ਸੇਵਾ ਧੂਪ ਦੀਪ ਆਰਤੀ ਆਦਿਕ ਦੇ ਕਰਨ ਨਾਲ ਆਪਣਾ ਮਨ ਮੇਰੇ ਚਰਨਾਂ ਵਿਚ ਲਗਦਾ ਹੈ । ਸਾਧ ਸੰਗਤ ਦਾ ਰੰਗ=ਪ੍ਰੇਮ ਹੀ ਮੇਰਾ ਖਟੇ ਮਿਠੇ ਰਸਾਂ ਦੇ ਭੋਗ=ਛਕਣ ਦਾ ਅਚਲ ਸੁਖ ਹੈ ਸਾਧ ਸੰਗਤ ਦੀ ਸ਼ੋਭਾ ਵਡੀ ਹੈ ਉਪਮਾਨ ਤੇ ਉਪਮੇਯ ਸਾਧ ਸੰਗਤ ਹੀ ਹੈ।

ਕਬਿਤ–ਅਗਮ ਅਪਾਰ ਦੇਵ ਅਲਖ ਅਭੇਵ ਅਤਿ, ਅਨਿਕ ਜਤਨ ਕਰ ਨਿਗ੍ਰਹ ਨ ਪਾਈਐ ॥ ਪਾਈਐ ਨ ਜੱਗ ਭੋਗ ਪਾਈਐ ਨ ਰਾਜ ਜੋਗ, ਨਾਦ ਬਾਦ ਬੇਦ ਕੈ ਨ ਅਗਹੁ ਗਹਾਈਐ ॥ ਤੀਰਥ ਪੁਰਬ ਦੇਵ ਦੇਵਿ ਸੇਵ ਕੈ ਨ ਪਾਈਐ, ਕਰਮ ਧਰਮ ਬ੍ਰਤ ਨੇਮ ਲਿਵਲਾਈਐ ॥ ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਭੈ, ਸਾਵਧਾਨ ਸਾਧ ਸੰਗ ਸਬਦ ਸੁ ਗਾਈਐ ॥ ੩੦੪ ॥

-ਉਪਮਾ ਲਛਨ-

ਵਸ਼ੇਸ਼ਨਾਂ ਸੰਜੁਗਤ ਵਾਹਿਗੁਰੂ ਪ੍ਰਾਣਾਯਾਮ ਦੇ ਅਨੇਕਾਂ ਯਤਨਾਂ ਕਰਕੇ ਨਹੀਂ ਪਾਇਆ ਜਾਂਦਾ। ਪਾਈਦਾ ਨਹੀਂ ਯੱਗ ਭੋਗ ਕਰਕੇ ਰਾਜ ਜੋਗ ਕਰਕੇ ਤੇ ਹੱਛਿਆਂ ਹੱਛਿਆਂ ਵਾਜਿਆਂ ਅਤੇ ਵੇਦਾਂ ਦੇ ਉਚਾਰਨ ਕਰਕੇ ਜੋ ਅਫੜ ਵਾਹਿਗੁਰੂ ਨਹੀਂ ਫੜਿਆ ਜਾਂਦਾ। ਤੀਰਥਾਂ ਦੇ ਕਰਨੇ ਦੇਵੀ ਦੇਵਤਿਆਂ ਦੀ ਸੇਵਾ ਜੋ ਪ੍ਰਕਾਸ਼ ਰੂਪ ਨਹੀਂ ਜਾਂਦਾ ਕਰਮ ਕਾਂਡ ਧਰਮਾਂ ਦੇ ਕੰਮਾਂ ਨਾਲ ਭੁਖੇ ਰਹਿਣ ਨਾਲ ਬ੍ਰਿਤੀ ਲਾਉਣੇ ਕਰਕੇ ਜੋ ਨਹੀਂ ਪਾਇਆ ਜਾਂਦਾ। ਕਰਤਬ ਕੰਮ = ਨਿਸਫਲ ਹਨ ਸੋ ਇਸ ਲਈ ਸਾਧ ਸੰਗਤ ਵਿਚ ਗੁਰਾਂ ਦੇ ਸ਼ਬਦ ਨੂੰ ਗਾਵਣਾਂ ਕਰੀਏ ਤਦ ਵਾਹਿਗੁਰੂ ਨੂੰ ਪਾ ਲਈ ਦਾ ਹੈ।

ਕਬਿਤ-ਸੁਪਨ ਚਰਿੱਤ੍ਰ ਚਿਤ੍ਰ ਜੋਈ ਵੇਖੈ ਸੋਈ ਜਾਨੈ, ਦੂਸਰੋ ਨ ਦੇਖੈ ਪਾਵੈ ਕਹੁ ਕੈਸੇ ਜਾਨੀਐ ॥ ਨਾਲ ਬਿਖੈ ਬਾਤ ਕੀਏ ਸੁਨੀਅਤ ਕਾਨ ਦੀਏ, ਬਕਤਾ ਔ ਸ੍ਰੋਤਾ ਬਿਨ ਕਾਪੈ ਉਨਮਾਨੀਐ ॥ ਪਖ੍ਰੂਲਾ ਕੈ ਮੂਲ ਵਿਖੇ ਜੈਸੇ ਜਲ ਪਾਨ ਕੀਜੇ, ਲੀਜੀਐ ਜਤਨ ਕਰ ਪੀਏ ਮਨ ਮਾਨੀਐ ॥ ਗੁਰ ਸਿਖ ਸੰਧ ਮਿਲੇ ਗੁਹਜ ਕਥਾ ਬਿਨੋਦ, ਗਜਾਨ ਧਜਾਨ ਪ੍ਰੇਮ ਰਸ ਬਿਸਮ ਬਿਧਾਨੀਐ ॥ ੩੦੫ ॥

ਸੁਪਨੇ ਵਿਚ ਸੁਤਾ ਪਿਆ ਆਦਮੀ ਚਿਤ੍ਰਕਾਰੀ ਕੀਤੇ ਹੋਏ ਤਮਾਸ਼ੇ ਵੇਖਦਾ ਹੈ ਸੋਈਓ ਹੀ ਜਾਣਦਾ ਹੈ ਦੂਸਰਾ ਵੇਖਣਾ ਹੀ ਨਹੀਂ ਪਾਉਂਦਾ ਓਸ ਕੌਤਕ ਨੂੰ ਜਾਣ ਕੀਕੁਰ ਸਕਦਾ ਹੈ। ਨਾਲ ਵਿਚ ਗਲ ਕੀਤੀ ਹੋਈ ਕੰਨ ਦੇਕੇ ਸੁਣੀਦੀ ਹੈ ਓਹ ਗਲ ਕਹਿਣ ਵਾਲੇ ਅਤੇ ਸੁਨਣ ਵਾਲੇ ਤੋਂ ਸਿਵਾ ਕਿਸ ਪਾਸੋਂ ਵਿਚਾਰੀ ਜਾਂਦੀ ਹੈ? ਔਖੀ ਥਾਵੇਂ = ਘਾਸ ਦੇ ਮੁਢ ਵਿਚੋਂ ਜੇਹਾ ਕੁ ਕੋਈ ਪਾਣੀ ਪੀਣਾ ਕਰੇ ਪਰ ਓਹ ਬੜੇ ਯਤਨ ਕਰਕੇ ਲਿਆ ਹੋਵੇ ਸੋ ਜੇਹੜਾ ਉਸਨੂੰ ਪੀਂਦਾ ਹੈ ਸੋਈਓ ਓਸਦੇ ਅਨੰਦ ਨੂੰ ਮਨ ਵਿਚ ਮੰਨਦਾ ਹੈ। ਸਿਖ ਗੁਰਾਂ ਦੀ ਮਿਲਨੀ ਵਿਚ ਮਿਲਿਆ ਹੈ ਓਸਨੂੰ ਵਾਹਿਗੁਰੂ ਦੀ ਛਪੀ ਹੋਈ ਕਥਾ ਦਾ ਅਨੰਦ ਆਇਆ ਹੈ ਓਹ ਨਾ ਕਿਸੇ ਨੂੰ ਕਹਿ ਸਕਦਾ ਹੈ ਅਤੇ ਨਾ ਕੋਈ ਉਸਨੂੰ ਜਾਣ ਸਕਦਾ ਹੈ ਜੋ ਓਹਨੂੰ ਗਜਾਨ ਧਜਾਨ ਪ੍ਰੇਮ ਦਾ ਸੁਆਦ ਆਇਆ ਹੈ ਓਹ ਵੀ ਵਡਾ ਹੈ ਕਹਿਣ ਦੀ ਰੀਤੀ ਤੋਂ ਬਾਹਰ ਹੈ।

ਨਿਮ੍ਰਤਾ ਤੇ ਹੰਕਾਰੀਆਂ ਦਾ ਵਰਨਨ

ਕਬਿਤ-ਨਵਨ ਗਵਨ ਜਲ ਸੀਤਲ ਅਮਲ ਜੈਸੇ, ਅਗਨਿ ਉਰਧ ਮੁਖ ਤਪਤ ਮਲੀਨ ਹੈ ॥ ਸਫਲ ਹ੍ਵੈ ਆਂਬ ਝੁਕੇ ਰਹਿਤ ਹੈਂ ਚਿਰੰਕਾਲ, ਨਿਵੈ ਨ ਅਰਿੰਡ ਤਾਤੇ ਆਰਬਲਾ ਛੀਨ ਹੈ ॥ ਚੰਦਨ ਸੁਬਾਸ ਜੈਸੇ

ਬਾਸੀਐ ਬਨਾਸਪਤੀ, ਬਾਂਸ ਤੌ ਬਡਾਈ ਬੂਡਯੋ ਸੰਗ ਲਿਵਲੀਨ ਹੈ॥ ਤੈਸੇ ਹੀ ਅਸਾਧ ਸਾਧ ਅਹੰਬੁਧਿ ਨਿੰਮ੍ਰਤਾ ਕੈ, ਮਨ ਔ ਮਜੀਠ ਗਤਿ ਪਾਪ ਪੁੰਨ ਕੀਨ ਹੈ॥ ੩੦੬॥

ਜੀਕੁਰ ਨੀਵੀਂ ਥਾਂ ਨੂੰ ਚਲਨ ਕਰਕੇ ਪਾਨੀ ਠੰਢਾ ਤੇ ਨਿਰਮਲ ਹੈ ਅਤੇ ਅਗ ਉਤਾਹਾਂ ਨੂੰ ਮੂੰਹ ਕਰਕੇ ਬੋਲਦੀ ਹੈ ਇਸ ਲਈ ਤੱਤੀ ਤੇ ਮੈਲੀ ਹੈ। ਸਹਿਤ ਫਲਾਂ ਦੇ ਹੋਕੇ ਅੰਬ ਝੁਕਦੇ ਹਨ ਇਸ ਲਈ ਬਹੁਤ ਚਿਰ ਤੀਕਰ ਰਹਿੰਦੇ ਹਨ ਅਤੇ ਹਰਿੰਡ ਦਾ ਬੂਟਾ ਨਿੰਵਦਾ ਨਹੀਂ ਹੈ ਇਸ ਲਈ ਉਸਦੀ ਐਵੇਂ ਹੀ ਸਾਰੀ ਉਮਰ ਨਾਸ ਹੋ ਜਾਂਦੀ ਹੈ। ਜੇਹਾਕੁ ਚੰਦਨ ਬ੍ਰਿਛ ਦੀ ਵਾਸ਼ਨਾਂ ਸਾਰੀ ਸਬਜ਼ੀ ਵਿਚ ਵਸ ਜਾਂਦੀ ਹੈ ਪਰ ਬਾਂਸ ਆਪਣੀ ਲੰਬਾਣ ਦੀ ਵਡਿਆਈ ਵਿਚ ਡੁਬ ਗਿਆ ਹੈ ਆਪਣੀ ਬ੍ਰਿਤੀ ਨਾਲ ਮਸਤ ਕਰਕੇ ਮਨ ਨੂੰ ਮਜੀਠ ਵਾਕਰ ਭੈੜੇ ਅਸੰਤ ਹੰਕਾਰ ਵਾਲੀ ਅਕਲ ਕਰਕੇ ਪਾਪ ਅਤੇ ਸੰਤ ਨਿਮ੍ਰਤਾ ਕਰਕੇ ਪੁੰਨ ਕਰਦੇ ਹਨ।

ਕਬਿਤ—ਸਕਲ ਬਨਾਸਪਤੀ ਬਿਖੇ ਦ੍ਰੁਮ ਦੀਰਘ ਹ੍ਵੈ, ਨਿਹਫਲ ਭਏ ਬੂਡੇ ਬਹੁਤ ਬਡਾਈ ਕੈ॥ ਚੰਦਨ ਸੁ ਬਾਸਨਾ ਕੈ ਸੇਂਬਲ ਸੁਬਾਸ ਹੋਤ, ਬਾਂਸ ਨਿਰਗੰਧ ਬਹੁ ਗਾਂਠਨ ਢਿਠਾਈ ਕੈ॥ ਸੇਂਬਲ ਕੇ ਫਲ ਤੂਲ ਖਗ ਮ੍ਰਿਗ ਛਾਯਾ ਤਾਕੈ, ਬਾਂਸ ਤੌ ਬਰਨ ਦੋਖੀ ਜਾਰਤ ਬੁਰਾਈ ਕੈ॥ ਤੈਸੇ ਹੀ ਅਸਾਧ ਸਾਧ ਹੋਤ ਸਾਧ ਸੰਗਤ ਕੈ, ਤ੍ਰਿਸ਼ਟੇ ਨ ਗੁਰ ਗੋਪ ਦ੍ਰੋਹ ਗੁਰ ਭਾਈ ਕੈ॥ ੩੦੭॥

ਸਾਰਿਆਂ ਬ੍ਰਿਛਾਂ ਵਿਚ ਦੋ ਬ੍ਰਿਛ ਲੰਮੇ (ਉਚੇ) ਹਨ ਸੋ ਆਪਣੇ ਲੰਮਾਣ ਦੀ ਵਡਿਆਈ ਵਿਚ ਡੁਬਕੇ ਦੋਵੇਂ ਹੀ ਨਿਸਫਲ ਹੋਏ ਹਨ। ਬ੍ਰਿਛ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ ਪਰ ਵੰਝ ਬਹੁਤ ਗੰਢਾਂ ਦੀ ਢੀਠਤਾ ਕਰਕੇ ਬਿਨਾਂ ਸੁਗੰਧੀ ਤੋਂ ਹੀ ਰਹਿੰਦਾ ਹੈ। ਸਿੰਮਲ ਬ੍ਰਿਛ ਦੇ ਫਲਾਂ ਵਿਚੋਂ ਰੂਈ ਨਿਕਲਦੀ ਹੈ ਅਤੇ ਪੰਛੀ ਹਰਨ ਆਦਿਕ ਜਾਨਵਰ ਉਸਦੀ ਛਾਂ ਨੂੰ ਚਾਹੁੰਦੇ ਹਨ। ਵਾਂਸ ਆਪਣੇ ਕੁਲ ਦਾ ਹੀ ਦੋਖੀ ਹੈ ਬੁਰਾਈ ਕਰਕੇ ਸਾੜ ਦੇਂਦਾ ਹੈ। ਸਾਧ ਸੰਗਤ ਕਰਕੇ ਸਾਧ ਹੋ ਜਾਂਦੇ ਹਨ ਅਤੇ ਹੰਕਾਰੀਆਂ ਵਿਚ ਭਗਤੀ ਨਹੀਂ ਹੁੰਦੀ ਈਕੁਰ ਹੀ ਤੇਹਾਕੁ ਭੈੜੇ ਸਾਧੂ ਸਾਧ ਸੰਗਤ ਕਰਕੇ ਮਹਾਤਮਾ ਬਣ ਜਾਂਦੇ ਹਨ ਪਰ ਜੇਹੜਾ ਆਪਣੇ ਗੁਰਾਂ ਨੂੰ ਛਪਾਵੇ ਅਤੇ ਗੁਰਭਾਈਆਂ ਨਾਲ ਛਲ ਕਰੇ ਓਹਨਾਂ ਵਿਚੋਂ ਕੋਈ ਨਹੀਂ ਪ੍ਰਸੰਨ ਹੁੰਦਾ (ਸਿਖ ਬਨਦਾ)।

ਕਬਿਤ—ਬਿਰਖ ਬਲੀ ਮਿਲਾਪ ਸਫਲ ਸਘਨ ਛਾਯਾ, ਬਾਂਸ ਤੌ ਬਰਨ ਦੋਖੀ ਮਿਲੈ ਜਰੈ ਜਾਰਿ ਹੈ॥ ਸਫਲ ਹ੍ਵੈ ਤਰ ਹਰ ਝੁਕਤ ਸਕਲ

ਤਰ, ਬਾਂਸ ਤੋ ਬਡਾਈ ਬੂਡਯੋ ਆਪ ਨ ਸੰਮਾਰ ਹੈ॥ ਸਕਲ ਬਨਾਸਪਤੀ ਸੁਧ ਰਿਦੈ ਮੋਨ ਗਹੇ. ਬਾਂਸ ਤੌ ਗੰਠੀਲੋ ਰੀਤੋ ਬਾਜੇ ਧਾਰ ਮਾਰ ਹੈ॥ ਚੰਦਨ ਸਮੀਪ ਹੀ ਅੱਛਤ ਨਿਰਗੰਧ ਰਹੇ, ਗੁਰ ਸਿਖ ਦੋਖੀ ਬੱਜ੍ਰ ਪ੍ਰਾਨੀ ਨ ਉਧਾਰ ਹੈ॥ ੩੦੮॥

ਹੋਰ ਦਰਖਤ ਵੇਲਾਂ ਦੇ ਮੇਲ ਫਲਾਂ ਫੁਲਾਂ ਦੇ ਹੋਣ ਕਰਕੇ ਸੰਘਣੀ ਛਾਂ ਵਾਲੇ ਹੁੰਦੇ ਹਨ ਅਤੇ ਵੰਝ ਆਪਣੀ ਕੁਲ ਦੇ ਦੁਖ ਦੇਣ ਵਾਲਾ ਹੋਣ ਕਰਕੇ ਜੇਹੜਾ ਨਾਲ ਮਿਲਦਾ ਹੈ ਓਹਨੂੰ ਵੀ ਸਾੜਦਾ ਹੈ ਅਤੇ ਆਪ ਵੀ ਸੜਦਾ ਹੈ। ਸਾਰੇ ਬ੍ਰਿਛ ਹਰੇ ਸਹਿਤ ਫਲਾਂ ਦੇ ਹੋਕੇ ਛੇਤੀ ਨਾਲ ਨੀਵੇਂ ਝੁਕ ਆਉਂਦੇ ਹਨ ਅਤੇ ਵੰਝ ਆਪਣੀ ਲੰਮਾਣ ਦੀ ਵਡਿਆਈ ਵਿਚ ਹੀ ਡੁਬਿਆ ਰਹਿੰਦਾ ਹੈ ਤੇ ਹੰਕਾਰ ਨੂੰ ਸਮ੍ਹਾਲਦਾ ਹੈ। ਸਾਰਿਆਂ ਬੂਟਿਆਂ ਵਿਚੋਂ ਕੋਈ ਬੂਟਾ ਪੌਣ ਚਲਨ ਨਾਲ ਨਹੀਂ ਬੋਲਦਾ ਵਾਂਸ ਗੰਢ ਵਾਲਾ ਵਿਚੋਂ ਪੋਲਾ ਹੋਣ ਕਰਕੇ ਵਾਜਿਆਂ ਵਾਂਕੁਰ ਧਾਹਾਂ ਮਾਰਦਾ ਹੈ। ਜੀਕੁਰ ਚੰਦਨ ਦੇ ਪਾਸ ਰਿਹਾਂ ਵੀ ਵਾਂਸ ਬਿਨਾਂ ਸੁਗੰਧੀ ਤੋਂ ਰਹੇ ਤਿਵੇਂ ਜੋ ਗੁਰ ਸਿਖਾਂ ਦਾ ਦੂਸ਼ਨ ਵਿਚਾਰਨ ਵਾਲਾ ਹੈ ਅਤੇ ਪੱਥਰ ਵਰਗੇ ਪਾਪ ਕਰਨ ਵਾਲਾ ਹੈ ਓਸ ਆਦਮੀ ਦਾ ਕਦੇ ਨਹੀਂ ਉਧਾਰ ਹੁੰਦਾ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ, ਪ੍ਰੇਮ ਕੈ ਪਰਸਪਰ ਪਗ ਲਪਟਾਵਹੀ॥ ਦ੍ਰਿਸ਼ਟਿ ਦਰਸ ਅਰੁ ਸਬਦ ਸੁਰਤਿ ਮਿਲਿ,ਪੂਰਨ ਬ੍ਰਹਮ ਗਯਾਨ ਧਯਾਨ ਲਿਵਲਾਵਹੀ॥ ਏਕ ਮਿਸਟਾਨ ਪਾਨ ਲਾਗਤ ਮਹਾਂ ਪ੍ਰਸਾਦਿ, ਏਕ ਗੁਰਪੁਰਬ ਕੈ ਸਿਖਨ ਬੁਲਾਵਹੀ॥ ਸ਼ਿਵ ਸਨਕਾਦਿ ਬਾਂਛੈ ਤਿਨ ਕੇ ਉਚਿਸ਼ਟ ਕੋ, ਸਾਧਨਾ ਕੀ ਦੂਖਨਾ ਕਵਨ ਫਲ ਪਾਵਹੀ॥ ੩੦੯॥

ਗੁਰ ਸਿਖਾਂ ਦੀ ਸਾਧ ਸੰਗਤ ਦੇ ਮਿਲਾਪ ਦਾ ਪ੍ਰਤਾਪ ਈਕੁਰ ਦਾ ਹੈ ਆਪੋ ਵਿਚ ਦੀ ਪ੍ਰੇਮ ਕਰਕੇ ਚਰਨੀ ਲਪਟੇ ਰਹਿੰਦੇ ਹਨ। ਗੁਰਾਂ ਦੇ ਦਰਸ਼ਨ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਦਾ ਧਿਆਨ ਕਰਦੇ ਹਨ ਅਤੇ ਗੁਰਾਂ ਦੇ ਉਪਦੇਸ਼ ਵਿਚ ਕੰਨ ਮਿਲਾਉਂਦੇ ਹਨ, ਵਾਹਿਗੁਰੂ ਵਿਚ ਚਿਤ ਬ੍ਰਿਤੀ ਲਾਉਂਦੇ ਹਨ। ਇਕ ਗੁਰ ਸਿਖ ਗੁਰਸਿਖਾਂ ਨੂੰ ਮਿਠਾ (ਅੰਮ੍ਰਿਤ ਛਕਣ ਲਈ ਅਤੇ ਇਕ ਕੜਾਹ ਪ੍ਰਸ਼ਾਦਿ ਦੇ ਕਰਨ ਲਈ ਅਤੇ ਇਕ ਗੁਰਪੁਰਬਾਂ ਦੇ ਜੋੜ ਮੇਲਿਆਂ ਉਤੇ ਬੁਲਾਵਣ ਲਈ ਲਗਦੇ ਹਨ। ਸ਼ਿਵ ਜੀ, ਸਨਕ ਆਦਿਕ ਤਿਨਾਂ ਗੁਰਸਿਖਾਂ ਦੇ ਜੂਠੇ ਪ੍ਰਸ਼ਾਦ ਨੂੰ ਚਾਹੁੰਦੇ ਹਨ ਪਰ ਉਪਰੋਕਤ (ਸਾਧਨ) ਗੁਰਮੁਖਾਂ ਦੇ ਦੂਸ਼ਨ ਵਿਚਾਰ ਵਾਲੇ ਫਲ ਕਦ ਪਾ ਸਕਦੇ ਹਨ?

ਕਬਿਤ—ਜੈਸੇ ਬੋਝ ਭਰੀ ਨਾਂਵ ਆਂਗਰੀ ਦ੍ਵੈ ਬਾਹਰ ਹ੍ਵੈ, ਪਾਰ ਪਰੈ

ਪੂਰ ਸਭੈ ਕੁਸਲ ਬਿਹਾਤ ਹੈ॥ ਜੈਸੇ ਏਕਾ ਹਰੀ ਏਕ ਘਰੀ ਪਾਕਸਾਲ ਬੈਠ, ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ॥ ਜੈਸੇ ਰਾਜ ਦ੍ਵਾਰ ਜਾਇ ਕਰਤ ਜੁਹਾਰ ਜਨ, ਏਕ ਘਰੀ ਪਾਛੈ ਦੇਸ ਭੋਗਤਾ ਹ੍ਵੈ ਖਾਤ ਹੈ॥ ਆਠ ਹੀ ਪਹਰ ਸਾਠ ਘਰੀ ਮੈ ਜੋ ਏਕ ਘਰੀ, ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ ॥੩੧੦॥

ਬੇੜੀ ਭਾਰ ਦੀ ਲਦੀ ਹੋਈ ਦੋ ਉਂਗਲਾਂ ਬਾਹਰ ਹੋ ਜਾਵੇ ਕਿਨਾਰੇ ਦੇ ਨਾਲ ਲਗ ਜਾਵੇ ਤਾਂ ਸਾਰਾ ਮੁਸਾਫਰਾਂ ਦਾ ਪੂਰ ਪਾਰ ਹੋ ਜਾਂਦਾ ਹੈ ਉਹਨਾਂ ਨੂੰ ਸੁਖ ਹੁੰਦਾ ਹੈ। ਇਕ ਵੇਲੇ ਅੰਨ ਖਾਣ ਵਾਲਾ ਇਕ ਘੜੀ ਰਸੋਈ ਵਿਚ ਬੈਠ ਕੇ ਬਹੁਤ ਤਰ੍ਹਾਂ ਦੇ ਖਟੇ ਮਿਠੇ ਸਲੂਣੇ ਸਵਾਦੀ ਭੋਜਨ ਖਾ ਕੇ ਰੱਜ ਜਾਂਦਾ ਹੈ। ਕੋਈ ਆਦਮੀ ਰਾਜਾ ਦੇ ਬੂਹੇ ਤੇ ਜਾ ਕੇ ਇਕ ਘੜੀ ਨਮਸ਼ਕਾਰ ਕਰਦਾ ਹੈ ਫਿਰ ਦੇਸ ਦਾ ਭੋਗਣ ਵਾਲਾ ਬਣ ਕੇ ਉਸ ਜਾਗੀਰ, ਰਾਜਾ ਦੀ ਬਖਸ਼ੀ ਹੋਈ ਨੂੰ ਚਿਰ ਤੀਕਰ ਖਾਂਦਾ ਹੈ। ਜੇਹੜਾ ਅਠਾਂ ਪਹਿਰਾਂ ਅਤੇ ਸਠਾਂ ਘੜੀਆਂ ਵਿਚ ਇਕ ਘੜੀ ਸਤਿਸੰਗ ਕਰਕੇ ਆਪਣੇ ਘਰ ਜਾਂਦਾ ਹੈ। ਉਸ ਦੀ ਮਹਿਮਾ ਨਹੀਂ ਕਹੀ ਜਾਂਦੀ ਅੰਤ ਦੇ ਸਮੇਂ ਵਾਹਿਗੁਰੂ ਨਾਲ ਮਿਲਦਾ ਹੈ।

ਕਬਿੱਤ—ਕਾਰਤਕ ਜੈਸੇ ਦੀਪ ਮਾਲਕਾ ਰਜਨੀ ਸਮੈ, ਦੀਪ ਜੋਤ ਕੋ ਉਦੋਤ ਹੋਤ ਹੀ ਬਿਲਾਤ ਹੈ॥ ਬਰਖਾ ਸਮੈ ਜੈਸੇ ਤੌ ਬੁਦਬੁਦਾ ਕੋ ਪ੍ਰਗਾਸ, ਤਾਸ ਨਾਮ ਪਲਕ ਮੈ ਨਾਹਿ ਠਹਿਰਾਤ ਹੈ॥ ਗ੍ਰੀਖਮ ਸਮੈ ਜੈਸੇ ਤੌ ਮ੍ਰਿਗ ਤ੍ਰਿਸਨਾ ਚਰਿੱਤ੍ਰ, ਛਾਈ ਸੀ ਦਿਖਾਈ ਦੇਤ ਉਪਜਿ ਸਮਾਤਿ ਹੈ॥ ਤੈਸੇ ਮੋਹ ਮਾਯਾ ਛਾਯਾ ਬਿਰਖ ਚਪਲ ਛਲ, ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ॥ ੩੧੧॥

ਕੱਤੇਂ ਦੇ ਮਹੀਨੇ ਦੀਪ ਮਾਲਾ ਵਿਚ ਰਾਤ ਦੇ ਵੇਲੇ ਦੀਵਿਆਂ ਦੀਆਂ ਜੋਤਾਂ ਦਾ ਪ੍ਰਕਾਸ਼ ਹੋ ਕੇ ਜਗ ਕੇ ਹੀ ਬੁਝ ਜਾਂਦਾ ਹੈ। ਬਰਖਾ ਦੇ ਵੇਲੇ ਬੁਦਬੁਦਿਆਂ ਦਾ ਪ੍ਰਕਾਸ਼ ਹੁੰਦਾ ਹੈ। ਤਿਨਾਂ ਦਾ ਨਾਉਂ ਇਕ ਛਿਨ ਨਹੀਂ ਠਹਿਰਦਾ ਹੈ। ਜੇਠ ਹਾੜ ਦੇ ਵੇਲੇ ਹਰਨਾਂ ਨੂੰ ਭਰਮ ਹੋ ਜਾਂਦਾ ਹੈ ਕਿ ਜੇਹੜੀ ਰੇਤ ਚਮਕਦੀ ਹੈ ਸੋ ਪਾਣੀ ਹੀ ਹੋਵੇਗੀ ਪਰ ਇਹ ਇਕ ਤਮਾਸ਼ਾ ਝੂਠਾ ਹੁੰਦਾ ਹੈ ਹਰਨ ਓਥੇ ਤਿਹਾਇਆ ਜਾਂਦਾ ਹੈ ਸੋ ਜਾਂਦਾ ਹੀ ਮਰ ਜਾਂਦਾ ਹੈ । ਦਰਖਤ ਦੀ ਛਾਂ ਚੰਚਲ ਹੁੰਦੀ ਹੈ ਦੌਲਤ ਦਾ ਪਜਾਰ ਠੱਗਣ ਵਾਲਾ ਹੁੰਦਾ ਹੈ।

ਕਬਿੱਤ—ਜੈਸੇ ਤੌ ਬਸਨ ਅੰਗ ਸੰਗ ਮਿਲ ਹ੍ਵੈ ਮਲੀਨ, ਸਲਿਲ

ਸਾਬੁਨ ਮਿਲ ਨਿਰਮਲ ਹੋਤ ਹੈ ॥ ਜੈਸੇ ਤੋ ਸਰੋਵਰ ਸਿਵਾਲ ਕੈ ਅਛਾਦਜੋ ਜਲੁ, ਝੋਲ ਪੀਏ ਨਿਰਮਲ ਦੇਖੀਐ ਅਛੋਤ ਹੈ ॥ ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ, ਹੋਤ ਉਜੀਆਰੋ ਦਿਨਕਰ ਕੇ ਉਦੋਤ ਹੈ ॥ ਤੈਸੇ ਮਾਯਾ ਮੋਹ ਭ੍ਰਮ ਹੋਤ ਹੈ ਮਲੀਨ ਮਤਿ, ਸਤਿਗੁਰ ਗਿਆਨ ਧਿਆਨ ਜਗ ਮਗ ਜੋਤਿ ਹੈ ॥ ੩੧੨ ॥

ਕਪੜਾ ਸਰੀਰ ਦੇ ਅੰਗਾਂ ਨਾਲ ਮਿਲ ਕੇ ਮੈਲਾ ਹੋ ਜਾਂਦਾ ਹੈ ਪਾਨੀ ਸਾਬਣ ਨਾਲ ਮਿਲ ਕੇ ਚਿਟਾ ਹੋ ਜਾਂਦਾ ਹੈ। ਤਾਲ ਦਾ ਪਾਣੀ ਬੂਰ ਕਰਕੇ ਢਕਿਆ ਹੋਇਆ ਹੁੰਦਾ ਹੈ ਜੇ ਉਸ ਅਪਵਿਤ੍ਰ ਬੂਰ ਨੂੰ ਉਤੋਂ ਹਟਾ ਦੇਵੇ ਤਾਂ ਨਿਰਮਲ ਜਲ ਪੀਣ ਲਈ ਹੋ ਜਾਂਦਾ ਹੈ। ਰਾਤ ਅੰਧੇਰੀ ਵਿਖੇ ਭਾਵੇਂ ਤਾਰਿਆਂ ਦਾ ਚਮਤਕਾਰ ਵੀ ਹੁੰਦਾ ਹੀ ਹੈ ਪਰ ਫਿਰ ਵੀ ਚਾਨਣ ਤਦੋਂ ਹੀ ਹੁੰਦਾ ਹੈ ਜਦੋਂ ਸੂਰਜ ਚੜ੍ਹਦਾ ਹੈ। ਦੋਲਤ ਦੇ ਪਜਾਰ ਅਤੇ ਭੁਲੇਵੇਂ ਕਰਕੇ ਅਕਲ ਮੈਲੀ ਹੁੰਦੀ ਹੈ ਅਤੇ ਸਤਗੁਰਾਂ ਦੇ ਗਜਾਨ ਧਜਾਨ ਕਰਕੇ ਵਾਹਿਗੁਰੂ ਦਾ ਚਾਨਣ ਆਦਮੀ ਦੇ ਅੰਦਰ ਹੁੰਦਾ ਹੈ।

ਕਬਿੱਤ—ਅੰਤਰ ਅਛਤ ਹੀ ਦਿਸੰਤਰ ਗਵਨ ਕਰੈ, ਪਾਛੈ ਪਰੈ ਪਹੁੰਚੈ ਨ ਪਾਇਕ ਜੌ ਧਾਵਈ ॥ ਪਹੁੰਚੈ ਨ ਰਥ ਪਹੁੰਚੈ ਨ ਗਜ ਰਾਜ ਬਾਜ, ਪਹੁੰਚੈ ਨ ਖਗ ਮ੍ਰਿਗ ਫਾਂਧਤ ਉਡਾਵਈ ॥ ਪਹੁੰਚੈ ਨ ਪਵਨ ਗਵਨ ਤ੍ਰਿਭਵਨ ਪ੍ਰਤਿ, ਅਰਧ ਉਰਧ ਅੰਤਰੀਛ ਹ੍ਵੈ ਨ ਪਾਵਈ ॥ ਪੰਚ ਦੂਤ ਭੂਤ ਲਗ ਅਧਮ ਅਸਾਧ ਮਨੁ, ਗਹੇ ਗੁਰ ਗਜਾਨ ਸਾਧ ਸੰਗ ਬਸ ਆਵਈ ॥ ੩੧੩ ॥

ਏਹ ਮਨ ਸਰੀਰ ਦੇ ਅੰਦਰ ਹੁੰਦਿਆਂ ਹੀ ਹੋਰਨਾਂ ਦ੍ਰਿਸ਼ਾਂ ਵਲ ਕਿਧਰੇ ਦਾ ਕਿਧਰੇ ਚਲਿਆ ਜਾਂਦਾ ਹੈ ਜੇ ਕੋਈ ਪੈਰੀਂ ਤੁਰਨ ਵਾਲਾ ਇਸ ਦੇ ਮਗਰ ਪੈ ਕੇ ਖੋਜ ਕਰੇ ਤਾਂ ਪਹੁੰਚ ਨਹੀਂ ਸਕਦਾ। ਰਥ, ਹਾਥੀ ਘੋੜਿਆਂ ਉਤੇ ਅਸਵਾਰ ਹੋ ਕੇ ਕੋਈ ਆਦਮੀ ਮਨ ਨਾਲ ਦੌੜਕੇ ਨਹੀਂ ਅਪੜ ਸਕਦਾ ਅਤੇ ਪੰਛੀ ਉਡਕੇ, ਹਰਨ ਛਾਲਾਂ ਮਾਰਕੇ ਨਹੀਂ ਪਹੁੰਚ ਸਕਦੇ। ਭਾਵੇਂ ਉਚੇ ਨੀਵੇਂ ਮੁਲਕਾਂ ਦਾ ਰਾਜ ਕਿਉਂ ਨਾ ਜੀਵ ਇਹ ਪਾ ਲਵੇ ਪਰ ਫਿਰ ਵੀ ਏਹ ਜੇਹੜਾ ਮਨ ਤਿੰਨਾਂ ਲੋਕਾਂ ਪਦਾਰਥਾਂ ਦੀ ਸਰੀਰ ਅੰਦਰ ਇੱਛਾ ਕਰਕੇ ਦੌੜਦਾ ਹੈ ਉਸ ਦੇ ਮਗਰ ਪੌਣ ਨਹੀਂ ਵਗ ਕੇ ਅਪੜ ਸਕਦੀ। ਪੰਜਾਂ ਦੂਤਾਂ ਦੀ ਸੰਗਤ ਕਰਕੇ ਮਨ ਪਾਪੀ ਅਸਾਧ ਚੰਚਲ ਹੋ ਰਿਹਾ ਹੈ ਪਰ ਜਦੋਂ ਸਾਧ ਸੰਗਤ ਵਿਚ ਆਨ ਕੇ ਗੁਰਾਂ ਦੇ ਚਰਨ ਫੜੇ ਅਤੇ ਗਜਾਨ ਨੂੰ ਪ੍ਰਾਪਤ ਹੋਵੇ ਤਾਂ ਮਨ ਵਸ ਆਂਦਾਉ ਹੈ।

ਕਬਿੱਤ—ਆਂਧਰੇ ਕੋ ਸ਼ਬਦ ਸੁਰਤਿ ਕਰ ਕਰ ਟੇਕ, ਬਹਰੈ ਚਰਨ ਕਰ ਦ੍ਰਿਸਟਿ ਸ਼ਬਦ ਹੈ ॥ ਗੂੰਗੇ ਟੇਕ ਚਰ ਕਰ ਦ੍ਰਿਸਟਿ ਸਬਦ ਸੁਤਿ ਲਿਵ ਲੂਲੇ ਟੇਕ ਦ੍ਰਿਸਟਿ ਸਬਦ ਸੁਤਿ ਪਦ ਹੈ ॥ ਪਾਂਗਰੇ ਕੋ ਟੇਕ ਦ੍ਰਿਸਟਿ ਸਬਦ ਸੁਰਤਿ ਕਰ ਟੇਕ, ਇਕ ਏਕ ਅੰਗ ਹੀਨ ਦੀਨਤਾ ਅਛਦ ਹੈ ॥ ਅੰਧ, ਗੁੰਗ, ਸੁੰਨ ਪੰਗੁ, ਲੁੰਜ ਦੁਖ ਪੁੰਜ ਮਮ, ਅੰਤਰ ਕੇ ਅੰਤਰਜਾਮੀ ਪਰਬੀਨ ਸਦ ਹੈ ॥ ੩੧੪ ॥

ਅੰਨੇ ਨੂੰ ਬਾਣੀ, ਕੰਨਾਂ, ਹਥਾਂ, ਪੈਰਾਂ ਦਾ ਆਸਰਾ ਹੈ ਅਤੇ ਬੋਲੇ ਨੂੰ ਪੈਰਾਂ ਹਥਾਂ, ਨੇਤ੍ਰਾਂ ਦੀ ਦ੍ਰਿਸ਼ਟੀ ਦੀ ਅਵਾਜ ਦਾ ਆਸਰਾ ਹੈ ਗੁੰਗੇ ਨੂੰ ਓਟ ਪੈਰਾਂ, ਹਥਾਂ, ਨਜਰ, ਬੋਲ, ਕੰਨਾਂ ਅਤੇ ਬ੍ਰਿਤੀ ਦੀ ਅਤੇ ਲੂਲੇ ਨੂੰ ਨਜਰ, ਬਾਣੀ, ਕੰਨਾਂ ਪੈਰਾਂ ਦੀ ਓਟ ਹੈ। ਪਿੰਗਲੇ ਨੂੰ ਓਟ ਨਜਰ ਬਾਣੀ, ਕੰਨਾਂ, ਹਥਾਂ ਦੀ ਹੈ। ਇਕ ਇਕ ਅੰਗ ਦੀ ਓਟ ਤੋਂ ਰਹਿਤ ਗਰੀਬ ਪਣੇ ਵਿਚ ਢਕੇ ਹੋਇ ਅੰਨ੍ਹਾਂ, ਗੁੰਗਾ, ਕੰਨਾਂ ਤੋਂ ਸੁੰਵਾਂ, ਪਿੰਗਲਾ, ਲੰਙਾਂ ਦੁਖਾਂ ਬਹੁਤਿਆਂ ਵਾਲਾ ਦੁਖੀ ਮੈਂ ਹਾਂ ਮੇਰੇ ਅੰਦਰ ਦੀ ਜਾਨਣ ਵਾਲੇ ਆਪ ਗੁਰੂ ਸਦਾ ਹੀ ਸਿਆਣੇ ਹੋ।

ਕਬਿੱਤ—ਆਂਧਰੇ ਕੋ ਸਬਦ ਸੁਰਤਿ ਕਰ ਕਰ ਟੇਕ, ਅੰਧ ਗੁੰਗ ਸਬਦ ਸੁਰਤਿ ਕਰ ਚਰ ਹੈ ॥ ਅੰਧ, ਗੁੰਗ, ਸੁੰਨ ਕਰ ਚਰ ਅਵਲੰਭ ਟੇਕ, ਅੰਧ, ਗੁੰਗ, ਸੁੰਨ, ਪੰਗ, ਟੇਕ ਏਕ ਕਰ ਹੈ ॥ ਅੰਧ, ਗੁੰਗ ਸੁੰਨ, ਪੁੰਗ ਲੁੰਜ ਦੁਖ ਪੁੰਜ ਮਮ, ਸਰਬੰਗ ਹੀਨ ਦੀਨ ਦੁਖਤ ਅਧਰ ਹੈ ॥ ਅੰਤਕਰੀ ਅੰਤਰਜਾਮੀ ਜਾਨੈ ਅੰਤਰ ਗਤਿ, ਕੈਸੇ ਨਿਰਬਾਹੁ ਕਰੈ ਸਰੈ ਨਰਹਰ ਹੈ ॥ ੩੧੫ ॥

ਅੰਨ੍ਹੇ ਨੂੰ ਬੋਲ, ਕੰਨਾਂ, ਹਥਾਂ, ਪੈਰਾਂ ਦੀ ਓਟ ਹੈ ਅਤੇ ਜੋ ਅੰਨ੍ਹਾਂ, ਗੁੰਗਾ ਹੈ ਤਿਸ ਨੂੰ ਬਾਣੀ ਸੁਣਨ ਦੀ ਤੇ ਹਥਾਂ ਪੈਰਾਂ ਦੀ ਓਟ ਹੈ। ਜੋ ਅੰਨ੍ਹਾਂ, ਗੁੰਗਾ ਤੇ ਸੁਣਨ ਤੋਂ ਰਹਿਤ ਆਦਮੀ ਹੈ ਉਸ ਨੂੰ ਹਥਾਂ, ਪੈਰਾਂ ਦੇ ਆਸਰੇ ਦੀ ਓਟ ਹੈ ਅਤੇ ਜੋ ਅੰਨ੍ਹਾਂ, ਗੁੰਗਾ, ਬੋਲਾ, ਪਿੰਗਲਾ ਆਦਮੀ ਹੈ ਉਸ ਨੂੰ ਇਕ ਹਥ ਦੀ ਓਟ ਹੈ। ਅੰਨ੍ਹਾਂ, ਗੁੰਗਾ, ਪਿੰਗਲਾ, ਲੰਙਾ, ਬਹੁਤ ਦੁਖ ਵਾਲਾ ਦੁਖੀਆ ਮੈਂ ਹਾਂ ਤੇ ਸਰੀਰ ਦੇ ਸਾਰੇ ਅੰਗਾਂ ਤੋਂ ਬਿਨਾਂ,ਗਰੀਬ, ਦੁਖੀਆ ਬਿਨਾਂ ਆਸਰੇ ਤੋਂ ਵੀ ਮੈਂ ਹੀ ਹਾਂ। ਜੋ ਅੰਦਰ ਦਿਲ ਦੀ ਬਾਤ ਜਾਣੀ ਜਾਣ ਹੈ ਤਿਸ ਦੀ ਅੰਦਰ ਪ੍ਰਾਪਤ ਹੋਣ ਦੀ ਰੀਤੀ ਕੀਕੁਰ ਨਿਰਬਾਹੁ ਕਰੀਏ, ਭਾਵ ਉਸਨੂੰ ਕੀਕਰ ਜਾਣੀਏ ? ਤਾਂ ਤੇ ਇਹ ਕਹੀਏ ਕਿ ਹੇ ਵਾਹਿਗੁਰੂ ! ਤੇਰੀ ਅਸੀਂ ਸਰਨ ਹਾਂ।

ਕਬਿੱਤ–ਚਕਈ ਚਕੋਰ ਮ੍ਰਿਗ ਮੀਨ ਭ੍ਰਿੰਗ ਔ ਪਤੰਗ, ਪ੍ਰੀਤ ਇਕ ਅੰਗੀ ਬਹੁ ਰੰਗੀ ਦੁਖਦਾਈ ਹੈ॥ ਏਕ ਏਕ ਟੇਕ ਸੈ ਟਰਤ ਨ ਮਰਤ ਸਭੈ, ਆਦਿ ਅੰਤਿ ਕੀ ਸੁ ਚਾਲ ਚਲੀ ਜਗ ਆਈ ਹੈ॥ ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ, ਲੋਗ ਪਰਲੋਕ ਸੁਖਦਾਇਕ ਸਹਾਈ ਹੈ॥ ਗੁਰਮਤਿ ਸੁਨਿ ਦੁਰਮਤਿ ਨ ਮਿਟਤ ਜਾਕੀ, ਅਹਿ ਮਿਲ ਚੰਦਨ ਜਯੋ ਬਿਖ ਨ ਮਿਟਾਈ ਹੈ॥ ੩੧੬॥

ਚਕਵੀ ਆਦਿਕ ਤਾਂ ਪ੍ਰੀਤੀ ਕਰਦੇ ਹਨ ਪਰ ਸੂਰਜ ਆਦਿਕ ਨਹੀਂ ਇਸ ਲਈ ਚਕਵੀ ਆਦਿਕ ਨੂੰ ਦੁਖ ਹੁੰਦਾ ਹੈ। ਇਕ ਇਕ ਓਟ ਇਹਨਾਂ ਲਈ ਹੋਈ ਹੈ ਉਸ ਤੋਂ ਟਲਦੇ ਨਹੀਂ ਹਨ ਭਾਵੇਂ ਸਾਰੇ ਮਰ ਹੀ ਜਾਂਦੇ ਹਨ ਇਸ ਗਲ ਦੀ ਪਹਿਲੇ ਤੋਂ ਜਗ ਵਿਚ ਚਾਲ ਚਲੀ ਆਈ ਹੈ ਅਤੇ ਅੰਤ ਤਕ ਚਲੀ ਜਾਵੇਗੀ। ਗੁਰਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਈਕੁਰ ਦਾ ਹੈ ਕਿ ਲੋਕ ਪ੍ਰਲੋਕ ਵਿਚ ਸਹਾਇਤਾ ਕਰਕੇ ਸੁਖ ਦੇਣ ਵਾਲਾ ਹੈ ਜੀਕੁਰ ਸੱਪ ਨੇ ਚੰਦਨ ਬ੍ਰਿਛ ਦੇ ਨਾਲ ਲਗ ਕੇ ਆਪਣੀ ਵਿਹੁ ਨੂੰ ਦੂਰ ਨਾ ਕੀਤਾ ਹੋਵੇ।

ਕਬਿੱਤ–ਮੀਨ ਕੋ ਸੁਰਤਿ ਹੈ ਜਲ ਕੋ ਸਬਦ ਗਿਆਨ ਦੁਬਿਧਾ ਮਿਟਾਇ ਨ ਸਕਤ ਜਲ ਮੀਨ ਕੀ ॥ ਸਰ ਸਰਤਾ ਅਬਾਹ ਪ੍ਰਬਲ ਪ੍ਰਵਾਹ ਬਸੈ ਗੁਸੈ ਲੋਹ ਰਾਖਿ ਨ ਸਕਤ ਮਤਿ ਹੀਨ ਕੀ॥ ਜਲ ਬਿਨ ਤਰਫ ਤਜਤ ਪ੍ਰਿਅ ਪਾਰਨ ਮੀਨ ਜਾਨਤ ਨ ਪੀਰ ਨੀਰ ਦੀਨਤਾਈ ਦੀਨ ਕੀ ॥ ਦੁਖਦਾਈ ਪ੍ਰੀਤ ਕੀ ਪ੍ਰਤੀਤ ਮੀਨ ਕੁਲ ਦ੍ਰਿੜ, ਗੁਰ ਸਿਖ ਬੰਸ ਧ੍ਰਿਗ ਪ੍ਰੀਤ ਪ੍ਰਧੀਨਕੀ॥ ੩੧੭॥

ਮੱਛੀ ਅਨਜਾਣ ਹੈ ਭਾਵ ਮੱਛੀ ਨੂੰ ਏਨੀ ਵੀ ਗਯਾਤ ਨਹੀਂ ਕਿ ਪਾਣੀ ਮੇਰੀ ਸਹਾਇਤਾ ਕਰੇਗਾ ਅਤੇ ਪਾਣੀ ਨੂੰ ਮੱਛੀ ਦੇ ਆਵਾਜ਼ ਦਾ ਗਯਾਨ ਨਹੀਂ ਨਾ ਹੀ ਪਾਣੀ ਮੱਛੀ ਦਾ ਦ੍ਵੈਤ ਭਾਵ ਦੂਰ ਕਰ ਸਕਦਾ ਹੈ। ਬੜੇ ਬੜੇ ਡੂੰਘੇ ਤਾਲਾਂ ਵਿਚ ਅਤੇ ਜੋਰ ਵਾਲੇ ਵਹਿਣ ਵਗਣ ਵਾਲੀਆਂ ਨਦੀਆਂ (ਦੇ ਵਹਿਣ) ਵਿਚ ਮੱਛੀ (ਵਸਦੀ) ਰਹਿੰਦੀ ਹੈ ਅਤੇ ਤਾਲਾਂ ਨਦਾਆਂ ਦਾ ਪਾਣੀ ਅਕਲ ਤੋਂ ਰਹਿਤ ਫੰਦਕ ਦੀ ਲੋਹੇ ਕੁੰਡੀ ਦੇ ਪਕੜਨ ਤੋਂ ਰਖਿਆ ਨਹੀ। ਕਰ ਸਕਦਾ। ਪਿਆਰੇ ਪਾਣੀ ਤੋਂ ਬਿਨਾਂ ਤੜਫ ਤੜਫ ਕੇ ਮੱਛੀ ਪ੍ਰਾਣ ਛਡ ਦੇਂਦੀ ਹੈ ਅਤੇ ਪਾਣੀ ਗਰੀਬ ਮੱਛੀ ਦੀ ਅਧੀਨਤਾ ਪੀੜਾ ਨੂੰ ਨਹੀਂ ਜਾਣਦਾ। ਮੱਛੀ ਦੀ ਕੁਲ ਪ੍ਰਤੀਤ ਕਰਕੇ ਦੁਖ ਦੇਣ ਵਾਲੀ ਪ੍ਰੀਤੀ(ਜਲ) ਨਾਲ ਦ੍ਰਿੜ੍ਹਤਾ ਕਰਦੀ ਹੈ ਅਤੇ ਓਨ੍ਹਾਂ ਅਜੇਹਿਆਂ ਗੁਰੂ ਕੇ ਸਿਖਾਂ ਪਾਖੰਡੀਆਂ ਨਕਲੀਆਂ ਦੀ ਵੰਸ ਨੂੰ

ਧ੍ਰਿਕਾਰ ਹੈ ਜੋ ਪਰਾਇ ਅਧੀਨ ਦੇਵੀ ਦੇਵਤਿਆਂ ਸਰਵਰਾਂ ਦੇ ਹੋ ਕੇ ਅਤੇ ਉਨ੍ਹਾਂ ਨਾਲ ਪ੍ਰੀਤੀ ਕਰਦੇ ਹਨ ।

ਕਬਿਤ—ਦੀਪਕ ਪੈ ਆਵਤ ਪਤੰਗ ਪ੍ਰੀਤ ਰੀਤ ਲਗ, ਦੀਪ ਕਰ ਮਹਾ ਬਿਪਰੀਤ ਮਿਲੇਜਾਰ ਹੈ ॥ ਅਲਿ ਚਲ ਆਵਤ ਕਮਲ ਪੈ ਸਨੇਹ ਕਰ, ਕਮਲ ਸੰਪਟ ਬਾਧਿ ਪ੍ਰਾਨ ਪਰਹਾਰ ਹੈ ॥ ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ ਬਿਛੁਰਤ ਰਾਖ ਨ ਸਕਤ ਗਹਿ ਡਾਰ ਹੈ ॥ ਦੁਖਦਾਈ ਪ੍ਰੀਤ ਕੀ ਪ੍ਰਤੀਤ ਕੈ ਮਰੈ ਨ ਟਰੈ, ਗੁਰ ਸਿਖ ਸੁਖਦਾਈ ਪ੍ਰੀਤ ਕਿਉ ਵਿਸਾਰ ਹੈ ॥ ੩੧੮ ॥

ਦੀਵੇ ਦੇ ਪਾਸ ਪਤੰਗਾ ਰੀਤੀ ਅਨੁਸਾਰ ਪ੍ਰੀਤੀ ਲਗਾ ਕੇ ਆਉਂਦਾ ਹੈ ਅਗੋਂ ਦੀਵਾ ਬੜੀ ਉਲਟੀ ਰੀਤੀ ਕਰਦਾ ਹੈ ਕਿ ਮਿਲੇ ਹੋਏ ਨੂੰ ਸਾੜ ਸੁਟਦਾ ਹੈ । ਭੌਰਾ ਪ੍ਰੇਮ ਕਰਕੇ ਕੌਲ ਫੁਲ ਪਾਸ ਚਲ ਕੇ ਆਉਂਦਾ ਹੈ ਅਤੇ ਅਗੋਂ ਕਮਲ ਡੱਬੇ ਵਾਂਕੁਰ ਮੀਟਿਆ ਜਾਂਦਾ ਹੈ ਸੋ ਕਮਲ ਭੌਰੇ ਨੂੰ ਪੰਡ ਵਾਂਕੁਰ ਬੰਨ੍ਹ ਕੇ ਅਤੇ ਘੁਟ ਕੇ ਪ੍ਰਾਣ ਕੱਢ ਦੇਂਦਾ ਹੈ ਮੱਛੀ, ਮਨ, ਬਾਣੀ, ਸਰੀਰ, ਚਿਤ ਬ੍ਰਿਤੀ ਨੂੰ ਮਸਤ ਕਰਕੇ ਪਾਣੀ ਵਿਚ ਪਹੁੰਚਦੀ ਹੈ(ਅਤੇ ਜਦੋਂ ਫੰਦਕ ਕੁੰਡੀ ਨਾਲ ਫੜ ਲੈਂਦਾ ਹੈ) ਓਦੋਂ ਮੱਛੀ ਨੂੰ ਵਿਛੜਦਿਆਂ ਹੋਇਆਂ ਪਾਣੀ ਨਹੀਂ ਰਖ ਸਕਦਾ ਸੋ ਓਸੇ ਵੇਲੇ ਹੀ ਝੀਉਰ ਫੜ ਕੇ ਮਾਰ ਸੁਟਦਾ ਹੈ ! ਦੁਖ ਦੇਣ ਵਾਲੀ ਪ੍ਰੀਤੀ ਦੀ ਪਰਤੀਤ (ਦ੍ਰਿੜਤਾ) ਕਰਕੇ ਮਰ ਜਾਂਦੇ ਹਨ ਫਿਰ ਵੀ ਹਟਦੇ ਨਹਾਂ ਪਰ ਅਫਸੋਸ ! ਗੁਰੂ ਕੇ ਸਿਖ ਗੁਰਾਂ ਦੀ ਸੁਖ ਦੇਣ ਵਾਲੀ ਜੋ ਪ੍ਰੀਤੀ ਹੈ ਉਸ ਨੂੰ ਕਿਉਂ ਵਿਸਾਰਦੇ ਹਨ ?

ਕਬਿਤ—ਦੀਪਕ ਪਤੰਗ ਦਿੱਬ ਦ੍ਰਿਸਟਿ ਦਰਸ ਹੀਨ, ਸ੍ਰੀ ਗੁਰ ਦਰਸ ਧਯਾਨ ਤ੍ਰਿਭਵਣ ਗੰਮਿਤਾ ॥ ਬਾਸਨਾ ਕਮਲ ਅਲਿ ਭ੍ਰਮਤ ਨ ਰਾਖ ਸਕੈ, ਚਰਨ ਸਰਨ ਗੁਰ ਅਨਤ ਨ ਗੰਮਿਤਾ ॥ ਮੀਨ ਜਲ ਪ੍ਰੇਮ ਨੇਮ ਅੰਤ ਨ ਸਹਾਈ ਹੋਤ, ਗੁਰ ਸਿਖ ਸਾਗਰ ਹ੍ਵੈ ਇਤ ਉਤ ਸੰਮਿਤਾ ॥ ਏਕ ਏਕ ਟੇਕ ਸੈ ਟਰਤ ਨ ਮਰਤ ਸਭੈ, ਸ੍ਰੀ ਗੁਰ ਸ੍ਰਬੰਗੀ ਸੰਗੀ ਮਹਾਤਮ ਅੰਮ੍ਰਿਤਾ ॥ ੩੧੯ ॥

ਪਤੰਗਾ ਜੋ ਦੀਵੇ ਦਾ ਦਰਸ਼ਨ ਕਰਕੇ ਸੜ ਜਾਂਦਾ ਹੈ ਸੋ ਦੇਵਤਿਆਂ ਵਾਲੀ ਲੰਮੀ ਨਿਗਾ ਤੋਂ ਰਹਿਤ ਹੈ(ਇਹ ਫਲ ਪਤੰਗੇ ਨੂੰ ਮਿਲਿਆ ਦੀਵੇ ਦੇ ਦਰਸ਼ਨ ਕਰਨ ਦਾ) ਅਤੇ ਸੁਭਾਇਮਾਨ ਗੁਰਾਂ ਦੇ ਦਰਸ਼ਨ ਦਾ ਜੋ ਧਯਾਨ ਕਰਨਾ ਹੈ ਇਹਦੇ ਨਾਲ ਤਿੰਨਾਂ ਲੋਕਾਂ ਦੀ ਖਬਰ ਪ੍ਰਾਪਤ ਹੁੰਦੀ ਹੈ । ਕੌਲ ਫੁਲ ਵਾਸ਼ਨਾਂ ਦੇ ਕੇ ਭੌਰੇ ਨੂੰ ਫਿਰਨ ਤੋਂ ਨਹੀਂ ਰਖ

ਸਕਦਾ ਅਤੇ ਗੁਰੂ ਜੀ ਚਰਨਾਂ ਦੀ ਸ਼ਰਨ ਦੇ ਕੇ ਹੋਰ ਥਾਂ (ਕਾਮ ਆਦਿਕ ਜਗਤ ਦੇ ਦੁਖਾਂ ਵਲ) ਨਹੀਂ ਫਿਰਨ ਦੇਂਦੇ। ਮੱਛੀ ਦੇ (ਜਲ ਨਾਲ) ਪ੍ਰੇਮ ਕਰਕੇ ਨਿਯਮ ਕਰਨ ਤੋਂ ਪਾਣੀ ਅੰਤ ਨੂੰ (ਫੰਦਕ ਪਾਸੋਂ ਛੁਡਾ ਕੇ) ਸਹਾਇਤਾ ਨਹੀਂ ਕਰ ਸਕਦਾ ਅਤੇ ਗੁਰੂ ਜੀ ਲੋਕ ਪ੍ਰਲੋਕ ਵਿਚ ਬਰਾਬਰ ਸਿਖ ਦੇ ਸਹਾਇਤਾ ਕਰਨ ਵਾਲੇ ਸੁਖਾਂ ਦੇ ਸਮੁੰਦਰ ਹੁੰਦੇ ਹਨ। ਉਪਰੋਕਤ ਜਾਨਵਰ ਇਕ ਇਕ ਦੀ ਓਟ ਲੈਕੇ ਉਸ ਆਦਤ ਤੋਂ ਭੌਂਦੇ ਨਹੀਂ ਭਾਵੇਂ ਸਾਰੇ ਭੌਰੇ ਆਦਿਕ ਮਰ ਹੀ ਜਾਂਦੇ ਹਨ ਪਰ ਜੋ ਗੁਰੂ ਜੀ ਸਾਰਿਆਂ ਦੀ ਸਹਾਇਤਾ ਕਰਨ ਵਾਲੇ ਦੀ ਸ਼ਰਨ ਦੇ ਸਾਥੀ ਹੋਏ ਹਨ ਸੋ ਉਹ ਫਿਰ ਮਰਦੇ ਨਹੀਂ ਅਤੇ ਸਦਾ ਹੀ ਜੀਂਵਦੇ ਰਹਿਣ ਦਾ ਓਹਨਾਂ ਨੂੰ ਫਲ ਮਿਲਿਆ ਹੈ।

ਕਬਿਤ—ਦੀਪਕ ਪਤੰਗ ਮਿਲ ਜਰਤ ਨ ਰਾਖ ਸਕੈ, ਜਰੈ ਮਰੈ ਆਗੇ ਨ ਪਰਮਪਦ ਪਾਇ ਹੈ॥ ਮਧੁਪ ਕਮਲ ਮਿਲ ਭ੍ਰਮਤ ਨ ਰਾਖ ਸਕੈ, ਸੰਪਟ ਮੈ ਮੂਏ ਮੈ ਨ ਸਹਜ ਸਮਾਇ ਹੈ॥ ਜਲ ਮਿਲ ਮੀਨ ਕੀਨ ਦੁਬਿਧਾ ਮਿਟਾਇ ਸਕੀ, ਬਿਛਰ ਮਰਤ ਹਰਿ ਲੋਕ ਨ ਪਠਾਇ ਹੈ॥ ਇਤ ਉਤ ਸੰਗਮ ਸਹਾਈ ਸੁਖਦਾਈ ਗੁਰ, ਗਯਾਨ ਧਯਾਨ ਪ੍ਰੇਮ ਰਸ ਅੰਮ੍ਰਿਤ ਪੀਆਇ ਹੈ॥ ੩੨੦॥

ਜਦ ਪਤੰਗਾ ਦੀਵੇ ਨਾਲ ਮਿਲ ਕੇ ਸੜਦਾ ਹੈ ਉਸ ਨੂੰ ਦੀਵਾ ਰਖ ਨਹੀਂ ਸਕਦਾ ਅਤੇ ਫਿਰ ਉਹ ਪਤੰਗਾ ਜਦ ਸੜਕੇ ਮਰ ਜਾਂਦਾ ਹੈ ਤਾਂ ਅਗੇ ਕੇਹੜਾ ਜਾ ਕੇ ਹਛੀ ਪਦਵੀ ਪਾ ਲੈਂਦਾ ਹੈ ? ਜਦ ਭੌਰਾ ਕੌਲ ਫੁਲ ਨੂੰ ਮਿਲਦਾ ਹੈ ਤਾਂ ਉਹ ਉਸ ਨੂੰ ਭੌਣ ਤੋਂ ਨਹੀਂ ਰਖ ਸਕਦਾ ਅਤੇ ਜਦ ਡੱਬੇ ਵਾਂਕੁਰ ਫੁਲ ਸੂਰਜ ਦੇ ਡੁਬਣ ਨਾਲ ਹੋ ਜਾਂਦਾ ਹੈ ਅਤੇ ਭੌਰਾ ਵਿਚ ਹੀ ਮਰ ਜਾਂਦਾ ਹੈ ਤੇ ਤਾਂ ਕੇਹੜਾ ਅਡੋਲ ਸੁਖ ਵਿਚ ਸਮਾਉਂਦਾ ਹੈ ? ਜਦ ਮਛੀ ਨੂੰ ਫੰਦਕ ਫੜ ਲੈਂਦਾ ਹੈ ਤਾਂ ਪਾਣੀ ਮਛੀ ਦੇ ਦੁਖ ਨੂੰ ਨਹੀਂ ਹਟਾ ਸਕਦਾ ਅਤੇ ਜਦ ਮਛੀ ਵਿਛੜ ਕੇ ਮਰ ਜਾਂਦੀ ਹੈ ਤਾਂ ਕੀ ਪਾਣੀ ਓਸ ਨੂੰ ਵਾਹਿਗੁਰੂ ਦੇ ਪਿੰਡ ਨੂੰ ਤਾਂ ਨਹੀਂ ਭੇਜ ਦੇਂਦਾ ? ਇਸ ਲੋਕ ਵਿਚ ਵੀ ਗੁਰੂ ਜੀ ਸੁਖ ਦੇਣ ਵਾਲੇ ਹਨ ਅਤੇ ਅਗੇ ਪ੍ਰਲੋਕ ਵਿਚ ਵੀ (ਸੰਗਮ) ਸਾਥੀ (ਨਾਲ ਹੋ ਕੇ) ਸਹਾਇਤਾ ਕਰਨ ਵਾਲੇ ਹਨ ਪਰ ਐਵੇਂ ਨਹੀਂ ਜੇਹੜਾ ਆਦਮੀ ਗੁਰਾਂ ਦੇ ਗਯਾਨ ਧਯਾਨ ਵਿਚ ਪ੍ਰੇਮ ਕਰੇ ਓਸ ਨੂੰ ਅੰਮ੍ਰਿਤ ਸਵਾਦੀ ਛਕਾਉਂਦੇ ਹਨ।

ਕਬਿਤ—ਦੀਪਕ ਪਤੰਗ, ਅਲਿ ਕਮਲ ਸਲਿਲ ਮੀਨ, ਚਕਈ ਚਕੋਰ ਮ੍ਰਿਗ ਰਵਿ ਸਸਿ ਨਾਦਿ ਹੈ॥ ਪ੍ਰੀਤ ਇਕ ਅੰਗੀ ਬਹੁ ਰੰਗੀ ਨਹਿ ਸੰਗੀ ਕੋਊ, ਸਭੈ ਦੁਖਦਾਈ ਨ ਸਹਾਈ ਅੰਤ ਆਦਿ ਹੈ॥ਜੀਵਨ

ਨ ਸਾਧ ਸੰਗ ਮੂਏ ਨ ਪਰਮਗਤਿ, ਗਯਾਨ ਧਯਾਨ ਪ੍ਰੇਮ ਰਸ ਪ੍ਰੀਤਮ ਪ੍ਰਸਾਦਿ ਹੈ ॥ ਮਾਨਸ ਜਨਮ ਪਾਇ ਸ੍ਰੀ ਗੁਰ ਦਯਾ ਨਿਧਾਨ, ਚਰਨ ਸਰਨ ਸੁਖ ਫਲ ਬਿਸਮਾਦਿ ਹੈ ॥੩੨੧॥

ਪਤੰਗਾ ਦੀਵੇ ਨਾਲ। ਭੌਰਾ ਕੌਲ ਫੁਲ ਨਾਲ। ਮਛੀ ਪਾਣੀ ਨਾਲ। ਚਕਵੀ ਸੂਰਜ ਨਾਲ। ਚਕੋਰ ਚੰਦਰਮਾ ਨਾਲ। ਹਰਨ ਘੰਡੇ ਹੇੜੇ ਦੇ ਸ਼ਬਦ ਨਾਲ ਉਪਰੋਕਤ ਜਾਨਵਰਾਂ ਦੀ ਪ੍ਰੀਤੀ ਇਕ ਪਾਸੇ ਦੀ ਅਤੇ ਬਹੁਤ ਤਰਾਂ ਦੀ ਹੈ ਪਰ ਅੰਤ ਨੂੰ ਦੁਖ ਦੇ ਵੇਲੇ ਕੋਈ ਵੀ ਓਹਨਾਂ ਵਿਚੋਂ ਓਹਨਾ ਦਾ ਸਾਥੀ ਨਹੀਂ ਬਣਦਾ ਸਾਰੇ ਹੀ ਦੁਖ ਦੇਣ ਵਾਲੇ ਹਨ ਅਤੇ ਸਹਾਇਤਾ ਕਰਨ ਵਾਲਾ ਕੋਈ ਵੀ ਨਹੀਂ ਨਾ ਹੀ ਪਹਿਲੇ ਅਤੇ ਨਾ ਹੀ ਓੜਕ ਨੂੰ (ਹੁੰਦਾ) ਹੋਵੇਗਾ। ਜੀਕੁਰ ਜਾਨਵਰ ਬੇ-ਸਮਝੀ ਦੇ ਕਾਰਨ ਮਰ ਜਾਂਦੇ ਹਨ ਈਕਰ ਹੀ ਮੂਰਖ ਆਦਮੀ ਜੀਉਂਦਿਆਂ ਸਾਧ ਸੰਗਤ ਵਿਚ ਨਹੀਂ ਆਉਂਦੇ ਅਤੇ ਇਸ ਲਈ ਓਹਨਾਂ ਮੋਇਆਂ ਨੂੰ ਚੰਗੀ ਮੁਕਤੀ ਨਹੀਂ ਮਿਲਦੀ ਗਯਾਨ ਧਯਾਨ ਵਿਚ ਪ੍ਰੇਮ ਕਰਨ ਤਾਂ ਓਹਨਾਂ ਨੂੰ ਗੁਰਾਂ ਦੀ ਬਹੁਤ ਕਿਰਪਾ ਹੋਵੇ ਤੇ ਤਦ ਪ੍ਰੀਤਮ ਪਯਾਰੇ ਦਾ ਸਵਾਦ ਓਹਨਾਂ ਨੂੰ ਆਵੇ। ਚੰਗਾ ਆਦਮੀ ਦਾ ਜਨਮ ਪਾਕੇ ਜੇਹੜਾ ਸਿਖ ਸੁਭਾਇਮਾਨ ਕਿਰਪਾ ਦੇ (ਨਿਧਾਨ) ਭੰਡਾਰ ਗੁਰਾਂ ਦੀ ਚਰਨ ਸ਼ਰਨ ਆਉਂਦਾ ਹੈ ਉਹ (ਸੁਖਫਲ) ਗਯਾਨ (ਵਿਸਮਾਦ) ਬੜਾ ਸੋਹਣਾ ਪਾਉਂਦਾ ਹੈ।

ਕਬਿਤ—ਗੁਰਮੁਖ ਪੰਥ ਗੁਰ ਧਯਾਨ ਸਾਵਧਾਨ ਰਹੈ, ਲਹੈ ਨਿਜ ਘਰੁ ਅਰੁ ਸਹਜ ਨਿਵਾਸ ਜੀ ॥ ਸਬਦ ਬਿਬੇਕ ਏਕ ਟੇਕ ਨਿਹਚਲ ਮੱਤਿ, ਮਧਰ ਬਚਨ ਗੁਰ ਧਯਾਨ ਕੋ ਪ੍ਰਗਾਸ ਜੀ ॥ ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ, ਪ੍ਰੇਮ ਰਸ ਬਸ ਭਏ ਬਿਸਮ ਬਿਸ੍ਵਾਸ ਜੀ॥ ਗਯਾਨ ਧਯਾਨ ਪ੍ਰੇਮ ਨੇਮ ਪੂਰਨ ਪ੍ਰਤੀਤ ਚੀਤ, ਬਨ ਗ੍ਰਿਹ ਸਮਸਰਿ ਮਾਯਾ ਮੈ ਉਦਾਸ ਜੀ ॥ ੩੨੨ ॥

ਗੁਰ ਸਿਖਾਂ ਦਾ ਜੇਹੜਾ ਪੰਥ ਹੈ ਓਹ ਗੁਰਾਂ ਦੇ ਦਰਸ਼ਨ ਕਰਨ ਵਲ ਤਯਾਰ ਰਹਿੰਦਾ ਹੈ। ਇਸ ਲਈ ਓਹ (ਆਪਣੇ ਸ੍ਵੈ ਸਰੂਪ) ਦੇ ਘਰ ਨੂੰ ਵੇਖ ਲੈਂਦੇ ਹਨ ਅਤੇ ਓਥੇ (ਅਚਲ ਸੁਖ) ਵਿਚ ਇਸਥਿਤੀ ਕਰਦੇ ਹਨ। ਗੁਰਾਂ ਦੇ ਇਕ ਉਪਦੇਸ਼ ਦੀ ਵਿਚਾਰ ਕਰਕੇ ਪੱਕੀ ਬੁਧੀ ਟਿਕ ਗਈ ਹੈ। ਮਿਠੇ ਬੋਲ ਬੋਲ ਕੇ ਗੁਰਾਂ ਦੇ ਧਯਾਨ ਨੂੰ ਪ੍ਰਕਾਸ਼ ਕਰਦੇ ਹਨ। ਗੁਰਾਂ ਦੇ ਚਰਨ ਕੌਲਾਂ ਦਾ ਚਰਨ ਅੰਮ੍ਰਿਤ ਸੁਖਾਂ ਦਾ ਭੰਡਾਰ ਪੀ ਕੇ ਅਸਚਰਜ ਭਰੋਸੇ ਕਰਕੇ ਪ੍ਰੇਮ ਅਨੰਦ ਦੇ ਵਸ ਹੋਏ ਹਨ। ਗੁਰਾਂ ਦਾ ਗਯਾਨ ਧਯਾਨ ਪ੍ਰੇਮ ਵਿਚ ਪੂਰੀ ਪਰਤੀਤ ਚਿਤ ਦੀ ਦਾ ਨਿਯਮ ਕਰਕੇ ਅਤੇ ਦੌਲਤ ਕਠੀ ਕਰਨ ਤੋਂ ਉਦਾਸ ਹੋ ਕੇ ਘਰ ਨੂੰ ਜੰਗਲ ਦੇ ਬਰਾਬਰ ਜਾਣਦੇ ਹਨ।

ਕਬਿਤ—ਮਾਰਬੇ ਕੋ ਤ੍ਰਾਸ ਦੇਖ ਚੋਰ ਨ ਤਜਤ ਚੋਰੀ, ਬਟਪਾਰਾ ਬਟਪਾਰੀ ਸੰਗ ਹ੍ਵੈ ਤਕਤ ਹੈ॥ ਬੇਸ੍ਵਾ ਰਤੁ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ, ਜੁਆਰੀ ਨ ਸਰਬਸੁ ਹਾਰੇ ਮੈ ਥਕਤ ਹੈ॥ ਅਮਲੀ ਨ ਅਮਲ ਤਜਤ ਜਿਉਂ ਧਿਕਾਰ ਕੀਏ, ਦੇਖ ਦੁਖ ਲੋਗ ਬੇਦ ਸੁਨਤ ਛਕਤ ਹੈ॥ ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ. ਗੁਰ ਸਿਖ ਸਾਧ ਸੰਗ ਛਾਡਿ ਕਯੋਂ ਸਕਤ ਹੈ॥੩੨੩॥

ਮਾਰ ਦਾ ਡਰ ਵੇਖ ਕੇ ਵੀ ਚੋਰ ਚੋਰੀ ਕਰਨੀ ਨਹੀਂ ਛਡਦਾ ਹੈ ਅਤੇ ਰਾਹ ਮਾਰ ਰਾਹ ਵਿਚ ਲੁਟਣ ਦੀ ਤਰਕੀਬ ਨੂੰ ਹੋਰਨਾਂ ਲੁਟੇਰਿਆਂ ਦੇ ਨਾਲ ਹੋ ਕੇ ਵੇਖਦਾ ਹੈ। ਵੇਸਵਾ ਨਾਲ ਪ੍ਰੀਤੀ ਕਰਨ ਵਾਲੇ ਨੂੰ ਭਾਵੇਂ ਕਿੰਨੀ ਹੀ ਪੀੜਾ ਹੋਵੇ ਪਰ ਫਿਰ ਵੀ ਮਨ ਵਿਚ ਸ਼ੰਕਾ ਨਹੀਂ ਮੰਨਦਾ। ਜੁਆਰੀਆ ਭਾਵੇਂ ਸਭ ਕੁਝ ਘਰ ਦਾ ਜੂਏ ਵਿਚ ਹਾਰ ਜਾਵੇ ਪਰ ਫਿਰ ਵੀ ਜੂਆ ਖੇਡਣੋਂ ਨਹੀਂ (ਥਕਦਾ) ਭੌਂਦਾ। ਨਸ਼ਈ ਨਸ਼ੇ ਨੂੰ ਨਹੀਂ ਛਡਦਾ, ਭਾਵੇਂ ਅਨੇਕਾਂ ਹੀ ਵਾਰੀ ਲੋਕੀਂ ਫਿਟੇ ਮੂੰਹ ਕਰਨ ਅਤੇ ਦੁਸ਼ਨ ਸੁਨੌਣ, ਅਮਲ ਦੁਖਦਾਈ ਹੈਨ ਪਰ ਫਿਰ ਵੀ ਨਹੀਂ ਛਡਦਾ ਨਸ਼ਈਆਂ ਨਾਲ ਬੈਠ ਕੇ ਜੋ ਨਸ਼ੇ ਨਸ਼ਈਆਂ ਨੇ ਅੰਗੀਕਾਰ ਕੀਤੇ ਹਨ ਓਹਨਾਂ ਨੂੰ ਹੁਣ ਓਹ ਨਹੀਂ ਛਡ ਸਕਦੇ ਤਦ ਗੁਰੂ ਕੇ ਸਿਖ ਬਹੁਤ ਸੁਖ ਦੇਣ ਵਾਲੀ ਅਤੇ ਉਤਮ ਸਾਧ ਸੰਗਤ ਨੂੰ ਅਨਮਤੀਆਂ ਦੇ ਪ੍ਰੇਮ ਕਰਕੇ ਹਟੋਣ ਨਾਲ ਕੀਕੁਰ ਛਡ ਸਕਦੇ ਹਨ?

ਕਬਿਤ—ਦਮਕ ਦੈ ਦੋਖ ਦੁਖ ਅਪਜਸ ਲੈ ਅਸਾਧ, ਲੋਕਪਰਲੋਕ ਮੁਖ ਸ੍ਯਾਮਤਾ ਲਗਾਵਈ॥ ਚੋਰ ਜਾਰ ਔ ਜੁਆਰ ਮਦ ਪਾਨੀ ਦੁਕ੍ਰਿਤ ਸੈਂ, ਕਲਹ ਕਲੇਸ ਭੇਸ ਦੁਬਿਧਾ ਕੌ ਧਾਵਈ॥ ਮਤਿ ਪਤਿ ਮਾਨ ਹਾਨਿ ਕਾਨਿ ਮੈਂ ਕਨੌਡੀ ਸਭਾ, ਨਾਕ ਕਾਨ ਖੰਡ ਡੰਡ ਹੋਤ ਨ ਲਜਾਵਈ॥ ਸਰਬ ਨਿਧਾਨ ਦਾਨ ਦਾਇਕ ਸੰਗਤ ਸਾਧ, ਗੁਰ ਸਿਖ ਸਾਧੂ ਜਨ ਕਯੋਂ ਨ ਚਲ ਆਵਈ॥ ੩੨੪॥

ਭੈੜੇ ਸਾਧੂ ਰੁਪੈ ਖਰਚ ਕੇ ਦੂਸ਼ਨ, ਰੋਗ, ਨਿੰਦਾ, ਇਸ ਲੋਕ ਵਿਚ ਲੈਂਦੇ ਹਨ ਅਤੇ ਵਾਹਿਗੁਰੂ ਦੇ ਪਿੰਡ ਜਦ ਜਾਂਦੇ ਹਨ ਓਦੋਂ ਵੀ ਓਹਨਾਂ ਦੇ ਮੂੰਹ ਤੇ ਤਵੇ ਦੀ ਸ਼ਾਹੀ ਲਗਦੀ ਹੈ। ਚੋਰ ਯਾਰ ਜੁਆਰੀਆ ਅਤੇ ਸ਼ਰਾਬੀ ਖੋਟਿਆਂ ਕੰਮਾਂ ਲੜਾਈ ਦੁਖ ਦਾ ਰੂਪ ਬਣ ਕੇ ਹੀ ਦ੍ਵੈਤ ਭਾਵ ਵਲ ਦੌੜਦਾ ਹੈ ਉਪਰੋਕਤ ਵਿਸ਼ਈਆਂ ਨਸ਼ਈਆਂ ਦੀ ਅਕਲ, ਇਜ਼ਤ, ਆਦਰ ਆਦਿਕ ਹਾਨੀ ਹੋ ਜਾਂਦੇ ਹਨ ਅਤੇ ਹਰ ਇਕ ਦੇ ਵਸ ਹੋ ਕੇ ਖੁਸ਼ਾਮਤ ਕਰਦੇ ਹਨ ਅਤੇ ਨਕ ਕੰਨਾਂ ਦੇ ਟੁਕੜੇ ਟੁਕੜੇ ਕਰਾ ਕੇ ਨਕਲੀਆਂ ਵਾਂਕੁਰ ਹੋ

ਕੇ ਵੀ ਲਜਾਇਮਾਨ ਨਹੀਂ ਹੁੰਦੇ ਹਨ । ਸਾਰਿਆਂ ਖਜ਼ਾਨਿਆਂ ਦੇ ਦੇਣ ਵਾਲੀ ਅਤੇ ਸੁਖਦਾਇਕ ਸਾਧ ਸੰਗਤ ਜੋ ਹੈ (ਗੁਰੂ ਕੇ ਸਿਖਾਂ ਦੀ) ਸੋ ਤਿਸ ਵਿਚ ਮਹਾਤਮਾ ਜਨ ਕਿਉਂ ਨਾ ਚਲ ਕੇ ਆਉਣ।

ਕਬਿਤ—ਜੈਸੇ ਤੋ ਅਕਸਮਾਤ ਬਾਦਰ ਉਦੋਤ ਹੋਤ, ਗਗਨ ਘਟਾ ਘਮੰਡ ਕਰਤ ਬਿਥਾਰ ਜੀ ॥ ਤਾਹੀ ਤੇ ਸਬਦ ਧੁਨਿ ਘਨ ਗਰਜਤ ਅਤਿ, ਚੰਚਲ ਚਰਿਤ੍ਰ ਦਾਮਨੀ ਚਮਤਕਾਰ ਜੀ ॥ ਬਰਖਾ ਅੰਮ੍ਰਿਤ ਜਲ ਮੁਕਤਾ ਕਪੂਰ ਤਾਂਤੇ, ਔਖਦੀ ਉਪਾਰ ਜਨਾ ਅਨਿਕ ਪ੍ਰਕਾਰ ਜੀ ॥ ਦਿੱਬ ਦੇਹ ਸਾਧ ਜਨਮ ਮਰਨ ਰਹਤ ਜਗ, ਪ੍ਰਗਟ ਕਰਬੇ ਕੋ ਪਰ ਉਪਕਾਰ ਜੀ ॥ ੩੨੫ ॥

ਜੀਕੁਰ ਅਚਾਨਕ ਹੀ ਬਦਲ ਪ੍ਰਗਟ ਹੋ ਕੇ ਅਕਾਸ਼ ਵਿਚ ਘਟਾਂ ਦਾ ਅਕੱਠ ਹੋ ਜਾਂਦਾ ਹੈ ਅਤੇ ਸਾਰੇ ਧਰਤੀ ਉਤੇ ਪਾਣੀ ਦਾ ਫੈਲਾਉ ਕਰਦਾ ਹੈ । ਤਿਸ ਤੋਂ ਬਦਲ ਗਜਦਾ ਹੈ ਅਤੇ ਉਸ ਆਵਾਜ਼ ਦੀ ਬਹੁਤ ਹੀ ਉਚੀ ਦਿਤੀ ਆਵਾਜ਼ ਹੁੰਦੀ ਹੈ ਅਤੇ ਜੋ ਚੰਚਲ ਤਮਾਸ਼ਿਆਂ ਵਾਲੀ ਬਿਜਲੀ ਹੈ ਉਸ ਦਾ ਵੀ ਓਹਨਾਂ ਬਦਲਾਂ ਵਿਚ ਚਾਨਣ ਹੁੰਦਾ ਹੈ । ਤਿਸ ਬਰਖਾ ਵਿਚ ਜੋ ਸ੍ਵਾਤੀ ਬੂੰਦ ਵਰ੍ਹਦੀ ਹੈ ਓਹ ਸਿਪੀ ਦੇ ਮੂੰਹ ਵਿਚ ਪਵੇ ਤਾਂ ਮੋਤੀ ਬਣ ਜਾਂਦਾ ਹੈ ਅਤੇ ਜੇ ਕੇਲੇ ਵਿਚ ਪਵੇ ਤਾਂ ਕਪੂਰ ਸੁਗੰਧੀ ਵਾਲਾ ਬਣ ਜਾਂਦਾ ਹੈ ਅਤੇ ਹੋਰ ਜੇਹੜਾ ਜਲ ਧਰਤੀ ਤੇ ਵਰ੍ਹਦਾ ਹੈ । ਉਸ ਦੇ ਅਨੇਕਾਂ ਤਰ੍ਹਾਂ ਦੇ ਉਪਕਾਰ ਹਨ ਕਿ ਬੂਟੀਆਂ ਜੋ ਦਵਾਈਆਂ ਬਣਾਈਆਂ ਜਾਂਦੀਆਂ ਹਨ ਓਹ ਉਗਦੀਆਂ ਹਨ। ਦੇਵਤਿਆਂ ਵਾਲੀ ਜੋ ਦੇਹ ਗੁਰਮੁਖਾਂ ਨੇ ਇਸ ਜਗਤ ਉਤੇ ਆ ਕੇ ਪਾਈ ਹੈ ਸੋ ਪਰ ਉਪਕਾਰ ਦੇ ਕਰਨ ਵਾਸਤੇ ਜਗਤ ਉਪਰ ਆਏ ਹਨ।

ਕਬਿਤ—ਸਫਲ ਬਿਰਖ ਫਲ ਦੇਤ ਜਯੋਂ ਪਖਾਨ ਮਾਰੇ ਸਿਰ ਕਰਵਤ ਸਹਿ ਗਹਿ ਪਾਰ ਪਾਰਿ ਹੈ ॥ ਸਾਗਰ ਮੈਂ ਕਾਢਿ ਮੁਖ ਫੋਰੀਅਤ ਸੀਪ ਕੋ ਜਯੋਂ, ਦੇਤ ਮੁਕਤਾਹਲ ਅਵੱਗਿਆ ਨ ਵੀਚਾਰ ਹੈ ॥ ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ, ਮਾਨਕ ਅਮੋਲ ਹੀਰਾ ਪਰ ਉਪਕਾਰ ਹੈ ॥ ਊਖ ਮੈ ਪਿਊਖ ਜਯੋਂ ਪ੍ਰਗਾਸ ਹੋਤ ਕੋਲੂ ਪਚੈ, ਅਵਗੁਨ ਕੀਏ ਗੁਨ ਸਾਧਨ ਕੈ ਦ੍ਵਾਰ ਹੈ ॥੩੨੬॥

ਜੀਕੁਰ ਫਲ ਨਾਲ ਫਲਿਆ ਹੋਇਆ ਦਰਖਤ ਢੀਮਾਂ ਮਾਰਨ ਤੋਂ ਫਲ ਦੇਂਦਾ ਹੈ ਅਤੇ ਆਪਣੇ ਸਿਰ ਤੇ ਆਰਾ ਸਹਿੰਦਾ ਹੈ ਕਿ ਤਰਖਾਣ ਉਸ ਨੂੰ ਫੜ ਕੇ ਪਾੜ ਪਾੜ

ਕੇ ਮੋਛੇ ਪਾ ਦੇਂਦਾ ਹੈ ਪਰ ਫਿਰ ਵੀ ਦਰਖਤ ਆਦਮੀ ਨਾਲ ਪਰਉਪਕਾਰ ਹੀ ਕਰਦਾ ਹੈ ਕਿ ਨਦੀ ਆਦਿਕ ਤੋਂ ਪਾਰ ਕਰ ਦੇਂਦਾ ਹੈ । ਸਿਪ ਨੂੰ ਸਮੁੰਦਰ ਵਿਚੋਂ ਕਢੀਦਾ ਹੈ ਅਤੇ ਉਸਦਾ ਮੂੰਹ ਭੰਨ ਦੇਈਦਾ ਹੈ ਤੇ ਸਗੋਂ ਉਹ ਅਗੋਂ ਮੋਤੀ ਦੇਂਦਾ ਹੈ ਅਤੇ ਮੂੰਹ ਤੋੜਨ ਵਾਲੇ ਦੀ ਅਵਗਜ਼ਾ ਨਹੀਂ ਵਿਚਾਰਦਾ। ਪੁਟਣਾ ਜੀਕੁਰ ਖਾਣ ਪੁਟਣ ਵਾਲਾ ਖਾਣੀ ਨੂੰ ਪੁਟਣ ਲਗਾ (ਹਥੌੜੇ) ਮਾਰਦਾ ਹੈ ਅਤੇ ਉਹ ਅਗੋਂ ਸਗੋਂ ਪਰ ਉਪਕਾਰ ਹੀ ਕਰਦੀ ਹੈ ਕਿ ਉਸ ਨੂੰ ਅਮੋਲਕ ਹੀਰੇ ਮਣਕੇ ਮੋਤੀ ਆਦਿਕ ਦੇਂਦੀ ਹੈ । ਜੀਕੁਰ ਕਮਾਦ ਨੂੰ ਵੇਲਣੇ ਵਿਚ ਪੀੜੀਏ ਤਾਂ ਰਹੁ ਹੁੰਦੀ ਹੈ 'ਪਰ ਗੰਨਾ ਪੀੜਨ ਵਾਲੇ ਜਟ ਦੇ ਔਗੁਣ ਨਹੀਂ ਯਾਦ ਕਰਦਾ' ਈਕੁਰ ਹੀ ਗੁਰਮੁਖਾਂ ਦੇ ਦਰਵਾਜ਼ੇ ਉਤੇ ਔਗੁਣ ਕਰੀਏ ਤਦ ਵੀ ਮਹਾਤਮਾ ਗੁਣ ਹੀ ਕਰਦੇ ਹਨ।

ਕਬਿਤ—ਸਾਧ ਸੰਗ ਦਰਸ਼ਨ ਕੋ ਹੈ ਨਿਤਨੇਮ ਜਾਂਕੋ, ਸੋਈ ਦਰਸ਼ਨੀ ਸਮ ਦਰਸ ਧਿਆਨੀ ਹੈ ॥ ਸਬਦ ਬਿਬੇਕ ਏਕ ਟੇਕ ਜਾਂਕੈ ਮਨ ਬਸੈ, ਮਾਨ ਗੁਰ ਗਯਾਨ ਸੋਈ ਬ੍ਰਹਮ ਗਿਆਨੀ ਹੈ ॥ ਦ੍ਰਿਸ਼ਟਿ ਦਰਸ ਅਰੁ ਸਬਦ ਸੁਰਤਿ ਮਿਲਿ, ਪ੍ਰੇਮੀ ਪ੍ਰਿਅ ਪ੍ਰੇਮ ਉਨਮਨ ਉਨ ਮਾਨੀ ਹੈ ॥ ਸਹਜ ਸਮਾਧ ਸਾਧ ਸੰਗ ਇਕ ਰੰਗ ਜੋਈ, ਸੋਈ ਗੁਰਮੁਖ ਨਿਰਮਲ ਨਿਰਬਾਨੀ ਹੈ ॥ ੩੨੭ ॥

ਜਿਸ ਦਾ ਸਾਧ ਸੰਗਤ ਦੇ ਦਰਸ਼ਨ ਕਰਨ ਦਾ ਨਿਯਮ ਹੈ ਸੋਈਓ ਹੀ (ਗੁਰਮੁਖ) ਦਰਸ਼ਨੀ ਵਾਹਿਗੁਰੂ ਦੀ ਸਮਾਨ ਨਜਰ ਦਾ ਧਿਆਨੀ ਹੋਇਆ ਹੈ। ਜਿਸ ਦੇ ਮਨ ਵਿਚ ਇਕ ਗੁਰਉਪਦੇਸ਼ ਦੇ ਵਿਚਾਰ ਦੀ ਓਟ (ਪਕਿਆਈ) ਵਸਦੀ ਹੈ ਅਤੇ ਮੰਨ ਦਾ ਹੈ ਗੁਰਾਂ ਦੇ ਗਿਆਨ ਨੂੰ ਸੋਈਓ ਹੀ ਵਾਹਿਗੁਰੂ ਦੇ ਜਾਨਣ ਵਾਲਾ ਹੈ। ਜਿਸ ਦੇ ਮਨ ਵਿਚ ਇਕ ਦੇ ਦਰਸ਼ਨ ਵਿਚ ਅਤੇ ਕੰਨ ਗੁਰ ਸ਼ਬਦ ਵਿਚ ਮਿਲੇ ਹਨ ਓਹ (ਪ੍ਰਿਆ) ਪਯਾਰੇ ਵਾਹਿਗੁਰੂ ਦਾ ਪ੍ਰੇਮ ਕਰਕੇ ਪ੍ਰੇਮੀ ਹੈ ਅਤੇ ਤੁਰੀਆ ਪਦ ਦੇ ਵਿਚਾਰਨ ਵਾਲਾ ਹੈ। ਜੇਹੜਾ ਸਿਖ ਇਕ (ਵਾਹਿਗੁਰੂ) ਦੇ ਪ੍ਰੇਮ ਵਿਚ ਸਾਧ ਸੰਗਤ ਵਿਚ ਜਾ ਕੇ ਸਹਿਜੇ ਹੀ ਸਮਾਧੀ ਲੌਂਦਾ ਹੈ ਓਹ ਪਵਿਤ੍ਰ (ਨਿਰਬਾਨੀ) ਜਮ ਆਦਿਕ ਦੇ ਬੰਨਣਾ ਤੋਂ ਰਹਿਤ ਗੁਰਮੁਖ ਹੈ।

ਕਬਿੱਤ—ਦਰਸ ਧਿਆਨ ਧਯਾਨੀ ਸਬਦ ਗਿਆਨ ਗਯਾਨੀ. ਚਰਨ ਸ਼ਰਨ ਦ੍ਰਿੜ ਮਾਯਾ ਮੈ ਉਦਾਸੀ ਹੈ ॥ ਹੌਮੈ ਤਯਾਗ ਤਯਾਗੀ ਬਿਸਮਾਦ ਕੈ ਬੈਰਾਗੀ ਭਏ, ਤ੍ਰਿਗੁਨ ਅਤੀਤ ਚੀਤ ਅਨ ਭੈ ਅਭਯਾਸੀ ਹੈ ॥ ਦੁਬਿਧਾ ਅਪਰਸ ਕੋ ਸਾਧ ਇੰਦ੍ਰੀ ਨਿਗ੍ਰਹ ਕੈ, ਆਤਮ ਬਿਬੇਕ ਪੂਜਾ ਸੁੰਨ ਮੇਂ ਸੰਨਯਾਸੀ ਹੈ ॥ ਸਹਜ ਸੁਭਾਇ ਕਰ ਜੀਵਨ ਮੁਕਤਿ

ਭਏ, ਸੇਵਾ ਸਰਬਾਤਮ ਕੈ ਬ੍ਰਹਮ ਬਿਸ੍ਵਾਸੀ ਹੈ ॥ ੩੨੮ ॥

ਗੁਰ ਦਰਸ਼ਨ ਦਾ ਧਿਆਨ ਕਰਨ ਤੋਂ ਧਗ੍ਯਾਨੀ ਅਤੇ ਗੁਰ ਸ਼ਬਦ ਦੇ ਜਾਨਣ ਤੋਂ ਗਿਆਨੀ ਹੋਏ ਹਨ ਅਤੇ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਦ੍ਰਿੜ੍ਹ ਭਰੋਸਾ ਕਰਕੇ ਦੌਲਤ ਦੀਆਂ ਲਹਿਰਾਂ ਵਿਚ ਰਹਿ ਕੇ ਹੀ ਉਦਾਸ ਮਨ ਨੂੰ ਰਖਦੇ ਹਨ ਹੰਗਤਾ ਮਮਤਾ ਛਡਣ ਵਾਲੀ ਨੂੰ ਛਡ ਕੇ ਅਸਚਰਜ ਦੇ ਪ੍ਰੇਮੀ ਹੋਏ ਹਨ ਅਤੇ ਤਿੰਨਾਂ ਗੁਣਾਂ ਤੋਂ ਮਨ ਕਰਕੇ ਰਹਿਤ ਹੋਏ ਹਨ ਅਤੇ ਬੇਖੌਫ ਵਾਹਿਗੁਰੂ ਦੇ ਅਭਯਾਸ ਕਰਨ ਵਾਲੇ ਹੋਏ ਹਨ। ਦ੍ਵੈਤ ਭਾਵ ਤੋਂ ਅਛੋਹ ਹੋ ਕੇ ਅਤੇ ਹਠ ਕਰਕੇ ਇੰਦਰੀਆਂ ਨੂੰ ਰੋਕਿਆ ਅਤੇ ਮਨ ਕਰਕੇ ਵਿਚਾਰ ਕੇ (ਅਫੁਰ) ਦੀ ਪੂਜਾ ਕਰਕੇ ਵਿਰਕਤ ਹੋਏ ਹਨ ਸ਼ਾਂਤੀ ਸੁਭਾਉ ਧਾਰਨ ਕਰਕੇ (ਸੰਸਾਰ ਵਿਚ) ਜੀਉਂਦੇ ਹੀ ਮੁਕਤੀ (ਸੁਖ) ਨੂੰ ਪ੍ਰਾਪਤ ਹੋਏ ਹਨ ਅਤੇ ਸਾਰਿਆਂ ਦਾ ਮਨ ਜੋ ਵਾਹਿਗੁਰੂ ਹੈ ਉਸ ਦੀ (ਸ੍ਰਿਸ਼ਟੀ ਦੀ) ਸੇਵਾ ਕਰਕੇ ਵਾਹਿਗੁਰੂ ਵਿਚ ਨਿਸ਼ਚਾ ਕਰਨ ਵਾਲੇ ਹੋਏ ਹਨ।

ਕਬਿੱਤ—ਜੈਸੇ ਜਲ ਅੰਤਰ ਜੁਗੰਤਰ ਬਸੈ ਪਖਾਂਨ, ਭਿਦੈ ਨ ਰਿਦੈ ਕਠੋਰ ਬੂਡੈ ਬੱਜ੍ਰ ਭਾਰ ਕੈ ॥ ਅਠਸਠ ਤੀਰਥ ਮਜਨ ਕਰੇ ਤੋਂਬਰੀ ਤੌ, ਮਿਟਤ ਨ ਕਰਵਾਈ ਧੋਇ ਵਾਰ ਪਾਰ ਕੈ ॥ ਅਹਿਨਿਸ ਅਹਿ ਲਪਟਾਨੋ ਰਹੈ ਚੰਦਨ ਕੋ, ਤਜਤ ਨ ਬਿਖੁ ਤਊ ਹੌਮੈ ਅਹੰਕਾਰ ਕੈ ॥ ਕਪਟ ਸਨੇਹ ਦੇਹ ਨਿਹਫਲ ਭੇ ਜਗਤ ਮੈ, ਸੰਤਨ ਕੋ ਆਹਿ ਦੋਖੀ ਦੁਬਿਧਾ ਵਿਕਾਰ ਕੈ ॥ ੩੨੯ ॥

ਜੀਕੁਰ ਬਹੁਤ ਚਿਰ ਤੀਕਰ ਪਾਣੀ ਵਿਚ ਪੱਥਰ ਵਸਦਾ ਰਹੇ ਪਰ ਈਕਰ ਦਾ (ਹਿਰਦੇ ਕਰਕੇ) ਕਰੜਾ ਹੁੰਦਾ ਹੈ ਕਿ ਕਦੀ ਵੀ ਗਿੱਲਾ ਨਹੀਂ ਹੁੰਦਾ ਸਗੋਂ ਬਹੁਤੇ ਭਾਰ ਕਰਕੇ ਡੁਬ ਜਾਂਦਾ ਹੈ। ਜੇ ਤੂੰਬੀ ਨੂੰ ਅਠਾਹਠ ਤੀਰਥਾਂ ਪੁਰ ਨਵ੍ਹਾਈਏ ਤੇ ਤਾਂ ਵੀ ਉਸ ਦੀ ਕੜੱਤਨ ਨਹੀਂ ਦੂਰ ਹੁੰਦੀ ਅਤੇ ਜੇ ਨਦੀ ਦੇ ਉਰਲੇ ਅਤੇ ਪਾਰਲੇ ਬੰਨੇ ਖੜ ਖੜ ਕੇ ਧੋਈਏ ਤੇ ਤਾਂ ਵੀ ਮਿਠੀ ਨਹੀਂ ਹੁੰਦੀ। ਭਾਵੇਂ ਸੱਪ ਰਾਤ ਦਿਨੇ ਚੰਦਨ ਨੂੰ ਚੰਬੜਿਆ ਰਹੇ ਪਰ ਫਿਰ ਵੀ ਵਿਹੁ ਨੂੰ ਨਹੀਂ ਛਡਦਾ ਵਡੀ ਉਮਰ ਦੇ ਹੰਕਾਰ ਕਰਕੇ। ਇਕੁਰ ਹੀ ਜੋ ਖੋਟਾ ਪ੍ਰੇਮ ਕਰਦੇ ਹਨ ਅਤੇ ਸੰਤਾਂ ਦੇ ਦੂਖਨ ਵਿਚਾਰਨ ਵਾਲੇ ਦੁਸ਼ਮਨ ਹਨ, ਅਤੇ ਦ੍ਵੈਤ ਭਾਵ ਦੇ ਵਿਕਾਰ ਬੁਰੇ ਕੰਮ ਚਿਤਵਣ ਵਾਲੇ ਹਨ ਓਹਨਾਂ ਦੀ ਦੇਹ ਜਗਤ ਵਿਚ ਨਿਸਫਲ ਹੈ।

ਕਬਿਤ—ਜੈਸੇ ਨਿਰਮਲ ਦਰਪਨ ਮੈ ਨ ਚਿਤ੍ਰ ਕਛੁ, ਸਕਲ ਚਰਿਤ੍ਰ ਚਿਤ੍ਰ ਦੇਖਤ ਦਖਾਵਈ ॥ ਜੈਸੇ ਨਿਰਮਲ ਜਲ ਬਰਨ ਅਤੀਤ ਰੀਤ, ਸਕਲ ਬਰਨ ਮਿਲ ਬਰਨ ਬਨਾਵਈ॥ ਜੈਸੇ ਤੋ

ਬਸੁੰਦਰਾ ਸੁਆਦਿ ਬਾਸਨਾ ਰਹਤ, ਔਸ਼ਦੀ ਅਨੇਕ ਰਸ ਗੰਧ ਉਪ ਜਾਵਈ ॥ ਤੈਸੇ ਗੁਰਦੇਵ ਸੇਵ ਅਲਖ ਅਭੇਵ ਗਤਿ, ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ ॥ ੩੩੦ ॥

ਜੀਕੁਰ ਧੋਤੇ ਹੋਏ ਸ਼ੀਸ਼ੇ ਵਿਚ ਕੁਝ ਲਿਖੀਆਂ ਹੋਈਆਂ ਮੂਰਤਾਂ ਨਹੀਂ ਹੁੰਦੀਆਂ ਪਰ ਜੇਹੜਾ ਸ਼ੀਸ਼ੇ ਨੂੰ ਵੇਖਦਾ ਹੈ ਉਸ ਦੇ ਮੂੰਹ ਦੀ ਕਾਲਖ, ਕੰਧਾਂ ਦੀਆਂ ਤਸਵੀਰਾਂ ਦੇ ਤਮਾਸ਼ੇ ਉਸ ਦੇ ਦਾਗ ਸਾਰੇ ਵਿਖਾ ਦੇਂਦਾ ਹੈ। ਜੀਕੁਰ ਸ਼ੁਧ ਪਾਣੀ ਰੰਗਾਂ ਦੇ ਰੰਗਾਵਟ ਦੀ ਰੀਤੀ ਤੋਂ ਰਹਿਤ ਹੁੰਦਾ ਹੈ ਅਤੇ ਜੇਹੜਾ ਰੰਗ ਪਾਣੀ ਨੂੰ ਮਿਲਦਾ ਹੈ ਓਹਨਾਂ ਸਾਰਿਆਂ ਰੰਗਾਂ ਵਿਚ ਪਾਣੀ ਆਪਣਾ ਰੰਗ ਬਣਾ ਦੇਂਦਾ ਹੈ। ਧਰਤੀ ਸੁਾਦੀ ਵਾਸ਼ਨਾਂ ਤੋਂ ਰਹਿਤ ਹੈ ਅਨੇਕਾਂ ਹੀ ਦਵਾਈਆਂ ਵਾਸਤੇ ਅਤੇ ਗੰਨੇ, ਰਸ, ਮਿਠੇ ਗੁੜ ਸ਼ੱਕਰ ਵਾਸਤੇ ਅਤੇ ਫੁਲਾਂ ਦੇ ਬੂਟੇ ਸੁਗੰਧੀਆਂ ਅਤਰ ਫੁਲੇਲ ਵਾਸਤੇ ਪ੍ਰਗਟ ਕਰਦੀ ਹੈ। ਤੇਹਾ ਕੁ ਹੀ ਪ੍ਰਕਾਸ਼ ਸਰੂਪ ਵਾਹਿਗੁਰੂ ਗੁਰਾਂ ਦੀ ਮਰਯਾਦਾ ਹੈ ਜੀਕੁਰ ਦਾ ਪ੍ਰੇਮ ਕਰਕੇ ਕੋਈ ਗੁਰਾਂ ਨੂੰ ਸੇਵਣਾ ਕਰਦਾ ਹੈ ਉਕਰ ਦੀ ਇਛਾ ਗੁਰੂ ਪੂਰੀ ਕਰ ਦੇਂਦੇ ਹਨ।

ਕਬਿੱਤ—ਸੁਖ ਦੁਖ ਹਾਨਿ ਮ੍ਰਿਤ ਪੂਰਬ ਲਿਖਤ ਲੇਖ, ਜੰਤ੍ਰ ਕੈ ਨਾ ਵਸ ਕਛੁ ਜੰਤ੍ਰੀ ਜਗਦੀਸ ਹੈ ॥ ਭੈ ਗਤਿ ਬਿਵਸਿ ਮੇਵ ਕਰਮ ਕਿਰਤ ਗਤਿ, ਜਸਿ ਕਰ ਤਸਿ ਲੇਪ ਕਾਰਨ ਕੋ ਈਸ ਹੈ ॥ ਕਰਤਾ ਪ੍ਰਧਾਨ ਕਿਧੌ ਕਰਮ ਕਿਧੌ ਹੈ ਜੀਉ, ਘਾਟਿ ਬਾਢਿ ਕੌਨ ਕੌਨ ਮਤਿ ਬਿਸ੍ਵਾ ਬੀਸ ਹੈ ॥ ਅਸਤੁਤਿ ਨਿੰਦਾ ਕਹਾ ਬਜਾਪਤ ਹਰਖ ਸੋਗ, ਹੋਨ ਹਾਰ ਕਹੋ ਚਹਾ ਗਾਰਿ ਔ ਅਸੀਸ ਹੈ ॥ ੩੩੧ ॥

ਜੀਕੁਰ ਵਾਜਾ ਵਾਜੇ ਵਾਲੇ ਦੇ ਅਨੁਸਾਰ ਹੁੰਦਾ ਹੈ ਭਾਵ ਜਿਵੇਂ ਵਾਜੇ ਵਾਲਾ ਵਾਜੇ ਨੂੰ ਵਜਾਉਂਦਾ ਹੈ ਤਿਵੇਂ ਵਾਜਾ ਵਜਦਾ ਹੈ। ਈਕੁਰ ਹੀ(ਜੀਵ)ਸੰਸਾਰ ਦੇ ਆਦਮੀ ਵਾਹਿਗੁਰੂ ਜਗਤ ਈਸ਼ਰ ਦੇ ਵਸ ਹਨ ਭਾਵੇਂ ਮਾਰੇ ਭਾਵੇਂ ਜਵਾਲੇ, ਭਾਵੇਂ ਸੁਖ ਦੁਖ ਘਾਟਾ ਵਾਧਾ ਮਰਨਾ ਜਨਮਣਾ ਪਾ ਦਵੇ। ਜੇਹੇ ਜੀਵ ਏਥੇ ਕੰਮ ਕਰਦਾ ਹੈ ਓਨਾਂਦਾ ਫਲ ਅਗੇ ਓਹੋ ਜੇਹਾ ਮਿਲਦਾ ਹੈ ਅਤੇ ਓਨਾਂ ਦੁਖਾਂ ਨੂੰ ਜ਼ਰੂਰ ਹੀ ਭੋਗਦਾ ਹੈ ਪਰ (ਜਮ) ਜੋ ਕੁਝ ਕਰਦਾ ਹੈ (ਜੀਵ) ਤਸਿ ਤੈਸੇ ਕੰਮ ਬੁਰੇ ਭਲੇ ਵਿਚ ਲਿਖਿਆ ਜਾਂਦਾ ਹੈ ਪਰ ਕੰਮਾਂ ਦਾ ਪ੍ਰੇਰਕ ਵਾਹਿਗੁਰੂ ਹੈ। ਜਦ ਜੋ ਕੁਝ ਕਰਾਉਂਦਾ ਹੈ ਵਾਹਿਗੁਰੂ ਕਰਾਉਂਦਾ ਹੈ (ਤਦ) ਕਰਨ ਵਾਲਾ ਅਤੇ ਮਾਇਆ ਕਿਥੇ ਰਹੀ ਅਤੇ ਕਰਮ ਕਰਨ ਵਾਲਾ ਜੀਵ ਕਿਥੇ ਰਿਹਾ? ਅਤੇ ਪੰਜਾਂ ਤਤਾਂ ਦੇ ਸਰੀਰ ਦਾ ਘਟਨਾ ਵਧਣਾਂ (ਜਨਮ ਮਰਨ) ਕੇਹੜਾ ਉਚਾਰਨ ਕਰ ਸਕਦਾ ਹੈ? ਅਤੇ ਹੋਰ ਗ੍ਰੰਥਾਂ ਵੇਦਾਂਤ ਵਿਆਂ ਦੇ ਮਤ ਉਤੇ ਕੇਹੜਾ ਯਕੀਨ ਕਰ ਸਕਦਾ

ਹੈ ? ਉਸਤਤਿ, ਨਿੰਦਿਆ ਹਰਖ ਸ਼ੋਕ ਫਿਰ ਕਿਥੇ ਲਗਦੇ ਹਨ ? ਅਤੇ ਹੋਣੀ ਅਤੇ ਗਾਲੀਆਂ ਅਸੀਸਾਂ ਫਿਰ ਦਸ ਖਾਂ ਕਿਥੇ ਚੰਬੜਦੀਆਂ ਹਨ ?

ਕਬਿੱਤ—ਮਾਨਸਰ ਪਰ ਜੌ ਬੈਠਾਈਐ ਲੇ ਜਾਇ ਬਗ, ਮੁਕਤਾ ਅਮੋਲ ਤਜ ਮੀਨ ਬੀਨ ਖਾਤ ਹੈ ॥ ਅਸਥਨ ਪਾਨ ਕਰਬੇ ਕੋ ਜੌ ਲਾਈਐ ਜੋਕ ਪੀਅਤ ਨ ਪੈ ਲੈ ਲੋਹੂ ਅਚਏ ਅਘਾਤ ਹੈ ॥ ਪਰਮ ਸੁਗੰਧ ਪਰ ਮਾਖੀ ਨ ਰਹਤ ਰਾਖੀ ਮਹਾਂ ਦੁਰਗੰਧ ਪਰ ਬੇਗ ਚਲ ਜਾਤ ਹੈ ॥ ਜੈਸੇ ਗਜ ਮੱਜਨ ਕੈ ਡਾਰਤ ਹੈ ਛਾਰੁ ਸਿਰ ਸੰਤਨ ਕੈ ਦੋਖੀ ਸੰਤ ਸੰਤ ਨ ਸੁਹਾਤ ਹੈ ॥ ੩੩੨ ॥

ਜੇ ਤਾਲ ਉਤੇ ਬਗਲੇ ਨੂੰ ਲਜਾ ਕੇ ਬਹਾਈਏ ਤਾਂ ਉਸ ਨੇ ਅਣਮੁਲੇ ਮੋਤੀ ਛਡਕੇ ਮਛੀਆਂ ਹੀ ਚੁਣ ਕੇ ਖਾਣੀਆਂ ਹਨ ਕਿ ਨਹੀਂ। ਜੇਕਰ ਜੋਕ ਨੂੰ ਦੁਧ ਪੀਣ ਵਾਸਤੇ ਥਣਾਂ ਨਾਲ ਲਾਈਏ ਤੇ ਤਾਂ ਦੁਧ ਨਹੀਂ ਪੀਂਦੀ ਸਗੋਂ ਲਹੂ ਨੂੰ ਪੀ ਕੇ ਰਜਦੀ ਹੈ। ਜੀਕੁਰ ਚੰਗੀ ਸੁਗੰਧੀ ਤੇ ਮੱਖੀ ਰਖੀ ਹੋਈ ਨਹੀਂ ਰਹਿੰਦੀ ਜਿਥੇ ਬਹੁਤੀ ਗੰਦਗੀ ਹੈ ਉਸ ਤੇ ਛੇਤੀ ਨਾਲ ਜਾ ਬਹਿੰਦੀ ਹੈ। ਜੀਕੁਰ ਹਾਥੀ ਨਹਾ ਕੇ ਸਿਰ ਵਿਚ ਸੁਆਹੁ ਪਾ ਲੈਂਦਾ ਹੈ ਉਕਰ ਹੀ ਸੰਤਾਂ ਦੇ ਦੋਖੀਆਂ ਨੂੰ ਸਤਿਸੰਗ ਨਹੀਂ ਹਛਾ ਲਗਦਾ।

ਉਦਾਸੀ ਦੇ ਲਛਣ

ਕਬਿੱਤ—ਗੁਰਮੱਤਿ ਸੱਤਿ ਏਕ ਟੇਕ ਦੁਤੀਆ ਨਾਸਤਿ, ਸਿਵ ਨ ਸਕਤਿ ਗਤਿ ਅਨ ਭੈ ਅਭਿਆਸੀ ਹੈ ॥ ਤ੍ਰਿਗੁਨ ਅਤੀਤ ਜੀਤ ਹਾਰ ਨ ਹਰਖ ਸੋਗ, ਸੰਜੋਗ ਵਿਯੋਗ ਮੇਟਿ ਸਹਜ ਨਿਵਾਸੀ ਹੈ ॥ ਚਤਰ ਬਰਨ ਇਕ ਬਰਨ ਹ੍ਵੈ ਸਾਧ ਸੰਗ, ਪੰਚ ਪਰਪੰਚ ਤਿਆਗ ਬਿਸਮ ਬਿਸਵਾਸੀ ਹੈ ॥ ਖਟ, ਦਰਸ਼ਨ ਪਰੈ ਪਾਰ ਹ੍ਵੈ ਸਪਤ ਸਰ, ਨਵ ਦ੍ਵਾਰ ਉਲੰਘ ਦਸਮਈ ਉਦਾਸੀ ਹੈ ॥ ੩੩੩ ॥

ਸਚੀ ਗੁਰ ਸਿਖਿਆ ਦੀ ਇਕ ਓਟ ਲੈ ਕੇ ਦ੍ਵੈਤ ਭਾਵ ਨਾਸ ਕਰ ਲਿਆ ਹੈ ਅਤੇ ਨਿਡਰ ਵਾਹਿਗੁਰੂ ਦੇ ਅਭਿਆਸੀ ਹੋ ਕੇ ਕ੍ਰੋਧ ਵਾਲੇ ਸ਼ਿਵ ਜੀ ਤੇ ਮਾਇਆ ਦੇ ਪਾਸ ਨਹੀਂ ਜਾਂਦੇ। ਤਿੰਨਾਂ ਗੁਣਾਂ ਤੋਂ ਰਹਿਤ ਜਿਤ ਹਾਰ ਖੁਸ਼ੀ ਸ਼ੋਕ ਦੇ ਮਿਲਾਪ ਵਿਛੋੜੇ ਨੂੰ ਦੂਰ ਕਰਕੇ ਸਹਿਜੇ ਹੀ ਗਿਆਨ ਵਿਚ ਟਿਕੇ ਹਨ। ਚਾਰੇ ਵਰਨ ਸਿੰਘ ਸਭਾ ਵਿਚ ਆਕੇ ਇਕ ਖਾਲਸਾ ਰੂਪ ਹੋਏ ਅਤੇ ਪੰਜਾਂ ਕਾਮ ਕਰੋਧ ਠਗਾਂ ਨੂੰ ਛਡਕੇ ਅਸਚਰਜ ਵਿਚ ਭਰੋਸਾ ਵਾਲੇ ਹੋਏ। ਛੀਆਂ ਦਰਸ਼ਨਾਂ ਦੇ (ਭੇਖ) ਪਾਖੰਡ ਤੋਂ ਪਰੇ ਹੋ ਗਏ ਹਨ ਅਤੇ ਸਤਾਂ ਤੁਲਾਵਾਂ ਵਿਸ਼ਿਆਂ ਦੇ ਅਨੰਦ ਤੋਂ ਵੀ ਪਾਰ ਹੋ ਗਏ ਹਨ ਅਤੇ ਨਵਾਂ ਬੂਹਿਆਂ

ਵਾਲੇ ਸਰੀਰ ਨੂੰ ਰੋਜ ਕਪੜੇ ਰੋਟੀ ਆਦਿਕ ਦੇ ਕੇ ਪਾਲਣਾ ਇਸ ਕੰਮ ਤੋਂ ਵੀ ਟਪ ਗਏ ਹਨ ਅਤੇ ਵਾਹਿਗੁਰੂ ਦੇ ਵਿਚ ਮਿਲ ਗਏ ਹਨ ਉਹ ਪੂਰੇ ਗੁਰੂ ਕੇ ਸਿਖ ਉਦਾਸੀ ਹੋਏ ਹਨ ।

ਕਬਿੱਤ—ਨਦੀ ਨਾਵ ਕੋ ਸੰਜੋਗ ਸੁਜਨ ਕੁਟੰਬ ਲੋਗ, ਹੋਇ ਰੋ ਜੋ ਦੀਓ ਸੋਈ ਮਿਲੈ ਆਗੈ ਜਾਇਕੈ ॥ ਅਸਨ ਬਸਨ ਧਨ ਸੰਗਿ ਨ ਚਲਤ ਚਲੇ, ਦੀਜੈ ਅਰਪ ਧਰਮਸਾਲਾ ਪਹੁੰਚਾਇਕੈ ॥ ਆਠੋ ਜਾਮ ਸਾਠੋ ਘਰੀ ਨਿਹਫਲ ਮਾਯਾ ਮੋਹ, ਸਫਲ ਪਲਕ ਸਾਧ ਸੰਗਤ ਸਮਾਇ ਕੈ ॥ ਮਲ ਮੂਤ੍ਰ ਧਾਰੀ ਔ ਵਿਕਾਰੀ ਨਿਰੰਕਾਰੀ ਹੋਤ ਸਬਦ ਸੁਰਤਿ ਸਾਧ ਸੰਗ ਲਿਵ ਲਾਇਕੈ ॥ ੩੩੪ ॥

ਜੀਕੁਰ ਨਦੀ ਵਿਚ ਬੇੜੀ ਦੇ ਪੂਰ ਦਾ ਅਕੱਠ ਹੁੰਦਾ ਹੈ ਈਕੁਰ ਹੀ ਹਛੇ ਆਦਮੀ ਟੱਬਰ ਅਤੇ ਹੋਰ ਲੋਕਾਂ ਦਾ ਸੰਜੋਗ ਇਸ ਸੰਸਾਰ ਉਪਰ ਹੋਇਆ ਹੈ ਤੇ ਇਸ ਲਈ ਜੋ ਕੁਝ ਅਸਾਂ ਏਸ ਸੰਸਾਰ ਉਤੇ ਗਰੀਬਾਂ ਨੂੰ ਦਿਤਾ ਹੋਵੇਗਾ ਓਹੋ ਹੀ ਜਦ ਅਗੇ ਜਾਵਾਂਗੇ ਤਾਂ ਮਿਲੇਗਾ । ਅੰਨ ਬਸਤ੍ਰ ਪਦਾਰਥ ਇਤਯਾਦਕ ਅੰਤ ਨੂੰ ਚਲਦਿਆਂ ਹੋਇਆਂ ਨਾਲ ਨਹੀਂ ਚਲਦਾ ਇਸ ਲਈ ਇਸ ਧਨ ਨੂੰ ਗੁਰਦਵਾਰੇ ਵਿਚ ਘਲ ਕੇ ਅਰਪਣ ਕਰ ਦੇਣਾ ਚਾਹੀਦਾ ਹੈ ਅਠ ਪਹਿਰ ਸਠ ਘੜੀਆਂ ਬਿਅਰਥ ਹਨ ਜੋ ਮਾਇਆ ਪਿਆਰ ਵਿਚ ਲਗ ਕੇ ਗੁਜ਼ਰਦੀਆਂ ਹਨ ਅਤੇ ਓਹ ਇਕ ਛਿਨ ਮਾਤ੍ਰ ਹੀ ਸਫਲ ਹੈ ਜੋ ਸਾਧ ਸੰਗਤ ਵਿਚ ਜਾ ਕੇ ਬੀਤਦਾ ਹੈ । ਮਲ ਮੂਤਰ ਨੂੰ ਧਾਰਨ ਵਾਲੇ ਅਤੇ ਵਿਸ਼ੇ ਵਿਕਾਰਾਂ ਵਾਲੇ (ਅਪਵਿਤ੍ਰ ਆਦਮੀ) ਸ਼ੁਧ (ਵਾਹਿਗੁਰੂ) ਦੇ ਜਪਣ ਵਾਲੇ ਪਿਆਰੇ ਹੋ ਜਾਂਦੇ ਹਨ ਅਤੇ ਸਾਧ ਸੰਗਤ ਵਿਚ ਆ ਕੇ ਤੇ ਗੁਰ ਸ਼ਬਦ ਵਿਚ ਪ੍ਰੀਤ ਕਰਕੇ ਬ੍ਰਿਤੀ ਲਾ ਕੇ ਵਾਹਿਗੁਰੂ ਨੂੰ ਮਿਲ ਜਾਂਦੇ ਹਨ ।

ਗੁਰਮੁਖਾਂ ਦੇ ਅੰਗ ਸਫਲ ਹਨ

ਕਬਿਤ—ਹੌਮੈ ਅਭਿਮਾਨ ਅਸਥਾਨ ਤਜਿ ਬੰਝ ਬਨ, ਚਰਨ ਕਮਲ ਗੁਰ ਸੰਪਟ ਸਮਾਇ ਹੈਂ ॥ ਅਤਿ ਹੀ ਅਨੂਪ ਰੂਪ ਹੇਰਤ ਹਿਰਾਨੇ ਦ੍ਰਿਗ ਅਨਹਦ ਗੁੰਜਤ ਸਰਵਨ ਹੂ ਸਿਰਾਇ ਹੈਂ ॥ ਰਸਨਾ ਬਿਸਮ ਅਤਿ ਮਧੁ ਮਕਰੰਦ ਰਸ, ਨਾਸਕਾ ਚਕਤ ਹੀ ਸੁਬਾਸ ਮਹਿਕਾਇ ਹੈਂ ॥ ਕੋਮਲਤਾ ਸੀਤਲਤਾ ਪੰਗ ਸਰਬੰਗ ਭਏ, ਮਨ ਮਧੁਕਰ ਪੁਨ ਅਨਤ ਨ ਧਾਇ ਹੈਂ ॥ ੩੩੫ ॥

ਸਿਖ ਗੰਦੇ ਥਾਂ ਛਡ ਕੇ ਕੌਲ ਫੁਲ ਜੋ ਡੱਬੇ ਵਾਂਕੁਰ ਮੀਟਿਆ ਹੋਇਆ ਹੈ ਉਸ ਵਿਚ ਆ ਵੜਦਾ ਹੈ ਹੰਗਤਾ ਹੰਕਾਰ ਦੇ ਬਨ ਦੀ ਜਗ੍ਹਾ ਛਡ ਕੇ ਗੁਰਾਂ ਦੇ ਚਰਨਾਂ ਵਿਚ ਆ ਸਮੋਂਦਾ ਹੈ। ਗੁਰਾਂ ਦੇ ਉਪਮਾ ਰਹਿਤ ਸੁੰਦਰ ਸਰੂਪ ਨੂੰ ਨੇਤਰਾਂ ਨਾਲ ਵੇਖ ਪ੍ਰਸੰਨ ਹੁੰਦਾ ਹੈ (ਗੁਰਾਂ ਦਾ ਸੂਰਜ ਚੜ੍ਹਨਾ) ਪ੍ਰਸੰਨ ਹੋ ਕੇ ਬਚਨ ਬਿਲਾਸ ਕਰਨੇ ਅਤੇ ਇਕ ਰਸ ਸ਼ਬਦ ਕੀਰਤਨ ਦੀ ਆਵਾਜ਼ ਸੁਣ ਕੇ ਕੰਨ ਠੰਢੇ ਕਰਦਾ ਹੈ। ਗੁਰਮੁਖ ਰਸਨਾਂ ਕਰਕੇ ਨਾਮ ਜਪਦੇ ਹਨ ਅਤੇ ਨਾਮ ਅੰਮ੍ਰਿਤ ਦਾ ਅਨੰਦ ਬਹੁਤ ਸਾਰਾ ਅਸਚਰਜ ਭਗਤੀ ਗ੍ਰਹਿਣ ਕਰਦੇ ਹਨ ਅਤੇ ਨਾਸਾਂ ਨਾਲ ਸ੍ਰੇਸ਼ਟ ਵਾਸ਼ਨਾਂ ਫੈਲਾ ਕੇ ਹੈਰਾਨ ਹੁੰਦੇ ਹਨ। ਸਿਖਾਂ ਦੀ ਬਾਣੀ ਕੋਮਲ ਹੋਈ ਤੇ ਹਿਰਦਾ ਠੰਢਾ ਹੋਇਆ ਅਤੇ ਹੋਰ ਅੰਗ (ਨਾਮ ਜਪਣ ਕਰਕੇ) ਪਵਿਤ੍ਰ ਹੋਏ ਫਿਰ ਸਿਖ (ਗੁਰਾਂ ਦੇ ਚਰਨ ਛਡਕੇ) ਹੋਰ ਦੇ ਨਹੀਂ ਦੌੜਦੇ।

ਕਬਿਤ—ਬਾਸਨਾ ਕੋ ਬਾਸੁ ਦੂਤ ਸੰਗਤਿ ਬਿਨਾਸ ਕਾਲ, ਚਰਨ ਕਮਲ ਗੁਰ ਏਕ ਟੇਕ ਪਾਈ ਹੈ॥ਭੈਜਲ ਭਿਆਨਕ ਲਹਿਰ ਨ ਬਿਆਪ ਸਕੈ, ਨਿਜ ਘਰ ਸੰਪਟ ਕੈ ਦੁਬਿਧਾ ਮਿਟਾਈ ਹੈ ॥ ਆਨ ਗਯਾਨ ਧਯਾਨ ਸਿਮਰਨ ਬਿਸਿਮਰਨ ਕੈ, ਪ੍ਰੇਮ ਰਸ ਬਸ ਆਸਾ ਮਨਸਾ ਨਾ ਪਾਈ ਹੈ॥ ਦੁਤੀਆ ਨਾਸਤਿ ਏਕ ਟੇਕ ਨਿਹਚਲ ਮਤਿ, ਸਹਜ ਸਮਾਧਿ ਉਨਮਨਿ ਲਿਵਲਾਈ ਹੈ ॥ ੩੩੯ ॥

ਦੁਰਗੰਧੀਆਂ ਦੀ ਵਾਸ਼ਨਾ ਵਿਚ ਵਸਣਾ ਅਤੇ ਕਾਮ ਕ੍ਰੋਧ ਆਦਿਕ ਦੂਤਾਂ ਦੀ ਸੰਗਤ ਜੋ ਮਰਨ ਦਾ ਵੇਲਾ ਛੇਤੀ ਲਿਔਂਦੀ ਹੈ ਇਸ ਵਾਸਤੇ ਇਸ ਤੋਂ ਡਰ ਕੇ ਗੁਰੂ ਕੇ ਸਿਖਾਂ ਨੇ ਇਕ ਗੁਰਾਂ ਦੇ ਚਰਨਾਂ ਕੌਲਾਂ ਦੀ ਓਟ ਲਈ ਹੈ। ਗੁਰਮੁਖਾਂ ਨੇ ਆਪਣਾ ਘਰ ਜੋ ਡਬੇ ਵਾਂਕੁਰ ਸੁਖ ਦੇਣ ਵਾਲਾ ਹੈ ਦ੍ਵੈਤ ਨੂੰ ਦੂਰ ਕਰਕੇ ਉਸ ਵਿਚ ਮਿਲ ਗਏ ਹਨ। ਹੋਰ ਗਯਾਨ ਧਯਾਨ ਦੇ ਯਾਦ ਕਰਨੇ ਅਤੇ ਭੁਲਾ ਕੇ ਵਸ ਕਰਨ ਵਾਲੇ ਨਾਮ ਰਸ ਵਿਚ ਪ੍ਰੇਮ ਕਰਕੇ ਅਤੇ ਇਸੇ ਸੰਸਾਰ ਵਿਚ ਅਕਲ ਦੀ ਵਾਸ਼ਨਾਂ ਨਹੀਂ ਪਾਈ ਹੈ। ਵਾਸ਼ਨਾ ਮਿਟ ਗਈਆਂ ਅਤੇ ਅਡੋਲ ਸਮਾਧੀ ਲਾ ਕੇ ਵਾਹਿਗੁਰੂ ਦੇ ਪਿੰਡ ਵਿਚ ਚਿਤ ਬ੍ਰਿਤੀ ਲਾਈ ਹੈ।

ਕਬਿਤ—ਚਰਨ ਕਮਲ ਰਜ ਮਸਤਕ ਲੇਪਨ ਕੈ, ਭਰਮ ਕਰਮ ਲੇਖ ਸਯਾਮਤਾ ਮਿਟਾਈ ਹੈ ॥ ਚਰਨ ਕਮਲ ਚਰਨਾਮ੍ਰਿਤ ਮਲੀਨ ਮਨ, ਕਰ ਨਿਰਮਲ ਦੂਤ ਦੁਬਿਧਾ ਗਵਾਈ ਹੈ ॥ ਚਰਨ ਕਮਲ ਸੁਖ ਸੰਪਟ ਸਹਜ ਘਰ ਨਿਹਚਲ ਮਤਿ ਏਕ ਟੇਕ ਠਹਿਰਾਈ ਹੈ ॥ ਚਰਨ

ਕਮਲ ਗੁਰ ਮਹਿਮਾ ਅਗਾਧ ਬੋਧ ਸਰਬ ਨਿਧਾਨ ਔ ਸਕਲ ਫਲਦਾਈ ਹੈ ॥ ੩੩੭ ॥

ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਮਥੇ ਤੇ ਲਾਕੇ ਜਗਤ ਵਿਚ ਭਰਮੌਣ ਵਾਲੇ ਕਰਮਾਂ ਦੀ ਕਾਲੀ ਲੀਕ ਮਿਟਾ ਦਿਤੀ । ਗੁਰਾਂ ਦੇ ਚਰਨਾਂ ਕਮਲਾਂ ਦੇ ਅੰਮ੍ਰਿਤ ਦੀ ਚੁਲੀ ਪੀਕੇ ਮਨ ਮੈਲੇ ਨੂੰ ਸੁਧ ਕੀਤਾ ਅਤੇ ਦ੍ਵੈਤ ਭਾਉ ਨੂੰ ਗਵਾ ਦਿਤਾ ਹੈ । ਗੁਰਾਂ ਦੇ ਚਰਨਾਂ ਕਮਲਾਂ (ਦੀ ਧੂੜੀ) ਦੇ ਪ੍ਰਤਾਪ ਨਾਲ ਸਹਜੇ ਹੀ ਆਪਣੇ ਘਰ ਸੁਖ ਰੂਪ ਡਬੇ ਵਿਚ ਇਸਥਿਤ ਹੋਏ ਅਤੇ ਬੁਧੀ ਵਿਚ ਇਕ ਵਾਹਿਗੁਰੂ ਦੀ ਓਟ ਠਹਿਰਾਈ ਹੈ ।(ਇਸ ਲਈ) ਗੁਰਾਂ ਦੇ ਚਰਨਾਂ ਕਮਲਾਂ ਦੀ ਮਹਿਮਾ ਦਾ ਭੇਦ ਜਾਨਣਾ ਔਖਾ ਹੈ ਤੇ ਸਾਰੇ ਪਦਾਰਥਾਂ ਦੇ ਭੰਡਾਰ ਅਤੇ ਸਾਰੇ ਫਲਾਂ ਦੇ ਦੇਣ ਵਾਲੇ ਹਨ ਗੁਰਾਂ ਦੇ ਚਰਨ !

ਕਬਿਤ—ਚਰਨ ਕਮਲ ਰਜ ਮੱਜਨ ਕੈ ਦਿਬ ਦੇਹ ਮਹਾ ਮਲ ਮੂਤ੍ਰਧਾਰੀ ਨਿਰੰਕਾਰੀ ਕੀਨੋ ਹੈ ॥ ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੋ ਹੈ ॥ ਚਰਨ ਕਮਲ ਨਿਜ ਆਸਨ ਸਿੰਘਾਸਨ ਕੈ ਤ੍ਰਿਭਵਨ ਔ ਤ੍ਰਿਕਾਲ ਗੰਮਿਤਾ ਪ੍ਰਬੀਨੋ ਹੈ ॥ ਚਰਨ ਕਮਲ ਰਸ ਗੰਧ ਰੂਪ ਸੀਤਲਤਾ ਦੁਤੀਆ ਨਾਸਤਿ ਏਕ ਟੇਕ ਲਿਵਲੀਨੋ ਹੈ ॥ ੩੩੮ ॥

ਬਹੁਤ ਮਲ ਮੂਤ੍ਰ ਧਾਰਨ ਵਾਲੀ ਦੇਹ ਤੋਂ ਗੁਰਾਂ ਦੀ ਚਰਨ ਧੂੜ ਨੇ ਪਵਿਤ੍ਰ ਕਰ ਦਿਤੀ । ਗੁਰਾਂ ਦੇ ਚਰਨ ਕਮਲ ਦੇ ਚਰਨਾਂਮ੍ਰਿਤ ਭੰਡਾਰ ਅੰਮ੍ਰਿਤ ਨੂੰ ਪੀਕੇ ਅਤੇ ਮਨ ਕਰਕੇ ਤ੍ਰਿੰਨਾਂ ਗੁਣਾਂ ਰੂਪੀ ਸੰਸਾਰ ਤੋਂ ਰਹਿਤ ਹੋਇ ਹਨ ਅਤੇ ਆਪਣੇ ਆਪ ਨੂੰ ਵਿਚਾਰਦੇ ਹਨ ਗੁਰਾਂ ਦੇ ਚਰਨ ਕਮਲ ਰੂਪ ਰਾਜ ਤਖਤ ਤੇ ਬਹਿਕੇ ਤ੍ਰਿੰਨਾਂ ਲੋਕਾਂ ਅਤੇ ਤ੍ਰਿੰਨਾਂ ਸਮਿਆਂ ਦੇ ਜਾਨਣ ਵਿਚ ਸਿਆਣੇ ਹੋਏ । ਗੁਰਾਂ ਦੇ ਚਰਨਾਂ ਕਵਲਾਂ ਦੀ ਵਾਸ਼ਨਾਂ ਦੇ ਅਨੰਦ ਨੂੰ ਲੈਕੇ ਸੀਤਲਤਾ ਰੂਪ ਹੋਇ ਹਨ ਅਤੇ ਦ੍ਵੈਤ ਭਾਉ ਮਨ ਤੋਂ ਨਾਸ ਹੋ ਗਿਆ ਹੈ ਅਤੇ ਇਕ ਗੁਰਾਂ ਦੀ ਓਟ ਲੈਕੇ ਵਾਹਿਗੁਰੂ ਦੇ ਵਿਚ ਬ੍ਰਿਤੀ ਨੂੰ ਮਸਤ ਕੀਤਾ ਹੈ ।

ਕਬਿਤ—ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ, ਪੂਰਬ ਤੀਰਥ ਕੋਟਿ ਚਰਨ ਸਰਨ ਹੈ ॥ ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ ਦੇਵੀ ਦੇਵ ਸੇਵਕ ਹ੍ਵੈ ਪੂਜਤ ਚਰਨ ਹੈ ॥ ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ ਕਾਰਨ ਅਧੀਨ ਕੀਨ ਕਾਰਨ ਕਰਨ ਹੈ ॥

ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ ਪਤਤ ਪੁਨੀਤ ਭਏ ਤਾਰਨ ਤਰਨ ਹੈ ॥ ੩੩੯ ॥

ਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਪ੍ਰਤਾਪ ਹੈ ਕਿ ਕਰੋੜਾਂ ਹੀ ਪ੍ਰਯਾਗ ਆਦਿਕ ਤੀਰਥਾਂ ਦੇ ਪੁਰਬ ਗੁਰਾਂ ਦੇ ਚਰਨਾਂ ਦੀ ਸ਼ਰਨ ਆਉਂਦੇ ਹਨ। ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਪ੍ਰਤਾਪ ਹੈ ਕਿ ਦੇਵੀ ਦੇਵਤੇ ਦਾਸ ਹੋਕੇ ਪੈਰਾਂ ਨੂੰ ਪੂਜਦੇ ਹਨ । ਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਕਰਨ ਦਾ ਬਹੁਤ ਵਡਾ ਪ੍ਰਤਾਪ ਹੈ ਕਿ ਜੇਹੜੇ ਸਿਖ ਪਹਿਲੇ (ਕਾਰਨ) ਮਾਇਆ ਆਦਿਕ ਦੇ (ਅਧੀਨ) ਵਸ ਹੁੰਦੇ ਹਨ ਸਭ ਕੰਮਾਂ ਦੇ ਕਰਨ ਵਾਸਤੇ ਸਮਰਥ ਕਰ ਦੇਂਦੀ ਹੈ। ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਸਾਰਾ ਮਹਾਤਮ ਹੈ ਪਾਪੀਆਂ ਤੋਂ ਪਵਿਤ੍ਰ ਸੰਸਾਰ ਸਮੁੰਦ ਤੋਂ ਤਾਰਨ ਵਾਸਤੇ (ਜਹਾਜ) ਸਾਮਰਥ ਹੋ ਗਏ ਹਨ।

ਕਬਿਤ—ਮਾਨ ਸਰ ਹੰਸ ਸਾਧ ਸੰਗਤਿ ਪਰਮ ਹੰਸ, ਧਰਮ ਧੁਜਾ ਧਰਮ ਸਾਲਾ ਚਲਿ ਆਵਈ ॥ ਉਤ ਮੁਕਤਾਹਲ ਅਹਾਰ ਦੁਤੀਆ ਨਾਸਤ, ਇਤ ਗੁਰ ਸਬਦ ਸੁਰਤਿ ਲਿਵ ਲਾਵਈ ॥ ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ, ਇਤ ਗੁਰਮਤਿ ਦੁਰਮਤਿ ਸਮਝਾਵਈ ॥ ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ, ਇਤ ਕਾਗ ਪਾਗ ਸਮ ਰੂਪ ਕੈ ਮਿਲਾਵਈ ॥ ੩੪੦ ॥

ਦੁਧ ਤੇ ਮੋਤੀਆਂ ਦੇ ਤਾਲ ਉਤੇ ਵਡੇ ਹੰਸ ਚਲਕੇ ਜਾਂਦੇ ਹਨ ਈਕੁਰ ਹੀ ਜਿਸ ਗੁਰਦਵਾਰੇ ਉਤੇ ਝੰਡਾ ਸਾਹਿਬ ਹੈ ਅਤੇ ਓਦ੍ਹੇ ਵਿਚ ਜੋ ਸਾਧ ਸੰਗਤ ਲਗੀ ਹੋਈ ਹੈ ਓਥੇ ਗੁਰਮੁਖ ਹੱਛੇ ਚਲਕੇ ਆਉਂਦੇ ਹਨ । ਓਧਰ ਹੰਸ ਤਾਂ ਮੋਤੀਆਂ ਨੂੰ ਖਾ ਕੇ ਦੂਜੇ ਅੰਨ ਦੀ ਇਛਾ ਨੂੰ ਨਾਸ ਕਰਦੇ ਹਨ ਏਧਰ ਗੁਰਮੁਖ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰਕੇ ਬਿਰਤੀ ਲਾਉਂਦੇ ਹਨ। ਓਧਰ (ਹੰਸ) ਦੁਧ ਤੋਂ ਪਾਣੀ ਵਖਰਾ ਕਰਦੇ ਹਨ ਏਧਰ (ਗੁਰਮੁਖ ਸਾਧ ਸੰਗਤਿ ਵਿਚ) ਗੁਰਾਂ ਦੀ ਸਿਖਿਆ ਨਾਲ ਖੋਟੀ ਸਿਖਿਆ ਵਿਚ ਦੂਸ਼ਨ ਵਿਖਾਕੇ ਅਤੇ ਗੁਰਮਤ ਨੂੰ ਚੰਗਾ ਵਿਖਾਕੇ ਹੋਰਨਾਂ ਲੋਕਾਂ ਨੂੰ ਸਮਝਾਉਂਦੇ ਹਨ। ਓਧਰ ਮਾਨ ਸਰੋਵਰ ਉਤੇ ਹੰਸਾਂ ਦੀ ਔਲਾਦ ਤਾਂ ਬਗਲਿਆਂ ਦੀ ਦੁਬਿਧਾ=ਮਛੀਆਂ ਨੂੰ ਖਾਣ ਦੀ ਵਾਦੀ ਨਹੀਂ ਹਟਾ ਸਕਦੀ ਅਤੇ ਏਧਰ ਸਾਧ ਸੰਗਤ ਵਿਚ ਜੋ ਗੁਰਮੁਖ ਹਨ ਕਾਂਵਾਂ (ਵਿਸ਼ਈਆਂ) ਨੂੰ ਆਪਣੇ ਵਿਚ ਮਿਲਾਕੇ ਅਤੇ ਵਾਹਿਗੁਰੂ ਦੇ ਨਾਮ ਦਾ ਰੰਗ ਚੜ੍ਹਾਕੇ ਆਪਣੇ ਰੂਪ ਦੇ ਬਰਾਬਰ ਆਪਣੇ ਨਾਲ ਮਿਲਾ ਲੈਂਦੇ ਹਨ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪਰਤਾਪ ਛਿਨ, ਸਿਵ

ਸਨਕਾਦਿ ਬ੍ਰਹਮਾਦਿਕ ਨ ਪਾਵਈ ॥ ਸਿੰਮ੍ਰਿਤ ਪੁਰਾਨ ਵੇਦ ਸ਼ਾਸਤਰ ਔ ਨਾਦ ਬਾਦ, ਰਾਗ ਰਾਗਨੀ ਹੂੰ ਨੇਤਿ ਨੇਤਿ ਕਰ ਗਾਵਈ ॥ ਦੇਵੀ ਦੇਵ ਸਰਬ ਨਿਧਾਨ ਔ ਸਕਲ ਫਲ, ਸ੍ਵਰਗ ਸਮੂਹ ਸੁਖ ਧਜ਼ਾਨ ਧਰ ਧਜ਼ਾਵਈ ॥ ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨ, ਗੁਰ ਸਿਖ ਸਬਦ ਸੁਰਤਿ ਲਿਵਲਾਵਈ ॥ ੩੪੧ ॥

ਸ਼ਿਵ ਚਾਰੇ ਪੁਤ੍ਰ ਬ੍ਰਹਮਾ ਦੇ ਅਤੇ ਬ੍ਰਹਮਾ ਆਦਿਕ ਹੋਰ ਦੇਵਤੇ ਗੁਰਾਂ ਦੇ ਸਿਖਾਂ ਦੀ ਸਤਿਸੰਗਤ ਦੇ ਮੇਲ ਦੇ ਪ੍ਰਤਾਪ ਦਾ ਜੋ ਫਲ ਹੈ ਓਸ ਨੂੰ ਓਹ ਇਕ ਛਿਨ ਮਾਤ੍ਰ ਵੀ ਨਹੀਂ ਪਾ ਸਕਦੇ। ਸਿੰਮ੍ਰਿਤੀਆਂ ਪੁਰਾਨ ਵੇਦ ਸ਼ਾਸਤ੍ਰ ਅਤੇ ਵਾਜਿਆਂ ਦੇ (ਨਾਦ) ਸ਼ਬਦ ਨੂੰ ਉਚਾਰਨ ਵਾਲੇ ਰਾਗੀ ਅਤੇ ਰਾਗ ਰਾਗਨੀਆਂ ਬੇਅੰਤ ਬੇਅੰਤ ਕਰਕੇ ਗੁਰਮੁਖਾਂ ਦੇ ਸਤਿ ਸੰਗਤ ਦੇ ਜਸ ਨੂੰ ਗੌਂਦੀਆਂ ਹਨ। (ਗੁਰ ਸਿਖਾਂ ਦੇ ਛਿਨ ਮਾਤ੍ਰ ਦੇ ਸਤ ਸੰਗਤ ਦੇ ਸੁਖ ਨੂੰ) ਦੇਵੀ ਦੇਵਤੇ ਅਤੇ ਸਾਰੇ ਖਜ਼ਾਨੇ ਪਦਾਰਥਾਂ ਦੇ ਅਤੇ ਸਾਰੇ ਫਲ ਸ੍ਵਰਗ ਦੇ ਅਤੇ ਹੋਰ ਸਮੂਹ ਵਡੇ ਵਡੇ ਸਿਆਣੇ ਆਦਮੀ ਧਿਆਨ ਕਰਕੇ ਧਿਔਂਦੇ ਹਨ। ਸਾਰੇ ਫੈਲੇ ਹੋਏ ਵਾਹਿਗੁਰੂ ਦਾ ਰੂਪ ਸਤਿਗੁਰਾਂ ਨੂੰ ਜਾਗਦਾ ਜਾਣ ਕੇ ਗੁਰਾਂ ਦੇ ਸਿਖ ਗੁਰ ਸ਼ਦਦ ਵਿਚ ਪ੍ਰੀਤੀ ਕਰਕੇ ਵਾਹਿਗੁਰੂ ਵਿਚ ਚਿਤ ਬ੍ਰਿਤੀ ਲੌਂਦੇ ਹਨ।

ਕਬਿਤ—ਰਚਨਾ ਚਰਿੱਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ, ਕਾਹੂ ਸੌਂ ਨ ਕੋਊ ਕੀਨੋ ਏਕ ਹੀ ਅਨੇਕ ਹੈ॥ ਨਿਪਟ ਕਪਟ ਘਟ ਘਟ ਨਟ ਵਟ ਨਟ, ਗੁਪਤ ਪ੍ਰਗਟ ਅਟ ਪਟ ਜਾਵਦੇਕ ਹੈ ॥ ਦ੍ਰਿਸਟ ਸੀ ਦ੍ਰਿਸਟਿ ਨ ਦਰਸਨ ਸੋਂ ਦਰਸੁ, ਬਚਨ ਸੇ ਬਚਨ ਨ ਸੁਰਤਿ ਸਮੇਕ ਹੈ ॥ ਰੂਪ ਰੇਖ ਲੇਖ ਭੇਖ ਨਾਦ ਬਾਦ ਨਾਨਾ ਬਿਧ, ਅਗਮ ਅਗਾਧ ਬੋਧ ਬ੍ਰਹਮ ਬਿਬੇਕ ਹੈ ॥ ੩੪੨ ॥

ਵਾਹਿਗੁਰੂ ਦੀ ਚਿਤਕਾਰੀ ਦੀ ਰਚਨਾ ਦਾ ਤਮਾਸ਼ਾ ਬਹੁਤ ਤਰ੍ਹਾਂ ਦਾ ਅਸਚਰਜ ਹੈ ਕਿਉਂਕਿ ਕਿਸੇ ਜਿਹਾ ਕੋਈ ਵੀ ਨਹੀਂ ਕੀਤਾ ਅਤੇ ਇਕ ਹੀ ਵਾਹਿਗੁਰੂ ਅਨੇਕਾਂ ਜੀਵਾਂ ਵਿਚ ਹੈ। ਬਹੁਤ ਮਾਇਆ ਦੇ ਫੈਲਾਉਣ ਰੂਪ ਜੋ ਛਲ ਵਾਹਿਗੁਰੂ ਨੇ ਕੀਤਾ ਹੋਇਆ ਹੈ ਸੋ ਸਾਰਿਆਂ ਦੇ ਅੰਦਰ ਆਪ ਹੀ ਹੈ ਕਦੀ ਪ੍ਰਗਟ ਹੋ ਜਾਂਦਾ ਹੈ ਕਦੀ ਛੁਪ ਜਾਦਾ ਹੈ। ਨੇਤਰਾਂ ਦੀ ਨਜਰ, ਮੂੰਹ ਦੇ ਦਰਸ਼ਨ, ਬੋਲ ਨਾਲ ਬੋਲ ਕੰਨਾਂ ਨਾਲ ਕੰਨ ਨਹੀਂ ਰਲਦੇ ਪਰ ਓਂ ਵਿਚਾਰਿਆ ਜਾਵੇ ਤਾਂ ਸਾਰਿਆਂ ਵਿਚ ਇਕ ਵਾਹਿਗੁਰੂ ਹੀ ਬਰਾਬਰ ਹੈ। ਰੂਪ ਨਾਲ ਰੂਪ ਨਿਸ਼ਾਨਾਂ ਨਾਲ ਨਿਸ਼ਾਨ ਮਥੇ ਦੇ ਕਰਮ ਸਾਰਿਆਂ ਦੇ ਇਕੋ ਜਿਹੇ ਨਹੀਂ। ਜੋ ਫਿਰਕੇ ਜਗਤ ਉਤੇ ਚਲੇ ਹੋਏ ਹਨ ਸਭ ਵਖੋ ਵਖ ਹਨ। ਇਸ

ਦੁਨੀਆਂ ਦਾ ਅੰਤ ਨਹੀਂ ਲਿਆ ਜਾਂਦਾ ਅਤੇ ਬਹੁਤੀਆਂ ਸੋਚਾਂ ਵਿਚਾਰਾਂ ਨਾਲ ਉਸ ਵਾਹਿਗੁਰੂ ਦਾ ਅੰਤ ਪਾ ਸਕੀਦਾ ਹੈ ਭਾਵ ਏਹ ਜਾਨਣਾ ਵੀ ਔਖਾ ਹੈ।

ਕਬਿਤ—ਸਤਿ ਰੂਪ ਸਤਿਗੁਰ ਪੂਰਨ ਬ੍ਰਹਮ ਧਯਾਨ, ਸਤਿਨਾਮ ਸਤਿਗੁਰ ਸੋ ਤੌ ਪਾਰਬ੍ਰਹਮ ਹੈ ॥ ਸਤਿਗੁਰ ਸਬਦ ਅਨਾਹਦ ਬ੍ਰਹਮ ਗਿਆਨ, ਗੁਰਮੁਖ ਪੰਥ ਸਤਿ ਰੰਮਿਤਾ ਅਗਮ ਹੈ ॥ ਗੁਰ ਸਿਖ ਸਾਧ ਸੰਗ ਬ੍ਰਹਮ ਸਥਾਨ ਸਤਿ, ਕੀਰਤਨ ਸਮੈ ਹੋਇ ਸਾਵਧਾਨ ਸਮ ਹੈ ॥ ਗੁਰਮੁਖ ਭਾਵਨੀ ਭਗਤਿ ਭਾਉ ਚਾਉ ਸਤਿ, ਸਹਜ ਸੁਭਾਉ ਗੁਰਮੁਖ ਨਮੋ ਨਮ ਹੈ ॥ ੩੪੩ ॥

ਸਚ ਸਰੂਪ ਸਤਿਗੁਰਾਂ ਕਰਕੇ ਸਾਰਿਆਂ ਵਿਚ ਫੈਲੇ ਹੋਏ ਵਾਹਿਗੁਰੂ ਦਾ (ਗੁਰਮੁਖ) ਧਯਾਨ ਕਰਦੇ ਹਨ ਅਤੇ ਸਤਗੁਰਾਂ ਦੇ ਸਚੇ ਨਾਮ ਜਪਣ ਨੂੰ (ਸੋ ਗੁਰਮੁਖ) ਵਾਹਿਗੁਰੂ ਦੇ ਮਿਲਾਪ ਦਾ ਕਾਰਨ ਸਮਝਦੇ ਹਨ। ਗੁਰਾਂ ਦੇ ਉਪਦੇਸ਼ ਨੂੰ ਇਕ ਰਸ ਸਣ ਕੇ (ਗੁਰਮੁਖ) ਵਾਹਿਗੁਰੂ ਨੂੰ ਜਾਣਦੇ ਹਨ ਇਸ ਲਈ ਗੁਰਮੁਖਾਂ ਦਾ ਰਸਤਾ ਸਚਾ ਹੈ ਕੋਈ ਤੁਰ ਕੇ ਪਹੁੰਚ ਨਹੀਂ ਸਕਦਾ। ਗੁਰੂ ਕੇ ਸਿਖਾਂ ਦੀ ਸਾਧ ਸੰਗਤ ਸਚੇ ਵਾਹਿਗੁਰੂ ਦਾ ਅਸਥਾਨ ਹੈ ਕਿਉਂਕਿ ਜਦੋਂ ਗੁਰਬਾਣੀ ਦੇ ਕੀਰਤਨ ਦਾ ਵੇਲਾ ਹੁੰਦਾ ਹੈ ਓਦੋਂ ਗੁਰਮੁਖ (ਸਾਵਧਾਨ) ਇਕੋ ਜੇਹੀ ਨਜਰ ਵਾਲੇ ਆਪ ਹੁੰਦੇ ਹਨ ਅਤੇ ਅਗਲੇ ਨੂੰ ਉਸ ਤਰ੍ਹਾਂ ਦਾ ਕਰ ਦੇਂਦੇ ਹਨ ਪ੍ਰੇਮਾ ਭਗਤੀ, ਉਤਸ਼ਾਹ ਅਤੇ ਸ਼ਾਂਤੀ ਵਾਲੇ ਸੁਭਾਉ ਨੂੰ (ਸਤ) (ਦਿਲ ਵਿਚ) ਨਿਸਚੇ ਕਰਦੇ ਹਨ ਸਾਡੀ ਓਹਨਾਂ ਗੁਰਮੁਖਾਂ ਨੂੰ ਬਾਰ ਬਾਰ ਨਮਸ਼ਕਾਰ ਹੋਵੇ।

ਸਤਿਗੁਰ ਦੇਵ ਦੇ ਲਖਣ

ਕਬਿਤ—ਨਿਰਾਕਾਰ ਨਿਰਾਧਾਰ ਨਿਰਾਹਾਰ ਨ੍ਰਿਵਿਕਾਰ, ਅਜੋਨੀ ਅਕਾਲ ਅਪਰੰਪਰ ਅਭੇਵ ਹੈ ॥ ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ, ਨ੍ਰਿਭੈ ਨਿਰੰਜਨ ਅਤਹ ਪਰ ਅਤੇਵ ਹੈ ॥ ਅਵਿਗਤਿ ਅਗਮ ਅਗੋਚਰ ਅਗਾਧਿ ਬੋਧ, ਅਚੁਤ ਅਲੱਖ ਅਤਿ ਅਛਲ ਅਛੇਵ ਹੈ ॥ ਬਿਸਮੈ ਬਿਸਮ ਅਸਚਰਜੈ ਅਸਚਰਜ ਮੈ, ਅਦਭੁਤ ਪਰਮਦ ਭੁਤ ਗੁਰਦੇਵ ਹੈ ॥ ੩੪੪ ॥

ਸ਼ਰੀਰ ਆਸਰੇ ਭੋਜਨ ਵਿਕਾਰ ਚੁਰਾਸੀ ਜੂਨੀ ਜਨਮ ਮਰਨ ਤੋਂ ਰਹਿਤ ਸੰਸਾਰ ਦਾ ਪੂਰਾ ਰੂਪ ਅਭਿਦ ਵਾਹਿਗੁਰੂ ਹੈ। ਪਿਆਰ ਵੈਰ ਲੇਪ ਦੋਖ (ਦੂਸ਼ਨ) ਡਰ ਮਾਇਆ ਤੋਂ ਰਹਿਤ ਹੈ ਅਤਿਯੰਤ ਤੋਂ ਅਤਿਯੰਤ ਪਰੇ (ਦੂਰ) ਹੈ। ਵੇਦ ਸ਼ਾਸਤਰ ਨੇਤਰ ਕੋਈ

ਓਸ ਪਾਸ ਨਹੀਂ ਪਹੁੰਚ ਸਕਦਾ ਇਸ ਲਈ ਈਕਰ ਦੇ ਵਾਹਿਗੁਰੂ ਦਾ ਗਯਾਨ ਜਾਨਣਾਂ ਔਖਾ ਹੈ ਸੋ ਬਹੁਤ ਹੀ ਅਵਨਾਸ਼ੀ ਅਦੇਖ ਅਛਲ ਇਕ ਗੁਰਮੁਖਾਂ ਨੇ) ਨਿਸਚੇ ਕੀਤਾ ਹੈ। ਅਸਚਰਜ ਤੋਂ ਅਸਚਰਜ ਤੇ ਸੋਹਣੇ ਤੋਂ ਸੋਹਣਾ ਗੁਰਾਂ ਦਾ ਗੁਰੂ ਦਾ ਪ੍ਰਕਾਸ਼ ਵਾਲਾ ਅਕਾਲ ਪੁਰਖ ਹੈ।

ਕਬਿਤ—ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ, ਆਠ ਜਾਮ ਸਾਠ ਘਰੀ ਆਜ ਤੇਰੀ ਬਾਰੀ ਹੈ ॥ ਔਸਰ ਅਭੀਰ ਬਹੁ ਨਾਇਕ ਕੀ ਨਾਇਕਾ ਹ੍ਵੈ, ਰੂਪ ਗੁਨ ਜੋਬਨ ਸ਼ਿੰਗਾਰ ਅਧਿਕਾਰੀ ਹੈ ॥ ਚਾਤਰ ਚਤੁਰ ਪਾਠ ਸੇਵਕ ਸਹੇਲੀ ਸਾਠ. ਸੰਪਤਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ ॥ ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ, ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ ॥ ੩੪੫ ॥

ਹੇ ਭਾਈ ! ਮਨੁਖਾ ਜਨਮ ਤੈਨੂੰ ਪ੍ਰਮਾਤਮਾ ਨੇ ਬਖਸ਼ਿਆ ਹੈ ਅਤੇ ਸ਼ਾਂਤੀ ਸੁਭਾਉ ਨੂੰ ਧਾਰਨ ਕਰ ਜਿਸ ਕਰਕੇ ਗਯਾਨ ਰੂਪੀ ਚੰਦਰਮਾ ਤੈਨੂੰ ਚਾਨਣ ਕਰੇ ਅਤੇ ਵੇਖ ! ਹੁਣ ਤੈਨੂੰ ਪ੍ਰਮਾਤਮਾ ਨੇ ਅਠ ਪਹਿਰ ਦਿਨ ਰਾਤ ਦੇ ਅਤੇ ਸਠ ਘੜੀਆਂ ਦਿਤੀਆਂ ਹਨ ਸੋ ਤੇਰਾ ਅਜ ਵਾਹਿਗੁਰੂ ਨੂੰ ਮਿਲਣ ਦਾ ਵੇਲਾਹੈ। ਨਾ ਭੈਣੇ ਵੇਖ ! ਕਿਆ ਸੋਹਣਾ ਅਭੀਰ ਨਿਛਤ੍ਰ ਦਾ ਵੇਲਾ ਹੈ ਅਤੇ ਰੂਪ ਗੁਣ ਜਵਾਨੀ ਤੇਰੇ ਵਿਚ ਹੈ ਇਸ ਵੇਲੇ ਤੂੰ ਬਹੁਤੀਆਂ ਇਸਤ੍ਰੀਆਂ ਵਾਲੇ ਪਤੀ ਦਾ ਇਸਤ੍ਰੀ ਬਣ ਜਾ । ਹੇ ਜਿਆਣੀ ਭੈਣੇ ! ਵਿਦਿਆ ਦੇ ਪੜ੍ਹਨ ਵਿਚ ਤੂੰ ਸਿਆਣੀ ਹੈਂ ਕਿਆ ਪਤੀ ਦੀਆਂ ਚਿਠੀਆਂ ਵੀ ਆਪ ਵਾਚ ਲੈਂਦੀ ਏਂ ? ਅਤੇ ਬਹੁਤ ਸਾਰੀਆਂ ੬੦ ਤੇਰੀਆਂ ਸਹੇਲੀਆਂ ਹਨ ਅਤੇ ਰਾਜ ਭਾਗ ਨਾਲ ਵੀ ਤੈਨੂੰ ਪਰਮਾਤਮਾ ਨੇ ਭਾਗ ਲਾਇਆ ਹੋਇਆ ਹੈ ਅਚਲ ਸੁਖ ਵਿਚ ਵਸਦੀ ਏਂ ਅਤੇ ਸੁੰਦਰ ਰੂਪ ਵਾਲੀ ਏਂ ਹਛੇ ਹਛੇ ਮਕਾਨ ਅਤੇ ਚੰਗੇ ਲਗਨ ਵਿਚ ਤੇਰਾ ਪਤੀ ਨਾਲ ਮੇਲ ਹੋਇਆ ਹੈ ਜਿਸ ਕਰਕੇ ਤੈਨੂੰ (ਭੋਗ) ਸਾਰੇ ਪਦਾਰਥਾਂ ਦੇ ਭੋਗ (ਸੰਜੋਗ) ਮਿਲੇ ਰਹਿੰਦੇ ਹਨ ਪਰ ਹੇ ਪਜਾਰੀ ! ਤੇਰੇ ਜੀਊਂਣ ਅਤੇ ਜਨਮ ਧਾਰਨੇ ਨੂੰ ਤਦ ਹੀ ਧੰਨ ਧੰਨ ਹੋਵੇਗਾ ਜੇ ਤੂੰ ਪ੍ਰੀਤਮ ਪਤੀ ਨੂੰ ਪਜਾਰੀ ਹੋਵੇਂਗੀ।

ਕਬਿਤ—ਦਿਨਕਰ ਕਿਰਨ ਸੁਹਾਤ ਸੁਖਦਾਈ ਅੰਗ, ਰਚਤ ਸਿੰਗਾਰ ਅਭਰਨ ਸਖੀ ਆਇਕੈ ॥ ਪ੍ਰਿਥਮ ਉਬਟਨਾ ਕੈ ਸੀਸ ਮੈ ਮਲੌਨੀ ਮੇਲ, ਮਜਨ ਉਸਨ ਜਲ ਨਿਰਮਲ ਭਾਇਕੈ ॥ ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ, ਅੰਗ ਅਰਗਜਾ ਲੇਪ ਜੋਤ ਉਪਜਾਇਕੈ ॥ ਚੀਰ ਚਾਰ ਦਰਪਨ ਮਧਿ ਆਪਾ ਆਪੁ ਚੀਨ ਬੈਠਿ

ਪਰਜੰਕ ਪਰ ਧਾਵਰੀ ਨ ਧਾਇਕੈ ॥ ੩੪੬ ॥

ਗੁਰੂ ਮਹਾਰਾਜ ਜੀ ਦਾ ਉਪਦੇਸ਼ ਸੋਹਣਾ ਸੁਖਦਾਈ ਹੋ ਰਿਹਾ ਹੈ ਅਤੇ ਤੂੰ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਅਤੇ ਸਾਰੀ ਬਾਨੀ ਦਾ ਨਿਤਨੇਮ ਕਰਕੇ ਦੀਵਾਨ ਵਿਚ ਆਇਆ ਕਰ। (ਸਖੀ) ਪਹਿਲੇ ਸਰੀਰ ਤੇ ਵਟਣਾ ਮਲ ਕੇ ਸਰੀਰ ਨੂੰ ਸਾਫ ਕਰ ਅਤੇ ਸਿਰ ਵਿਚ (ਖਟੇ) ਦਹੀਂ ਆਦਿਕ ਦੀ ਮਿਲਾਵਟ ਮੇਲ ਕੇ (ਸਿਰ ਨ੍ਹਾ) ਅਤੇ ਹਛੇ ਸੁਧ ਪਾਨੀ ਕੋਸੇ ਨਾਲ ਇਸ਼ਨਾਨ ਕਰ ਅਤੇ ਈਕੁਰ ਦੀ ਬਣ। (ਸਖੀ) ਸਿਰ ਦਿਆਂ ਵਾਲਾ ਵਿਚ ਮੋਤੀਏ ਆਦਿਕ ਦੇ ਫੂਲਾਂ ਨੂੰ ਪਾ, ਅਤੇ ਅਤਰ ਫੁਲੇਲ ਦੀ ਵਾਸ਼ਨਾਂ ਮਿਲਾ, ਅਤੇ ਸਰੀਰ ਦੇ ਸਾਰੇ ਅੰਗਾਂ ਵਿਚ ਬਹੁਤੀਆਂ ਸੁਗੰਧੀਆਂ ਦਾ ਪ੍ਰਗਟ ਅਕੱਠ ਕਰਕੇ ਲੇਪ ਕਰ (ਸਖੀ) ਈਕੁਰ ਦਾ ਸ਼ਿੰਗਾਰ ਜਦ ਤੂੰ ਕਰ ਲਵੇਂ ਅਤੇ ਹਛੇ ਕਪੜੇ ਪਾ ਕੇ ਸ਼ੀਸ਼ੇ ਵਿਚ ਆਪਨਾ ਮੂੰਹ ਵੇਖ ਲਵੇਂ ਤਦ ਪਤੀ ਨਾਲ ਮੰਜੇ ਪੁਰ ਬੈਠ ਜਾਵੇਂ ਅਤੇ ਫਿਰ ਤੂੰ ਕਿਧਰੇ ਛੇਤੀ ਨਾਲ ਨਹੀਂ ਜਾ ਸਕੇਂਗੀ।

ਕਬਿਤ—ਕਕਹੀ ਦੈ ਮਾਂਗ ਉਰਝਾਏ ਸੁਰਝਾਏ ਕੇਸ, ਕੁੰਕਮ ਚੰਦਨ ਕੋ ਤਿਲਕ ਦੈ ਲਿਲਾਰ ਮੈ ॥ ਅੰਜਨ ਖੰਜਨ ਦ੍ਰਿਗ ਬੇਸਰਿ ਕਰਨ ਫੂਲ, ਬਾਰੀ ਸੀਸ ਫੂਲ ਦੈ ਤਮੋਲ ਮੁਖ ਦ੍ਵਾਰ ਮੈਂ ॥ ਕੰਠ ਸ੍ਰੀ ਕਪੋਤ ਮਰਕਤ ਐ ਮੁਕਤਾਹਲ, ਬਰਨ ਬਰਨ ਫੂਲ ਸੋਭਾ ਉਰ ਹਾਰ ਮੈਂ ॥ ਚਚਰਚਰੀ ਕੰਕਨ ਮੁੰਦ੍ਰਕਾ ਮਹਦੀ ਬਨੀ, ਅੰਗੀਆ ਅਨੂਪ ਛਬ ਪੀਠ ਕਟ ਧਾਰ ਮੈਂ ॥ ੩੪੭ ॥

ਜੀਕੁਰ ਇਸਤਰੀਆਂ ਕੰਘੀ ਨਾਲ ਫਸੇ ਹੋਏ ਵਾਲ ਮੀਢੀਆਂ ਦੇ ਖੋਹਲਦੀਆਂ ਹਨ ਅਤੇ ਚੰਦਨ ਕੇਸਰ ਦੇ ਟਿਕੇ ਮਥੇ ਤੇ ਲੌਂਦੀਆਂ ਹਨ ਈਕੁਰ ਹੀ ਗੁਰੂ ਕਾ ਸਿਖ ਬਾਨੀ ਵਿਚਾਰ ਕਰਕੇ ਮਨ ਦੀ ਮੈਲ ਨੂੰ ਦੂਰ ਕਰੇ ਅਤੇ ਮਨ ਸੰਸਾਰ ਵਿਚ ਫਸੇ ਹੋਏ ਨੂੰ ਵਾਹਿਗੁਰੂ ਵਲ ਲਾਵੇ ਅਤੇ ਨਿਮਰਤਾ ਦਾ ਟਿਕਾ ਮਥੇ ਤੇ ਕਰੇ ਕਿਆ ਪ੍ਰਸੰਨ ਬਦਨ ਰਹੇ। ਨੇਤਰਾਂ ਵਿਚ ਸੁਰਮਾ ਪਾ ਕੇ ਮਮੋਲੇ ਵਰਗੇ ਚੰਚਲ ਕਰੇ। ਨੱਕ ਵਿਚ ਨਥ ਪਾਵੇ। ਕੰਨਾਂ ਵਿਚ ਵਾਲੀਆਂ ਪਾਵੇ। ਸਿਰ ਵਿਚ ਚੌਂਕ ਫੁਲ ਪਾਵੇ। ਮੂੰਹ ਬੂਹੇ ਵਿਚ ਪਾਨ ਬੀੜੀ ਦਾ ਰੰਗ ਦੇਵੇ। ਮਨ ਬੁਧੀ ਨੇਤਰਾਂ ਵਿਚ ਗਜਾਨ (ਸੁਰਮਾ) ਅਗਲੇ ਦੀ ਗਲ ਸੁਣ ਕੇ ਗੰਭੀਰ ਰਹਿਣਾ (ਨਥ) ਨੱਕ ਵਿਚ ਮਾਨ ਦਾ ਸੂਵਨ ਕਰਨਾ ਏਹ (ਝੁਮਕੇ) ਕੰਨਾਂ ਵਿਚ ਅਤੇ ਹਰ ਇਕ ਨਾਲ ਮਿਲ ਕੇ ਪ੍ਰਸੰਨ ਰਹਿਣਾ (ਉਰ) ਗਲ ਵਿਚ ਨੀਲਿਆਂ ਮਣੀਆਂ ਦੀ ਹੌਲਦਿਲੀ ਅਤੇ ਸੁਚੇ ਮੋਤੀਆਂ ਦੀ ਮਾਲਾ ਤਰ੍ਹਾਂ ਤਰ੍ਹਾਂ ਦੇ ਫੁਲਾਂ ਦੀ ਸ਼ੋਭਾ ਦੇਣ ਵਾਲੀ ਪਾਵੇ। ਈਕੁਰ ਹੀ ਅੰਤ੍ਰੀਵ ਸਿਖ ਕਰੇ। ਆਰਸੀ ਕੰਗਣ ਮੁੰਦਰੀ ਮਹਿੰਦੀ ਚੋਲੀ ਬੜੀ ਹੱਛੀ ਬਣੀ ਹੋਵੇ ਅਤੇ ਤੜਾਗੀ ਲਕ ਵਿਚ ਪਈ ਹੋਵੇ।

ਕਬਿਤ—ਸੋਭਿਤ ਸਰਦ ਨਿਸਿ ਜਗ ਮਗ ਜੋਤਿ ਸਸਿ. ਪ੍ਰਥਮ ਸਹੇਲੀ ਕਹੈ ਪ੍ਰੇਮ ਰਸ ਚਾਖੀਐ ॥ ਪੂਰਨ ਕ੍ਰਿਪਾ ਕੈ ਤੇਰੇ ਆਇ ਹੈ ਕ੍ਰਿਪਾ ਨਿਧਾਨ, ਮਿਲੀਐ ਨਿਰੰਤਰ ਹ੍ਵੈ ਅੰਤਰ ਨ ਰਾਖੀਐ ॥ ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ, ਮਨ ਮਧਕਰ ਸੁਖ ਸੰਪਟ ਭਿਲਾਖੀਐ ॥ ਜੋਈ ਹੈ ਲਜਾਇ ਪਾਈਐ ਨ ਪੁਨ ਪਦਮ ਦੈ, ਪਲਕ ਅਮੋਲ ਪ੍ਰਿਯ ਸੰਗ ਮੁਖ ਸਾਖੀਐ ॥ ੩੪੮ ॥

ਸਰਦ ਰੁਤ ਦੀ ਰਾਤ ਸੋਂਹਦੀ ਹੈ ਚੰਦਰਮਾ ਦੀ ਜੋਤਿ ਦਾ ਪ੍ਰਕਾਸ਼ ਹੋ ਰਿਹਾ ਹੈ ਹੇ ਸਖੀ! ਪਹਿਲੇ ਪਤੀ ਦੇ (ਪ੍ਰੇਮ ਰਸ) ਅਨੰਦ ਦਾ ਸੁਆਦ ਚਖਣਾ ਚਾਹੀਦਾ ਹੈ। ਬਹੁਤ ਕਿਰਪਾ ਕਰਕੇ ਕਿਰਪਾ ਦੇ ਖਜਾਨੇ (ਵਾਹਿਗੁਰੂ) ਪਤੀ ਤੇਰੇ ਘਰ ਆਏ ਹਨ (ਨਰੰਤਰ) ਇਕ ਰਸ ਹੋਕੇ ਮਿਲੇ ਕਵੀ, ਆਪਣੇ ਅਤੇ ਪਤੀ ਵਿਚ ਫਰਕ ਨ ਰਖੇ ਜੀਕੁਰ ਭੌਰਾ ਡਬੇ ਕਮਲਾਂ ਦੀ ਵਾਸ਼ਨਾਂ ਦੇ ਸੁਆਦ ਉਤੇ ਮਸਤ ਹੋ ਕੇ ਚਾਹ ਵਾਲਾ ਹੁੰਦਾ ਹੈ ਈਕੁਰ ਤੂੰ ਵੀ ਪਤੀ ਪਰਮਾਤਮਾ ਦੇ ਚਰਨਾਂ ਦੇ ਅਨੰਦ ਉਤੇ ਮਸਤ ਹੋ ਕੇ ਇਛਾ ਕਰਕੇ ਮੈਨੂੰ ਡਬੇ ਵਾਂਕੁਰ ਸੁਖ ਦੇ। ਜੋ ਸ਼ਰਮ ਕਰੇ ਅਤੇ (ਵਾਹਿਗੁਰੂ) ਪਤੀ ਰੁਸ ਜਾਵੇ ਤਾਂ ਫਿਰ ਕਈ ਰੁਪੈ ਗਿਣ ਕੇ ਦੇਣ ਨਾਲ ਵੀ ਨਹੀਂ ਮਿਲਦਾ ਜੋ ਪਲ ਮਾਤ੍ਰ ਸਾਖੀ (ਵਾਹਿਗੁਰੂ) ਪਿਆਰੇ ਦੇ ਮੁਖ ਦਾ (ਦਰਸ਼ਨ) ਅਮੋਲਕ ਸੰਗ ਕਰਨਾ ਹੈ ਸੋ ਤਿਸ ਵਰਗਾ ਕੁਝ ਵੀ ਨਹੀਂ।

ਕਬਿਤ—ਕੰਚਨ ਅਸੁਧ ਜੈਸੇ ਭ੍ਰਮਤ ਕੁਠਾਰੀ ਬਿਖੈ, ਸੁਧ ਭਏ ਭ੍ਰਮਤ ਨ ਪਾਵਤ ਪ੍ਰਗਾਸ ਹੈ ॥ ਜੈਸੇ ਕਰ ਕੰਕਨ ਅਨੇਕ ਸੇ ਪ੍ਰਗਟ ਧੁਨਿ ਏਕੈ ਏਕ ਟੇਕ ਪੁਨ ਧੁਨਿ ਕੋ ਬਿਨਾਸ ਹੈ ॥ ਖੁਧਯਾ ਕੈ ਬਾਲਕ ਬਿਲਲਾਤ ਅਕੁਲਾਤ ਅਤਿ ਅਸਥਨ ਪਾਨ ਕਰ ਸਹਜ ਨਿਵਾਸ ਹੈ॥ ਤੈਸੇ ਮਾਯਾ ਭ੍ਰਮਤ ਚਤੁਰ ਕੁੰਟ ਧਾਵੈ ਗੁਰ ਉਪਦੇਸ ਨਿਹਚਲ ਗ੍ਰਿਹ ਪਦ ਬਾਸ ਹੈ ॥ ੩੪੯ ॥

ਜੇਹਾ ਕੁ ਖੋਟਾ ਸੋਨਾ ਕੁਠਾਲੀ ਵਿਚ ਭੌਂਦਾ ਫਿਰਦਾ ਹੈ ਅਤੇ ਜਦੋਂ ਸੁਨਿਆਰਾ ਅੱਗ ਬਾਲ ਕੇ ਸ਼ੁਧ ਕਰ ਦੇਵੇ ਓਦੋਂ ਭੌਂਦਾ ਨਹੀਂ ਜੇਹਾ ਕੁ ਜਦ ਪਹਿਲੇ ਸੋਨੇ ਦੇ ਬਹੁਤ ਕੜੇ ਆਦਿਕ ਗਹਿਣੇ ਬਣਾਏ ਜਾਂਦੇ ਹਨ ਤਦ ਪਰਤੱਛ ਹੀ ਅਨੇਕਾਂ ਵਾਜਾਂ (ਸੋਨਾ) ਦੇਂਦਾ ਹੈ ਅਤੇ ਜਦ ਓਹਨਾਂ ਇਕ ਇਕ ਗਹਿਣਿਆਂ ਨੇ ਇਕ ਸੋਨੇ ਦੀ (ਗਲ ਕੇ) ਓਟ ਲੈ ਲਈ (ਨਾਲ ਮਿਲ ਗਏ) ਤਦ ਫਿਰ ਸਾਰਿਆਂ ਗਹਿਣਿਆਂ ਦੀਆਂ ਸਾਰੀਆਂ

ਅਵਾਜਾਂ ਦੂਰ ਹੋ ਗਈਆਂ। ਜਿੱਕੁਰ ਭੁਖ ਕਰਕੇ ਬਾਲਕ ਰੋਂਦਾ ਅਤੇ ਬਹੁਤ ਕਾਹਲਾ ਪੈਂਦਾ ਹੈ ਅਤੇ ਜਦ ਮਾਂ ਦਾ ਮੰਮਾ ਚੁੰਘ ਲਵੇ ਤਾਂ ਸਹਿਜੇ ਹੀ ਮੰਜੇ ਤੇ ਸੌਂ ਜਾਂਦਾ ਹੈ। ਤੇਹਾ ਕੁ ਹੀ ਏਹ (ਜੀਵ) ਮਨ ਮਾਇਆ ਦਾ ਭਰਮਾਇਆ ਹੋਇਆ ਚਵਾਂ ਕੂੰਟਾਂ ਵਿਚ ਭੱਜਾ ਫਿਰਦਾ ਹੈ ਅਤੇ ਜਦ ਗੁਰਾਂ ਦਾ ਗੁਰ ਉਪਦੇਸ਼ ਹੋ ਜਾਵੇ ਤਾਂ ਅਡੋਲ ਘਰ ਸਰੂਪ ਦੀ ਪਦਵੀ ਨੂੰ ਪਹੁੰਚ ਕੇ ਵਸਦਾ ਹੈ।

ਕਬਿਤ—ਜੈਸੇ ਦੀਪ ਦਿਪਤ ਭਵਨ ਉਜਿਆਰੋ ਹੋਤ, ਸਕਲ ਸਮੱਗ੍ਰੀ ਗ੍ਰਿਹ ਪ੍ਰਗਟ ਦਿਖਾਤ ਹੈ॥ ਓਤ ਪੋਤ ਜੋਤ ਹੋਤ ਕਾਰਜ ਬਾਂਛਤ ਸਿਧ, ਆਨੰਦ ਬਿਨੋਦ ਸੁਖ ਸਹਜ ਬਿਹਾਤ ਹੈ॥ ਲਾਲਚ ਲੁਭਾਇ ਰਸ ਲੁਭਤ ਨਾਨਾ ਪਤੰਗ, ਬੁਝਤ ਹੀ ਅੰਧਕਾਰ ਭਏ ਅਕੁਲਾਤ ਹੈ॥ ਤੈਸੇ ਵਿਦਮਾਨ ਜਾਨੀਐ ਨ ਮਹਿਮਾ ਮਹਤ, ਅੰਤਰੀਛ ਭਏ ਪਾਛੈ ਲੋਗ ਪਛਤਾਤ ਹੈ॥੩੫੦॥

ਜੇਹਾ ਕੁ ਜਗਦੇ ਦੀਵੇ ਕਰਕੇ ਘਰ ਵਿਚ ਚਾਨਣ ਹੁੰਦਾ ਹੈ ਅਤੇ ਸਾਰੀ ਚੀਜ ਵਸਤ ਘਰ ਦੀ ਪਰਤੱਛ ਹੀ ਨਜ਼ਰ ਔਂਦੀ ਹੈ। ਦੀਵੇ ਦੇ ਜਗਦਿਆਂ ਬਹੁਤ ਅਨੰਦ ਨਾਲ ਸੁਖਦਾਈ ਤਮਾਸ਼ਿਆਂ ਵਿਚ ਸਹਿਜੇ ਹੀ ਸਮਾ ਗੁਜਰਦਾ ਹੈ। ਲਾਲਚ ਦੇ ਸਆਦ ਦੀ ਮਸਤੀ ਵਿਚ ਕਈ ਤਰ੍ਹਾਂ ਦੇ ਪਤੰਗੇ ਮਸਤ ਹੁੰਦੇ ਹਨ ਅਤੇ ਦੀਵੇ ਦ ਗੁਲ ਹੋਣ ਕਰਕੇ ਅਨ੍ਹੇਰਾ ਪੈਣ ਨਾਲ ਕਾਹਲੇ ਪੈਂਦੇ ਹਨ। ਤੇਹਾ ਕੁ ਹੀ ਗੁਰਾਂ ਦੇ ਹੁੰਦਿਆ ਗੁਰਾਂ ਦੀ ਵਡਿਆਈ ਬਹੁਤੀ ਨਾ ਜਾਨਣੀ ਅਤੇ ਜਦ ਗੁਰੂ ਅਲੋਪ ਹੋ ਜਾਵੇ ਤਾਂ ਪਿਛੋਂ ਲੋਗ ਅਫਸੋਸ ਕਰਕੇ ਪਛਤਾਉਣ।

ਕਬਿਤ—ਜੈਸੇ ਦੀਪ ਦਿਪਤ ਮਹਾਤਮੈ ਨ ਜਾਨੈ ਕੋਊ, ਬੁਝਤ ਹੀ ਅੰਧਕਾਰ ਭਟਕਤ ਰਾਤ ਹੈ॥ ਜੈਸੇ ਦ੍ਰੁਮ ਆਂਗਨ ਅੱਛਤ ਮਹਿਮਾ ਨ ਜਾਨੈ, ਕਟਤ ਹੀ ਛਾਹਿ ਬੈਠਬੇ ਕੋ ਬਿਲਲਾਤ ਹੈ॥ ਜੈਸੇ ਰਾਜ ਨੀਤ ਬਿਖੈ ਚੈਨ ਹ੍ਵੈ ਚਤਰ ਕੂੰਟ, ਛੱਤਰ ਢਾਲਾ ਚਾਲ ਭਏ ਜੱਤ੍ਰ ਕੱਤ੍ਰ ਜਾਤ ਹੈ॥ ਤੈਸੇ ਗੁਰ ਸਿਖ ਸਾਧ ਸੰਗਮ ਜੁਗਤ ਜਗ, ਅੰਤਰੀਛ ਭਏ ਪਾਛੈ ਲੋਗ ਪਛਤਾਤ ਹੈ॥੩੫੧॥

ਜੇਹਾ ਕੁ ਕੋਈ ਆਦਮੀ ਦੀਵੇ ਦੇ ਜਗਦਿਆਂ ਦੀਵੇ ਦਾ ਮਹਾਤਮ ਨਹੀਂ ਜਾਣਦਾ ਅਤੇ ਜਦ ਗੁਲ ਹੋ ਜਾਂਦਾ ਹੈ ਤਾਂ ਰਾਤ ਦੇ ਅਨ੍ਹੇਰੇ ਵਿਚ (ਭੌਂਦਾ) ਦੁਖੀ ਹੁੰਦਾ ਫਿਰਦਾ ਹੈ। ਜੇਹਾ ਕੁ ਬ੍ਰਿਛ ਵੇਹੜੇ ਵਿਚ ਹੁੰਦਿਆਂ ਕੋਈ ਕਦਰ ਨਾ ਜਾਣੇ ਅਤੇ ਜਦ ਵਢਿਆ ਜਾਵੇ ਤਦ ਛਾਵੇਂ ਬਹਿਣ ਦੇ ਸੁਖ ਨੂੰ ਯਾਦ ਕਰਕੇ ਰੋਵੇ। ਰਾਜੇ ਦੀ ਰਾਜ

ਨੀਤਿ ਕਰਕੇ ਚਵੀਂ ਪਾਸੀਂ ਸੁਖ ਹੁੰਦਾ ਹੈ ਅਤੇ ਜਦ ਰਾਜਾ ਛਤ੍ਰ ਦੀ (ਵਾਲਾ) ਰੀਤੀ ਤੋਂ (ਚਲ) ਡਿਗ ਪਵੇ ਤਾਂ ਪਰਜਾ ਵੀ ਦੁਖੀ ਹੁੰਦੀ ਹੈ । ਗੁਰ ਸਿਖਾਂ ਦੀ ਸਾਧ ਸੰਗਤ ਨਾਲ ਜਗਤ ਵਿਚ ਜੁੜਨ ਦੀ ਯੁਕਤੀ ਪਿਆਰ ਹੈ ਅਤੇ ਮਨਮੁਖ ਲੋਗ ਲੁਕੇ ਰਹਿੰਦੇ ਹਨ ਜਦ ਬੁਢੇ ਹੋ ਜਾਂਦੇ ਹਨ ਪਿਛੋਂ ਪਛਤਾਉਂਦੇ ਹਨ ।

ਕਬਿਤ–ਜਾਨੈ ਜੋ ਅਨੂਪ ਰੂਪ ਦ੍ਰਿਗਨ ਕੈ ਦੇਖੀਅਤ, ਲੋਚਨ ਅਛਤ ਅੰਧਕਾਰੇ ਨਾਹਿ ਪੇਖਈ ॥ ਜਾਨੈ ਜੋ ਸਬਦ ਰਸ ਰਸਨਾ ਬਖਾਨੀਅਤਿ, ਜਿਹਵਾ ਅਛਤ ਕਤ ਗੁੰਗ ਨ ਸਰੇਖਈ ॥ ਜੌ ਪੈ ਜਾਨੈ ਰਾਗ ਨਾਦ ਸੁਨੀਅਤ ਸ੍ਰਵਨ ਕੈ, ਸਰਵਨ ਸਹਤ ਕਿਉਂ ਬਹਰੋ ਬਿਸੇਖਈ ॥ ਨੈਨ ਜਿਹਵਾ ਸਰਵਨ ਕੋ ਨ ਕਛੂਐ ਬਸਾਇ, ਸਬਦ ਸੁਰਤ ਸੋ ਅਲੇਖ ਲੇਖਲੇਖਈ ॥ ੩੫੨ ॥

ਜੇ ਕੋਈ ਜਾਣੇ ਕਿ ਨੇਤ੍ਰਾਂ ਕਰਕੇ ਹੀ ਨਜਰ ਔਣਾ ਹੈ ਤਾਂ ਨੇਤ੍ਰਾਂ ਦੇ ਹੁੰਦਿਆਂ ਸੁੰਦਿਆਂ ਅੰਨਾਂ ਕਿਉਂ ਨਹੀਂ ਵੇਖਦਾ ? ਜੇ ਕੋਈ ਜਾਣੇ ਕਿ ਜੀਭ ਨਾਲ ਹੀ ਮਿਠਾ ਬੋਲ ਬੋਲੀਦਾ ਹੈ ਤਦ ਜੀਭ ਦੇ ਹੁੰਦਿਆਂ ਗੁੰਗਾ ਕਿਉਂ ਨਹੀਂ (ਸਰੇਖਈ) ਬਚਨ ਕਹਿ ਸਕਦਾ ? ਫਿਰ ਜੇ ਕੋਈ ਕਹੇ ਕਿ ਕੰਨਾਂ ਕਰਕੇ ਰਾਗ ਦਾ (ਨਾਦ) ਅਵਾਜ ਸੁਣਿਆਂ ਜਾਂਦਾ ਹੈ ਤਦ ਫਿਰ ਕੰਨਾਂ ਦੇ (ਸਹਤ ਨਾਲ) (ਬਸੇਖ) ਬਹੁਤ ਸਾਰਾ (ਬਹਰੋ) ਬੋਲਾ ਆਦਮੀ ਕਿਉਂ ਹੁੰਦਾ ਹੈ ? ਨੇਤ੍ਰ, ਜੀਭ, ਕੰਨਾਂ ਅਵਾਜ਼ ਸ੍ਰੋਤ੍ਰ ਦੇ ਕੁਝ (ਬਸਾਇ) ਵਸ ਨਹੀਂ ਜੋ ਕੁਝ ਉਸ (ਅਲੇਖ) ਵਾਹਿਗੁਰੂ ਨੇ(ਲੇਖਾਂ)ਕਰਮਾਂ ਵਿਚ ਲਿਖ ਦਿਤਾ ਹੈ ਤਿਸ ਦੇ ਅਨੁਸਾਰ ਹੀ ਹੁੰਦਾ ਹੈ ।

ਕਬਿਤ–ਜਨਨਿ ਜਤਨ ਕਰ ਜੁਗਵੈ ਜਠਰ ਰਾਖੈ, ਤਾਂਤੇ ਪਿੰਡ ਪੂਰਨ ਹ੍ਵੈ ਸੁਤ ਜਨਮਤ ਹੈ ॥ ਬਹੁਰੋ ਅਖਾਧਿ ਖਾਧਿ ਸੰਜਮ ਸਹਤ ਰਹੈ ਤਾਹੀ ਤੇ ਪੈ ਪੀਅਤ ਅਰੋਗਪਨ ਪਤ ਹੈ ॥ ਮਲ ਮੂਤ੍ਰ ਧਾਰ ਕੇ ਵਿਚਾਰ ਨ ਵਿਚਾਰੇ ਚਿਤ, ਕਰੈ ਪ੍ਰਤਿਪਾਲ ਬਾਲ ਤਊ ਤਨ ਗਤ ਹੈ ॥ ਤੈਸੇ ਅਰਭਕ ਰੂਪ ਸਿਖ ਹੈ ਸੰਸਾਰ ਮਧਿ ਸ੍ਰੀ ਗੁਰ ਦਿਆਲ ਕੀ ਦਯਾ ਕੈ ਸਨਗਤ ਹੈ ॥ ੩੫੩ ॥

ਮਾਂ ਪੇਟ ਰਖਣ ਦੇ ਉਦਮ ਵਿਚ ਜੁੜਕੇ (ਪੇਟ ਵਿਚ) ਪੁਤ੍ਰ ਦੀ ਰਖਿਆ ਕਰਦੀ ਹੈ ਪੂਰਾ ਸਰੀਰ ਬਣਕੇ ਪੁਤ੍ਰ ਜਨਮਦਾ ਹੈ। ਫਿਰ ਮਾੜੇ ਖਾਣੇ ਖਾਣ ਤੋਂ ਮਨ ਨੂੰ ਰੋਕੀ ਰਖਦੀ ਹੈ (ਅਤੇ ਜੋ ਚੰਗਾ ਖਾਣਾ ਖਾਂਦੀ ਹੈ) ਤਿਸ ਤੋਂ ਪੁਤ੍ਰ ਦੁਧ ਪੀਕੇ ਅਰੋਗਤਾ ਨੂੰ ਪਹੁੰਚਦਾ ਹੈ। ਪੁਤ੍ਰ ਦੀ ਮੈਲ ਮੂਤ ਧਾਰਦੀ ਹੈ ਅਤੇ ਗੰਦਗੀ ਦੇ ਵਿਚਾਰ ਨੂੰ ਚਿਤ ਵਿਚ

ਨਹੀਂ ਵਿਚਾਰਦੀ ਸਗੋਂ ਰਖਿਆ ਕਰਦੀ ਹੈ ਫਿਰ ਇਕੁਰ ਬਾਲਕ ਪੂਰੇ ਸ਼ਰੀਰ ਨੂੰ ਪਹੁੰਚਦਾ ਹੈ ਤੇਹਾਕੁ ਸੰਸਾਰ ਵਿਚ ਮਾਂ ਦੇ (ਅਰਭਕ) ਪੁਤ੍ਰ ਵਾਂਕੁਰ ਗੁਰਾਂ ਦੇ ਸਿਖ ਹਨ ਅਤੇ ਸੁਭਾਇਮਾਨ ਗੁਰ (ਦਿਆਲ) ਕਿਰਪਾ ਦੇ ਘਰ ਦੀ ਕਿਰਪਾ ਕਰਕੇ ਸਿਖ (ਸਨਗਤ) ਸਹਤ ਸਰੀਰ ਦੇ ਕਿਆ ਉਚ ਪਦਵੀ ਨੂੰ ਪਹੁੰਚਦੇ ਹਨ ।

ਕਬਿਤ—ਜੈਸੇ ਤੌ ਜਨਨਿ ਖਾਨ ਪਾਨ ਕੋ ਸੰਜਮ ਕਰੈ, ਤਾਂਤੇ ਸੁਤ ਰਹੈ ਨਿਰਵਿਘਨ ਅਰੋਗ ਜੀ ॥ ਜੈਸੇ ਰਾਜਨੀਤ ਰੀਤਿ ਚਕ੍ਰਵੈ ਚਿਤੰਨ ਰੂਪ, ਤਾਂਤੇ ਨਿਹਚਿੰਤ ਨ੍ਰਿਭੈ ਬਸਤ ਹੈਂ ਲੋਗ ਜੀ ॥ ਜੈਸੇ ਕਰੀਆ ਸਮੁੰਦ੍ਰ ਬੋਹਥ ਮੈ ਸਾਵਧਾਨ, ਤਾਂਤੇ ਪਾਰ ਪਹੁੰਚਤ ਪਥਕ ਅਸੋਗ ਜੀ ॥ ਤੈਸੇ ਗੁਰ ਪੂਰਨ ਬ੍ਰਹਮ ਗਯਾਨ ਧਯਾਨ ਲਿਵ, ਤਾਂਤੇ ਨਿਰਦੋਖ ਸਿਖ ਨਿਜ ਪਦ ਜੋਗ ਜੀ ॥ ੩੫੪ ॥

ਜਿਕੁਰ ਮਾਂ ਖਾਣ ਪੀਣ ਦਾ ਸੰਜਮ ਕਰਦੀ ਹੈ ਤਿਸ ਕਰਕੇ ਪੁਤ੍ਰ ਅਰੋਗ ਅਤੇ ਨਿਰਵਿਘਨ ਰਹਿੰਦਾ ਹੈ । ਜਿੱਕੁਰ ਕੋਈ ਚੱਕ੍ਰਵਰਤੀ ਰਾਜਾ ਤਕੜਾ ਹੋ ਕੇ ਰਾਜਨੀਤੀ ਦੀ ਰੀਤੀ ਨੂੰ ਪਾਲਦਾ ਹੈ ਤਦ ਉਸ ਦੀ ਪਰਜਾ ਚਿੰਤਾ ਡਰ ਤੋਂ ਬਿਨਾਂ ਹੋ ਕੇ ਵਸਦੀ ਹੈ । ਜਿੱਕੁਰ ਮਲਾਹ ਸਮੁੰਦਰ (ਵਿਚ) ਚਲਦੇ ਜਹਾਜ ਵਿਚ ਤਕੜਾ ਰਹੇ ਤਦ ਮੁਸਾਫਰ ਕਿਸੇ ਤਰਾਂ ਦੇ ਦੁਖਾਂ ਤੋਂ ਬਿਨਾਂ ਹੀ ਪਾਰ ਪਹੁੰਚ ਜਾਂਦੇ ਹਨ । ਤਿੱਕੁਰ ਹੀ ਆਪ ਗੁਰੂ ਜੀ (ਪੂਰਨ ਬ੍ਰਹਮ) ਫੈਲੇ ਹੋਏ ਵਾਹਿਗੁਰੂ ਦੇ ਗਯਾਨ ਧਯਾਨ ਵਿਚ ਬ੍ਰਿਤੀ ਲਾਉਣ ਨੂੰ ਤਕੜੇ ਹੋਣ ।

ਕਬਿਤ—ਜਨਨਿ ਸੁਤਹਿ ਜੋ ਧਿਕਾਰ ਮਾਰ ਪਯਾਰ ਕਰੈ, ਪਯਾਰ ਝਿਰਕਾਰ ਦੇਖ ਸ਼ਕਤਿ ਨ ਆਨ ਕੋ ॥ ਜਨਨਿ ਕੋ ਪਯਾਰ ਔ ਧਿਕਾਰ ਉਪਕਾਰ ਹੇਤ, ਆਨ ਕੋ ਧਿਕਾਰ ਪਯਾਰ ਹੈ ਵਿਕਾਰ ਪ੍ਰਾਨਕੋ ॥ ਜੈਸੇ ਜਲ ਅਗਨਿ ਮੈ ਪਰੈ ਡੂਬ ਮਰੈ ਜਰੈ, ਤੈਸੇ ਕ੍ਰਿਪਾ ਕ੍ਰੋਪ ਆਨ ਬਨਿਤਾ ਅਗਯਾਨ ਕੋ ॥ ਤੈਸੇ ਗੁਰ ਸਿਖਨ ਕੋ ਜੁਗਵਤ ਜਤਨ ਹੈ ਦੁਬਿਧਾ ਨ ਵਯਾਪੇ ਪ੍ਰੇਮ ਪਰਮ ਨਿਦਾਨ ਕੋ ॥ ੩੫੫ ॥

ਮਾਂ ਜੋ ਪੁਤ ਨੂੰ ਝਿੜਕ ਕੇ ਮਾਰਦੀ ਹੈ ਤੇ ਪਿਆਰ ਵੀ ਕਰਦੀ ਹੈ । ਪਰ (ਆਨ) ਹੋਰ ਕਿਸੇ ਦੇ ਪਿਆਰ ਦੇ ਝਿੜਕਣੇ ਨੂੰ ਵੀ ਨਹੀਂ ਦੇਖ ਸਕਦੀ । ਮਾਂ ਦਾ ਪਿਆਰ ਅਤੇ ਝਿੜਕਨਾ ਸਿਖਿਆਦਾ ਸਬਬ ਹੈ ਅਤੇ (ਆਨ) ਹੋਰ ਕਿਸੇ ਦਾ ਪਿਆਰ ਨਾਲ ਵੀ ਝਿੜਕਨਾ ਬਚੇ ਦੇ ਪ੍ਰਾਣ ਦਾ ਖੌ (ਦੁਖਦਾਈ) ਹੈ । ਜਿਕੁਰ ਪਾਣੀ ਪਾਣੀ ਵਿਚ ਪੈਂਦਾ ਹੈ ਤਾਂ ਪੈਂਦਿਆ ਹੀ ਮਰ ਜਾਂਦਾ (ਮਿਲ ਜਾਂਦਾ) ਹੈ ਅਤੇ ਜੋ ਅਗ ਵਿਚ ਪਵੇ ਤਾਂ

ਸੜਦਾ ਹੈ ਤਿਕੁਰ ਹੀ ਮਾਂ ਦਾ ਕ੍ਰੋਪ (ਕ੍ਰੋਧ) ਕਿਰਪਾ ਦਾ ਕਾਰਨ ਹੈ ਅਤੇ ਆਨ ਹੋਰ ਬਨਿਤਾ ਇਸਤ੍ਰੀ ਦਾ ਗੁਸਾ ਅਗਜਾਨਤਾਈ ਦਾ ਕਾਰਨ ਹੈ । ਤਿੱਕੁਰ ਹੀ ਗੁਰਸਿਖਾਂ ਨੂੰ (ਵਾਹਿਗੁਰੂ) ਪ੍ਰੇਮ ਦੇ ਹਛੇ ਖਜ ਨੇ ਵਿਚ ਜਤਨ ਕਰਕੇ (ਜੁਗਵਤ) ਜੋੜ (ਲਾ) ਦੇਂਦੇ ਹਨ ਅਤੇ ਦ੍ਵੈਸ਼ ਦੁਖ ਆਦਿਕ ਨਹੀਂ ਪੋਹ ਸਕਦੇ ।

ਕਬਿਤ—ਜੈਸੇ ਕਰ ਗਹਤ ਸਰਪ ਸੁਤ ਪੇਖ ਮਾਤਾ, ਕਹੈ ਨ ਪੁਕਾਰ ਫੁਸਲਾਇ ਉਰ ਮੰਡ ਹੈ ॥ ਜੈਸੇ ਵੈਦ ਰੋਗੀ ਪ੍ਰਤਿ ਕਹੈ ਨ ਬਿਥਾਰ ਬ੍ਰਿਥਾ, ਸੰਜਮ ਕੈ ਔਖਦ ਖਵਾਇ ਰੋਗ ਡੰਡ ਹੈ ॥ ਜੈਸੇ ਭੂਲ ਚੂਕ ਚਟੀਆ ਕੀ ਨਾ ਵੀਚਾਰੇ ਪਾਧਾ, ਕਹਿ ਕਹਿ ਸਿਖਯਾ ਮੂਰਖੱਤਿ ਮੱਤਿ ਖੰਡ ਹੈ ॥ ਤੈਸੇ ਪੇਖ ਔਗਨ ਕਹੈ ਨ ਸਤਿਗੁਰ ਕਾਹੂ, ਪੂਰਨ ਬਿਬੇਕ ਸਮਝਾਵਤ ਪ੍ਰਚੰਡ ਹੈ ॥ ੩੫੬ ॥

ਮਾਂ ਪੁਤਰ ਨੂੰ ਹਥ ਨਾਲ ਸਪ ਫੜਦਿਆਂ ਵੇਖ ਕੇ ਕਿਸੇ ਨੂੰ ਉਚੀ ਨਾਲ ਨਹੀਂ ਆਖਦੀ ਜਿਕੁਰ ਹਕੀਮ ਬੀਮਾਰ ਤਾਈਂ ਖੋਲ੍ਹ ਕੇ ਪੀੜਾ ਨਹੀਂ ਦਸਦਾ ਪਰ ਨਿਯਮਾਂ ਅਨੁਸਾਰ ਦਵਾਈ ਖਵਾ ਕੇ ਰੋਗ ਨੂੰ ਨਾਸ ਕਰਦਾ ਹੈ । ਜਿਕੁਰ ਪਾਂਧਾ ਮੁੰਡਿਆਂ ਦੀ ਭੁਲ ਨੂੰ ਨਹੀਂ ਵਿਚਾਰਦਾ ਅਤੇ ਸਿਖਿਆ ਦੇ ਦੇ ਕੇ ਮੂਰਖਤਾਈ ਵਾਲੀ ਅਕਲ ਦੂਰ ਕਰਦਾ ਹੈ । ਤਿੱਕੁਰ ਹੀ ਮਹਾਰਾਜ ਸਿਖਾਂ ਦੇ ਔਗੁਣ (ਪੇਖ) ਵੇਖ ਕੇ ਕਿਸੇ ਨੂੰ ਨਹੀਂ ਆਖਦੇ ਅਤੇ ਪੂਰੇ ਪੂਰੇ ਵਿਚਾਰ ਨਾਲ ਸਮਝਾ ਕੇ (ਤਿਖੇ ਤਜਾਰ ਬਰ ਤਜਾਰ) ਕਰ ਦੇਂਦੇ ਹਨ ।

ਕਬਿਤ—ਜੈਸੇ ਮਿਸਟਾਨ ਪਾਨ ਪੋਖਿ ਤੋਖਿ ਬਾਲਕਹਿ. ਅਸਥਨ ਪਾਨ ਬਾਨ ਜਨਨਿ ਮਿਟਾਵਈ ॥ ਮਿਸਰਿ ਮਿਲਾਇ ਜੈਸੇ ਔਖਧਿ ਖਵਾਇ ਵੈਦ, ਮੀਠੋ ਕਰ ਖਾਤ ਰੋਗੀ ਰੋਗਹਿ ਘਟਾਵਈ ॥ ਜੈਸੇ ਜਲ ਸੀਚਿ ਸੀਚਿ ਧਾਨਹਿ ਕ੍ਰਿਸਾਨ ਪਾਲੇ, ਭਏ ਪਰਪੱਕ ਕਟ ਘਰ ਮੈ ਲਿਆਵਈ ॥ ਤੈਸੇ ਗੁਰ ਕਾਮਨਾ ਪੁਜਾਇ ਨਿਹਕਾਮ ਕਰ, ਨਿਜ ਪਦ ਨਾਮੁ ਧਾਮੁ ਬਿਖੈ ਪਹੁਚਾਵਈ ॥ ੩੫੭ ॥

ਜਿਕੁਰ ਮਾਂ ਪੁਤ ਨੂੰ ਮਿਠਾ ਖਾਣਾ ਖਵਾ ਪਿਆ ਕੇ ਪਾਲਦੀ ਅਤੇ ਪ੍ਰਸੰਨ ਕਰਦੀ ਹੈ ਅਤੇ ਮੰਮਾ ਚੁੰਘਣ ਦੀ ਬੁਰੀ ਆਦਤ ਹਟਾ ਦਿੰਦੀ ਹੈ । ਜਿਕੁਰ ਕੌੜੀ ਦਵਾਈ ਵਿਚ ਮਿਸ਼ਰੀ ਰਲਾ ਕੇ ਹਕੀਮ ਰੋਗੀ ਨੂੰ ਖੁਵੌਂਦਾ ਹੈ ਅਤੇ ਬਿਮਾਰ ਦਵਾ ਨੂੰ ਮਿਠਾ ਕਰਕੇ ਖਾਂਦਾ ਹੈ ਅਤੇ ਰੋਗ ਨੂੰ ਦੂਰ ਕਰ ਲੈਂਦਾ ਹੈ । ਜਿਕੁਰ (ਕ੍ਰਿਸਾਨ) ਜਟ ਛੱਟੇ ਨਾਲ ਪਾਣੀ ਨੂੰ ਸਿੰਜ ਸਿੰਜ ਕੇ ਧਾਣਾਂ ਦੇ ਖੇਤ ਨੂੰ ਪਾਲਦਾ ਹੈ ਅਤੇ ਜਦ ਪਕ ਜਾਣ ਤਾਂ ਵਢ

ਕੇ ਘਰ ਲਿਆਉਂਦਾ ਹੈ। ਤਿੱਕੁਰ ਹੀ ਗੁਰੂ ਸਿਖ ਦੀਆਂ ਸਾਰੀਆਂ ਇਛਾਂ ਪੂਰੀਆਂ ਕਰਕੇ ਨਿਸਕਾਮ ਕਰਦੇ ਹਨ ਅਤੇ ਅਪਣੇ ਮੁਰਾਤਬੇ ਨਾਮ ਦੇ ਘਰ ਨੂੰ ਪਹੁੰਚਾ ਦੇਂਦੇ ਹਨ।

ਕਬਿਤ—ਗਯਾਨ ਧਯਾਨ ਪ੍ਰਾਨ ਸੁਤ ਰਾਖਤ ਜਨਨਿ ਪ੍ਰਤਿ, ਔਗਨ ਗੁਨ ਪੇਖ ਮਾਤਾ ਚਿਤ ਮੈ ਨ ਚੇਤ ਹੈ॥ ਜੈਸੇ ਭਰਤਾਰ ਭਾਰ ਨਾਰਿ ਉਰਹਾਰ ਮਾਨੇ, ਤਾਂਤੇ ਲਾਲੁ ਲਾਲਣਾ ਕੋ ਮਾਨੁ ਮਨ ਲੇਤ ਹੈ॥ ਜੈਸੇ ਚਟੀਆ ਸਭੀਤ ਸਕੁਚਤ ਪਾਧਾ ਪੇਖ, ਤਾਂਤੇ ਭੂਲ ਚੂਕ ਪਾਂਧਾ ਛਡਤ ਨ ਹੇਤ ਹੈ॥ਮਨ ਬਚ ਕ੍ਰਮ ਗੁਰ ਚਰਨ ਸਰਨ ਸਿਖ, ਤਾਂਤੇ ਸਤਿਗੁਰ ਜਮ ਦੂਤਹਿ ਨ ਦੇਤ ਹੈ॥ ੩੫੮॥

ਜੇਹੜੇ ਪੁਤ ਮਾਂ ਨੂੰ ਪ੍ਰਾਣਾਂ (ਪ੍ਰਤਿ) ਵਰਗੀ ਪਿਆਰੀ ਵੇਖ ਸਮਝ ਕੇ ਰਖਦਾ ਹੈ ਤਿਸ ਦੇ ਮਾਂ ਗੁਨ ਔਗੁਨ ਵੇਖ ਕੇ ਚਿਤ ਵਿਚ ਨਹੀਂ ਯਾਦ ਰਖਦੀ। ਜਿਕੁਰ ਇਸਤ੍ਰੀ ਪਤੀ ਨੂੰ ਬਹੁਤ ਹੀ ਹਿਰਦੇ ਦਾ ਹਾਰ ਸਮਝਦੀ ਹੈ ਤੇ ਪਤੀ ਇਸਤ੍ਰੀ ਦਾ ਆਦਰ ਕਰਦਾ ਹੈ। ਜਿਕੁਰ ਮੁੰਡੇ ਪਾਂਧੇ ਨੂੰ ਵੇਖ ਕੇ ਡਰਦੇ ਮੂੰਗੜ ਜਾਂਦੇ ਹਨ(ਜੇਹੜੀ ਭੁਲ ਹੋਈ ਹੁੰਦੀ ਹੈ) ਇਸ ਤੋਂ ਪਾਂਧਾ ਬਾਲਕਾਂ ਨਾਲ ਪਿਆਰ ਨਹੀਂ ਛਡਦਾ। ਤਿਕੁਰ ਹੀ ਮਨ (ਬਚ)ਬਾਣੀ (ਕ੍ਰਮ) ਸਰੀਰ ਕਰਕੇ ਜੇਹੜੇ ਸਿਖ ਗੁਰਾਂ ਦੀ ਚਰਨ ਸ਼ਰਨ ਔਂਦੇ ਹਨ ਤਿਸ ਕਰਕੇ ਗੁਰੂ ਜੀ ਆਪਣੇ ਸਿਖਾਂ ਨੂੰ ਧਰਮ ਰਾਜਾ ਦੇ ਦੂਤਾਂ ਦੇ ਨਹੀਂ (ਵਸ ਪੌਣ) ਦਿੰਦੇ।

ਕਬਿਤ—ਕੋਟਨਿ ਕੋਟਾਨ ਕਾਮ ਕਟਕ ਹ੍ਵੈ ਕਾਮਾਰਥੀ, ਕੋਟਨਿ ਕੋਟਾਨਿ ਕ੍ਰੋਧ ਕ੍ਰੋਧੀ ਵੰਤ ਆਹਿ ਜੀ॥ ਕੋਟਿਨ ਕੋਟਾਨ ਲੋਭ ਲੋਭੀ ਹ੍ਵੈ ਲਾਲਚ ਕਰੇ, ਕੋਟਨ ਕੋਟਾਨ ਮੋਹ ਮੋਹਿ ਅਵਗਾਹਿ ਜੀ॥ ਕੋਟਨਿ ਕੋਟਾਨਿ ਅਹੰਕਾਰ ਅਹੰਕਾਰੀ ਹੋਇ, ਰੂਪ ਰਿਪ ਸੰਪੇ ਸੁਖ ਬਲ ਛਲ ਚਾਹਿ ਜੀ॥ ਸਤਿਗੁਰ ਸਿਖਨ ਕੇ ਰੋਮਹਿ ਨ ਚਾਂਪ ਸਕੇ, ਜਾਮੈ ਗੁਰ ਗਯਾਨ ਧਯਾਨ ਸ਼ਸਤ੍ਰ ਸਨਾਹਿ ਜੀ॥ ੩੫੯॥

ਕਰੋੜਾਂ ਹੀ ਕਾਮ ਅਤੇ ਕਰੋੜਾਂ ਹੀ ਕਾਮ ਦੇ ਮਤਲਬ ਵਾਲਿਆਂ ਦੀ ਸੈਨਾਂ (ਚਤਰੰਗਨੀ) ਕੱਠੀ ਹੋਵੇ ਅਤੇ ਕਰੋੜਾਂ ਕ੍ਰੋਧ ਅਤੇ ਕਰੋੜਾਂ ਹੀ ਗੁਸੇ ਵਾਲੇ (ਆਹਿ) ਹੋਣ ਭਾਵੇਂ ਕਰੋੜਾਂ ਹੀ ਲੋਭ ਅਤੇ ਕਰੋੜਾਂ ਹੀ ਲੋਭੀ ਲੋਭ ਦੇਣਾ ਭਾਵੇਂ ਕਰਨ ਅਤੇ ਕਰੋੜਾਂ ਹੀ ਮੋਹ ਕਰੋੜਾਂ ਤਰਾਂ ਦੇ ਫਰੇਬ ਕਰਕੇ ਮੋਹਣੇ ਨੂੰ ਵਿਚਾਰਨ ਭਾਵੇਂ ਕਰੋੜਾਂ ਹੰਕਾਰ ਅਤੇ ਕਰੋੜਾਂ ਹੰਕਾਰੀ (ਭਾਵੇਂ) ਕਠੇ ਹੋਣ ਅਤੇ (ਰੂਪ ਰਿਪ, ਇਸਤਰੀ ਪਦਾਰਥ ਸੁਖ ਜੋਰ ਵਾਲੇ ਛਲੀਏ ਇਛਾ (ਭਾਵੇਂ ਹੋਣ)। ਵਿਸ਼ੇ ਗੁਰੂ ਕੇ ਸਿਖਾਂ ਦੇ ਵਾਲ ਨੂੰ ਭੀ ਨਹੀਂ

ਦਬਾ ਸਕਦੇ ਪਰ ਹਰ ਇਕ ਨੂੰ ਨਹੀਂ ਕਿ–ਜਿਨ੍ਹਾਂ ਸਿਖਾਂ ਨੇ ਗੁਰਾਂ ਦੇ ਗਜਾਨ ਦਾ ਹਥਿਆਰ ਅਤੇ ਧਜਾਨ ਦੀ ਸੰਜੋਜ ਪਹਿਰੀ ਹੋਈ ਹੈ।

ਕਬਿਤ–ਜੈਸੇ ਤੌ ਸੁਮੇਰ ਊਚ ਅਚਲ ਅਗਮ ਅਤਿ, ਪਾਵਕ ਪਵਨ ਜਲ ਬਜਾਪ ਨ ਸਕਤ ਹੈ॥ ਪਾਵਕ ਪ੍ਰਗਾਸ ਤਾਸ ਚੌਗਨੀ ਚੜ੍ਹਤ ਬਾਨੀ, ਪੌਨ ਗੌਨ ਧੂਰ ਦੂਰ ਹੋਇ ਚਮਕਤ ਹੈ॥ ਸੰਗਮ ਸਲਲਿ ਮਲ ਧੋਇ ਨਿਰਮਲ ਕਰੈ, ਹਰੈ ਦੁਖ ਦੇਖ ਸੁਨ ਸੁਜਸ ਬਕਤ ਹੈ॥ ਤੈਸੇ ਗੁਰ ਸਿਖ ਜੋਗੀ ਤ੍ਰਿਗੁਣ ਅਤੀਤ ਚੀਤ, ਸ੍ਰੀ ਗੁਰ ਸਬਦ ਰਸ ਅੰਮ੍ਰਿਤ ਛਕਤ ਹੈ॥ ੩੯੦॥

ਜਿਕੁਰ ਸੋਨੇ ਦਾ ਪਹਾੜ ਉਚਾ ਅਡੋਲ ਅਤੇ ਅਤਿਜੈਤ ਹੀ ਅਗਮ ਜਿਥੇ ਕੋਈ ਨ ਪਹੁੰਚ ਸਕੇ ਹੈ ਇਸ ਲਈ ਤਿਸਨੂੰ ਅੱਗ ਪੌਣ ਪਾਣੀ ਛੋਹ ਹਿਲਾ ਜੁਲਾ ਨਹੀਂ ਸਕਦੇ। ਅੱਗ ਦੇ ਬਲਣ ਨਾਲ ਤਿਸ ਪਰਬਤ ਨੂੰ ਚੌਣਾ ਰੰਗ ਚੜ੍ਹਦਾ ਲਾਲ ਹੁੰਦਾ ਹੈ ਅਤੇ ਵਾ ਦੇ ਚਲਣ ਨਾਲ ਘੱਟਾ ਦੂਰ ਹੋਕੇ ਲਿਸ਼ਕਦਾ ਹੈ ਪਾਣੀ ਸੁਮੇਰ ਪਰਬਤ ਨਾਲ ਲਗਕੇ ਮੈਲ ਧੋਕੇ ਨਿਰਮਲ ਕਰਦਾ ਹੈ ਅਤੇ ਜੋਹੜਾ ਸੋਨੇ ਨੂੰ ਵੇਖਦਾ ਹੈ ਉਸਦੇ ਸੋਨਾ ਦੁਖ ਦੂਰ ਕਰਦਾ ਹੈ ਅਤੇ ਜੋਹੜਾ ਸੁਣਦਾ ਹੈ ਉਹ ਜਸ ਉਚਾਰਦਾ ਹੈ। ਤਿੱਕੁਰ ਹੀ ਗੁਰੂ ਕੇ ਸਿਖ ਜੋ ਯੋਗੀ ਸੰਤ ਤਿਨਾਂ ਗੁਣਾਂ ਤੋਂ ਰਹਤ ਚਿਤ ਕਰਕੇ ਹਨ ਸੋ ਸੁਭਾਇਮਾਨ ਗੁਣਾਂ ਦੇ ਸ਼ਬਦ ਦਾ ਸੁਆਦ ਅੰਮ੍ਰਿਤ ਨਾਲੋਂ ਵਧੀਕ ਸ੍ਵਾਦੀ ਜਾਣਕੇ ਛਕਦੇ ਵਿਕਾਰਾਂ ਨੂੰ ਦੂਰ ਕਰਦੇ ਹਨ।

ਕਬਿਤ–ਜੈਸੇ ਸੁਕਦੇਵ ਕੇ ਜਨਮ ਸਮੈ ਜਾਕੋ ਜਾਕੋ, ਜਨਮ ਭਯੋ ਤੇ ਸਕਲ ਸਿੱਧ ਜਾਨੀਐ॥ ਸ੍ਵਾਂਤਿ ਬੂੰਦ ਜੋਈ ਜੋਈ ਪਰਤ ਸਮੁੰਦ੍ਰ ਬਿਖੇ, ਸੀਪ ਕੇ ਸੰਜੋਗ ਮੁਕਤਾਹਲ ਬਖਾਨੀਐ॥ ਬਾਵਨ ਸੁਗੰਧ ਸਨਬੰਧ ਪੌਨ ਗੌਨ ਕਰੇ ਲਾਗੈ ਜਾਹੀ ਜਾਹੀ ਦ੍ਰੁਮ ਚੰਦਨ ਸਮਾਨੀਐ॥ ਗੁਰ ਸਿਖ ਸੰਗ ਜੋ ਜੋ ਜਾਗਤ ਅੰਮ੍ਰਿਤ ਜੋਗ ਸਬਦ ਪ੍ਰਸਾਦਿ ਮੋਖਪਦ ਪਰਵਾਨੀਐ॥ ੩੯੧॥

ਸੁਕਦੇਵ ਦੇ ਜੰਮਣ ਵੇਲੇ ਜਿਸ ਜਿਸਦਾ ਜਨਮ ਹੋਇਆ ਹੈ ਓਹ ਸਾਰੇ ਸਿਧ ਹੋ ਗਏ। ਸ੍ਵਾਂਤੀ ਨਿਛਤ੍ਰ ਵਿਚ ਮੀਂਹ ਦੀਆਂ ਜੋ ਜੋ ਕਣੀਆਂ ਸਮੁੰਦਰ ਵਿਚ ਪੈਂਦੀਆਂ ਹਨ ਓਹ ਸਿਪੀ ਦੀ ਸੰਗਤ ਕਰਕੇ ਮੋਤੀ ਹੁੰਦੀਆਂ ਹਨ। ਚੰਦਨ ਦੀ ਸੁਗੰਧੀ ਨਾਲ ਜੋਹੜੀ ਹਵਾ ਮਿਲਕੇ ਚਲਦੀ ਹੈ ਓਹ ਜਿਸ ਜਿਸ ਬੂਟੇ ਨੂੰ ਲਗਦੀ ਹੈ ਓਹ ਓਹ ਚੰਦਨ ਦੇ ਬਰਾਬਰ ਹੁੰਦਾ ਜਾਂਦਾ ਹੈਗੁਰ ਸਿਖਾਂ ਦੀ ਸੰਗਤ ਵਿਚ ਜੋ ਜੋ ਜਾਗਦਾ ਹੈ ਓਹ ਗੁਰਾਂ ਦੇ ਸ਼ਬਦ ਰੂਪ ਭੋਜਨ ਨੂੰ ਅੰਮ੍ਰਿਤ ਕਰਦਾ ਅਤੇ ਉਚੇ ਮਰਤਬੇ ਦੇ ਲਾਇਕ ਹੁੰਦਾ ਹੈ।

ਤੀਰਥ ਯਾਤ੍ਰਾ ਸਮੈ ਨ ਏਕ ਸੈ ਆਵਤ ਸਭੈ, ਕਾਹੂ ਸਾਧੂ ਪਾਛੈ ਪਾਪ ਸਭਨ ਕੇ ਜਾਤ ਹੈ ॥ ਜੈਸੇ ਨ੍ਰਿਪ ਸੈਨਾ ਸਮਸਰ ਨ ਸਕਲ ਹੋਤ, ਏਕ ਏਕ ਪਾਛੈ ਕਈ ਕੋਟ ਪਰੈ ਖਾਤ ਹੈ ॥ ਜੈਸੇ ਤੌ ਸਮੁੰਦ੍ਰ ਜਲ ਬਿਮਲ ਬੋਹਿਥ ਬਸੇ, ਏਕ ਏਕ ਪੈ ਅਨੇਕ ਪਾਰ ਪਹੁਚਾਤ ਹੈ। ਤੈਸੇ ਗੁਰ ਸਿਖ ਸਾਖਾ ਅਨਿਕ ਸੰਸਾਰ ਦ੍ਵਾਰ, ਸਨਮੁਖ ਓਟ ਗਹੇ ਕੋਟ ਬਿਆਸਾਤ ਹੈ ॥ ੩੬੨ ॥

ਤੀਰਥ ਦੀ ਯਾਤਰਾ ਵੇਲੇ ਸਾਰੇ ਆਦਮੀ ਇਕੋ ਜਿਹੇ ਨਹੀਂ ਆਉਂਦੇ ਕੋਈ ਇਕ ਮਹਾਤਮਾ ਅਜੇਹਾ ਆਉਂਦਾ ਹੈ ਜਿਸ ਕਰਕੇ ਸਾਰਿਆਂ ਪਾਪੀਆਂ ਦੇ ਪਾਪ ਦੂਰ ਹੋ ਜਾਂਦੇ ਹਨ। ਰਾਜੇ ਦੀ ਫੌਜ ਸਾਰੀ ਇਕੋ ਜਹੀ ਨਹੀਂ ਹੁੰਦੀ ਇਕ ਇਕ ਦੀ ਬਹਾਦਰੀ ਕੀਤੀ ਦੇ ਪਰਤਾਪ ਨਾਲ ਕਈ ਕਰੋੜਾਂ ਬੈਠੇ ਖਾਂਦੇ ਹਨ। ਸਮੁੰਦਰ ਦੇ ਨਿਰਮਲ ਪਾਣੀ ਵਿਚ ਇਕ ਕੀ ! ਅਨੇਕਾਂਹੀ ਜਹਾਜ ਖੜੋਤੇ ਹੁੰਦੇ ਹਨ ਪਰ ਪਾਰ ਕਰਨ ਵਾਲਾ ਇਕੋ ਹੀ ਹੁੰਦਾ ਹੈ। ਸੰਸਾਰ ਦੇ ਬੂਹੇ ਵਿਚ ਗੁਰ ਸਿਖਾਂ ਦੀਆਂ ਅਨੇਕ ਸ਼ਾਖਾਂ ਹਨ, ਪਰ ਸਾਹਮਣੇ ਹੋਕੇ ਗ੍ਰਹਿਸਤ ਦਾ ਆਸਰਾ ਧਰਕੇ ਕਰੋੜਾਂ ਵਿਚੋਂ ਕੋਈ ਵਿਰਲਾ ਹੀ (ਵਰਸੌਂਦਾ) ਜਗਤ ਨੂੰ ਪ੍ਰਸੰਨ ਕਰਦਾ ਹੈ।

ਕਬਿਤ—ਭਾਂਜਨ ਕੈ ਜੈਸੇ ਕੋਊ ਦੀਪਕ ਦੁਰਾਇ ਰਾਖੈ, ਮੰਦਰ ਮੈ ਅਛਤ ਹੀ ਦੂਸਰੋ ਨ ਜਾਨਈ ॥ ਜੋ ਪੈ ਰਖਵੱਯਾ ਪੁਨ ਪ੍ਰਗਟ ਪ੍ਰਗਾਸ ਕਰੈ, ਹਰੈ ਤਮ ਤਿਮਰ ਉਦੋਤ ਦੋਤਿ ਠਾਨਈ ॥ ਸਕਲ ਸਮਗ੍ਰੀ ਗ੍ਰਿਹ ਪੇਖੀਐ ਪਰਤੱਛ ਰੂਪ, ਦੀਪਕ ਦਿਪੱਯਾ ਤਤ ਖਿਨ ਪਹਿਚਾਨਈ॥ ਤੈਸੇ ਅਵਘਟ ਘਟ ਗੁਪਤ ਜੋਤੀ ਸਰੂਪ, ਗੁਰਉਪਦੇਸ ਉਨਮਾਨੀ ਉਨਮਾਨਈ ॥ ੩੬੩ ॥

ਕੋਈ ਦੀਵੇ ਨੂੰ ਭਾਂਡੇ ਵਿਚ ਛੁਪਾ ਰਖੇ ਤੇ ਤਿਸ ਦੀਵੇ ਨੂੰ ਘਰ ਵਿਚ ਹੁੰਦਿਆਂ ਹੀ ਦੂਜਾ ਕੋਈ ਨਹੀਂ ਜਾਣ ਸਕਦਾ । ਅਤੇ ਨਾ ਹੀ ਦੀਵੇ ਬਿਨਾਂ ਕੁਝ ਲਭ ਸਕਦਾ ਹੈ। ਫਿਰ ਦੀਵੇ ਨੂੰ ਲੁਕੌਣ ਵਾਲਾ ਬਾਹਰ ਕਢ ਕੇ ਚਾਨਣ ਕਰੇ ਤਾਂ ਦੀਵਾ ਬਹੁਤੇ ਅਨ੍ਹੇਰੇ ਨੂੰ ਦੂਰ ਕਰਕੇ ਆਪਣੇ ਚਾਨਣ ਦੀ ਜੋਤ ਨੂੰ ਪ੍ਰਕਾਸ਼ ਰਖਦਾ ਹੈ। ਸਾਰੀ ਚੀਜ਼ ਵਸਤ ਘਰ ਵਿਚ ਅਗੇ ਪਈ ਵੇਖੀਦੀ ਹੈ ਅਤੇ ਦੀਵੇ ਨੂੰ ਜਗਾਉਣ ਵਾਲਾ ਛੇਤੀ ਨਾਲ ਜਾਨ ਲੈਂਦਾ ਹੈ ਔਖੇ ਰਸਤੇ ਹਿਰਦੇ ਵਿਚ ਵਾਹਿਗੁਰੂ ਛੁਪਿਆ ਹੋਇਆ ਹੈ ਅਤੇ ਉਸ ਜੋਤੀ ਸਰੂਪ ਨੂੰ ਗੁਰ ਉਪਦੇਸ਼ ਦੇ ਵਿਚਾਰਨ ਵਾਲਾ ਲਭ ਲੈਂਦਾ ਹੈ।

ਕਬਿਤ—ਜੈਸੇ ਬ੍ਰਿਥਾਵੰਤ ਜੰਤ ਔਖਦਿ ਹਿਤਾਇ ਰਿਦੈ, ਬ੍ਰਿਥਾ ਬਲ ਬਿਮੁਖ ਹ੍ਵੈ ਸਹਜ ਨਿਵਾਸ ਹੈ ॥ ਜੈਸੇ ਆਨ ਧਾਤ ਮੈ ਤਨਕ ਹੀ ਕਲੰਕ ਡਾਰੇ, ਅਨਿਕ ਬਰਨ ਮੇਟ ਕਨਿਕ ਪ੍ਰਗਾਸ ਹੈ ॥ ਜੈਸੇ ਕੋਟ ਭਾਰ ਕਰ ਕਾਸਟ ਇਕੱਤ੍ਰਤਾ ਮੈ, ਰੰਚਕ ਹੀ ਆਂਚ ਦੇਤ ਭਸਮ ਉਦਾਸ ਹੈ ॥ ਗੁਰ ਉਪਦੇਸ ਉਰ ਅੰਤਰ ਪ੍ਰਵੇਸ ਭਏ, ਜਨਮ ਮਰਨ ਦੁਖ ਦੋਖਨ ਬਿਨਾਸ ਹੈ ॥ ੩੬੪ ॥

ਪੀੜਾ ਵਾਲਾ ਆਦਮੀ ਹਿਰਦੇ ਕਰਕੇ ਦਵਾਈ ਵਿਚ ਪ੍ਰੇਮ ਕਰਦਾ ਹੈ ਤਾਂ ਉਸਦੀ ਪੀੜਾ ਦਾ ਜੋਰ (ਬਿਮੁਖ) ਹਟ ਜਾਂਦਾ ਹੈ ਅਤੇ ਸੁਖ ਵਿਚ ਸਰੀਰ ਉਸ ਦਾ ਟਿਕ ਜਾਂਦਾ ਹੈ। ਹੋਰ ਧਾਤੂਆਂ ਵਿਚ ਥੋੜੀ ਜੇਹੀ ਬੂਟੀ ਸੁਟ ਦਈਏ ਤਾਂ ਉਹ ਧਾਤੂਆਂ ਅਨੇਕਾਂ ਰੰਗਾਂ ਨੂੰ ਦੂਰ ਕਰਕੇ ਇਕ ਸੋਨੇ ਦਾ ਪ੍ਰਕਾਸ਼ ਕਰਦੀਆਂ ਹਨ । ਕਰੋੜਾਂ ਮਣ ਲੱਕੜ ਕਠੀ ਕਰਕੇ ਅਤੇ ਥੋੜੀ ਜੇਹੀ ਅਗ ਲਾ ਦਈਏ ਤਾਂ ਉਹ ਲਕੜੀਆਂ ਸੁਆਹ ਹੋ ਕੇ ਉਦਾਸ ਜਿਹੀਆਂ ਜਾਪਦੀਆਂ ਹਨ। ਗੁਰਾਂ ਦਾ ਉਪਦੇਸ਼ ਹਿਰਦੇ ਵਿਚ ਲਗਣ, ਧਾਰਨ ਨਾਲ ਜਨਮ ਮਰਨ ਦਾ ਦੁਖ ਅਤੇ ਦੂਸ਼ਣ ਨਾਸ ਹੋ ਜਾਂਦੇ ਹਨ।

ਕਬਿਤ—ਜੈਸੇ ਅਨੀ ਬਾਨ ਕੀ ਰਹਤ ਟੂਟ ਦੇਹੀ ਬਿਖੈ, ਚੁੰਬਕ ਦਿਖਾਇ ਤਤਕਾਲ ਨਿਕਸਤ ਹੈ ॥ ਜੈਸੇ ਜੋਕ ਤੋਂਬਰੀ ਲਗਾਈਅਤ ਰੋਗੀ ਤਨ, ਐਂਚ ਲੇਤ ਰੁਧਿਰ ਬ੍ਰਿਥਾ ਸ੍ਰਮ ਖਸਤ ਹੈ ॥ ਜੈਸੇ ਜੁਵ ਨਿਤ ਪ੍ਰਤਿ ਮਰਦਨ ਕਰੇ ਦਾਈ, ਗਰਭ ਸਥੰਬਨ ਹ੍ਵੈ ਪੀੜਾ ਨ ਗਰਸਤ ਹੈ ॥ ਤੈਸੇ ਪਾਂਚੋ ਦੂਤ ਭੂਤ ਬਿੱਭ੍ਰਮ ਹ੍ਵੈ ਭਾਗ ਜਾਤ, ਸਤਿਗੁਰ ਮੰਤ ਜੰਤ ਰਸਨਾ ਰਸਤ ਹੈ ॥ ੩੬੫ ॥

ਜੰਗ ਵਿਚ ਤੀਰ ਦੀ ਨੋਕ ਟੁਟ ਕੇ ਸਰੀਰ ਵਿਚ ਜਾ ਰਹਿੰਦੀ ਹੈ ਅਤੇ ਜਦ ਉਸ ਨੂੰ ਚੁੰਬਕ ਪੱਥਰ ਵਿਖਾਲੀਏ ਤਾਂ ਛੇਤੀ ਨਾਲ ਨਿਕਲ ਔਂਦੀ ਹੈ । ਰੋਗੀ ਦੇ ਸਰੀਰ ਨੂੰ ਜੋਕਾਂ ਅਤੇ ਸਿੰਙੀਆਂ ਲਵਾਈਏ ਤਾਂ ਲਹੂ ਨੂੰ ਚੂੰਘ ਕੇ ਪੀੜਾ ਦੇ ਦੁਖ ਨੂੰ ਦੂਰ ਕਰਦੀਆਂ ਹਨ। ਇਸਤਰੀਆਂ ਦੇ ਤਾਈਂ ਦਾਈ ਮਲਨਾ ਕਰਦੀ ਹੈ ਤਾਂ ਗਰਭ ਆਪਣੀ ਜਗ੍ਹਾ ਖੜੋ ਜਾਂਦਾ ਹੈ ਅਤੇ ਪੀੜਾ ਨਹੀਂ ਹੁੰਦੀ। ਓਨਾਂ ਜੀਵਾਂ ਦੇ ਦੁਖ ਦੇਣ ਵਾਲੇ ਪੰਜ ਚੁਗਲ ਖੋਰ ਭੂਤਨੇ ਭੌਂਦੂ ਹੋ ਕੇ ਭਜ ਜਾਂਦੇ ਹਨ ਜੇਹੜੇ ਆਦਮੀ ਗੁਰਾਂ ਦੇ ਸਤਿਨਾਮ ਮੰਤ੍ਰ ਦਾ ਜਾਪ ਪ੍ਰੇਮ ਕਰ ਕੇ ਜੀਭ ਨਾਲ ਜਪਦੇ ਹਨ।

ਕਬਿਤ—ਜੈਸੇ ਤੌ ਸਫਲ ਬਨ ਬਿਖੈ ਬਿਰਖਾ ਬਿਬਧ, ਜਾਂਕੇ ਫਲ

ਮੀਠੇ ਖਗ ਤਾਪੈ ਚਲ ਜਾਤ ਹੈ ॥ ਜੈਸੇ ਪਰਬਤ ਬਿਖੈ ਦੇਖੀਐ ਪਾਖਾਨ ਬਹੁ, ਜਾਮੈ ਹੀਰਾ ਖੋਜ ਤਾਹਿ ਖੋਜੀ ਲਲਚਾਤ ਹੈ ॥ ਜੈਸੇ ਤੌ ਜਲਧਿ ਮਧਿ ਬਸਤ ਅਨੰਤ ਜੰਤ, ਮੁਕਤਾ ਅਮੋਲ ਜਾਮੈ ਹੰਸ ਖੋਜ ਖਾਤ ਹੈ ॥ ਤੈਸੇ ਗੁਰ ਚਰਨ ਸ਼ਰਨ ਹੈ ਅਸੰਖ ਸਿਖ, ਜਾਮੈ ਗੁਰ ਗਜਾਨ ਤਾਂਹਿ ਲੋਕ ਲਪਟਾਤ ਹੈ ॥ ੩੬੬ ॥

ਜੰਗਲ ਵਿਚ ਬਹੁਤ ਤਰਾਂ ਦੇ ਬ੍ਰਿਛ ਫਲਾਂ ਵਾਲੇ ਹੁੰਦੇ ਹਨ ਪਰ ਜਿਸ ਦਰਖਤ ਦਾ ਮਿੱਠਾ ਫਲ ਹੁੰਦਾ ਹੈ ਉਸ ਤੇ ਪੰਛੀ ਉਡ ਕੇ ਬਹਿੰਦੇ ਹਨ ਪਹਾੜ ਵਿਚ ਬਹੁਤ ਪੱਥਰ ਵੇਖੀਦੇ ਹਨ ਪਰ ਜਿਸ ਵਿਚ ਹੀਰੇ ਦਾ ਖੋਜ ਮਿਲੇ ਓਥੇ ਖਾਣ ਪੁਟਣ ਵਾਲਾ ਲੋਭ ਜਾਂਦਾ ਹੈ ਸਮੁੰਦਰ ਵਿਚ ਬਹੁਤੇ ਜੀਵ ਰਹਿੰਦੇ ਹਨ ਪਰ ਜਿਸ ਵਿਚ ਮੋਤੀ ਅਮੋਲਕ ਹੁੰਦੇ ਹਨ ਓਸੇ ਨੂੰ ਹੀ ਲਭ ਕੇ ਹੰਸ ਓਥੋਂ ਮੋਤੀ ਖਾਂਦੇ ਹਨ। ਗੁਰਾਂ ਦੀ ਚਰਨ ਸ਼ਰਨ ਅਣਗਿਣਤ ਸਿਖ ਹਨ ਪਰ ਜਿਸ ਵਿਚ ਗੁਰਾਂ ਦਾ ਗਜਾਨ ਹੈ ਓਸੇ ਦੀ ਚਰਨੀ ਲੋਕੀ ਪੈਂਦੇ ਹਨ।

ਕਬਿਤ—ਜੈਸੇ ਸਸਿ ਜੋਤਿ ਹੋਤ ਪੂਰਨ ਪ੍ਰਗਾਸ ਤਾਸ, ਚਿਤਵਤ ਚਕ੍ਰਤ ਚਕੋਰ ਧਜਾਨ ਧਾਰ ਹੀ ॥ ਜੈਸੇ ਅੰਧਕਾਰ ਵਿਖੇ ਦੀਪਤ ਦਿਪਤ ਦੇਖ, ਅਨਿਕ ਪਤੰਗ ਓਤ ਪੋਤ ਹ੍ਵੈ ਗੁਜਾਰ ਹੀ ॥ ਜੈਸੇ ਮਿਸਟਾਨ ਪਾਨ ਜਾਨ ਕਾਜ ਭਾਂਜਨ ਮੈਂ, ਰਾਖਤ ਹੀ ਚੀਟੀ ਕੋਟਿ ਲੁਭਤ ਅਪਾਰ ਹੀ ॥ ਪਰਮ ਨਿਧਾਨ ਗੁਰ ਗਜਾਨ ਪਰਵਾਨ ਜਾਮੈ, ਸਕਲ ਸੰਸਾਰ ਤਾਸ ਚਰਨ ਜੁਹਾਰ ਹੀ ॥ ੩੬੭ ॥

ਚੰਦ ਦੀ ਜੋਤ ਦਾ ਬਹੁਤ ਚਾਨਣ ਹੁੰਦਾ ਹੈ ਸੋ ਤਿਸ ਚਾਨਣ ਨੂੰ ਵੇਖਕੇ ਅਤੇ ਹੈਰਾਨ ਹੋਕੇ ਚਕੋਰ ਉਸੇ ਚਾਨਣ ਦਾ ਧਜਾਨ ਧਾਰਦਾ ਹੈ ਅੰਧੇਰੇ ਵਿਚ ਦੀਵਾ ਜਗਦਾ ਵੇਖ ਕੇ ਅਨੇਕਾਂ ਪਤੰਗੇ ਆਪਣਾ ਆਪ ਅਰਪਣ ਕਰ ਕੇ ਸੜ ਜਾਂਦੇ ਤਾਣੇ ਪੇਟੇ ਵਾਂਗ ਦੀਵੇ ਨਾਲ ਮਿਲ ਜਾਂਦੇ ਹਨ। ਭਾਂਡੇ ਵਿਚ ਮਿਠਾ ਰਖਿਆ ਹੋਵੇ ਤਾਂ ਕਰੋੜਾਂ ਹੀ ਕੀੜੀਆਂ ਖਾਣ ਪੀਣ ਦੇ ਕੰਮ ਲਈ ਜਾ ਕੇ ਬਹੁਤ ਲੋਭਦੀਆਂ ਹਨ। ਜਿਸ ਸਿਖ ਵਿਚ ਗੁਰਾਂ ਦੇ ਗਿਆਨ ਦਾ ਹੱਛਾ ਭੰਡਾਰ ਪਰਵਾਨੀਕ ਹੈ ਤਿਸ ਦੇ ਚਰਨਾਂ ਨੂੰ ਸਾਰਾ ਸੰਸਾਰ ਨਮਸ਼ਕਾਰ ਕਰਦਾ ਹੈ।

ਕਬਿਤ—ਜੇਤੇ ਫੂਲ ਫੂਲੇ ਤੇਤੇ ਫਲ ਨਾਹਿ ਲਾਗੈ ਦ੍ਰੁਮ, ਲਾਗਤ ਜਤਕ ਪਰਪੱਕ ਨ ਸਕਲ ਹੈਂ ॥ ਜੇਤੇ ਸੁਤ ਜਨਮਤ ਜੀਅਤ ਨ ਰਹੈਂ

ਤੇਤੇ, ਜੀਅਤ ਹੈ ਜੇਤੇ ਤੇਤੇ ਕੁਲ ਨ ਕਮਲ ਹੈਂ ॥ ਦਲ ਮਿਲ ਜਾਤ ਜੇਤੇ ਸੁਭਟ ਨ ਹੋਇ ਤੇਤੇ, ਜੇਤਕ ਸੁਭਟ ਜੂਝ ਮਰਤ ਨ ਬਲ ਹੈਂ ॥ ਆਰਸੀ ਜੁਗਤਿ ਗੁਰ ਸਿਖ ਸਭ ਹੀ ਕਹਾਵੈ, ਪਾਵਕ ਪ੍ਰਗਾਸ ਭਏ ਵਿਰਲੇ ਅਚੱਲ ਹੈਂ ॥ ੩੯੮॥

ਜਿੰਨੇ ਕੁ ਫੁਲ ਫੁਲਦੇ ਹਨ ਓਨੇ ਕੁ ਦਰਖਤ ਨੂੰ ਫਲ ਨਹੀਂ ਲਗਦੇ ਅਤੇ ਜਿਤਨੇ ਕੁ ਫਲ ਲਗਦੇ ਹਨ ਓਨੇ ਕੁ ਸਾਰੇ ਪਕਦੇ ਨਹੀਂ । ਜਿੰਨੇ ਕੁ ਪੁਤਰ ਜਨਮਦੇ ਹਨ ਓਨੇ ਕੁ ਜੀਉਂਦੇ ਨਹੀਂ ਰਹਿੰਦੇ ਅਤੇ ਜਿਨੇ ਕੁ ਜੀਉਂਦੇ ਰਹਿੰਦੇ ਹਨ ਓਨੇ ਕੁ ਸਾਰੇ ਕੁਲ ਦੇ ਫੁਲ ਨਹੀਂ ਹੁੰਦੇ । ਜਿੰਨੇ ਕੁ ਸੂਰਮੇ ਫੌਜ ਵਿਚ ਰਲਦੇ ਹਨ ਉਨੇ ਕੁ ਸਾਰੇ ਸੂਰਮੇ ਹੀ ਨਹੀਂ ਹੁੰਦੇ ਅਤੇ ਜਿਨੇ ਕੁ ਸੂਰਮੇ ਹੁੰਦੇ ਹਨ ਓਹ ਸਾਰੇ ਜੰਗ ਵਿਚ ਲੜ ਕੇ ਨਹੀਂ ਮਰਦੇ । ਸ਼ੀਸ਼ੇ ਵਾਕੁਰ ਅਨੇਕਾਂ ਹੀ ਸਿਖ ਗੁਰਾਂ ਦੇ ਕਹਾਉਂਦੇ ਹਨ ਪਰ ਅਗ ਦੇ ਬਲਣ ਨਾਲ ਸ਼ੀਸ਼ਾ ਕੋਈ ਵਿਰਲਾ ਹੀ ਇਸਥਿਤ ਰਹਿੰਦਾ ਹੈ ਇਕੁਰ ਹੀ ਜਦ ਗੁਰੂ ਤਾੜਨ ਲਗਦੇ ਹਨ ਤਾਂ ਕੋਈ ਸਿਖ ਗੁਰਾਂ ਅਗੇ ਵਿਰਲਾ ਹੀ ਠਹਿਰਦਾ ਹੈ ।

ਕਬਿਤ—ਜੈਸੇ ਆਹਿ ਅਗਨ ਕੋ ਬਾਲਕ ਬਿਲੋਕ ਧਾਵੈ, ਗਹਿ ਗਹਿ ਰਾਖੈ ਮਾਤਾ ਸੁਤ ਬਿਲਲਾਤ ਹੈ॥ ਬ੍ਰਿਥਾਵੰਤ ਜੰਤ ਜੈਸੇ ਚਾਹਤ ਅਖਾਦਿ ਖਾਦਿ, ਜਤਨ ਕੈ ਵੈਦ ਜੁਗਵਤ ਨ ਸੁਹਾਤ ਹੈ॥ ਜੈਸੇ ਪੰਥਾ ਪੰਥ ਨਾਹਿ ਬੂਝਤ ਬਿਬੇਕ ਅੰਧ, ਕਰ ਗਹੇ ਅਟਪਟੀ ਚਾਲ ਚਲਯੋ ਜਾਤ ਹੈ ॥ ਕਾਮਨਾ ਕਰਤ ਤੈਸੇ ਕਨਿਕ ਔ ਕਾਮਨੀ ਕੀ, ਰਾਖੈ ਨਿਰਲੇਪ ਗੁਰ ਸਿਖ ਅਕੁਲਾਤ ਹੈ ॥ ੩੯੯ ॥

ਸਪ ਤੇ ਅਗ ਨੂੰ ਵੇਖਕੇ ਅਯਾਣਾਂ ਮਗਰ ਨੱਸਦਾ ਹੈ ਤੇ ਮਾਂ ਫੜ ਕੇ ਰਖਦੀ ਹੈ ਅਤੇ ਪੁਤ੍ਰ ਰੋਂਦਾ ਹੈ । ਰੋਗੀ ਮਾੜੇ ਖਾਣੇ ਨੂੰ ਖਾਣਾ ਚਾਹੁੰਦਾ ਹੈ ਪਰ ਹਕੀਮ ਯਤਨ ਕਰਕੇ ਰਖਿਆ ਕਰਦਾ ਹੈ ਭਾਵੇਂ ਓਹ ਯੁਕਤੀ ਨਾਲ ਰਖਿਆ ਕੀਤੀ ਹੋਈ ਰੋਗੀ ਨੂੰ ਨਹੀਂ ਹੱਛੀ ਲਗਦੀ ਹੈ । ਅੰਨ੍ਹਾ ਚੰਗੇ ਮਾੜੇ ਰਸਤੇ ਨੂੰ ਵਿਚਾਰਕੇ ਨਹੀਂ ਪੁਛਦਾ ਅਤੇ ਜੇ ਹਥ ਵੀ ਫੜੀਏ ਤੇ ਤਾਂ ਵੀ ਵਿੰਗੀ ਚਾਲ ਜਾਂਦਾ ਹੈ । ਗੁਰੂ ਕਾ ਸਿਖ, ਇਸਤ੍ਰੀ ਅਤੇ ਸੋਨੇ ਦੀ ਇਛਾ ਕਰਦਾ ਹੈ ਪਰ ਗੁਰੂ ਇਹਨਾਂ ਦੇ ਪੋਚੇ ਤੋਂ ਬਿਨਾਂ ਸਿਖ ਨੂੰ ਰਖਦੇ ਹਨ ਪਰ ਸਿਖ ਸੁਖ ਸਮਝਕੇ ਕਾਹਲਾ ਹੁੰਦਾ ਹੈ ।

ਕਬਿਤ—ਜੈਸੇ ਮਾਤ ਪਿਤਾ ਹੈ ਅਨਿਕ ਉਪਜਾਤ ਸੁਤ, ਪੂੰਜੀ ਦੈਦੈ ਬਨਜ ਬਯੋਹਾਰਨਿ ਮੈ ਲਾਵਈ ॥ ਕਿਰਤ ਬਿਰਤ ਕਰ ਕੋਊ ਮੂਲ ਖੋਵੈ

ਰੋਵੈ ਕੋਊ ਲਾਭ ਲਭਤ ਕੈ ਚੌਗੁਨੋ ਬਢਾਵਈ ॥ ਜੈਸੇ ਜੈਸੇ ਜੋਈ ਕੁਲਾ ਧਰਮ ਹੈ ਕਰਮ ਕਰੈ ਤੈਸੋ ਤੈਸੋ ਜਸ ਅਪਜਸ ਪਰਗਟਾਵਈ ॥ ਤੈਸੇ ਸਤਿਗੁਰ ਸਮਦਰਸੀ ਪੁਹਪ ਗਤਿ ਸਿਖ ਸਾਖਾ ਬਿਬਧ ਬਿਰਖ ਫਲ ਪਾਵਈ ॥ ੩੭੦ ॥

ਮਾਂ ਪਿਓ ਬਹੁਤ ਪੁਤ੍ਰ ਪਰਗਟ ਕਰਦੇ ਹਨ ਅਤੇ ਸੌਦੇ ਦੀ ਰਾਸ ਦੇ ਦੇ ਕੇ ਸੌਦਾ ਖਰੀਦਣ ਵਿਚ ਸਾਰਿਆਂ ਨੂੰ ਲਾਉਂਦੇ ਹਨ । ਕੋਈ ਤਾਂ ਕਿਰਤ ਦੀ ਉਪਜੀਵਕਾ ਦੇ ਮੂਢ ਨੂੰ ਖੋ ਬਹਿੰਦਾ ਹੈ ਅਤੇ ਰੋਂਦਾ ਹੈ ਅਤੇ ਕੋਈ ਖਟੀ ਖਟ ਕੇ ਉਸ ਨੂੰ ਦੂਣਾ ਚੌਣਾਂ ਵਧਾਉਂਦਾ ਹੈ । ਜਿਹਾ ਜਿਹਾ ਕਿਸੇ ਦੀ ਕੁਲ ਦਾ ਧਰਮ ਹੈ ਓਹੋ ਜਿਹਾ ਕੰਮ ਕਰਦੇ ਹਨ ਅਤੇ ਤਿਹੋ ਜਿਹਾ ਕੰਮ ਦੇ ਅਨੁਸਾਰ ਜਸ ਅਪਜਸ ਪ੍ਰਗਟ ਕਰ ਲੈਂਦੇ ਹਨ । ਤਿਕੁਰ ਹੀ ਸਮਾਨ ਦ੍ਰਿਸ਼ਟੀ ਵਾਲੇ ਸਤਿਗੁਰੂ ਬ੍ਰਿਛ ਵਾਕੁਰ ਹਨ ਅਤੇ ਸਿਖ ਟਾਹਣੀਆਂ, ਪਤਿਆਂ, ਫਲਾਂ ਫੁਲਾਂ ਵਤ ਬਹੁਡ ਤਰਾਂ ਦੇ ਹਨ ਅਗੇ ਘਾਟਾ ਵਾਧਾ ਆਪਣੇ ਅਨੁਸਾਰ ਰਹਿਆ ।

ਕਬਿਤ—ਜੈਸੇ ਨਰਪਤਿ ਬਹੁ ਬਨਿਤਾ ਬਿਵਾਹ ਕਰੈ ਜਾਕੇ ਜਨਮਤ ਸੁਤ ਵਾਹੀ ਗ੍ਰਿਹਰਾਜ ਹੈ ॥ ਜੈਸੇ ਦਧਿ ਮਧਿ ਚਹੂੰ ਓਰ ਤੈਂ ਬੋਹਥ ਚਲੈ ਜੋਈ ਪਾਰ ਪਹੁੰਚੇ ਪੂਰਨ ਸਰਬ ਕਾਜ ਹੈ ॥ ਜੈਸੇ ਖਾਨ ਖਨਤ ਅਨੰਤ ਖਨਵਾਰਾ ਖੋਜੀ ਹੀਰਾ ਹਾਥ ਚੜੈ ਜਾਕੈ ਤਾਕੈ ਬਾਜ ਬਾਜ ਹੈ ॥ ਤੈਸੇ ਗੁਰ ਸਿਖ ਨਵਤਨ ਔ ਪੁਰਾਤਨ ਹੈਂ ਜਿਨ ਪਰ ਕਟਾਛ ਕ੍ਰਿਪਾ ਕੈ ਛਬਿਛਾਜ ਹੈ ॥ ੩੭੧ ॥

ਜਿਕੁਰ ਰਾਜਾ ਬਹੁਤ ਸਾਰੀਆਂ ਇਸਤਰੀਆਂ ਵਿਆਹੁੰਦਾ ਹੈ ਪਰ ਜਿਸ ਦੇ ਘਰ ਪੁਤਰ ਜੰਮਦਾ ਹੈ ਓਸੇ ਦੇ ਘਰ ਦਾ ਰਾਜ ਹੁੰਦਾ ਹੈ । ਸਮੁੰਦਰ ਵਿਚ ਚਵ੍ਹਾਂ ਬੰਨਿਆਂ ਤੇ ਜਹਾਜ ਚਲਦੇ ਹਨ ਪਰ ਜੇਹੜਾ ਪਾਰ ਹੋ ਜਾਵੇ ਓਹਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ । ਬਹੁਤ ਸਾਰੇ ਖਾਣਾਂ ਨੂੰ ਪੁਟਣ ਵਾਲੇ ਖਾਣਾਂ ਖੋਦਦੇ ਹਨ, ਪਰ ਜਿਸਦੇ ਹਥ ਵਿਚ ਹੀਰਾ ਲਭ ਕੇ ਚੜ੍ਹ ਜਾਵੇ ਉਸ ਦੇ ਘਰ ਵਾਜੇ ਵਜਦੇ ਹਨ । ਗੁਰਾਂ ਦੇ ਸਿਖ ਨਵੇਂ ਤੇ ਪੁਰਾਣੇ ਭਾਵੇਂ ਬਹੁਤ ਹੀ ਹਨ ਪਰ ਜਿਨ੍ਹਾਂ ਉਪਰ ਗੁਰੂ ਮੇਹਰ ਦੀ ਨਜ਼ਰ ਕਰਦੇ ਹਨ ਉਹਨਾਂ ਉਤੇ ਹੀ ਸੋਭਾ ਸੋਹੰਦੀ ਹੈ ।

ਕਬਿਤ—ਬੂੰਦ ਬੂੰਦ ਬਰਖ ਪਨਾਲੇ ਬਹਿ ਚਾਲੈ ਜਲ ਦਹੁਰ ਉਮਗ ਬਹਿ ਬੀਥੀ ਬੀਥੀ ਆਇਕੈ ॥ ਤਾਂਤੇ ਨੋਰਾ ਨੋਰਾ ਭਰ ਚਲਤ ਚਤਰ

ਕੁੰਟ ਸਰਿਤਾ ਸਰਿਤ ਪਤਿ ਮਿਲਤ ਹੈ ਜਾਇਕੈ ॥ ਸਰਿਤਾ ਸਕਲ ਜਲ ਪਰਬਲ ਪਰਵਾਹ ਚਲ ਸੰਗਮ ਸਮੁੰਦਰ ਹੋਤ ਸਮਤ ਸਮਾਇਕੈ ॥ ਜੈਸੀ ਐ ਸਮਾਈ ਜਾਮੈ ਮਹਿਮਾ ਬਡਾਈ ਤੈਸੀ ਓਛੌ ਔ ਗੰਭੀਰ ਧੀਰ ਬੂਝੀਐ ਬੁਲਾਇਕੈ ॥ ੩੭੨ ॥

ਜਿਕੁਰ ਕਣੀ ਕਣੀ ਵਰਸਨ ਨਾਲ ਪਰਨਾਲੇ ਪਾਣੀ ਦੇ ਵਗ ਤੁਰਦੇ ਹਨ ਅਤੇ ਗਲੀ ਗਲੀ ਵਿਚ ਆ ਕੇ ਫਿਰ ਉਛਲ ਕੇ ਰੁੜ੍ਹ ਜਾਂਦੇ ਹਨ । ਨਾਲਾ ਨਾਲਾ ਨਦੀ। ਫਿਰ ਨਾਲੇ ਨਾਲੇ ਭਰ ਕੇ ਚਵੀਂ ਪਾਸੀਂ ਓਹੋ ਪਾਣੀ ਭੌਂਦਾ ਹੈ ਅਤੇ ਨਦੀ ਨੂੰ ਮਿਲਕੇ ਸਮੁੰਦਰ ਵਿਚ ਜਾ ਪੈਂਦਾ ਹੈ। ਸਾਰੀਆਂ ਨਦੀਆਂ ਦਾ ਪਾਣੀ ਰੋਹੜੂ ਵਹਿਣ ਵਗ ਕੇ ਅਤੇ ਸਮੁੰਦਰ ਦਾ ਸਾਥੀ ਹੋ ਕੇ ਬਰਾਬਰ ਵਿਚ ਮਿਲ ਜਾਂਦਾ ਹੈ । ਜਿਕੁਰ ਦੀ ਕਿਸੇ ਵਿਚ ਸਮਾਈ ਹੁੰਦੀ ਹੈ ਓਕਹ ਦੀ ਹੀ ਮਹਿਮਾ ਵਡਾਈ ਹੁੰਦੀ ਹੈ ਹੋਛਾ ਡੂੰਘਾ ਮਸਤ ਰਹਿਣ ਵਾਲਾ ਧੀਰਜੀ (ਗੁਰਮੁਖ) ਹੈ ਦੋਹਾਂ ਨੂੰ ਬੁਲਾ ਕੇ ਪੁਛ ਲਵੇ ਬੋਲਣ ਤੋਂ ਹੀ ਪਛਾਣੇ ਜਾਣਗੇ ।

ਕਬਿਤ—ਜੈਸੇ ਹੀਰਾਹਾਥ ਮੈਂ ਸੋ ਤਨਕ ਦਿਖਾਈ ਦੇਤ, ਮੋਲ ਕੀਏ ਦਾਮਨ ਤੈ ਭਰਤ ਭੰਡਾਰ ਜੀ ॥ ਜੈਸੇ ਬਰ ਬਾਦੇ ਹੁੰਡੀ ਲਾਗਤ ਨ ਭਾਰ ਕਛਹੁ, ਆਗੇ ਜਾਇ ਪਾਈਅਤ ਲਛਮੀ ਅਪਾਰ ਜੀ ॥ ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ ਬੋਇ ਸੈਂ ਬਿਬਧ ਕਰੈ ਬਿਰਖ ਵਿਥਾਰ ਜੀ ॥ ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈਂ ਜਾਨੀਐ ਮਹਾਤਮ ਗਏ ਹੀ ਹਰਿ ਦ੍ਵਾਰ ਜੀ ॥ ੩੭੩ ॥

ਹਥ ਵਿਚ ਫੜਿਆ ਹੋਇਆ ਹੀਰਾ ਛੋਟਾ ਜਿਹਾ ਨਜਰ ਆਉਂਦਾ ਹੈ ਪਰ ਮੂਲ ਕਰਨ ਨਾਲ ਰੁਪਈਆਂ ਕਰ ਕੇ ਖਜਾਨਾ ਭਰ ਦਿੰਦਾ ਹੈ। ਪੱਲੇ ਬੰਨ੍ਹਣ ਨਾਲ ਹੁੰਡੀ ਦਾ ਕੁਝ ਨਹੀਂ ਲਗਦਾ ਅਤੇ ਅਗੇ ਜਾ ਕੇ (ਜਿਥੋਂ ਰੁਪਯਾ ਲੈਣਾ ਹੋਵੇ) ਬਹੁਤ ਦੌਲਤ ਪਾਈਦੀਹੈ। ਬੋਹੜਾ ਦਾ ਬੀਜ ਬਹੁਤ ਹੀ ਨਿਕੋ ਜਿਹੇ ਅਕਾਰ ਵਾਲਾ ਹੁੰਦਾ ਹੈ ਅਤੇ ਬੀਜਨ ਨਾਲ ਨਾਨ੍ਹਾਂ ਤਰ੍ਹਾਂ ਦੇ ਬੂਟੇ ਦਾ ਖੰਡਾਉ ਕਰਦਾ ਹੈ। ਗੁਰਾਂ ਦੇ ਸਿਖਾਂ ਵਿਚ ਗੁਰਾਂ ਦੇ ਸਚਿਆਂ ਵਾਕਾਂ ਦਾ ਕਦਰ ਵਾਹਿਗੁਰੂ ਦੇ ਬੂਹੇ ਗਿਆਂ ਹੋਇਆ ਜਾਣੀ ਹੈ।

ਕਬਿਤ—ਜੈਸੇ ਮਧ ਪੀਅਤ ਨ ਜਾਨੀਐ ਮਰਮ ਤਾਕੋ, ਪਾਛੈ ਮਤਿਵਾਰੋ ਹੋਇ ਛਕੈ ਛਕ ਜਾਤ ਹੈ ॥ ਜੈਸੇ ਨਾਰਿ ਭੇਟਤ ਭਤਾਰ ਕੋ

ਨ ਜਾਨੇ ਭੇਦ, ਉਦਤ ਅਧਾਨ ਆਨ ਚਿਹਨ ਦਿਖਾਤ ਹੈ ॥ ਕਰ ਪਰ ਮਾਨੁਕ ਨ ਲਾਗਤ ਹੈ ਭਾਰੀ ਤੋਲ, ਮੋਲ ਸੰਖਯਾ ਦਾਮਨ ਕੋ ਹੇਰਤ ਹਿਰਾਤ ਹੈ ॥ ਤੈਸੇ ਗੁਰ ਅੰਮ੍ਰਿਤ ਬਚਨ ਸੁਨ ਮਾਨੇ ਸਿਖ, ਮਹਿਮਾ ਜੋ ਜਾਨੇ ਸੁਖ ਸਾਗਰ ਸਮਾਤ ਹੈ ॥ ੩੭੪ ॥

ਜਿਕੁਰ ਸ਼ਹਿਤਾ ਨੂੰ ਪੀਣ ਲਗਿਆਂ ਕੋਈ ਉਸ ਦੀ ਕਦਰ ਨ ਜਾਣੇ ਅਤੇ ਜਦ ਪੀ ਚੁਕਦਾ ਹੈ ਤਾਂ ਮਸਤੀ ਦਾ ਬੜਾ ਅਨੰਦ ਆਉਂਦਾ ਹੈ ਤਦ ਹੋਰ ਪ੍ਰਸੰਨ ਹੋ ਕੇ ਛਕੀ ਜਾਂਦਾ ਹੈ। ਇਸਤ੍ਰੀ ਪਤੀ ਨੂੰਮਿਲਣ ਲਗੀ ਭੇਦਨਹੀਂ ਜਾਣਦੀ ਅਤੇ ਪਿਛੋਂ ਗਰਭਪ੍ਰਗਟ ਹੋਕੇ ਨਿਸ਼ਾਨ ਆ ਵਿਖਾਲਦਾ ਹੈ। ਹਥ ਉਤੇ ਹੀਰਾ ਲਿਆਂ ਹੋਇਆਂ ਵਜਨ ਭਾਰਾ ਨਹੀਂ ਜਾਪਦਾ ਅਤੇ ਜਦ ਉਸ ਦਾ ਮੁਲ ਅਤੇ ਗਿਣਤੀ ਰੁਪਈਆਂ ਦੀ ਵੇਖੀਏ ਤਾਂ ਹੈਰਾਨ ਹੋ ਜਾਈਦਾ ਹੈ। ਸਿਖ ਗੁਰਾਂ ਦੇ ਅੰਮ੍ਰਿਤ ਵਰਗੇ ਬਚਨਾਂ ਨੂੰ ਜਦ ਸੁਣ ਕੇ ਮੰਨਦਾ ਹੈ ਅਤੇ ਤਦ ਮਹਿਮਾ ਜਾਣਦਾ ਹੈ ਅਤੇ ਸੁਖਾਂ ਦਾ ਸਮੁੰਦਰ ਵਾਹਿਗੁਰੂ ਵਿਚ ਸਮਾਉਂਦਾ ਹੈ।

ਕਬਿਤ—ਜੈਸੇ ਮੱਛ, ਕੱਛ, ਬਗ, ਹੰਸ, ਮੁਕਤਾ, ਪਖਾਨ, ਅੰਮ੍ਰਿਤ ਬਿਖੈ ਪਰਗਾਸ ਉਦਧ ਸੈ ਜਾਨੀਐ ॥ ਜੈਸੇ ਤਾਰੋ ਤਾਰੀ ਔ ਆਰਸੀ ਸਨਾਹ ਸ਼ਸਤ੍ਰ, ਏਕ ਸੈ ਅਨੇਕ ਲੋਹ ਰਚਨਾ ਬਖਾਨੀਐ ॥ ਭਾਂਜਨ ਬਿਬਿਧ ਜੈਸੇ ਹੋਤ ਏਕ ਮਿਰਤਕਾ ਸੈਂ, ਖੀਰ ਨੀਰ ਬਿੰਜਨਾਦ ਔਖਦ ਸਮਾਨੀਐ ॥ ਤੈਸੇ ਬਹੁ ਦਰਸਨ ਬਰਨਾਸ੍ਰਮ ਧਰਮ ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ ॥ ੩੭੫ ॥

ਮੱਛ, ਕੱਛੂ, ਬਗਲੇ, ਹੰਸ, ਮੋਤੀ, ਪੱਥਰ, ਅੰਮ੍ਰਿਤ, ਵਿਖ ਦਾ ਪ੍ਰਕਾਸ਼ ਹੋਣਾ ਸਮੁੰਦਰ ਵਿਚ ਹੀ ਜਾਣਿਆ ਜਾਂਦਾ ਹੈ। ਜੰਦਰਾ ਕੁੰਜੀ ਅਤੇ ਤਲਵਾਰ ਸੰਜੋਇ ਆਦਿਕ ਸ਼ਸਤ੍ਰ ਇਕ ਲੋਹੇ ਤੋਂ ਹੀ ਅਨੇਕਾਂ ਬਨਾਵਟਾਂ ਬਣੀਆਂ ਹੋਈਆਂ ਆਖੀ ਦੀਆਂ ਨੇ। ਇਕ ਮਿਟੀ ਤੋਂ ਅਨੇਕਾਂ ਭਾਂਡੇ ਬਣਦੇ ਹਨ ਅਤੇ ਇਕ ਪਾਣੀ ਤੋਂ ਦੁਧ ਅੰਨ ਦਵਾਈਆਂ ਸਮਾ ਕੇ ਅਨੇਕਾਂ ਉਤਪੰਨ ਹੁੰਦੀਆਂ ਹਨ । ਬਹੁਤੇ ਦਰਸ਼ਨ ਅਤੇ ਚਾਰ ਵਰਨ ਚਾਰ ਆਸ਼ਰਮ ਅਤੇ ਸਾਰੇ ਧਰਮ ਇਕ ਕਲਪ ਬ੍ਰਿਛ ਗ੍ਰਿਹਸਥ ਦੀ ਸ਼ਾਖਾ ਵਿਚਾਰੀ ਦੇ ਹਨ। (ਗ੍ਰਿਹਸਥ ਵੱਡਾ ਹੈ)

ਕਬਿਤ—ਜੈਸੇ ਸਰ ਸਰਿਤਾ ਸਕਲ ਮੈਂ ਸਮੁੰਦਰ ਬਡੋ, ਮੇਰ ਮੈਂ ਸੁਮੇਰ ਬਡੋ ਜਗਤ ਬਖਾਨ ਹੈ ॥ ਤਰਵਰ ਬਿਖੈ ਜੈਸੇ ਚੰਦਨ ਬਿਰਖ

ਬਡੋ ਧਾਂਤ ਮੈ ਕਨਕ ਅਤਿ ਉਤਮ ਕੈ ਮਾਨ ਹੈ ॥ ਪੰਛਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ, ਰਾਗਨ ਮੈਂ ਸਿਰੀ ਰਾਗ ਪਾਰਸ ਪਾਖਾਨ ਹੈ ॥ ਗਜਾਨਨ ਮੈ ਗਜਾਨ ਅਰ ਧਜਾਨਨ ਮੈ ਧਜਾਨ ਗੁਰ, ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ ॥ ੩੭੬ ॥

ਜਿਕੁਰ ਤ੍ਰਾਲਾਂ ਨਦੀਆਂ ਨਾਲੋਂ ਸਮੁੰਦਰ ਵਡਾ ਅਤੇ ਹੋਰਨਾਂ ਪਹਾੜਾਂ ਨਾਲੋਂ ਸਮੇਰ ਪਤਬਤ ਵਡਾ ਲੋਕੀ ਆਖਦੇ ਹਨ । ਸਾਰਿਆਂ ਬ੍ਰਿਛਾਂ ਵਿਚੋਂ ਚੰਦਨ ਦਾ ਬ੍ਰਿਛ ਵਡਾ ਅਤੇ ਸਾਰੀਆਂ ਧਾਂਤਾਂ ਵਿਚੋਂ ਸੋਨਾ ਅਤਿਅੰਤ ਹੱਛਾ ਕਰਕੇ ਮੰਨੀਦਾ ਹੈ। ਜਾਨਵਰਾਂ ਵਿਚ ਹੰਸ, ਹਰਨਾਂ ਦੇ ਰਾਜਿਆਂ ਸ਼ੇਰਾਂ ਵਿਚ ਬਬਰ ਸ਼ੇਰ, ਰਾਗਾਂ ਵਿਚ ਸ੍ਰੀ ਰਾਗ, ਪੱਥਰਾਂ ਵਿਚ ਪਾਰਸ ਵਡਾ ਹੈ । ਹੋਰ ਦੇਵੀ ਦੇਵਦਿਆਂ ਦੇ ਗਜਾਨ ਵਿਚੋਂ ਵਾਹਿਗੁਰੂ ਦਾ (ਗਜਾਨ) ਜਾਨਣਾਂ ਅਤੇ ਹੋਰ ਧਿਆਨਾਂ ਵਿਚੋਂ ਗੁਰਾਂ ਦਾ ਧਿਆਨ ਕਰਨਾਂ ਅਤੇ ਸਾਰਿਆਂ ਧਰਨ (ਵਰਨ ਆਸ਼ਰਮਾਂ) ਵਿਚੋਂ ਗ੍ਰਿਹਸਤ ਆਸ਼ਰਮ ਸਿਰੋਮਣੀ ਹੈ।

ਕਬਿਤ—ਤੀਰਥ ਮੱਜਨ ਕਰਬੇ ਕੋ ਹੈ ਗੁਨਾਉ ਇਹੁ ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ ॥ ਦਰਪਨ ਦੀਪ ਕਰ ਗਹਿ ਕੋ ਗੁਨਾਉ ਇਹ, ਪੇਖਤ ਚਿਹਨ ਮਗ ਸੁਰਤ ਸੰਭਾਰੀਐ ॥ ਭੇਟਤ ਭਤਾਰ ਇਹੁ ਨਾਰਿ ਕੇ ਗੁਨਾਉ ਸ੍ਵਾਂਤ ਬੂੰਦ ਸੀਪ ਗਤਿ ਲੈ ਗਰਭ ਪ੍ਰਤਿ ਪਾਰੀਐ ॥ ਤੈਸੇ ਗੁਰ ਚਰਨ ਸਰਨ ਕੋ ਗੁਨਾਉ ਇਹੁ ਗੁਰ ਉਪਦੇਸ ਕਰ ਹਾਰ ਉਰਧਾਰੀਐ ॥ ੩੭੭ ॥

ਤੀਰਥ ਦੇ ਇਸ਼ਨਾਨ ਕਰਨ ਦਾ ਇਹੋ ਹੀ ਗੁਣ ਹੈ ਜੋ ਸਰੀਰ ਹੈ ਪਵਿਤ੍ਰ ਅਤੇ ਤਪਸ਼ ਤੇ ਤੇਹੁ ਨੂੰ ਦੂਰ ਕਰੇ। ਸ਼ੀਸ਼ੇ ਨੂੰ ਹਥ ਵਿਚ ਫੜਨ ਦਾ ਏਹ ਗੁਣ ਹੈ ਕਿ ਆਪਣੇ ਚਿੰਨ੍ਹ ਨੂੰ ਵੇਖੇ ਅਤੇ ਦੀਵੇ ਨੂੰ ਹਥ ਵਿਚ ਫੜਨ ਦਾ ਇਹ ਗੁਣ ਹੈ ਕਿ ਰਾਹ ਦੀ ਗਿਆਤ ਸੰਭਾਲੇ। ਇਸਤ੍ਰੀ ਨੂੰ ਪਤੀ ਨਾਲ ਮਿਲਣ ਦਾ ਏਹ ਗੁਣ ਹੈ ਕਿ ਆਪਣੇ ਗਰਭ ਨੂੰ ਪ੍ਰਤਪਾਲੇ ਰਖੇ ਜਿਕੁਰ ਸਿਪੀ ਸਵਾਂਤੀ ਬੂੰਦ ਨੂੰ ਧਾਰ ਕੇ ਮੋਤੀ ਬਣਾ ਦਿੰਦੀ ਹੈ ਇਕੁਰ ਹੀ ਇਸਤ੍ਰੀ ਪਤੀ ਨਾਲ ਮਿਲ ਕੇ ਗਰਭ ਨੂੰ ਧਾਰ ਕੇ ਪੁਤਰ ਪ੍ਰਗਟ ਕਰੇ। ਗੁਰਾਂ ਦੀ ਚਰਨ ਸ਼ਰਨ ਆਉਣ ਦਾ ਇਹ ਗੁਣ ਹੈ ਜੋ ਸਿਖ ਗੁਰਾਂ ਦੇ ਗੁਰ ਉਪਦੇਸ਼ ਨੂੰ ਹਿਰਦੇ ਦਾ ਹਾਰ ਬਣਾ ਕੇ ਪਾ ਲਵੇ।

ਕਬਿਤ—ਜੈਸੇ ਮਾਤ ਪਿਤਾ ਨ ਵਿਚਾਰਤ ਵਿਕਾਰ ਸੁਤ, ਪੋਖਤ ਸੁ ਪ੍ਰੇਮ ਬਿਹਸਤ ਬਿਹਸਾਇਕੈ ॥ ਜੈਸੇ ਬ੍ਰਿਥਾਵੰਤ ਜੰਤ ਬੈਦ ਕੋ ਬ੍ਰਿਤਾਂਤ ਕਹੈ, ਪਾਰਖ ਪਰੀਖਾ ਉਪਚਾਰਤ ਰਸਾਇਕੈ ॥ ਚਟੀਆ ਅਨੇਕ ਜੈਸੇ ਏਕ ਚਟਸਾਰ ਬਿਖੈ, ਵਿਦਯਾਵੰਤ ਕਰੇ ਪਾਂਧਾ ਪ੍ਰੀਤ ਸੋਂ ਪੜ੍ਹਾਇਕੈ ॥ ਤੈਸੇ ਗੁਰ ਸਿਖਨ ਕੇ ਔਗੁਣ ਅਗਯਾਨ ਮੇਟ, ਬ੍ਰਹਮ ਬਬੇਕ ਸੇ ਸਹਜ ਸਮਝਾਇਕੈ ॥ ੩੭੯ ॥

ਮਾਂ ਪਿਓ ਆਪਣੇ ਪੁਤਰ ਦੇ ਮਾੜੇ ਕੰਮਾਂ ਨੂੰ ਨਹੀਂ ਵਿਚਾਰਦੇ ਅਤੇ ਪ੍ਰੇਮ ਨਾਲ ਪਾਲਦੇ ਹਨ ਅਤੇ ਪੁਤਰ ਨੂੰ ਹਸਾ ਕੇ ਆਪ ਹਸਦੇ ਹਨ। ਪੀੜਾ ਵਾਲਾ ਆਦਮੀ ਹਕੀਮ ਨੂੰ ਆਪਣੇ ਦੁਖ ਦੇ ਕਾਰਨ ਦਾ ਹਾਲ ਦਸਦਾ ਹੈ ਅਤੇ ਹਕੀਮ ਉਸ ਕਾਰਨ ਨੂੰ ਪਛਾਣ ਕੇ ਹਛੀ ਤਰਾਂ ਪ੍ਰੇਮ ਨਾਲ ਇਲਾਜ ਕਰਦਾ ਹੈ। ਬਾਹਲੇ ਮੁੰਡਿਆਂ ਨੂੰ ਪ੍ਰੀਤ ਨਾਲ ਪਾਠਸ਼ਾਲਾ ਵਿਚ ਪਾਂਧਾ ਪੜ੍ਹਾ ਕੇ ਵਿਦਿਆ ਵਾਲੇ ਕਰ ਦਿੰਦਾ ਹੈ। ਗੁਰੂ ਸਿਖਾਂ ਨੂੰ ਵਾਹਿਗੁਰੂ ਦੇ ਵਿਚਾਰ ਨਾਲ ਸਹਿਜੇ ਹੀ ਸਮਝਾ ਕੇ ਔਗੁਣ ਅਤੇ ਅਗਯਾਨ ਦੂਰ ਕਰ ਦੇਂਦੇ ਹਨ।

ਕਬਿਤ—ਜੈਸੇ ਤੌ ਕਰਤ ਸੁਤ ਅਨਿਕ ਇਆਨਪਨ, ਔਗਣ ਜਨਨਿ ਨਾਹਿ ਤਊ ਉਰ ਧਾਰਯੋ ਹੈ ॥ ਜੈਸੇ ਤੌ ਸਰਨ ਸੂਰ ਪੂਰਨ ਪ੍ਰਤੱਗਿਆ ਰਾਖੁ, ਅਨਿਕ ਅਵਗਯਾ ਕੀਏ ਮਾਰ ਨ ਬਿਡਾਰਯੋ ਹੈ ॥ ਜੈਸੇ ਤੌ ਸਰਿਤਾ ਜਲ ਕਾਸ੍ਟ ਕੋ ਨ ਬੋਰਤ ਹੈ, ਕਰੇ ਚਿਤ ਲਾਜ ਆਪਨੋ ਈ ਪ੍ਰਤਿਪਾਰਯੋ ਹੈ॥ ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ ਸਿਖਨ ਕੇ ਕ੍ਰਿਤ ਕਰਮ ਕਛੁ ਨ ਵਿਚਾਰਯੋ ਹੈ ॥੩੮੦॥

ਪੁਤਰ ਬਾਹਲੇ ਅਯਾਣ ਪੁਣੇ ਕਰਦਾ ਹੈ ਪਰ ਫਿਰ ਵੀ ਹਿਰਦੇ ਵਿਚ ਓਹਨਾਂ ਔਗੁਣਾਂ ਨੂੰ ਮਾਂ ਨਹੀਂ ਧਾਰਦੀ। ਸ਼ਰਨ ਆਏ ਦੀ ਸੂਰਮਾ ਪੂਰੀ ਪ੍ਰਤੱਗਿਆ ਕੀਤੀ ਹੋਈ ਰਖਦਾ ਹੈ ਭਾਵੇਂ ਅਨੇਕਾਂ ਵੀ ਅਵਗਿਆ ਸੂਰਮੇ ਦੀਆਂ ਕਰੇ ਪਰ ਫਿਰ ਵੀ ਸੂਰਮਾ ਨਹੀਂ ਮਾਰ ਸੁਟਦਾ। ਨਦੀ ਦਾ ਪਾਣੀ ਲਕੜ ਨੂੰ ਨਹੀਂ ਡੋਬਦਾ ਅਤੇ ਆਪਣੇ ਮਨ ਵਿਚ ਸ਼ਰਮ ਕਰਦਾ ਹੈ ਕਿ ਇਹ (ਜਹਾਜ ਯਾ ਬੂਟੇ ਦਾ ਟਾਹਣ) ਮੇਰਾ ਹੀ ਪਾਲਿਆ ਹੋਇਆ ਹੈ। ਪਾਰਸ ਨੂੰ ਛੋਹ ਕੇ ਲੋਹਾ ਸੋਨਾ ਬਣ ਜਾਂਦਾ ਹੈ ਗੁਰੂ ਬੜੇ ਹਛੇ ਪਾਰਸ ਵਾਕੁਰ ਹਨ ਸਿਖਾਂ ਦੇ ਕੀਤੇ ਹੋਏ ਕੰਮ ਮਾੜੇ ਕੁਝ ਨਹੀਂ ਵਿਚਾਰਦੇ।

ਕਬਿਤ—ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ, ਸੋਈ

ਪਰਵਾਰ ਵਿਖੇ ਸ੍ਰੇਸ਼ਟ ਬਖਾਨੀਐ ॥ ਬਨਜ ਬ੍ਯੋਹਾਰ ਸਾਹੋਸ਼ਾਹ ਸਨਮੁਖ ਜੋਈ, ਸੋਈ ਤੌ ਬਨੌਟਾ ਨਿਹਕਪਟ ਕੈ ਮਾਨੀਐ ॥ ਸ੍ਵਾਮਿ ਕਾਮ ਸਾਵਧਾਨ ਮਾਨਤ ਨਰੇਸ ਆਨ, ਸੋਈ ਸ੍ਵਾਮਿ ਕਾਰਜੀ ਪ੍ਰਸਿਧ ਪਹਿਚਾਨੀਐ ॥ਗੁਰ ਉਪਦੇਸ ਪਰਵੇਸ ਰਿਦ ਅੰਤਰ ਹੈ, ਸਬਦ ਸੁਰਤਿ ਸੋਈ ਸਿਖ ਜਗ ਜਾਨੀਐ॥ ੩੯੦ ॥

ਜੇਹੜਾ ਆਪਣੀ ਕੁਲ ਦੇ ਧਰਮ ਦਾ ਕੰਮ ਸੁੰਦਰ ਹੈ ਉਸ ਨੂੰ ਸੁੰਦਰ ਜਾਣਕੇ ਜੇਹੜਾ ਕਰੇ ਉਹੋ ਹੀ ਟੱਬਰ ਵਿਚ ਹੱਛਾ ਆਦਮੀ ਆਖਿਆ ਜਾਂਦਾ ਹੈ । ਜੇਹੜਾ ਸੌਦੇ ਦੇ ਦੇਣ ਲੈਣ ਵਿਚ ਸਦਾ ਹੀ ਆਪਣੇ ਸ਼ਾਹ ਦੇ ਸਾਹਮਣੇ ਸਚਾ ਰਹੇ ਸੋਈ ਸ਼ਾਹੂਕਾਰ ਦਾ ਗੁਮਾਸ਼ਤਾ ਬਿਨਾਂ ਖੋਟ ਤੋਂ ਮੰਨਿਆਂ ਜਾਂਦਾ ਹੈ । ਜੇਹੜਾ ਸੁਆਮੀ ਦਾ ਕੰਮ(ਤਿਆਰ ਬਰ ਤਿਆਰ ਹੋ ਕੇ ਕਰਨ ਵਾਲਾ) ਪ੍ਰਗਟ ਹੀ ਹਛਾ ਲੋਕਾਂ ਵਿਚ ਜਾਣਿਆਂ ਜਾਂਦਾ ਹੈ । ਜੇਹੜੇ ਸਿਖਾਂ ਦੇ ਰਿਦੇ ਅੰਦਰ ਗੁਰਾਂ ਦਾ ਉਪਦੇਸ਼ ਪਰਵੇਸ਼ ਕਰਦਾ ਹੈ ਓਹ ਹੀ ਵਾਹਿਗੁਰੂ ਦੀ ਗਿਆਤ ਵਾਲਾ ਸਿਖ ਸੰਸਾਰ ਵਿਚ ਜਾਣੀਦਾ ਹੈ ।

ਕਬਿਤ—ਜਲ ਕੈ ਧਰਨ ਅਰ ਧਰਨ ਕੈ ਜੈਸੇ ਜਲੁ, ਪ੍ਰੀਤ ਕੈ ਪਰਸਪਰ ਸੰਗਮ ਸਮਾਰ ਹੈ ॥ ਜੈਸੇ ਜਲ ਸੀਂਚ ਕੈ ਤਮਾਲ ਪ੍ਰਤਿਪਾਲੀ ਅਤਿ, ਬੋਰਤ ਨ ਕਾਸਟ ਕੋ ਜ੍ਵਾਲਾ ਮੈ ਨ ਜਾਰ ਹੈ ॥ ਲੋਸਟ ਕੈ ਜੜੁ ਗੜੁ ਬੋਹਿਥ ਬਨਾਈਅਤ, ਲੋਸਟ ਕੋ ਸਾਗਰ ਅਪਾਰ ਪਾਰ ਪਾਰ ਹੈ॥ ਪ੍ਰਭੁ ਕੈ ਜਾਨੀਜੈ ਜਨ ਜਨ ਕੈ ਜਾਨੀਜੈ ਪ੍ਰਭੁ,ਤਾਂਤੇ ਜਨ ਕੋ ਨ ਗੁਨ ਔਗੁਨ ਬਿਚਾਰ ਹੈ ॥ ੩੯੧ ॥

ਪਾਣੀ ਵਿਚ ਧਰਤੀ ਹੈ ਅਤੇ ਧਰਤੀ ਵਿਚ ਪਾਣੀ ਹੈ ਦੋਵੇਂ ਹੀ ਆਪੋ ਵਿਚ ਦੀ ਪ੍ਰੀਤੀ ਕਰਕੇ ਆਪਣੇ ਸਾਥ ਨੂੰ ਸੰਭਾਲਦੇ ਹਨ । ਪਾਣੀ ਨੂੰ ਛੱਟੇ ਨਾਲ ਸਿੰਜ ਕੇ ਬ੍ਰਿਛ ਨੂੰ ਪਾਲੀਦਾ ਹੈ ਅਤੇ ਉਹ ਪਾਣੀ ਇਸ ਲਈ ਨਾ ਤੇ ਆਪ ਡੋਬਦਾ ਹੈ ਅਤੇ ਨਾ ਹੀ ਅਗ ਵਿਚ ਸੜਨ ਦੇਂਦਾ ਹੈ । ਲਕੜ ਨਾਲ ਲੋਹੇ ਦਾ ਜਹਾਜ ਘੜ ਕੇ ਜੜ ਦੇਣ ਨਾਲ ਸਗੋਂ ਓਹ ਪਾਣੀ ਲੋਹੇ ਨੂੰ ਵੀ ਬਾਹਲੇ ਡੂੰਘੇ ਸਮੁੰਦਰ ਤੋਂ ਨਾਲ ਹੀ ਪਾਰ ਕਰ ਦਿੰਦਾ ਹੈ । ਮਾਲਕ ਕਰਕੇ ਦਾਸ ਅਤੇ ਦਾਸ ਕਰਕੇ ਮਾਲਕ ਜਾਣਿਆਂ ਜਾਂਦਾ ਹੈ ਤਾਂ ਤੇ ਇਸ ਲਈ ਗੁਰੂ ਦਾਸ ਦਾ ਗੁਣ ਔਗੁਣ ਨਹੀਂ ਵਿਚਾਰ ਦਾ ।

ਕਬਿਤ—ਬ੍ਯਾਹ ਸਮੈ ਜੈਸੇ ਦੂਹੂੰ ਓਰ ਗਾਈਅਤ ਗੀਤ, ਏਕੈ ਹੈ ਲਭਤ ਏਕੈ ਹਾਨਿ ਕਾਨ ਜਾਨੀਐ ॥ ਦੂਹੂੰ ਦਲ ਬਿਖੈ ਜੈਸੇ ਬਾਜਤ

ਨੀਸਾਨ ਤਾਨ, ਕਾਹੂ ਕੌ ਜੈ ਕਾਹੂੰ ਕੋ ਪਰਾਜੈ ਪਹਿਚਾਨੀਐ ॥ ਜੈਸੇ ਦੁਹੂੰ ਕੂਲ ਸਰਿਤਾ ਮੈ ਭਰਿ ਨਾਉ ਚਲੈ, ਕੋਊ ਮਾਂਝਿ ਧਾਰ ਕੋਊ ਪਾਰਿ ਪਰਿਵਾਨੀਐ ॥ ਧਰਮ ਅਧਰਮ ਕਰਮ ਕੈ ਅਸਾਧ ਸਾਧ, ਊਚ ਨੀਚ ਪਦਵੀ ਪ੍ਰਸਿਧ ਉਨਮਾਨੀਐ ॥ ੩੯੨ ॥

ਜਿਕੁਰ ਵਿਆਹੁ ਦੇ ਵੇਲੇ ਦੋਹਾਂ ਬੰਨਿਆਂ ਵਲ ਇਕੋ ਜਿਹੇ ਗੌਣ ਗਾਵੇਂ ਜਾਂਦੇ ਹਨ ਇਕਨਾਂ ਪੁਤਰ ਵਾਲਿਆਂ ਨੂੰ ਤਾਂ ਲਾਭ ਹੁੰਦਾ ਹੈ ਧੀ ਵਾਲਿਆਂ ਨੂੰ ਹਾਨੀ ਅਤੇ ਹਰ ਇਕ ਦੀ ਅਧੀਨਤਾ ਜਾਣੀ ਜਾਂਦੀ ਹੈ । ਜਿਕੁਰ ਦੋਹਾਂ ਦਲਾਂ ਵਿਚ ਜੋਰ ਨਾਲ ਵਾਜੇ ਤੇ ਨਗਾਰੇ ਵਜਦੇ ਹਨ ਪਰ ਕਿਸੇ ਨੂੰ ਜਿਤ ਅਤੇ ਕਿਸੇ ਨੂੰ ਹਾਰ ਜਾਣੀ ਜਾਂਦੀ ਹੈ। ਜਿਕੁਰ ਦੋਹਾਂ ਕੰਢਿਆਂ ਵਲੋਂ ਨਦੀ ਵਿਚ ਭਰੀ ਹੋਈ ਬੇੜੀ ਚਲਦੀ ਹੈ ਕੋਈ ਤਾਂ ਵਿਚਕਾਰ ਹੀ ਉਛੱਲ ਨਾਲ ਡੁਬ ਜਾਂਦੀ ਹੈ ਅਤੇ ਕੋਈ ਪਾਰ ਹੋ ਕੇ ਪ੍ਰਵਾਨ ਠੀਕ ਹੁੰਦੀ ਹੈ । ਤਿਕੁਰ ਸਾਧਾਂ ਦਾ ਕੰਮ ਤੇ ਅਸਾਧਾਂ ਦਾ ਅਧਰਮ ਹੈ ਪਰ ਉਚੀ ਨੀਵੀਂ ਪਦਵੀ ਕਰਕੇ ਪ੍ਰਗਟ ਹੀ ਉਨਮਾਨ ਕੀਤੇ ਜਾਂਦੇ ਹਨ ।

ਕਬਿਤ—ਪਾਹਨ ਕੀ ਰੇਖ ਆਦਿ ਅੰਤ ਨਿਰਬਾਹੁ ਕਰੈ, ਟਰੈ ਨ ਸਨੇਹ ਸਾਧ ਬਿਗ੍ਰਹ ਅਸਾਧ ਕੋ ॥ ਜੈਸੇ ਜਲ ਮੈ ਲਕੀਰ ਧੀਰ ਨ ਧਰਤ ਤਤ, ਅਧਮ ਕੀ ਪ੍ਰੀਤ ਔ ਵਿਰੁਧ ਜੁਧ ਸਾਧ ਕੋ ॥ ਬੋਹਰ ਉਖਾਰੀ ਉਪਕਾਰੀ ਔ ਵਿਕਾਰੀ ਜਨ, ਸਹਜ ਸੁਭਾਵ ਸਾਧ ਅਧਮ ਉਪਾਧ ਕੋ ॥ ਗੁੰਜਾ ਫਲ ਮਾਨਕ ਸੰਸਾਰ ਤੁਲਾ ਧਾਰ ਬਿਖੈ, ਤੋਲ ਕੈ ਸਮਾਨਿ ਮੋਲ ਅਲਪ ਅਗਾਧ ਕੋ ॥ ੩੯੩ ॥

ਜਿਕੁਰ ਪਥਰ ਦੀ ਲੀਕ ਅੰਤ ਪ੍ਰਯੰਤ ਇਕੋ ਜਿਹਾ ਨਿਰਬਾਹ ਕਰਦੀ ਹੈ ਇਕੁਰ ਸਾਧਾਂ ਦਾ ਪ੍ਰੇਮ ਅਤੇ ਅਸਾਧਾਂ ਦਾ ਵੈਰ ਹੈ ਸੋ ਸਾਰੀ ਉਮਰ ਹਟਦਾ ਨ ਹੀਂ । ਪਾਣੀ ਵਿਚ ਲੀਕ ਧੀਰਜ ਨਹੀਂ ਰਖਦੀ ਤਿਕੁਰ ਹੀ ਨੀਚ ਆਦਮੀ ਦੀ ਪ੍ਰੀਤ, ਅਤੇ ਉਲਟਾ ਜੰਗ ਕਰਕੇ ਵੈਰ, ਅਤੇ ਇਸ ਦੇ ਵਿਰੁਧ ਸਾਧ ਦੀ ਪ੍ਰੀਤ ਹੈ। ਜਿਕੁਰ ਗੰਨਾਂ ਉਪਕਾਰੀ ਅਤੇ ਬੋਹਰ ਵਿਕਾਰੀ ਹੁੰਦੀ ਹੈ ਇਕੁਰ ਹੀ ਸ਼ਾਂਤੀ ਸੁਭਾਉ ਵਾਲੇ ਅਤੇ ਉਪਾਧੀ ਦਾ ਕਾਰਨ ਨੀਚ ਆਦਮੀ ਹਨ । ਰਤੀਆਂ ਅਤੇ ਮਾਨਕ ਦਾ ਜਗਤ ਵਿਚ ਕੰਡੀ ਦੀ ਧਾਰਨਾਂ ਤੇ ਤੋਲ ਦਾ ਤੁਲਣਾ ਇਕੋ ਜਿਹਾ ਹੈ ਪਰ ਮੁਲ ਥੋੜੇ ਬਹੁਤੇ ਕਰਕੇ ਰਤੀਆਂ ਅਤੇ ਮਾਨਕ ਪਛਾਣਿਆਂ ਜਾਂਦਾ ਹੈ ।

ਕਬਿਤ—ਜੈਸੇ ਕੁਲਾ ਬਧੂ ਅੰਗ ਖੋੜਸ ਸਿੰਗਾਰ ਰਚੇ, ਗਨਿਕਾ ਰਚਤ ਤੇਈ ਸਕਲ ਸਿੰਗਾਰ ਜੀ । ਕੁਲਾ ਬਧੂ ਸੇਜਾ ਸਮੈ ਰਮਤ

ਭਤਾਰ ਏਕ, ਵੇਸ੍ਵਾ ਤੌ ਅਨੇਕਨ ਸੈਂ ਕਰੈ ਬਿਭਚਾਰ ਜੀ। ਕੁਲਾ ਬਧੂ ਸੰਗਮ ਸੁਜਸ ਨਿਰਦੋਖ ਮੋਖ, ਵੇਸ੍ਵਾ ਪਰਸਤ ਅਪਜਸ ਹੈ ਵਿਕਾਰ ਜੀ॥ ਤੈਸੇ ਗੁਰ ਸਿੱਖਨ ਕੌ, ਪਰਮ ਪਵਿਤ੍ਰ ਮਾਯਾ, ਸੋਈ ਦੁਖਦਾਯਕ ਹੈ ਦਹਤ ਸੰਸਾਰ ਜੀ॥੩੯੪॥

ਜਿਕੁਰ ਹੱਛੀ ਕੁਲਦੀ ਇਸਤਰੀ ਅੰਗਾਂ ਤੇ ਸੋਲਾਂ ਤਰਾਂ ਦੇ ਸ਼ਿੰਗਾਰ ਬਣੋਂਦੀ ਹੈ ਇਕੁਰ ਹੀ ਵੇਸਵਾ ਓਹੋ ਜੇਹੇ ਸ਼ਿੰਗਾਰਾਂ ਸਾਰਿਆਂ ਨੂੰ ਰਚਦੀ ਹੈ। ਹੱਛੀ ਕੁਲ ਦੀ ਇਸਤਰੀ ਸੇਜਾ ਦੇ ਵੇਲੇ ਇਕ ਪਤੀ ਨਾਲ ਰਮਦੀ ਹੈ ਅਤੇ ਵੇਸਵਾ ਬਾਹਲਿਆਂ ਆਦਮੀਆਂ ਨਾਲ ਬਿਭਚਾਰ ਕਰਦੀ ਹੈ। ਅਛੀ ਕੁਲ ਦੀ ਇਸਤਰੀ ਪਤੀ ਦਾ ਸਾਥ ਕਰਕੇ ਸ੍ਰੇਸ਼ਟ ਜਸ ਅਤੇ ਦੂਸ਼ਣਾਂ ਤੋਂ ਬਿਨਾਂ ਹੋ ਕੇ ਮੁਕਤ ਹੁੰਦੀ ਹੈ ਅਤੇ ਵੇਸਵਾ ਬਾਹਲਿਆਂ ਆਦਮੀਆਂ ਨਾਲ ਛੋਹਕੇ ਅਪਜਸ ਅਤੇ ਰੋਗਾਂ ਦੀ ਭਾਗੀ ਹੁੰਦੀ ਹੈ। ਗੁਰਾਂ ਦੇ ਸਿਖਾਂ ਨੂੰ ਦੌਲਤ ਹੱਛੀ ਸੁਖਦਾਇਕ ਹੈ ਅਤੇ ਸੋਈ ਮਾਇਆ ਦੁਖਦ ਇਕ ਹੋ ਕੇ ਸੰਸਾਰ ਨੂੰ ਸਾੜਦੀ ਹੈ।

ਕਬਿਤ—ਸੋਈ ਲੋਹਾ ਬਿਸ੍ਵ ਬਿਖੈ ਬਿਬਿਧ ਬੰਧਨ ਰੂਪ, ਸੋਈ ਤੌ ਕੰਚਨ ਜੋਤਿ ਪਾਰਸ ਪ੍ਰਸੰਗ ਹੈ॥ ਸੋਈ ਤੌ ਸਿੰਗਾਰ ਅਤਿ ਸੋਭਤ ਪਤਿਬ੍ਰਤਾ ਕੌ, ਸੋਈ ਅਭਰਨ ਗਨਿਕਾ ਰਚਤ ਅੰਗ ਹੈ॥ ਸੋਈ ਸ੍ਵਾਂਤਿ ਬੂੰਦ ਮਿਲ ਸਾਗਰ ਮੁਕਤ ਫਲ, ਸੋਈ ਸ੍ਵਾਂਤਿ ਬੂੰਦ ਬਿਖ ਭੇਟਤ ਭੁਯੰਗ ਹੈ॥ ਤੈਸੇ ਮਾਯਾ ਕਿਰਤ ਬਿਰਤ ਹੈ ਵਿਕਾਰ ਜਗ, ਪਰਉਪਕਾਰ ਗੁਰ ਸਿੱਖਨ ਸੁਬੰਗ ਹੈ॥੩੯੫॥

ਜੇਹੜਾ ਲੋਹਾ ਸੰਸਾਰ ਵਿਚ ਬਹੁਤ ਤਰ੍ਹਾਂ ਦੇ ਬੰਧਨਾਂ ਵਾਲਾ ਹੈ ਸੋਈਓ ਹੀ ਪਾਰਸ ਦਾ ਸੰਗ ਕਰਕੇ ਸੋਨਾ ਬਣਕੇ ਪ੍ਰਕਾਸ਼ਦਾ ਹੈ। ਜੇਹੜੇ (ਸੋਈ) ਸ਼ਿੰਗਾਰ ਪਤਿਬਰਤਾ ਇਸਤਰੀ ਨੂੰ ਬਹੁਤ ਸੋਹਣੇ ਲਗਦੇ ਹਨ ਅਤੇ ਸੋਈ ਗਹਿਣੇ ਵੇਸਵਾ ਸਰੀਰ ਦੇ ਅੰਗਾਂ ਪੁਰ ਰਚਦੀ ਹੈ। ਜੇੜ੍ਹੀ (ਸੋਈ) ਸ੍ਵਾਂਤੀ ਬੂੰਦ ਸਮੁੰਦਰ ਨੂੰ ਮਿਲ ਕੇ ਅਤੇ ਸਿਪੀ ਦੇ ਮੂੰਹ ਵਿਚ ਪੈ ਕੇ ਮੋਤੀ ਬਣ ਜਾਂਦੀ ਹੈ ਅਤੇ ਸੋਈਓ ਹੀ ਸ੍ਵਾਂਤੀ ਬੂੰਦ ਸਪ ਦੇ ਮੂੰਹ ਵਿਚ ਮਿਲਕੇ ਵਿਹੁ ਬਣ ਜਾਂਦੀ ਹੈ। ਦਸਾਂ ਨੌਹਾਂ ਦੀ ਹਬ ਦੀ ਕਿਰਤ ਕਰਨੀ ਗੁਰੂ ਕੇ ਸਿਖਾਂ ਨੂੰ ਸਾਰਿਆਂ ਅੰਗਾਂ ਵਿਚ (ਉਪਕਾਰ) ਸੁਖਦਾਇਕ ਹੈ ਦੂਜੀ ਕਾਰ ਮਾੜੀ ਹੈ।

ਕਬਿਤ—ਕਾਗ ਜੌ ਮਰਾਲ ਸਭਾ ਜਾਇ ਬੈਠੇ ਮਾਨਸਰ, ਦ੍ਰਚਿਤ

ਉਦਾਸ ਬਾਸ ਆਸ ਦੁਰਗੰਧ ਕੀ । ਸ੍ਵਾਨ ਜੌ ਬੈਠਾਈਐ [illegible]
ਪਰਯੰਕ ਪਰ, ਤਯਾਗ ਜਾਇ ਚਾਕੀ ਚਾਟੈ ਹੀਨ ਮਤਿ [illegible]
ਗਰਧਭ ਅੰਗ ਅਰਗਜਾ ਜੌ ਪੈ ਲੇਪਨ ਕੀਜੈ, ਲੋਟਤ ਭਸਮ [illegible]
ਕੁਟੇਵ ਕੰਧ ਕੀ। ਤੈਸੇ ਹੀ ਅਸਾਧ ਸਾਧ ਸੰਗਤਿ ਨ ਪ੍ਰੀਤਿ [illegible]
ਉਪਾਧ ਅਪਰਾਧ ਸਨਬੰਧ ਕੀ ॥ ੩੮੬ ॥

ਜੇਕਰ ਕਾਂ ਹੰਸਾਂ ਦੀ ਸਭਾ ਤਾਲ ਤੇ ਜਾ ਬੈਠੇ ਤੇ ਤਦ ਵੀ [illegible] ਖੋਟੀ ਸੁਗੰਧੀ ਗੰਧ ਦੀ ਆਸ਼ਾ ਤੇ ਉਦਾਸ ਹੋ ਕੇ ਵਸਦਾ ਹੈ । [illegible] ਤੇ ਬਹਾਲੀਏ ਤਦ ਵੀ ਛਡਕੇ ਅੰਨ੍ਹਾ ਅਕਲ ਤੋਂ ਰਹਿਤ (ਕੁਤਾ) [illegible] ਫਿਰ ਜੇਕਰ ਖੋਤੇ ਦੇ ਅੰਗ ਬਹੁਤੀਆਂ ਸੁਗੰਧੀਆਂ ਨਾਲ [illegible] ਸਰੀਰ ਦੇ ਖੋਟੇ ਸੁਭਾਉ ਕਰਕੇ ਸੁਆਹ ਵਿਚ ਲੇਟਦਾ ਹੈ । [illegible] ਚਿਤ ਕਰਕੇ ਪਰੀਤੀ ਨਹੀਂ ਹੁੰਦੀ ਓਹਨਾਂ ਦੀਆਂ ਉਪਾਧੀਆਂ [illegible] ਦੀਆਂ ਹੁੰਦੀਆਂ ਹਨ ।

ਕਬਿਤ—ਨਿਰਾਧਾਰ ਕੋ ਅਧਾਰ, ਆਸਰੋ ਨਿਰਾਸਨ ਕੋ, ਨਾਥ ਹੈ
ਅਨਾਥਨ ਕੋ ਦੀਨ ਕੋ ਦਯਾਲ ਹੈ । ਅਸਰਨ ਸਰਨ ਔ ਨਿਰਧਨ ਕੋ
ਹੈ ਧਨ, ਟੇਕ ਅੰਧਰਨ ਕੀ ਔ ਕ੍ਰਿਪਨ ਕ੍ਰਿਪਾਲ ਹੈ । ਅਕ੍ਰਿਤਘਨ ਕੋ
ਦਾਤਾਰ ਪਤਿਤ ਪਾਵਨ ਪ੍ਰਭੁ, ਨਰਕ ਨਿਵਾਰਨ ਪ੍ਰਤੱਗਯਾ ਪ੍ਰਤਿਪਾਲ
ਹੈ ॥ ਅਵਗੁਨ ਹਰਨ ਕਰਨ ਕਰਤਗਜ ਸ੍ਵਾਮਿ, ਸੰਗੀ ਸਰਬੰਗਿ ਰਸ
ਰਸਕ ਰਸਾਲੁ ਹੈ ॥ ੩੮੭ ॥

ਭੁਖਿਆਂ ਨੂੰ ਅੰਨ ਦੇਣ ਵਾਲਾ ਹੈ ਨਿਆਸਰਿਆਂ ਨੂੰ [illegible] ਅਨਾਥਾਂ ਦਾ ਨਾਥ ਹੈ ਗਰੀਬਾਂ ਤੇ ਦਯਾ ਦਾ [illegible] ਹੈ । [illegible] ਦੇਵੇ ਓਹਨਾਂ ਨੂੰ ਪਾਸ ਬਹਾਲਣ ਵਾਲਾ ਹੈ । [illegible] ਉਹ ਧਨੀ ਹੈ । ਅੰਨ੍ਹਿਆਂ ਦੀ ਸੋਟੀ ਹੈ [illegible] ਕੀਤਾ ਨਾ ਜਾਨਣ ਵਾਲਿਆਂ ਦਾ ਦਾਤਾ ਹੈ ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਹੈ । ਆਪਣੇ ਬਚਨ ਦੇ ਕੌਲ ਨੂੰ ਨਿਬਾਹੁਣ ਵਾਲਾ ਹੈ । ਔਗੁਣਾਂ ਦੇ ਨਾਸ ਕਰਨ ਵਾਲਾ ਹੈ ਸਭ ਕੰਮਾਂ ਦੇ ਕਰਨ ਵਾਲਾ ਤੇ [illegible] ਦਾ [illegible] ਹੈ । [illegible] ਸਾਥੀ ਅਤੇ [illegible] ਦਾ ਪੱਖ ਕਰਨ ਵਾਲਾ ਹੈ । ਰਸਾਂ ਨੂੰ ਰਸੀਆ ਅਤੇ [illegible] ਦਾ ਘਰ ਹੈ ।

ਕਬਿਤ—ਕੋਇਲਾ ਸੀਤਲ ਕਰ ਕਰਤ ਹੈ ਸਜਾਮ ਗਹਿ, ਪਰਸ ਤਪਤ ਪਰ ਦਗਧ ਕਰਤ ਹੈ॥ ਕੂਕਰ ਕੇ ਚਾਟਤ ਕਲੇਵਰ ਕੋ ਲਾਗੈ ਛੋਤ, ਪਾਟਤ ਸਰੀਰ ਪੀਰ ਧੀਰ ਨ ਧਰਤ ਹੈ॥ ਫੂਟਤ ਜਯੋਂ ਗਾਗਰ ਪਰਤ ਹੀ ਪਾਖਾਨ ਪਰ, ਪਾਹਨ ਹਰਤ ਪੁਨ ਗਾਗਰ ਹਰਤ ਹੈ॥ ਤੈਸੇ ਹੀ ਅਸਾਧ ਸੰਗਿ ਪ੍ਰੀਤਿ ਹੂੰ ਵਿਰੋਧ ਬੁਰੋ, ਲੋਕ ਪਰਲੋਕ ਦੂਖ ਦੋਖ ਨ ਟਰਤ ਹੈ॥ ੩੯੮॥

ਠੰਢਾ ਕੋਲਾ ਹਥ ਵਿਚ ਫੜੀਏ ਤਾਂ ਕਾਲਾ ਕਰਦਾ ਹੈ ਅਤੇ ਜੇ ਤੱਤੇ ਨੂੰ ਛੋਹੀਏ ਤਾਂ ਸਾੜਦਾ ਹੈ। ਕੁਤੇ ਦੇ ਚੱਟਣ ਨਾਲ ਸਰੀਰ ਅਪਵਿਤ੍ਰ ਹੁੰਦਾ ਹੈ ਅਤੇ ਜੇ ਦੁਰਕਾਰੀਏ ਤੇ ਤਾਂ ਵਢਦਾ ਹੈ ਅਤੇ ਸਰੀਰ ਨੂੰ ਪੀੜਾ ਹੁੰਦੀ ਹੈ ਧੀਰਜ ਵੀ ਨਹੀਂ ਧਰੀ ਜਾਂਦੀ। ਪੱਥਰ ਤੇ ਡਿਗਦਿਆਂ ਸਾਰ ਹੀ ਗਾਗਰ ਟੁਟ ਜਾਂਦੀ ਹੈ ਜੇ ਪੱਥਰ ਗਾਗਰ ਤੇ ਪਵੇ ਤੇ ਤਾਂ ਵੀ ਗਾਗਰ ਹੀ ਟੁਟਦੀ ਹੈ। ਅਸਾਧਾਂ ਦੇ ਨਾਲ ਪ੍ਰੀਤੀ ਕਰਨੀ ਅਤੇ ਵੈਰ ਕਰਨਾ ਬੁਰਾ ਹੈ ਇਸ ਲੋਕ ਵਿਚ ਦੁਖ ਅਤੇ ਪਰਲੋਕ ਵਿਚ ਦੂਸ਼ਨ ਨਹੀਂ ਟਲਦੇ।

ਕਬਿਤ—ਛੱਤ੍ਰ ਕੇ ਬਦਲੇ ਜੈਸੇ ਛਤਨਾ ਕੀ ਛਾਂਹਿ ਬੈਠੇ, ਹੀਰਾ ਅਮੋਲਕ ਬਦਲੇ ਫਟਕ ਕੋ ਪਾਈਐ॥ ਜੈਸੇ ਮਨਿ ਕੰਚਨ ਕੇ ਬਦਲੇ ਕਾਚ ਗੁੰਜਾ ਫਲ, ਕਾਂਬਰੀ ਪਟੰਬਰ ਕੇ ਬਦਲੇ ਓਢਾਈਐ॥ ਸੁਧਾ ਮਿਸਟਾਨ ਪਾਨ ਕੇ ਬਦਲੇ ਕਰੀ ਫਲ, ਕੇਸਰ ਕਪੂਰ ਜਯੋਂ ਕਚੂਰ ਲੈ ਲਗਾਈਐ॥ ਭੇਟਤ ਅਸਾਧ ਸੁਖ ਸੁਕ੍ਰਿਤ ਸੂਖਮ ਹੋਤ, ਸਾਗਰ ਅਥਾਹ ਜੈਸੇ ਬੇਲੀ ਮੈ ਸਮਾਈਐ॥ ੩੯੯॥

ਜਿਕੁਰ ਕਿਸੇ ਰਾਜ ਭਾਗ ਦੇ ਛੱਤ੍ਰ (ਬਦਲੇ) ਵੱਟੇ ਸੱਟੇ ਸੌਣ ਭਾਦਰੋਂ ਦੇ ਪਦ ਬਹੇੜੇ ਦੀ ਛਾਵੇਂ ਬਹੀਏ ਅਤੇ ਅਮੋਲਕ ਹੀਰੇ ਦੇ ਵਟੇ ਸਟੇ ਟੁਟਾ ਹੋਯਾ (ਸ਼ੀਸ਼ਾ) ਬਲੌਰ ਪਾ ਲਈਏ। ਮਣੀਆਂ ਬਦਲੇ ਰਤੀਆਂ ਸੋਨੇ ਬਦਲੇ ਬਲੌਰ ਕੰਬਲੀ ਬਦਲੇ ਰੇਸ਼ਮ ਦਾ ਕੱਪੜਾ ਉਤੇ ਲਈਏ। ਅੰਮ੍ਰਿਤ ਮਿਠੇ ਦੇ ਪੀਣ ਦੇ ਬਦਲੇ ਡੇਲੇ ਅਤੇ ਕੇਸਰ ਕਪੂਰ ਦੇ ਬਦਲੇ ਕਚੂਰ ਨੂੰ ਲੈ ਕੇ ਲਾਈਏ। ਭੇੜਿਆਂ ਸਾਧਾਂ ਦੇ ਨਾਲ ਮੇਲ ਕਰਨ ਕਰਕੇ ਸੁਖ ਅਤੇ ਪੁੰਨ ਇਕੁਰ ਥੋਹੜੇ ਹੋ ਜਾਂਦੇ ਹਨ ਜਿਕੁਰ ਅਤਯੰਤ ਹੀ ਡੂੰਘਾ ਸਮੁੰਦਰ ਕਟੋਰੇ ਵਿਚ ਪੈ ਜਾਂਦਾ ਹੈ।

ਕਬਿਤ—ਕੰਚਨ ਕਲਸ ਜੈਸੇ ਬਾਂਕੋ ਭਏ ਸੂਧੋ ਹੋਇ, ਮਾਟੀ ਕੋ ਕਲਸ ਫੂਟੋ ਜੁਰੈ ਨ ਜਤਨ ਸੈ॥ ਬਸਨ ਮਲੀਨ ਧੋਇ ਨਿਰਮਲ ਹੋਤ

ਜੈਸੇ, ਊਜਰੀ ਨ ਹੋਤ ਕਾਰੀ ਕਾਬਰੀ ਪਤਨ ਸੈ॥ ਲਕਟੀ ਅਗਨਿ ਜੈਸੇ ਸੇਕਤਿ ਹੀ ਸੂਧੀ ਹੋਇ, ਸੁਵਾਨ ਪੂੰਛ ਪਟੰਤਰੋ ਪ੍ਰਗਟ ਮਤਨ ਸੇ ॥ ਤੈਸੇ ਗੁਰ ਸਿੱਖਨ ਸੁਭਾਉ ਜਲ ਮੈਨ ਗਤਿ, ਸਾਕਤ ਸੁਭਾਉ ਲਾਖ ਪਾਹਨ ਗਤਨ ਸੈ ॥ ੩੯੦ ॥

ਸੋਨੇ ਦਾ ਘੜਾ ਵਿੰਗਾ ਹੋਇਆ ਹੋਇਆ ਵੀ ਸਿੱਧਾ ਹੋ ਜਾਂਦਾ ਹੈ ਅਤੇ ਮਿਟੀ ਦਾ ਘੜਾ ਟੁਟਾ ਹੋਇਆ ਅਨੇਕਾਂ ਹੀ ਜਤਨਾਂ ਕਰਕੇ ਵੀ ਨਹੀਂ ਜੁੜਦਾ। ਮੈਲਾ ਕੱਪੜਾ ਧੋਣ ਕਰਕੇ ਚਿੱਟਾ ਹੋ ਜਾਂਦਾ ਹੈ ਅਤੇ ਕਾਲੀ ਕੰਬਲੀ ਧੋਤਿਆਂ-ਪਾਟਣ ਨਾਲ ਵੀ ਚਿੱਟੀ ਨਹੀਂ ਹੁੰਦੀ। ਅਗ ਉਤੇ ਸੇਕਣ ਕਰਕੇ ਵਾਂਸ ਦੀ ਸੋਟੀ ਸਿਧੀ ਹੋ ਜਾਂਦੀ ਹੈ ਅਤੇ ਕੁਤੇ ਦੀ ਪੂਛ ਸਿਧੀ ਲਕੜੀ ਵਾਂਕੁਰ ਨਹੀਂ ਹੋਣਾ ਪ੍ਰਗਟ ਹੀ ਮੰਨਦੀ। ਗੁਰ ਸਿਖਾਂ ਦਾ ਸੁਭਾਉ ਪਾਣੀ ਵਤ ਠੰਢਾ ਅਤੇ ਮੋਮ ਵਤ ਨਰਮ ਹੈ ਅਤੇ ਕਰੜੇ ਰਿਦੇ ਵਾਲੇ ਮਨਮੁਖਾਂ ਦਾ ਸੁਭਾਉ ਕਿੱਕਰ ਦੀ ਲਾਖ ਵਤ ਅਤੇ ਪੱਥਰ ਵਤ ਕਰੜਾ ਹੈ ਕਦੀ ਭੀ ਨਰਮਤਾਈ ਵਲ ਨਹੀਂ ਚਲੇਗਾ।

ਕਬਿਤ-ਕੋਊ ਬੇਚੈ ਗੜ ਗੜ ਸ਼ਸਤ੍ਰ ਧਨੁਖ ਬਾਨ, ਕੋਊ ਬੇਚੈ ਗੜ ਗੜ ਬਿਬਿਧ ਸਨਾਹਿ ਜੀ ॥ ਕੋਊ ਬੇਚੈ ਗੋਰਸ ਦੁਗਧ ਦਧਿ ਘ੍ਰਿਤ ਨਿਤ, ਕੋਊ ਬੇਚੈ ਬਾਰਨੀ ਬਿਖਮ ਸਮਾਚਾਰ ਜੀ ॥ ਤੈਸੇ ਹੀ ਵਿਕਾਰੀ ਉਪਕਾਰੀ ਹੈਂ ਅਸਾਧ ਸਾਧ, ਬਿਖਿਆ ਅੰਮ੍ਰਿਤ ਬਨੇ ਦੇਖੇ ਅਵਗਾਹ ਜੀ ॥ ਆਤਮਾ ਅਚੇਤ ਪੰਛੀ ਧਾਵਤ ਚਤਰਕੁੰਟ, ਜੈਸੇ ਬ੍ਰਿਛ ਬੈਠੇ ਤੈਸੇ ਚਾਖੇ ਫਲ ਤਾਹ ਜੀ ॥ ੩੯੧ ॥

ਕੋਈ ਘੜ ਘੜ ਕੇ ਸ਼ਸਤ੍ਰ ਤੀਰ ਕਮਾਨ ਵੇਚਦਾ ਹੈ ਅਤੇ ਕੋਈ ਘੜ ਘੜ ਕੇ ਬਹੁਤ ਤਰਾਂ ਦੀਆਂ ਸੰਜੋਆਂ ਵੇਚਦਾ ਹੈ। ਕੋਈ ਮੱਖਣ, ਦੁਧ, ਦਹੀਂ, ਘਿਉ ਸਦਾ ਹੀ ਵੇਚਦਾ ਹੈ ਅਤੇ ਕੋਈ ਸ਼ਰਾਬ। ਏਹਨਾਂ ਦਾ ਜੋ ਨਤੀਜਾ ਵੇਖੀਏ ਤਾਂ ਔਖਾ ਹੈ। ਵਿਚਾਰਕੇ ਵੇਖਿਆ ਹੈ ਕਿ ਅਸਾਧ ਵਿਕਾਰੀ ਵਿਹੁ ਦਾ ਜੰਗਲ ਹਨ ਅਤੇ ਸਾਧ ਉਪਕਾਰੀ ਅੰਮ੍ਰਿਤ ਦਾ ਖੂਹ ਪਾਣੀ ਹਨ। ਮਨ ਮੂਰਖ ਪੰਛੀ ਵਾਕੁਰ ਚਵ੍ਹਾਂ ਕੁੰਟਾਂ ਵਿਚ ਭੱਜਾ ਫਿਰਦਾ ਹੈ ਜਿੱਕੁਰ ਦੇ ਦਰਖਤ ਉਤੇ ਬਹਿੰਦਾ ਹੈ ਉਕਰਦਾ ਉਸ ਬ੍ਰਿਛ ਦੇ ਫਲ ਦਾ ਸੁਆਦ ਚਖਦਾ ਹੈ।

ਕਬਿਤ-ਜੈਸੇ ਏਕ ਜਨਨੀ ਕੇ ਹੋਤ ਹੈਂ ਅਨੇਕ ਸੁਤ, ਸਭ ਹੀ ਮੈ ਅਧਿਕ ਪਿਆਰੋ ਸੁਤ ਗੋਦ ਕੋ ॥ ਸਯਾਨੇ ਸੁਤ ਬਨਜ ਬਯੋਹਾਰ ਕੇ

ਬਿਚਾਰ ਬਿਖੈ, ਗੋਦ ਮੈ ਅਚੇਤ ਹੇਤ ਸੰਪੈ ਨ ਸਹੋਦ ਕੇ ॥ ਪਲਨਾ ਸੁਭਾਇ ਮਾਇ ਗ੍ਰਿਹ ਕਾਜ ਲਾਗੈ ਜਾਇ, ਸੁਨ ਸੁਤ ਰੁਦਨ ਪੈ ਪਿਆਵੈ ਮਨ ਮੋਦ ਕੈ ॥ ਆਪਾ ਖੋਇ ਜੋਇ ਗੁਰ ਚਰਨ ਸ਼ਰਨ ਗਹੇ, ਰਹੇ ਨਿਰਦੋਖ ਮੋਖ ਅਨਦ ਬਿਨੋਦ ਕੈ ॥ ੩੯੨ ॥

ਇਕ ਮਾਂ ਦੇ ਬਾਹਲੇ ਪੁਤਰ ਹੁੰਦੇ ਹਨ ਪਰ ਸਾਰਿਆਂ ਵਿਚੋਂ ਬਾਹਲਾ ਪਿਆਰਾ ਪੁਤਰ ਗੋਦੀ ਦਾ ਹੁੰਦਾ ਹੈ। ਸਿਆਣੇ ਪੁਤਰ ਤਾਂ ਸੌਦਾ ਖਰੀਦਣ ਦੇ ਵਿਚਾਰਾਂ ਵਿਚ ਲਗੇ ਰਹਿੰਦੇ ਹਨ ਅਤੇ ਘਰ ਵਿਚ ਜੋ ਪੁਤਰ ਹੈ ਸੋ (ਸੰਪੈ) ਘਰ ਦੀ ਸਮਗ੍ਰੀ ਭਾਂਡੇ ਛੰਨੇ ਤੋਂ ਬੇਖਬਰ ਹੈ ਅਤੇ ਸਕੇ ਭਾਈਆਂ ਦੇ ਪ੍ਰੇਮ ਤੋਂ ਵੀ ਰਹਿਤ ਹੈ। ਛੋਟੇ ਪੁਤ੍ਰ ਨੂੰ ਜਦ ਮਾਂ ਭੰਗੂੜੇ ਉਤੇ ਸੁਆ ਕੇ ਘਰ ਦੇ ਕੰਮ ਜਾ ਲਗਦੀ ਹੈ ਤਾਂ ਜਦ ਪੁਤਰ ਜਾਗਦਾ ਹੈ ਤਾਂ ਰੋਣ ਲਗਦਾ ਹੈ ਤਦ ਮਾਂ ਰੋਣਾ ਸੁਣ ਕੇ ਅਤੇ ਮਨ ਵਿਚ ਖੁਸ਼ੀ ਕਰਕੇ ਦੁਧ ਪਿਆਉਂਦੀ ਹੈ। ਇਕੁਰ ਹੀ ਜੇਹੜਾ ਸਿਖ ਹੰਕਾਰ ਨੂੰ ਖੋ ਕੇ ਗੁਰਾਂ ਦੇ ਚਰਨਾਂ ਦੀ ਸ਼ਰਨ ਫੜਦਾ ਹੈ ਓਹ ਇਸ ਲੋਕ ਵਿਚ ਵੀ ਦੂਸ਼ਣਾਂ ਤੋਂ ਰਹਿਤ ਰਹਿੰਦਾ ਹੈ ਅਤੇ ਪ੍ਰਲੋਕ ਵਿਚ ਵੀ ਅਨੰਦ ਦੇ ਤਮਾਸ਼ੇ ਵੇਖ ਕੇ ਮੁਕਤੀ ਹੁੰਦਾ ਹੈ।

ਕਬਿਤ—ਕਰਤ ਨ ਇਛਾ ਕਛੁ ਮਿਤ੍ਰ ਸੱਤ੍ਰ ਨ ਜਾਨੈ, ਬਾਲ ਬੁੱਧ ਸੁੱਧ ਨਾਹਿ ਬਾਲਕ ਅਚੇਤ ਕੌ ॥ ਅਸਨ ਬਸਨ ਲੀਏ ਮਾਤਾ ਪਾਛੈ ਲਾਗੀ ਡੋਲੈ, ਬੋਲੈ ਮੁਖ ਅੰਮ੍ਰਿਤ ਬਚਨ ਸੁਤ ਹੇਤ ਕੌ ॥ ਬਾਲ ਕੈ ਅਸੀਸ ਦੈਨਹਾਰੀ ਅਤਿ ਪਜਾਰੀ ਲਾਗੈ, ਗਾਰ ਦੈਨ ਹਾਰੀ ਬਲਹਾਰੀ ਡਾਰੀ ਸੇਤ ਕੌ ॥ ਤੈਸੇ ਗੁਰ ਸਿਖ ਸਮ ਦਰਸੀ ਆਨੰਦ ਮਈ, ਜੈਸੇ ਜਗੁ ਮਾਨੈ ਤੈਸੋ ਲਾਗੈ ਫਲ ਖੇਤ ਕੌ ॥ ੩੯੩ ॥

ਬਾਲ (ਬਾਲਕ) ਕਿਸੇ ਚੀਜ਼ ਦੀ ਇਛਾ ਨਹੀਂ ਕਰਦਾ ਅਤੇ ਮਿਤ੍ਰ ਸਤ੍ਰਤਾ ਨਹੀਂ ਜਾਣਦਾ ਤੇ ਅਜਾਣੇ ਮੂਰਖ ਦੀ ਅਜਾਣਿਆਂ ਵਾਲੀ ਅਕਲ ਹੁੰਦੀ ਹੈ ਅਤੇ ਹੋਰ ਕੁਝ ਵਡੀ ਅਕਲ ਦੀ ਖਬਰ ਨਹੀਂ ਹੁੰਦੀ। ਰੋਟੀ ਕਪੜੇ ਲੈ ਕੇ ਮਾਂ ਪੁਤਰ ਦੇ ਪਿਛੇ ਲਗੀ ਫਿਰਦੀ ਹੈ ਅਤੇ ਪੁਤਰ ਨਾਲ ਪ੍ਰੇਮ ਕਰਨ ਲਈ ਮੁਖੋਂ ਅੰਮ੍ਰਿਤ ਵਰਗੇ ਮਿਠੇ ਬਚਨ ਬੋਲਦੀ ਹੈ। ਜੇਹੜੀ ਇਸਤ੍ਰੀ ਬਾਲਕ ਨੂੰ ਅਸੀਸ ਦੇਂਦੀ ਹੈ ਉਹ ਬਾਹਲੀ ਪਿਆਰੀ ਲਗਦੀ ਹੈ ਅਤੇ ਗਾਲੀ ਦੇਣ ਵਾਲੀ ਬੁਢੀ ਮਾਈ ਦੇ ਧੌਲੇ ਝਾਟੇ ਤੋਂ ਵਾਰਨੇ ਫੇਰਨੇ ਕਰ ਸੁਟਦੀ ਹੈ। ਤਿਕੁਰ ਹੀ ਗੁਰਾਂ ਦੇ ਸਿਖ ਜੋ ਅਨੰਦ ਸਰੂਪ ਅਤੇ ਸਮਾਨ ਦ੍ਰਿਸ਼ਟੀ ਵਾਲੇ ਨੇ, ਉਨ੍ਹਾਂ ਨੂੰ ਜਿਹਾ ਕੁ ਜਗਤ ਜਾਣਦਾ ਹੈ ਤਿਹਾ ਕੁ ਤਿਸ ਨੂੰ ਫਲ ਜਟ ਦੇ ਖੇਤ ਵਾਕੁਰ ਲਗ ਜਾਂਦਾ ਹੈ।

ਕਬਿਤ—ਜੈਸੇ ਦਰਪਨ ਦਿਬਿ ਸੂਰ ਸਨਮੁਖ ਰਾਖੈ, ਪਾਵਕ ਪ੍ਰਗਾਸ ਹੋਤ ਕਿਰਨ ਚਰਿੱਤ੍ਰ ਕੈ॥ਜੈਸੇ ਮੇਘ ਬਰਸਤ ਬਿਸੁੰਧਰਾ ਵਿਰਾਜੈ, ਬਿਬਿਧ ਬਨਾਸਪਤੀ ਸਫਲ ਸੁਮਿੱਤ੍ਰ ਕੈ। ਭੇਟਤ ਭਤਾਰ ਨਾਰਿ ਸੋਭਤ ਸਿੰਗਾਰ ਚਾਰ,ਪੂਰਨ ਅਨੰਦ ਸੁਤ ਉੱਦਿਤ ਬਚਿੱਤ੍ਰ ਕੈ॥ ਸਤਗੁਰ ਦਰਸ ਪਰਸ ਬਿਗਸਤ ਸਿਖ,ਪ੍ਰਾਪਤ ਨਿਧਾਨ ਗਯਾਨ ਪਾਵਨ ਪਵਿੱਤ੍ਰ ਕੈ॥ ੩੯੪॥

ਜਿਕੁਰ ਆਤਸ਼ੀ ਸ਼ੀਸ਼ੇ ਨੂੰ ਸੂਰਜ ਦੇ ਸਾਹਮਣੇ ਰਖੀਏ ਤਾਂ ਕਿਰਨਾਂ ਦੇ ਤਮਾਸ਼ੇ ਨਾਲ ਅਗ ਪੈਂਦੀ ਹੈ। ਜਿਕੁਰ ਮੀਂਹੁ ਪੈਣ ਨਾਲ ਧਰਤੀ ਸੋਹਣੀ ਵਿਰਾਜਦੀ ਹੈ ਅਤੇ ਨਾਨਾ ਤਰ੍ਹਾਂ ਦੀ ਜੋ ਸਬਜੀ ਹੈ ਸੋ ਆਪੋ ਵਿਚ ਦੀ ਮਿਤਰਤਾਈ ਕਰਕੇ ਸਹਿਤ ਫਲਾਂ ਦੇ ਹੁੰਦੀ ਹੈ। ਪਤੀ ਨਾਲ ਮਿਲ ਕੇ ਇਸਤ੍ਰੀ ਦੇ ਸੁੰਦਰ ਸ਼ਿੰਗਾਰ ਸੋਭਦੇ ਹਨ ਅਤੇ ਜਦ ਸੁੰਦਰ ਪੁਤਰ ਜੰਮਦਾ ਹੈ ਤਾਂ ਬਹੁਤ ਤਰਾਂ ਦੇ ਪੂਰੇ ਅਨੰਦ ਹੁੰਦੇ ਹਨ। ਇਕੁਰ ਹੀ ਸਤਿਗੁਰਾਂ ਦੇ ਦਰਸ਼ਨ ਪਰਸਨ ਨਾਲ ਸਿਖ ਖੁਸ਼ੀ ਹੁੰਦੇ ਹਨ ਅਤੇ ਜਦ ਗੁਰਾਂ ਦਾ ਪਵਿਤਰ ਗਿਆਨ ਰੂਪ ਖਜ਼ਾਨਾ ਪ੍ਰਾਪਤ ਹੁੰਦਾ ਹੈ ਤੇ ਤਾਂ ਸਿਖ ਜਨਮ ਮਰਨ ਦੇ ਦੁਖ ਤੋਂ ਛੁਟ ਜਾਂਦੇ ਹਨ।

ਕਬਿਤ—ਜੈਸੇ ਕੁਲਾ ਬਧੂ ਬੁਧਵੰਤ ਸੁਸਰਾਰ ਬਿਖੈ, ਸਾਵਧਾਨ ਚੇਤਨ ਰਹੈ ਅਚਾਰ ਚਾਰ ਕੈ॥ ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ, ਖਾਨ ਪਾਨ ਗਯਾਨ ਜਾਨ ਪਤਿ ਪਰਵਾਰ ਕੈ॥ ਮਧੁਰ ਬਚਨ ਗੁਰ ਜਨ ਸੈਂ ਲਵੰਨ ਲਜਾ, ਸੇਜਾ ਸਮੈ ਰਸ ਪ੍ਰੇਮ ਪੂਰਨ ਭਤਾਰ ਕੈ॥ ਤੈਸੇ ਗੁਰ ਸਿਖ ਸਰਬਾਤਮ ਪ੍ਰਬੀਨ ਪੂਜਾ, ਬ੍ਰਹਮ ਧਿਆਨ ਗੁਰ ਮੂਰਤਿ ਅਪਾਰ ਕੈ॥ ੩੯੫॥

ਜਿਕੁਰ ਉਚੀ ਕੁਲ ਦੀ ਇਸਤ੍ਰੀ ਅਕਲ ਵਾਲੀ ਸੌਹਰਿਆਂ ਦੇ ਘਰ ਵਿਚ ਸੁੰਦਰ ਕੰਮਾਂ ਵਿਚ ਤਕੜੀ ਤਿਆਰ ਬਰਤਿਆਰ ਰਹਿੰਦੀ ਹੈ। ਪਤੀ ਦਾ ਪਰਵਾਰ (ਗਯਾਨ) ਜਾਨ ਕੇ ਸਾਰਿਆਂ (ਸੌਹਰੇ, ਦੇਉਰ, ਜੇਠ ਆਦਿਕ) ਦੀ ਸੇਵਾ ਖਾਣ ਪੀਣ ਦੀ ਕਰਦੀ ਹੈ। ਮਿਠੇ ਬਚਨ ਛੋਟਿਆਂ ਨਾਲ ਬੋਲਦੀ ਹੈ ਅਤੇ ਵਡਿਆਂ ਪਾਸੋਂ ਸੁੰਦਰ ਲਜਾ ਵਾਲੀ ਹੁੰਦੀ ਹੈ ਅਤੇ ਸੇਜਾ ਦੇ ਵੇਲੇ ਪਤੀ ਨਾਲ ਪ੍ਰੇਮ ਦਾ ਪੂਰਾ ਅਨੰਦ ਲੈਂਦੀ ਹੈ। ਤਿਕੁਰ ਹੀ ਗੁਰੂ ਕੇ ਸਿਖ ਸਾਰਿਆਂ ਵਿਚ ਆਪਣਾ ਮਨ (ਸਿਆਣਿਆਂ ਵਾਕੁਰ) ਜਾਣਦੇ ਹਨ ਅਤੇ ਬ੍ਰਹਮ ਵਾਹਿਗੁਰੂ ਦਾ ਰੂਪ ਗੁਰਾਂ ਦੀ ਮੂਰਤੀ ਦਾ ਧਿਆਨ ਕਰਕੇ

ਬਾਹਲੀ ਪੂਜਾ ਕਰਦੇ ਹਨ ।

ਕਬਿਤ—ਤੀਰਥ ਪੁਰਬ ਦੇਵ ਜਾਤ੍ਰਾ ਜਾਤ ਹੈ ਜਗੱਤ, ਪੁਰਬ ਤੀਰਥ ਸੁਰ ਕੋਟਨਿ ਕੋਟਾਨ ਕੈ॥ਮੁਕਤਿ ਬੈਕੁੰਠ ਜੋਗ ਜੁਗਤ ਬਿਬਧ ਫਲ, ਬਾਂਛਤ ਹੈ ਸਾਧ ਰਜ ਕੋਟ ਗਜਾਨ ਧਜਾਨ ਕੈ ॥ ਅਗਮ ਅਗਾਧ ਸਾਧ ਸੰਗਤ ਅਸੰਖ ਸਿਖ, ਸ੍ਰੀ ਗੁਰ ਬਚਨ ਮਿਲੈ ਰਾਮ ਰਸ ਆਨਕੈ ॥ ਸਹਜ ਸਮਾਧ ਅਪਰੰਪਰ ਪੁਰਖ ਲਿਵ, ਪੂਰਨ ਬ੍ਰਹਮ ਸਤਗੁਰ ਸਾਵਧਾਨ ਕੈ ॥ ੩੯੬ ॥

ਦੇਵਤਿਆਂ ਦੇ ਤੀਰਥਾਂ ਦੇ ਪੁਰਬਾਂਦੀ ਜਾਤ੍ਰਾ ਨੂੰ ਸੰਸਾਰ ਜਾਂਦਾ ਹੈ ਓਹ ਪੁਰਬ ਤੇ ਤੀਰਥ ਅਤੇ ਦੇਵਤੇ ਕਰੋੜਾਨ ਕਰੋੜ ਜੋ ਹੈਨ (ਸੋ ਕੀ ਮੰਗਦੇ ਹਨ) । ਸ੍ਵਰਗ ਦੀਆਂ ਮੁਕਤੀਆਂ ਜੋਗ ਦੀਆਂ ਜੁਗਤੀਆਂ ਇਕੁਰ ਦੇ ਨਾਨਾ ਤਰ੍ਹਾਂ ਦੇ ਫਲ ਅਤੇ ਕਰੋੜਾਂ ਹੀ ਗਜਾਨ ਧਜਾਨ ਸੰਤਾਂ ਦੇ ਚਰਨਾਂ ਦੀ ਧੂੜੀ ਨੂੰ ਚਾਹੁੰਦੇ ਹਨ । (ਬਾਹਰ ਬ੍ਰਿਤੀ ਵਾਲੇ) ਸਿਖ ਸਾਧ ਸੰਗਤ ਵਿਚ ਬੇਅੰਤ ਤੇ ਬੇਅੰਤ ਹਨ ਪਰ ਜੇਹੜੇ ਸੁਭਾਇਮਾਨ ਗੁਰਾਂ ਦੇ ਰਾਮ ਰਸ ਵਾਹਿਗੁਰੂ ਦੇ ਅਨੰਦ ਵਾਲੇ ਬਚਨਾਂ ਵਿਚ ਆ ਕੇ ਮਿਲੇ ਹਨ ਓਹ ਵਿਰਲੇ ਹੀ ਹਨ ਅਥਵਾ ਜਿਨ੍ਹਾਂ ਦੀ ਧੂੜੀ ਵਿਚ ਇਤਨੀ ਸ਼ਕਤੀ ਹੈ ਉਕਰ ਦੇ ਸਿਖ ਗੁਰਾਂ ਦੀ ਸਾਧ ਸੰਗਤ ਵਿਚ ਅਨੇਕਾਂ ਹੀ ਹਨ। ਸੰਸਾਰ ਤੋਂ ਪਰੇ ਅਤੇ ਸਾਰਿਆਂ ਵਿਚ ਵਿਆਪਕ ਅਕਾਲ ਪੁਰਖਦੇ ਸਰੂਪ ਸਤਿਗੁਰਾਂ ਦੀ ਅਡੋਲ ਸਮਾਧੀ ਵਿਚ ਤਕੜੇ ਹੋ ਕੇ(ਉਪਰੋਕਤ) ਸਿਖਾਂ ਦੀ (ਲਿਵ) ਚਿਤ ਬ੍ਰਿਤੀ ਲਗੀ ਹੈ (ਇਸ ਲਈ ਧੂੜੀ ਦਾ ਪ੍ਰਤਾਪ ਇਤਨਾ ਹੈ)।

ਕਬਿਤ—ਦ੍ਰਿਗਨ ਕੋ ਜਿਹਬਾ ਸ੍ਰਵਨ ਜੋ ਮਿਲੈ ਹੈ ਦੇਵ, ਜੈਸੋ ਦੇਖੈ ਤੈਸੋ ਕਹਿ ਸੁਨ ਗੁਨ ਗਾਵਹੀ ॥ ਸ੍ਰਵਨ ਜਿਹਬਾ ਔਰ ਲੋਚਨ ਮਿਲੈ ਹੈ ਦਯਾਲ,ਜੈਸੇ ਸੁਨੈ ਤੈਸੋ ਦੇਖ ਕਹਿ ਸਮਝਾਵਹੀ ॥ ਜਿਹਬਾ ਲੋਚਨ ਔਰ ਸ੍ਰਵਨ ਮਿਲੈ ਜੋ ਦੇਵ, ਜੈਸੋ ਕਹਿ ਤੈਸੋ ਸੁਨ ਦੇਖ ਐ ਦਿਖਾਵਹੀ॥ ਨੈਨ ਜੀਅ ਸ੍ਰਵਨ ਐ ਸ੍ਰਵਨ ਲੋਚਨ ਜੀਹ, ਜਿਹਬਾ ਨ ਸ੍ਰਵਨ ਲੋਚਨ ਲਲਚਾਵਹੀ ॥ ੩੯੭ ॥

(ਦੇਵ) ਤਿੰਨਾਂ ਦੇ ਤਿੰਨ ਦੇਵਤੇ ਸ਼ਕਤੀਆਂ ਨੇਤਰ ਜੋ ਕੁਝ ਵੇਖਣ ਸੋ ਵਿਖਾ ਦੇਂਦੇ ਹਨ। ਕੰਨ ਜੋ ਕੁਝ ਸੁਣਨ ਸੋ ਜੀਭ ਕਹਿ ਦੇਂਦੀ ਹੈ। ਜੀਭ ਜੋ ਕੁਝ ਕਹੇ ਸੋ ਕੰਨ ਸੁਣਾ ਦੇਂਦੇ ਹਨ। ਕੰਨਾਂ ਨੂੰ ਜੀਭ ਅਤੇ ਨੇਤਰ ਜੇ ਦੇਵਤਿਆਂ ਸੰਯੁਕਤ ਮਿਲਣ ਤਾਂ ਕੰਨ ਜਿਕੁਰ ਸੁਣਨ ਤਿਕੁਰ ਹੀ ਨੇਤਰ ਵੇਖਦੇ ਹਨ ਅਤੇ ਜੀਭ ਆਖ ਕੇ ਸਮਝਾ ਦੇਂਦੀ ਹੈ। ਜੀਭ ਨੂੰ ਹੈ ਨੇਤਰ ਅਤੇ ਕੰਨ ਜੇ ਦੇਵਤਿਆਂ ਸੰਯੁਕਤ ਮਿਲ ਜਾਣ ਤਾਂ ਜਿਕੁਰ ਜੀਭ ਆਖਦੀ

ਤਿਕੁਰ ਕੰਨ ਸੁਣ ਲੈਂਦੇ ਹਨ ਅਤੇ ਨੇਤਰ ਦ੍ਰਿਸ਼ਟੀ ਨਾਲ ਵੇਖ ਕੇ ਵਿਖਾ ਦੇਂਦੇ ਹਨ। ਕੰਨ ਨੇਤਰ ਤੇ ਜੀਭ ਹੋਵੇ ਤਾਂ ਸਾਰਾ ਸਰੀਰ ਅਛਾ ਲਗਦਾ ਹੈ ਅਤੇ ਸਾਰੇ ਸੰਸਾਰ ਦੇ ਕੰਮ ਵੀ ਹੋ ਸਕਦੇ ਹਨ ਅਤੇ ਜੇਕਰ ਜੀਭ ਯਾ ਕੰਨ ਯਾ ਨੇਤਰ ਇਹਨਾਂ ਵਿਚੋਂ ਇਕ ਵੀ ਚੀਜ਼ ਨਾ ਹੋਵੇ ਤਾਂ ਆਦਮੀ ਦੂਜਿਆਂ ਆਦਮੀਆਂ ਦੇ ਨਵੇਂ ਨਰੋਏ ਅੰਗ ਵੇਖ ਕੇ ਲਾਲਚ ਕਰਦਾ ਹੈ ਕਿ ਮੈਨੂੰ ਵੀ ਇਕੁਰ ਦੇ ਅੰਗ ਮਿਲ ਜਾਣ ਭਾਵ ਜੇ ਤਿੰਨਾ ਵਿਚੋਂ ਇਕ ਵੀ ਨਾ ਹੋਵ ਤਾਂ ਕੋਈ ਕੰਮ ਨਹੀਂ ਹੋ ਸਕਦਾ ਅਤੇ ਨਾ ਹੀ ਸਰੀਰ ਹਛਾ ਲਗਦਾ ਹੈ ਇਕੁਰ ਹੀ ਜਦ ਗੁਰਮੁਖਾਂ ਨੂੰ ਜਦ ਗੁਰਾਂ ਦੇ ਸਤਿਸੰਗ ਤੋਂ ਨਾਮ, ਭਗਤੀ, ਗਯਾਨ ਯਾ ਗੁਰਾਂ ਦਾ ਵਿਛੋੜਾ ਹੋ ਜਾਵੇ ਤਾਂ ਦੁਖੀ ਹੁੰਦੇ ਹਨ।

ਕਬਿਤ—ਆਪਨੋ ਸੁਅੰਨ ਜੈਸੇ ਲਾਗਤ ਪਿਆਰੋ ਜੀਅ, ਜਾਨੀਐ ਵੈਸੇ ਹੀ ਪਯਾਰੋ ਸਕਲ ਸੰਸਾਰ ਕੋ ॥ ਆਪਨੋ ਦਰਬੁ ਜੈਸੇ ਰਾਖੀਐ ਜਤਨ ਕਰ, ਵੈਸੇ ਹੀ ਸਮਝ ਸਭ ਕਾਹੂ ਕੇ ਬਿਉਹਾਰ ਕੋ ॥ ਅਸਤਤਿ ਨਿੰਦਾ ਸੁਨ ਬਯਾਪਤ ਹਰਖ ਸੋਗ, ਵੈਸੇ ਹੀ ਲਗਤ ਜਗ ਅਨੇਕ ਪ੍ਰਕਾਰ ਕੋ ॥ ਜੈਸੇ ਕੁਲ ਧਰਮ ਕਰਮ ਜੈਸੋ ਜੈਸੇ ਕਾਕੋ, ਉਤਮ ਕੈ ਮਾਨ ਜਾਨ ਬ੍ਰਹਮ ਬिਬਾਰ ਕੋ ॥ ੩੯੯ ॥

ਜਿਕੁਰ ਆਪਣਾ ਪੁਤਰ ਜੀਅ ਨੂੰ ਪਿਆਰਾ ਲਗਦਾ ਹੈ ਉਕਰ ਹੀ ਸਾਰੇ ਸੰਸਾਰ ਨੂੰ ਪਿਆਰਾ ਲਗਦਾ ਹੈ। ਜਿਕੁਰ ਆਪਣੇ ਧਨ ਨੂੰ ਯਤਨ ਕਰਕੇ ਸਾਂਭ ਰਖੀਦਾ ਹੈ ਉਕਰ ਹੀ ਸਭ ਕਿਸੇ ਦੇ ਵਿਵਹਾਰਨੂੰ ਸਮਝਣਾ ਚਾਹੀਏ ਜਿਕੁਰ ਉਸਤਤੀ ਨਿੰਦਿਆ ਸੁਣ ਕੇ ਅਨੰਦ ਤੇ ਸ਼ੋਕ ਆਣ ਲਗਦਾ ਹੈ ਉਕਰ ਹੀ ਅਨੇਕ ਤਰ੍ਹਾਂ ਦਾ ਸੰਸਾਰ ਨੂੰ ਉਸਤਤਿ ਨਿੰਦਿਆ ਦਾ ਹਰਖ ਸੋਗ ਲਗਦਾ ਹੈ। ਜਿਕੁਰ ਜਿਸ ਕਿਸੇ ਦਾ ਜਿਸ ਜਿਸ ਤਰਾਂ ਦਾ ਧਰਮ ਦਾ ਕੰਮ ਹੈ ਓਹ ਉਕਰ ਹੀ ਉਸ ਨੂੰ ਉਤਮ ਜਾਣਦਾ ਹੈ ਇਕੁਰ ਹੀ ਗੁਰਸਿਖ ਸਾਰਿਆਂ ਵਿਚ ਬ੍ਰਹਮ ਵਾਹਿਗੁਰੂ ਨੂੰ (ਫੈਲਿਆ ਹੋਇਆ) ਜਾਣਦੇ ਹਨ।

ਕਬਿਤ—ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ, ਤਾਕੇ ਪਗ ਓਰ ਦੇਖ ਦੋਖ ਨ ਬਿਚਾਰੀਐ ॥ ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ, ਕੰਟਕ ਬਿਲੋਕ ਨ ਔਗੁਨ ਉਰਧਾਰੀਐ ॥ ਜੈਸੇ ਹੈ ਅੰਮ੍ਰਿਤ ਫਲ ਮਿਸਟ ਗੁਨਾਦਿ ਸ੍ਵਾਦ, ਬੀਜ ਕਰਵਾਈ ਕੈ ਬੁਰਾਈ ਨ ਸਮਾਹੀਐ ॥ ਤੈਸੇ ਗੁਰ ਗਯਾਨ ਜਾਨ ਸਭਹੂੰ ਸੈ ਮਾਂਗ ਲੀਜੈ, ਬੰਦਨਾ ਸਕਲ ਭੂਤ ਨਿੰਦਾ ਨ ਤੁਕਾਰੀਐ ॥ ੩੯੯ ॥

ਜਿਕੁਰ ਨੇਤ੍ਰ ਬੋਲ, ਖੰਭ ਤੇ ਸਾਰੇ ਅੰਗ ਮੋਰ ਦੇ ਸੁੰਦਰ ਹੁੰਦੇ ਹਨ ਪਰ ਤਿਸ ਦੇ ਪੈਰਾਂ ਵਲ ਵੇਖ ਕੇ ਦੂਸ਼ਣ ਨਹੀਂ ਵਿਚਾਰਨਾਂ ਚਾਹੀਦਾ। ਜਿਕੁਰ ਚੰਦਨ ਸੁਗੰਧੀ ਵਾਲਾ ਹੁੰਦਾ ਹੈ ਪਰ ਉਸ ਦਾ ਔਗੁਣ ਉਸ ਨੂੰ ਸਪ ਚੰਬੜੇ ਹੋਏ ਵੇਖ ਕੇ ਹਿਰਦੇ ਵਿਚ ਔਗਣ ਨਾ ਰਖੀਏ। ਜਿਕੁਰ ਕੌਲ ਫੁਲ ਅਤਯੰਤ ਹੀ ਕੂਲਾ ਹੁੰਦਾ ਹੈ ਪਰ ਉਸ ਦਾ ਔਗੁਣ ਕੰਡੇ ਵੇਖ ਕੇ ਚਿਤ ਵਿਚ ਨਿਰਾਸ ਨ ਹੋਈਏ। ਜਿਕੁਰ ਅੰਬ ਦਾ ਬੂਟਾ ਮਿਠਾ ਅਤੇ ਗੁਣਾਂ ਵਾਲਾ ਸ੍ਵਾਦੀ ਹੁੰਦਾ ਹੈ ਪਰ ਉਸ ਦਾ ਬੀਜ ਕੌੜਾ ਤੇ ਕਰੜਾ ਸਮਝ ਕੇ ਬੁਰਿਆਈ ਨਾ ਯਾਦ ਕਰੀਏ ਤਿਕੁਰ ਹੀ ਜੋ ਗੁਰਮੁਖ ਹਨ ਓਹਨਾਂ ਸਾਰਿਆਂ ਪਾਸੋਂ ਗੁਰਾਂ ਦੇ ਗਿਆਨ ਦਾ ਦਾਨ ਮੰਗ ਲੈਣਾ ਚਾਹੀਦਾ ਹੈ ਅਤੇ ਓਹਨਾਂ ਸਾਰਿਆਂ ਸਰੀਰਾਂ ਨੂੰ (ਬੰਦਨਾ)ਨਮਸ਼ਕਾਰ ਕਰਨੀ ਚਾਹੀਦੀ ਹੈ (ਕਿਉਂਕਿ ਉਹ ਵਾਹਿਗੁਰੂ ਦਾ ਸਰੂਪ ਹਨ) ਇਸ ਲਈ ਓਹਨਾਂ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ।

ਛੰਦ—ਪਾਰਸ ਪਰਸ ਦਰਸ ਕਤ ਸਜਨੀ, ਕਤਵੈ ਨੈਨ ਬੈਨ ਮਨ ਮੋਹਨ ॥ ਕਤਵੈ ਦਸਨ ਹਸਨ ਸੋਭਾ ਨਿਧਿ, ਕਤਵੈ ਗਵਨ ਭਵਨ ਬਨ ਸੋਹਨ ॥ ਕਤਵੈ ਰਾਗ ਰੰਗ ਸੁਖ ਸਾਗਰ, ਕਤਵੈ ਦਇਆ ਮਇਆ ਦੁਖ ਜੋਹਨ ॥ ਕਤਵੈ ਜੋਗ ਭੋਗ ਰਸ ਲੀਲਾ, ਕਤਵੈ ਸੰਤ ਸਭਾ ਛਬਿ ਗੋਹਨ ॥ ੪੦੦ ॥

ਹੇ ਸਖੀ ਪਾਰਸ ਵਰਗੇ ਪਤੀ ਦਾ ਦਰਸ਼ਨ ਪਰਸਨਾ ਕਿਧਰ ਗਿਆ ਅਤੇ ਕਿਧਰ ਗਏ ਨੇਤਰ, ਬਚਨ ਬਿਲਾਸ ਮਨ ਨੂੰ ਮੋਹਨ ਕਰਨ ਵਾਲੇ। ਹੇ ਸਖੀ ਪਤੀ ਦੇ ਦੰਦਾਂ ਦਾ ਹਾਸਾ ਸੋਭਾ ਦਾ ਖਜਾਨਾ ਉਹ ਕਿਧਰ ਗਿਆ ਅਤੇ ਪਤੀ ਨਾਲ ਘਰ ਅਤੇ ਬਾਗ ਫਿਰ ਕੇ ਸੋਹਦੀ ਸਾਂ ਓਹ ਕਿਧਰ ਗਿਆ। ਓਹ ਰਾਗ ਦੇ ਰੰਗ ਸੁਖਾਂ ਦੇ ਸਮੁੰਦਰ ਕਿਧਰ ਗਏ ਅਤੇ ਓਹ ਕ੍ਰਿਪਾ ਵਾਲੇ ਦੀ ਕ੍ਰਿਪਾ ਕਿਧਰ ਗਈ ਕਿ ਤਦ ਕੋਈ ਦੁਖ ਵੀ ਨਹੀਂ ਸੀ ਵੇਖ ਸਕਦਾ ਮੈਨੂੰ। ਪਤੀ ਪ੍ਰਮਾਤਮਾ ਦੇ ਜੋਗ ਵਿਚ ਲਗਣਾ ਅਤੇ ਪਤੀ ਸਤਿਗੁਰਾਂ ਦੇ ਪਦਾਰਥਾਂ ਦੇ ਭੋਗ ਰਾਜ ਭਾਗ ਦੇ ਅਨੰਦ ਅਤੇ (ਪਰੇਮ ਵਾਲੀ) ਕਥਾ ਬਾਰਤਾ ਸੁਣਨੀ ਅਤੇ ਸੰਤਾਂ ਗੁਰਮੁਖਾਂ ਦੀ ਸਭਾ ਵਿਚ ਸਜਾਵਟ ਨੂੰ ਗੁੰਦਣਾ ਕਿਧਰ ਗਿਆ।

ਛੰਦ—ਕਬ ਲਾਗੈ ਮਸਤਕ ਚਰਨਨ ਰਜ, ਦਰਸ ਦਇਆ ਦ੍ਰਿਗਨ ਕਬ ਦੇਖੋਂ ॥ ਅੰਮ੍ਰਿਤ ਬਚਨ ਸੁਨਉ ਕਬ ਸ੍ਰਵਨਨ, ਕਬ ਰਸਨਾ ਬੇਨਤੀ ਬਿਸੇਖੋਂ ॥ ਕਬ ਕਰ ਕਰਉ ਡੰਡਉਤ ਬੰਦਨਾ, ਪਗਨ ਪਰਿਕ੍ਰਮਾਦਿ ਪੁਨ ਰੇਖੋਂ ॥ ਪ੍ਰੇਮ ਭਗਤ ਪਰਤੱਛ ਪ੍ਰਾਨ ਪਤਿ,

ਗਯਾਨ ਧਯਾਨ ਜੀਵਨ ਪਦ ਲੇਖੈ ॥ ੪੦੧ ॥

ਹੇ ਪਿਆਰੇ ਭਰਾ ਗੁਰਾਂ ਦੇ ਚਰਨਾਂ ਦੀ ਧੂੜੀ ਕਦ ਮੇਰੇ ਮਥੇ ਨੂੰ ਲਗੇਗੀ ਅਤੇ ਨੇਤਰਾਂ ਨਾਲ ਦਯਾਵਾਨ ਗੁਰਾਂ ਦੇ ਦਰਸ਼ਨ ਨੂੰ ਕਦ ਵੇਖਾਂਗੇ। ਗੁਰਾਂ ਦੇ ਅੰਮ੍ਰਿਤ ਵਰਗੇ ਮਿਠੇ ਬਚਨ ਕੰਨਾਂ ਨਾਲ ਕਦੋਂ ਸੁਣਾਂਗੇ ਅਤੇ ਜੀਭ ਕਰਕੇ ਬਾਹਲੀਆਂ ਬੇਨਤੀਆਂ ਕਦੋਂ ਕਰਾਂਗੇ। ਕਦੋਂ ਹਥਾਂ ਕਰਕੇ ਡੰਡੇ ਵਾਕੁਰ ਸਿਧਾ ਹੋ ਕੇ ਗੁਰਾਂ ਨੂੰ ਨਮਸ਼ਕਾਰ ਕਰਾਂਗੇ ਅਤੇ ਕਦੋਂ ਰਸਤੇ ਪਰਦਖਣਾਂ ਆਦਿਕ ਦੇ ਪੈਰਾਂ ਨਾਲ ਸਿਧੀ ਲਕੀਰ ਤੇ ਚਲਾਂਗੇ। ਪ੍ਰਾਣਾਂ ਦੇ ਮਾਲਕ ਸਤਿਗੁਰਾਂ ਦੀ ਪਰੇਮਾ ਭਗਤੀ ਗਿਆਨ ਧਿਆਨ ਕਰਕੇ ਜੀਵਨ ਪਦਵੀ ਨੂੰ ਪ੍ਰਗਟ ਹੀ ਕਦ ਹਿਰਦੇ ਵਿਚ ਲਿਖਾਂਗਾ।

ਕਬਿਤ—ਬਿਰਖੈ ਬਿਆਰ ਲਾਗੈ ਜੈਸੇ ਹਹਰਾਤਿ ਪਾਤਿ, ਪੰਛੀ ਨ ਧੀਰਜ ਕਰ ਠੌਰ ਠਹਿਰਾਤ ਹੈ ॥ ਸਰਵਰ ਘਾਮ ਲਾਗੈ ਬਾਰਜ ਬਿਲਖ ਮੁਖ, ਪ੍ਰਾਨ ਅੰਤ ਹੰਤ ਜਲ ਜੰਤ ਅਕੁਲਾਤ ਹੈ ॥ ਸਾਰਦੂਲ ਦੇਖੈ ਮ੍ਰਿਗਮਾਲ ਦਲ ਚਿਤ, ਬਨਵਾਸ ਮੈਨ ਤ੍ਰਾਸ ਕਰ ਆਸ਼੍ਰਮ ਸੁਹਾਤ ਹੈ ॥ ਤੈਸੇ ਗੁਰ ਆਂਗ ਸ੍ਵਾਂਗ ਭਏ ਭੈ ਚਕਿਤ ਸਿਖ, ਦੂਖਤ ਉਦਾਸ ਬਾਸ ਅਤਿ ਬਿਲਲਾਤ ਹੈ ॥ ੪੦੨ ॥

ਜਿਕੁਰ ਦਰਖਤ ਨੂੰ ਹਵਾ ਲਗੇ ਤਾਂ ਪਤੇ ਕੰਬਦੇ ਹਨ ਅਤੇ ਪੰਛੀ ਧੀਰਜ ਕਰਕੇ ਉਸ ਥਾਂ ਬ੍ਰਿਛ ਦੇ ਆਲ੍ਹਣਿਆਂ ਵਿਚ ਨਹੀਂ ਠਹਿਰਦੇ। ਤਾਲ ਵਿਚ ਧੁਪ ਆਉਣ ਨਾਲ ਕੌਲ ਦਾ ਮੂੰਹ ਸੁਕ ਜਾਂਦਾ ਹੈ ਅਤੇ ਪਾਣੀ ਵਿਚ ਜੀਵ ਰਹਿਣ ਵਾਲੇ ਕਾਹਲੇ ਪੈ ਜਾਂਦੇ ਹਨ ਜਦ ਪਾਣੀ ਸੁਕ ਜਾਂਦਾ ਹੈ ਤਦ ਓੜਕ ਨੂੰ ਓਹਨਾਂ ਦੇ ਪ੍ਰਾਣ ਵੀ ਨਾਸ ਹੋ ਜਾਂਦੇ ਹਨ। ਹਰਨਾਂ ਦੀਆਂ ਡਾਰਾਂ ਦੇ ਦਲ ਜੰਗਲ ਵਿਚ ਰਹਿਣ ਵਾਲੇ ਬਬਰ ਸ਼ੇਰ ਨੂੰ ਵੇਖ ਕੇ ਅਤੇ ਚਿਤ ਵਿਚ ਖੌਫ ਖਾ ਕੇ ਨਸ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਘੁਰਨੇ ਵੀ ਹਛੇ ਨਹੀਂ ਲਗਦੇ। ਤਿਕੁਰ ਹੀ ਗੁਰਾਂ ਦੇ ਅੰਗਾਂ ਤੇ ਹੋਰ ਦਾ ਹੋਰ ਰੂਪ ਹੋਣ ਨਾਲ ਸਿਖ ਹੈਰਾਨ ਹੋ ਕੇ ਡਰਦੇ ਹਨ ਅਤੇ ਦੁਖੀ ਹੋ ਕੇ ਉਦਾਸੀ ਵਿਚ ਵਸਦੇ ਹਨ ਅਤੇ ਅਤਿਅੰਤ ਹੀ (ਰੋਣਾ) ਵਿਰਲਾਪ ਕਰਦੇ ਹਨ। ਸਿਦਕੀ ਸਿਖਾਂ ਨੂੰ ਜੇ ਕੋਈ ਦੁਖ ਆ ਲਗੇ ਤਾਂ ਗੁਰੂ ਜੀ ਵਾਲ ਵੀ ਵਿੰਗਾ ਨਹੀਂ ਹੋਣ ਦੇਂਦੇ ਅਤੇ ਇਕੁਰ ਰਖਿਆ ਕਰਦੇ ਹਨ ਜਿਕੁਰ ਮੂਹਰੇ ਵਰਨਨ ਹੈ।

ਕਬਿਤ—ਓਲਾ ਬਰਖਨ ਕਰਖਨ ਦਾਮਨੀ ਬਿਆਰ, ਸਾਗਰ ਲਹਰ ਬਨ ਜਰਤ ਅਗਨ ਹੈ ॥ ਰਾਜੀ ਬਿਰਾਜੀ ਭੂਕੰਪਕਾ ਅੰਤਰ ਬੂਬਾ ਬਲ, ਬੰਦਸਾਲਾ ਸਾਸਨਾ ਸੰਕਟ ਮੈ ਮਗਨਹੈ ॥ਅਪਦਾ ਅਧੀਨ

ਦੀਨ ਦੂਖਨਾ ਦਰਿਦ੍ਰ ਛਿਦ੍ਰ . ਭ੍ਰਮਤਿ ਉਦਾਸ ਰਿਨ ਦਾਸਨ ਨਗਨ ਹੈ॥ ਤੈਸੇ ਹੀ ਸ੍ਰਿਸ਼ਟ ਕੇ ਅਦ੍ਰਿਸ਼ਟ ਜੌ ਪੈ ਆਇ ਲਾਗੇ, ਜਗ ਮੈ ਭਗਤਨ ਕੇ ਰੋਮ ਨ ਭਗਨ ਹੈ॥ ੪੦੩ ॥

ਗੜਿਆਂ ਦਾ ਵਰਸ ਕੇ ਖੇਤੀ ਆਦਿਕ ਨੂੰ ਨਾਸ ਕਰਨਾ। ਬਿਜਲੀ ਨੇ ਲਿਸ਼ਕ ਨਾਲ ਖਿਚ ਕੇ ਤੇਜ ਬਹੁਤ ਚੀਜਾਂ ਦਾ ਨੁਕਸਾਨ ਕਰਨਾ। ਪੌਣ ਨੇ ਦਰਖਤ ਆਦਿਕਾਂ ਨੂੰ ਢੌਣਾਂ। ਸਮੁੰਦਰ ਦੀਆਂ ਉਛਲਾਂ ਨੇ ਪਿੰਡਾਂ ਨੂੰ ਰੋੜ੍ਹਨਾ। ਅਗਨੀ ਨੇ ਜੰਗਲ ਆਦਿਕਾਂ ਨੂੰ ਸਾੜਨਾ। ਰਾਜ ਭਾਗ ਤੋਂ ਬਿਨਾ ਹੋਣਾ, ਧਰਤੀ ਦਾ ਕੰਬਣਾ, ਹਿਰਦੇ (ਅੰਤਰ) ਅੰਦਰ ਪੀੜਾ ਦਾ ਜੋਰ ਹੋਣਾ, ਕੈਦਖਾਨੇ ਦਾ ਦੁਖ ਹੋਣਾ, ਕਿਸੇ ਤਰਾਂ ਦੀ ਤਾੜਨਾ ਮਿਲਣੀ, ਕਿਸੇ ਤਰਾਂ ਦੇ ਦੁਖ ਵਿਚ ਮਸਤ ਰਹਿਣਾ। ਬਿਪਤਾ ਦੇ ਵਸ ਰਹਿਣਾ, ਦੁਸ਼ਟਾਂ ਦੇ ਅਗੇ ਗਰੀਬ ਹੋ ਕੇ ਰਹਿਣਾ। ਕੰਗਾਲਪੁਣਾ ਹੋਣਾ, ਕੋਈ ਦੋਸ਼ ਕਲੰਕ ਲਗ ਜਾਣਾ, ਉਦਾਸ ਹੋ ਕੇ ਫਿਰਨਾ, ਕਰਜਾਈ ਹੋਣਾ, ਦਾਸ ਵਾਕੁਰ ਨੰਗੇ ਪੈਰੀਂ ਹੋ ਕੇ ਫਿਰਨਾ। ਤਿਕੁਰ ਹੀ ਸ੍ਰਿਸ਼ਟੀ ਦੇ ਅਚਾਨਕ ਜੋ ਦੁਖ ਆਨ ਲਗਦੇ ਹਨ ਓਹ ਜੇ ਅਨੇਕਾਂ ਵੀ ਹੋਣ ਤਾਂ ਜਗਤ ਵਿਚ ਭਗਤਾਂ ਦੇ ਵਾਲ ਨੂੰ ਵੀ ਵਿੰਗਾ ਨਹੀਂ ਕਰ ਸਕਦੇ।

ਕਬਿਤ—ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਪਰ ਚੜੈ, ਪੰਛੀ ਉਡ ਜਾਇ ਵੈਸੇ ਨਿਕਟ ਹੀ ਫਲ ਕੈ॥ ਜੈਸੇ ਗਾਡੀ ਚਲੀ ਜਾਤ ਲੀਕਨ ਮੈ ਧੀਰਜ ਸੈ, ਘੋਰੇ ਦੌਰ ਜਾਇ ਬਾਇ ਦਾਹਨੇ ਸਬਲ ਕੈ ॥ ਜੈਸੇ ਕੋਸ ਭਰ ਚਲ ਸਕੀਐ ਨ ਪਾਇਨ ਕੈ, ਆਤਮਾ ਚਤਰ ਕੁੰਟ ਧਾਇ ਆਵੈ ਪਲ ਕੈ॥ ਤੈਸੇ ਲੋਗ ਬੇਦ ਭੇਦ ਗਯਾਨ ਉਨਮਾਨ ਪਛ, ਗੰਮ ਗੁਰ ਚਰਨ ਸ਼ਰਨ ਅਸਬਲ ਕੈ॥ ੪੦੪ ॥

(ਜਿਸ ਫਲ ਵਾਸਤੇ) ਕੀੜੀ ਹੌਲੀ ਹੌਲੀ ਦਰਖਤ ਤੇ ਚੜ੍ਹਦੀ ਹੈ ਪੰਛੀ ਉਡ ਕੇ ਛੇਤੀ ਨਾਲ ਫਲ ਦੇ ਪਾਸ ਜਾ ਬਹਿੰਦਾ ਹੈ। ਗਡੀ ਪਹੇ ਦੀਆਂ ਲੀਕਾਂ ਵਿਚ ਧੀਰਜ ਨਾਲ ਚਲੀ ਜਾਂਦੀ ਹੈ ਅਤੇ ਘੋੜਾ ਦੌੜ ਚਾਲ ਚਲਣ ਵਾਲਾ ਅਥਵਾ ਘੋੜਾ ਨਸ ਕੇ ਸਜੇ ਖਬੇ ਜੋਰ ਨਾਲ ਪਾਸੇ ਮਾਰ ਕੇ ਛੇਤੀ ਜਾ ਅਪੜਦਾ ਹੈ। ਪੈਰਾਂ ਨਾਲ ਇਕ ਕੋਹ ਭਰ ਪੈਂਡਾ ਵੀ ਨਹੀਂ ਤੁਰ ਸਕੀਦਾ ਅਤੇ ਮਨ ਚਵਾਂ ਕੁੰਟਾਂ ਵਿਚ ਇਕ ਪਲ ਵਿਚ ਭਜਕੇ ਮੁੜ ਆਉਂਦਾ ਹੈ। ਵੇਦ ਸ਼ਾਸਤਰਾਂ ਦੇ ਗਿਆਨ ਦਾ ਭੇਦ ਵਿਚਾਰ ਕੇ ਇਹਨਾਂ ਵਿਚ ਪਹੁੰਚਣਾ ਇਹ ਕੀੜੀ ਗਡੀ ਵਾਕੁਰ ਹੈ ਅਤੇ ਗੁਰਾਂ ਦੀ ਚਰਨ ਸ਼ਰਨ ਲੈ ਕੇ ਵਾਹਿਗੁਰੂ ਦੇ ਅਸਥਾਨ ਵਿਚ ਪਹੁੰਚਣਾ ਪੰਛੀ, ਮਨ ਵਾਕੁਰ ਹੈ।

ਕਬਿਤ—ਜੈਸੇ ਬਨਰਾਇ ਪਰਫੁਲਤ ਨਿਮਿੱਤ ਫਲ, ਲਾਗਤ ਹੀ

ਫਲ ਪਤ੍ਰ ਪ੍ਰਹਪ ਬਿਲਾਤ ਹੈ ॥ ਜੈਸੇ ਤ੍ਰਿਆ ਰਚਤ ਸਿੰਗਾਰ ਭਰਤਾਰ ਹੇਤ, ਭੇਟਤ, ਭਤਾਰ ਉਰ ਹਾਰ ਨ ਸੁਹਾਤ ਹੈ ॥ ਬਾਲਕ ਅਚੇਤ ਜੈਸੇ ਕਰਤ ਅਨੇਕ ਲੀਲਾ, ਸੁਚਿਤ ਚਿਤਨ ਭਏ ਸਭੈ ਬਿਸਰਾਤ ਹੈ ॥ ਤੈਸੇ ਖਟ ਕਰਮ ਧਰਮ ਸ੍ਰਮ ਗਜਾਨ ਕਾਜ, ਗਜਾਨ ਭਾਨਾ ਉਦੈ ਉਡ ਕਰਮ ਉਡਾਤ ਹੈ ॥ ੪੦੫ ॥

ਜਿਕੁਰ ਸਬਜੀ ਫਲ ਦੇ ਦੇਣ ਲਈ ਖਿੜਦੀ ਹੈ ਅਤੇ ਜਦ ਫਲ ਲਗਦਾ ਹੈ ਤਾਂ ਪਤੇ ਫੁਲ ਝੜ ਪੈਂਦੇ ਹਨ। ਇਸਤ੍ਰੀ ਪਤੀ ਦੇ ਪ੍ਰਸੰਨ ਕਰਨ ਲਈ ਸਿੰਗਾਰ ਰਚਦੀ ਹੈ ਅਤੇ ਜਦ ਪਤੀ ਨਾਲ ਮਿਲਣ ਲਗਦੀ ਹੈ ਤਾਂ ਗਲ ਵਿਚ ਹਾਰ ਪਿਆ ਹੋਇਆ ਹਛਾ ਨਹੀਂ ਲਗਦਾ। ਅਯਾਣਾ ਮੂਰਖਪਣੇ ਕਰਕੇ ਅਨੇਕਾਂ ਮੁੰਡਿਆਂ ਵਾਲੇ ਕੰਮ ਕਰਦਾ ਹੈ ਅਤੇ ਜਦ ਚਿਤ ਕਰਕੇ ਚਿਤੰਨ ਤਿਆਰ ਬਰ ਤਿਆਰ ਭਾਵ ਜਦ ਹੋਸ਼ ਆ ਜਾਂਦੀ ਹੈ ਤਾਂ ਸਾਰੀਆਂ ਖੇਡਾਂ ਭੁਲ ਜਾਂਦੀਆਂ ਹਨ। ਛੇ ਤਰਾਂ ਦੇ ਕਰਮ ਆਪੋ ਆਪਣੇ ਧਰਮ ਅਨੁਸਾਰ ਇਹਨਾਂ ਦਾ ਕਠਨ ਕੰਮ ਕਰਨਾ ਗਜਾਨ ਦੇ ਵਾਸਤੇ ਸੌ ਦੁਖ ਦਾ ਕਾਰਨ ਹੈ ਗੁਰਾਂ ਦੇ ਗਿਆਨ ਅਗੇ ਇਕੁਰ ਉਡ ਜਾਂਦੇ ਹਨ ਜਿਕੁਰ ਸੂਰਜ ਦੇ ਚੜ੍ਹਨ ਨਾਲ ਤਾਰੇ ਸਾਰੇ ਉਡ ਜਾਂਦੇ ਹਨ।

ਕਬਿਤ—ਜੈਸੇ ਹਸ ਬੋਲਤ ਹੀ ਡਾਕਨਿ ਕਟੇਜੇ ਹਰੈ, ਬਾਲਕ ਤਾਹੀ ਲੌ ਧਾਵੈ ਜਾਨੈ ਗੋਦਿ ਲੇਤ ਹੈ ॥ ਰੋਵਤ ਸੁਤੈ ਕੋ ਜੈਸੇ ਔਖਧਿ ਪਿਆਵੈ ਮਾਤਾ, ਬਾਲਕ ਜਾਨਤ ਮੋਹ ਕਾਲਕੂਟ ਦੇਤ ਹੈ ॥ ਹਰਨ ਭਰਨ ਗਤਿ ਸਤਿਗੁਰ ਜਾਨੀਐ ਨ, ਬਾਲਕ ਜੁਗਤ ਮਤਿ ਜਗਤ ਅਚੇਤ ਹੈ ॥ ਅਕਲ ਕਲਾ ਅਲਖ ਅਤਿ ਹੀ ਅਗਾਧ ਬੋਧ, ਆਪ ਹੀ ਜਾਨਤ ਆਪ ਨੇਤਿ ਨੇਤਿ ਨੇਤਿ ਹੈ ॥ ੪੦੬ ॥

ਜਿਕੁਰ ਡਾਇਣ ਇਸਤ੍ਰੀ ਹਾਸੇ ਦਾ ਬੋਲ ਬੋਲਕੇ ਬਾਲਕ ਦਾ ਕਲੇਜਾ ਕੱਢ ਲੈਂਦੀ ਹੈ ਅਤੇ ਬਾਲਕ ਮੂਰਖਤਾ ਕਰਕੇ ਸਗੋਂ ਉਸੇ ਵਲ ਹੀ ਦੌੜਦਾ ਹੈ ਤੇ ਇਹ ਜਾਣਦਾ ਹੈ ਕਿ ਮੈਨੂੰ ਗੋਦੀ ਵਿਚ ਲੈਂਦੀ ਹੈ। ਜਿਕੁਰ ਮਾਂ ਦਵਾਈ ਪਿਲੌਂਦੀ ਹੈ ਅਤੇ ਪੁਤ੍ਰ ਰੋਂਦਾ ਹੈ ਅਤੇ ਜਾਣਦਾ ਹੈ ਕਿ ਮੈਨੂੰ ਮਾਂ ਵਿਹੁ ਦਿੰਦੀ ਹੈ। ਬਾਲ ਸਤਿਗੁਰਾਂ ਦੀ ਹਰਨ ਭਰਨਦੀ ਗਤੀਨਹੀਂ ਜਾਣਦਾਇਸ ਯੁਕਤੀ ਨੂੰ ਮੂਰਖ ਬਾਲਕਵਾਂਗ ਅਚੇਤ ਜਗਤ ਨਹੀਂ ਜਾਣਦਾ। ਕਲਪਨਾ ਰਹਿਤ ਅਕਾਲ ਪੁਰਖ ਸ਼ਕਤੀ ਵਾਲਾ ਬਹੁਤ ਹੀ ਅਲਖ ਹੈ ਉਸਦਾ ਜਾਨਣਾ ਬਹੁਤ ਔਖਾ ਹੈ ਆਪਣੇ ਕਰਤਬ ਓਹ ਆਪ ਹੀ ਜਾਣਦਾ ਹੈ ਅਤੇ ਇਸ ਲਈ ਸਦਾ ਨਮਸ਼ਕਾਰ ਕਰਨੀ ਚਾਹੀਦੀ ਹੈ।

ਕਬਿਤ—ਦੈਂਤ ਸੁਤ ਭਗਤ ਪ੍ਰਗਟ ਪ੍ਰਹਿਲਾਦ ਭਏ, ਦੇਵ ਸੁਤ ਜਗ ਮੈ ਸਨੀਚਰ ਬਖਾਨੀਐ ॥ ਮਧ ਪੁਰ ਬਾਸੀ ਕੰਸ ਅਧਮ ਅਸੁਰ ਭਏ, ਲੰਕਾ ਬਾਸੀ ਸੇਵਕ ਬਭੀਖਨ ਪਛਾਨੀਐ ॥ ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ, ਅਹਿ ਮਸਤਕ ਮਨਿ ਉਦੋ ਉਨ ਮਾਨੀਐ॥ ਬਰਨ ਸਥਾਨ ਲਘੁ ਦੀਰਘ ਜਤਨ ਕਰੈ, ਅਕਥ ਕਥਾ ਬਿਨੋਦ ਬਿਸਮ ਨ ਜਾਨੀਐ ॥ ੪੦੭ ॥

ਦੈਂਤ ਹਰਨਾਖਸ ਦਾ ਪੁਤ੍ਰ ਪ੍ਰਹਿਲਾਦ ਭਗਤ ਪ੍ਰਗਟ ਹੋਇਆ ਅਤੇ ਦੇਵਤਿਆਂ ਦਾ ਪੁਤ੍ਰ ਛਨਿਛਰਵਾਰ ਪ੍ਰਗਟ ਹੋਇਆ ਜਿਸਨੂੰ ਸੰਸਾਰ ਵੀ ਬੁਰਾ ਆਖਦਾ ਹੈ। ਮਥਰਾ ਨਗਰੀ ਵਿਚ ਰਹਿਣ ਵਾਲੇ ਕੰਸ ਵਰਗੇ ਨੀਚ ਦੈਂਤ ਪ੍ਰਗਟ ਹੋਏ ਅਤੇ ਲੰਕਾ ਵਿਚ ਰ ਹਣ ਵਾਲਿਆਂ ਰਾਖਸ਼ਾਂ ਵਿਚੋਂ ਬਿਭੀਖਨ ਪ੍ਰਮਾਤਮਾ ਦਾ ਦਾਸ ਹੋਇਆ। ਸਮੁੰਦਰ ਡੂੰਘੇ ਵਿਚੋਂ ਵਿਹੁ ਪ੍ਰਗਟ ਹੋਈ ਅਤੇ ਸਪ ਦੇ ਮਥੇ ਵਿਚੋਂ ਮਨੀ ਪ੍ਰਗਟੀ ਵਿਚਾਰੀਦੀ ਹੈ। ਵਰਨ ਅਤੇ ਸਥਾਨ ਦੇ ਭੇਦ ਤੋਂ ਜੇ ਕੋਈ ਵਡੇ ਛੋਟੇ ਦਾ ਵਿਚਾਰ ਕਰੇ ਤਾਂ ਬਹੁਤ ਹੀ ਉਸਦੀ ਭੁਲ ਹੈ ਕਿਉਂਕਿ ਉਸ ਵਾਹਿਗੁਰੂ ਦੀ ਅਗਾਧ ਗਤੀ ਹੈ ਕੁਝ ਜਾਣੀ ਨਹੀਂ ਜਾਂਦੀ ਓਹ ਸਰਬ ਸ਼ਕਤੀ ਵਾਨ ਨੀਚਾਂ ਵਿਚ ਉਤਮ ਅਤੇ ਉਤਮਾਂ ਵਿਚ ਨੀਚ ਉਤਪਨ ਕਰ ਸਕਦਾ ਹੈ।

ਨਾਮ ਜਪਣ ਦਾ ਪ੍ਰਤਾਪ

ਕਬਿਤ—ਚਿੰਤਾਮਨ ਚਿਤਵਤ ਚਿੰਤਾ ਚਿਤ ਤੇ ਚੁਰਾਈ, ਅਜੋਨੀ ਅਰਾਧੇ ਜੋਨਿ ਸੰਕਟ ਕਟਾਏ ਹੈਂ ॥ ਜਪਤ ਅਕਾਲ ਕਾਲ ਕੰਟਕ ਕਲੇਸ ਨਾਸੇ, ਨਿਰਭੈ ਭਜਨ ਭਰਮ ਭੈ ਦਲ ਭਜਾਏ ਹੈਂ ॥ ਸਿੰਮ੍ਰਿਤ ਸੋ ਨਾਥ ਨਿਰਵੈਰ ਵੈਰ ਭਾਉ ਤਿਆਗਜੋ, ਭਾਗਜੋ ਭੇਦ ਖੇਦ ਨਿਰਭੇਦ ਗੁਣ ਗਾਇ ਹੈਂ ॥ ਅਕੁਲ ਅੰਚਲ ਗਹਿ ਕੁਲ ਨ ਬਿਚਾਰੈ ਕੋਊ, ਅਟਲ ਸ਼ਰਨ ਆਵਾਗਵਨ ਮਿਟਾਏ ਹੈਂ ॥ ੪੦੮ ॥

ਚਿੰਤਾਮਣੀ ਵਾਕੁਰ ਜੋ ਨਾਮ ਵਾਹਿਗੁਰੂ ਦਾ ਹੈ ਉਸਨੂੰ ਯਾਦ ਕਰੀਏ ਤਾਂ ਚਿਤ ਤੋਂ ਚਿੰਤਾ ਚੁਰਾਈ ਜਾਂਦੀ ਹੈ ਅਤੇ ਜੋ ਜੂਨੀਆਂ ਵਿਚ ਵਾਹਿਗੁਰੂ ਨਹੀਂ ਆਉਂਦਾ ਉਸਨੂੰ ਅਰਾਧਣ ਨਾਲ ਚੁਰਾਸੀ ਜੋਨੀਆਂ ਦਾ ਦੁਖ ਕਟਿਆ ਜਾਂਦਾ ਹੈ। ਅਕਾਲ ਪੁਰਖ ਦਾ ਨਾਮ ਜਪਣ ਕਰਕੇ ਕੰਟਕ ਕੰਡੇ ਵਾਂਕੁਰ ਕਲੇਸ਼ ਦੇਣ ਵਾਲਾ ਜਮਰਾਜ ਨਸ ਜਾਂਦਾ ਹੈ ਅਤੇ ਬੇਖੌਫ ਵਾਹਿਗੁਰੂ ਦਾ ਨਾਮ ਯਾਦ ਕਰਕੇ ਵੈਰ ਭਾਉ ਛਡਿਆ ਅਤੇ ਨਿਰਭੇਦ

(ਵਾਹਿਗੁਰੂ) ਦਾ ਗੁਣ ਗੌਣ ਨਾਲ ਭੈ ਦੌੜ ਗਿਆ । ਉਸ ਭਗਤ ਦੀ ਕੁਲ ਜਾਤ ਪਾਤ ਕੋਈ ਨਹੀਂ ਵਿਚਾਰਦਾ ਅਤੇ ਅਟਲ ਵਾਹਿਗੁਰੂ ਦੀ ਸ਼ਰਨ ਆਉਣ ਕਰਕੇ ਜਨਮ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ।

ਕਬਿੱਤ—ਬਾਂਛੈ ਨ ਸਵਰਗ ਬਾਸ ਮਾਨੈ ਨ ਨਰਕ ਤ੍ਰਾਸ, ਆਸਾ ਨ ਕਰਤ ਚਿਤ ਹੋਨਹਾਰ ਹੋਇ ਹੈ ॥ ਸੰਪਤ ਨ ਹਰਖ ਬਿਪਤ ਮੈਂ ਨ ਸੋਗ ਤਾਹਿ, ਸੁਖ ਦੁਖ ਸਮਸਰਿ ਬਿਹਸ ਨ ਰੋਇ ਹੈ ॥ ਜਨਮ ਜੀਵਨ ਮ੍ਰਿਤ ਮੁਕਤ ਨ ਭੇਦ ਖੇਦ, ਗੰਮਿਤਾ ਤ੍ਰਿਕਾਲ ਬਾਲ ਬੁਧ ਅਵਿਲੋਇ ਹੈ ॥ ਗਯਾਨ ਗੁਰ ਅੰਜਨ ਕੈ ਚੀਨਤ ਨਿਰੰਜਨ ਕੋ, ਬਿਰਲੋ ਸੰਸਾਰ ਪ੍ਰੇਮ ਭਗਤਿ ਮਾਹਿ ਕੋਇ ਹੈ ॥੪੦੯ ॥

ਸਵਰਗ ਦਾ ਵੱਸਣਾ ਨਾ ਡਰ ਨਾ ਮੰਨੇ ਅਤੇ ਚਿਤ ਵਿਚ ਕਿਸੇ ਚੀਜ਼ ਦੀ ਆਸ਼ਾ ਨਾ ਕਰੇ ਜੋ ਕੁਝ ਵਾਹਿਗੁਰੂ ਦਾ ਭਾਣਾ ਹੋਣਾ ਹੈ ਸੋ ਹੋਣ ਦੇਵੇ । ਬਹੁਤ ਸਾਰੀ ਸਮੱਗ੍ਰੀ ਦੌਲਤ ਮਿਲ ਜਾਵੇ ਤਾਂ ਖੁਸ਼ੀ ਨਹੀਂ ਅਤੇ ਬਿਪਤਾ ਤਿਸ ਨੂੰ ਪਵੇ ਤਾਂ ਸ਼ੋਕ ਨਹੀਂ ਸੁਖ ਦੁਖ ਬਰਾਬਰ ਹੈ ਨਾ ਸੁਖ ਵਿਚ ਹੱਸਦਾ ਹੈ ਅਤੇ ਨਾ ਦੁਖ ਵਿਚ ਰੋਂਦਾ ਹੈ। ਜੰਮਣਾ, ਮਰਣਾ, ਜੀਊਣਾ ਤੇ ਮੁਕਤੀ ਹੋਣਾ ਇਨ੍ਹਾਂ ਖੇਦਾਂ ਦੇ ਭੇਦ ਤੋਂ ਰਹਿ ਚੁਕੇ ਹਨ ਅਤੇ ਤਿੰਨਾਂ ਸਮਿਆਂ ਦੀ ਓਹਨਾਂ ਨੂੰ ਖਬਰ ਹੋ ਗਈ ਹੈ ਪਰ ਇਤਨੀ ਸ਼ਕਤੀ ਸੰਯੁਕਤ ਵੀ ਭੋਲੇ ਭਾਲੇ ਦਿਸਦੇ ਹਨ। (ਅੰਜਨ) ਗਿਆਨਸੁਰਮੇ ਨਾਲ (ਨਿਰੰਜਨ) ਮਾਇਆ ਤੋਂ ਬਿਨਾਂ ਜੋ ਵਾਹਿਗੁਰੂ ਹੈ ਉਸ ਨੂੰ (ਚੀਨਤ) ਜਾਣਦੇ ਹਨ ਪਰ ਅਜੇਹਾ ਕੋਈ ਵਿਰਲਾ ਹੀ ਸੰਸਾਰ ਵਿਚ ਪ੍ਰੇਮਾ ਭਗਤੀ ਵਾਲਾ ਸਿੱਖ ਹੈ।

ਕਬਿੱਤ—ਜੈਸੇ ਤੌ ਮਿਠਾਈ ਰਾਖੀਐ ਛਪਾਇ ਜਤਨ ਕੈ, ਚੀਟੀ ਚਲ ਜਾਇ ਚੀਨ ਤਾਹਿ ਲਪਟਾਤ ਹੈ ॥ ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹ, ਪ੍ਰਗਟ ਪਤੰਗ ਤਾਮੈ ਸਹਜ ਸਮਾਤ ਹੈ ॥ ਜੈਸੇ ਤੌ ਬਿਮਲ ਜਲ ਕਮਲ ਇਕਾਂਤ ਬਸੈ, ਮਧੁਕਰ ਮਧੁ ਅਚਵਨ ਤਹਿ ਜਾਤ ਹੈ ॥ ਤੈਸੇ ਗੁਰਮੁਖ ਜਹ ਘਟ ਪ੍ਰਗਟਤ ਪ੍ਰੇਮ ਸਕਲ ਸੰਸਾਰ ਤਹ ਦ੍ਵਾਰ ਬਿਲਲਾਤ ਹੈ ॥੪੧੦॥

ਜਿਕੁਰ ਮਠਿਆਈ ਨੂੰ ਭਾਵੇਂ ਕਿੰਨੇ ਲੁਕਾ ਰੱਖੀਏ ਪਰ ਫਿਰ ਵੀ ਓਥੇ ਕੀੜੀ ਪਹੁੰਚ ਜਾਂਦੀ ਹੈ ਅਤੇ ਮਠਿਆਈ ਨੂੰ ਵੇਖ ਕੇ ਤਿਸ ਨਾਲ ਚੰਬੜ ਜਾਂਦੀ ਹੈ। ਜਿਕੁਰ ਦੀਵਾ ਭਾਵੇਂ ਜਗਾ ਕੇ ਘਰ ਵਿਚ ਛੁਪਾ ਰੱਖੀਏ ਪਰ ਫਿਰ ਵੀ ਪ੍ਰਗਟ ਹੀ ਪਤੰਗੇ

ਉਸ ਉਤੇ ਸਹਿਜੇ ਸਹਿਜੇ ਜਾ ਮਰਨ ਲਗਦੇ ਹਨ । ਜਿਕੁਰ ਭਾਵੇਂ ਮੈਲ ਤੋਂ ਬਿਨਾਂ ਪਾਣੀ ਵਿਚ ਏਕਾਂਤ ਕਮਲ ਰਹਿੰਦਾ ਹੈ ਪਰ ਫਿਰ ਵੀ ਭੌਰੇ ਮਿਠਾਸ ਦੇ ਚੱਖਣ ਵਾਸਤੇ ਓਥੇ ਚਲੇ ਜਾਂਦੇ ਹਨ । ਤਿਕੁਰ ਹੀ ਜਿਸ ਗੁਰਮੁਖ ਦੇ ਰਿਦੇ ਵਿਚ ਪਰੇਮ ਪੈਦਾ ਹੋਇਆ ਹੈ ਸਾਰਾ ਸੰਸਾਰ ਉਸ ਦੇ ਬੂਹੇ ਤੇ ਖੜੇ ਕੇ ਬੇਨਤੀਆਂ ਕਰਦਾ ਹੈ ।

ਕਬਿੱਤ—ਬਾਜਤ ਨੀਸ਼ਾਨ ਸੁਨੀਅਤ ਚਹੂੰ ਓਰ ਜੈਸੇ, ਉਦਤ ਪ੍ਰਧਾਨ ਭਾਨੁ ਦੁਰੈ ਨ ਦੁਰਾਇ ਸੈਂ ॥ ਦੀਪਕ ਸੈਂ ਦਾਵਾ ਭਏ ਸਕਲ ਸੰਸਾਰ ਮਾਨੈ, ਘਟਿਕਾ ਸੈਂ ਸਿੰਧ ਜੈਸੇ ਛਿਪੈ ਨ ਛਪਾਏ ਸੈਂ ॥ ਚਕ੍ਰਵੈ ਨ ਜੈਸੇ ਛਾਨੋ ਰਹਤ ਸੰਘਾਸਨ ਪੈ, ਦੇਸ ਮੈਂ ਦੁਹਾਈ ਫੇਰੇ ਮਿਟੈ ਨ ਮਿਟਾਏ ਸੈਂ ॥ ਤੈਸੇ ਗੁਰਮੁਖ ਪ੍ਰਿਆ ਪ੍ਰੇਮ ਕੋ ਪ੍ਰਗਾਸ ਜਾਸ, ਗੁਪਤ ਨ ਰਹੈ ਮੋਨ ਬਰਤ ਉਪਜਾਏ ਸੈਂ ॥੪੧੧॥

ਜਿਕੁਰ ਧੌਂਸਾ ਵਜਦਾ ਹੋਇਆ ਚੌਹਾਂ ਪਾਸਿਆਂ ਵਲ ਸੁਣਿਆਂ ਜਾਂਦਾ ਹੈ ਅਤੇ ਮੁਖੀ ਸਾਰਿਆਂ ਵਿਚੋਂ ਜਦ ਸਵੇਰੇ ਸੂਰਜ ਚੜ੍ਹਦਾ ਹੈ ਤਾਂ ਛੁਪਾਇਆ ਹੋਇਆ ਛਿਪਿਆ ਨਹੀਂ ਰਹਿੰਦਾ ਦੀਵੇ ਦੀ ਲਾਟ ਨਾਲ ਸਾਰਾ ਘਰ ਜਾਂ ਜੰਗਲ ਸੜ ਜਾਂਦਾ ਹੈ ਇਸ ਗੱਲ ਨੂੰ ਸਾਰਾ ਸੰਸਾਰ ਮੰਨਦਾ ਹੈ ਜੇ ਕੋਈ ਇਸ ਗੱਲ ਨੂੰ ਛੁਪਾਵੇ ਤਾਂ ਇਕੁਰ ਨਹੀਂ ਛੁਪਦੀ ਜਿਕੁਰ ਘੜੇ ਵਿਚ ਸਮੁੰਦਰ ਦਾ ਪਾਣੀ ਲੁਕਾਇਆ ਹੋਇਆ ਨਹੀਂ ਲੁਕਦਾ । ਜਿਕੁਰ ਚੱਕ੍ਰਵਰਤੀ ਰਾਜਾ ਤਖਤ ਤੇ ਬੈਠਾ ਹੋਇਆ ਛੁਪਿਆ ਨਹੀਂ ਰਹਿੰਦਾ ਦੇਸ ਪ੍ਰਦੇਸ ਉਤੇ ਉਸਦੇ ਜਸ ਦੀ ਦੁਹਾਈ ਜੋ ਫਿਰੀ ਹੋਈ ਹੁੰਦੀ ਹੈ ਉਸ ਨੂੰ ਜੇ ਮਿਟੌਣਾ ਚਾਹੇ ਤਾਂ ਨਹੀਂ ਮਿਟਦੀ । ਤਿਕੁਰ ਹੀ ਜਿਸ ਗੁਰਮੁਖ ਦੇ ਹਿਰਦੇ ਵਿਚ ਪਿਆਰੇ ਵਾਹਿਗੁਰੂ ਦਾ ਪਰੇਮ ਪ੍ਰਗਟ ਹੋਇਆ ਹੈ ਉਹ ਛਪਿਆ ਨਹੀਂ ਰਹਿੰਦਾ ਭਾਵੇਂ ਚੁਪ ਕਰ ਰੱਖਣ ਦਾ ਵਰਤ ਪ੍ਰਗਟ ਕਰ ਰਖੇ ।

ਕਬਿੱਤ—ਜੌ ਪੈ ਦੇਖਿ ਦੀਪਕ ਪਤੰਗ ਪਛਮ ਕੋ ਤਾਕੇ, ਜੀਵਨ ਜਨਮ ਕੁਲ ਲਾਛਨ ਲਗਾਵਈ ॥ ਜੌ ਪੈ ਨਾਦ ਬਾਦ ਸੁਨ ਮ੍ਰਿਗ ਆਨ ਗਜਾਨ ਰਾਚੈ, ਪ੍ਰਾਨ ਸੁਖ ਹ੍ਵੈ ਸਬਦ ਬੇਧੀ ਨ ਕਹਾਵਈ ॥ ਜੌ ਪੈ ਜਲ ਸੈ ਨਿਕਸ ਰਹੈ ਸਰਜੀਤ ਮੀਨ, ਸਹੈ ਦੁਖ ਦੂਸ਼ਨ ਬਿਰਹੁ ਬਿਲਖਾਵਹੀ ॥ ਸੇਵਾ ਗੁਰ ਗਜਾਨ ਧਜਾਨ ਤਜੈ ਭਜੈ ਦੁਬਿਧਾ ਕੌ, ਸੰਗਤ ਮੈ ਗੁਰਮੁਖ ਪਦਵੀ ਨ ਪਾਵਹੀ ॥੪੧੨॥

ਜਿਕੁਰ ਜੇ ਪਤੰਗਾ ਦੀਵੇ ਨੂੰ ਵੇਖ ਕੇ ਪਿਛਾਂਹ ਨੂੰ ਵੇਖੇ ਤਾਂ ਓਹ ਆਪਣੇ ਜੀਊਣੇ

ਅਤੇ ਜਨਮ ਨੂੰ ਤੇ ਕੁਲ ਨੂੰ ਕੁਲੱਛਨ ਲਗੌਂਦਾ ਹੈ। ਜਿਕੁਰ ਜੇ ਵਾਜੇ ਦੇ ਸ਼ਬਦ ਨੂੰ ਸੁਣ ਕੇ ਹਰਨ ਹੋਰ ਅਵਾਜ਼ ਵਲ ਲਗ ਜਾਵੇ ਤਾਂ ਪ੍ਰਾਣਾਂ ਨੂੰ ਸੁਖ ਤਾਂ ਠੀਕ ਹੁੰਦਾ ਹੈ ਪਰ ਘੰਡੇ ਹੇੜੇ ਨਾਲ ਵਿੰਨਿਆਂ ਜਾਣ ਵਾਲਾ ਨਹੀਂ ਕਹੌਂਦਾ। ਜਿਕੁਰ ਜੇ ਪਾਣੀ ਵਿਚੋਂ ਨਿਕਲ ਕੇ ਮੱਛ ਜੀਉਂਦਾ ਰਹੇ ਤਾਂ ਅਨੇਕਾਂ ਦੁਖ ਦੋਸ਼ ਸਹਾਰਦਾ ਹੈ ਅਤੇ ਤੁਰਤ ਹੀ ਵਿਛੋੜੇ ਦੇ ਪਰੇਮ ਕਰਕੇ ਵਿਰਲਾਪ ਕਰਕੇ ਮਰ ਜਾਂਦਾ ਹੈ। ਤਿੱਕੁਰ ਹੀ ਜੇਹੜਾ ਸਿਖ ਗੁਰਾਂ ਦੇ ਗਜਾਨ ਧਜਾਨ ਸੇਵਾ ਨੂੰ ਛਡ ਦੇਵੇ ਅਤੇ ਦ੍ਵੈਤ ਭਾਉ ਨੂੰ ਧਾਰਨ ਕਰੇ ਸੋ ਸਾਧ ਸੰਗਤ ਵਿਚ ਗੁਰਮੁਖਾਂ ਵਾਲੇ ਮੁਰਾਤਬੇ ਨੂੰ ਨਹੀਂ ਪਾਉਂਦਾ।

ਕਬਿੱਤ—ਜੈਸੇ ਏਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤ, ਏਕ ਟਕ ਪਗ ਡਗ ਮਗ ਸਾਵਧਾਨ ਹੈ॥ ਜੈਸੇ ਕੂੰਜ ਪਾਤ ਭਲੀ ਭਾਂਤ ਸਾਂਤਿ ਸਹਜ ਮੈ, ਉਡਤ ਅਕਾਸਚਾਰੀ ਆਗੇ ਅਗਵਾਨ ਹੈ॥ ਜੈਸੇ ਮ੍ਰਿਗ ਮਾਲ ਚਾਲ ਚਲਤ ਟਲਤ ਨਾਹਿ, ਜਤ੍ਰ ਤਤ੍ਰ ਅਗ੍ਰ ਭਾਗੀ ਰਮਤ ਤਤ ਗਜਾਨ ਹੈ॥ ਚੀਟੀ ਖਗ ਮਿਰਗ ਸਨਮੁਖ ਪਾਛੈ ਲਾਗੈ ਜਾਹਿ, ਪ੍ਰਾਨੀ ਗੁਰ ਪੰਥ ਛਾਡਿ ਚਲਤ ਅਗਜਾਨ ਹੈ॥ ੪੧੩॥

ਜਿਕੁਰ ਇਕ ਕੀੜੀ ਦੇ ਮਗਰ ਕਰੋੜਾਂ ਹੀ ਕੀੜੀਆਂ ਲਗਾਤਾਰ ਪੈਰਾਂ ਵਲ ਧਿਆਨ ਕਰਕੇ ਉਚੇ ਨੀਵੇਂ ਰਸਤੇ ਵਿਚ ਤਕੜੀਆਂ ਹੋਕੇ ਚਲੀਆਂ ਜਾਂਦੀਆਂ ਹਨ। ਜਿਕੁਰ ਕੂੰਜਾਂ ਦੀਆਂ ਡਾਰਾਂ ਅੱਛੀ ਤਰਾਂ ਸ਼ਾਂਤੀ ਨਾਲ ਸਹਿਜੇ ਸਹਿਜੇ ਉਡਦੀਆਂ ਹਨ ਅਤੇ ਅਗੇ ਚੱਲਣ ਵਾਲੀ ਅਕਾਸ਼ ਦੇ ਫਿਰਨ ਵਾਲੀ ਇਕੋ ਹੀ ਕੂੰਜ ਹੁੰਦੀ ਹੈ। ਜਿੱਕੁਰ ਹਰਨਾਂ ਦੀ ਡਾਰ ਇਕੋ ਚਾਲ ਚੱਲਦੀ ਹੈ ਅਤੇ ਉਸ ਤੋਂ ਹਟਦੀ ਨਹੀਂ ਜਿਧਰ ਨੂੰ ਅਗੇ ਜਾਣ ਵਾਲਾ ਹਰਨ ਜਾਂਦਾ ਹੈ ਓਧਰ ਨੂੰ ਹੀ ਸਾਰਿਆਂ ਦਾ ਇਕ ਰਸ ਧਿਆਨ ਜਾਂਦਾ ਹੈ। ਕੀੜੀ, ਪੰਛੀ, ਹਰਨ ਆਪਣੇ ਆਪਣੇ ਆਗੂ ਦੇ ਅਗੇ ਪਿਛੇ ਤੁਰੇ ਜਾਂਦੇ ਹਨ ਅਤੇ ਜੋ ਜੀਵ ਗੁਰ ਮਾਰਗ ਨੂੰ ਛੱਡ ਕੇ ਚੱਲਦਾ ਹੈ ਓਹ ਬਾਹਲਾ ਅਗਿਆਨੀ ਹੈ।

ਕਬਿੱਤ—ਜੈਸੇ ਪ੍ਰਿਆ ਸੰਗਮ ਸੁਗਮ ਨਾਇਕਾ ਬਖਾਨੈ, ਸੁਨ ਸੁਨ ਸਜਨੀ ਸਗਲ ਬਿਗਸਾਤ ਹੈ॥ ਸਿਮਰ ਸਿਮਰ ਪ੍ਰਿਆ ਪ੍ਰੇਮ ਰਸ ਬਿਸਮ ਹ੍ਵੈ, ਸੋਭਾ ਦੇਤ ਮੋਨ ਗਹੇ ਮਨ ਮੁਸਕਾਤ ਹੈ॥ ਪੂਰਨ ਅਧਾਨ ਪਰਸੂਤ ਸਮੈ ਰੁਦਨ ਸੈ, ਗੁਰਜਨ ਮੁਦਤ ਹ੍ਵੈ ਤਾਹੀ ਲਪਟਾਤ ਹੈ॥ ਤੈਸੇ ਗੁਰਮੁਖ ਪ੍ਰੇਮ ਭਗਤ ਪ੍ਰਗਾਸੁ ਜਾਸ, ਬੋਲਤ ਬੈਰਾਗ ਮੋਨ ਸਭਹੁ ਸੁਹਾਤ ਹੈ॥੪੧੪॥

ਜਿਕੁਰ ਜੋ ਇਸਤ੍ਰੀ ਪਿਆਰੇ ਪਤੀ ਦਾ ਸਾਥ ਕਰਦੀ ਹੈ ਤਦ ਸਾਰੀਆਂ ਇਸਤ੍ਰੀਆਂ ਉਸ ਇਸਤ੍ਰੀ ਦਾ ਸ੍ਰੇਸ਼ਟ ਜਸ ਕਰਦੀਆਂ ਹਨ ਅਤੇ ਨਿੱਕੀਆਂ ਨਿੱਕੀਆਂ ਕੁੜੀਆਂ ਸੁਣ ਕੇ ਹੱਸਦੀਆਂ ਹਨ। ਪਿਆਰੇ ਪਤੀ ਦੇ ਅਸਚਰਜ ਪਰੇਮ ਦੇ ਅਨੰਦ ਨਾਲ ਪਤਿਬ੍ਰਤ ਇਸਤ੍ਰੀ ਨੂੰ ਵੇਖ ਕੇ ਹੋਰ ਸਹੇਲੀਆਂ ਉਸ ਦੇ ਜਸ ਕਰਤੱਬਾਂ ਨੂੰ ਯਾਦ ਕਰ ਕਰਕੇ ਸ਼ੋਭਾ ਦੇਂਦੀਆਂ ਹਨ ਪਰ ਓਹ ਅਗੋਂ ਚੁਪ ਕਰ ਛੱਡਦੀ ਹੈ ਅਤੇ ਹੋਰ ਕੁੜੀਆਂ ਹੱਸਦੀਆਂ ਹਨ। ਜਦ ਬੱਚੀ ਬੱਚਾ ਪੇਟ ਵਿਚ ਪੂਰਾ ਤਿਆਰ ਬਰ ਤਿਆਰ ਪੈਦਾ ਹੋਣ ਨੂੰ ਹੁੰਦਾ ਹੈ ਤਦ ਉਸ ਪ੍ਰਸੂਤ ਦੇ ਵੇਲੇ ਜੋ ਦੁਖ ਉਸ ਇਸਤਰੀ ਨੂੰ ਹੁੰਦਾ ਹੈ ਸੋ ਤਿਸ ਕਰ ਕੇ ਰੋਂਦੀ ਹੈ ਅਤੇ ਘਰ ਦੇ ਵਡੇ ਵਡੇ ਆਦਮੀ ਪ੍ਰਸੰਨ ਹੋ ਕੇ ਉਸ ਦੀ ਸੇਵਾ ਵਿਚ ਲਗਦੇ ਹਨ। ਤਿੱਕੁਰ ਹੀ ਜਿਸ ਗੁਰਮੁਖ ਦੇ ਹਿਰਦੇ ਵਿਚ ਪਰੇਮਾ ਭਗਤੀ ਦਾ ਚਾਨਣ ਹੋਇਆ ਹੈ ਓਹ ਚਾਹੇ ਵੈਰਾਗੀ ਬੋਲ ਬੋਲੇ ਚਾਹੇ ਚੁਪ ਕਰ ਰਹੇ ਪਰ ਸਾਰਿਆਂ ਨੂੰ ਹੱਛਾ ਲੱਗਦਾ ਹੈ।

ਕਬਿੱਤ—ਜੈਸੇ ਕਾਛੀ ਫਲ ਹੇਤ ਬਿਬਿਧ ਬਿਰਖ ਰੋਪੈ, ਨਿਹਫਲ ਰਹੇ ਬਿਰਖੈ ਨ ਕਾਹੂੰ ਕਾਜ ਹੈ॥ ਸੰਤਤਿ ਨਮਿਤ ਨ੍ਰਿਪ ਅਨਿਕ ਬਿਵਾਹ ਕਰੈ, ਸੰਤਤਿ ਬਿਹੂਨ ਬਨਿਤਾ ਨ ਗ੍ਰਿਹ ਛਾਜ ਹੈ॥ ਵਿਦ੍ਯਾ ਦਾਨ ਜਾਨ ਜੈਸੇ ਪਾਂਧਾ ਚਟਸਾਰ ਜੋਰੈ, ਵਿਦ੍ਯਾ ਹੀਨ ਦੀਨ ਖਲ ਨਾਮ ਉਪਰਾਜ ਹੈ॥ ਸਤਿਗੁਰ ਸਿਖ ਸਾਖਾ ਸੰਗ੍ਰਹੈ ਸੁ ਗ੍ਯਾਨ ਨਮਿਤ, ਬਿਨੁ ਗੁਰ ਧ੍ਯਾਨ ਧ੍ਰਿਗ ਜਨਮ ਕੌ ਲਾਜ ਹੈ॥੪੧੫॥

ਜਿੱਕੁਰ ਮਾਲੀ ਫਲ ਵਾਸਤੇ ਨਾਨਾ ਤਰ੍ਹਾਂ ਦੇ ਦਰਖਤਾਂ ਨੂੰ ਪਾਣੀ ਦੇ ਕੇ ਖੜੇ ਕਰਦਾ ਹੈ ਪਰ ਜਿਹੜੇ ਦਰਖਤ ਫਲ ਤੋਂ ਖਾਲੀ ਰਹੇ ਉਹ ਕਿਸੇ ਕੰਮ ਦਾ ਨਹੀਂ ਹੁੰਦਾ। ਜਿੱਕੁਰ ਔਲਾਦ ਵਾਸਤੇ ਅਨਿਕਾਂ ਵਿਵਾਹ ਰਾਜਾ ਕਰਦਾ ਹੈ ਕਿਉਂਕਿ ਸੰਤਾਨ ਤੋਂ ਬਿਨਾਂ ਇਸਤਰੀ ਰਾਜੇ ਦੇ ਘਰ ਅੱਛੀ ਨਹੀਂ ਲੱਗਦੀ। ਜਿੱਕੁਰ ਪਾਂਧਾ ਵਿਦਿਆ ਦਾ ਦਾਨ ਉਤਮ ਜਾਣ ਕੇ ਕਰਨ ਲਈ ਪਾਠਸ਼ਾਲਾ ਵਿਚ ਮੁੰਡਿਆਂ ਨੂੰ ਇਕਠਿਆਂ ਕਰਦਾ ਹੈ ਅਤੇ ਜਿਹੜੇ ਉਸ ਪਾਠਸ਼ਾਲਾ ਵਿਚੋਂ ਵਿਦਿਆ ਤੋਂ ਹੀਨ ਹੋ ਕੇ ਨਿਕਲਣ ਓਹ ਆਪਣੇ ਨਾਮ ਨੂੰ ਗਰੀਬ ਮੂਰਖ ਪ੍ਰਗਟ ਕਰਾਉਂਦੇ ਹਨ। ਤਿਕੁਰ ਹੀ ਸਤਿਗੁਰੂ ਬ੍ਰਿਛ ਦੀ ਨਿਆਈਂ ਫਲ ਗਿਆਨ ਦੇਣ ਲਈ ਸਿਖਾਂ ਦੇ ਇਕੱਠ ਜੋੜ ਮੇਲੇ ਨੂੰ ਫੈਲਾਉਂਦੇ ਹਨ ਪਰ ਜੋ ਸਿੱਖ ਗੁਰਾਂ ਦਾ ਗਿਆਨ ਫਲ ਤੋਂ ਬਿਨਾਂ ਰਹੇ ਉਸ ਨੂੰ ਧ੍ਰਿਕਾਰ ਹੈ ਅਤੇ ਉਸਦੇ ਜਨਮ ਧਾਰੇ ਨੂੰ ਵੀ ਲੱਜਿਆ ਹੈ।

ਚਰਨ ਧੂੜ ਤੇ ਤੀਰਥ

ਕਬਿੱਤ—ਸੁਰਸਰੀ ਸੁਰਸ੍ਵਤੀ ਜਮਨਾ ਔ ਗੋਦਾਵਰੀ, ਗਯਾ

ਪ੍ਰਾਗ ਸੇਤ ਕੁਰਖੇਤ ਮਾਨਸਰ ਹੈ ॥ ਕਾਸ਼ੀ ਕਾਂਤੀ ਦ੍ਵਾਰਾਵਤੀ ਮਾਯਾ ਮਥਰਾ ਅਜੁੱਧਿਆ, ਗੋਮਤੀ ਅਵੰਤਕਾ ਕਿਦਾਰ ਹਿਮਧਰ ਹੈ ॥ ਨਰਬਦਾ ਬਿਬਿਧ ਬਨ ਦੇਵ ਸਥਲ ਕਵਲਾਸ, ਨੀਲ ਮੰਦਰਾਚਲ ਸੁਮੇਰ ਗਿਰਵਰ ਹੈ ॥ ਤੀਰਥ ਅਰਥ ਸਤ ਧਰਮ ਦਯਾ ਸੰਤੋਖ, ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ ॥੪੧੬॥

ਗੰਗਾ, ਸੁਰਸ੍ਵਤੀ, ਜਮਨਾ ਅਤੇ ਗੋਦਾਵਰੀ, ਗਯਾ, ਪ੍ਰਾਗ ਰਾਜ(ਸੇਤ)ਰਾਮੇਸ਼ਵਰ ਕੁਰਖੇਤਰ (ਮਾਨਸਰ) ਤਾਲ। ਸ਼ਿਵ ਪੁਰੀ, ਕਾਂਸ਼ੀ ਪੁਰੀ, ਦੁਆਰਕਾ ਨਾਥ, ਮਾਯਾ ਕੁੰਡ, ਕ੍ਰਿਸ਼ਨਪੁਰੀ, ਰਾਮਚੰਦ੍ਰ ਦੀ ਜਨਮ ਭੂਮਿਕਾ ਗੋਮਤੀ ਤੀਰਥ, ਅਵੰਤਕਾ ਤੀਰਥ, ਕਿਦਾਰ ਨਾਥ, ਹਿਮਾਚਲ ਬਰਫ ਦਾ ਪਹਾੜ । ਨਰਬਦਾ ਨਦੀ, ਨਾਨਾ ਤਰ੍ਹਾਂ ਦੇ ਦੇਵਤਿਆਂ ਦੇ ਬਨ ਅਤੇ ਦੇਵਤਿਆਂ ਦੇ ਰਹਿਣ ਵਾਲੀ ਥਾਂ ਸਵਰਗ, ਕੈਲਾਸ਼ ਪਹਾੜ ਸ਼ਿਵਜੀ ਦਾ ਘਰ, ਨੀਲਧਾਰਾ, ਮੰਦ੍ਰਾਚਲ ਪਰਬਤ, ਸੁਮੇਰ ਪਰਬਤ, ਹੋਰ ਹਛੇ ਹਛੇ ਕਈ ਪਹਾੜ। ਜਿੰਨੇ ਕੁ ਉਪਰੋਕਤ ਤੀਰਥ ਹਨ ਅਤੇ(ਅਰਥ)ਧਨ ਪਦਾਰਥ (ਸਗਰ) ਸਾਰੇ ਸੁਭਾਇਮਾਨ ਗੁਰਾਂ ਦੇ ਚਰਨ ਕਮਲ ਦੀ ਧੂੜੀ ਦੇ ਬਰਾਬਰ ਨਹੀਂ ।

ਕਬਿੱਤ—ਜੈਸੇ ਕੁਆਰ ਕੰਨਯਾ ਮਿਲ ਖੇਲਤ ਅਨੇਕ ਸਖੀ, ਸਗਲ ਕੋ ਏਕੈ ਦਿਨ ਹੋਤ ਨ ਬਿਵਾਹ ਜੀ ॥ ਜੈਸੇ ਬੀਰ ਖੇਤ ਬਿਖੈ ਜਾਤ ਹੈ ਸੁਭਟ ਜੇਤੇ, ਸਭੈ ਨ ਮਰਤ ਤੇਤੇ ਸਸਤ੍ਰ ਸਨਾਹ ਜੀ ॥ ਬਾਵਨ ਸਮੀਪ ਜੈਸੇ ਬਿਬਿਧ ਬਨਾਸਪਤੀ, ਏਕੈ ਬੇਰ ਚੰਦਨ ਕਰਤ ਹੈ ਨ ਤਾਹਿ ਜੀ ॥ ਤੈਸੇ ਗੁਰ ਚਰਨ ਸਰਨ ਜਾਤ ਹੈ ਜਗਤ, ਜੀਵਨ ਮੁਕਤਿ ਪਦ ਚਾਹਤ ਹੈ ਜਾਹਿ ਜੀ ॥੪੧੭॥

ਜਿੱਕੁਰ ਮਿਲਕੇ ਕੁਆਰੀਆਂ ਕੁੜੀਆਂ ਬਾਹਲੀਆਂ ਖੇਡਦੀਆਂ ਹਨ ਪਰ ਸਾਰੀਆਂ ਸਖੀਆਂ ਦਾ ਵਿਆਹ ਇਕ ਦਿਨ ਹੀ ਨਹੀਂ ਹੋ ਜਾਂਦਾ। ਜਿੱਕੁਰ ਸਨੱਧਬੱਧ ਹੋ ਕੇ ਜਿਤਨੇ ਸੂਰਮੇ ਜੰਗ ਵਿਚ ਹਨ ਓਹ ਸਾਰੇ ਹੀ ਨਹੀਂ ਮਰ ਜਾਂਦੇ। ਜਿੱਕੁਰ ਬਾਵਨ ਚੰਦਨ ਦੇ ਪਾਸ ਨਾਨਾਂ ਤਰ੍ਹਾਂ ਦੇ ਬੂਟੇ ਹੁੰਦੇ ਹਨ ਪਰ ਇਕੋ ਵੇਰੀ ਹੀ ਤੇ ਨਹੀਂ ਸਾਰਿਆਂ ਨੂੰ ਚੰਦਨ ਬਣਾ ਲੈਂਦਾ। ਤਿੱਕੁਰ ਹੀ ਗੁਰਾਂ ਦੇ ਚਰਨਾਂ ਦੀ ਸ਼ਰਨ ਤਾਂ ਭਾਵੇਂ ਸਾਰਾ ਹੀ ਜਗਤ ਜਾਂਦਾ ਹੈ ਪਰ ਜਿਸ ਨੂੰ ਗੁਰੂ ਜੀ ਚਾਹੁੰਦੇ ਹਨ ਉਸਨੂੰ ਜੀਵਨ ਮੁਕਤੀ ਦਾ ਅਨੰਦ ਦੇਂਦੇ ਹਨ।

ਕਬਿੱਤ—ਜੈਸੇ ਗ੍ਵਾਰ ਗਾਇਨ ਚਰਾਵਤ ਜਤਨ ਬਨ, ਖੇਤ ਨ

ਪਰਤ ਸਭ ਚਰਤ ਅਘਾਇਕੈ ॥ ਜੈਸੇ ਰਾਜਾ ਧਰਮ ਸਰੂਪ ਰਾਜ ਨੀਤਿ ਬिਖै ਤਾਕੇ ਦੇਸ ਪਰਜਾ ਬਸਤ ਸੁਖ ਪਾਇਕੈ ॥ ਜੈਸੇ ਹੋਤ ਖੇਵਟ ਚੇਤੰਨ ਸਾਵਧਾਨ ਜਾਮੈ, ਲਾਗੇ ਨਿਰਵਿਘਨ ਬੋਹਿਥ ਪਾਰ ਜਾਇਕੈ ॥ ਤੈਸੇ ਗੁਰ ਉਨਮਨ ਮਗਨ ਬ੍ਰਹਮ ਜੋਤਿ, ਜੀਵਨ ਮੁਕਤਿ ਕਰੈ ਸਿਖ ਸਮਝਾਇਕੈ ॥੪੧੮॥

ਜਿਕੁਰ ਵਾਗੀ ਡੰਗਰਾਂ ਨੂੰ ਤਕੜਾ ਹੋ ਕੇ ਜੂਹ ਵਿਚ ਚਾਰਦਾ ਹੈ ਅਤੇ ਪੈਲੀ ਵਿਚ ਨਹੀਂ ਪੈਣ ਦਿੰਦਾ, ਇਸ ਲਈ ਬਾਹਰੋਂ ਘਾਹ ਖਾ ਕੇ ਰੱਜਦੇ ਹਨ । ਜਿਕੁਰ ਰਾਜਾ ਰਾਜਨੀਤੀ ਵਿਚ ਤਕੜਾ ਧਰਮ ਦੀ ਮੂਰਤੀ ਹੋਵੇ ਤਾਂ ਉਸ ਦੇ ਦੇਸ ਦੀ ਪਰਜਾ ਸੁਖ ਪਾ ਕੇ ਵਸਦੀ ਹੈ । ਜਿਕੁਰ ਸਿਆਣਾ ਮਲਾਹ ਤਕੜਾ ਜਿਸ ਜਹਾਜ਼ ਵਿਚ ਹੋਵੇ ਤਾਂ ਓਹ ਜਹਾਜ਼ ਨਿਰ ਵਿਘਨ ਪਾਰ ਜਾ ਲੱਗਦਾ ਹੈ । ਤਿੱਕੁਰ ਹੀ ਗੁਰੂ ਤੁਰੀਆ ਪਦ ਵਾਹਿਗੁਰੂ ਦੀ ਜੋਤੀ ਵਿਚ ਜੇ ਆਪ ਮਸਤ ਹੋਣ ਤਾਂ ਸਿੱਖਾਂ ਨੂੰ ਸਮਝਾ ਕੇ ਜੀਉਣ ਮੁਕਤਿ ਕਰ ਸਕਦੇ ਹਨ ।

ਕਬਿੱਤ—ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ, ਪੀਰ ਮਿਟ ਜਾਇ ਲੀਕ ਮਿਟਤ ਨ ਪੇਖੀਐ ॥ ਜੈਸੇ ਫਾਟੋ ਅੰਬਰ ਸੀਆਇ ਪੁਨ ਓਢੀਅਤਿ, ਨਾਗੋ ਤੋ ਨਾ ਹੋਇ ਤਊ ਬੇਗਰੀ ਪਰੇਖੀਐ ॥ ਜੈਸੇ ਫੂਟੋ ਬਾਸਨ ਸਵਾਰ ਦੇਤ ਹੈ ਠਠੇਰੋ, ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ ॥ ਤੈਸੇ ਗੁਰ ਚਰਨ ਬਿਮੁਖ ਦੁਖ ਦੇਖ ਪੁਨ, ਸਰਨ ਗਹੇ ਪੁਨੀਤ ਪੈ ਕਲੰਕ ਲੇਖੀਐ ॥੪੧੯॥

ਜਿਕੁਰ ਜ਼ਖਮੀ ਦਾ ਫਟ ਯਤਨ ਕਰਕੇ ਹੱਛਾ ਤੇ ਹੋ ਜਾਂਦਾ ਹੈ ਅਤੇ ਪੀੜ ਵੀ ਦੂਰ ਹੋ ਜਾਂਦੀ ਹੈ ਪਰ ਜੋ ਫੱਟ ਦੀ ਰਗੜ ਦਾ ਦਾਗ ਹੈ ਓਹ ਨਹੀਂ ਦੂਰ ਹੁੰਦਾ (ਵੇਖਿਆ) ਹੈ । ਜਿੱਕੁਰ ਪਾਟਾ ਹੋਇਆ ਕਪੜਾ ਸੀਉਂ ਕੇ ਉਪਰ ਲਈਦਾ ਹੈ ਅਤੇ ਨੰਗੇ ਤੇ ਨਹੀਂ ਹੋਈਦਾ ਪਰ ਓਹ ਟੱਲੀ ਲੱਗੀ ਹੋਈ ਜਾਪਦੀ ਹੈ ਜਿਕੁਰ ਟੁਟੇ ਹੋਇ ਭਾਂਡੇ ਨੂੰ ਠਠੇਰਾ ਸਵਾਰ ਕੇ ਰੀਢ ਦਿੰਦਾ ਹੈ ਭਾਵੇਂ ਪਾਣੀ ਤਾਂ ਵਿਚੋਂ ਨਹੀਂ ਡੁਲ੍ਹਦਾ ਪਰ ਰੀਢ ਵਾਲਾ (ਭੇਖ) ਰੂਪ ਦੇਖੀਦਾ ਹੈ । ਤਿੱਕੁਰ ਹੀ ਗੁਰਾਂ ਦੇ ਚਰਨਾਂ ਤੋਂ ਬੇਮੁਖ ਸਿਖ ਹੋ ਜਾਵੇ ਤਾਂ ਉਸ ਨੂੰ ਬਹੁਤ ਸਾਰੇ ਦੁਖ ਚੰਬੜ ਜਾਂਦੇ ਹਨ ਫਿਰ ਓਹਨਾਂ ਦੁਖਾਂ ਦੇ ਡਰ ਕਰਕੇ ਗੁਰਾਂ ਦੀ ਸ਼ਰਨ ਆਕੇ ਰਾਹ ਫੜਨ ਤੇ ਤਦ ਪਵਿੱਤ੍ਰ ਤਾਂ ਹੋ ਸਕਦੇ ਹਨ ਪਰ ਓਹ ਕਲੰਕ ਜੋ ਲਿਖਿਆ ਹੋਇਆ ਹੈ ਓਹ ਨਹੀਂ ਮਿਟਦਾ ।

ਕਬਿੱਤ—ਦੇਖ ਦੇਖ ਦ੍ਰਿਗਨ ਦਰਸ ਮਹਿਮਾ ਨ ਜਾਨੀ, ਸੁਨ ਸੁਨ ਸਬਦ ਮਹਾਤਮ ਨ ਜਨਿਯੋ ॥ ਗਾਇ ਗਾਇ ਗੰਮਿਤਾ ਗੁਨ ਗਨ ਗੁਨ ਨਿਧਾਨ, ਹਸਿ ਹਸਿ ਪ੍ਰੇਮ ਕੋ ਪ੍ਰਤਾਪ ਨਾ ਪਛਾਨਿਯੋ ਹੈ ॥ ਰੋਇ ਰੋਇ ਬਿਰਹੁ ਵਿਜੋਗ ਕੇ ਨ ਸੋਗ ਜਾਨਯੋ, ਮਨਿ ਗਹਿ ਗਹਿ ਮਨ ਮੁਗਧ ਨ ਮਾਨਿਯੋ ਹੈ ॥ ਲੋਗ ਬੇਦ ਗਯਾਨ ਉਨਮਾਨ ਕੈ ਨ ਜਾਨ ਸਕਯੋ, ਜੀਵਨ ਜਨਮ ਧ੍ਰਿਗ ਬਿਮੁਖ ਬਿਹਾਨਿਯੋ ਹੈ॥੪੨੦॥

ਨੇਤਰਾਂ ਦੀ ਨਜ਼ਰ ਨਾਲ ਵੇਖ ਕੇ ਗੁਰਾਂ ਦੇ ਦਰਸ਼ਨ ਦੀ ਮਹਿਮਾ ਨਾ ਜਾਣੀ ਅਤੇ ਕੰਨਾਂ ਨਾਲ ਸ਼ਬਦ ਸੁਣ ਕੇ ਸ਼ਬਦ ਦਾ ਫਲ ਨਾ ਜਾਣਿਆਂ। ਗੁਣਾਂ ਦੇ ਖਜ਼ਾਨੇ ਦਾ ਗੁਣ ਬਾਹਲੇ ਗਾ ਗਾ ਕੇ ਪਹੁੰਚਣ ਦੀ ਸ਼ਕਤੀ ਨਾ ਜਾਣੀ ਅਤੇ ਹੱਸ ਹੱਸ ਕੇ ਪਰੇਮ ਦਾ ਪਰਤਾਪ ਨਾ ਪਛਾਣਿਆਂ। ਪੁਤਰ ਧੀਆਂ ਦੇ ਮੋਹ ਕਰਕੇ ਵਿਛੋੜੇ ਵਿਚ ਰੋਂਦਾ ਰਿਹਾ ਅਤੇ ਪ੍ਰਮਾਤਮਾਂ ਦੇ ਵਿਛੋੜ ਵਿਚ ਸ਼ੋਕ ਨਾ ਜਾਣਿਆ ਅਤੇ ਮਨ ਨੂੰ ਫੜਨਾ ਫੜਨਾ ਕਰਦਾ ਰਿਹਾ ਪਰ ਮਨ ਮੂਰਖ ਪ੍ਰਮਾਤਮਾਂ ਵਿਚ ਨਾ ਮੰਨਿਆਂ। ਲੋਕਾਂ ਅਤੇ ਵੇਦਾਂ ਸ਼ਾਸਤਰਾਂ ਦੇ ਗਿਆਨ ਵਿਚ ਲਗ ਕੇ ਪ੍ਰਮਾਤਮਾ ਦੇ ਵਿਚਾਰ ਨੂੰ ਨਾ ਜਾਣ ਸਕਿਆ ਉਸਦੇ ਜੀਉਣੇ ਅਤੇ ਜਨਮ ਨੂੰ ਧ੍ਰਿਕਾਰ ਹੈ, ਕਿਉਂਕਿ ਵਾਹਿਗੁਰੂ ਪ੍ਰਮਾਤਮਾ ਤੋਂ ਬੇਮੁਖ ਹੋ ਕੇ ਉਸਨੇ ਜਨਮ ਗੁਜ਼ਾਰਿਆ ਹੈ।

ਕਬਿੱਤ—ਕੋਟਨਿ ਕੋਟਾਨ ਮਨਿ ਕੋ ਚਮਤਕਾਰ ਵਾਰੋ, ਸਸੀਅਰ ਸੂਰ ਕੋਟ ਕੋਟਨਿ ਪ੍ਰਗਾਸ ਜੀ ॥ ਕੋਟਨਿ ਕੋਟਾਨ ਭਾਗ ਪੂਰਨ ਪਰਤਾਪ ਛਬਿ, ਜਗ ਮਗ ਜੋਤਿ ਕੋ ਹੈ ਸੁਜਸ ਨਿਵਾਸ ਜੀ ॥ ਸਿਵ ਸਨਕਾਦਿ ਬ੍ਰਹਮਾਦਿਕ ਮਨੋਰਥ ਹੈ, ਤੀਰਥ ਕੋਟਾਨ ਕੋਟ ਬਾਛਤ ਹੈ ਤਾਸ ਜੀ ॥ ਦਰਸਨ ਸੋਭਾ ਕੇ ਮਹਾਤਮ ਅਗਾਧ ਬੋਧ, ਸ੍ਰੀ ਗੁਰ ਚਰਨ ਰਜ ਮਾਤ੍ਰ ਲਾਗੀ ਜਾਸ ਜੀ ॥੪੨੧॥

ਕ੍ਰੋੜਾਂ ਹੀ ਮਣੀਆਂ ਦੇ ਚਮਤਕਾਰੇ ਅਤੇ ਕਰੋੜਾਂ ਹੀ ਚੰਦਰਮਾਂ ਸੂਰਜ ਦੇ ਚਾਨਣ ਵਾਰ ਸੁਟੀਏ। ਕਰੋੜਾਂ ਹੀ ਪੂਰੇ ਪਰਤਾਪ ਅਤੇ ਕਰੋੜਾਂ ਹੀ ਸਜਾਵਟ ਦੇ ਭਾਗ ਅਤੇ ਪ੍ਰਕਾਸ਼ ਵਾਲੀ ਜੋਤੀ (ਤਾਰਿਆਂ) ਦੀ ਜੋ ਸਰੇਸ਼ਟ ਜਸ਼ ਵਾਲੀ ਇਕੱਠੀ ਹੋਈ ਹੋਈ ਹੈ। ਕਰੋੜਾਂ ਹੀ ਸ਼ਿਵ ਜੀ ਤੇ ਬ੍ਰਹਮਾ ਦੇ ਚਾਰ ਪੁਤਰ ਆਦਿਕ ਅਤੇ ਬ੍ਰਹਮਾ ਬਿਸ਼ਨ ਆਦਿਕ ਮਨ ਦੇ ਪ੍ਰਯੋਜਨ ਕਰਕੇ ਅਤੇ ਕਰੋੜਾਂ ਹੀ ਤੀਰਥ (ਤਾਸ) ਤਿਸ ਸਿਖ ਦੇ ਚਰਨਾਂ ਦੀ ਧੂੜੀ ਨੂੰ ਚਾਹੁੰਦੇ ਹਨ। ਸੁਭਾਇਮਾਨ ਗੁਰਾਂ ਦੇ ਚਰਨਾਂ ਦੀ ਧੂੜੀ ਜਿਸ

ਖ ਦੇ ਥੋਹੜੀ ਜਿਹੀ ਮਥੇ ਨੂੰ ਲਗ ਜਾਵੇ ਓਸ ਦੇ ਦਰਸ਼ਨ ਦੀ ਸ਼ੋਭਾ ਉਪਰੋਕਤ ਪ ਸੋਂ ਨਹੀਂ ਜਾਣੀ ਜਾਂਦੀ ।

ਸਵੈਯਾ—ਖਗ ਮ੍ਰਿਗ ਮੀਨ ਪਤੰਗ ਚਰਾਚਰ, ਜੋਨਿ ਅਨੇਕ ਬਿਖੈ ਭ੍ਰਮ ਆਇਓ ॥ ਸੁਨ ਸੂਨ ਪਾਇ ਰਸਾਤਲ ਭੂਤਲ, ਦੇਵਪੁਰੀ ਪਤਿ ਲੌ ਬਹੁ ਧਾਇਓ ॥ ਜੋਗ ਹੂੰ ਭੋਗ ਦੂਖਾਦਿ ਸੁਖਾਦਿਕ, ਧਰਮ ਅਧਰਮ ਸੁ ਕਰਮ ਕਮਾਇਓ ॥ ਹਾਰ ਪਰਿਓ ਸਰਨਾਗਤਿ ਆਇ, ਗੁਰੂ ਮੁਖ ਦੇਖ ਗਰੂ ਸੁਖ ਪਾਇਓ ॥੪੨੨॥

ਪੰਛੀ, ਹਰਨ, ਮੱਛ, ਪਤੰਗਾਂ ਹੋਰ ਜੜ ਚੇਤਨ ਜੀਵ ਜੋ ਹਨ ਤਿਨ੍ਹਾਂ ਦੀਆਂ ਅਨੇਕਾਂ ਹੀ ਜੂਨੀਆਂ ਵਿਚ ਭੌਂਦਾ ਆਇਆ ਹਾਂ । ਕੰਨਾਂ ਨਾਲ ਆਵਾਜ਼ ਸੁਣ ਕੇ ਪਤਾਲ ਅਤੇ ਸਾਰੀ ਧਰਤੀ ਅਤੇ ਦੇਵਤਿਆਂ ਦੀ ਨਗਰੀ ਤਕ ਬਾਹਲਾ ਭਜਿਆ ਫਿਰਿਆ । ਵਾਹਿਗਰੂ ਵਿਚ ਜੁੜਨਾ ਛਡਕੇ ਭੋਗਾਂ ਵਿਚ ਲਗ ਗਿਆ ਅਤੇ ਦੁਖ ਆਦਿਕਾਂ ਨਾਲ ਜਿਹੜੇ ਸ਼ਾਮਲ ਹੁੰਦੇ ਸਨ ਓਹਨਾਂ ਨੂੰ ਛਡ ਕੇ ਗ੍ਰਿਹਸਤ ਦੇ ਸੁਖ ਆਦਿਕਾਂ ਵਿਚ ਲੱਗ ਗਿਆ ਹਾਂ ਅਤੇ ਧਰਮ ਨੂੰ ਛਡ ਕੇ ਅਧਰਮ ਵਾਲੇ ਕੰਮ ਕਮਾਏ ਹਨ । ਹਾਰ ਕੇ ਆਪ ਦੇ ਚਰਨਾਂ ਦੀ ਸ਼ਰਨ ਆ ਪਿਆ ਹਾਂ ਅਤੇ ਆਪ ਦਾ ਮੁਖ ਵੇਖ ਕੇ ਮੈਂ ਬਹੁਤ ਸੁਖ ਪ ਇਆ ਹੈ ।

ਕਬਿੱਤ—ਚਾਹਿ ਚਾਹਿ ਚੰਦ੍ਰ ਮੁਖ ਚਾਇਕੈ ਚਕੋਰ ਚਖ. ਅੰਮ੍ਰਿਤ ਕਿਰਨ ਅਚਵਤ ਨ ਅਘਾਨੇ ਹੈ ॥ ਸੁਨ ਸੁਨ ਅਨਹਦ ਸਬਦ ਸ੍ਰਵਨ ਮ੍ਰਿਗ, ਆਨੰਦੁ ਉਦੋਤੁ ਕਰਿ ਸ਼ਾਂਤਿ ਨ ਸਮਾਨੇ ਹੈ ॥ ਰਸਕ ਰਸਾਲ ਜਸੁ ਜੰਪਤ ਬਾਸਰ ਨਿਸ, ਚਾਤ੍ਰਿਕ ਜੁਗਤਿ ਜਿਹਬਾ ਨ ਤ੍ਰਿਪਤਾਨੇ ਹੈ ॥ ਦੇਖਤ ਸੁਨਤ ਅਰ ਗਾਵਤ ਪਾਵਤ ਸੁਖ, ਪ੍ਰੇਮ ਰਸ ਬਸ ਮਨ ਮਗਨ ਹਿਰਾਨੇ ਹੈ ॥੪੨੩॥

ਚਕੋਰ ਮੂੰਹ ਚੁਕ ਕੇ ਨੇਤਰਾਂ ਨਾਲ ਅਨੰਦ ਕਰਕੇ ਚੰਦਰਮਾਂ ਨੂੰ ਵੇਖ ਵੇਖ ਕੇ ਜੀਊਂਦਾ ਹੈ ਅਤੇ ਚੰਦਰਮਾਂ ਦੀਆਂ ਕਿਰਨਾਂ ਦਵਾਰਾ ਜੋ ਅੰਮ੍ਰਿਤ ਡਿਗਦਾ ਹੈ ਉਸ ਨੂੰ ਪੀਂਦਾ ਹੋਇਆ ਰਜਦਾ ਨਹੀਂ । ਘੰਡੇ ਹੇੜੇ ਦੀ ਆਵਾਜ਼ ਨੂੰ ਇਕ ਰਸ ਕੰਨਾਂ ਨਾਲ ਹਰਨ ਸੁਣ ਕੇ ਅਨੰਦ ਨੂੰ ਪਰਗਟ ਕਰਦਾ ਹੈ ਅਤੇ ਸ਼ਾਂਤੀ ਵਿਚ ਨਹੀਂ ਆਉਂਦਾ ਜਿਕੁਰ ਪਪੀਹਾ ਪੀ ਪੀ ਕਰਦਾ ਰਹਿੰਦਾ ਹੈ ਇਕੁਰ ਹੀ ਗੁਰੂ ਕੇ ਸਿਖ ਰਸੀਏ ਗੁਰਾਂ ਦੇ ਸੁੰਦਰ ਜਸ ਨੂੰ ਰਾਤ ਦਿਨੇ ਉਚਾਰਦੇ ਰਹਿੰਦੇ ਹਨ ਅਤੇ ਪਪੀਹੇ ਦੀ ਯੁਕਤੀ ਵਾਕਰ ਜੀਭ ਗੁਰ ਸਿਖਾਂ ਦੀ ਗੁਰਾਂ ਦਾ ਜਸ ਉਚਾਰਦਿਆਂ ਹੋਇਆਂ ਰਜਦੀ ਨਹੀਂ । ਗੁਰਾਂ ਦੇ

ਦਰਸ਼ਨ ਨੂੰ ਦੇਖਦੇ ਹਨ ਅਤੇ ਉਪਦੇਸ਼ ਸੁਣਦੇ ਹਨ ਬਾਣੀ ਗਾਉਂਦੇ ਹਨ ਸੁਖ ਪਾਉਂਦੇ ਹਨ ਅਤੇ (ਵਾਹਿਗੁਰੂ) ਗੁਰੂ ਜੀ ਦੇ ਪਰੇਮ ਰਸ ਵਿਚ ਮਨ ਨੂੰ ਵਸਾ ਕੇ ਮਸਤ ਹੈਰਾਨ ਹੋਏ ਰਹਿੰਦੇ ਹਨ।

ਕਬਿਤ—ਸਲਲਿ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚ, ਦੀਪਕ ਪ੍ਰਗਾਸ ਘਟੈ ਪ੍ਰੀਤ ਨ ਪਤੰਗ ਕੀ॥ ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕੌ, ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥ ਘਟਾ ਘਨ ਘੋਰ ਮੋਰ ਚਾਤ੍ਰਿਕ ਉਲਾਸ ਰਿਦੈ, ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥ ਤੈਸੇ ਪ੍ਰਿਅ ਪ੍ਰੇਮ ਰਸ ਰਸਕ ਰਸਾਲ ਸੰਤ ਤ੍ਰਿਸ਼ਨਾ ਘਟਤ ਨ ਪ੍ਰਬਲ ਅੰਗ ਅੰਗ ਕੀ॥੪੨੪॥

ਜਿਕੁਰ ਪਾਣੀ ਵਿਚ ਰਹਿਣ ਨਾਲ ਮੱਛੀ ਦੀ ਰੁਚੀ ਅੱਕਦੀ ਨਹੀਂ ਅਤੇ ਦੀਵੇ ਦਾ ਚਾਨਣ ਵੇਖ ਕੇ ਪਤੰਗੇ ਦੀ ਪ੍ਰੀਤ ਘਟਦੀ ਨਹੀਂ। ਜਿਕੁਰ ਭੌਰਾ ਫੁਲ ਦੀ ਵਾਸਨਾ ਤੋਂ ਰਜਦਾ ਨਹੀਂ ਅਤੇ ਜਿਕੁਰ ਅਕਾਸ਼ ਵਿਚ ਪੰਛੀ ਉਡਦੇ ਦੀ ਇਛਾ ਨਹੀਂ ਘਟਦੀ। ਜਿਕੁਰ ਘਟਾਂ ਅਤੇ ਬਦਲਾਂ ਦਾ ਗੜਗਜ ਸੁਣ ਕੇ ਮੋਰ ਅਤੇ ਪਪੀਹੇ ਰਿਦੇ ਵਿਚ ਅਨੰਦ ਕਰਦੇ ਹਨ ਅਤੇ ਘੰਡੇ ਹੇੜੇ ਦੀ ਅਵਾਜ਼ ਸੁਣ ਕੇ ਹਰਨ ਦੀ ਪ੍ਰੀਤੀ ਜਿਕੁਰ ਨਹੀਂ ਘਟਦੀ। ਤਿਕੁਰ ਹੀ ਰਸੀਏ ਰਸਾਲੇ (ਸੁੰਦਰ) ਸੰਤ (ਪ੍ਰਿਅ) ਪਿਆਰੇ ਗੁਰੂ ਪ੍ਰਮਾਤਸਾ ਦੇ ਪਰੇਮ ਰਸ ਵਿਚ ਪ੍ਰੀਤ ਕਰਦੇ ਹਨ ਅਤੇ ਬੜੇ ਜ਼ੋਰਾਵਰ ਸਰੀਰ ਦੇ ਅੰਗਾਂ ਅੰਗਾਂ ਦੀ (ਗੁਰੂ ਪ੍ਰਮਾਤਮਾ ਦੇ ਪਰੇਮ ਵਲੋਂ) ਤ੍ਰਿਸ਼ਨਾ ਨਹੀਂ ਘਟਦੀ।

ਕਬਿਤ—ਸਲਲਿ ਸੁਭਾਉ ਦੇਖੋ ਬੋਰਤ ਨ ਕਾਸਟ ਕੋ, ਲਾਜ ਗਹੈ ਕਹੈ ਆਪਨੇ ਹੀ ਪ੍ਰਤਿਪਾਰਯੋ ਹੈ॥ ਜੁਗਵਤ ਕਾਸ਼ਟ ਰਿਦੰਤਰ ਬਸੰਤਰ ਕੋ, ਅੰਤਰ ਬਸੰਤਰ ਲੈ ਕਾਸਟ ਪ੍ਰਜਾਰਯੋ ਹੈ॥ ਅਗਰ ਕੋ ਜਲ ਬੋਰ ਕਾਢੈ ਬਾਢੈ ਮੋਲ ਤਾਕੋ, ਪਾਵਕ ਦਗਧ ਕੈ ਅਧਿਕ ਅਵਟਾਰਯੋ ਹੈ॥ ਤਊ ਤਾਕੋ ਰੁਧਿਰ ਚ੍ਵੈ ਚੋਆ ਹ੍ਵੈ ਸਲਲਿ ਮਿਲ, ਅਗਨਿ ਕੋ ਗੁਨ ਮਾਨੈ ਬਿਰਦੁ ਬੀਚਾਰਯੋ ਹੈ॥੪੨੫॥

ਵੇਖੋ ਪਾਣੀ ਦਾ ਕਿਆ ਹੱਛਾ ਸੁਭਾਉ ਹੈ ਜੋ ਲੱਕੜ ਨੂੰ ਡੋਬਦਾ ਨਹੀਂ ਤੇ ਡੋਬਣ ਲਗਾ ਸ਼ਰਮ ਪਕੜਦਾ ਹੈ ਅਤੇ ਆਖਦਾ ਹੈ ਕਿ ਇਹ ਬੂਟਾ ਮੇਰਾ ਹੀ ਪਾਲਿਆ ਹੋਇਆ ਹੈ। ਰੀਤੀ ਅਨੁਸਾਰ ਕਾਠ ਰਿਦੇ ਵਿਚ ਅੱਗ ਨੂੰ ਰਖਦਾ ਹੈ ਅਤੇ ਅਗਨੀ ਆਪਣੇ ਅੰਦਰ ਕਾਠ ਨੂੰ ਚੰਗੀ ਤਰ੍ਹਾਂ ਸਾੜ ਦੇਂਦੀ ਹੈ। ਚੰਦਨ ਦੇ ਬੂਟੇ ਨੂੰ ਪਾਣੀ ਡਬ

ਕੇ ਬਾਹਰ ਕੱਢਦਾ ਹੈ ਕਿ ਤਿਸ ਦਾ ਮੁਲ ਵਧੀਕ ਹੋ ਜਾਵੇ ਅਤੇ ਅਗ ਬਾਹਲੀ ਸਾਰੀ (ਬਾਲਕੇ) ਸਾੜ ਕੇ ਕਾਹੜੀਏ। ਅਗਨੀ ਹੇਠਾਂ ਬਾਲਣ ਨਾਲ ਲਹੂ (ਪਾਣੀ) ਤਿਸ ਚੰਦਨ ਦਾ ਜਲ ਨਾਲ ਮਿਲ ਕੇ ਚੋਂਦਾ ਹੈ ਅਤੇ ਉਹ ਅਤਰ ਬਣ ਜਾਂਦਾ ਹੈ ਜਿਕੁਰ ਪਾਣੀ ਚੰਦਨ ਅਗਨੀ ਨਾਲ ਮਿਲਕੇ ਗੁਣ ਮੰਨਦੇ ਹਨ ਇਕੁਰ ਹੀ ਗੁਰੂ ਜੀ ਆਪਣਾ ਧਰਮ ਵਿਚਾਰਦੇ ਹਨ ਕਿ ਸਿਖਾਂ ਨੂੰ ਕਿਸੇ ਤਰਾਂ ਦਾ ਦੁਖ ਨਹੀਂ ਦਿੰਦੇ।

ਕਬਿਤ—ਸਲਲਿ ਸੁਭਾਵ ਜੈਸੇ ਨਵਨ ਗਵਨ ਗੁਨ, ਸੀਚੀਅਤ ਉਪਬਨ ਬਿਰਵਾ ਲਗਾਇਕੈ ॥ ਜਲ ਮਿਲ ਬਿਰਖ ਹੈ ਕਰਤ ਉਰਧ ਤਪ, ਸਾਖਾ ਨਏ ਸਫਲ ਹ੍ਵੈ ਝੁਕੇ ਰਹੈ ਆਇਕੈ ॥ ਪਾਹਨ ਹਨਤ ਫਲਦਾਈ ਕਾਟੇ ਹੋਇ ਨੌਕਾ, ਲੋਸਟ ਕੈ ਛੇਦੈ ਭੇਦੈ ਬੰਧਨ ਬੰਧਾਇਕੈ ॥ ਪਰਬਲ ਪਰਵਾਹ ਸੁਤ ਸੱਤ੍ਰ ਗਹਿ ਪਾਰ ਪਰੈ, ਸਤਿਗੁਰ ਸਿਖ ਦੋਖੀ ਤਾਰੈ ਸਮਝਾਇਕੈ ॥੪੨੬॥

ਜਿਕੁਰ ਪਾਣੀ ਦਾ ਸੁਭਾਉ ਨੀਵੇਂ ਥਾਂ ਨੂੰ ਚੱਲਣਾ ਅਤੇ ਜਿਸ ਬਾਗ ਦੇ ਬੂਟਿਆਂ ਨੂੰ ਸਿੰਜੀਏ (ਗੁਨ) ਫਲ (ਕਰਦਾ) ਲਗੌਂਦਾ ਹੈ। ਫਿਰ ਪਾਣੀ ਨਾਲ ਮਿਲ ਕੇ ਬ੍ਰਿਛ ਪੁਠਾ ਹੋ ਕੇ ਤਪ ਕਰਦਾ ਹੈ ਅਤੇ ਨਵੀਆਂ ਨਵੀਆਂ ਟਾਹਣੀਆਂ ਅਤੇ ਸਹਿਤ ਫਲਾਂ ਦੇ ਹੋ ਕੇ ਧਰਤੀ ਤੇ ਆ ਕੇ ਝੁਕਿਆ ਰਹਿੰਦਾ ਹੈ। ਵਟੇ ਮਾਰਨ ਨਾਲ ਫਲ ਦੇਂਦਾ ਹੈ ਅਤੇ ਕਟਿਆਂ ਹੋਇਆਂ ਬੇੜੀ ਹੁੰਦੀ ਹੈ ਆਰੇ ਨਾਲ ਛੇਕ ਪਵਾ ਕੇ ਅਤੇ ਆਪਣੇ ਆਪ ਨੂੰ ਵਿੰਨ੍ਹਾਂ ਕੇ ਰਸਿਆਂ ਦੇ ਬੰਨ੍ਹਣ ਬਨ੍ਹਾਉਂਦਾ ਹੈ। ਬੜੇ ਰੋਹੜੂ ਪਾਣੀ ਦੇ ਵਹਿਣ ਤੋਂ ਪੁਤਰ (ਬੇੜੀ) ਨੂੰ ਫੜ ਕੇ ਵੈਰੀ ਪਾਰ ਪੈ ਜਾਂਦਾ ਹੈ। ਤਿਕੁਰ ਹੀ ਗੁਰੂ ਜੀ ਸਿਖਾਂ ਦੇ ਦੋਖੀਆਂ ਨੂੰ ਸਮਝਾ ਕੇ ਤਾਰ ਦਿੰਦੇ ਹਨ।

ਕਬਿਤ—ਗੁਰ ਉਪਦੇਸ ਪਰਵੇਸ ਕਰ ਭੈ ਭਵਨ, ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈਂ ॥ ਸੰਗਮ ਸੰਜੋਗ ਭੋਗ ਸਹਜ ਸਮਾਧ ਸਾਧ ਪ੍ਰੇਮ ਰਸ ਅੰਮ੍ਰਿਤ ਕੈ ਰਸਕ ਰਸੀਲੇ ਹੈਂ ॥ ਬ੍ਰਹਮ ਬਿਬੇਕ ਟੇਕ ਏਕ ਔ ਅਨੇਕ ਲਿਵ, ਬਿਮਲ ਬੈਰਾਗ ਫਬਿ ਛਬਿ ਕੈ ਛਬੀਲੇ ਹੈਂ ॥ ਪਰਮਦ ਭੂਤ ਗਤਿ ਅਤਿ ਅਸਚਰਜ ਮੈ, ਬਿਸਮ ਬਿਦੇਹ ਉਨਮਨ ਉਨਮੀਲੇ ਹੈਂ ॥੪੨੭॥

ਘਰ ਵਿਚ ਹੀ ਰਹਿ ਕੇ ਗੁਰਾਂ ਦੇ ਉਪਦੇਸ਼ ਦੇ ਡਰ ਵਿਚ ਪ੍ਰਵੇਸ਼ ਕਰਕੇ ਸ਼ਰਧਾ ਪਰੇਮਾ ਭਗਤੀ ਅਤੇ ਅਨੰਦ ਕਰਕੇ ਅਨੰਦੀ ਹੋਏ ਹਨ। ਪਦਾਰਥਾਂ ਦੇ ਮਿਲਾਪ ਦੇ ਸਾਥੀ

ਅਤੇ ਅਡੋਲ ਸਮਾਧੀ ਨੂੰ ਸਾਧਨ ਵਾਲੇ ਅਤੇ ਵਾਹਿਗੁਰੂ ਦੇ ਪਰੇਮ ਰਸ ਅੰਮ੍ਰਿਤ ਦੇ ਲੈਣ ਵਾਲੇ ਮਿਠੇ ਸੁੰਦਰ ਰਸੀਏ ਹੋਏ ਹਨ। ਇਕ ਵਾਹਿਗੁਰੂ ਜੋ ਬਾਹਲਿਆਂ ਵਿਚ ਮਿਲਿਆ ਹੋਇਆ ਹੈ ਤਿਸ ਦੇ ਚੰਗੇ ਵਿਚਾਰ ਦੀ ਓਟ ਵਿਚ ਤਿਨ੍ਹਾਂ ਦੀ ਬ੍ਰਿਤੀ ਲਗੀ ਹੋਈ ਹੈ ਅਤੇ ਨਿਰਮਲ ਵੈਰਾਗ ਦੀ ਉਪਮਾ ਨਾਲ ਅਤੇ ਸਜਾਵਟ ਕਰ ਕੇ ਛਬ ਵਾਲੇ ਹੋਏ ਹੋਇ ਹਨ। ਅਸਚਰਜ ਰੀਤੀ ਵਾਲੇ ਅਸਚਰਜ ਦੇਹ ਤੇ ਹੰਕਾਰ ਤੋਂ ਰਹਿਤ ਹੋ ਕੇ ਅਸਚਰਜ ਵਾਹਿਗੁਰੂ ਦੇ ਤੁਰੀਆ ਪਦ ਵਿਚ ਮਿਲੇ ਹੋਏ ਹਨ।

ਕਬਿਤ—ਜੌ ਲੌ ਕਰ ਕਾਮਨਾ ਕਮਾਰਥੀ ਕਰਮ ਕੀਨੇ, ਪੂਰਨ ਮਨੋਰਥ ਭਯੋ ਨ ਕਾਹੂ ਕਾਮ ਕੋ ॥ ਜੌ ਲੌ ਕਰ ਆਸਾ ਆਸਵੰਤ ਹ੍ਵੈ ਆਸਰੋ ਗਹਯੋ, ਬਹਿਯੋ ਫਿਰਿਯੋ ਠੌਰ ਠੌਰ ਪਾਯੋ ਨ ਬਿਸ੍ਰਾਮ ਕੋ ॥ ਜੌ ਲੌ ਕਰ ਮਮਤਾ ਮਮਤ ਮੂੰਡ ਬੋਝ ਲੀਨੋ, ਦੀਨੋ ਡੰਡ ਖੰਡ ਖੰਡ ਖੇਦ ਠਾਮ ਠਾਮ ਕੋ ॥ ਗੁਰ ਉਪਦੇਸ ਨਿਰਕਾਮ ਔ ਨਿਰਾਸ ਭਏ, ਨਿੰਮ੍ਰਤਾ ਸਹਜ ਸੁਖ ਨਿਜ ਪਦ ਨਾਮ ਕੋ ॥੪੨੮॥

ਜਿੰਨਾਂ ਚਿਰ ਇਛਾ ਕਰਕੇ ਕਾਮਨਾ ਦੇ ਪ੍ਰਯੋਜਨਾ ਵਾਲੇ ਕੰਮ ਕੀਤੇ ਓਨਾਂ ਚਿਰ ਕਿਸੇ ਕੰਮ ਦਾ ਕੋਈ ਮਤਲਬ ਨਾ ਪੂਰਾ ਹੋਇਆ ਅਤੇ ਉਹਨਾਂ ਦਾ ਫਲ ਚਾਹਿਆ ਓਨਾਂ ਚਿਰ ਕੁਝ ਵੀ ਨਾ ਸੌਰਿਆ। ਜਿੰਨਾਂ ਚਿਰ ਆਸ਼ਾ ਕਰਕੇ ਆਸਾ ਵਾਲੇ ਹੋ ਕੇ ਹੋਰਨਾਂ ਲੋਕਾਂ ਦਾ ਆਸਰਾ ਫੜਦਾ ਫਿਰਿਆ ਓਨਾਂ ਚਿਰ ਜਗਾ ਜਗਾ ਰੁੜ੍ਹਦਾ ਫਿਰਿਆ ਅਤੇ ਕਿਤੇ ਵੀ ਟਿਕਾਣਾ ਨਾ ਪਾਇਆ। ਜਦੋਂ ਤੀਕ ਮਮਤਾ ਕਰ ਕੇ ਮਮਤਾ ਵਾਲੇ ਭਾਰ ਨੂੰ ਸਿਰ ਚੁਕਦਾ ਰਿਹਾ ਓਨਾਂ ਚਿਰ ਜਮਾਂ ਨੇ ਥਾਂ ਥਾਂ ਖੜੋਤੇ ਨੂੰ ਟੁਕੜੇ ਟੁਕੜੇ ਕਰ ਕੇ ਡੰਡੇ ਮਾਰੇ ਇਸ ਲਈ ਗੁਰ ਉਪਦੇਸ਼ ਨੂੰ ਲੈ ਕੇ ਨਿਸ਼ਕਾਮ ਹੋਏ ਹਨ ਅਤੇ ਆਸ਼ਾ ਰੂਪ ਸੰਸਾਰ ਤੋਂ ਨਿਰਾਸ ਰਹਿੰਦੇ ਹਨ ਅਤੇ ਨਿੰਮਰਤਾ ਕਰਕੇ ਅਡੋਲ ਸੁਖ ਆਪਣੇ ਨਾਮ ਦੇ ਮੁਰਾਤਬੇ ਨੂੰ ਪਹੁੰਚਦੇ ਹਨ।

ਕਬਿਤ—ਸਤਿਗੁਰ ਚਰਨ ਕਮਲ ਮਕਰੰਦ ਰਜ, ਲੁਭਤ ਹ੍ਵੈ ਮਨ ਮਧੁਕਰ ਲਪਟਾਨੇ ਹੈਂ ॥ ਅੰਮ੍ਰਿਤ ਨਿਧਾਨ ਪਾਨ ਅਹਿਨਿਸ ਰਸਕ ਹ੍ਵੈ, ਅਤਿ ਉਨਮਤਿ ਆਨ ਗਯਾਨ ਬਿਸਰਾਨੇ ਹੈਂ ॥ ਸਹਜ ਸਨੇਹ ਗੇਹ ਬਿਸਮ ਬਿਦੇਹ ਰੂਪ, ਸ੍ਵਾਤਿ ਬੂੰਦ ਸੀਪ ਗਤਿ ਸੰਪਟ ਸਮਾਨੇ ਹੈਂ ॥ ਚਰਨ ਸ਼ਰਨ ਸੁਖ ਸਾਗਰ ਕਟਾਛ ਕਰ, ਮੁਕਤਾ ਮਹਾਂਤ ਹ੍ਵੈ ਅਨੂਪ ਰੂਪ ਨਾਨੇ ਹੈਂ ॥੪੨੯॥

ਜਿਕੁਰ ਭੌਰੇ ਸੁਕਿਆਂ ਹੋਇਆਂ ਫੁਲਾਂ ਦੀ ਧੂੜੀ ਦੀ ਵਾਸ਼ਨਾ ਤੇ ਲੋਭਦੇ ਹਨ ਇਕੁਰ ਹੀ ਗੁਰੂ ਕੇ ਸਿਖ ਗੁਰਾਂ ਦੇ ਚਰਨਾਂ ਦੀ ਧੂੜੀ ਦੀ ਭਗਤੀ ਤੇ ਲਪਟਦੇ ਹਨ। (ਗੁਰ ਸਿਖ) ਅੰਮ੍ਰਿਤ ਖਜਾਨੇ ਦੇ ਪੀਣ ਵਿਚ ਦਿਨੇ ਰਾਤ ਰਸੀਏ ਹੋਏ ਰਹਿੰਦੇ ਹਨ ਅਤੇ ਬਾਹਲੇ ਹੀ ਮਸਤ ਰਹਿੰਦੇ ਹਨ ਹੋਰ ਗਿਆਨ ਭੁਲਾ ਦਿੰਦੇ ਹਨ। ਅਸਚਰਜ ਰੂਪ ਗੁਰਾਂ ਦੇ ਪਰੇਮ ਨੂੰ ਸਰੀਰ ਨਿੰਮ੍ਰਤਾ ਵਾਲਾ ਕਰਕੇ ਹਿਰਦੇ ਰੂਪ ਘਰ ਵਿਚ ਇਕੁਰ ਰਖਿਆ ਜਿਕੁਰ ਸ੍ਵਾਂਤੀ ਬੂੰਦ ਸਿਪੀ ਰੂਪ ਡੱਬੇ ਵਿਚ ਸਮਾ ਜਾਂਦੀ ਹੈ। ਜਿਕੁਰ ਓਹ ਛਿਟ ਬਦਲਾਂ ਦੀ ਸਮੁੰਦਰ ਵਿਚ ਸਿਪੀ ਦੇ ਮੂੰਹ ਵਿਚ ਪੈ ਕੇ ਮੋਤੀ ਹੋ ਜਾਂਦੀ ਹੈ। ਇਕੁਰ ਹੀ ਜਦ ਉਪਰੋਕਤ ਸਿਖ ਸੁਖਾਂ ਦੇ ਸਮੁੰਦਰ ਗੁਰਾਂ ਦੀ ਸ਼ਰਨ ਆਇ ਤਾਂ ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਤਦ ਉਹ ਸਿਖ ਬੜੇ ਹਛੇ ਵਡੇ ਮੋਤੀ ਸੁੰਦਰ ਦੇ ਰੂਪ ਵਾਕੁਰ ਰੂਪ ਬਣਾ ਕੇ ਵਡੇ ਹੋ ਗਏ।

ਕਬਿਤ—ਰੋਮ ਰੋਮ ਕੋਟ ਮੁਖ ਮੁਖ ਰਸਨਾ ਅਨੰਤ, ਅਨਕ ਮਨੰਤਰ ਲੈ ਕਹਤ ਨ ਆਵਈ॥ ਕੋਟ ਬ੍ਰਹਮੰਡ ਭਾਰ ਡਾਰ ਤੁਲਾਧਾਰ ਬਿਖੇ, ਤੋਲੀਐ ਜੋ ਬਾਰ ਬਾਰ ਤੋਲ ਨ ਸਮਾਵਈ॥ਚਤਰ ਪਦਾਰਥ ਔ ਸਾਗਰ ਸਮੂਹ ਸੁਖ, ਬਿਬਿਧ ਬੈਕੁੰਠ ਮੋਲ ਮਹਿਮਾ ਨ ਪਾਵਈ॥ ਸਮਝ ਨ ਪਰੈ ਕਰੈ ਕੌਨ ਗੌਨ ਭੌਨ ਮਨ, ਪੂਰਨ ਬ੍ਰਹਮ ਗੁਰ ਸਬਦ ਸੁਨਾਵਈ॥੪੩੦॥

ਕਰੋੜਾਂ ਹੀ ਵਾਲ ਅਤੇ ਕਰੋੜਾਂ ਹੀ ਵਾਲਾਂ ਦੇ ਮੂੰਹ ਅਤੇ ਕਰੋੜਾਂ ਹੀ ਮੂੰਹਾਂ ਦੀਆਂ ਜੀਭਾਂ ਅਤੇ ਕਰੋੜਾਂ ਹੀ ਸ਼ੇਸ਼ ਨਾਗ ਹੋਣ ਭਾਵੇਂ ਤੇ ਅਨੇਕਾਂ ਹੀ ਮਨ ਦੇ ਅੰਦਰ ਜਾ ਕੇ ਮਨ ਦਾ ਅੰਤ ਲੈਣ ਵਾਲੇ ਹੋਣ ਭਾਵੇਂ ਪਰ ਫਿਰ ਵੀ ਓਹਨਾਂ ਪਾਸੋਂ ਵਾਹਿਗੁਰੂ ਦਾ ਅੰਤ ਨਹੀਂ ਕਿਹਾ ਜਾਂਦਾ। ਕਰੜਾਂ ਹੀ ਜਮੀਨ ਅਸਮਾਨ ਦੇ ਪੁਲਾੜਾਂ ਦੇ ਭਾਰ ਨੂੰ ਤਕੜੀ ਦੇ ਛਾਬੇ ਵਿਚ ਸੁਟ ਕੇ ਬਾਰ ਬਾਰ ਜੇ ਤੋਲੀਏ ਤੇ ਤਾਂ ਵੀ ਓਹ ਭਾਰ ਨਹੀਂ ਸਮਾ ਸਕਦਾ। ਚਾਰ ਪਦਾਰਥ ਅਤੇ ਸਾਗਰ ਦੇ ੧੪ ਰਤਨ ਅਤੇ ਨਾਨਾਂ ਤਰਾਂ ਦੇ ਬਹੁਤ ਸੁਖ ਬੈਕੁੰਠ ਦੇ ਵੀ ਵਾਹਿਗੁਰੂ ਦੇ ਨਾਮ ਦੀ ਮਹਿਮਾ ਦੇ ਮੁਲ ਨੂੰ ਨਹੀਂ ਪਾ ਸਕਦੇ। ਮਨ ਬਾਹਲਿਆਂ ਘਰਾਂ ਵਿਚ ਜਾਂਦਾ ਹੈ ਪਰ ਸਮਝ ਨਹੀਂ ਪੈਂਦੀ ਵਾਹਿਗੁਰੂ ਕਿਹੜੇ ਹਿਰਦੇ ਰੂਪ ਘਰ ਵਿਚ ਹੈ ਇਕੁਰ ਦੇ ਅਲਭ ਵਾਹਿਗੁਰੂ ਫੈਲਾਏ ਮਾਨ ਹੋਇ ਹੋਏ ਨੂੰ ਗੁਰਾਂ ਦਾ ਸ਼ਬਦ ਪ੍ਰਤੱਖ ਹੀ ਸੁਣਾ ਦੇਂਦਾ ਹੈ ਕਿ ਫਲਾਣੇ ਥਾਂ ਵਾਹਿਗੁਰੂ ਹੈ।

ਕਬਿਤ—ਲੋਚਨ ਪਤੰਗ ਦੀਪ ਦਰਸ ਦੇਖਨ ਗਏ, ਜੋਤੀ ਜੋਤਿ ਮਿਲ ਪੁਨ ਊਤਰ ਨ ਆਨੇ ਹੈਂ॥ ਨਾਦ ਬਾਦ ਸੁਨਬੇ ਕੋ ਸਰਵਨ

ਹਰਨ ਗਏ, ਸੁਨ ਧੁਨਿ ਥਕਤ ਭਏ ਨ ਬਹਿਰਾਨੇ ਹੈਂ ॥ ਚਰਨ ਕਮਲ ਮਕਰੰਦ ਰਸ ਰਸਕ ਹ੍ਵੈ, ਮਨ ਮਧੁਕਰ ਸੁਖ ਸੰਪਟ ਸਮਾਨੇ ਹੈਂ ॥ ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ, ਆਨ ਗਯਾਨ ਧਯਾਨ ਰਸ ਭਰਮ ਭੁਲਾਨੇ ਹੈਂ ॥ ੪੩੧ ॥

ਜਿਕੁਰ ਨੇਤਰਾਂ ਨਾਲ ਭੰਬਟ ਦੀਵੇ ਦਾ ਦਰਸ਼ਨ ਕਰਨ ਗਏ ਦੀਵੇ ਦੀ ਲਾਟ ਨਾਲ ਮਿਲ ਜਾਂਦੇ ਹਨ ਅਤੇ ਫਿਰ ਕੋਈ ਸੁਨੇਹਾ ਨਹੀਂ ਲਿਆਉਂਦੇ। ਘੰਡੇ ਹੇੜੇ ਦੀ ਅਵਾਜ਼ ਨੂੰ ਕੰਨ ਹਰਨ ਦੇ ਸੁਣਨ ਗਏ ਜਾਂ ਤਾਂ ਆਵਾਜ਼ ਨੂੰ ਸੁਣਕੇ ਓਥੇ ਹੀ ਥਕ ਗਏ ਤੇ ਫਿਰ ਨਾ ਆਏ। ਜਿਕੁਰ ਭੌਰੇ ਡਬੇ ਵਤ ਫੁਲ ਵਿਚ ਵੜੇ ਹੋਏ ਮੁੜਕੇ ਨਹੀਂ ਆਉਂਦੇ ਇਕੁਰ ਹੀ ਗੁਰਾਂ ਦੇ ਚਰਨਾਂ ਦੀ ਧੂੜੀ ਭਗਤੀ ਦੇ (ਸੁਆਦ) ਵਿਚ ਰਸੀਆਂ ਵਾਕੁਰ ਗੁਰ ਸਿਖਾਂ ਦਾ ਮਨ ਲਗਾ ਹੈ। (ਪਤੰਗੇ ਹਰਨ ਵਾਂਗ ਪਰੇਮ ਕਰਕੇ ਭੌਰੇ ਵਾਕੁਰ ਫੁਲਾਂ ਦਾ ਸਵਾਦ ਲੈਣਾ) ਗੁਰ ਸਿਖ ਪੂਰਨ ਹੱਛੀ ਪਦਵੀ ਨੂੰ ਪਾਕੇ ਹੋਰ ਗਿਆਨਾਂ ਧਿਆਨਾਂ ਦੇਵੀ ਦੇਵਤਿਆਂ ਦੇ ਸਵਾਦਾਂ ਨੂੰ ਭਰਮ ਰੂਪ ਜਾਣਕੇ ਭੁਲਾ ਦਿੰਦੇ ਹਨ।

ਕਬਿਤ—ਪ੍ਰਥਮ ਹੀ ਆਨ ਧਯਾਨ ਹਾਨਿਕ ਪਤੰਗ ਬਿਧਿ, ਪਾਛੈ ਕੈ ਅਨੂਪ ਰੂਪ ਦੀਪਕ ਦਿਖਾਏ ਹੈਂ ॥ ਪ੍ਰਥਮ ਹੀ ਆਨ ਗਯਾਨ ਸੁਰਤਿ ਬਿਸਰਜ ਕੈ, ਅਨਹਦ ਨਾਦ ਮ੍ਰਿਗ ਜੁਗਤਿ ਸੁਨਾਏ ਹੈਂ ॥ ਪ੍ਰਥਮ ਹੀ ਬਚਨ ਰਚਨ ਹਰਿ ਗੁੰਗ ਸਾਜ, ਪਾਛੈ ਕੈ ਅੰਮ੍ਰਿਤ ਰਸ ਅਪਿਓ ਪੀਆਏ ਹੈਂ ॥ ਪੇਖ ਸੁਨ ਅਚਵਤ ਹੀ ਭਏ ਬਿਸਮ ਅਤਿ, ਪਰਮਦ ਭੁਤ ਅਸਚਰਜ ਸਮਾਏ ਹੈਂ ॥੪੩੨॥

ਜਿਕੁਰ ਪਤੰਗੇ ਪਹਿਲੇ ਹੋਰ ਧਿਆਨਾਂ ਦੀ ਰੀਤੀ ਨੂੰ ਨਾਸ ਕਰਦੇ ਹਨ ਤੇ ਤਦ ਪਿਛੋਂ ਅਨੂਪਮ ਰੂਪ ਦੀਵਾ ਦਿਖਾਉਂਦਾ ਹੈ ਇਕੁਰ ਜਦ ਸਿਖ ਹੋਰ ਧਿਆਨ ਦੂਰ ਕਰਦੇ ਹਨ ਤਾਂ ਗੁਰ ਦਰਸ਼ਨ ਦੇਕੇ ਦਿਬ ਦ੍ਰਿਸ਼ਟੀ ਦਿਖਾਉਂਦੇ ਹਨ। ਜਿਕੁਰ ਪਹਿਲੇ ਹਰਨ ਹੋਰਨਾਂ ਗਿਆਨਾਂ ਵਲੋਂ ਕੰਨਾਂ ਦੀ ਸੁਰਤੀ ਨੂੰ ਰੋਕਦਾ ਹੈ ਤੇ ਤਦ ਇਕ ਰਸ ਘੰਡੇ ਹੇੜੇ ਦਾ ਸ਼ਬਦ ਹਛੀ ਜੁਗਤੀ ਵਾਲਾ ਸੁਣਨੇ ਵਿਚ ਆਉਂਦਾ ਹੈ ਇਕੁਰ ਹੀ ਗੁਰ ਸਿਖ ਜਾਣਨੇ। ਪਹਿਲੇ ਬਾਹਲਾ ਬੋਲਣ ਤੋਂ ਚੁਪ ਕਰਦਾ ਹੈ ਤੇ ਤਦ ਪਿਛੋਂ ਅੰਮ੍ਰਿਤ ਦਾ ਸਵਾਦ ਅੰਮ੍ਰਿਤ ਵਾਕੁਰ ਪੀਣ ਵਿਚ ਆਉਂਦਾ ਹੈ। ਵੇਖਦਾ ਪਤੰਗੇ, ਸੁਨ ਹਰਨ, ਅਚਵਤ ਭੌਰੇ ਵਾਕੁਰ ਇਸੇ ਤਰ੍ਹਾਂ ਗੁਰ ਸਿਖ ਗੁਰਾਂ ਵਿਚ ਸਮਾ ਗਏ।

ਕਬਿਤ—ਜਾਤ ਸਿਹਜਾਸਨ ਜੌ ਕਾਮਨੀ ਜਾਮਨੀ ਸਮੇ,

ਗੁਰ ਜਨ ਸੁਜਨ ਕੀ ਬਾਤ ਨ ਸੁਹਾਤ ਹੈ ॥ ਹਿਮਕਰ ਉਦਿਤ ਮੁਦਿਤ ਹੈ ਚਕੋਰ ਗਤਿ, ਇਕ ਟਕ ਧਯਾਨ ਕੈ ਸਮਾਰਤ ਨ ਗਾਤ ਹੈ ॥ ਜੈਸੇ ਮਧੁਕਰ ਮਕਰੰਦ ਰਸ ਲੁਭਤ ਹ੍ਵੈ, ਬਿਸਮ ਕਮਲ ਦਲ ਸੰਪਟ ਸਮਾਤ ਹੈ ॥ ਤੈਸੇ ਗੁਰ ਚਰਨ ਸ਼ਰਨ ਚਲਿ ਜਾਤ ਸਿਖ, ਦਰਸ ਪਰਸ ਪ੍ਰੇਮ ਰਸ ਮੁਸਕਾਤ ਹੈ ॥੪੩੩॥

ਜਿਕੁਰ ਜਦ ਇਸਤਰੀ ਰਾਤ ਨੂੰ ਪਤੀ ਦੇ ਮੰਜੇ ਤੇ ਜਾਂਦੀ ਹੈ ਤਾਂ ਸਰੇਸ਼ਟ ਜਨਾ ਦੀਆਂ ਗਲਾਂ ਨਹੀਂ ਚੰਗੀਆਂ ਲਗਦੀਆਂ। ਚੰਦਰਮਾਂ ਦੇ ਚੜ੍ਹਨ ਨਾਲ ਚਕੋਰ ਨੂੰ ਅਨੰਦ (ਪ੍ਰਾਪਤ) ਹੁੰਦਾ ਹੈ ਲਗਾਤਾਰ ਧਿਆਨ ਨੂੰ ਲਾ ਕੇ ਸਰੀਰ ਨੂੰ ਨਹੀਂ ਸੰਭਲਦਾ (ਤੇ ਅੰਗਾਰ ਭਖਦਾ ਹੈ)। ਜਿਕੁਰ ਭੌਰਾ ਫੁਲਾਂ ਦੀ ਧੂੜੀ ਦੇ ਸਵਾਦ ਵਿਚ ਲੋਭ ਕੇ ਨਿਰਮਲ ਕਮਲ ਦੇ ਡੱਬੇ ਵਤ ਪਤਿਆਂ ਵਿਚ ਵੜ ਜਾਂਦਾ ਹੈ । ਤਿਕੁਰ ਹੀ ਗੁਰ ਚਰਨ ਸ਼ਰਨ ਜਾ ਕੇ ਸਿਖ ਗੁਰਾਂ ਦੇ ਦਰਸ਼ਨ ਕਰਕੇ ਪਰੇਮ ਦੇ ਸਵਾਦ ਨੂੰ ਲੈ ਕੇ ਹੱਸਦੇ ਹਨ।

ਭਾਈ ਸਾਹਿਬ ਜੀ ਗੁਰ ਸਿਖਾਂ ਨੂੰ ਨਿੰਮ੍ਰਤਾ ਦਾ ਤਰੀਕਾ ਦੱਸਦੇ ਹਨ—

ਕਬਿਤ—ਆਵਤ ਹੈ ਜਾਕੇ ਭੀਖ ਮਾਗਨ ਭਿਖਾਰੀ ਦੀਨ, ਦੇਖਤ ਅਧੀਨਤਾ ਨਿਰਾਸੋ ਬਿਡਾਰ ਹੈ ॥ ਬੈਠਤ ਹੈ ਜਾਂਕੇ ਦ੍ਵਾਰ ਆਸਾ ਕੋ ਬਿਡਾਰ ਸ੍ਵਾਨ, ਅੰਤ ਕਰਨਾ ਕੈ ਤੋਰ ਟੂਕ ਤਾਹਿੰ ਡਾਰ ਹੈ ॥ ਪਾਇਨ ਕੀ ਪਨਹੀ ਰਹਿਤ ਪਰਹਰੀ ਪਰੀ, ਤਾਹੂ ਕਾਹੂ ਕਾਜ ਉਠ ਚਲਤ ਸਮਾਰ ਹੈ ॥ ਛਾਡ ਅਹੰਕਾਰ ਛਾਰ ਹੋਇ ਗੁਰੂ ਮਾਰਗ ਮੈ, ਕਬਹੂ ਦਯਾ ਕੈ ਆਨ ਦਯਾਲ ਪਗ ਧਾਰ ਹੈ ॥੪੩੪॥

ਜਿਸ ਦੇ ਘਰ ਭਿਖਿਆ ਮੰਗਣ ਗਰੀਬ ਮੰਗਤਾ ਆਉਂਦਾ ਹੈ (ਮਾਲਕ) ਤਿਸ ਦੀ ਨਿੰਮ੍ਰਤਾ ਵੇਖ ਕੇ ਨਿਰਾਸ਼ਾ ਨਹੀਂ ਮੋੜਦਾ। ਕੁਤਾ ਜਿਸ ਦੇ ਬੂਹੇ ਤੇ ਹੋਰ ਦੀ ਆਸ਼ਾ ਨੂੰ ਲਾਹ ਕੇ ਬਹਿੰਦਾ ਹੈ ਤਾਂ ਅੰਤ ਨੂੰ (ਓਹ ਮਾਲਕ) (ਕੁਤੇ ਤੇ) ਕਿਰਪਾ ਕਰ ਕੇ ਰੋਟੀ ਨਾਲੋਂ ਟੁਕ ਤੋੜ ਕੇ ਸੁਟ ਦਿੰਦਾ ਹੈ। ਜਿਕੁਰ ਪੈਰਾਂ ਦੀ ਜੁਤੀ ਪਰੇ ਤਿਆਗੀ ਪਈ ਰਹਿੰਦੀ ਹੈ। (ਪਰ ਉਸ ਜੁਤੀ ਦਾ ਮਾਲਕ) ਤਿਸ ਜੁਤੀ ਨੂੰ ਕਿਸੇ ਕੰਮ ਦੇ ਵੇਲੇ ਉਠ ਕੇ ਸੰਭਾਲ ਲੈਂਦਾ ਹੈ। (ਹੇ ਸਿਖ !) ਤੂੰ ਵੀ ਹੰਕਾਰ ਨੂੰ ਛਡ ਕੇ ਗੁਰਾਂ ਦੇ ਰਸਤੇ ਵਿਚ ਨਿੰਮ੍ਰਤਾ ਵਾਲਾ ਹੋ ਕਦੀ ਤਾਂ ਕ੍ਰਿਪਾ ਕਰਕੇ ਦਯਾ ਦੇ ਘਰ ਵਾਹਿਗੁਰੂ (ਤੇਰੇ ਹਿਰਦੇ ਰੂਪ ਘਰ ਵਿਚ) ਪੈਰ ਪਾਉਣਗੇ।

ਕਬਿਤ—ਦ੍ਰੋਪਤੀ ਕੁਪੀਨ ਮਾਤ੍ਰ ਦਈ ਜੌ ਮੁਨੀਸ਼ਰ ਕੋ, ਤਾਂਤੇ ਸਭਾ ਮਧ ਬਹਯੋ ਬਸਨ ਪ੍ਰਵਾਹ ਜੀ ॥ ਤੰਦਲ ਤਨਕ ਜਗਦੀਸ਼ ਕੋ ਸੁਦਾਮੇ ਦਏ, ਤਾਂਤੇ ਪਾਏ ਚਤਰ ਪਦਾਰਥ ਅਬਾਹ ਜੀ ॥ ਦੁਖਤ ਗਜਿੰਦ ਅਰਬਿੰਦ ਗਹੇ ਭੇਟ ਰਾਖੇ, ਤਾਕੈ ਕਾਜੈ ਚੱਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ ॥ ਕਹਾ ਕੋਊ ਕਰੈ ਕਛੂ ਹੋਤ ਨ ਕਾਹੂ ਕੇ ਕੀਏ, ਜਾਂਕੀ ਪ੍ਰਭ ਮਾਨ ਲੇਹ ਸਭੈ ਸੁਖ ਤਾਹਿ ਜੀ ॥੪੩੫॥

ਦਰੋਪਤੀ ਇਕ ਛੋਟੀ ਜਿਹੀ ਲੰਗੋਟੀ ਰਿਖੀ ਨ੍ਹਾਉਂਦੇ ਨੂੰ ਸੁਟਦੀ ਸੀ ਉਹ ਰੁੜ੍ਹ ਜਾਂਦੀ ਸੀ, ਤਿਸ ਤੋਂ ਦੁਰਜੋਧਨ ਦੀ ਸਭਾ ਵਿਚ ਕਪੜਿਆਂ ਦਾ ਢੇਰ ਲਗ ਗਿਆ। ਥੋਹੜੇ ਜਿਹੇ ਚੌਲ ਸੁਦਾਮੇ ਭਗਤ ਨੇ ਕ੍ਰਿਸ਼ਨ ਜੀ ਨੂੰ ਦਿਤੇ ਸੀ ਤਿਸ ਤੋਂ ਤਿਸ ਨੇ ਚਾਰ ਪਦਾਰਥ ਅਤੇ ਹੋਰ ਬਾਹਲੇ ਗੁਣ ਪਾ ਲਏ। ਦੁਖੀ ਹੋ ਕੇ ਹਾਥੀ ਨੇ ਕੌਲ ਫੁਲ ਫੜ ਕੇ ਭੇਟਾ ਰਖਿਆ ਇਸ ਲਈ ਵਿਸ਼ਨੂੰ ਨੇ ਆਕੇ ਤੰਦੂਏ ਪਾਸੋਂ ਫੜੇ ਹੋਏ ਹਾਥੀ ਨੂੰ ਛੁਡਾਇਆ। ਕੀ ਕੋਈ ਕਿਸੇ ਨੂੰ ਕੁਝ ਕਰ ਸਕਦਾ ਹੈ? (ਨਹੀਂ) ਕਿਸੇ ਦਾ ਕੀਤਾ ਕੁਝ ਨਹੀਂ ਹੁੰਦਾ ਭਾਵ ਜੇ ਕੋਈ ਭਗਤਾਂ ਨੂੰ ਦੇਣ ਲਗੇ ਤਾਂ ਨਹੀਂ ਦੇ ਸਕਦਾ ਕਿਉਂਕਿ ਜਿਸ ਦੀ ਵਾਹਿਗੁਰੂ ਮੰਨ ਲਵੇ ਓਸੇ ਨੂੰ ਹੀ ਸੁਖ ਸਾਰੇ ਹੁੰਦੇ ਹਨ।

ਕਬਿਤ—ਸਰਵਨ ਸੇਵਾ ਮਾਤ ਪਿਤਾ ਕੀ ਬਿਸੇਖ ਕੀਨੀ, ਤਾਂਤੇ ਗਾਈਅਤਿ ਜਸ ਜਗਤ ਮੈਂ ਤਾਹੂ ਕੋ ॥ ਜਨ ਪ੍ਰਹਿਲਾਦਿ ਆਦਿ ਅੰਤ ਲੌ ਅਵਗਯਾ ਕੀਨੀ, ਤਾਤ ਘਾਤ ਕਰ ਪ੍ਰਭ ਰਾਖਯੋ ਪ੍ਰਨ ਵਾਹੂ ਕੋ ॥ ਦ੍ਵਾਦਸ ਬਰਖ ਸੁਕ ਜਨਨੀ ਦੁਖਤ ਕਰੀ, ਸਿਧ ਭਏ ਤਤ ਛਿਨ ਜਨਮ ਹੈ ਜਾਹੂ ਕੋ ॥ ਅਕਥ ਕਥਾ ਬਿਸਮ ਜਾਨੀਐ ਨ ਜਾਇ ਕਛੂ, ਪਹੁੰਚੇ ਨ ਗਯਾਨ ਉਨਮਾਨ ਆਨ ਕਾਹੂ ਕੋ ॥੪੩੬॥

ਸਰਵਣ ਨੇ ਮਾਂ ਪਿਓ ਦੀ ਬਾਹਲੀ ਸੇਵਾ ਕੀਤੀ ਹੈ ਇਸ ਲਈ ਤਿਸਦਾ ਜਸ ਜਗ ਵਿਚ ਗ ਇਆ ਜਾਂਦਾ ਹੈ। ਪ੍ਰਹਿਲਾਦ ਭਗਤ ਜੰਮਦਾ ਹੀ ਵਡਾ ਹੋਣ ਤਕ ਪਿਓ ਦੀ ਅਵੱਗਜਾ ਕਰਦਾ ਰਿਹਾ ਪਿਤਾ ਨੂੰ ਮਾਰ ਕੇ ਉਸ ਦਾ ਹੀ ਪ੍ਰਣ ਨਿਬਾਹਿਆ। ਬਾਰਾਂ ਸਾਲ ਸੁਕਦੇਵ ਜੀ ਨੇ ਆਪਣੀ ਮਾਂ ਨੂੰ ਦੁਖੀ ਕੀਤਾ ਸੀ ਉਸ ਦੇ ਛੇਤੀ ਨਾਲ ਜੰਮਣ ਦੇ ਵੇਲੇ ਜਿਤਨੇ ਬਾਲ ਜੰਮੇ ਸਨ ਓਹ ਸਾਰੇ ਹੀ ਸਿਧ ਹੋ ਗਏ ਸਨ। ਅਸਚਰਜ ਵਾਹਿਗੁਰੂ ਦੀ ਅਕਥ ਕਥਾ ਹੈ ਕੁਝ ਜਾਣੀ ਨਹੀਂ ਜਾਂਦੀ ਅਤੇ ਨਾ ਹੀ ਕਿਸੇ ਹੋਰ ਦੇ ਗਿਆਨ ਦਾ ਵਿਚਾਰ ਪਹੁੰਚ ਸਕਦਾ ਹੈ।

(ਗੱਲਾਂ ਨਾਲ ਪ੍ਰਮੇਸ਼ਰ ਪ੍ਰਾਪਤੀ ਨਹੀਂ)

ਕਬਿਤ—ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥ ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ ਹੈ, ਦ੍ਰਬ ਦ੍ਰਬ ਕਹੈ ਕੋਊ ਦ੍ਰਬੇ ਨ ਬਿਲਾਸ ਹੈ ॥ ਚੰਦਨ ਚੰਦਨ ਕਹੈ ਹੋਤ ਨ ਸੁਬਾਸ ਬਾਸ, ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ ॥ ਤੈਸੇ ਗਿਆਨ ਗੋਸ਼ਟ ਕਹਤ ਨ ਰਹਤ ਪਾਵੈ *ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ ॥੪੩੭॥

ਜਿਕੁਰ ਖੰਡ ਖੰਡ ਕਿਹਾਂ ਜੀਭ ਨੂੰ ਮਿਠਾ ਸਵਾਦ ਨਹੀਂ ਆਉਂਦਾ ਅਤੇ ਅੱਗ ਅੱਗ ਕਿਹਾਂ ਪਾਲਾ ਦੂਰ ਨਹੀਂ ਹੁੰਦਾ। ਜਿਕੁਰ ਹਕੀਮ ਹਕੀਮ ਕਿਹਾਂ ਕਿਸੇ ਦਾ ਰੋਗ ਤਾਂ ਨਹੀਂ ਦੂਰ ਹੋ ਜਾਂਦਾ ਅਤੇ ਧਨ ਧਨ ਆਖਿਆਂ ਕਿਸੇ ਨੂੰ ਧਨ ਦਾ ਅਨੰਦ ਤਾਂ ਨਹੀਂ ਮਿਲ ਜਾਂਦਾ। ਚੰਦਨ ਚੰਦਨ ਕਿਹਾਂ ਕੁਝ ਹਛੀ ਵਾਸ਼ਨਾ ਤੇ ਨਹੀਂ (ਸਰੀਰ ਤੋਂ) ਵਸਦੀ ਅਤੇ ਚੰਦ ਚੰਦ ਕਿਹਾਂ ਚੰਦ ਦਾ ਚਾਨਣ ਤੇ ਨਹੀਂ ਹੋ ਜਾਂਦਾ। ਤਿਕੁਰ ਹੀ ਗਿਆਨ ਦੀ ਚਰਚਾ ਕਰਦਾ ਹੈ ਪਰ ਰਹਿਣੀ ਨਹੀਂ ਰਹਿੰਦਾ। ਜਿਸ ਤਰ੍ਹਾਂ ਅਕਾਸ਼ ਵਿਚ ਸੂਰਜ ਚੜ੍ਹਿਆ ਹੋਇਆ ਸਾਰਿਆਂ ਨੂੰ ਦਿਸ ਪੈਂਦਾ ਹੈ ਇਕੁਰ ਹੀ ਕਰਨੀ ਵਾਲਾ ਆਦਮੀ ਸਾਰੇ ਸੰਸਾਰ ਵਿਚ ਪਰਗਟ ਹੋ ਜਾਂਦਾ ਹੈ।

ਕਬਿਤ—ਹਸਤ ਹਸਤ ਪੂਛੈ ਹਸ ਹਸ ਕੈ ਹਸਾਇ, ਰੋਵਤ ਰੋਵਤ ਪੂਛੈ ਰੋਇ ਔ ਰੁਆਇਕੈ ॥ ਬੈਠੇ ਬੈਠੇ ਪੂਛੈ ਬੈਠਿ ਬੈਠ ਕੈ ਨਿਕਟ ਜਾਇ, ਚਲਤ ਚਲਤ ਪੂਛੈ ਦਹਦਿਸ ਧਾਇਕੈ ॥ ਲੋਗ ਪੂਛੈ ਲੋਗਾਚਾਰ ਬੇਦ ਪੂਛੇ ਬੇਦਾ ਬਿਧਿ, ਜੋਗੀ ਭੋਗੀ ਜੋਗ ਭੋਗ ਜੁਗਤਿ ਜਗਾਇਕੈ ॥ ਜਨਮ ਮਰਨ ਭ੍ਰਮ ਕਾਹੂ ਨ ਮਿਟਾਇ ਸਕਜੋ, ਨਿਹਚਲ ਭਏ ਗੁਰ ਚਰਨ ਸਮਾਇਕੈ ॥੪੩੯॥

---

*ਪੂਰੇ ਗੁਰ ਸਿਖ ਕਰਨੀ ਵਾਲੇ ਅਤੇ ਸਿਖੀ ਰਹਿਤ ਵਾਲੇ—

ਬਿਸ਼ਨ ਸਰੂਪ ਸਰਦਾਰ ਹੈ ਬਿਸ਼ਨਸਿੰਘ,ਲੁਧਿਆਣਾ ਰਾਮਗੜ੍ਹ ਪਿੰਡ ਸਰਦਾਰਾਂ ਦਾ ॥ ਪਖੋ ਨਾਮ ਭਾਰਾ ਅਤੇ ਗੁਰਮੁਖ ਪਿਆਰਾ ਹੈਗਾ, ਓਥ ਹੈ ਨਿਵਾਸ ਸਾਰਾ ਸਿਖ ਅਵਤਾਰਾਂ ਦਾ ॥ ਕਠੀ ਹੈ ਮਨੌਲੀ ਹੌਸ ਸ਼ਹਿਰ ਅੰਬਾਲੇ ਵਿਚ, ਵਾਸ ਉਮਰਾਉ ਸਿੰਘ ਪਾਸ ਸਰਕਾਰਾਂ ਦਾ ॥ ਐਸੇ ਐਸੇ ਗੁਰਮੁਖ ਜ਼ਰੂਰ ਪੰਥ ਵਿਚ ਹੋਣ, ਭੁਖਾ ਮੈਂ ਬਿਸ਼ਨ ਸਿੰਘ ਓਹਨਾਂ ਦੇ ਦੀਦਾਰਾਂ ਦਾ ॥

ਹਾਸੇ ਵਾਲਾ ਹਾਸੇ ਦੀਆਂ ਗੱਲਾਂ ਪੁਛ ਕੇ ਆਪ ਹੱਸਦਾ ਹੈ ਅਤੇ ਅਗਲੇ ਨੂੰ ਹਸਾਉਂਦਾ ਹੈ ਰੋਣ ਵਾਲਾ ਰੋਣ ਦੀਆਂ ਗੱਲਾਂ ਪੁਛ ਕੇ ਆਪ ਰੋਂਦਾ ਹੈ ਅਤੇ ਅਗਲੇ ਨੂੰ ਰੁਵਾਉਂਦਾ ਹੈ। ਬਹਿਣ ਵਾਲੇ ਬਹਿਣ ਵਾਲਿਆਂ ਪਾਸ ਜਾ ਕੇ ਬਹਿ ਕੇ ਬਹਿਣ ਦੀਆਂ ਗਲਾਂ ਅਤੇ ਤੁਰਨ ਵਾਲੇ ਤੁਰਨ ਵਾਲਿਆਂ ਪਾਸੋਂ ਦਿਸ਼ਾ ਹੀ ਦਿਸ਼ਾ ਵਲ ਦੌੜ ਕੇ ਪੁਛਦੇ ਹਨ। ਲੋਕ ਲੋਕਾਂ ਦੇ ਕਰਤੱਬਾਂ (ਕੰਮਾਂ) ਦੀਆਂ ਵੇਦ ਦੇ ਪੜ੍ਹਨ ਵਾਲੇ ਵੇਦ ਦੀਆਂ ਵਿਧੀਆਂ। ਜੋਗੀ ਜੋਗ ਦੀਆਂ ਜੁਗਤੀਆਂ, ਭੋਗੀ ਭੋਗ ਦੀਆਂ ਜੁਗਤੀਆਂ, (ਜਗਾਇ) ਸੁਤਿਆਂ ਨੂੰ ਜਗਾ ਕੇ ਵਾ ਪ੍ਰਗਟ ਕਰਾ ਕੇ ਪੁਛਦੇ ਹਨ। ਜਨਮ ਮਰਨ ਦਾ ਭੌਣਾ ਸੰਸਾਰੀਆਂ ਲੋਕਾਂ ਦਾ ਕਿਸੇ ਪਾਸੋਂ ਵੀ ਨਾ ਦੂਰ ਹੋ ਸਕਿਆ ਪਰ ਅੰਤ ਨੂੰ ਖਪ ਕੇ ਲੋਕ ਜਦ ਗੁਰਾਂ ਦੇ ਚਰਨਾਂ ਵਿਚ ਸਮਾਏ ਤਾਂ (ਜਨਮ ਮਰਨ ਤੋਂ) ਰਹਿਤ ਹੋ ਗਏ।

(ਖੋਟ ਛੱਡੋ ਮਨ ਸਾਫ ਕਰੋ)

ਕਬਿਤ—ਪੂਛਤ ਪਥਕ ਤਿਹ ਮਾਰਗ ਨ ਧਾਰੈ ਪਗ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੈ ਜਾਈਐ॥ ਪੂਛਤ ਹੈ ਵੈਦ ਖਾਤ ਔਖਧਿ ਨ ਸੰਜਮ ਸੈਂ, ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ॥ ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ॥ ਗਾਇ ਸੁਨੈ ਆਂਖੈ ਮੀਚੈ ਪਾਈਐ ਨ ਪਰਮ ਪਦ, ਗੁਰ ਉਪਦੇਸ ਗਹਿ ਜੌ ਲੌ ਨ *ਕਮਾਈਐ॥੪੩੯॥

ਰਾਹੀਆਂ ਸੰਤਾਂ ਨੂੰ ਰਾਹ ਪੁਛਦਾ ਹੈ ਪਰ ਰਾਹ ਵਿਚ ਪੈਰ ਨਹੀਂ ਧਰਦਾ, ਇਸ ਲਈ ਪਿਆਰੇ ਵਾਹਿਗੁਰੂ ਦੇ ਪਿੰਡ ਗਲਾਂ ਨਾਲ ਕਿਕੁਰ ਜਾਵੇ ਗੁਰੂ ਰੂਪ ਹਕੀਮ ਪਾਸੋਂ (ਰੋਗ ਦਾ ਇਲਾਜ ਪੁਛਦਾ ਹੈ ਪਰ ਦਵਾਈ ਸੰਜਮ (ਪੱਥ ਮਾੜੇ ਨੂੰ ਰੋਕਣਾ) ਨਾਲ ਨਹੀਂ ਖਾਂਦਾ ਇਸ ਲਈ ਰੋਗ ਕਿਕੁਰ ਦੂਰ ਹੋਵੇ ਅਤੇ ਅਟੱਲ ਸੁਖ (ਵਾਹਿਗੁਰੂ) ਵਿਚ ਕਿਕੁਰ ਸਮਾਵੇ। ਪੁਛਦੀ ਹੈ ਸੁਹਾਗਣਾਂ ਇਸਤ੍ਰੀਆਂ (ਉਤਮ ਸਿਖਾਂ) ਪਾਸੋਂ ਅਤੇ ਆਪ ਕਰਮ ਕਰਦੀ ਹੈ ਛੁਟੜ ਇਸਤਰੀਆਂ ਵਾਲੇ ਕਿ ਰਿਦੇ ਵਿਚ ਬਹੁਤਿਆਂ ਆਦਮੀਆਂ

---

*ਅੱਜ ਕਲ ਗੁਰ ਉਪਦੇਸ਼ ਨੂੰ ਕਮਾਉਣ ਵਾਲਾ ਸੁੰਦਰ ਅਖੰਡ ਪਾਠੀ—
ਹੀਰਾ ਸਰਦਾਰ ਝੰਡਾ ਸਿੰਘ ਹੈ ਲਾਹੌਰ ਵਿਚ ਬਹੁਤ ਚੰਗਾ ਭੂਸ਼ਣ ਹੈ ਸਭਾ ਤੇ ਸਮਾਜ ਦਾ॥ ਜਿਥੇ ਬੁਤ ਲਾਟ ਦਾ ਹੈ ਹਾਈ ਕੋਟ ਪਾਸ ਖਾਸ ਓਥੇ ਉਪਕਾਰੀ ਉਪਕਾਰ ਨੂੰ ਬਰਾਜ ਦਾ॥ ਵਿਦਿਆ ਨੂੰ ਪਾਉਣ ਵਾਲੇ ਜਿੰਨੇ ਵਿਚ ਕਾਲਜ ਸੀ, ਸਾਰਿਆਂ ਤੋਂ ਉਚਾ ਗੁਣ ਏਸੇ ਸਿਰਤਾਜ ਦਾ॥ ਉਚੀ ਸੁਰ ਨਾਲ ਅਤੇ ਸਾਫ ਸ਼ੁਧ ਪੜ੍ਹਨ ਵਾਲਾ, ਸੁੰਦਰ ਅਖੰਡ ਪਾਠੀ ਗੁਰੂ ਮਹਾਰਾਜ ਦਾ॥

ਨਾਲ ਪ੍ਰੀਤ ਹੈ ਓਹਨੂੰ ਕਦ ਅੰਤਸ਼ਕਰਨ ਰੂਪ ਸੇਜਾ ਉਤੇ ਗੁਰੂ ਪ੍ਰਮਾਤਮਾ ਬੁਲਾ ਸਕਦਾ ਹੈ। ਗੌਣ ਸੁਣਨ ਅੱਖਾਂ ਮੀਟਣ ਨਾਲ ਉਚਾ ਮਰਤਬਾ ਨਹੀਂ ਪਾਇਆ ਜਾਂਦਾ ਜਿੰਨਾਂ ਚਿਰ ਕਿ ਗੁਰ ਉਪਦੇਸ਼ ਨੂੰ (ਫੜ) ਕਰਕੇ ਕਮਾਉਣਾ ਨਾ ਕਰੀਏ।

ਕਬਿਤ—ਖੋਜੀ ਖੋਜ ਦੇਖ ਚਲਯੋ ਜਾਇ ਪਹੁੰਚੇ ਠਿਕਾਨੇ, ਆਲਸ ਬਿਲੰਭ ਕੀਏ ਖੋਜ ਮਿਟ ਜਾਤ ਹੈ॥ ਸੇਜਾ ਸਮੈ ਰਮੈ ਭਰਤਾਰ ਬਰ ਨਾਰਿ ਸੋਈ, ਕਰੈ ਜੋ ਅਵੱਗਯਾ ਨਾਹਿ ਮਨੈ ਉਦੈ ਪ੍ਰਾਤ ਹੈ॥ ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤ ਪੀਏ, ਮੌਨ ਗਹੇ ਬਰਖ ਬਤੀਤੇ ਬਿਲਲਾਤ ਹੈ॥ ਸਿਖ ਸੋਈ ਸੁਨ ਗੁਰ ਸਬਦ ਰਹਤ ਰਹੈ, ਕਪਟ ਸਨੇਹ ਕੀਏ ਪਾਛੈ ਪਛਤਾਤ ਹੈ॥੪੪੦॥

ਖੋਜੀ ਖੋਜ ਨੂੰ ਵੇਖ ਕੇ ਤਿਸ ਜਗਾ ਅਪੜਦਾ ਹੈ ਅਤੇ ਦਲਿੱਦ੍ਰੀ ਦੇਰੀ ਕਰਦਾ ਹੈ ਇਸ ਲਈ ਓਸ ਨੂੰ ਓਹ ਰਾਹ ਭੁਲ ਜਾਂਦਾ ਹੈ। ਜਿਹੜੀ ਇਸਤਰੀ ਵੇਲੇ ਸਿਰ ਪਤੀ ਦੀ ਸੇਜਾ ਤੇ ਜਾ ਕੇ ਪਤੀ ਨਾਲ ਰਮਨ ਕਰੇ ਓਹ ਹਛੀ ਹੈ ਅਤੇ ਜੋ ਪਤੀ ਦੀ ਅਵੱਗਯਾ ਕਰੇ ਕਿ ਬਚਨ ਨਾ ਮੰਨੇ ਉਸ ਨੂੰ ਸਵੇਰ ਦਾ ਵੇਲਾ ਹੋ ਆਉਂਦਾ ਹੈ। ਜਿਕੁਰ ਮੀਂਹ ਪੈਣ ਵੇਲੇ ਪਪੀਹਾ ਪਾਨੀ ਨਾਲ ਰਜ ਜਾਂਦਾ ਹੈ ਅਤੇ ਜੇ ਉਸ ਵੇਲੇ ਚੁਪ ਰਖੇ ਤਾਂ ਜਦ ਮੀਂਹ ਵਰ੍ਹਨ ਦਾ ਵੇਲਾ ਗੁਜ਼ਰ ਜਾਵੇ ਤਦੋਂ ਰੋਂਦਾ ਹੈ। ਤਿਕੁਰ ਹੀ ਸਿਖ ਸੋਈ ਹੈ ਜੋ ਗੁਰ ਉਪਦੇਸ਼ ਨੂੰ ਸੁਣਕੇ ਰਹਿਣੀ ਵਿਚ ਰਹਿੰਦਾ ਹੈ ਅਤੇ ਜੋ ਕਪਟਦਾ ਪਰੇਮੀ ਹੈ ਓਹ ਪਿਛੋਂ ਜਮਾਂਦੇ ਵਸ ਪਿਆ ਹੋਇਆ ਪਛਤਾਉਂਦਾ ਹੈ।

ਕਬਿਤ—ਜੈਸੇ ਬਛੁਰਾ ਬਿਛੁਰ ਪਰੇ ਆਨ ਗਾਇ ਬਨ, ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ॥ ਜੈਸੇ ਮਾਨਸਰ ਤਯਾਗ ਹੰਸ ਆਨ ਸਰ ਜਾਤ, ਖਾਤ ਨ ਮੁਕਤ ਫਲ ਭੁਗਤ ਜੁ ਗਾਤ ਕੀ॥ ਜੈਸੇ ਰਾਜ ਦ੍ਵਾਰ ਤਜਿ ਆਨ ਦ੍ਵਾਰ ਜਾਤ ਜਨ, ਹੇਤ ਮਾਨ ਭੰਗ ਮਹਿਮਾ ਨ ਕਾਹੂ ਬਾਤ ਕੀ॥ ਤੈਸੇ ਗੁਰ ਸਿਖ ਆਨ ਦੇਵ ਕੀ ਸ਼ਰਨ ਜਾਤ, ਰਹਯੋ ਨ ਪਰਤ ਰਾਖਿ ਸਕਤ ਨ ਪਾਤ ਕੀ॥ ੪੪੧॥

ਜਿਕੁਰ ਵੱਛਾ ਆਪਣੀ ਮਾਂ ਦੇ ਥਣਾਂ ਤੋਂ ਭੁਲਕੇ ਕਿਸੇ ਹੋਰ ਗਾਂ ਦੇ ਥਣਾਂ ਨੂੰ ਜਾ ਪੈਂਦਾ ਹੈ ਤਦ ਓਹ ਦੁਧ ਨਹੀਂ ਪੀਂਦਾ ਕਿਉਂਕਿ ਲਤਾਂ ਦੀ ਚੋਟ ਮਾਰਦੀ ਹੈ। ਜਿਕੁਰ ਤਾਲ ਨੂੰ ਛਡ ਕੇ ਹੰਸ ਹੋਰ ਤਲਾਬ ਤੇ ਜਾਂਦਾ ਹੈ ਅਤੇ ਓਹ ਮੋਤੀ ਨਹੀਂ ਖਾਂਦਾ ਜੋ ਓਹਦੇ ਸਰੀਰ ਦਾ ਖਾਣਾ ਹੁੰਦਾ ਹੈ। ਜਿਕੁਰ ਕੋਈ ਨੌਕਰ ਆਪਣੇ ਮਾਲਕ ਦਾ ਬੂਹਾ

ਛੱਡ ਕੇ ਕਿਸੇ ਹੋਰ ਦੇ ਬੂਹੇ ਤੇ ਜਾਂਦਾ ਹੈ ਤੇ ਉਸ ਦਾ ਨਿਰਾਦਰ ਹੁੰਦਾ ਹੈ ਅਤੇ ਕਿਸੇ ਗਲ ਕਰਨ ਦੀ ਓਹ ਮਹਿਮਾਂ ਵੀ ਨਹੀਂ ਹੁੰਦੀ। ਤਿਕੁਰ ਹੀ ਜਿਹੜਾ ਗੁਰੂ ਕਾ ਸਿਖ ਕਿਸੇ (ਆਨ) ਹੋਰ ਦੇਵਤਾ ਦੀ ਸ਼ਰਨ ਜਾਂਦਾ ਹੈ ਤਾਂ ਉਸ ਨੂੰ ਨਾ ਹੀ ਓਹ ਦੇਵਤਾ ਆਪਣੀ ਸ਼ਰਨ ਵਿਚ ਰਖ ਸਕਦਾ ਹੈ ਅਤੇ ਨਾ ਹੀ ਓਹ ਪਾਪੀ ਓਥੇ ਰਹਿ ਸਕਦਾ ਹੈ।

ਕਬਿਤ—ਜੈਸੇ ਘਨ ਘੋਰ ਮੋਰ ਚਾਤ੍ਰਿਕ ਸਨੇਹ ਗਤ, ਬਰਖਤ ਮੇਹ ਅਸਨੇਹ ਕੋ ਦਿਖਾਵਈ॥ ਜੈਸੇ ਤੌ ਕਮਲ ਜਲ ਅੰਤਰ ਦਿਸੰਤਰ ਹ੍ਵੈ, ਮਧੁਕਰਾਂ ਦਿਨਕਰ ਹੇਤ ਉਪਜਾਵਈ॥ ਦਾਦਰ ਨਿਰਾਦਰ ਹ੍ਵੈ ਜੀਵਤ ਪਵਨ ਭਖ, ਜਲ ਤਜ ਮਰਤ ਨ ਪ੍ਰੇਮ ਤੇ ਲਜਾਵਈ॥ ਕਪਟ ਸਨੇਹੀ ਤੈਸੇ ਆਨ ਦੇਵ ਸੇਵਕ ਹ੍ਵੈ, ਗੁਰ ਸਿਖ ਮੀਨ ਜਲ ਹੇਤ ਠਹਿਰਾਵਈ॥ ੪੪੨॥

ਜਿਕੁਰ ਮੀਂਹ ਵਰ੍ਹਦੇ ਤਕ ਮੋਰ ਪਪੀਹੇ ਪੂਰਾ ਪਰੇਮ ਰਖਦੇ ਹਨ ਅਤੇ ਜਦ ਮੀਂਹ ਵਰ੍ਹ ਚੁਕੇ ਤਦ ਬਦਲਾਂ (ਨਾਲ) ਅਪ੍ਰੇਮ ਕਰਕੇ ਦਿਖਾਉਂਦੇ ਹਨ (ਇਕੁਰ ਹੀ ਇਹਨਾਂ (ਗਤ) ਵਾਕੁਰ ਮਨਮੁਖ ਹੈਨ)। ਜਿਕੁਰ ਕੌਲ ਫੁਲ ਜਦ ਪਾਣੀ ਵਿਚ ਹੁੰਦਾ ਹੈ ਤਾਂ ਭੌਰਾ ਹੋਰਨਾਂ ਦਿਸ਼ਾਂ ਦੇ ਅੰਦਰ ਫਿਰਦਾ ਰਹਿੰਦਾ ਹੈ ਅਤੇ ਜਦ ਸੂਰਜ ਚੜ੍ਹਦਾ ਹੈ ਤਾਂ (ਕੌਲ ਨਾਲ ਭੌਰਾ) ਪਰੇਮ ਪੈਦਾ ਕਰਦਾ ਹੈ। ਜਿਕੁਰ ਡੱਡੂ ਦਾ ਨਿਰਾਦਰ ਹੁੰਦਾ ਹੈ ਕਿਉਂਕਿ ਓਹ ਪਾਣੀ ਤੋਂ ਬਾਹਰ ਨਿਕਲ ਜਾਂਦਾ ਹੈ ਅਤੇ ਪੌਣ ਨੂੰ ਭਖ) ਖਾ ਕੇ ਜੀਉਂਦਾ ਹੈ ਪਰ ਜਿਸ ਵੇਲੇ ਕੋਈ ਮਾਰਨ ਲਗੇ ਫਿਰ ਉਸ ਵੇਲੇ ਪਾਣੀ ਵਿਚ ਵੜ ਜਾਂਦਾ ਹੈ ਆਪਣੇ ਪਰੇਮ ਤੋਂ ਲਜਿਆ ਨਹੀਂ ਕਰਦਾ ਕਿ ਮੈਂ ਮਾਰ ਦਾ ਮਾਰਿਆ ਹੋਇਆ ਪਾਣੀ ਵਿਚ ਆਉਂਦਾ ਹਾਂ (ਇਕੁਰ ਹੀ ਮਨਮੁਖ) ਤਿਕੁਰ ਹੀ ਖੋਟੇ ਪਰੇਮ ਵਾਲੇ ਹੋਰ ਦੇਵਤਿਆਂ ਦੇ ਦਾਸ (ਗੁਰਾਂ ਨੂੰ ਛਡਕੇ ਹੋਰ ਦੇਵਤਿਆਂ ਵਲ ਚਲੇ ਜਾਂਦੇ) ਹਨ ਅਤੇ ਗੁਰੂ ਕੇ ਸਿਖ ਗੁਰਾਂ ਨਾਲ ਇਕੁਰ ਪਰੇਮ ਠਰਾਉਂਦੇ ਹਨ ਜਿਕੁਰ ਮੱਛੀ ਪਾਣੀ ਨਾਲ।

ਕਬਿਤ—ਪੁਰਖ ਨਿਪੁੰਸਕ ਨ ਜਾਨੈ ਬਨਿਤਾ ਬਿਲਾਸ, ਬਾਂਝ ਕਹ ਜਾਨੈ ਸੁਖ ਸੰਤਤ ਸਨੇਹ ਕੋ॥ ਗਨਿਕਾ ਸੰਤਾਨ ਕੋ ਬਖਾਨ ਕਹਾ ਗੋਤ੍ਰਾਚਾਰ, ਨਾਹਿ ਉਪਚਾਰ ਕਛ ਕੁਸ਼ਟੀ ਕੀ ਦੇਹ ਕੋ॥ ਆਂਧਰੇ ਨ ਜਾਨੈ ਰੂਪ ਰੰਗ ਨ ਦਸਨ ਛਬਿ, ਜਾਨਤ ਨ ਬਹੁਰੇ ਪ੍ਰਸੰਨ ਅਸਪ੍ਰੇਹ

ਕੋ ॥ ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ, ਜੈਸੇ ਤੌ ਜਵਾਸੋ ਨਹੀਂ ਚਾਹਤ ਹੈ ਮੇਂਹ ਕੌ ॥੪੪੩॥

ਜਿਕੁਰ ਖੁਸਰਾ ਆਦਮੀ ਇਸਤ੍ਰੀ ਨਾਲ ਅਨੰਦ ਕਰਨ ਨਹੀਂ ਜਾਣਦਾ ਅਤੇ ਸੰਢ ਇਸਤ੍ਰੀ ਕਿਥੇ ਸੰਤਾਨ ਦੇ ਪਰੇਮ ਸੁਖ ਨੂੰ ਜਾਣਦੀ ਹੈ । (ਜਿਕੁਰ) ਵੇਸਵਾ ਦੀ ਔਲਾਦ ਦਾ ਗੋਤ੍ਰ ਚਾਰ ਕੌਣ ਉਚਾਰ ਸਕਦਾ ਹੈ ਕੋਹੜੇ ਦੀ ਦੇਹ ਦਾ ਇਲਾਜ ਕੁਝ ਨਹੀਂ । (ਜਿਕੁਰ) ਅੰਨ੍ਹਾਂ ਰੂਪ ਰੰਗ ਦੰਦਾਂ ਦੀ ਸਜਾਵਟ ਨਹੀਂ ਜਾਣਦਾ ਅਤੇ ਬੋਲਾ ਨਹੀਂ ਪ੍ਰਸੰਨਤਾ ਅਤੇ ਅਪ੍ਰਸੰਨਤਾ ਜਾਣਦਾ । ਤਿਕੁਰ ਹੀ ਹੋਰ ਦੇਵਤਿਆਂ ਦਾ ਸੇਵਕ ਸ੍ਰੀ ਗੁਰੂ ਨਾਨਕ ਦੇਵ ਜੀ ਆਦਿਕ ਦੀ ਸੇਵਾ ਕਰਨੀ ਨਹੀਂ ਜਾਣਦਾ ਅਤੇ ਜਿਕੁਰ ਜਵਾਹਾ ਮੀਂਹ ਨੂੰ ਨਹੀਂ ਚਾਹੁੰਦਾ ਇਕੁਰ ਹੀ ਉਹ ਗੁਰਾਂ ਦੀ ਸੇਵਾ ਕਰਨੀ ਨਹੀਂ ਚਾਹੁੰਦੇ ।

ਕਬਿਤ—ਜੈਸੇ ਭੂਲ ਬਛਰਾ ਪਰਤ ਆਨ ਗਾਂਇ ਥਨ, ਬਹੁਰਯੋ ਮਿਲਤ ਮਾਤ ਬਾਤ ਨ ਸਮਾਰ ਹੈ ॥ ਜੈਸੇ ਆਨਸਰ ਭ੍ਰਮ ਆਵੈ ਮਾਨਸਰ ਹੰਸ, ਮੁਕਤਾ ਅਮੋਲ ਦੇਤ ਦੋਖ ਨ ਬੀਚਾਰ ਹੈ ॥ ਜੈਸੇ ਨ੍ਰਿਪ ਸੇਵਕ ਜੋ ਆਨ ਦ੍ਵਾਰ ਹਾਰ ਆਵੈ, ਚੌਗੁਨੋ ਬਢਾਵੈ ਨ ਅਵੱਗਯਾ ਉਰਧਾਰ ਹੈ ॥ ਸਤਿਗੁਰ ਅਸਰਨ ਸਰਨ ਦਯਾਲ ਦੇਵ, ਸਿਖਨ ਕੋ ਭੂਲਬੋ ਨ ਰਿਦੈ ਮੈ ਨਿਹਾਰ ਹੈ ॥੪੪੪॥

ਜਿਕੁਰ ਵੱਛਾ ਭੁਲ ਕੇ ਹੋਰ ਗਾਂ ਦੇ ਥਣਾਂ ਨੂੰ ਜਾ ਪੈਂਦਾ ਹੈ ਅਤੇ ਫਿਰ ਮਾਂ ਨੂੰ ਆ ਚੁੰਘਦਾ ਹੈ ਤਾਂ ਮਾਂ ਉਹ ਦੂਜੀ ਗਾਂ ਦੇ ਥਣਾਂ ਨੂੰ ਚੁੰਘਣ ਵਾਲੀ ਗੱਲ ਨਹੀਂ ਯਾਦ ਕਰਦੀ । ਜਿਕੁਰ ਹੋਰ ਤਾਲ ਤੋਂ ਭੌਂ ਕੇ ਮਾਨ ਸਰੋਵਰ ਤੇ ਹੰਸ ਆ ਜਾਵੇ ਤਾਂ (ਮਾਨਸਰ ਅਮੋਲਕ ਮੋਤੀਆਂ ਦਾ ਖਾਣਾ ਦਿੰਦਾ ਹੈ ਅਤੇ ਉਹ (ਦੌੜ ਜਾਣ ਦਾ) ਦੂਸ਼ਣ ਨਹੀਂ ਵਿਚਾਰਦਾ । ਜਿਕੁਰ ਰਾਜੇ ਦਾ ਦਾਸ ਜੇ ਹੋਰ ਕਿਸੇ ਦੇ ਦਰਵਾਜ਼ੇ ਤੋਂ ਹਾਰ ਖਾ ਕੇ ਆਵੇ ਤਾਂ ਓਹਦਾ ਰਾਜਾ ਸਗੋਂ ਦੂਣਾ ਚੌਣਾ ਪਰੇਮ ਵਧਾਉਂਦਾ ਹੈ ਅਤੇ ਕੋਈ ਅਵੱਗਿਆ ਦਾਸ ਦੀ ਆਪਣੇ ਰਿਦੇ ਵਿਚ ਨਹੀਂ ਰਖਦਾ । ਤਿਕੁਰ ਹੀ ਸਤਿਗੁਰੂ ਦਯਾ ਦੇ ਘਰ ਅਤੇ ਪ੍ਰਕਾਸ਼ ਸਰੂਪ ਅਤੇ ਜਿਨ੍ਹਾਂ ਨੂੰ ਕੋਈ ਸ਼ਰਨ ਨਾ ਦੇਵੇ ਓਹਨਾਂ ਨੂੰ ਸ਼ਰਨ ਦੇਣ ਵਾਲੇ ਆਪਣੇ ਜਾਂ ਹੋਰਨਾਂ ਸਿਖਾਂ ਦਾ ਭੁਲਣਾ ਜਾਂ ਕੁਲ ਰਿਦੇ ਵਿਚ ਨਹੀਂ ਵੇਖਦੇ ।

ਕਬਿਤ—ਬਾਂਝ ਬਧੂ ਪੁਰਖ ਨਿਪੁੰਸਕ ਨ ਸੰਤਤ ਹ੍ਵੈ, ਸਲਲਿ ਬਿਲੋਏ ਕਤ ਮਾਖਨ ਪ੍ਰਗਾਸ ਹੈ ॥ ਫਨਿ ਗਹਿ ਦੁਗਧ ਪੀਆਏ ਨ ਮਿਟਤ ਬਿਖੁ, ਮੂਰੀ ਖਾਏ ਮੁਖ ਸੈ ਨ ਪ੍ਰਗਟੈ ਸੁਬਾਸ ਹੈ ॥

ਮਾਨਸਰ ਪਰ ਬੈਠੇ ਬਾਇਸ ਉਦਾਸ ਬਾਸ, ਅਰਗਜਾ ਲੇਪੁ ਖਰ ਭੁਸਮ ਨਿਵਾਸ ਹੈ ॥ ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ, ਕਠਨ ਕੁਟੇਵ ਨ ਮਿਟਤ ਦੇਵ ਦਾਸ ਹੈ ॥੪੪੫॥

ਜਿਕੁਰ ਸੰਢ ਇਸਤਰੀ ਖੁਸਰੇ ਆਦਮੀ ਨਾਲ ਮਿਲ ਜਾਵੇ ਤਾਂ ਔਲਾਦ ਨਹੀਂ ਹੁੰਦੀ ਅਤੇ ਪਾਣੀ ਰਿੜਕਣ ਨਾਲ ਮੱਖਣ ਕਿਥੇ ਨਿਕਲਦਾ ਹੈ। ਸੱਪ ਨੂੰ ਫੜ ਕੇ ਦੁਧ ਪੀਆਈਏ ਤਾਂ ਓਹਦੀ ਵਿਹੁ ਨਹੀਂ ਦੂਰ ਹੁੰਦੀ ਅਤੇ ਮੂਲੀ ਖਾਣ ਨਾਲ ਮੂੰਹ ਵਿਚੋਂ ਸੁਗੰਧੀ ਨਹੀਂ ਪੈਦਾ ਹੁੰਦੀ। ਜਿਕੁਰ ਦੁਧ ਦੇ ਤਾਲ ਤੇ ਵੀ ਕਾਂ ਬਹਿ ਕੇ ਉਦਾਸਤਾ ਵਿਚ ਵਸਦਾ ਹੈ ਅਤੇ ਖੋਤੇ ਨੂੰ ਬਾਹਲੀਆਂ ਸੁਗੰਧੀਆਂ ਨਾਲ ਭਾਵੇਂ ਲਿੰਬ ਦਿਓ ਓਹ ਤਦ ਵੀ ਸਵਾਹ ਵਿਚ ਲੇਟਦਾ ਹੈ। ਹੋਰ ਦੇਵਤਿਆਂ ਦੇ ਦਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਨੀ ਨਹੀਂ ਜਾਣਦੇ ਕਿਉਂਕਿ ਔਖਾ ਖੋਟਾ ਸੁਭਾਵ ਦੇਵਤਿਆਂ ਦੇ ਦਾਸਾਂ ਨੂੰ ਪਿਆ ਹੋਇਆ ਹੈ ਓਹ ਦੂਰ ਨਹੀਂ ਹੁੰਦਾ।

ਕਬਿਤ—ਜੈਸੇ ਤੌ ਘਟਾ ਘਮੰਡ ਗਗਨ ਬਿਲੋਕੀਅਤਿ, ਗਰਜਿ ਗਰਜਿ ਬਿਨੁ ਬਰਖਾ ਬਿਲਾਤ ਹੈ ॥ ਜੈਸੇ ਤੌ ਹਿਮਾਚਲ ਕਠੋਰ ਅਤਿ ਸੀਤਲ ਹੈ, ਸਕੀਐ ਨ ਖਾਇ ਖਾਇ ਤ੍ਰਿਖਾ ਨ ਮਿਟਾਤ ਹੈ ॥ ਜੈਸੇ ਓਸ ਪਰਤ ਕਰਤ ਹੈ ਸਜਲ ਦੇਹੀ, ਰਾਖੈ ਚਿਰੰਕਾਲ ਨਾਹਿ ਠੌਰ ਠਹਿਰਾਤ ਹੈ ॥ ਤੈਸੇ ਆਨ ਦੇਵ ਸੇਵ ਤ੍ਰਿਬਿਧਿ ਚਪਲ ਫਲ, ਸਤਿਗੁਰ ਅੰਮ੍ਰਿਤ ਪ੍ਰਵਾਹਿ ਨਿਤ ਪ੍ਰਾਤ ਹੈ ॥੪੪੬॥

ਜਿਕੁਰ ਅਕਾਸ਼ ਵਿਚ ਘਟਾਂ ਦਾ ਇਕੱਠ ਵੇਖੀਦਾ ਹੈ ਓਹ ਗਰਜ ਗਰਜ ਕੇ ਐਵੇਂ ਚਲਾ ਜਾਂਦਾ ਹੈ। ਬਰਫ ਦੇ ਪਹਾੜ ਤੇ ਜਾਣਾ ਬੜਾ ਔਖਾ ਹੈ ਪਰ ਜੇ ਕੋਈ ਚਲਿਆ ਵੀ ਜਾਵੇ ਤਾਂ ਬੜੀ ਠੰਢੀ ਹੁੰਦੀ ਹੈ ਆਦਮੀ ਓਥੇ ਗਲ਼ ਜਾਂਦਾ ਹੈ ਅਤੇ ਜੇ ਬਚ ਵੀ ਜਾਵੇ ਤਦ ਜੇ ਓਹਨੂੰ ਪਿਆਸ ਲਗੇ ਤਾਂ ਬਰਫ ਖਾਵੇ ਤਾਂ ਓਹ ਖਾਧੀ ਨਹੀਂ ਜਾਂਦੀ ਜੇ ਖਾਧੀ ਜਾਵੇ ਤੇ ਤਦ ਪਿਆਸ ਨਹੀਂ ਹਟਾ ਸਕਦੀ। ਜਿਕੁਰ (ਰਾਤ ਨੂੰ) ਤਰੇਲ ਪੈ ਕੇ ਸਰੀਰ ਨੂੰ ਗਿਲਿਆਂ ਕਰ ਦਿੰਦੀ ਹੈ ਅਤੇ ਜੇ ਉਸ ਨੂੰ ਉਠ ਕੇ ਧੁਪ ਚੜ੍ਹਨ ਦੇ ਵੇਲੇ ਕਿਸੇ ਬਰਤਨ ਵਿਚ ਪਾਕੇ ਬਾਹਲਾ ਚਿਰ ਰੱਖਣਾ ਚਾਹੀਏ ਤਾਂ ਓਹ ਓਥੇ ਓਸ ਕਪੜੇ ਆਦਿਕ ਤੇ ਨਹੀਂ ਖੜ੍ਹ ਸਕਦੀ। ਤਿਕੁਰ ਹੀ ਹੋਰ ਦੀ ਸੇਵਾ (ਰਜੋ ਸਤੋ ਤਮੋ) ਛੇਦ ਆਦਿਕ ਫਲ ਦੇ ਦੇਣ ਵਾਲੀ ਹੈ ਅਤੇ ਸਤਿਗੁਰਾਂ ਦੀ ਸੇਵਾ ਅੰਮ੍ਰਿਤ ਦਾ ਵਹਿਣ ਸਦਾ ਹੀ ਸਵੇਰੇ ਤੋਂ ਲੈ ਕੇ ਰਾਤ ਤਕ ਵਗ ਰਹੀ ਹੈ।

ਕਬਿਤ—ਬੈਸ਼ਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ, ਗੀਤਾ ਭਗਵਤ ਸ੍ਰੋਤਾ ਏਕਾਕੀ ਕਹਾਵਈ ॥ ਤੀਰਥ ਧਰਮ ਦੇਵ ਜਾਤ੍ਰਾ ਕੌ ਪੰਡਤ ਪੂਛ. ਕਰਤ ਗਵਨ ਸੋ ਮਹੂਰਤ ਸੁਧਾਵਈ ॥ ਬਾਹਰ ਨਿਕਸ ਗਰਧਭ ਸ੍ਵਾਨ ਸ਼ਗਨ ਕੈ, ਸੰਕਾ ਉਪਰਾਜਤ ਬਹੁਰ ਘਰ ਆਵਈ ॥ ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ, ਦੁਬਿਧਾ ਅੱਛਤ ਨ ਪਰਮ ਪਦ ਪਾਵਈ ॥੪੪੭॥

ਭਾਵੇਂ ਵਿਸ਼ਨੂੰ ਦਾ ਪਿਆਰਾ ਭਗਤ ਬ੍ਰਾਹਮਣ ਵੀ ਹੋਵੇ, ਠਾਕਰਾਂ ਦੀ ਸੇਵਾ ਕਰਨ ਵਾਲਾ ਵੀ ਹੋਵੇ, ਭਗਵਤ ਗ੍ਰੰਥ ਦਾ ਸੁਣਨ ਵਾਲਾ ਵੀ ਹੋਵੇ, ਗੀਤਾ ਆਦਿਕ ਦਾ ਪੜ੍ਹਨ ਵਾਲਾ ਭਾਵੇਂ ਅਖਵਾਉਂਦਾ ਹੋਵੇ, ਜਾਣ ਲਗਾ ਅਤੇ ਦੇਵਤਿਆਂ ਨੂੰ ਪੂਜਣ ਲੱਗਾ ਤੇ ਧਰਮ ਕਰਨ ਲਗਾ ਪੰਡਤ ਤੋਂ ਮਹੂਰਤ ਲਗਨ ਵਾਰ ਗ੍ਰਹਿ ਸੁਧਵਾ ਕੇ ਜਾਂਦਾ ਹੈ। ਘਰੋਂ ਬਾਹਰ ਨਿਕਲਦਾ ਹੈ ਤੇ ਤਦ ਖੋਤਾ ਅਪਸ਼ਗਨ ਕਰ ਦਿੰਦਾ ਹੈ ਤਾਂ ਸ਼ੰਕਾ ਪਰਗਟ ਕਰਕੇ ਫਿਰ ਘਰ ਮੁੜ ਆਉਂਦਾ ਹੈ। ਜਿਕੂਰ ਪਤਿਬ੍ਰਤਾ ਇਸਤਰੀ ਇਕ ਪਤੀ ਦੇ ਆਸਰੇ ਰਹਿੰਦੀ ਹੈ ਇਕੁਰ ਹੀ ਜਿਹੜਾ ਇਕ ਵਾਹਿਗੁਰੂ ਦੀ ਓਟ ਲੈ ਕੇ ਨਹੀਂ ਰਹਿ ਸਕਦਾ ਅਤੇ ਉਹ ਦਵੈਤ ਭਾਉ ਦੇ ਹੁੰਦਿਆਂ ਉਚੇ ਪਦ ਨੂੰ ਨਹੀਂ ਪਾ ਸਕਦਾ ਹੈ।

ਕਬਿਤ—ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ॥ ਪੂਛਤ ਨ ਜੋਤਕ ਔ ਵੇਦ ਥਿਤ ਵਾਰ ਕਛ, ਗ੍ਰਿਹ ਔ ਨਿਛੱਤ੍ਰ ਕੀ ਨ ਸੰਕਾ ਉਰਧਾਰੀ ਹੈ ॥ ਜਾਨਤ ਨ ਲਗਨ ਸਗਨ ਆਨ ਦੇਵ ਸੇਵ, ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ ॥ ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹ੍ਵੈ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥

ਗੁਰ ਸਿਖਾਂ ਦੀ ਸਤਿਸੰਗਤ ਦੇ ਮਿਲਾਪ ਦਾ ਪ੍ਰਤਾਪ ਇਕੁਰ ਦਾ ਹੈ ਕਿ ਪਤਿਬ੍ਰਤਾ ਇਸਤ੍ਰੀ ਵਾਕੁਰ ਇਕ ਪਤੀ ਪ੍ਰਮਾਤਮਾਂ ਦੀ ਓਟ ਲੈਂਦੇ ਹਨ ਅਤੇ ਦਵੈਤ ਭਾਉ ਨੂੰ ਦੂਰ ਕਰ ਦਿੰਦੇ ਹਨ। (ਗੁਰ ਸਿਖ) ਜੋਤਸ਼, ਵੇਦ, ਥਿਤਿ ਵਾਰ ਆਦਿਕ ਕੁਝ ਨਹੀਂ. ਪੁਛਦੇ (ਅਤੇ ਕਿਧਰੇ ਜਾਣ ਲਗੇ) ਨੌਂ ਗ੍ਰਿਹ ਅਤੇ ਸਤਾਈ ਨਿਛੱਤ੍ਰਾਂ ਦੀ ਵੀ ਸ਼ੰਕਾ ਰਿਦੇ ਵਿਚ ਨਹੀਂ ਧਰਦੇ। (ਗੁਰ ਸਿਖ) ਜਾਣਦੇ ਨਹੀਂ ਲਗਨਾਂ ਸ਼ੁਗਨਾਂ ਅਤੇ

ਹੋਰ ਦੇਵਤਿਆਂ ਦੀ ਸੇਵਾ ਗੁਰੂ ਨਿਰੰਕਾਰੀ ਦੇ ਉਪਦੇਸ਼ ਦੀ ਸੂਤ੍ਰ ਵਿਚ ਬ੍ਰਿਤੀ ਲਾ ਕੇ ਪਰੇਮ ਕਰਦੇ ਹਨ। ਵਾਹਿਗੁਰੂ ਦੇ ਵਿਚਾਰਵਾਨ ਜੀਵਨ ਮੁਕਤੀ ਨੂੰ ਪਹੁੰਚੇ ਹੋਏ ਇਕੁਰ ਦੇ ਸਤਿਗੁਰ ਸੁਭਾਇਮਾਨ ਸਿਖ ਮੰਤ ਆਪਣੇ ਬਾਲਕਾਂ ਦੇ ਪਾਲਣ ਵਾਲੇ ਹੁੰਦੇ ਹਨ।

ਕਬਿਤ—ਨਾਰਿ ਭਰਤਾਰ ਕੈ ਸਨੇਹ ਪਤਿਬ੍ਰਤ ਹੋਇ, ਗੁਰ ਸਿਖ ਏਕ ਟੇਕ ਪਤਿਬ੍ਰਤ ਲੀਨ ਹੈ॥ ਰਾਗ ਨਾਦ ਬਾਦ ਔ ਸੰਬਾਦ ਪਤਿਬ੍ਰਤਾ ਹੋਇ, ਇਨ ਗੁਰ ਸਬਦ ਨ ਕਾਨ ਸਿਖ ਦੀਨ ਹੈ॥ ਰੂਪ ਰੰਗ ਅੰਗ ਸਰਬੰਗ ਹੇਰੈ ਪਤਿਬ੍ਰਤਾ, ਆਨ ਦੇਵ ਸੇਵਕ ਨ ਦਰਸਨ ਕੀਨ ਹੈ॥ ਸਜਨ ਕੁਟੰਬ ਗ੍ਰਿਹ ਗੌਨ ਕਰੈ ਪਤਿਬ੍ਰਤਾ, ਆਨ ਦੇਵ ਬਾਨ ਜੈਸੇ ਜਲ ਬਿਨ ਮੀਨ ਹੈ॥੪੪੯॥

ਇਸਤ੍ਰੀ ਪਤੀ ਵਿਚ ਪਰੇਮ ਕਰਕੇ ਪਤਿਬ੍ਰਤਾ ਹੁੰਦੀ ਹੈ ਤਿਕੁਰ ਹੀ ਗੁਰ ਸਿਖ ਇਕ ਗੁਰੂ ਪ੍ਰਮਾਤਮਾਂ ਦੀ ਓਟ ਵਿਚ ਪਤਿਬ੍ਰਤਾ ਇਸਤਰੀ ਵਾਕੁਰ ਲੀਨ ਹੁੰਦੇ ਹਨ। ਜਿਕੁਰ ਪਤਿਬ੍ਰਤਾ ਇਸਤਰੀ ਕਿਸੇ ਆਵਾਜ਼ ਹੋਰ ਦੇ ਬੋਲ ਵਲ ਖਿਆਲ ਨਹੀਂ ਕਰਦੀ ਇਕੁਰ ਹੀ ਗੁਰ ਸਿਖ ਭੈੜੇ ਰਾਗਾਂ ਦੇ ਵਾਜਿਆਂ ਦੇ ਬੋਲ ਵਲ ਅਤੇ ਹੋਰ ਝਗੜਿਆਂ ਵਲ ਨਹੀਂ ਹੁੰਦੇ ਅਤੇ ਗੁਰ ਸਬਦ ਤੋਂ ਬਿਨਾਂ ਕਿਸੇ ਵਲ ਕੰਨ ਹੀ ਨਹੀਂ ਦਿੰਦੇ। ਜਿਕੁਰ ਪਤਿਬ੍ਰਤਾ ਇਸਤਰੀ ਆਪਣੇ ਸਾਰੇ ਅੰਗਾਂ ਨਾਲ ਪਤੀ ਦੀ ਸੇਵਾ ਕਰਦੀ ਹੈ ਅਤੇ ਹੋਰ ਪੁਰਸ਼ ਵਲ ਖਿਆਲ ਨਹੀਂ ਕਰਦੀ ਇਕੁਰ ਹੀ ਗੁਰਮੁਖ ਸਰੀਰ ਦੇ ਸਾਰੇ (ਨੇਤਰ ਆਦਿਕਾਂ) ਨਾਲ ਗੁਰਾਂ ਦੇ ਦਰਸ਼ਨ ਕਰਦੇ ਹਨ ਅਤੇ ਹੋਰ ਦੇਵਤਿਆਂ ਦੇ ਸੇਵਕ ਹੋ ਕੇ ਓਹਨਾਂ ਦਾ ਰੂਪ ਰੰਗ ਵੇਖਣਾ ਹੀ ਨਹੀਂ ਚਾਹੁੰਦੇ। ਪਤਿਬ੍ਰਤਾ ਆਪਣੇ ਟੱਬਰ ਸ੍ਰੇਸ਼ਟ ਜਨਾਂ ਦੇ ਘਰ ਵਿਚ ਜਾਣਾ ਕਰਦੀ ਹੈ। ਗੁਰ ਸਿਖ ਸਤਿਸੰਗ ਵਿਚ ਰਹਿ ਕੇ ਗੁਰੂ ਪ੍ਰਮਾਤਮਾ ਨੂੰ ਜਾਣਦੇ ਹਨ ਪਾਣੀ ਤੋਂ ਬਿਨਾਂ ਮੱਛੀ ਦਾ ਕੀ ਹਾਲ ਹੈ?

ਕਬਿਤ—ਐਸੀ ਨਾਇਕਾ ਸੈ ਕੁਆਰਪਾਤ੍ਰ ਹੀ ਸਪਾਤ੍ਰ ਭਲੀ, ਆਸ ਪਰਾਸੀ ਮਾਤਾ ਪਿਤਾ ਏਕੈ ਨਾਹ ਦੇਤ ਹੈ॥ ਐਸੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਭਲੀ, ਪਤਿਤ ਪਾਵਨ ਪ੍ਰਿਆ ਪਾਇ ਲਾਇ ਲੇਤ ਹੈ॥ ਐਸੀ ਨਾਇਕਾ ਸੈ ਭਲੋ ਬਿਰਹਾ ਬਿਯੋਗ ਸੋਗ, ਲਗਨ ਸਗਨ ਸੋਧੇ ਸਰਧ ਸਹੇਤ ਹੈ॥ ਐਸੀ ਨਾਇਕਾ ਸੈ ਮਾਤ ਗਰਭ ਮੈ ਗਲੀ ਭਲੀ, ਕਪਟ ਸਨੇਹ ਦੁਬਿਧਾ ਜਉ ਰਾਹੁ ਕੇਤ ਹੈ॥ ੪੫੦"

ਇਕੁਰ ਦੀ ਖੋਟੀ ਮਨਮੁਖ ਇਸਤਰੀ ਨਾਲੋਂ ਕੁਆਰੀ ਕੰਨਿਆਂ ਹੀ ਕੁਆਰੇ ਇਕ ਪਤੀ ਦੀ ਤਿਹਾਈ ਬੈਠੀ ਹੋਈ ਹੈ। ਛੁਟੜ ਇਸਤਰੀ ਹੀ ਹਛੀ ਹੈ ਪਾਪੀਆਂ ਨੂੰ ਪਵਿਤਰ ਕਰਨ ਵਾਲਾ ਪਤੀ ਇਸਤਰੀ ਦਾ ਗਰੀਬ ਪੁਣਾ ਵੇਖ ਕੇ ਪੈਰੀਂ ਲਾ ਲੈਂਦਾ ਹੈ। ਵਿਛੋੜੇ ਕਰਕੇ ਵਿਛੜੀ ਹੋਈ ਹੀ ਹਛੀ ਹੈ ਜਿਹੜੀ ਸ਼ੋਕ ਕਰਕੇ ਲਗਨਾਂ ਸਗਨਾਂ ਔਸੀਆਂ ਨੂੰ ਸੋਧਦੀ ਰਹਿੰਦੀ ਹੈ ਅਤੇ ਪਤੀ ਦੀ ਸਰਧਾ ਵਿਚ ਸਹਿਤ ਪਰੇਮ ਦੇ ਹੁੰਦੀ ਹੈ। ਖੋਟਾ ਪਰੇਮ ਅਤੇ ਦਵੈਤ ਭਾਉ ਪਤੀ (ਗੁਰ) ਪ੍ਰਮਾਤਮਾਂ ਨਾਲ ਇਕਰ ਕਰਦੀ ਹੈ ਜਿਕੁਰ ਰਾਹੂ ਤੇ ਕੇਤੂ ਦੋਵੇਂ ਦੈਂਤ ਸੂਰਜ ਤੇ ਚੰਦਰਮਾਂ ਨਾਲ ਕਰਦੇ ਹਨ।

ਕਬਿਤ—ਜੈਸੇ ਜਲ ਕੂਪ ਨਿਕਸਤ ਹੈ ਜਤਨ ਕੀਏ, ਸੀਚੀਅਤਿ ਖੇਤ ਏਕੈ ਪਹੂੰਚੈ ਨ ਆਨ ਕੌ ॥ ਪਥਕ ਪਪੀਹਾ ਪਯਾਸੇ ਆਸ ਲਗ ਢਿਗ ਬੈਠ, ਬਿਨੁ ਗੁਨ ਭਾਜਨ ਤ੍ਰਿਪਤ ਕਤ ਪ੍ਰਾਨ ਕੌ ॥ ਤੈਸੇ ਹੀ ਸਕਲ ਦੇਵ ਸੇਵ ਸੈ ਟਰਤ ਨਾਂਹਿ, ਸੇਵਾ ਕੀਏ ਦੇਤ ਫਲ ਕਾਮਨਾ ਸਮਾਨ ਕੌ ॥ ਪੂਰਨ ਬ੍ਰਹਮ ਗੁਰ ਬਰਖਾ ਅੰਮ੍ਰਿਤ ਹਿਤ, ਬਰਖ ਹਰਖ ਦੇਤ ਸਰਬ ਨਿਧਾਨ ਕੌ ॥੪੫੧॥

ਖੂਹ ਵਿਚੋਂ ਪਾਣੀ ਬੜੇ ਯਤਨ ਨਾਲ ਨਿਕਲਦਾ ਹੈ ਅਤੇ ਜਦ ਸਿੰਜੀਦਾ ਹੈ ਤਾਂ ਇਕ ਹੀ ਪੈਲੀ ਨੂੰ ਪਹੁੰਚਦਾ ਹੈ ਹੋਰ ਨੂੰ ਨਹੀਂ ਪੁਜਦਾ। ਰਾਹੀ ਪਪੀਹੇ ਤਿਹਾਏ ਆਸ਼ਾ ਕਰਕੇ ਖੂਹ ਦੇ ਪਾਸ ਬੈਠੇ ਰਹਿੰਦੇ ਹਨ। ਬਿਨਾਂ ਡੋਰੀ ਗੜਵੀ ਤੋਂ ਪ੍ਰਾਣਾਂ ਨੂੰ ਕਿਕੁਰ ਰਜਾਉਣ। ਤਿਕੁਰ ਹੀ ਸਾਰੇ ਦੇਵਤੇ ਸੇਵਾ ਦਾ ਫਲ ਦੇਣ ਤੋਂ ਮੁੜਦੇ ਨਹੀਂ ਸੇਵਾ ਕਰਨ ਦਾ ਫਲ ਦਿੰਦੇ ਹਨ ਪਰ ਓਹਨਾਂ ਦੀ ਇਛਾ ਪੂਰੀ ਕੀਤੀ ਹੋਈ ਐਵੇਂ ਬਰਾਬਰ ਹੀ ਹੁੰਦੀ ਹੈ (ਨਾ ਹੀ ਸੇਵਾ ਕਰਨ ਵਾਲਾ ਰਜਦਾ ਹੈ ਅਤੇ ਨਾ ਹੀ ਓਹ ਬਹੁਤਾ ਫਲ ਦਿੰਦੇ ਹਨ)। ਵਿਆਪਕ ਵਾਹਿਗੁਰੂ ਦਾ ਸਰੂਪ ਗੁਰੂ ਬਦਲ ਦੀ ਨਿਆਈਂ ਨਾਮ (ਪਾਣੀ) ਦੀ ਬਾਰਸ਼ ਪਰੇਮ ਨਾਲ ਕਰਦੇ ਹਨ ਅਤੇ ਖੁਸ਼ੀ ਨਾਲ ਸਿਖਾਂ ਨੂੰ ਸਾਰੇ ਖਜ਼ਾਨੇ ਬਖਸ਼ ਦਿੰਦੇ ਹਨ। ਬੱਦਲ ਵਰ੍ਹ ਕੇ ਸਾਰੀ ਜ਼ਮੀਨ ਨੂੰ ਨਿਹਾਲ ਕਰ ਦਿੰਦਾ ਹੈ। ਸਤਿਗੁਰੂ ਸਿਖਾਂ ਨਾਲ ਪਰੇਮ ਕਰਕੇ ਨਿਹਾਲ ਕਰ ਦਿੰਦੇ ਹਨ।

ਕਬਿਤ—ਜੈਸੇ ਉਲੂ ਦਿਨ ਸਮੇਂ ਕਾਹੂਐ ਨ ਦੇਖਜੋ ਭਾਵੈ, ਤੈਸੇ ਸਾਧ ਸੰਗਤ ਮੈ ਆਨ ਦੇਵ ਸੇਵ ਕੈ ॥ ਜੈਸੇ ਕਾਗ ਵਿਦਮਾਨ ਬੋਲਤ ਨ ਕਾਹੂ ਭਾਵੈ, ਆਨ ਦੇਵ ਸੇਵਕ ਜੋ ਬੋਲੈ ਅਹੰਮੇਵ ਕੈ ॥ ਕਟਤ ਚਟਤ ਸ੍ਵਾਨ ਪ੍ਰੀਤਿ ਬਿਪਰੀਤਿ ਜੈਸੇ, ਆਨ ਦੇਵ ਸੇਵਕ ਸੁਹਾਇ

ਨ ਕੁਟੇਵ ਕੇ ॥ ਜੈਸੇ ਕੇ ਮਰਾਲ ਮਾਲ ਸੋਭਤ ਨ ਬੱਗ ਠੱਗ, ਕਾਢੀਐ ਪਕਰ ਕਰ ਆਨ ਦੇਵ ਸੇਵ ਕੇ ॥੪੫੨॥

ਜਿਕੁਰ ਦਿਨ ਦੇ ਵੇਲੇ ਉੱਲੂ ਕਿਸੇ ਨੂੰ ਵੇਖਿਆ ਨਹੀਂ ਭਾਉਂਦਾ ਤਿਕੁਰ ਹੀ ਹੋਰ ਦੇਵਤਿਆਂ ਦਾ ਦਾਸ ਸਾਧ ਸੰਗਤ ਵਿਚ ਹੱਛਾ ਨਹੀਂ ਲੱਗਦਾ। ਜਿਕੁਰ ਕਾਂ ਭਾਵੇਂ ਕਿੰਨਾ ਹੀ ਸਿਆਣਾ ਹੋਵੇ ਪਰ ਪ੍ਰਤੱਛ ਹੀ ਬੋਲਦਾ ਕਿਸੇ ਨੂੰ ਨਹੀਂ ਭਾਉਂਦਾ। ਇਕੁਰ ਹੀ ਹੋਰ ਦੇਵਤਿਆਂ ਦਾ ਸੇਵਕ ਜਿਹੜਾ ਹੰਕਾਰ ਕਰਕੇ ਬੋਲਦਾ ਹੈ, ਕੁਤੇ ਦਾ ਚੱਟਣਾ ਤੇ ਵੱਢ ਖਾਣਾ ਪ੍ਰੀਤੀ ਕਰਦਾ ਕਰਦਾ ਬਿਪ੍ਰੀਤੀ ਕਰ ਦਿੰਦਾ ਹੈ ਤਿਕੁਰ ਹੀ ਹੋਰ ਦੇਵਤਿਆਂ ਦਾ ਸੇਵਕ ਨਹੀਂ ਮੁਹੌਂਦਾ ਕਿਉਂਕਿ ਉਸ ਵਿਚ ਬੁਰੀ ਆਦਤ ਹੁੰਦੀ ਹੈ। ਹੰਸਾਂ ਦੀਆਂ ਡਾਰਾਂ ਵਿਚ ਬਗਲਾ ਠੱਗ ਨਹੀਂ ਸੋਹਣਾ ਲਗਦਾ ਠੱਗ ਸਿਖ ਨੂੰ ਕੰਨੋਂ ਫੜ ਕੇ ਬਾਹਰ ਕੱਢ ਦੇਣਾ ਚਾਹੀਏ।

ਕਬਿਤ—ਜੈਸੇ ਉਲੂ ਆਦਿਤ ਉਦੋਤਿ ਜੋਤਿ ਕੋ ਨ ਜਾਨੈ, ਆਨ ਦੇਵ ਸੇਵਕ ਨ ਸੂਝੇ ਸਾਧ ਸੰਗ ਮੈ ॥ ਮਰਕਟ ਮਨਿ ਮਾਨਿਕ ਮਹਿਮਾ ਨ ਜਾਨੈ, ਆਨ ਦੇਵ ਸੇਵਕ ਨ ਸਬਦ ਪ੍ਰਸੰਗ ਮੈ ॥ ਜੈਸੇ ਤੌ ਫਨਿੰਦ੍ਰ ਪਾਨ ਪੈ ਮਹਾਤਮੈ ਨ ਜਾਨੈ, ਆਨ ਦੇਵ ਸੇਵਕ ਮਹਾ ਪ੍ਰਸਾਦਿ ਅੰਗ ਮੈ ॥ ਬਿਨੁ ਹੰਸ ਬੰਸ ਬਗ ਠਗ ਨ ਸਕਤ ਟਿਕ, ਅਗਧ ਅਗਾਧ ਸੁਖ ਸਾਗਰ ਤਰੰਗ ਮੈ ॥੪੫੩॥

ਜਿਕੁਰ ਉਲੂ ਦਿਨ ਚੜ੍ਹਨ ਦੀ ਜੋਤੀ ਨੂੰ ਨਹੀਂ ਜਾਣਦਾ ਤਿਕੁਰ ਹੀ ਹੋਰ ਦੇਵਤਿਆਂ ਦੇ ਸੇਵਕ ਨੂੰ ਸਾਧ ਸੰਗਤ ਵਿਚ ਕੁਝ ਨਹੀਂ ਸੁਝਦਾ। ਜਿਵੇਂ ਬਾਂਦਰ ਮਣੀਆਂ ਮਾਣਿਕਾਂ ਦੀ ਮਹਿਮਾ ਨਹੀਂ ਜਾਣਦਾ ਇਕੁਰ ਹੀ ਹੋਰ ਦੇਵਤਿਆਂ ਦਾ ਸੇਵਕ ਗੁਰ ਸ਼ਬਦ ਦੇ ਪ੍ਰਸੰਗ ਵਿਚ ਲਗ ਕੇ ਕਦਰ ਨਹੀਂ ਕਰਦਾ। ਵਡਾ ਸੱਪ ਦੁਧ ਪੀਣ ਦੀ ਕਦਰ ਨਹੀਂ ਜਾਣਦਾ ਹੋਰ ਦੇਵਤਿਆਂ ਦਾ ਸੇਵਕ ਕੜਾਹ ਪ੍ਰਸ਼ਾਦਿ ਦੀ ਹਿਰਦੇ ਵਿਚ ਕਦਰ ਨਹੀਂ ਜਾਣਦਾ। ਜਿਕੁਰ ਹੰਸਾਂ ਦੀ ਸੰਤਾਨ ਤੋਂ ਬਿਨਾਂ ਵਡੇ ਡੂੰਘੇ ਸਮੁੰਦਰ ਦੀਆਂ ਲਹਿਰਾਂ ਵਿਚ ਬਗਲਾ ਠੱਗ ਸੁਖ ਨਾਲ ਨਹੀਂ ਟਿਕ ਸਕਦਾ।

ਕਬਿਤ—ਜੈਸੇ ਤੌ ਨਗਰ ਏਕ ਹੋਤ ਹੈ ਅਨੇਕ ਹਾਟੈ, ਗਾਹਕ ਅਸੰਖ ਆਵੈ ਬੇਚਨੁ ਰ ਲੈਨ ਕੌ ॥ ਜਾਪੈ ਕਛੁ ਬੇਚੈ ਅਰੁ ਬਨਜੁ ਨ ਮੰਗੈ ਪਾਵੈ, ਆਨ ਪੈ ਬਿਸਾਹੈ ਜਾਇ ਦੇਖੈ ਸੁਖ ਨੈਨ ਕੌ ॥ ਜਾਕੀ ਹਾਟੀ ਸਕਲ ਸਮੱਗ੍ਰੀ ਪਾਵੈ ਔ ਵਿਕਾਵੈ, ਬੇਚਤ ਬਿਸਾਹਤ ਚਾਹਤ

ਚਿਤ ਚੈਨ ਕੌ ॥ ਆਨ ਦੇਵ ਸੇਵ ਜਾਇ ਸਤਿਗੁਰ ਪੂਰੇ ਸ਼ਾਹਿ, ਸਰਬ ਨਿਧਾਨ ਜਾਂਕੈ ਲੈਨ ਅਰੁ ਦੇਨ ਕੌ ॥੪੫੪॥

ਇਕ ਪਿੰਡ ਵਿਚ ਅਨੇਕਾਂ ਹੀ ਹੱਟੀਆਂ ਹੁੰਦੀਆਂ ਹਨ ਅਤੇ ਗਾਹਕ ਅਨਗਿਣਤ ਹੀ ਸੌਦਾ ਲੈਣ ਆਉਂਦੇ ਹਨ। ਜਿਸ ਪਾਸ ਕੋਈ ਕੁਝ ਵੇਚ ਦੇਵੇ ਅਤੇ ਅਗੋਂ ਸੌਦਾ ਹੱਛਾ ਮਨ ਭਾਉਂਦਾ ਮੰਗਿਆ ਨਹੀਂ ਪੌਂਦਾ ਤਾਂ ਹੋਰ ਪਾਸੋਂ ਜਾ ਖ੍ਰੀਦਦਾ ਹੈ। ਜਿਕੁਰ ਨੇਤਰਾਂ ਨੂੰ ਸੁਖ ਵੇਖਦਾ ਹੈ। ਜਿਸ ਦੀ ਹੱਟੀ ਸਾਰੀ ਸਮੱਗਰੀ ਪਾਵੇ ਅਤੇ ਵਿਕਾ ਦੇਵੇ ਓਥੇ ਹੀ ਓਹ ਆਪਣਾ ਸੌਦਾ ਵੇਚਦਾ ਅਤੇ ਅਗਲੇਰੇ ਕੋਲੋਂ ਖਰੀਦਦਾ ਹੈ ਮਨ ਨੂੰ ਸ਼ਾਂਤੀ ਓਥੇ ਹੀ ਚਾਹੁੰਦਾ ਹੈ ਸਚੇ ਸ਼ਾਹ ਪੂਰੇ ਗੁਰੂ ਮਹਾਰਾਜ ਜੀ ਹਨ ਅਤੇ ਸਾਰੇ ਖਜਾਨੇ ਨਾਮ ਦੇ ਓਹਨਾਂ ਪਾਸ ਭਰੇ ਹੋਏ ਹਨ ਅਤੇ ਹੋਰ ਦੇਵਤਿਆਂ ਦੇ ਸੇਵਕ ਲੈਣ ਦੇਣ ਸੌਦਾ ਮੁਕਤਿ ਰੂਪ ਗੁਰੂ ਪਾਸ ਜਾਂਦੇ ਹਨ।

ਕਬਿਤ—ਬਨਜੁ ਬਿਉਹਾਰ ਬਿਖੈ ਰਤਨ ਪਾਰਖ ਹੋਇ, ਰਤਨ ਜਨਮ ਕੀ ਪਰੀਖ੍ਯਾ ਨਾਂਹਿ ਪਾਈ ਹੈ ॥ ਲੇਖੈ ਚਿਤ੍ਰ ਗੁਪਤ ਸੈਂ ਲੇਖਕ ਲਿਖਾਰੀ ਭਏ, ਜਨਮ ਮਰਨ ਕੀ ਅਸੰਕਾ ਨ ਮਿਟਾਈ ਹੈ ॥ ਬੀਰ ਵਿਦ੍ਯਾ ਮਹਾ ਬਲੀ ਭਏ ਹੈਂ ਧਨੁਖਧਾਰੀ, ਹੰਗਤਾ ਕੋ ਮਾਰ ਨ ਸਹਜ ਲਿਵ ਲਾਈ ਹੈ ॥ ਪੂਰਨ ਬ੍ਰਹਮ ਗੁਰ ਦੇਵ ਸੇਵ ਕਲੀ ਕਾਲ, ਮਾਯਾ ਮੈ ਉਦਾਸੀ ਗੁਰ ਸਿਖਨ ਜਤਾਈ ਹੈ ॥੪੫੫॥

ਲੋਕ ਸੌਦੇ ਕਰਨ ਵਿਚ ਅਤੇ ਰਤਨ ਪਰਖਣ ਵਿਚ ਤਾਂ ਤਿਆਰ ਬਰ ਤਿਆਰ ਹੋ ਗਏ ਹਨ ਪਰ ਅਮੋਲਕ ਰਤਨ ਦੀ ਨਿਆਈਂ ਜੋ ਜਨਮ ਮਿਲਿਆ ਸੀ, ਇਸ ਦੀ ਕਦਰ ਕਰਨ ਦੀ ਰੀਤੀ ਨਾ ਪਾਈ। (ਲੋਕ) ਲੇਖਿਆਂ ਦੇ ਲਿਖਣ ਵਿਚ ਚਿੱਤਰ ਗੁਪਤ ਲਿਖਾਰੀ ਤਾਂ ਹੋ ਗਏ ਪਰ ਜਨਮ ਮਰਨ ਦੀ ਗਿਣਤੀ ਨਾ ਦੂਰ ਕੀਤੀ। ਸੂਰਮਿਆਂ ਦੀ ਵਿਦਿਆ ਕਰਕੇ ਧਨੁਖ ਧਾਰਨ ਵਾਲੇ ਤਾਂ ਬਾਹਲੇ ਬਲ ਵਾਲੇ ਬਾਹਲੇ ਹੋਏ ਹਨ ਪਰ ਹੰਗਤਾ ਨੂੰ ਮਾਰ ਕੇ ਸ਼ਾਂਤੀ ਸਰੂਪ ਵਾਹਿਗੁਰੂ ਵਿਚ ਬ੍ਰਿਤੀ ਕਿਸੇ ਨੇ ਵੀ ਨਹੀਂ ਲਾਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤ ਵਿਚ ਹੀ ਆਪਣੇ ਸਿਖਾਂ ਨੂੰ ਉਦਾਸ ਰਖ ਕੇ ਵਿਆਪਕ ਵਾਹਿਗੁਰੂ ਦੀ ਸੇਵਾ ਕਰਨੀ ਕਲਜੁਗ ਦੇ ਪਹਿਰੇ ਵਿਚ ਹੀ ਦਸੀ ਹੈ।

ਕਬਿਤ—ਜੈਸੇ ਆਨ ਬਿਰਖ ਸਫਲ ਹੋਤ ਸਮੈ ਪਾਇ, ਸਰਬਦਾ ਫਲੰਤੇ ਸਦਾ ਫਲ ਸੁ ਸੁਵਾਦ ਹੈ ॥ ਜੈਸੇ ਕੂਪ ਜਲ ਨਿਕਸਤ ਹੈ ਜਤਨ ਕੀਏ, ਗੰਗਾ ਜਲ ਮੁਕਤਿ ਪ੍ਰਵਾਹ ਪ੍ਰਸਾਦਿ ਹੈ ॥ ਮ੍ਰਿਤਕਾ ਅਗਨਿ

ਤੂਲ ਤੇਲ ਮਿਲ ਦੀਪ ਦਿਪੈ, ਜਗ ਮਗ ਜੋਤ ਸਸੀਅਰ ਬਿਸਮਾਦਿ ਹੈ॥ ਤੈਸੇ ਆਨ ਦੇਵ ਸੇਵ ਕੀਏ ਫਲ ਦੇਤ ਜੇਤ, ਸਤਿਗੁਰ ਦਰਸਨ ਸਾਸਨਾ ਜਮਾਦਿ ਹੈ॥੪੫੬॥

ਜਿਕੁਰ ਬਾਜ਼ੇ ਦਰਖਤ ਵੇਲੇ ਸਿਰ ਸਹਿਤ ਫਲਾਂ ਦੇ ਹੁੰਦੇ ਹਨ ਅਤੇ ਇਕ ਸਦਾ ਹੀ ਫਲੇ ਅਤੇ ਸਦਾ ਹੀ ਫੁਲਾਂ ਸੰਯੁਕਤ ਸਵਾਦੀ ਰਹਿੰਦੇ ਹਨ। ਖੂਹ ਵਿਚੋਂ ਪਾਣੀ ਯਤਨ ਕਰਕੇ ਨਿਕਲਦਾ ਹੈ ਅਤੇ ਇਕ ਨਿਰਮਲ ਪਾਣੀ ਖੁਲ੍ਹਾ ਵੈਹਣ ਚਲਦਾ ਹੋਵੇ ਓਹ ਅਨੰਦ ਵਾਲਾ ਹੁੰਦਾ ਹੈ। ਮਿਟੀ ਦਾ ਦੀਵਾ, ਅਗਨੀ, ਰੂੰ, ਤੇਲ ਇਹੋ ਮਿਲਣ ਤਾਂ ਦੀਵਾ ਜਗਦਾ ਹੈ ਅਤੇ ਜੋ ਪ੍ਰਕਾਸ਼ ਵਾਲੀ ਜੋਤੀ ਚੰਦਰਮਾਂ ਦੀ ਅਸਚਰਜ ਜਗ ਰਹੀ ਹੈ। ਹੋਰ ਦੇਵਤੇ ਜਿਤਨੇ ਕੁ ਹਨ ਓਹ ਸਾਰੇ ਸੇਵਾ ਕਰਨ ਨਾਲ ਫਲ ਦਿੰਦੇ ਹਨ ਪਰ ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਜਮ ਆਦਿਕਾਂ ਦੀ ਤਾੜਨਾ ਦੂਰ ਹੁੰਦੀ ਹੈ।

ਵਡਿਆਂ ਵਡਿਆਂ ਨੇ ਭਾਰਤ ਵਰਸ਼ ਵਿਚ ਦਵੈਤ ਦੂਰ ਨਹੀਂ ਕੀਤੀ ਅਤੇ ਗੁਰ ਸਿਖ ਵਾਹਿਗੁਰੂ ਦੇ ਵਿਚਾਰਵਾਨ ਐਵੇਂ ਹੀ ਹੋ ਗਏ।

ਕਬਿਤ—ਪੰਚ ਪਰਪੰਚ ਕੈ ਭਏ ਹੈਂ ਮਹਾ ਭਾਰਥ ਸੈਂ, ਪੰਚ ਮਾਰ ਕਾਹੂਐ ਨ ਦੁਬਿਧਾ ਨਿਵਾਰੀ ਹੈ॥ ਗ੍ਰਿਹ ਤਜ ਨਵ ਨਾਥ ਸਿਧ ਹ੍ਵੈ ਜੋਗੀਸਰ ਨ, ਤ੍ਰਿਗੁਣ ਅਤੀਤ ਨਿਜ ਆਸਨ ਮੈ ਤਾਰੀ ਹੈ॥ ਬੇਦ ਪਾਠ ਪੜ੍ਹਿ ਪੜ੍ਹਿ ਪੰਡਿਤ ਪ੍ਰਬੋਧੈ ਜਗੁ, ਸਕੈ ਨ ਸਮੋਧ ਮਨ ਤ੍ਰਿਸਨਾ ਨ ਮਾਰੀ ਹੈ॥ ਪੂਰਨ ਬ੍ਰਹਮ ਗੁਰਦੇਵ ਸੇਵ ਸਾਧ ਸੰਗ, ਸਬਦ ਸੁਰਤਿ ਲਿਵ ਬ੍ਰਹਮ ਬੀਚਾਰੀ ਹੈ॥੪੫੭॥

ਮਹਾਂ ਭਾਰਥ ਅਠਾਰਾਂ ਪਰਬਾਂ ਵਾਲੇ ਆਦਿਕ ਪੁਸਤਕਾਂ ਵਿਚ ਪੰਜਾਂ ਪਾਂਡਵਾਂ ਵਰਗੇ ਸੰਸਾਰ ਵਿਚ ਬਲੀ ਤਾਂ ਬੜੇ ਹੋਏ ਹਨ ਪਰ ਪੰਜਾਂ ਕਾਮ ਕਰੋਧ ਆਦਿਕਾਂ ਨੂੰ ਮਾਰ ਕੇ ਦਵੈਤ ਕਿਸੇ ਵੀ ਦੂਰ ਨਹੀਂ ਕੀਤੀ। ਘਰ ਨੂੰ ਛਡ ਕੇ ਨੌਂ ਨਾਥ ਅਤੇ ਚੁਰਾਸੀ ਸਿਧ ਜੋਗੀਆਂ ਦੇ ਈਸ਼ਰ ਤਾਂ ਕਹੀਏ ਪਰ ਤਿੰਨਾਂ ਗੁਣਾਂ ਰੂਪ ਸੰਸਾਰ ਦੀ ਮਾਇਆ ਤੋਂ ਰਹਿਤ ਹੋ ਕੇ ਆਪਣੇ ਵਾਹਿਗੁਰੂ ਵਿਚ ਤਾੜੀ ਲਾਕੇ ਆਸਣ ਲਾਉਣ ਵਾਲੇ ਨਾ ਹੋਏ। ਪੰਡਤ ਵੇਦਾਂ ਦੇ ਪਾਠਾਂ ਨੂੰ ਪੜ੍ਹ ਪੜ੍ਹ ਕੇ ਜਗਤ ਨੂੰ ਲੈਕਚਰ ਸੁਣਾਉਂਦੇ ਰਹੇ ਪਰ ਆਪਣੇ ਮਨ ਨੂੰ ਨਾ ਸਮਝਾ ਸਕੇ ਅਤੇ ਨਾ ਹੀ ਤ੍ਰਿਸਨਾ ਮਾਰ ਸਕੇ। ਵਾਹਿਗੁਰੂ ਦੇ ਸਰੂਪ ਗੁਰੂ ਨਾਨਕ ਸਾਹਿਬ ਜੀ ਦੀ ਸਾਧ ਸੰਗਤ ਦੀ ਸੇਵਾ ਅਤੇ ਗੁਰ ਸ਼ਬਦ ਵਿਚ ਪ੍ਰੀਤੀ ਕਰਕੇ ਗੁਰੂ ਸਿਖ ਵਾਹਿਗੁਰੂ ਦੇ ਵਿਚਾਰਵਾਨ ਹੋਏ ਹਨ।

(ਗੁਰਮੁਖਾਂ ਦੇ ਲੱਖਣ)

ਕਬਿਤ—ਪੂਰਨ ਬ੍ਰਹਮ ਸਮ ਦੇਖ ਸਮਦਰਸੀ ਹ੍ਵੈ ਅਕਥ ਕਥਾ ਬਿਚਾਰਿ ਹਾਰਿ ਮਨਿ ਧਾਰੀ ਹੈ ॥ ਹੋਨਹਾਰ ਹੋਇ ਤਾਂਤੇ ਆਸਾ ਤੇ ਨਿਰਾਸ ਭਏ, ਕਰਨ ਕਾਰਨ ਪ੍ਰਭ ਜਾਨ ਹੌਮੈ ਮਾਰੀ ਹੈ ॥ ਸੂਖਮ ਸਥੂਲ ਓਅੰਕਾਰ ਕੈ ਅਕਾਰ ਹੋਇ, ਬ੍ਰਹਮ ਬਬੇਕ ਬੁਧਿ ਭਏ ਬ੍ਰਹਮਚਾਰੀ ਹੈ ॥ ਬਟ ਬੀਜ ਕੋ ਬਿਥਾਰ ਬ੍ਰਹਮ ਕੈ ਮਾਯਾ ਛਾਯਾ, ਗੁਰਮੁਖ ਏਕ ਟੇਕ ਦੁਬਿਧਾ ਨਿਵਾਰੀ ਹੈ ॥੪੫੮॥

ਵਾਹਿਗੁਰੂ ਨੂੰ ਸਾਰਿਆਂ ਵਿਚ ਇਕੋ ਜਿਹਾ ਵੇਖ ਕੇ ਸਮਾਂਨ ਦ੍ਰਿਸ਼ਟੀ ਵਾਲੇ ਹੋਏ ਅਤੇ ਵਾਹਿਗੁਰੂ ਦੀ ਅਕਥ ਕਥਾ ਿਚਾਰ ਕੇ ਮਨ ਵਿਚ ਹਾਰ ਧਰੀ ਹੈ। ਜਿਹੜਾ ਵਾਹਿਗੁਰੂ ਦਾ ਭਾਣਾ ਹੋਣਾ ਹੈ ਤਿਸ ਨੂੰ ਹੋਣ ਦਿੰਦੇ ਹਨ ਅਤੇ ਪਦਾਰਥਾਂ ਦੀ ਆਸਾ ਤੋਂ ਨਿਰਾਸ ਹੋਏ ਰਹਿੰਦੇ ਹਨ ਅਤੇ ਕਰਨ ਕਾਰਨ ਵਾਹਿਗੁਰੂ ਨੂੰ ਜਾਣ ਕੇ ਹੰਗਤਾ ਮਾਰੀ ਹੈ। ਇਕ ਵਾਹਿਗੁਰੂ ਦੇ ਅਕਾਰ ਨਿਕੇ ਵਡੇ ਜੀਵ ਕੀਤੇ ਹੋਏ ਹਨ ਇਕੁਰ ਵਾਹਿਗੁਰੂ ਦਾ ਵਿਚਾਰ ਅਕਲ ਵਿਚ ਵਿਚਾਰ ਕੇ ਜਤੀ ਹੋਏ ਹਨ। ਬੋਹੜ ਦੇ ਬੀਜ ਦਾ ਫੈਲਾਉ ਹੁੰਦਾ ਹੈ ਇਕ ਵਾਹਿਗੁਰੂ ਦਾ ਮਾਇਆ ਕਰਕੇ ਸਾਰਾ ਛਾਯਾ ਰੂਪ ਪਸਾਰਾ ਹੋਇਆ ਹੋਇਆ ਜਾਣਦੇ ਹਨ ਅਤੇ ਓਸੇ ਦੀ ਹੀ ਗੁਰਮੁਖ ਇਕ ਓਟ ਲੈ ਕੇ ਦਵੈਤ ਨੂੰ ਦੂਰ ਕਰ ਦੇਂਦੇ ਹਨ।

ਕਬਿਤ—ਜੈਸੇ ਤੌ ਸਕਲ ਦ੍ਰੁਮ ਆਪਨੀ ਆਪਨੀ ਭਾਂਤਿ, ਚੰਦਨ ਚੰਦਨ ਕਰੇ ਸਰਬ ਤਮਾਲ ਕੋ ॥ ਤਾਂਬਾ ਹੀ ਸੈ ਹੋਤ ਜੈਸੇ ਕੰਚਨ ਕਲੰਕ ਡਾਰੇ, ਪਾਰਸ ਪਰਸ ਧਾਤ ਸਕਲ ਉਜਾਲ ਕੌ ॥ ਸਰਿਤਾ ਅਨੇਕ ਜੈਸੇ ਬਿਬਿਧਿ ਪ੍ਰਵਾਹ ਗਤਿ, ਸੁਰਸੁਰੀ ਸੰਗਮ ਸਮ ਜਲ ਸੁਢਾਲ ਕੌ ॥ ਤੈਸੇ ਹੀ ਸਕਲ ਦੇਵ ਟੇਵ ਸੈ ਟਰਤ ਨਾਹਿ, ਸਤਿਗੁਰ ਅਸਰਨ ਸਰਨ ਅਕਾਲ ਕੌ ॥੪੫੯॥

ਸਾਰੇ ਬ੍ਰਿਛ ਆਪਣੀ ੨ ਤਰਾਂ ਹਨ। ਭਾਵ ਇਕ ਦੂਜੇ ਦਾ ਸੁਭਾਉ ਕੋਈ ਨਹੀਂ ਬਦਲ ਸਕਦਾ ਅਤੇ ਚੰਦਨ ਸਾਰੇ ਬ੍ਰਿਛਾਂ ਨੂੰ ਚੰਦਨ ਕਰ ਲੈਂਦਾ ਹੈ। ਬੂਟੀ ਪਾਉਣ ਨਾਲ ਤਾਂਬੇ ਤੋਂ ਸੋਨਾ ਹੁੰਦਾ ਹੈ ਅਤੇ ਪਾਰਸ ਨੂੰ ਛੋਹ ਕੇ ਸਾਰੀਆਂ ਧਾਤਾਂ ਸੋਨਾ ਰੂਪ ਕਿਆ ਅਗੇ ਹੋਰਨਾਂ ਨੂੰ ਸੋਨਾ ਕਰਨ ਵਾਲੀਆਂ ਹੋ ਜਾਂਦੀਆਂ ਹਨ। ਅਨਿਕਾਂ ਨਦੀਆਂ ਬਾਹਲੇ ਵਹਿਣਾਂ ਦੇ ਚੱਲਣ ਵਾਲੀਆਂ ਹੁੰਦੀਆਂ ਹਨ ਅਤੇ ਗੰਗਾ ਨਦੀ ਦੇ ਪਾਣੀ ਨਾਲ

ਬਰਾਬਰ ਹਛੀ ਤਰ੍ਹਾਂ ਦੀ ਚਾਲ ਚਲਕੇ ਸਮੁੰਦਰ ਵਿਚ ਜਾ ਪੈਂਦੀਆਂ ਹਨ । ਸਾਰੇ ਦੇਵਤੇ ਆਪਣੀ ਬੁਰੀ ਆਦਤ ਤੋਂ ਨਹੀਂ ਹਟਦੇ ਅਤੇ ਸਤਿਗੁਰੂ ਅਸ਼ਰਨਾਂ ਨੂੰ ਸ਼ਰਨ ਦੇ ਵਾਹਿਗੁਰੂ ਨੂੰ ਮਿਲਾ ਦਿੰਦੇ ਹਨ ।

ਕਬਿਤ—ਗਿਰਗਟ ਹੀ ਕੈ ਰੰਗ ਕਮਲ ਸਮੇਹ ਬਹੁ, ਬਨ ਬਨ ਡੋਲੈ ਕਾਗ ਕਹਾ ਧੌ ਸਵਾਨ ਹੈ ॥ ਘਰ ਘਰ ਫਿਰਤ ਮੰਜਾਰ ਧੌ ਅਹਾਰ ਪਾਵੈ, ਬੇਸ੍ਵਾ ਬਿਸ਼ਨੀ ਅਨੇਕ ਸਤੀ ਨ ਸਮਾਨ ਹੈ ॥ ਸਰ ਸਰ ਭ੍ਰਮਤ ਨ ਮਿਲਤ ਮਰਾਲ ਮਾਲ, ਜੀਵ ਘਾਤ ਕਰਤ ਨ ਮੌਨੀ ਬਗ ਧਯਾਨ ਹੈ ॥ ਬਿਨ ਗੁਰਦੇਵ ਸੇਵ ਆਨ ਦੇਵ ਸੇਵਕ ਹ੍ਵੈ, ਮਾਖੀ ਤਿਆਗ ਚੰਦਨ ਦੁਰਗੰਧ ਅਸਥਾਨ ਹੈ ॥੪੬੦॥

ਭਾਵੇਂ ਕਿਰਲੇ ਤੇ ਕਮਲਾਂ ਬਹੁਤਿਆਂ ਦਾ ਇਕੋ ਜਿਹਾ ਰੰਗ ਹੁੰਦਾ ਹੈ ਅਤੇ ਬਨ ਬਨ ਵਿਚ ਕਾਂ ਫਿਰਨ ਨਾਲ ਕਿਤੇ ਪੰਛੀਆਂ ਦਾ ਰਾਜਾ ਤਾਂ ਨਹੀਂ ਹੋ ਚਲਿਆ ਹੈ । ਘਰ ਘਰ ਵਿਚ ਬਿੱਲਾ ਫਿਰ ਕੇ ਚੂਹਿਆਂ ਦਾ ਭੋਜਨ ਪਾ ਰਿਹਾ ਹੈ ਅਤੇ ਵੇਸਵਾ ਬਾਹਲੇ ਬਿਸ਼ਨੀਆਂ ਨਾਲ ਸਬੰਧ ਕਰਕੇ ਸਤੀ ਦੇ ਬਰਾਬਰ ਤਾਂ ਨਹੀਂ ਹੋ ਚਲੀ । ਚੁਪ ਵਟਣ ਵਾਲਾ ਬਗਲਾ, ਤਾਲਾਂ ਤਾਲਾਂ ਤੇ ਭੌਂ ਕੇ ਬਗਲਾ ਬਾਹਲੇ ਹੰਸਾਂ ਵਿਚ ਨਹੀਂ ਮਿਲ ਸਕਦਾ, ਕਿਉਂਕਿ ਓਹ ਜੀਵਾਂ ਦੇ ਮਾਰਨ ਤੋਂ ਚੁਪ ਕਰ ਕੇ ਧਿਆਨ ਲਾ ਕੇ ਨਹੀਂ ਬੈਠਦਾ । ਜਿਹੜਾ ਬਿਮੁਖ ਬਿਨਾਂ ਗੁਰ ਦੇਵ ਦੀ ਸੇਵਾ ਤੋਂ ਹੋ ਕੇ ਹੋਰ ਦੇਵਤਿਆਂ ਦਾ ਸੇਵਕ ਹੁੰਦਾ ਹੈ ਉਸ ਨੂੰ ਇਕੁਰ ਦਾ ਜਾਣੋ ਜਿਕੁਰ ਮੱਖੀ ਚੰਦਨ ਨੂੰ ਛਡ ਕੇ ਦੁਰਗੰਧੀ ਤੇ ਬਹਿੰਦੀ ਹੈ ।

ਕਬਿਤ—ਆਨ ਹਾਟ ਕੇ ਹਟ੍ਵਾਆ ਲੇਤ ਹੈ ਘਟਾਇ ਮੋਲ, ਦੇਤ ਹੈਂ ਚੜ੍ਹਾਇ ਡਹਕਤ ਜੋਈ ਆਵੈ ਜੀ ॥ ਤਿਨ ਸੈ ਬਨਜ ਕੀਏ ਬੜ੍ਹਤਾ ਨ ਪਾਵੈ ਕੋਊ, ਤੋਟਾ ਕੋ ਬਨਜ ਪੇਖਿ ਪੇਖਿ ਪਛਤਾਵੈ ਜੀ ॥ ਕਾਠ ਹੂ ਕੀ ਹਾਂਡੀ ਜੈਸੇ ਚਢੈ ਏਕੈ ਵਾਰ ਕੋਊ, ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੀ ॥ ਸਤਿਗੁਰ ਸਾਹ ਗੁਨ ਬੇਚ ਅਵਗੁਨ ਲੇਤ, ਸੁਨ ਸੁਨ ਸੁਜਸ ਜਗਤ ਉਠ ਧਾਵੈ ਜੀ ॥੪੬੧॥

ਹੋਰ ਹਟੀ ਵਾਲੇ ਅਗਲੇ ਪਾਸੋਂ ਮੁਲ ਘਟਾ ਕੇ ਸੌਦਾ ਲੈਂਦੇ ਹਨ ਅਤੇ ਆਪਣਾ ਸੌਦਾ ਮੁਲ ਵਧਾ ਕੇ ਦਿੰਦੇ ਹਨ ਇਕੁਰ ਜਿਹੜਾ ਓਹਨਾਂ ਬਨੀਆਂ ਦੇਵਤਿਆਂ ਪਾਸ ਆਉਂਦਾ ਹੈ ਉਸ ਨੂੰ ਭਰਮਾ ਕੇ ਠਗ ਲੈਂਦੇ ਹਨ । ਤਿਨ੍ਹਾਂ ਨਾਲ ਸੌਦਾ ਕਰ ਕੇ

ਵਾਧਾ ਤੇ ਕੋਈ ਪਾਉਂਦਾ ਹੀ ਨਹੀਂ ਹੈ ਉਹ ਘਾਟੇ ਦਾ ਸੌਦਾ ਵੇਖ ਵਾਖ ਕੇ ਹਥ ਮਲਦਾ ਹੈ। ਲਕੜੀ ਦੀ ਤੌੜੀ ਇਕੋ ਵਾਰ ਹੀ ਚੜ੍ਹਦੀ ਹੈ ਇਕੁਰ ਹੀ ਜਿਹੜਾ ਖੋਟਾ ਵਿਵਹਾਰ ਕਰਦਾ ਹੈ ਓਹ ਆਪਣੇ ਆਪ ਨੂੰ ਜਤਾ ਦਿੰਦਾ ਹੈ ਕਿ ਮੈਂ ਠਗ ਹਾਂ ਸਤਿਗੁਰੂ ਸਚੇ ਸ਼ਾਹ ਹਨ ਗੁਣਾਂ ਨੂੰ ਵੇਚਦੇ ਅਤੇ ਅਉਗਣਾਂ ਨੂੰ ਨਾਲ ਲੈ ਕੇ ਨਾਸ ਕਰਦੇ ਹਨ । ਇਕੁਰ ਸੁਣ ਸੁਣ ਕੇ ਸਰੇਸ਼ਟ ਜਸ ਜਗਤ ਸਤਿਸੰਗ ਹਟੀ ਤੇ ਦੌੜਿਆ ਆਉਂਦਾ ਹੈ।

ਕਬਿਤ—ਪੂਰਨ ਬ੍ਰਹਮ ਸਮਸਰਿ ਦੁਤੀਆ ਨਾਸਤ, ਪ੍ਰਤਿਮਾ ਅਨੇਕ ਹੋਇ ਕੈਸੇ ਬਨ ਆਵਈ॥ ਘਟ ਘਟ ਪੂਰਨ ਬ੍ਰਹਮ ਦੇਖੈ ਸੁਨੈ ਬੋਲੈ, ਪ੍ਰਤਿਮਾ ਮੈ ਕਾਹੇ ਨ ਪ੍ਰਗਟ ਹ੍ਵੈ ਦਿਖਾਵਈ ॥ ਘਰ ਘਰ ਘਰਨਿ ਅਨੇਕ ਏਕ ਰੂਪ ਹੁਤੇ, ਪ੍ਰਤਿਮਾ ਸਕਲ ਦੇਵ ਹੋਇ ਨ ਸੁਹਾਵਈ॥ ਸਤਿਗੁਰ ਪੂਰਨ ਬ੍ਰਹਮ ਸਾਵਧਾਨ ਸੋਈ, ਏਕ ਜੋਤਿ ਮੂਰਤਿ ਜੁਗਲ ਹ੍ਵੈ ਪੁਜਾਵਈ॥੪੬੨॥

ਵਾਹਿਗੁਰੂ ਵਿਆਪਕ ਜਿਸ ਵਿਚ ਦਵੈਤ ਨਾਸ਼ ਹੈ ਪੱਥਰ ਦੀਆਂ ਬਾਹਲੀਆਂ ਮੂਰਤਾਂ ਕਿਕੁਰ ਓਸ ਦੇ ਸਮਾਨ ਬਣ ਸਕਦੀਆਂ ਹਨ । ਜੀਵਾਂ ਦੇ ਹਿਰਦੇ ਹਿਰਦੇ ਵਿਚ ਵਿਆਪਕ ਵਾਹਿਗੁਰੂ, ਦੇਖਦਾ ਸੁਣਦਾ ਬੋਲਦਾ ਹੈ ਅਤੇ ਜੋ ਮੂਰਤੀਆਂ ਵਿਚ ਪਰਮਾਤਮਾਂ ਹੋਵੇ ਤਾਂ ਪ੍ਰਤੱਖ ਹੋ ਕੇ ਆਪਣੇ ਆਪ ਨੂੰ ਕਿਉਂ ਨਾ ਦਿਖਾਵੇ । ਜਿਕੁਰ ਘੁਮਿਆਰ ਭਾਂਡਿਆਂ ਨੂੰ ਘੜ ਘੜ ਕੇ ਇਕ ਮਿਟੀ ਦੇ ਕਈ ਰੂਪ ਬਣਾ ਦਿੰਦਾ ਹੈ ਇਕੁਰ ਹੀ ਜੀਵਾਂ ਦੇ ਰਿਦੇ ਰੂਪ ਘਰ ਵਿਚ ਪ੍ਰਮਾਤਮਾ ਇਕ ਤੋਂ ਅਨੇਕ ਰੂਪ ਹੋ ਰਿਹਾ ਹੈ ਜੋ ਇਕ ਜੋਤ ਵਾਲਾ ਵਿਆਪਕ ਵਾਹਿਗੁਰੂ ਹੈ ਓਹੋ ਹੀ ਦੂਜੀ ਮੂਰਤੀ ਪ੍ਰਗਟ ਹੋ ਕੇ ਆਪਣੇ ਆਪ ਨੂੰ ਗੁਰੂ ਪੁਜਾ ਰਿਹਾ ਹੈ।

ਕਬਿਤ—ਮਾਨਸਰ ਤਜਾਗ ਆਨਸਰ ਜਾਇ ਬੈਠੇ ਹੰਸ, ਖਾਇ ਜਲ ਜੰਤ ਹੰਸ ਬੰਸ ਕੋ ਲਜਾਵਈ ॥ ਸਲਿਲ ਬਿਛੋਹ ਭਏ ਜੀਵਤ ਜੌ ਰਹੇ ਮੀਨ, ਕਪਟ ਸਨੇਹ ਕੈ ਸਨੇਹੀ ਨ ਕਹਾਵਈ॥ ਬਿਨੁ ਘਨੁ ਬੂੰਦ ਜੋ ਅਨਤ ਜਲ ਪਾਨ ਕਰੈ, ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ॥ ਚਰਨ ਕਮਲ ਅਲਿ ਗੁਰਸਿਖ ਮੋਖ ਹੋਇ, ਆਨ ਦੇਵ ਸੇਵਕ ਹ੍ਵੈ ਮੁਕਤਿ ਨ ਪਾਵਈ ॥੪੬੩॥

ਮਾਨ ਸਰੋਵਰ ਨੂੰ ਛਡ ਕੇ ਹੋਰ ਤਲਾਵ ਤੇ ਹੰਸ ਜਾ ਬੈਠੇ ਤਾਂ ਜਲ ਦੇ ਜੀਵਾਂ ਨੂੰ

ਖਾਂਦਾ ਹੈ ਅਤੇ ਆਪਣੀ ਬੰਸ ਨੂੰ ਲੱਜਾ ਲਵਾਉਂਦਾ ਹੈ। ਜੇ ਪਾਣੀ ਤੋਂ ਵਿਛੜ ਕੇ ਮੱਛੀ ਜਿਉਂਦੀ ਰਹੇ ਤਾਂ ਓਹ ਖੋਟੇ ਪਰੇਮ ਨੂੰ ਕਰਕੇ ਪਰੇਮਣ ਨਹੀਂ ਅਖਵਾਉਂਦੀ। ਪਪੀਪਾ ਜੋ ਬਦਲ ਦੀ ਸਵਾਂਤੀ ਬੂੰਦ ਦੇ ਪਾਣੀ ਤੋਂ ਬਿਨਾਂ ਹੋਰ ਪਾਣੀ ਨੂੰ ਪੀਵੇ ਤਾਂ ਆਪਣੀ ਔਲਾਦ ਵਿਚ ਆਪ ਕਲੰਕ ਲਗੌਂਦਾ ਹੈ। ਤਿਕੁਰ ਹੀ ਜਿਹੜਾ ਸਿਖ ਗੁਰਾਂ ਦੇ ਚਰਨ ਕਮਲਾਂ ਤੇ ਭੌਰੇ ਵਾਕੁਰ ਮਸਤ ਹੋਇਆ ਹੈ ਓਹ ਮੁਕਤ ਹੋ ਜਾਂਦਾ ਹੈ ਅਤੇ ਜੋ ਸਿਖ ਅਖਵਾ ਕੇ ਹੋਰ ਦੇਵਤਿਆਂ ਦਾ ਸੇਵਕ ਜਾ ਬਣੇ ਓਹ ਮੁਕਤੀ ਨਹੀਂ ਪਾਉਂਦਾ।

ਕਬਿਤ—ਕੋਊ ਜੋ ਮਵਾਸਿ ਸਾਧ ਭੂਮੀਆਂ ਮਿਲਾਵੈ ਆਨ, ਤਾ ਪਰ ਪ੍ਰਸੰਨ ਹੋਤ ਨਿਰਖ ਨਰਿੰਦ ਜੀ॥ ਕੋਊ ਜੋ ਨ੍ਰਿਪਤ ਭ੍ਰਿਤ ਭਾਗ ਜਾਇ ਭੂਮੀਆ ਪੈ, ਧਾਇ ਮਾਰੇ ਭੂਮੀਆ ਕੋ ਸਹਿਤ ਰਜਿੰਦ ਜੀ॥ ਆਨ ਕੋ ਸੇਵਕ ਰਾਜ ਦ੍ਵਾਰ ਜਾਇ ਸੋਭਾ ਪਾਵੈ, ਸੇਵਕ ਨਰੇਸ ਆਨ ਦ੍ਵਾਰ ਜਾਤ ਨਿੰਦ ਜੀ॥ ਤੈਸੇ ਗੁਰ ਸਿਖ ਆਨ ਅਨਤ ਸਰਨ ਗੁਰ, ਆਨ ਨ ਸਾਮ੍ਰਥ ਗੁਰ ਸਿਖ ਪ੍ਰਤਿਬਿੰਦ ਜੀ॥੪੬੪॥

ਜਿਕੁਰ ਜੇ ਕੋਈ ਨੌਕਰ ਆ ਕੇ ਰਾਜੇ ਨੂੰ ਜਿਤ ਕੇ ਆਪਣੇ ਰਾਜੇ ਦੀ ਸ਼ਰਨ ਲਿਆ ਪਾਵੇ ਤਾਂ ਉਸ ਨੌਕਰ ਉਤੇ ਰਾਜਾ ਵੇਖ ਕੇ ਬਾਹਲਾ ਰਾਜੀ ਹੁੰਦਾ ਹੈ। ਰਾਜੇ ਦਾ ਦਾਸ ਦੌੜ ਕੇ ਕਿਸੇ ਛੋਟੇ ਜਿਹੇ ਜ਼ਿਮੀਂਦਾਰ ਪਾਸ ਚਲਿਆ ਜਾਵੇ ਤਾਂ ਓਹੋ ਰਾਜਾ ਦੌੜ ਕੇ ਆਪਣੇ ਨੌਕਰ ਦੇ ਨਾਲ ਹੀ ਭੂਮੀਏ ਨੂੰ ਮਾਰ ਦਿੰਦਾ ਹੈ। ਜੇ ਕੋਈ ਹੋਰ ਕਿਸੇ ਛੋਟੇ ਜਿਹੇ ਦਾ ਆਦਮੀ ਰਾਜੇ ਦੇ ਬੂਹੇ ਤੇ ਚਲਿਆ ਜਾਵੇ ਤਾਂ ਸੋਭਾ ਪਾਉਂਦਾ ਹੈ ਅਤੇ ਜੇ ਰਾਜੇ ਦਾ ਸੇਵਕ ਕਿਸੇ ਛੋਟੇ ਜਿਹੇ ਆਦਮੀ ਦੇ ਬੂਹੇ ਤੇ ਚਲਿਆ ਜਾਵੇ ਤਾਂ ਉਸ ਦੀ ਨਿੰਦਿਆ ਹੁੰਦੀ ਹੈ। ਜਿਹੜੇ ਗੁਰ ਸਿਖ ਕਿਸੇ ਹੋਰ ਨੂੰ ਗੁਰਾਂ ਦੀ ਸ਼ਰਨ ਲਿਆ ਪਾਉਣ ਤਾਂ ਸਿਖਾਂ ਦੀ ਸੋਭਾ ਉਹਨਾਂ ਆਉਣ ਵਾਲਿਆਂ ਦੇ ਸਹਿਤ ਹੀ ਹੁੰਦੀ ਹੈ ਅਤੇ ਜੇ ਗੁਰ ਸਿਖ ਚਲੇ ਜਾਣ ਤਾਂ ਦੁਖ ਪਾਉਂਦੇ ਹਨ ਅਤੇ ਸਿਖਾਂ ਤਾਈਂ ਗੁਰਾਂ ਤੋਂ ਬਿਨਾਂ ਹੋਰ ਕੋਈ ਅਜਿਹਾ ਸਮਰੱਥ ਰਖਣ ਵਾਲਾ ਵੀ ਨਹੀਂ ਜਾਣੀਦਾ।

ਕਬਿਤ—ਜੈਸੇ ਉਪਬਨ ਆਂਬ ਸੇਂਬਲ ਹੈ ਊਚ ਨੀਚ, ਨਿਹਫਲ ਸਫਲ ਪ੍ਰਗਟ ਪਹਿਚਾਨੀਐ॥ ਚੰਦਨ ਸਮੀਪ ਜੈਸੇ ਬਾਸ ਔ ਬਨਾਸਪਤੀ ਗੰਧ ਨਿਰਗੰਧ ਸਿਵ ਸਕਤਿ ਕੈ ਜਾਨੀਐ॥ ਸੀਪ ਸੰਖ ਦੋਊ ਜੈਸੇ ਰਹਤ ਸਮੁੰਦ ਬਿਖੈ, ਸ੍ਵਾਂਤਿ ਬੂੰਦ ਸੰਤਤ ਨ ਸਮਤ

ਬਿਧਾਨੀਐ ॥ ਤੈਸੇ ਗੁਰ ਦੇਵ ਆਨ ਦੇਵ ਸੇਵਕ ਨ ਭੇਦ, ਅਹੰਬੁਧ ਨਿਮ੍ਰਤਾ ਅਮਾਨ ਜਗ ਮਾਨੀਐ॥ ੪੬੫ ॥

ਬਾਗ ਵਿਚ ਅੰਬ ਸਹਿਤ ਫਲ ਦੇ ਨੀਵਾਂ ਹੋਇਆ ਹੋਇਆ ਅਤੇ ਸਿੰਮਲ ਰੁਖ ਫਲਾਂ ਤੋਂ ਬਿਨਾਂ ਉਚਾ ਹੋਣ ਕਰਕੇ ਪ੍ਰਗਟ ਜਾਣਿਆਂ ਜਾਂਦਾ ਹੈ । ਸਾਰੀ ਬਨਾਸਪਤੀ ਦੇ ਪਾਸ ਜਾ ਕੇ ਚੰਦਨ ਦਾ ਬ੍ਰਿਛ ਸੁਗੰਧੀ ਕਰਕੇ ਠੰਢਾ ਅਤੇ ਵਾਂਸ ਸੁਗੰਧੀ ਤੋਂ ਬਿਨਾਂ ਤਤ ਹੋਣ ਕਰਕੇ ਜਾਣ ਲਈਦਾ। ਸਿਪੀ ਤੇ ਸੰਖ ਦੋਵੇਂ ਸਮੁੰਦਰ ਵਿਚ ਰਹਿੰਦੇ ਹਨ ਅਤੇ ਸਿਪੀ ਨੇ ਸਵਾਂਤੀ ਬੂੰਦ ਦੇ ਪੈਣ ਨਾਲ ਮੋਤੀ ਰੂਪ ਸੰਤਾਨ ਪ੍ਰਗਟ ਕਰਨੀ ਅਤੇ ਸੰਖ ਖਾਲੀ ਰਹਿਣਾ ਦੋਵੇਂ ਬਰਾਬਰ ਰੀਤੀ ਵਾਲੇ ਨਹੀਂ ਕਹੀਦੇ । ਗੁਰਦੇਵ ਜੀ ਦੇ ਸੇਵਕ ਅਤੇ ਹੋਰ ਦੇਵਤਿਆਂ ਦੇ ਸੇਵਕਾਂ ਵਿਚ ਫਰਕ ਹੈ ਓਹ ਤਾਂ ਅਹਿੰਕਾਰ ਵਾਲੀ ਅਕਲ ਵਾਲੇ ਹਨ ਅਤੇ ਗੁਰਮੁਖ ਨਿੰਮ੍ਰਤਾ ਹੰਕਾਰ ਰਹਿਤ ਜਗਤ ਵਿਚ ਮੰਨੀਦੇ ਹਨ।

ਕਬਿਤ—ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ, ਪੂਰਨ ਪਤਿਬ੍ਰਤਾ ਕੈ ਪਤਿ ਹੀ ਮੈ ਧਯਾਨ ਹੈ ॥ ਸਰਿਤਾ ਸਮੁੰਦਰ ਸਰ ਚਾਤ੍ਰਿਕ ਨ ਚਾਹੈ ਕਾਹੂ, ਆਸ ਘਨ ਬੂੰਦ ਪ੍ਰਿਯਾ ਪ੍ਰਿਯਾ ਗੁਨ ਗਾਨ ਹੈ ॥ ਦਿਨ ਕਰ ਓਰ ਭੋਰ ਚਾਹਤ ਚਕੋਰ ਨਹੀਂ, ਮਨ ਬਚ ਕ੍ਰਮ ਹਿਮਕਰ ਪ੍ਰਿਯਾ ਪਰਾਨ ਹੈ ॥ ਤੈਸੇ ਗੁਰ ਸਿਖ ਆਨ ਦੇਵ ਸੇਵ ਰਹਤ ਪੈ, ਸਹਜ ਸੁਭਾਵ ਨ ਅਵਗਜਾ ਅਭਿਮਾਨ ਹੈ ॥੪੬੬॥

ਜਿਕੁਰ ਹਛੀ ਇਸਤਰੀ ਪਰਾਏ ਆਦਮੀ ਨੂੰ ਨਹੀਂ ਵੇਖਣਾ ਚਾਹੁੰਦੀ ਅਤੇ ਪਤਿਬ੍ਰਤਾ ਭਾਉ ਕਰਕੇ ਪਤੀ ਵਿਚ ਹੀ ਧਿਆਨ ਰਖਦੀ ਹੈ। ਜਿਕੁਰ ਭਾਵੇਂ ਨਦੀਆਂ ਸਮੁੰਦਰ ਤਾਲਾਬ ਹੁੰਦੇ ਹਨ ਪਰ ਪਪੀਹਾ ਕਿਸੇ ਦੇ ਪਾਣੀ ਨੂੰ ਭੀ ਨਹੀਂ ਚਾਹੁੰਦਾ, ਕਿਉਂਕਿ ਉਸ ਦੀ ਆਸ਼ਾ ਬਦਲਾਂ ਦੀ ਸਵਾਂਤੀ ਬੂੰਦ ਵਿਚ ਹੁੰਦੀ ਹੈ ਇਸ ਪਿਆਰ ਕਰ ਕੇ ਗੁਣ ਗਾਉਂਦਾ ਹੈ। ਜਿਕੁਰ ਚਕੋਰ ਸੂਰਜ ਨੂੰ ਰਤਾ ਵੀ ਨਹੀਂ ਵੇਖਣਾ ਚਾਹੁੰਦਾ ਅਤੇ ਮਨ ਬਾਣੀ ਸਰੀਰ ਕਰਕੇ ਚੰਦਰਮਾ ਨੂੰ ਪ੍ਰਾਣ ਤੋਂ ਪਿਆਰਾ ਸਮਝਦਾ ਹੈ । ਗੁਰ ਸਿਖ ਹੋਰ ਦੇਵਤਿਆਂ ਦੀ ਸੇਵਾ ਪਾਸੋਂ ਰਹਿਤ ਹੋਏ ਹਨ ਅਤੇ ਸ਼ਾਂਤੀ ਸੁਭਾਉ ਕਰਕੇ ਅਵੱਗਜਾ ਹੰਕਾਰ ਵਾਲੇ ਨਹੀਂ ਹਨ।

ਕਬਿਤ—ਦੋਇ ਦਰਪਨ ਦੇਖੈ ਏਕ ਸੋ ਅਨੇਕ ਰੂਪ, ਦੋਇ ਨਾਵ ਪਾਵ ਧਰੇ ਪਹੁੰਚੇ ਨ ਪਾਰ ਹੈ ॥ ਦੋਇ ਦਿਸਾ ਗਹੇ ਗਹਾਏ ਸੈਂ ਹਾਥ ਪਾਉਂ ਟੂਟੇ, ਦੁਰਾਹੇ ਦੁਚਿਤ ਹੋਇ ਭੂਲ ਪਗ ਧਾਰ ਹੈ ॥ ਦੋਇ

ਭੂਪ ਤਾਕੇ ਗਾਉ ਪਰਜਾ ਨ ਸੁਖੀ ਹੋਤ, ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ ॥ ਗੁਰ ਸਿਖ ਹੋਇ ਆਨ ਦੇਵ ਸੇਵ ਟੇਵ ਗਹੈ, ਸਹੈ ਜਮਦੰਡ ਧ੍ਰਿਗ ਜੀਵਨ ਸੰਸਾਰ ਹੈ ॥੪੬੭॥

ਜਿਕੁਰ ਦੋ ਸ਼ੀਸ਼ਿਆਂ ਵਿਚ ਵੇਖੀਏ ਤਾਂ ਇਕ ਰੂਪ ਤੋਂ ਅਨੇਕਾਂ ਰੂਪ ਵਿਸਦੇ ਹਨ ਜਿਕੁਰ ਦੋ ਬੇੜੀਆਂ ਤੇ ਪੈਰ ਰੱਖਣ ਨਾਲ ਪਾਰ ਨਹੀਂ ਹੋਈਦਾ। ਜਿਕੁਰ ਦੋਹਾਂ ਪਾਸਿਆਂ ਵਲੋਂ ਆਪਣੇ ਆਪ ਕਿਸੇ ਨੂੰ ਫੜਨ ਅਤੇ ਆਪਣਾ ਸਰੀਰ ਕਿਸੇ ਨੂੰ ਫੜਾਉਣ ਨਾਲ ਹਥ ਪੈਰ ਟੁਟ ਜਾਂਦੇ ਹਨ ਅਤੇ ਦੋ ਰਸਤਿਆਂ ਵਲ ਦੁਚਿਤਾ ਹੋ ਕੇ ਤੁਰੇ ਤਾਂ ਭੁਲਣ ਵਿਚ ਹੀ ਪੈਰ ਰਖੇਗਾ। ਜਿਕੁਰ ਜਿਥੇ ਦੋ ਰਾਜੇ ਇਕ ਪਿੰਡ ਦੇ ਹੋਣ ਉਹ ਪਰਜਾ ਸੁਖੀ ਨਹੀਂ ਹੁੰਦੀ ਅਤੇ ਦੋ ਆਦਮੀਆਂ ਦੀ ਇਕ ਇਸਤਰੀ ਉਚੀ ਕੁਲ ਦੀ ਇਸਤਰੀ ਨਹੀਂ ਹੋ ਸਕਦੀ। ਜਿਹੜਾ ਗੁਰੂ ਕਾ ਸਿਖ ਹੋ ਕੇ ਹੋਰ ਦੇਵਤੇ ਦੀ ਬੁਰੀ ਆਦਤ ਪਾਉਣ ਵਾਲੀ ਸੇਵਾ ਦੀ ਓਟ ਪਕੜਦਾ ਹੈ ਓਹ ਜਮਾਂ ਦੇ ਡੰਡਿਆਂ ਨੂੰ ਸਹਾਰਦਾ ਹੈ ਅਤੇ ਏਥੇ ਓਸਦਾ ਜਿਊਣਾ ਵੀ ਧ੍ਰਿਗ ਹੈ।

ਕਬਿਤ—ਜੈਸੇ ਤੌ ਬਿਰਖ ਮੂਲ ਸੰਚੀਐ ਸਲਲ ਤਾਤੇ, ਸਾਖਾ ਸਾਖਾ ਪਤ੍ਰ ਪਤ੍ਰ ਕਰ ਹਰਜੋ ਹੋਇ ਹੈ ॥ ਜੈਸੇ ਪਤਿਬ੍ਰਤਾ ਪਤਿਬ੍ਰਤ ਸਤਿ ਸਾਵਧਾਨ, ਸਕਲ ਕੁਟੰਬ ਸੁ ਪ੍ਰਸੰਨ ਧੰਨ ਸੋਇ ਹੈ ॥ ਜੈਸੇ ਮੁਖ ਦ੍ਵਾਰ ਮਿਸਟਾਨ ਪਾਨ ਭੋਜਨ ਕੈ, ਅੰਗ ਅੰਗ ਤੁਸ਼ਟ ਪੁਸ਼ਟ ਅਵਲੋਇ ਹੈ ॥ ਤੈਸੇ ਗੁਰ ਦੇਵ ਸੇਵ ਏਕ ਟੇਕ ਜਾਹਿ ਤਾਂਹਿ, ਸੁਰ ਨਰ ਬਰੰ ਬਰਹ ਕੋਟਿ ਮਧੇ ਕੋਇ ਹੈ ॥੪੬੮॥

ਜਿਕੁਰ ਬ੍ਰਿਛ ਦੇ ਮੁਢ ਨੂੰ ਪਾਣੀ ਸਿੰਜੀਏ ਤਾਂ ਬ੍ਰਿਛ ਦੀ ਟਾਹਣੀ ਟਾਹਣੀ ਪੱਤੇ ਪੱਤੇ ਨੂੰ ਪਾਣੀ ਹਰਿਆ ਕਰ ਦਿੰਦਾ ਹੈ। ਜਿਕੁਰ ਜਿਹੜੀ ਪਤਿਬ੍ਰਤਾ ਇਸਤਰੀ ਪਤੀ ਦੇ ਬਰਤ, ਸਤ, ਵਿਚ ਤਿਆਰ ਬਰ ਤਿਆਰ ਹੁੰਦੀ ਹੈ ਉਸ ਤੇ ਸਾਰਾ ਟੱਬਰ ਪ੍ਰਸੰਨ ਹੁੰਦਾ ਹੈ ਅਤੇ ਸੋਈਓ ਹੀ ਧੰਨਤਾ ਯੋਗ ਹੁੰਦੀ ਹੈ। ਜਿਕੁਰ ਮੂੰਹ ਰਾਹ ਮਿੱਠਾ ਪੀਏ ਅਤੇ ਅੰਨ ਖਾਈਏ ਤਦ ਅੰਗ ਅੰਗ ਰਜ ਕੇ ਤਕੜਾ ਹੋਇਆ ਹੋਇਆ ਵੇਖੀਦਾ ਹੈ। ਇਕ ਪ੍ਰਕਾਸ਼ ਸਰੂਪ ਗੁਰੂ ਦੀ ਜਿਸ ਨੇ ਓਟ ਲਈ ਹੈ ਇਕੁਰ ਦਾ ਸਿਖ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਇਕ ਹੁੰਦਾ ਹੈ।

ਕਬਿਤ—ਸੋਈ ਪਾਰੋ ਖਾਤ ਗਾਤ ਬਿਬਿਧ ਬਿਕਾਰ ਹੋਤ, ਸੋਈ ਪਾਰੋ ਖਾਤ ਗਾਤ ਹੋਤ ਉਪਚਾਰ ਹੈ ॥ ਸੋਈ ਪਾਰੋ ਪਰਸਤ ਕੰਚਨਹਿ ਸੋਖ

ਲੈਤ, ਸੋਈ ਪਾਰੋ ਪਰਸ ਤਾਂਬੋ ਕਨਿਕ ਧਾਰ ਹੈ ॥ ਸੋਈ ਪਾਰੋ ਅਗਹੁ ਹੈ ਹਾਥ ਸੇ ਨ ਗਹਜੋ ਜਾਇ, ਸੋਈ ਪਾਰੋ ਗੁਟਕਾ ਹ੍ਵੈ ਸਿਧ ਨਮਸ਼ਕਾਰ ਹੈ ॥ ਮਾਨਸ ਜਨਮ ਪਾਇ ਜੈਸੀਐ ਸੰਗਤ ਮਿਲੈ, ਤੈਸੇ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ ॥੪੬੯॥

ਸੋਈ ਪਾਰਾ ਕੱਚਾ ਖਾਣ ਨਾਲ ਸਰੀਰ ਵਿਚ ਕਈ ਤਰ੍ਹਾਂ ਦੇ ਰੋਗ ਉਤਪੰਨ ਹੋ ਜਾਂਦੇ ਹਨ ਅਤੇ ਸੋਈ ਪਾਰਾ ਸੰਨਿਆਸ ਰੀਤੀ ਅਨੁਸਾਰ ਮਾਰ ਕੇ ਖਾਈਏ ਤਾਂ ਕਈ ਤਰ੍ਹਾਂ ਦੇ ਰੋਗਾਂ ਉਪਰ ਬਾਹਲਾ ਕਾਫੀ ਇਲਾਜ ਵਾਂਕਰ ਹੁੰਦਾ ਹੈ। ਸੋਈ ਪਾਰੇ ਨੂੰ ਸੋਨਾ ਛੋਹ ਕੇ ਸੁਕਾ ਲੈਂਦਾ ਹੈ ਅਤੇ ਸੋਈ ਪਾਰਾ ਤਾਂਬੇ ਨੂੰ ਛੋਹ ਕੇ ਸੋਨੇ ਦੀ ਧਾਰਨਾ ਧਾਰਦਾ ਹੈ। ਸੋਈ ਪਾਰਾ ਅਫੜ ਹੈ ਹਥ ਨਾਲ ਫੜਿਆ ਨਹੀਂ ਜਾਂਦਾ ਅਰ ਸੋਈ ਪਾਰਾ ਸਿਧਾਂ ਪਾਸ ਗੁਟਕਾ ਹੋ ਜਾਂਦਾ ਹੈ ਤੇ ਨਮਸਕਾਰ ਕਰਨ ਦੇ ਯੋਗ ਹੋ ਜਾਂਦਾ ਹੈ। ਮਨੁਖਾ ਜਨਮ ਪਾ ਕੇ ਜਿਕੁਰ ਦੀ ਸੰਗਤ ਕਰੇ ਉਕਰ ਦੇ ਮਰਤਬੇ ਨੂੰ ਪਾ ਲੈਂਦਾ ਹੈ ਅਰ ਉਕਰ ਦੇ ਅਧਿਕਾਰ ਉਸ ਨੂੰ ਪ੍ਰਾਪਤ ਹੋ ਜਾਂਦੇ ਹਨ।

ਕਬਿਤ—ਕੂਆ ਕੋ ਮੇਡਕ ਨਿਧਿ ਜਾਨੈ ਕਹਾ ਸਾਗਰ ਕੀ, ਸ੍ਵਾਂਤ ਬੂੰਦ ਮਹਿਮਾ ਨ ਸੰਖ ਜੀਅ ਜਾਨਈ ॥ ਦਿਨਕਰ ਜੋਤਿ ਕੋ ਉਦੋਤ ਕਹਾ ਜਾਨੈ ਉਲੂ, ਸੇਂਬਲ ਸੈਂ ਕਹਾ ਖਾਇ ਸੂਆ ਹਿਤ ਠਾਨਈ ॥ ਬਾਇਸ ਨ ਜਾਨਤ ਮਰਾਲ ਮਾਲ ਸੰਗਤ ਕੋ, ਮਰਕਟ ਨ ਮਾਨਕ ਹੀਰਾ ਪਹਿਚਾਨਈ ॥ ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ, ਗੂੰਗੇ ਬਹਿਰੇ ਨ ਕਹਿ ਸੁਨ ਮਨ ਆਵਈ ॥੪੭੦॥

ਜਿਕੁਰ ਖੂਹ ਵਿਚ ਰਹਿਣ ਵਾਲਾ ਡੱਡੂ ਸਮੁੰਦਰ ਦੀ ਖਾਣ ਦੀ ਕੀ ਕਦਰ ਜਾਣ ਸਕਦਾ ਹੈ ਸ੍ਵਾਂਤੀ ਬੂੰਦ ਦੀ ਮਹਿਮਾ ਸੰਖ ਜੀਅ ਵਿਚ ਨਹੀਂ ਜਾਨ ਸਕਦਾ। ਸੂਰਜ ਚੜ੍ਹਨ ਦੀ ਜੋਤ ਦਾ ਕਦਰ ਉੱਲੂ ਕਿਆ ਜਾਣ ਸਕਦਾ ਹੈ ਅਤੇ ਸਿੰਮਲ ਰੁਖ ਨਾਲੋਂ ਤੋਤਾ ਪਰੇਮ ਕਰਕੇ ਕਿਆ ਖਾ ਸਕਦਾ ਹੈ। ਜਿਕੁਰ ਕਾਂ ਬਾਹਲਿਆਂ ਹੰਸਾਂ ਦੀ ਸੰਗਤ ਦੀ ਕਦਰ ਨੂੰ ਨਹੀਂ ਜਾਣ ਸਕਦਾ ਅਤੇ ਬਾਂਦਰ ਹੀਰਿਆਂ ਮਾਣਕਾਂ ਦੀ ਪਛਾਣ ਨਹੀਂ ਕਰ ਸਕਦਾ। ਜਿਕੁਰ ਗੁੰਗਾ ਕਹਿ ਕੇ ਬੋਲਾ ਸੁਣ ਕੇ ਮਨ ਵਿਚ ਨਹੀਂ ਮੰਨ ਸਕਦਾ ਹੋਰ ਦੇਵਤਿਆਂ ਦਾ ਸੇਵਕ ਗੁਰਦੇਵ ਦੀ ਸੇਵਾ ਦੀ ਕਦਰ ਨਹੀਂ ਜਾਣ ਸਕਦਾ।

ਕਬਿਤ—ਜੈਸੇ ਘਾਮ ਤੀਖਨ ਤਪਤਿ ਅਤਿ ਬਿਖਮ, ਬੈਸੰਤਰ

ਬਿਹੂਨ ਸਿਧ ਕਰਤ ਨ ਗ੍ਰਾਸ ਕੋ ॥ ਜੈਸੇ ਨਿਸ ਓਸ ਕੈ ਸਜਲ ਹੋਤ ਮੇਰ ਤਿਨ, ਬਿਨ ਜਲ ਪਾਨ ਨਾ ਨਿਵਾਰਤ ਪਯਾਸ ਕੋ ॥ ਜੈਸੇ ਹੈ ਗ੍ਰੀਖਮ ਰੁਤ ਪ੍ਰਗਟੇ ਪ੍ਰਸ੍ਵੇਦ ਅੰਗ, ਮਿਟਤ ਨ ਫੂਕੈ ਬਿਨ ਪਵਨ ਪ੍ਰਗਾਸ ਕੋ ॥ ਤੈਸੇ ਆਵਾਗਵਨ ਨ ਮਿਟੈ ਆਨ ਦੇਵ ਸੇਵ, ਗੁਰਮੁਖ ਪਾਵੈ ਨਿਜ ਪਦ ਕੇ ਨਿਵਾਸ ਕੋ ॥੪੭੧॥

ਜਿਕੁਰ ਧੁਪ ਭਾਵੇਂ ਬਾਹਲੀ ਹੀ ਤੱਤੀ ਤਿਖੀ ਕਰੜੀ ਕਿਉਂ ਨਾ ਹੋਵੇ ਪਰ ਅਗਨੀ ਤੋਂ ਬਿਨਾਂ ਅੰਨ ਨੂੰ ਪਕਾ ਨਹੀਂ ਸਕਦੀ। ਜਿਕੁਰ ਰਾਤ ਦੀ ਤ੍ਰੇਲ ਕਰ ਕੇ ਪਹਾੜਾਂ ਦੇ ਕੱਖ ਭਿਜ ਜਾਂਦੇ ਹਨ ਪਰ ਪਾਣੀ ਪੀਤੇ ਤੋਂ ਬਿਨਾਂ ਤਿਨ੍ਹਾਂ ਤ੍ਰਿਣਾਂ ਦੀ ਤੇਹ ਨੂੰ ਦੂਰ ਨਹੀਂ ਕਰ ਸਕਦੀ। ਜਿਕੁਰ ਗਰਮੀ ਦੀ ਬਹਾਰ ਵਿਚ ਸਰੀਰ ਤੇ ਮੁੜ੍ਹਕਾ ਆਉਂਦਾ ਹੈ ਪਰ ਉਹ ਫੂਕਾਂ ਮਾਰਿਆਂ ਦੂਰ ਨਹੀਂ ਹੁੰਦਾ ਜਿਤਨਾ ਚਿਰ ਹਵਾ ਨਾ ਚਲੇ। ਤਿਕੁਰ ਹੀ ਆਉਣਾ ਜਾਣਾ ਹੋਰ ਦੇਵਤਿਆਂ ਦੀ ਸੇਵਾ ਕਰ ਕੇ ਨਹੀਂ ਮਿਟ ਸਕਦਾ। ਇਸ ਲਈ ਗੁਰਮੁਖ ਆਪਣੇ ਸਰੂਪ ਵਿਚ ਨਿਵਾਸ ਪਾਉਂਦੇ ਹਨ।

ਕਬਿਤ—ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ, ਪਿਤਾ ਕੋ ਪਿਆਰ ਨ ਪਿਰੋਸੀ ਪਹਿ ਪਾਈਐ ॥ ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ, ਦਿਨ ਕਰ ਸਰ ਦੀਪ ਜੋਤ ਨ ਪੁਜਾਈਐ ॥ ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਲ ਜਲ, ਚੰਦਨ ਸੁਬਾਸ ਨ ਪਲਾਸ ਮਹਿਕਾਈਐ ॥ ਸ੍ਰੀ ਗੁਰ ਦਯਾਲ ਸੀ ਦਯਾ ਨ ਆਨ ਦੇਵ ਮੈ ਜੋ, ਖੰਡ ਬ੍ਰਹਮੰਡ ਉਦੈ ਅਸਤ ਲੌ ਧਾਈਐ ॥੪੭੨॥

ਅੰਬ ਦੀ ਲਾਲਸਾ ਇੰਬਲੀ ਖਾਣ ਤੋਂ ਕਦ ਮਿਟ ਸਕਦੀ ਹੈ ਅਰ (ਪੁਤਰ ਨਾਲ) ਪਿਤਾ ਵਰਗਾ ਪਿਆਰ ਗਵਾਂਢੀ ਪਾਸੋਂ ਨਹੀਂ ਪਾ ਸਕਦਾ। ਸਮੁੰਦਰ ਦੀ ਖਾਣ ਕਦੋਂ ਛੱਪੜ ਤੋਂ ਪਾਈ ਜਾਂਦੀ ਹੈ ਅਤੇ ਦੀਵੇ ਦੀ ਜੋਤ ਸੂਰਜ ਦੇ ਬਰਾਬਰ ਕਦੋਂ ਪੁਜ ਸਕਦੀ ਹੈ। ਬੱਦਲਾਂ ਦੀ ਬਾਰਸ਼ ਦੇ ਬਰਾਬਰ ਖੂਹ ਦਾ ਪਾਣੀ ਨਹੀਂ ਪੁਜ ਸਕਦਾ ਅਤੇ ਚੰਦਨ ਵਰਗੀ ਹੱਛੀ ਵਾਸ਼ਨਾ ਛਿਛਰੇ ਵਿਚੋਂ ਨਹੀਂ ਖੁਸ਼ਬੋ ਆਉਂਦੀ। ਸੁਭਾਇਮਾਨ ਦਿਆਲੂ ਗੁਰਾਂ ਵਰਗੀ ਹੋਰ ਕਿਸੇ ਦੇਵਤੇ ਵਿਚ ਦਯਾ ਨਹੀਂ ਹੈ ਭਾਵੇਂ ਨੌ ਖੰਡ ਅਤੇ ਸਾਰੇ ਜ਼ਿਮੀ ਅਸਮਾਨ ਦੇ ਪੁਲਾੜ ਪੱਛਮ ਪੂਰਬ ਦਿਸ਼ਾ ਤਕ ਲੱਭਣ ਵਾਸਤੇ ਦੌੜਦੇ ਫਿਰੀਏ।

ਕਬਿਤ—ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ ਜਬੈ, ਆਸਰੋ ਪਵਨ ਗਹੈ ਸੋਰੇ ਕੌਨ ਕਾਜ ਹੈ ॥ ਜਰਤ ਬੈਸੰਤਰ ਜੋ ਧਾਇ ਧਾਇ

ਧੂਮ੍ਰ ਗਹੈ, ਨਿਕਸਜੋ ਨ ਜਾਇ ਬਲ ਬੁਧਿ ਉਪਰਾਜ ਹੈ ॥ ਸਾਗਰ ਅਪਾਰ ਧਾਰ ਬੂਡਤ ਜੋ ਫੇਨ ਗਹੈ, ਅਨਿਥਾ ਬੀਚਾਰ ਪਾਰ ਜੈ ਬੋ ਕੋਨ ਸਾਜ ਹੈ॥ ਤੈਸੇ ਆਵਾ ਗਵਨ ਦੁਖਤ ਆਨ ਦੇਵ ਸੇਵ, ਬਿਨ ਗੁਰ ਸਰਨ ਨ ਮੋਖ ਪਦ ਰਾਜ ਹੈ ॥੪੭੩॥

ਅਕਾਸ਼ ਤੋਂ ਧਰਤੀ ਤੇ ਡਿਗਦਾ ਹੋਇਆ ਜੇ ਪੌਣ ਦਾ ਆਸਰਾ ਫੜੇ ਤਾਂ ਕਿਹੜਾ ਕੰਮ ਸੌਰ ਸਕਦਾ ਹੈ ਭਾਵ ਪ੍ਰਾਣ ਨਹੀਂ ਬਚ ਸਕਦੇ। ਜੇ ਅੱਗ ਵਿਚ ਸੜਦਾ ਦੌੜ ੨ ਧੂੰਏਂ ਨੂੰ ਫੜੇ ਤੇ ਤਦ ਅੱਗ ਵਿਚੋਂ ਨਿਕਲ ਨਹੀਂ ਸਕਦਾ । ਸਗੋਂ ਮੂਰਖ ਆਪਣੀ ਅਕਲ ਨੂੰ ਪ੍ਰਗਟ ਕਰਦਾ ਹੈ। ਜੇ ਕੋਈ ਬਾਹਲੇ ਡੂੰਘੇ ਸਮੁੰਦਰ ਦੀ ਧਾਰਾ ਵਿਚ ਡੁਬਦਾ ਹੋਇਆ ਝੱਗ ਨੂੰ ਫੜੇ ਤੇ ਤਦ ਉਸ ਦਾ ਵਿਚਾਰ ਨਿਸਫਲ ਹੈ, ਕਿਉਂਕਿ ਝੱਗ ਪਾਰ ਕਰਨ ਵਾਲਾ ਸਾਮਾਨ ਨਹੀਂ । ਹੋਰ ਦੇਵਤਿਆਂ ਦੀ ਸੇਵਾ ਬਿਅਰਥ ਹੈ, ਕਿਉਂਕਿ ਜੰਮਣ ਮਰਨ ਦੇ ਦੁਖ ਨੂੰ ਦੂਰ ਨਹੀਂ ਕਰ ਸਕਦੀ। ਬਿਨਾਂ ਗੁਰਾਂ ਦੀ ਸ਼ਰਨ ਤੋਂ ਮੁਕਤੀ ਦੇ ਪਦ ਦਾ ਰਾਜ ਹੀ ਨਹੀਂ ਮਿਲਦਾ।

ਕਬਿਤ—ਜੈਸੇ ਰੂਪ ਰੰਗ ਬਿਧਿ ਪੂਛੈ ਅੰਧ ਅੰਧ ਪ੍ਰਤਿ, ਆਪ ਹੀ ਨ ਦੇਖੇ ਤਾਹਿ ਕੈਸੇ ਕੈ ਦਿਖਾਵਈ॥ ਜੈਸੇ ਰਾਗ ਨਾਦ ਪੂਛੈ ਬਹਰੈ ਜੋ ਬਹਿਰਾ ਪੈ, ਸਮਝੈ ਨ ਆਪ ਤਾਹਿ ਕੈਸੇ ਸਮਝਾਵਈ ॥ ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛੈ, ਬੋਲ ਨ ਸਕਤ ਕੈਸੇ ਸਬਦ ਸੁਨਾਵਈ॥ ਬਿਨ ਸਤਿਗੁਰ ਖੋਜੇ ਬ੍ਰਹਮ ਗਯਾਨ ਧਯਾਨ ਜੈਪੇ, ਅਨਥਾ ਅਗਯਾਨ ਮਤਿ ਆਨ ਪੈ ਨ ਪਾਵਈ ॥੪੭੪॥

ਜਿਕੁਰ ਸੁੰਦਰ ਸਰੂਪ ਅਤੇ ਰੰਗ ਦੀ ਰੀਤੀ ਅੰਨ੍ਹੇ ਪਾਸੋਂ ਅੰਨ੍ਹਾਂ ਪੁਛੇ ਅਤੇ ਉਸ ਨੇ ਆਪ ਹੀ ਨਹੀਂ ਦੇਖਿਆ ਅਤੇ ਅਗਲੇ ਨੂੰ ਕਿਕੁਰ ਦਿਖਾ ਸਕਦਾ ਹੈ । ਜਿਕੁਰ ਰਾਗ ਦੀ ਆਵਾਜ਼ ਬੋਲੇ ਪਾਸੋਂ ਬੋਲਾ ਪੁਛੇ ਤੇ ਉਹ ਆਪ ਹੀ ਨਹੀਂ ਸਮਝ ਸਕਦਾ ਅਤੇ ਅਗਲੇ ਨੂੰ ਕਿਕੁਰ ਸਮਝਾ ਸਕਦਾ ਹੈ। ਜਿਕੁਰ ਗੁੰਗੇ ਪਾਸੋਂ ਗੁੰਗਾ ਬਚਨ ਦਾ ਵਿਚਾਰ ਪੁਛੇ ਤੇ ਉਹ ਆਪ ਹੀ ਬੋਲ ਨਹੀਂ ਸਕਦਾ ਅਰ ਅਗਲੇ ਨੂੰ ਕਿਕੁਰ ਸ਼ਬਦ ਉਚਾਰ ਕੇ ਸੁਣਾ ਸਕਦਾ ਹੈ। ਤਿਕੁਰ ਹੀ ਸਤਿਗੁਰਾਂ ਤੋਂ ਬਿਨਾਂ ਹੋਰਨਾਂ ਦੇਵੀ ਦੇਵਤਿਆਂ ਪਾਸ ਜੇ ਕੋਈ ਵਾਹਿਗੁਰੂ ਦੇ ਗਿਆਨ ਧਿਆਨ ਲਭਦਾ ਫਿਰੇ ਤਾਂ ਉਸ ਦੀ ਅਕਲ ਬਿਅਰਥ ਹੈ, ਕਿਉਂਕਿ ਉਹ ਅਗਿਆਨੀ ਹੋਰਨਾਂ ਪਾਸੋਂ ਗਿਆਨ ਧਿਆਨ ਨਹੀਂ ਪਾ ਸਕਦਾ।

ਕਬਿਤ—ਅੰਬਰ ਬੇਚਨ ਜਾਇ ਦੇਸ ਦਿਗੰਬਰਨ ਕੇ, ਪ੍ਰਾਪਤ ਨ ਹੋਇ ਲਾਭ ਸਹਸੇ ਹੈ ਮੂਲ ਕੋ॥ ਰਤਨ ਪਰੀਖ੍ਯਾ ਸੀਖ੍ਯਾ ਚਾਹੈ ਜੌ ਪੈ ਆਂਧਨ ਸੈਂ, ਰੰਕਨ ਪੈ ਰਾਜ ਮਾਂਗੈ ਮਿਥ੍ਯਾ ਭ੍ਰਮ ਭੂਲ ਕੌ॥ ਗੂੰਗਾ ਪੈ ਪੜਨ ਜਾਇ ਜੋਤਕ ਵੈਦਕ ਵਿਦਿਆ, ਬਹਰਾ ਪੈ ਰਾਗ ਨਾਦ ਅਨਿਬਾ ਅਭੂਲ ਕੋ॥ ਤੈਸੇ ਆਨ ਦੇਵ ਸੇਵ ਦੋਖ ਮੇਟਿ ਮੋਖ ਚਾਹੈ, ਬਿਨ ਸਤਿਗੁਰ ਦੁਖ ਸਹੈ ਜਮ ਸੂਲ ਕੋ॥੪੭੫॥

ਕੋਈ (ਜਿਕੁਰ) ਕਪੜਾ ਵੇਚਣ ਨੰਗਿਆਂ (ਆਦਮੀਆਂ) ਦੇ ਦੇਸ ਜਾਵੇ ਤਾਂ ਉਸ ਨੂੰ ਕੁਝ ਲਾਭ ਨਹੀਂ ਪ੍ਰਾਪਤ ਹੁੰਦਾ ਪੂੰਜੀ ਦਾ ਵੀ ਫਿਕਰ ਲਗ ਜਾਂਦਾ ਹੈ। (ਜਿਕੁਰ) ਜੋ ਰਤਨਾਂ ਦਾ ਪਰਖਣਾ ਅੰਨ੍ਹਿਆਂ ਪਾਸੋਂ ਸਿਖਣਾ ਚਾਹਵੇ ਅਰ ਕੰਗਾਲ ਪਾਸੋਂ ਰਾਜ ਮੰਗੇ ਤਾਂ ਸਭ ਝੂਠਾ ਫਿਰਨਾ ਬਾਹਲੀ ਭੁਲ ਹੈ। (ਜਿਕੁਰ) ਜੋਤਸ਼, ਹਕੀਮੀ ਵਿਦਿਆ ਗੂੰਗੇ ਪਾਸੋਂ ਪੜ੍ਹਨ ਜਾਵੇ ਅਤੇ ਬੋਲੇ ਪਾਸੋਂ ਰਾਗ ਦਾ ਸ਼ਬਦ (ਸਵਾਦ) ਪੁਛੇ। ਇਹ ਸਭ ਬਿਅਰਥ ਹੈ ਸਚ ਜਾਣੋ। ਤਿਕੁਰ ਹੀ ਗੁਰਾਂ ਦੀ ਸ਼ਰਨ ਤੋਂ ਬਿਨਾਂ ਹੋ ਕੇ ਹੋਰਨਾਂ ਦੇਵਤਿਆਂ ਦੀ ਸੇਵਾ ਕਰਕੇ ਦੁਖ ਦੂਰ ਕਰਨੇ ਅਤੇ ਮੁਕਤੀ ਚਾਹੇ ਤਾਂ ਨਹੀਂ ਹੋ ਸਕਦੀ ਸਗੋਂ ਜਮ ਦੀ ਸੂਲੀ ਦੇ ਦੁਖ ਸਹਾਰਦਾ ਹੈ।

ਕਬਿਤ—ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ, ਮੂਲ ਖੋਇ ਰੋਵੈ ਪੁਨਿ ਰਾਜ ਡੰਡ ਲਾਗਈ॥ ਸਲਲਿ ਬਿਲੋਇ ਜੈਸੇ ਨਿਕਸਤ ਨਾਹਿੰ ਘ੍ਰਿਤ, ਮਟਕੀ ਮਥਨੀਆ ਹੂ ਫੋਰ ਤੋਰ ਭਾਗਈ॥ ਭੂਤਨ ਪੈ ਪੂਤ ਮਾਂਗੈ ਹੋਤ ਨ ਸਪੂਤੀ ਕੋਊ, ਜੀਅ ਕੋ ਪਰਤਸੰਸੋ ਤਜਾਗੈ ਹੂੰ ਨ ਤਜਾਗਈ॥ ਬਿਨ ਗੁਰਦੇਵ ਆਨ ਸੇਵ ਸੁਖਦਾਇਕ ਹੈ, ਲੋਕ ਪਰਲੋਕ ਸੋਕ ਜਾਹਿ ਅਨੁਰਾਗਈ॥੪੭੬॥

ਜਿਕੁਰ ਕੱਲਰ ਵਿਚ ਬੀਜ ਬੀਜਿਆਂ ਹੋਇਆਂ ਧਾਂਈ ਤੇ ਪਾਨਾਂ ਦੇ ਪੱਤੇ ਨਹੀਂ ਉੱਗਦੇ ਸਗੋਂ ਆਪਣੀ ਪੂੰਜੀ ਨੂੰ ਵੀ ਗਵਾ ਕੇ ਰੋਂਦਾ ਹੈ ਫਿਰ ਨਾਲੇ ਰਾਜੇ ਦਾ ਮਾਮਲਾ ਵੀ ਲਗ ਜਾਂਦਾ ਹੈ। ਜਿਕੁਰ ਪਾਣੀ ਰਿੜਕਣ ਨਾਲ ਘਿਉ ਨਹੀਂ ਨਿਕਲਦਾ ਸਗੋਂ ਚਾਟੀ ਨੂੰ ਫੋੜਕੇ ਮਧਾਣੀ ਨੂੰ ਤੋੜ ਕੇ ਦੌੜ ਜਾਂਦਾ ਹੈ। ਭੂਤਾਂ ਪਾਸੋਂ ਪੁਤਰ ਮੰਗ ਕੇ ਕੋਈ ਵੀ ਇਸਤਰੀ ਪੁਤਰਾਂ ਵਾਲੀ ਨਹੀਂ ਹੁੰਦੀ ਸਗੋਂ ਜੀਅ ਦਾ ਫਿਕਰ ਪੈ ਜਾਂਦਾ ਹੈ ਅਤੇ ਜੇ ਭੂਤ ਨੂੰ ਮਗਰੋਂ ਵੀ ਲਾਹੀਏ ਤਾਂ ਲਹਿੰਦਾ ਨਹੀਂ। (ਤਿਕੁਰ ਹੀ) ਜੋ ਬਿਨਾਂ ਗੁਰਦੇਵ ਦੀ ਸੇਵਾ ਤੋਂ ਹੋਰ ਕਿਸੇ ਦੀ ਸੇਵਾ ਵਿਚ ਪਰੇਮ ਕਰਦੇ ਹਨ ਓਹ ਉਹਨਾਂ ਨੂੰ

ਇਸ ਲੋਕ ਵਿਚ ਸ਼ੋਕ ਅਤੇ ਪ੍ਰਲੋਕ ਵਿਚ ਦੁਖ ਦੇਣ ਵਾਲੀ ਹੁੰਦੀ ਹੈ।

ਕਬਿਤ—ਜੈਸੇ ਮਿਰਗ ਰਾਜ ਤਨ ਜੰਬੁਕ ਅਧੀਨ ਹੋਤ, ਖਗ ਪਤਿ ਸੁਤ ਜਾਇ ਜੁਹਾਰਤ ਕਾਗ ਹੈ ॥ ਜੈਸੇ ਰਾਹੂ ਕੇਤੂ ਬਸ ਗ੍ਰੈਹਨ ਮੈ ਸੁਰਤਰੁ, ਸੋਭਨ ਅਰਕ ਬਨ ਰਵਿ ਸਸਿ ਲਾਗ ਹੈ ॥ ਜੈਸੇ ਕਾਮਧੇਨ ਸੁਤ ਸੂਕਰੀ ਸਥਨ ਪਾਨ, ਐਰਾਪਤਿ ਸੁਤ ਗਰਧਬ ਅਗ੍ਰ ਭਾਗ ਹੈ ॥ ਤੈਸੇ ਗੁਰਸਿਖ ਸੁਤ ਆਨ ਦੇਵ ਸੇਵਕ ਹ੍ਵੈ, ਨਿਹਫਲ ਜਨਮ ਜਤੋਂ ਬੰਸ ਮੈ ਬਜਾਗ ਹੈ ॥੪੭੭॥

ਜਿਕੁਰ ਸ਼ੇਰ ਦਾ (ਤਨੁ) ਪੁਤਰ ਗਿਦੜ ਦੇ ਵਸ ਹੋਵੇ ਅਤੇ ਗਰੜ ਦਾ ਪੁਤਰ ਕਾਂ ਨੂੰ ਜਾ ਕੇ ਨਮਸ਼ਕਾਰ ਕਰੇ। ਜਿਕੁਰ ਰਾਹੂ ਕੇਤੂ ਦੇ ਗ੍ਰਹਿਣ ਘਰਾਂ ਵਿਚ ਸੂਰਜ ਚੰਦਰਮਾਂ ਵੱਸਦੇ ਹਛੇ ਨਹੀਂ ਲਗਦੇ ਅਤੇ ਅੱਕਾਂ ਦੇ ਜੰਗਲਾਂ ਵਿਚ ਕਲਪ ਬ੍ਰਿਛ ਸੋਭਾ ਨਹੀਂ ਪਾਉਂਦੇ। ਜਿਕੁਰ ਗਊ ਦਾ ਵੱਛਾ ਸੂਰੀ ਦੇ ਥਣਾਂ ਦਾ (ਦੁਧ) ਪੀਣ ਡਹੇ ਅਰ ਵਡੇ ਹਾਥੀ ਦਾ ਪੁਤਰ ਖੋਤੇ ਦੇ ਅਗੇ ਡਰੇ। ਤਿਕੁਰ ਹੀ ਜਿਹੜੇ ਸਿਖ ਗੁਰ ਸਿਖਾਂ ਦੀ ਸੰਤਾਨ ਹੋ ਕੇ ਹੋਰ ਦੇਵਤਿਆਂ ਦੇ ਸੇਵਕ ਹੁੰਦੇ ਹਨ ਉਹਨਾਂ ਦਾ ਜਨਮ ਫਲ ਤੋਂ ਬਿਨਾਂ ਹੈ ਅਤੇ ਓਹ ਆਪਣੀ ਕੁਲ ਵਿਚ ਕਿਰਲੇ ਅਥਵਾ ਡੱਡੂਆਂ ਵਾਕਰ ਪ੍ਰਗਟ ਹੋਏ ਹਨ।

(ਦੇਵਤਿਆਂ ਦੇ ਸੇਵਕ ਇਕੁਰ ਆਪਣਾ ਖੋਟਾ ਸੁਭਾਉ ਨਹੀਂ ਛੱਡਦੇ)

ਕਬਿਤ—ਜੌ ਪੈ ਤੂੰਬਰੀ ਨ ਡੂਬੇ ਸਰਿਤਾ ਪ੍ਰਵਾਹ ਵਿਖੇ, ਬਿਖਮ ਕਟੁਕ ਤਊ ਨ ਤਜਤ ਹੈ ਮਨ ਤੇ ॥ ਜੌਪੈ ਲਪਟੈ ਪਖਾਨ ਪਾਵਕ ਨ ਜਰੈ ਸੂਤ੍ਰ, ਜਲ ਮੈ ਲੈ ਬੋਰਤ ਰਿਦੈ ਕਠੋਰ ਪਨ ਤੇ ॥ ਜੌ ਪੈ ਗੁਡੀ ਉਡੀ ਦੇਖੀਅਤਿ ਹੈ ਅਕਾਸ ਚਾਰੀ, ਬਰਖਤ ਮੇਂਹ ਬਚੀਐ ਨ ਬਾਲਕਨ ਤੇ ॥ ਤੈਸੇ ਰਿਧਿ ਸਿਧਿ ਭਾਉ ਦੁਤੀਆ ਤ੍ਰਿਗੁਨ ਖੇਲ, ਗੁਰਮੁਖ ਸੁਖ ਫਲ ਨਾਹਿ ਕ੍ਰਿਤਘਨ ਤੇ ॥੪੭੮॥

ਜੇ ਤੂੰਬੀ ਨਦੀ ਦੇ ਬਾਹਲੇ ਪਾਣੀ ਵਿਚ ਵੀ ਡੁਬੇ ਤੇ ਤਦ ਵੀ ਕਰੜੀ ਵਿਹੁ ਨੂੰ ਮਨ ਵਿਚੋਂ ਨਹੀਂ ਛਡਦੀ। ਅੱਗ ਦੀਆਂ ਕਈ ਤਰ੍ਹਾਂ ਦੀ ਮਰਯਾਦਾ ਨਾਲ ਪੱਥਰ ਨੂੰ ਜੇ ਸਾੜਿਆ ਜਾਵੇ ਤਾਂ ਨਹੀਂ ਸੜਦਾ ਅਤੇ ਰਿਦੇ ਦੀ ਕਰੜਾਈ ਤੋਂ ਪਾਣੀ ਵਿਚ ਸਭ ਕਿਸੇ ਨੂੰ ਡੋਬ ਹੀ ਦਿੰਦਾ ਹੈ। ਜੇ ਅਕਾਸ਼ ਵਿਚ ਵਿਚਰਨ ਵਾਲੀ ਗੁਡੀ ਉਡੀ ਹੋਈ ਵੇਖੀਦੀ ਹੈ ਤਾਂ ਮੀਂਹ ਪੈਣ ਨਾਲ ਮੁੰਡਿਆਂ ਪਾਸੋਂ ਬਚਦੀ ਨਹੀਂ। ਤਿਕੁਰ ਹੀ

ਰਿਧੀਆਂ ਸਿਧੀਆਂ ਦਵੈਤ ਭਾਉ ਰਜੋ ਸਤੋ ਤਮੋ ਵਿਚ ਮਨਮੁਖ ਖੇਲਦੇ ਹਨ ਗੁਰਮੁਖ ਸੁਖ ਫਲ ਨੂੰ ਪਾਕੇ ਕੀਤਾ ਨਾ ਜਾਨਣ ਵਾਲੇ ਨਹੀਂ ਹੁੰਦੇ ।

ਕਬਿਤ—ਕੌਡਾ ਪੈਸਾ ਰੁਪਯਾ ਸੁਨੈਯਾ ਕੋ ਬਨਜ ਕਰੈ, ਰਤਨ ਪਾਰਖੋ ਹੋਇ ਜੌਹਰੀ ਕਹਾਵਈ ॥ ਜੌਹਰੀ ਕਹਾਇ ਪੁਨ ਕੌਡਾ ਕੋ ਬਨੁਜ ਕਰੇ, ਪੰਚ ਪਰਵਾਨ ਮੈ ਪ੍ਰਤਿਸ਼ਟਾ ਘਟਾਵਈ ॥ ਆਨ ਦੇਵ ਸੇਵ ਗੁਰਦੇਵ ਕੋ ਸੇਵਕ ਹੋਇ, ਲੋਕ ਪਰਲੋਕ ਬਿਖੈ ਊਚ ਪਦੁ ਪਾਵਈ॥ ਛਾਡ ਗੁਰਦੇਵ ਸੇਵ ਆਨ ਦੇਵ ਸੇਵਕ ਹ੍ਵੈ, ਨਿਹਫਲ ਜਨਮ ਕਪੂਤ ਹ੍ਵੈ ਹਸਾਵਈ॥੪੭੯॥

ਜਿਹੜਾ ਕੌਡਾਂ ਪੈਸੇ ਰੁਪੇ ਅਸ਼ਰਫੀਆਂ ਦਾ ਸੌਦਾ ਕਰੇ ਓਹ ਓੜਕ ਨੂੰ ਰਤਨਾਂ ਦੇ ਪਰਖਣ ਵਾਲਾ ਹੋ ਜਾਂਦਾ ਹੈ ਅਤੇ ਆਪਣਾ ਨਾਮ ਜੌਹਰੀ ਅਖਵਾਉਂਦਾ ਹੈ । ਜੌਹਰੀ ਕਹਾ ਕੇ ਕੌਕੀਆਂ ਕੌਡੀਆਂ ਦਾ ਸੌਦਾ ਕਰੇ ਓਹ 'ਪਰਵਾਨ' ਮੰਨਿਆਂ ਪਰ ਮੰਨਿਆਂ ਵਿਚ ਆਪਣੀ ਪੂਜਾ ਘਟਾ ਲੈਂਦਾ ਹੈ । ਜਿਹੜਾ ਹੋਰ ਦੇਵਤਿਆਂ ਦਾ ਸੇਵਕ ਗੁਰਾਂ ਦਾ ਸੇਵਕ ਹੋ ਜਾਂਦਾ ਹੈ ਓਹ ਏਥੇ ਓਥ ਉਚਾ ਮਰਤਬਾ ਪਾ ਲੈਂਦਾ ਹੈ । ਜਿਹੜਾ ਗੁਰਾਂ ਦੀ ਸੇਵਾ ਛਡਕੇ ਹੋਰ ਦੇਵਤਿਆਂ ਦਾ ਸੇਵਕ ਬਣ ਜਾਂਦਾ ਹੈ ਉਸ ਦਾ ਜਨਮ ਬਿਅਰਥ ਹੈ ਅਤੇ ਓਹ ਖੋਟੇ ਪੁਤਰ ਵਾਕੁਰ ਆਪਣੇ ਆਪ ਨੂੰ ਹਸਾਉਂਦਾ ਹੈ ।

ਕਬਿਤ—ਮਨ ਬਚ ਕ੍ਰਮ ਕੈ ਪਤਿਬ੍ਰਤ ਕਰੈ ਜੌ ਨਾਰਿ, ਤਾਂਹਿ ਮਨ ਬਚ ਕ੍ਰਮ ਚਾਹਤ ਭਤਾਰ ਹੈ ॥ ਅਭਰਨ ਸਿੰਗਾਰ ਚਾਰੁ ਸਿਹਜਾ ਸੰਜੋਗ ਭੋਗ, ਸਕਲ ਕੁਟੰਬ ਹੀ ਮੈ ਤਾਕੋ ਜੈ ਜੈ ਕਾਰ ਹੈ ॥ ਸਹਜ ਅਨੰਦ ਸੁਖ ਮੰਗਲ ਸੁਹਾਗ ਭਾਗ, ਸੁੰਦਰ ਮੰਦਰ ਛਬਿ ਸੋਹਤ ਸੁਚਾਰ ਹੈ ॥ ਸਤਿਗੁਰ ਸਿਖਨ ਕੋ ਰਾਖੈ ਗ੍ਰਿਹ ਸਾਵਧਾਨ, ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ਹੈ ॥੪੮੦॥

ਜਿਹੜੀ ਇਸਤਰੀ ਮਨ ਬਾਣੀ ਸਰੀਰ ਕਰਕੇ ਇਕ ਪਤੀ ਦਾ ਸੇਵਨ ਕਰੇ ਉਸ ਨਾਲ ਮਨ ਬਾਣੀ ਸਰੀਰ ਕਰਕੇ ਪਤੀ ਪਰੇਮ ਕਰਨਾ ਚਾਹੁੰਦਾ ਹੈ । ਓਸੇ ਇਸਤਰੀ ਨੂੰ 'ਗਹਿਣਿਆਂ ਦਾ' ਸਿੰਗਾਰ ਸੁੰਦਰ ਅਤੇ ਸੇਜਾ ਦੇ ਸੁਖਾਂ ਦਾ ਅਤੇ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦਾ ਮਿਲਾਪ ਹੁੰਦਾ ਹੈ ਅਤੇ ਸਾਰੇ ਟੱਬਰ ਵਿਚ ਓਸੇ ਦਾ ਹੀ ਧੰਨਵਾਦ ਹੁੰਦਾ ਹੈ । (ਓਸੇ ਇਸਤਰੀ ਨੂੰ) ਸਹਿਜੇ ਹੀ ਅਨੰਦ ਦਾ ਸੁਖ ਅਤੇ ਸੁਹਾਗ ਭਾਗ ਦਾ ਮੰਗਲ ਹਛੇ ਹਛੇ ਮਕਾਨ ਸਜਾਵਟਾਂ ਸ੍ਰੇਸ਼ਟ ਸੋਭਦੀਆਂ ਹਨ । ਤਿਕੁਰ ਹੀ

ਜਿਹੜੇ ਸਿਖ ਹੋਰ ਦੇਵਤਿਆਂ ਦੀ ਸੇਵਾ ਇਸਤਰੀ ਵਾਕੁਰ ਛਡ ਦੇਂਦੇ ਹਨ ਅਤੇ ਦਵੈਤ ਭਾਉ ਨੂੰ ਦੂਰ ਕਰ ਦਿੰਦੇ ਹਨ ਓਹਨਾਂ ਨੂੰ ਗੁਰੂ 'ਘਰ' ਵਿਚ ਹੀ ਤਿਆਰ ਬਰ ਤਿਆਰ ਹੋ ਕੇ ਰਖਿਆ ਕਰਦੇ ਹਨ।

ਕਬਿਤ—ਜੈਸੇ ਤੌ ਪਤਿਬ੍ਰਤਾ ਪਤਿਬ੍ਰਤ ਮੈ ਸਾਵਧਾਨ, ਤਾਂਹੀ ਤੇ ਗਹੇਸੁਰ ਹ੍ਵੈ ਨਾਇਕਾ ਕਹਾਵਈ॥ ਅਸਨ ਬਸਨ ਧਨ ਧਾਮ ਕਾਮਨਾ ਪੁਜਾਵੈ, ਸੋਭਤ ਸਿੰਗਾਰ ਚਾਰ ਸਿਹਜਾ ਸਮਾਵਈ॥ ਸਤਿਗੁਰ ਸਿਖਨ ਕੋ ਰਾਖਤ ਗ੍ਰਿਹਸਤ ਮੈਂ, ਸੰਪਦਾ ਸਮੂਹ ਸੁਖ ਲਡੇ ਤੇ ਲਡਾਵਈ॥ ਅਸਨ ਬਸਨ ਧਨ ਧਾਮ ਕਾਮਨਾ ਪਵਿਤ੍ਰ , ਆਨ ਦੇਵ ਸੇਵ ਭਾਉ ਦੁਤੀਆ ਮਿਟਾਵਈ॥੪੯੧॥

ਜਿਕੁਰ ਹਛੀ ਇਸਤ੍ਰੀ ਪਤੀ ਦੇ ਕਹਿਣੇ ਮੰਨਣ ਵਿਚ ਤਕੜੀ ਰਹਿੰਦੀ ਹੈ ਅਤੇ ਇਸੀ ਵਾਸਤੇ ਘਰ ਦੀ ਮਾਲਕਣ ਬਣ ਕੇ ਹੱਛੀ ਇਸਤਰੀ ਅਖਵਾਉਂਦੀ ਹੈ। ਅੰਨ, ਬਸਤ੍ਰ, ਧਨ, ਘਰ ਆਦਿਕਾਂ ਦੀ ਪਤੀ ਇੱਛਾ ਪੂਜਾ ਦਿੰਦਾ ਹੈ ਅਤੇ ਓਸੇ ਇਸਤਰੀ ਨੂੰ ਸੁੰਦਰ ਸ਼ਿੰਗਾਰ ਸੋਭਦੇ ਹਨ, ਕਿਉਂਕਿ ਓਹ ਪਤੀ ਦੇ ਨਾਲ ਸੇਜਾ ਤੇ ਅਭੇਵ ਹੁੰਦੀ ਹੈ। ਇਕੁਰ ਹੀ ਸਤਿਗੁਰੂ ਸਿਖਾਂ ਨੂੰ ਗ੍ਰਿਹਸਤ ਵਿਚ ਰੱਖਦੇ ਹਨ ਕਿ ਰਾਜ ਭਾਗ ਦੀ ਸਾਮੱਗ੍ਰੀ ਬਾਹਲੀ ਦੇ ਸੁਖ ਵਿਚ ਰਖਦੇ ਹਨ ਅਤੇ ਲਾਡ ਵਿਚ ਲਡਾਉਂਦੇ ਹਨ। ਇਸਤਰੀ ਵਾਕੁਰ ਸਿਖ ਦੀਆਂ ਸਭ ਹੱਛੀਆਂ ਕਾਮਨਾਂ ਅੰਨ, ਬਸਤਰ, ਧਨ, ਘਰ ਆਦਿਕ ਦੀਆਂ ਪੂਰੀਆਂ ਹੋ ਜਾਂਦੀਆਂ ਹਨ ਜੋ ਹੋਰ ਦੇਵਤਿਆਂ ਦੀ ਸੇਵਾ ਅਤੇ ਦਵੈਤ ਭਾਉ ਨੂੰ ਦੂਰ ਕਰੇ।

ਕਬਿਤ—ਲੋਗ ਬੇਦ ਗਯਾਨ ਉਪਦੇਸ ਹੈ ਪਤਿਬ੍ਰਤਾ ਕੌ, ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ॥ ਨਾਮ ਇਸ਼ਨਾਨ ਦਾਨ ਸੰਜਮ ਨ ਜਾਪ ਤਾਪ, ਤੀਰਥ ਬ੍ਰਤ ਪੂਜਾ ਨੇਮ ਨਤਕਾਰ ਹੈ॥ ਹੋਮ ਜਗ ਭੋਗ ਨਈਵੇਦ ਨਹੀ ਦੇਵੀ ਦੇਵ, ਰਾਗ ਨਾਦ ਬਾਦ ਨ ਸੰਬਾਦ ਆਨ ਦ੍ਵਾਰ ਹੈ॥ ਤੈਸੇ ਗੁਰ ਸਿਖਨ ਮੈ ਏਕ ਟੇਕ ਹੀ ਪ੍ਰਧਾਨ, ਆਨ ਗਯਾਨ ਧਯਾਨ ਸਿਮਰਨ ਬਿਭਚਾਰ ਹੈ॥੪੯੨॥

ਜਿਕੁਰ ਲੋਕਾਂ ਦੇ (ਗਯਾਨ) ਜਾਨਣ ਵਿਚ ਅਤੇ ਵੇਦਾਂ ਵਿਚ ਇਹ ਉਪਦੇਸ਼ ਹੈ (ਹੱਛੀ ਇਸਤਰੀ ਨੂੰ) ਕਿ ਮਨ ਬਾਣੀ ਸਰੀਰ ਕਰਕੇ ਪਤੀ ਦੀ ਸੇਵਾ ਦੀ ਅਧਿਕਾਰਨ ਹੋਵੇ। ਨਾਮ ਜਪਣਾ, ਇਸ਼ਨਾਨ ਕਰਨਾ, ਦਾਨ ਦੇਣਾ, ਇੰਦ੍ਰੀਆਂ ਰੋਕਣੀਆਂ ਅਤੇ ਜਪ

ਤਪ ਕਰਨਾ ਵੀ ਠੀਕ ਨਹੀਂ ਅਤੇ ਤੀਰਥ, ਵਰਤ ਰੱਖਣੇ, ਪੂਜਾ ਦੇਵਤੇ ਆਦਿਕਾਂ ਦੀ ਕਰਨੀ (ਨਤ) ਨਹੀਂ ਚਾਹੀਦੀ ਹੈ। ਯੱਗਾਂ ਦੇ ਹੋਮ, ਠਾਕਰਾਂ ਨੂੰ ਭੋਗ ਅਰਪਣ ਕਰਨਾ ਅਤੇ ਦੇ ਵੀ ਦੇਵਤਿਆਂ ਦੀ ਸੇਵਾ ਵੀ ਨਹੀਂ ਹੈ ਅਤੇ ਹੋਰ(ਗੁਰਬਾਣੀ ਪਤੀਵਚਨ ਤੋਂ ਬਿਨਾਂ)ਰਾਗਾਂ ਦੇ ਵਾਜਿਆਂ ਦਾ ਸ਼ਬਦ ਅਤੇ ਹੋਰ ਦੇ ਬੂਹੇ ਤੇ ਜਾ ਕੇ ਚਰਚਾ (ਝਗੜੇ) ਆਦਿਕ ਕਰਨੇ ਵੀ ਯੋਗ ਨਹੀਂ ਹਨ। ਗੁਰ ਸਿਖਾਂ ਵਿਚ ਇਕ ਗੁਰੂ ਦੀ ਓਟ ਲੈਣੀ ਮੁਖੀ ਹੈ ਅਤੇ ਹੋਰ ਗਿਆਨ ਧਿਆਨ ਯਾਦ ਕਰਨੇ ਇਕੁਰ ਹਨ ਜਿਕੁਰ ਹੱਛੀ ਇਸਤਰੀ ਨੂੰ ਵਿਭਚਾਰਪਣਾ ਮਾੜਾ ਹੈ।

ਕਬਿਤ—ਜੈਸੇ ਪਤਿਬ੍ਰਤਾ ਕੋ ਪਵਿਤ੍ਰ ਘਰ ਵਾਸ ਨਾਤ, ਅਸਨ ਬਸਨ ਧਨ ਧਾਮ ਲੋਕਾਚਾਰ ਹੈ॥ਤਾਤ ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ, ਸੇਵਾ ਗੁਰਜਨ ਸੁਖ ਅਭਰਨ ਸਿੰਗਾਰ ਹੈ॥ ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰ ਧਾਰੀ, ਸਕਲ ਪਵਿਤ੍ਰ ਜੋਈ ਬਿਬਿਧ ਅਚਾਰ ਹੈ॥ ਤੈਸੇ ਗੁਰ ਸਿਖਨ ਕੌ ਲੇਪੁ ਨ ਗ੍ਰਿਹਸਤ ਮੈ, ਆਨ ਦੇਵ ਸੇਵ ਧ੍ਰਿਗ ਜਨਮ ਸੰਸਾਰ ਹੈ॥੪੯੩॥

ਜਿਕੁਰ ਹਛੀ ਇਸਤ੍ਰੀ ਨੂੰ ਇਕ ਘਰ ਵਿਚ ਵੱਸਣਾ (ਨਾਤ) ਸਾਕ ਨਾਤੇ (ਅਥਵਾ ਨੌਣਾ) ਅੰਨ, ਬਸਤ੍ਰ, ਧਨ ਘਰ ਤੇ ਲੋਕਾਂ ਦੇ ਕੰਮ (ਤਦ) ਪਵਿਤਰ ਹਨ। ਪਿਤਾ, ਮਾਤਾ, ਭਾਈ, ਪੁਤ੍ਰ, ਹਛੇ ਆਦਮੀ, ਟੱਬਰ ਪਿਆਰੇ ਅਤੇ ਗੁਰਜਨ, ਸਸ ਸੌਹਰੇ ਆਦਿਕ ਵਡਿਆਂ ਆਦਮੀਆਂ ਦੀ ਸੇਵਾ ਅਤੇ ਅਭਰਨ ਗਹਿਣਿਆਂ ਦੇ ਸ਼ਿੰਗਾਰ ਦਾ (ਤਦ) ਸੁਖ ਹੈ। (ਬਿਰਤ) ਰੋਜ਼ੀ ਕਰਨੀ ਅਤੇ ਪਰਸੂਤ (ਬਾਲਕ ਜੰਮਣ) ਦੀ ਮਲ ਮੂਤ੍ਰ ਧਾਰਨ ਕਰਨੀ ਹੋਰ ਬਾਹਲੇ ਕੰਮ (ਤਦ) ਸਾਰੇ ਪਵਿਤ੍ਰ ਹੈਂ ਜੋ ਪਤੀ ਦੀ ਆਗਿਆ ਮੰਨਦੀ ਹੈ। ਤਿਕੁਰ ਹੀ ਗੁਰ ਸਿਖਾਂ ਨੂੰ ਘਰ ਵਿਚ ਹੀ ਕੋਈ ਕਲੰਕ ਨਹੀਂ ਲਗਦਾ ਅਤੇ ਜੋ ਹੋਰ ਦੇਵਤਿਆਂ ਦੀ ਸੇਵਾ ਕਰਦੇ ਹਨ ਓਹਨਾਂ ਦੇ ਸੰਸਾਰ ਵਿਚ ਜੰਮਣ ਨੂੰ ਧ੍ਰਿਕਾਰ ਹੈ।

ਕਬਿਤ—ਆਦਿਕ ਐ ਸੋਮ ਭੌਮ ਬੁਧਿ ਹੂ ਬ੍ਰਹਸਪਤੀ, ਸੁਕਰ ਸ਼ਨੀਚਰ ਸਾਤੋ ਬਾਰ ਬਾਂਟ ਲੀਨ ਹੈ॥ ਥਿੱਤ ਪੱਖ ਮਾਸ ਰੁਤ ਲੋਗਨ ਮੈ ਲੋਗਾਚਾਰ ਏਕ ਏਕੰਕਾਰ ਕੋ ਨ ਕੋਊ ਦਿਨ ਦੀਨ ਹੈ॥ ਜਨਮ ਅਸ਼ਟਮੀ ਰਾਮਨੌਮੀ ਏਕਾਦਸੀ ਭਈ, ਦ੍ਵਾਦਸੀ ਚਤਰਦਸੀ ਜਨਮੁ ਏ ਕੀਨ ਹੈ॥ ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨ, ਅਜੋਨੀ ਜਨਮ ਦਿਨ

ਕੈਸੇ ਕਹੌਂ ਚੀਨ ਹੈ ॥੪੯੪॥

ਸੂਰਜ, ਚੰਦਰਮਾਂ, ਮੰਗਲ ਦੇਵਤਾ, ਹਨੂੰਮਾਨ, ਦੇਵਤਿਆਂ ਦਾ ਗੁਰੂ ਅਤੇ ਬੁਧਵਾਰ ਕੰਮ ਕਰਨ ਨੂੰ ਅਤੇ ਦੈਂਤਾਂ ਦੇ ਗੁਰੂ ਸ਼ੁਕਰ ਸ਼ਨਿਛਰ ਦੇਵਤੇ ਦੀ ਪੂਜਨਾ ਲੋਕਾਂ ਨੇ ਵੰਡ ਲਿਆ ਹੈ। ਤਿਥਾਂ, ਪਖ, ਮਹੀਨੇ ਰੁਤਾਂ ਇਕੁਰ ਲੋਕਾਂ ਵਿਚ ਲੋਕਾਂ ਵਾਲੇ ਕੰਮ ਪ੍ਰਧਾਨ ਹਨ ਅਤੇ ਇਕ ਵਾਹਿਗੁਰੂ ਨੂੰ ਕੋਈ ਵੀ ਦਿਨ ਨਹੀਂ ਦਿਤਾ। ਕ੍ਰਿਸ਼ਨ ਜਨਮ ਅਸ਼ਟਮੀ, ਰਾਮ ਜਨਮ ਨੌਮੀ, ਕ੍ਰਿਸ਼ਨ ਇਕਾਦਸ਼ੀ, ਆਮਲਕ ਇਕਾਦਸ਼ੀ, ਨਿਰਜਲਾ ਇਕਾਦਸ਼ੀ, ਕੂਰਮ ਦਵਾਦਸੀ, ਵੈਰਾਟ ਦਵਾਦਸੀ, ਨਰ ਸਿੰਘ ਚਤਰਦਸ਼ੀ, ਇਹ ਪ੍ਰਮਾਤਮਾ ਦੇ ਜੰਮਣ ਦੇ ਦਿਨ ਕਰ ਦਿਤੇ ਹਨ। ਸ੍ਰਿਸ਼ਟੀ ਪ੍ਰਗਟ ਹੋਣ ਦੇ ਦਿਨ ਦਾ ਵੇਲਾ ਤੇ ਕੋਈ ਜਾਣਦਾ ਨਹੀਂ ਪਰ ਵਾਹਿਗੁਰੂ ਦੇ ਜਨਮ ਦਿਨ ਨੂੰ ਇਕੁਰ ਕਹੋ ਖਾਂ ਕੋਈ ਜਾਣ ਸਕਦਾ ਹੈ।

(ਕ੍ਰਿਸ਼ਨ ਆਦਿਕ ਅਵਤਾਰ ਪ੍ਰਮਾਤਮਾ ਦਾ ਰੂਪ ਇਕੁਰ ਨਹੀਂ ਹੋ ਸਕਦੇ)

ਕਬਿਤ—ਜਾਂਕੋ ਨਾਮ ਹੈ ਅਜੋਨੀ ਕੈਸੇ ਕੈ ਜਨਮ ਲੇਤ, ਕਹਾ ਜਾਨ ਬ੍ਰਤ ਜਨਮਾਸ਼ਟਮੀ ਕੋ ਕੀਨੋ ਹੈ ॥ ਜਾਂਕੋ ਜਗ ਜੀਵਨ ਅਕਾਲ ਅਬਿਨਾਸ਼ੀ ਨਾਮ, ਕੈਸੇ ਕੈ ਬਧਕ ਮਾਰਯੋ ਅਪਯਸ ਲੀਨੋ ਹੈ ॥ ਨਿਰਮਲ ਨਿਰਦੋਖ ਮੋਖ ਪਦ ਜਾਂਕੋ ਨਾਮ, ਗੋਪੀ ਨਾਥ ਕੈਸੇ ਹ੍ਵੈ ਬਿਰਹੁ ਦੁਖ ਦੀਨੋ ਹੈ ॥ ਪਾਹਨ ਕੀ ਪ੍ਰਤਿਮਾ ਕੋ ਅੰਧ ਕੰਧ ਹੈ ਪੁਜਾਰੀ, ਅੰਤਰ ਅਗਯਾਨ ਮਤਿ ਗਯਾਨ ਗੁਰ ਹੀਨੋ ਹੈ ॥੪੯੫॥

ਜਿਸ ਦਾ ਨਾਮ ਹੀ ਅਜੂਨੀ ਹੈ ਓਸਨੇ ਕਿਕੁਰ ਜਨਮ ਲਿਆ ਹੈ ? ਅਤੇ ਕੀ ਜਾਣ ਕੇ ਤਿਸ ਨੂੰ ਤੁਸੀਂ ਓਸ ਦੇ ਨਮਿਤ ਜਨਮ ਅਸ਼ਟਮੀ ਦਾ ਵਰਤ ਰਖਣਾ ਕੀਤਾ ਹੈ ? ਜਿਸ ਦਾ ਨਾਮ ਹੀ ਜਗਤ ਦੀ ਜੀਵਣ ਬੂਟੀ ਅਤੇ ਮਰਨ ਰਹਿਤ ਅਵਿਨਾਸ਼ੀ ਹੈ ਉਸ ਨੂੰ ਕਿਕੁਰ ਫੰਦਕ ਨੇ ਮਾਰਿਆ ਹੋਵੇਗਾ ? ਅਤੇ ਕੁਲ ਨਾਸ਼ ਕਰਨ ਦਾ ਅਪਯਸ ਤੇ ਛਲ ਨਾਲ ਸਰਾਪ ਦੁਵਾਉਣ ਦਾ ਕਲੰਕ ਕਿਕੁਰ ਉਸ ਨੇ ਲਿਆ ਹੋਵੇਗਾ ? ਗੋਪੀਆਂ ਨਾਲ (ਬਿਰਹੁ) ਪਰੇਮ ਕਰਕੇ ਇਕਰਾਰ ਤੋਂ ਝੂਠਾ ਹੋਣਾ ਅਤੇ ਉਹਨਾਂ ਨੂੰ ਵਿਛੋੜੇ ਦਾ ਦੁਖ ਦੇਣਾ ਇਹ ਨਾਮ ਨਿਰਮਲ ਨਿਰਦੋਸ਼ ਮੁਕਤਿ ਪਦਵੀ ਦੇਣ ਵਾਲੇ ਵਿਚ ਕਿਕੁਰ ਹੋ ਸਕਦੇ ਹਨ ? ਇਕੁਰ ਕ੍ਰਿਸ਼ਨ ਨੂੰ ਅਵਤਾਰ ਮੰਨਿਆਂ ਪਰ ਓਹ ਵਾਸਤਵ ਪੱਥਰ ਦੀ ਮੂਰਤੀ ਵਾਕੁਰ ਹੈ ਅਤੇ ਅੰਨ੍ਹੇ ਸਰੀਰਾਂ ਵਾਲੇ ਓਥੇ ਪੁਜਾਰੀ ਹਨ, ਕਿਉਂਕਿ ਓਹਨਾਂ ਦੇ ਅੰਦਰ ਅਗਿਆਨਤਾ ਹੈ ਅਤੇ ਓਹ ਮਨਮੁਖ ਗੁਰਾਂ ਦੀ ਸਿਖਿਆ ਗਿਆਨ ਤੋਂ ਰਹਿਤ ਹਨ।

ਕਬਿਤ—ਸੂਰਜ ਪ੍ਰਗਾਸ ਨਾਸ ਉਡਗਨ ਅਗਿਨਤ ਜਸੇਂ, ਆਨ ਦੇਵ ਸੇਵ ਗੁਰਦੇਵ ਕੇ ਧਿਆਨ ਕੈ ॥ ਹਾਟ ਬਾਟ ਘਾਟ ਠਾਟ ਘਟੈ ਘਟੈ ਨਿਸ ਦਿਨ, ਤੈਸੇ ਲੋਗ ਬੇਦ ਭੇਦ ਸਤਿਗੁਰ ਗਜ਼ਾਨ ਕੈ ॥ ਚੋਰ ਜਾਰ ਔ ਜੂਆਰ ਮੋਹ ਦ੍ਰੋਹ ਅੰਧਕਾਰ, ਪ੍ਰਾਤ ਸਮੈ ਸੋਭਾ ਨਾਮ ਦਾਨ ਇਸ਼ਨਾਨ ਕੈ ॥ ਆਨਸਰ ਮੇਡਕੁ ਸਿਵਾਲ ਘੋਘਾ ਮਾਨਸਰ, ਪੂਰਨ ਬ੍ਰਹਮ ਗੁਰ ਸਰਬ ਨਿਧਾਨ ਕੈ ॥੪੯੬॥

ਜਿਕੁਰ ਸੂਰਜ ਦੇ ਚਾਨਣ ਅਗੇ ਬਾਹਲੇ (ਉਡਗਨ) ਤਾਰੇ ਨਾਸ ਹੋ ਜਾਂਦੇ ਹਨ ਤਿਕੁਰ ਹੀ ਹੋਰ ਦੇਵਤਿਆਂ ਦੀ ਸੇਵਾ ਇਕੋ ਗੁਰਦੇਵ ਜੀ ਦੇ ਧਿਆਨ ਅਗੇ ਦੂਰ ਹੋ ਜਾਂਦੀ ਹੈ । ਇਕੁਰ ਹੱਟੀਆਂ ਦਾ ਇਕੱਠ ਅਤੇ ਰਸਤਿਆਂ ਦਰਿਆਵਾਂ ਦੇ ਪੱਤਣਾਂ ਦਾ ਬਣਾਉ ਰਾਤ ਦਿਨੇ ਘਟਦਾ ਰਹਿੰਦਾ ਹੈ ਗੁਰਾਂ ਦੇ ਗਿਆਨ ਰੂਪ ਸੂਰਜ ਅਗੇ ਲੋਗਾਂ ਬੇਦਾਂ ਦਾ ਫਰਕ ਉਡ ਜਾਂਦਾ ਹੈ । ਜਿਕੁਰ ਚੋਰ ਰਾਤ ਦੇ ਹਨੇਰੇ ਵਿਚ ਲੁਟ ਲੈਂਦੇ ਅਤੇ ਯਾਰ ਮੋਹਤ ਕਰ ਲੈਂਦੇ ਹਨ ਅਤੇ ਜਵਾਰੀਏ ਠੱਗ ਲੈਂਦੇ ਹਨ ਪਰ ਸਵੇਰ ਦੇ ਵੇਲੇ ਸਭ ਨੱਸ ਜਾਂਦੇ ਹਨ ਕਿਸੇ ਦੀ ਭੀ ਸੋਭਾ ਨਹੀਂ ਰਹਿੰਦੀ । ਇਕ ਨਾਮ ਦਾਨ ਇਸ਼ਨਾਨ ਦਾ ਕਰਨਾ ਰਹਿੰਦਾ । ਜਿਕੁਰ ਹੋਰਨਾਂ ਤਾਲਾਂ ਤੇ (ਮੇਂਡਕ) ਡੱਡੂ ਜਾਲਾ ਘੋਘੇ ਹੁੰਦੇ ਹਨ ਅਤੇ ਮਾਨਸਰ ਹੰਸਾਂ ਦੇ ਤਾਲ ਉਤੇ ਇਹ ਸਾਰੀਆਂ ਚੀਜ਼ਾਂ ਨੱਸ ਜਾਂਦੀਆਂ ਹਨ ਅਤੇ ਮੋਤੀਆਂ ਦੇ ਸਾਰੇ ਖਜਾਨੇ ਹੁੰਦੇ ਹਨ, ਵਿਅਪਕ ਵਾਹਿਗੁਰੂ ਦੇ ਰੂਪ ਸਤਿਗੁਰਾਂ ਪਾਸੋਂ ਸਭ ਖਜਾਨੇ ਨਾਮ ਦਾਨ ਦੇ ਮਿਲਦੇ ਹਨ ।

(ਫਿਰ ਇਸ ਨੂੰ ਖੋਹਲ ਕੇ ਆਖਦੇ ਹਨ)

ਕਬਿਤ—ਨਿਸ ਦਿਨ ਅੰਤਰ ਜਸੇਂ ਅੰਤਰ ਬਖਾਨੀਅਤਿ, ਤੈਸੇ ਆਨ ਦੇਵ ਗੁਰਦੇਵ ਸੇਵ ਜਾਨੀਐ ॥ ਨਿਸ ਅੰਧਕਾਰ ਬਹੁ ਤਾਰਕਾ ਚਮਤਕਾਰ, ਦਿਨ ਦਿਨਕਰ ਏਕੰਕਾਰ ਪਹਿਚਾਨੀਐ॥ਨਿਸ ਅੰਧਿਆਰੀ ਮੈਂ ਵਿਕਾਰੀ ਹੈ ਵਿਕਾਰ ਹੇਤੁ, ਪ੍ਰਾਤ ਸਮੇ ਨੇਹ ਨਿਰੰਕਾਰੀ ਉਨਮਾਨੀਐ॥ ਰੈਨ ਸੈਨ ਸਮੈ ਠਗ ਚੋਰ ਜਾਰ ਹੈ ਅਨੀਤ, ਰਾਜਨੀਤਿ ਰੀਤ ਪ੍ਰੀਤਿ ਵਾਸਰ ਬਖਾਨੀਐ ॥੪੯੭॥

ਜਿਕੁਰ ਰਾਤ ਦਿਨ ਵਿਚ ਫਰਕ ਕਹੀਦਾ ਹੈ ਤਿਕੁਰ ਹੀ ਰਾਤ ਵਾਕਰ ਹੋਰ ਦੇਵਤਿਆਂ ਦੀ ਸੇਵਾ ਅਤੇ ਦਿਨ ਵਾਕੁਰ ਗੁਰਦੇਵ ਦੀ ਸੇਵਾ ਜਾਣ ਲਵੋ । ਰਾਤ ਦੇ

ਹਨੇਰੇ ਵਿਚ ਬਹੁਤਾ ਤਾਰੇ ਚਮਕਦੇ ਹਨ ਅਤੇ ਸਵੇਰੇ ਸੂਰਜ ਦੇ ਚੜ੍ਹਨ ਨਾਲ ਸਭ ਦੂਰ ਹੋ ਜਾਂਦੇ ਹਨ। ਦੇਵਤਿਆਂ ਦੇ ਸੇਵਕ ਵਿਕਾਰੀ ਰਾਤ ਦੇ ਹਨੇਰੇ ਵਿਚ ਵਿਕਾਰਾਂ ਉਤਪੰਨ ਕਰਨ ਲਈ ਰਾਮ ਲੀਲਾ ਆਦਿਕ ਦਿਖਾਉਂਦੇ ਹਨ ਅਤੇ ਗੁਰੂ ਦੇ ਸਿਖ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਪਰੇਮ ਅਤੇ ਗੁਰਬਾਣੀ ਸੁਣਦੇ ਸੁਣਾਉਂਦੇ ਅਤੇ ਵਾਹਿਗੁਰੂ ਵਿਚ (ਨੇਹ) ਪਰੇਮ ਕਰਨ ਵਾਲੇ ਵਿਚਾਰੇ ਜਾਂਦੇ ਹਨ। ਜਿਕੁਰ ਰਾਤ ਦੇ ਸੌਣ ਵੇਲੇ ਠੱਗ ਚੋਰ ਯਾਰ ਸਾਰੇ ਇਕਠੇ ਹੋ ਕੇ ਲੁਟ ਮਾਰ ਕਰਦੇ ਹਨ ਸਵੇਰੇ ਮਾੜੇ ਕੰਮ ਕਰਨੇ ਛਡ ਦਿੰਦੇ ਹਨ। ਤਿਕੁਰ ਹੀ ਦੇਵਤਿਆਂ ਦੇ ਪਖੰਡ, ਗੁਰੂ ਸੂਰਜ ਅਗੇ ਉਡ ਜਾਂਦੇ ਹਨ।

ਕਬਿਤ—ਨਿਸ ਦੁਰਮਤਿ ਹ੍ਵੈ ਅਧਰਮ ਕਰਮ ਹੇਤ, ਗੁਰਮਤਿ ਵਾਸਰ ਸੁ ਧਰਮ ਕਰਮ ਹੈ॥ ਦਿਨਕਰ ਜੋਤ ਕੇ ਉਦੋਤ ਸਭ ਕੁਛ ਸੂਝੈ, ਨਿਸ ਅੰਧਿਆਰੀ ਭੂਲੇ ਭ੍ਰਮਤ ਭਰਮ ਹੈ॥ ਗੁਰਮੁਖ ਸੁਖ ਫਲ ਦਿਬਿ ਦੇਹ ਦ੍ਰਿਸ਼ਟਿ ਹ੍ਵੈ, ਆਨ ਦੇਵ ਸੇਵਕ ਹ੍ਵੈ ਦ੍ਰਿਸ਼ਟਿ ਚਰਮ ਹੈ॥ ਸੰਸਾਰੀ ਸੰਸਾਰੀ ਸੰਗ ਅੰਧ ਅੰਧ ਕੰਧ ਲਾਗੇ, ਗੁਰਮੁਖ ਸੰਧ ਪ੍ਰਮਾਰਥ ਮਰਮ ਹੈ॥੪੯੪॥

ਖੋਟੇ ਆਦਮੀ ਦੁਰਮਤ ਰੂਪ ਰਾਤ ਕਰਕੇ ਅਧਰਮ ਦੇ ਕੰਮ ਕਰਨ ਵਾਸਤੇ ਦੌੜਦੇ ਹਨ ਅਤੇ ਅਛੇ ਆਦਮੀ ਗੁਰਮਤ ਰੂਪ ਦਿਨ ਕਰਕੇ ਸਰੇਸ਼ਟ ਧਰਮ ਦੇ ਕੰਮਾਂ ਦੇ ਪਰੇਮੀ ਬਣਦੇ ਹਨ। ਗੁਰਮਤਿ ਰੂਪ ਸੂਰਜ ਦੇ ਚੜ੍ਹਨ ਨਾਲ ਸਭ ਕੁਝ ਸੁਝ ਪੈਂਦਾ ਹੈ ਦੁਰਮਤ ਰੂਪ ਰਾਤ ਹਨੇਰੀ ਕਰਕੇ ਭਰਮ ਰੂਪ ਹਨੇਰੇ ਵਿਚ ਭੌਂਦੇ ਫਿਰੀਦਾ ਹੈ। ਗੁਰਮੁਖਾਂ ਦੀ ਗਿਆਨ ਕਰਕੇ ਸੰਤਾਂ ਵਾਲੀ ਦੇਹ ਵਿਚ ਦ੍ਰਿਸ਼ਟੀ ਹੁੰਦੀ ਹੈ ਅਤੇ ਹੋਰਨਾਂ ਦੇਵਤਿਆਂ ਦਾ ਸੇਵਕ ਬਣਕੇ ਚੰਮ ਵਾਲੀ ਨਜ਼ਰ ਹੁੰਦੀ ਹੈ। ਸੰਸਾਰੀ ਲੋਕ ਸੰਸਾਰ ਵਿਚ ਅੰਨ੍ਹਿਆਂ ਵਾਕੁਰ ਅੰਨੇ ਵਾਹ ਕੰਧਾਂ ਦੀਆਂ ਮੂਰਤਾਂ ਨਾਲ ਲਗੇ ਹੋਏ ਹਨ। ਵਾ ਕੰਧਾਂ ਦੀਆਂ ਮੂਰਤਾਂ ਵਾਕੁਰ ਜੜੇ ਹਨ ਅਤੇ ਗੁਰਮੁਖ ਵਾਹਿਗੁਰੂ ਦੇ ਪ੍ਰਯੋਜਨ ਦੀ ਮਿਲੌਣੀ ਦੇ ਭੇਦ ਵਿਚ ਲਗੇ ਹਨ।

ਕਬਿਤ—ਜੈਸੇ ਜਲ ਮਿਲ ਬਹੁ ਬਰਨ ਬਨਾਸਪਤੀ, ਚੰਦਨ ਸੁਗੰਧ ਬਨ ਚੰਦਨ ਕਰਤ ਹੈ॥ ਅਗਨਿ ਅਗਨਿ ਧਾਤ ਜੋਈ ਸੋਈ ਦੇਖੀਅਤ, ਪਾਰਸ ਪਰਸ ਜੋਤਿ ਕੰਚਨ ਧਰਤ ਹੈ॥ ਤੈਸੇ ਆਨ ਦੇਵ ਸੇਵ ਮਿਟਤ ਕੁਟੇਵ ਨਹੀਂ ਸਤਿਗੁਰ ਦੇਵ ਸੇਵ ਭੈਜਲ ਤਰਤ ਹੈ॥

ਗੁਰਮੁਖ ਸੁਖ ਫਲ ਮਹਾਤਮ ਅਗਾਧ ਬੋਧ, ਨੇਤਿ ਨੇਤਿ ਨੇਤਿ ਨਮੋ ਨਮੋ ਉਚਰਤ ਹੈ ॥੪੮੯॥

ਜਿਕੁਰ ਪਾਣੀ ਬਹੁਤ ਰੰਗਾਂ ਦੀ ਸਬਜ਼ੀ ਨੂੰ ਮਿਲਦਾ ਹੈ ਅਤੇ ਚੰਦਨ ਬ੍ਰਿਛ ਦੀ ਸੁਗੰਧੀ ਸਾਰੇ ਬਨ ਨੂੰ ਚੰਦਨ ਕਰ ਦਿੰਦੀ ਹੈ। ਜਿਕੁਰ ਅੱਗ ਵਿਚ ਧਾਤੂਆਂ ਪੈ ਕੇ ਪੰਘਰ ਜਾਂਦੀਆਂ ਹਨ ਪਰ ਜਦ ਠੰਢੀਆਂ ਹੋ ਜਾਂਦੀਆਂ ਹਨ ਤਦ ਜੇਹੀਆਂ ਪਹਿਲੇ ਹੁੰਦੀਆਂ ਹਨ ਤੇਹੀਆਂ ਹੀ ਨਜ਼ਰ ਆਉਂਦੀਆਂ ਹਨ। ਹੋਰ ਦੇਵਤਿਆਂ ਦੀ ਸੇਵਾ ਕਰ ਕੇ ਬੁਰੀ ਆਦਤ ਨਹੀਂ ਦੂਰ ਹੁੰਦੀ। ਪਾਰਸ) ਸਤਿਗੁਰ ਦੇਵ ਦੀ ਸੇਵਾ ਕਰ ਕੇ ਭੈ ਦਾਇਕ ਸੰਸਾਰ ਰੂਪ ਸਮੁੰਦਰ ਦਾ ਪਾਣੀ ਤਰ ਜਾਈਦਾ ਹੈ। ਗੁਰਮੁਖਾਂ ਨੂੰ ਜੋ ਸੇਵਾ ਕਰਨ ਦਾ ਸੁਖ ਰੂਪ ਫਲ ਲੱਗਾ ਹੈ ਉਸ ਦਾ ਮਹਾਤਮ ਜਾਨਣਾ ਔਖਾ ਹੈ, ਇਸ ਲਈ ਅਸੀਂ ਸਦ ਸਦਾ ਉਚਾਰ ਕੇ ਨਮਸ਼ਕਾਰ ਕਰਦੇ ਹਾਂ।

ਕਬਿਤ—ਪ੍ਰਗਟ ਸੰਸਾਰ ਬਿਭਚਾਰ ਕਰੈ ਗਨਿਕਾ ਪੈ, ਤਾਹਿ ਲੋਗ ਬੇਦ ਅਰੁ ਗਿਆਨ ਕੀ ਨ ਕਾਨ ਹੈ॥ ਕੁਲਾ ਬਧੂ ਛਾਡਿ ਭਰਤਾਰ ਆਨ ਦ੍ਵਾਰ ਜਾਇ, ਲਾਛਨ ਲਗਾਵੈ ਕੁਲ ਅੰਕਸੁ ਨ ਮਾਨ ਹੈ ॥ ਕਪਟ ਸਨੇਹੀ ਬਗ ਧਿਆਨ ਆਨ ਸਰ ਫਿਰੈ, ਮਾਨਸਰ ਛਾਡੇ ਹੰਸ ਬੰਸ ਮੈ ਅਗਿਆਨ ਹੈ ॥ ਗੁਰਮੁਖ ਮਨਮੁਖ ਦੁਰਮਤਿ ਗੁਰਮਤਿ, ਪਰ ਤਨ ਧਨ ਲੇਪ ਨਿਰਲੇਪ ਧਿਆਨ ਹੈ ॥ ੪੯੦ ॥

ਪ੍ਰਤੱਖ ਹੀ ਸੰਸਾਰ ਵਿਚ ਵੇਸਵਾ ਬਹੁਤਿਆਂ ਨਾਲ ਮੰਦਾ ਕੰਮ ਕਰਦੀ ਹੈ ਪਰੰਤੂ ਤਿਸ ਵੇਸਵਾ ਨੂੰ ਲੋਕਾਂ ਵੇਦਾਂ ਅਤੇ ਗਿਆਨ ਦੀ ਕੁਝ ਕਾਨੌਣ ਨਹੀਂ ਹੈ। ਜਿਹੜੀ ਇਸਤ੍ਰੀ ਪਤੀ ਨੂੰ ਛੱਡ ਕੇ ਹੋਰ ਕਿਸੇ ਦੇ ਬੂਹੇ ਤੇ ਜਾਵੇ ਅਰ ਕੁਲ ਦੀ ਮ੍ਰਯਾਦਾ ਰੂਪ ਕੁੰਡੇ ਦਾ ਡਰ ਨਾ ਮੰਨੇ ਓਹ ਕੁਲ ਨੂੰ ਦੋਸ਼ ਲਾਉਂਦੀ ਹੈ। ਜਿਕੁਰ ਖੋਟਾ ਪ੍ਰੇਮੀ ਬਗਲਾ ਹੋਰ ਛੱਪੜਾਂ ਦਾ ਧਿਆਨ ਕਰਦਾ ਫਿਰੇ ਅਤੇ ਜੋ ਮਾਨ ਸਰੋਵਰ ਨੂੰ ਹੰਸ ਛੱਡ ਦੇਵੇ ਤਾਂ ਓਹ ਆਪਣੀ ਔਲਾਦ ਵਿਚ ਮੂਰਖ ਹੁੰਦਾ ਹੈ। ਗੁਰਮੁਖ ਗੁਰਮਤ ਕਰਕੇ ਪਰ ਤਨ ਧਨ ਤੇ ਨਿਰਲੇਪ ਹਨ ਅਤੇ ਮਨਮੁਖ ਦੁਰਮਤ ਕਰਕੇ ਪਰ ਤਨ ਧਨ ਦੇ ਲੇਪ ਵਾਲੇ ਹਨ।

ਕਬਿਤ—ਪਾਨ ਜੌ ਕਪੂਰ ਲੌਂਗ ਚਰ ਕਾਗ ਆਗੈ ਰਾਖੈ, ਬਿਸਟਾ ਬਿਗੰਧ ਖਾਤ ਅਧਿਕ ਸਿਆਨ ਕੈ ॥ ਬਾਰ ਬਾਰ ਸ੍ਵਾਨ ਜੌ ਪੈ ਗੰਗਾ ਇਸ਼ਨਾਨ ਕਰੈ, ਟਰੈ ਨ ਕੁਟੇਵ ਦੇਵ ਹੋਤ ਨ ਅਗਿਆਨ ਕੈ ॥

ਸਾਪ ਜੌ ਪੈ ਪਾਨ ਮਿਸਟਾਨ ਮਹਾਂ ਅੰਮ੍ਰਿਤ ਕੈ, ਉਗਲਤ ਕਾਲ ਕੂਟ ਹੌਮੈ ਅਭਿਮਾਨ ਕੈ ॥ ਤੈਸੇ ਮਾਨਸਰ ਸਾਧ ਸੰਗਤ ਮਰਾਲ ਸਭਾ, ਆਨ ਦੇਵਕ ਸੇਵ ਤਕਤ ਬਗ ਧਿਆਨ ਕੈ ॥ ੪੯੧ ॥

ਪਾਨ ਕਪੂਰ ਅਤੇ ਲੌਂਗਾਂ ਦਾ ਜੇ ਚੋਗਾ ਕਾਂ ਅਗੇ ਰੱਖੀਏ ਤਾਂ ਗੰਦਗੀ ਦੁਰਗੰਧੀ ਖਾਂਦਾ ਹੈ, ਬਾਹਲੀ ਸਿਆਣ ਕਰਕੇ ਬਾਰ ੨ ਜੇ ਕੁਤਾ ਗੰਗਾ ਵਿਚ ਨਹਾਵੇ ਤਾਂ ਉਸ ਦੀ ਬੁਰੀ ਆਦਤ ਜਾਂਦੀ ਨਹੀਂ ਅਤੇ ਅਗਿਆਨੀ ਦੇਵਤਾ ਨਹੀਂ ਹੁੰਦਾ। ਜੇ ਸਪ ਨੂੰ ਬਾਹਲਾ ਮਿਠਾ ਪਾ ਕੇ ਦੁਧ ਪਿਆਈਏ ਤੇ ਤਦ ਵੀ ਵਿਹੁ ਨੂੰ ਬਾਹਰ ਕੱਢਦਾ, ਭੈ ਹੰਗਤਾ ਦੇ ਹੰਕਾਰ ਕਰਕੇ। ਜਿਕੁਰ ਹੰਸਾਂ ਦੇ ਤਾਲ ਤੇ ਬਗਲੇ ਜਾ ਕੇ ਮੱਛੀਆਂ ਦੇ ਖਾਣ ਵਲ ਵੇਖਦੇ ਰਹਿੰਦੇ ਹਨ। ਇਕੁਰ ਹੀ ਸਾਧ ਵਿਚ ਹੋਰ ਦੇਵਤਿਆਂ ਦੇ ਸੇਵਕ ਮਨਮੁਖ ਬੁਰੇ ਕੰਮ ਵਲ ਧਿਆਨ ਕਰਦੇ ਹਨ।

ਕਬਿਤ—ਚਕਈ ਚਕੋਰ ਅਹਿਨਿਸਿ ਸਸਿ ਭਾਨ ਧਿਆਨ, ਜਾਹੀ ਜਾਹੀ ਰੰਗ ਰਚਜੋ ਤਾਹੀ ਤਾਹੀ ਚਾਹੇ ਜੀ ॥ ਮੀਨ ਔ ਪਤੰਗ ਜਲ ਪਾਵਕ ਪ੍ਰਸੰਗ ਹੇਤ, ਟਾਰੀ ਨ ਟਰਤ ਟੇਵ ਓਰ ਨਿਰਬਾਹੇ ਜੀ ॥ ਮਾਨਸਰ ਆਨਸਰ ਹੰਸ ਬਗ ਪ੍ਰੀਤ ਰੀਤ, ਉਤਮ ਔ ਨੀਚ ਨ ਸਮਾਨ ਸਮਤਾਹੇ ਜੀ ॥ ਤੈਸੇ ਗੁਰਦੇਵ ਆਨ ਦੇਵ ਸੇਵਕ ਨ ਭੇਵ ਸਮਸਰ ਨ ਹੋਤ ਸਮੁੰਦਰ ਸਰਤਾਹੇ ਜੀ ॥ ੪੯੨ ॥

ਚਕਵੀ ਵਡੇ ਵੇਲੇ ਸੂਰਜ ਚੜ੍ਹਨ ਵਲ ਅਤੇ ਚਕੋਰ ਰਾਤ ਨੂੰ ਚੰਦਰਮਾਂ ਵਲ ਧਿਆਨ ਕਰਦਾ ਹੈ। ਇਕੁਰ ਹੀ ਹੋਰ ਜਿਸ ਜਿਸ ਪਰੇਮ ਵਿਚ ਕੋਈ ਰਚ ਗਿਆ ਹੈ ਉਸ ਉਸ ਨੂੰ ਹੀ ਓਹ ਚਾਹੁੰਦਾ ਹੈ। ਮਛੀ ਦਾ ਪਾਣੀ ਨਾਲ ਅਤੇ ਪਤੰਗੇ ਦਾ ਅੱਗ ਨਾਲ ਪਰੇਮ ਦਾ ਪ੍ਰਸੰਗ 'ਆਖਦੇ ਹਨ' ਦੋਹਾਂ ਦੀ ਬੁਰੀ ਆਦਤ ਹਟਾਈ ਹੋਈ ਨਹੀਂ ਹਟਦੀ, ਮਰਨ ਪ੍ਰਯੰਤ ਨਿਬਾਹੁੰਦੇ ਹਨ। ਹੰਸ ਦੀ ਦੁਧ ਨਾਲ ਅਰ ਬਗਲੇ ਦੀ ਮੱਛੀਆਂ ਦੇ ਛੱਪੜ ਨਾਲ ਪ੍ਰੀਤੀ ਦੀ ਰੀਤੀ ਹੈ ਉਤਮ ਹੰਸ ਨਾਲ ਨੀਚ ਬਗਲਾ ਸਮਾਨਤਾ ਕਰ ਕੇ ਬਰਾਬਰ ਨਹੀਂ ਹੋ ਸਕਦਾ ਇਕੁਰ ਹੀ ਮਨਮੁਖ। ਜਿਕੁਰ ਨਦੀਆਂ ਸਮੁੰਦਰ ਦੇ ਬਰਾਬਰ ਨਹੀਂ ਹੋ ਸਕਦੀਆਂ ਤਿਕੁਰ ਹੀ ਗੁਰਦੇਵ ਦੇ ਸੇਵਕਾਂ ਅਰ ਹੋਰ ਦੇਵਤਿਆਂ ਦੇ ਸੇਵਕਾਂ ਦਾ ਭੇਦ ਹੈ ਭਾਵ ਬਰਾਬਰ ਨਹੀਂ ਹੁੰਦੇ।

ਕਬਿਤ—ਪ੍ਰੀਤ ਭਾਇ ਪੇਖੇ ਪ੍ਰਤਿਬਿੰਬ ਚਕਈ ਜਯੋਂ ਨਿਸ, ਗੁਰਮਤਿ ਆਪਾ ਆਪ ਚੀਨ ਪਹਿਚਾਨੀਐ ॥ ਵੈਰ ਭਾਇ ਪੇਖੇ ਪਰਛਾਂਈ

ਕੂਪੰਤ੍ਰ ਪਰੈ, ਸਿੰਘ ਦੁਰਮਤਿ ਲਗ ਦੁਬਿਧਾ ਕੈ ਜਾਨੀਐ ॥ ਗੋ ਸੁਤ ਅਨੇਕ ਏਕ ਸੰਗ ਹਿਲ ਮਿਲ ਰਹੈ, ਸ੍ਵਾਨ ਆਨ ਦੇਖਤ ਵਿਰੁਧ ਜਸ ਠਾਨੀਐ ॥ ਗੁਰਮੁਖ ਮਨਮੁਖ ਚੰਦਨ ਔ ਬਾਂਸ ਬਿਧਿ, ਬ੍ਰਨ ਕੇ ਦੋਖੀ ਬਿਕਾਰੀ ਉਪਕਾਰੀ ਉਨਮਾਨੀਐ ॥ ੪੯੩ ॥

ਜਿਕੁਰ ਆਪਣੇ ਪ੍ਰਛਾਵੇਂ ਨੂੰ ਚਕਵੀ ਪਤੀ ਦਾ ਪ੍ਰਛਾਵਾਂ ਜਾਣ ਕੇ ਪਰੇਮ ਨਾਲ ਪ੍ਰੀਤੀ ਕਰਕੇ ਵੇਖਦੀ ਹੈ ਤਿਕੁਰ ਹੀ ਗੁਰਮਤ ਵਾਲੇ ਵਾਹਿਗੁਰੂ ਨੂੰ ਆਪਣੇ ਵਿਚ ਜਾਣ ਕੇ ਪਛਾਣਦੇ ਹਨ। ਜਿਕੁਰ ਵੈਰ ਭਾਉ ਨਾਲ ਖੂਹ ਵਿਚ ਆਪਣੇ ਪ੍ਰਛਾਵੇਂ ਨੂੰ ਸ਼ੇਰ (ਇਕ ਹੋਰ ਸ਼ੇਰ) ਵੇਖ ਕੇ ਪੈ ਜਾਂਦਾ ਹੈ ਇਕੁਰ ਹੀ ਖੋਟੀ ਅਕਲ ਵਾਲੇ ਦਵੈਤ ਭਾਉ ਵਿਚ ਲਗ ਕੇ ਆਪਣੇ ਆਪ ਨੂੰ ਗਵਾ ਲੈਂਦੇ ਜਾਣੋ। ਜਿਕੁਰ ਗਾਈਆਂ ਦੇ ਵਛੇ ਬਾਹਲੇ ਸਾਰੇ ਆਪਸ ਵਿਚ ਇਕ ਦੂਸਰੇ ਨਾਲ ਗਿਝੇ ਰਹਿੰਦੇ ਹਨ ਅਤੇ ਕੁੱਤਾ ਇਕ ਹੋਰ ਕੁਤੇ ਨੂੰ ਵੇਖ ਕੇ ਵੈਰ ਨਾਲ ਜੰਗ ਕਰਦਾ ਹੈ। ਤਿਕੁਰ ਗੁਰਮੁਖ ਚੰਦਨ ਵਾਕੁਰ ਉਪਕਾਰੀ ਵਿਚਾਰੀਦੇ ਹਨ ਅਰ ਮਨਮੁਖ ਵਿਕਾਰੀ ਵਾਂਸ ਦੀ ਵਿਧੀ ਵਾਕੁਰ ਆਪਣੇ ਬਰਨ ਦੇ ਹੀ ਦੋਖੀ ਹੁੰਦੇ ਹਨ।

ਕਬਿਤ—ਕੋਊ ਜੋ ਬੁਲਾਵੈ ਕਹਿ ਸ੍ਵਾਨ ਮ੍ਰਿਗ ਸਰਪ ਹੈ, ਸੁਨਤ ਰਿਸਾਇ ਧਾਇ ਗਾਰ ਮਾਰ ਦੀਜੀਐ ॥ ਸ੍ਵਾਨ ਸ੍ਵਾਮਿ ਕਾਮ ਲਗ ਜਾਮਨੀ ਜਾਗਤ ਰਹੈ, ਨਾਦ ਕੋ ਸੁਨਾਇ ਮ੍ਰਿਗ ਪ੍ਰਾਨ ਹਾਨਿ ਕੀਜੀਐ॥ ਧੁਨ ਮੰਤ੍ਰ ਪੜੇ ਸ੍ਰਪ ਅਰਪ ਦੇਤ ਤਨ ਮਨ, ਦੰਤ ਹੰਤ ਹੋਤ ਗਤ ਲਾਜ ਗਹਿ ਲੀਜੀਐ ॥ ਮੋਹਨ ਭਗਤ ਭਾਵ ਸਬਦ ਸੁਰਤ ਹੀਨ ਗੁਰ ਉਪਦੇਸ ਬਿਨ ਧ੍ਰਿਗ ਜਗ ਜੀਜੀਐ ॥ ੪੯੪ ॥

ਜੇ ਕੋਈ ਮਨਮੁਖਾਂ ਨੂੰ ਕੁੱਤਾ ਹਰਨ ਸੱਪ ਕਰਕੇ ਬੁਲਾਵੇ ਤਾਂ ਸੁਣ ਕੇ ਗੁਸੇ ਹੁੰਦੇ ਹਨ ਅਰ ਦੌੜ ਕੇ ਗਾਲੀਆਂ ਦੇ ਕੇ ਮਾਰ ਦਿੰਦੇ ਹਨ। ਕੁਤਾ ਸੁਆਮੀ ਦੇ ਕੰਮ ਵਿਚ ਲੱਗ ਕੇ ਸਾਰੀ ਰਾਤ ਜਾਗਦਾ ਰਹਿੰਦਾ ਹੈ ਅਰ ਸ਼ਿਕਾਰੀ ਘੰਡੇ ਹੇੜੇ ਦੇ ਸ਼ਬਦ ਸੁਣਾ ਕੇ ਹਰਨ ਦੇ ਪ੍ਰਾਣਾਂ ਦੀ ਹਾਨੀ ਕਰ ਦਿੰਦਾ ਹੈ। ਸੱਪ ਮੰਤ੍ਰਾਂ ਦੀ ਧੁਨੀ ਪੜ੍ਹਨ ਅਗੇ ਤਨ ਮਨ ਅਰਪ ਦਿੰਦਾ ਹੈ ਅਤੇ ਦੰਦਾਂ ਨੂੰ ਤੁੜਾ ਲੈਂਦਾ ਹੈ ਪਰੰਤੂ ਆਪਣੀ ਕੁਲ ਵਿਚ ਬੇਮੁਖ ਨਹੀਂ ਹੁੰਦਾ, ਬਲਕਿ ਲੱਜਾ ਨੂੰ ਫੜ ਲੈਂਦਾ ਹੈ। ਤਿਕੁਰ ਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਅਤੇ ਸ਼ਬਦ ਦੀ ਸੁਰਤ ਤੋਂ ਹੀਨ ਜਿਹੜਾ (ਸੱਪ ਹਰਨ ਵਾਂਕਰ) ਹੁੰਦਾ ਹੈ ਉਸ ਸਿਖ ਦਾ ਗੁਰੂ ਉਪਦੇਸ਼ ਤੋਂ ਬਿਨਾਂ ਜਗਤ ਵਿਚ ਜੀਉਣਾ ਧ੍ਰਿਕਾਰ ਹੈ।

(ਮਰਨ ਸਮੇ ਨਾਮ ਕਿਥੇ ?)

ਕਬਿਤ—ਜੈਸੇ ਘਰ ਲਾਗੈ ਆਗ ਜਾਗ ਕੂਆ ਖੋਦਯੋ ਚਾਹੈ, ਕਾਰਜ ਨ ਸਿਧ ਹੋਇ ਰੋਇ ਪਛੁਤਾਈਐ ॥ ਜੈਸੇ ਤੌ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਯਾ, ਅਨਥਾ ਉਤਮ ਜੈਤ ਪਦਵੀ ਨ ਪਾਈਐ ॥ ਜੈਸੇ ਨਿਸ ਸੋਵਤ ਸੰਗਾਤੀ ਚਲ ਜਾਤ ਪਾਛੈ, ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ ॥ ਤੈਸੇ ਮਾਯਾ ਧੰਧ ਅੰਧ ਅਵਧ ਬਿਹਾਇ ਜਾਇ, ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ ॥੪੯੫॥

ਜਿਕੁਰ ਰਾਤ ਨੂੰ ਸੁਤੇ ਪਿਆਂ ਘਰ ਨੂੰ ਅੱਗ ਲਗ ਜਾਵੇ ਤਾਂ ਜਾਗ ਕੇ ਚਾਹੇ ਕਿ ਮੈਂ ਖੂਹ ਪੁਟ ਕੇ ਪਾਣੀ ਕੱਢ ਕੇ ਅੱਗ ਬੁਝਾ ਲਵਾਂ ਕੋਈ ਕੰਮ ਪੂਰਾ ਨਹੀਂ ਹੁੰਦਾ ਅੰਤ ਰੋ ਕੇ ਪਛਤਾਉਂਦਾ ਹੈ । ਜਿਕੁਰ ਜੇ ਕੋਈ ਜੰਗ ਦੇ ਵੇਲੇ ਸੂਰਮਿਆਂ ਵਾਲੀ ਵਿਦਿਆਂ ਸਿਖਣੀ ਚਾਹੇ ਤਾਂ ਐਵੇਂ ਉਸ ਦਾ ਯਤਨ ਹੈ ਕਿਉਂਕਿ ਓਹ ਜਿਤ ਦੀ ਪਦਵੀ ਨਹੀਂ ਪਾਉਂਦਾ । ਜਿਕੁਰ ਰਾਤ ਨੂੰ ਸੁਤਿਆਂ ਪਿਆ ਸਾਥੀ ਤੁਰ ਜਾਣ ਅਤੇ ਕੋਈ ਪਿਛੋਂ ਉਠ ਕੇ ਦਿਨ ਚੜ੍ਹੇ ਭਾਰ ਬੰਨ੍ਹ ਕੇ ਚਲਿਆ ਚਾਹੇ ਤਾਂ ਕੀ ਓਹਨਾਂ ਸਾਥੀਆਂ ਨੂੰ ਜਾ ਕੇ ਪਹੁੰਚ ਸਕਦਾ ਹੈ ? ਤਿਕੁਰ ਹੀ ਮਾਇਆ ਦੇ ਧੰਦਿਆਂ ਵਿਚ ਅੰਨੇ ਦੀ ਉਮਰ ਗੁਜਰਦੀ ਜਾਂਦੀ ਹੈ ਅਤੇ ਸੋ ਕਿਕੁਰ ਓੜਕ ਦੇ ਵੇਲੇ ਵਾਹਿਗੁਰੂ ਦੇ ਨਾਮ ਵਿਚ ਬ੍ਰਿਤੀ ਲਾਈ ਜਾਵੇਗੀ ?

ਕਬਿਤ—ਜੈਸੇ ਤੌ ਚਪਲ ਜਲ ਅੰਤਰ ਨ ਦੇਖੀਅਤਿ ਪੂਰਨ ਪ੍ਰਗਾਸ ਪ੍ਰਤਿ ਬਿੰਬ ਰਵਿ ਸਸਿ ਕੋ ॥ ਜੈਸੇ ਤੌ ਮਲੀਨ ਦਰਪਨ ਮੈ ਨ ਦੇਖੀਅਤਿ, ਨਿਰਮਲ ਬਦਨ ਸਰੂਪ ਉਰਬਸਿ ਕੋ ॥ ਜੈਸੇ ਬਿਨ ਦੀਪ ਨ ਸਮੀਪ ਕੋ ਬਿਲੋਕੀਅਤਿ, ਭਵਨ ਭਯਾਨ ਅੰਧਕਾਰ ਤ੍ਰਾਸ ਤਸ ਕੋ ॥ ਤੈਸੇ ਮਾਯਾ ਭਰਮ ਕੈ ਅਧਮ ਅਛਾਦਯੋ ਮਨੁ, ਸਤਿਗੁਰ ਧਯਾਨ ਸੁਖ ਦਾਨ ਪ੍ਰੇਮ ਰਸ ਕੋ ॥ ੪੯੬ ॥

ਜਿਕੁਰ ਹਿਲਦੇ ਪਾਣੀ ਵਿਚ ਸੂਰਜ ਚੰਦਰਮਾਂ ਦੇ ਪ੍ਰਛਾਵੇਂ ਦਾ ਪੂਰਾ ਚਾਨਣ ਨਹੀਂ ਦਿਸਦਾ । ਜਿਕੁਰ ਮੈਲੇ ਸ਼ੀਸ਼ੇ ਵਿਚ ਸੁੰਦਰ ਇਸਤਰੀ ਦਾ ਉਜਲ ਮੂੰਹ ਨਹੀਂ ਦਿਸਦਾ । ਜਿਕੁਰ ਦੀਵੇ ਬਿਨਾਂ ਪਾਸ ਵੀ ਨਹੀਂ ਵੇਖੀਦਾ ਅਤੇ ਘਰ ਦਾ ਡਰ, ਹਨੇਰੇ ਦਾ ਡਰ ਚੋਰ ਦਾ (ਡਰ) ਨਹੀਂ ਦੂਰ ਹੁੰਦਾ । ਤਿਕੁਰ ਹੀ ਮਾਇਆ ਦੇ ਭਰਮ

ਕਰਕੇ ਨੀਚ ਮਨ ਢਕਿਆ ਹੋਇਆ ਹੈ ਸਤਿਗੁਰਾਂ ਦੇ ਪਰੇਮ ਰਸ ਦਾ ਧਿਆਨ ਸੁਖਦਾਇਕ ਇਸ ਨੂੰ ਨਹੀਂ ਹੁੰਦਾ।

ਕਬਿਤ—ਜੈਸੇ ਏਕ ਸਮੈ ਦ੍ਰੁਮ ਸਫਲ ਸਪਤ੍ਰ ਪੁਨ, ਏਕ ਸਮੈ ਫੂਲ ਫਲ ਪਤ੍ਰ ਗਿਰ ਜਾਤ ਹੈ॥ ਸਰਿਤਾ ਸਲਿਲ ਜੈਸੇ ਕਬਹੂ ਸਮਾਨ ਬਹੈ, ਕਬਹੂ ਅਥਾਹ ਅਤਿ ਪ੍ਰਬਲ ਦਿਖਾਤ ਹੈ॥ ਏਕ ਸਮੈ ਜੈਸੇ ਹੀਰਾ ਹੋਤ ਜੀਰਨਾਂਬਰ ਮੈ, ਏਕ ਸਮੈ ਕੰਚਨ ਜੜੈ ਜਗਮਗਾਤ ਹੈ॥ ਤੈਸੇ ਗੁਰ ਸਿਖ ਰਾਜ ਕੁਵਰ ਜੋਗੀਸ਼ਰ ਹੈ, ਮਾਯਾ ਧਾਰੀ ਭਾਰੀ ਜੋਗ ਜੁਗਤ ਜੁਗਾਤ ਹੈ॥੪੯੭॥

ਜਿਕੁਰ ਇਕ ਵੇਲੇ ਬ੍ਰਿਛ ਫਲਾਂ ਪੱਤਾਂ ਸਹਿਤ ਹੁੰਦਾ ਹੈ (ਅਤੇ ਫਿਰ) ਇਕ ਵੇਲੇ ਫੁਲ ਫਲ ਪੱਤ੍ਰ (ਸਾਰੇ) ਡਿਗ ਪੈਂਦੇ ਹਨ। ਜਿਕੁਰ ਨਦੀ ਦਾ ਪਾਣੀ ਕਦੀ ਥੋਹੜਾ ਜਿਹਾ ਹੀ ਵਗਦਾ ਹੈ ਅਤੇ ਕਦੀ ਡੂੰਘਾ ਬਾਹਲਾ ਜ਼ੋਰ ਦਿਖਾਉਂਦਾ ਹੈ। ਇਕ ਵੇਲੇ ਜਿਕੁਰ ਹੀਰਾ ਫਟਿਆਂ ਹੋਇਆਂ ਕਪੜਿਆਂ ਵਿਚ ਹੁੰਦਾ ਹੈ ਅਤੇ ਇਕ ਵੇਲੇ ਸੋਨੇ ਵਿਚ ਜੜਿਆ ਹੋਇਆ ਚਮਕਦਾ ਹੈ। ਤਿਕੁਰ ਹੀ ਗੁਰ ਸਿਖ ਕਦੀ ਤਾਂ ਰਾਜਕੁਮਾਰ ਵਾਂਕਰ ਬਾਹਲੇ ਦੌਲਤ ਵਾਲੇ ਹੁੰਦੇ ਹਨ ਅਤੇ ਕਦੀ ਜੋਗੀਆਂ ਦੇ ਈਸ਼ਰ ਹੋ ਕੇ ਜੋਗ ਜੁਗਤੀ ਵਿਚ ਸਰੀਰ ਨੂੰ ਜੋੜਦੇ ਹਨ।

ਕਬਿਤ—ਅਸਨ ਬਸਨ ਸੰਗ ਲੀਨਿ ਐ ਬਚਨ ਕੀਨੇ, ਜਨਮ ਲੈ ਸਾਧ ਸੰਗ ਸ੍ਰੀ ਗੁਰ ਅਰਾਧ ਹੈ॥ ਈਹਾਂ ਆਇ ਦਾਤਾ ਬਿਸਰਾਇ ਲਪਟਾਇ ਦਾਸੀ, ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧ ਹੈ॥ ਸਾਚ ਮਰਨੋ ਬਿਸਾਰ ਜੀਵਨ ਮਿਥਯਾ ਸੰਸਾਰ, ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥ ਔਸਰ ਹ੍ਵੈ ਹੈ ਬਤੀਤ ਲੀਜੀਏ ਜਨਮ ਜੀਤ, ਕੀਜੈ ਸਾਧ ਸੰਗ ਪ੍ਰੀਤਿ ਅਗਮ ਅਗਾਧ ਹੈ॥੪੯੮॥

ਹੇ ਜੀਵੋ! ਜਦ ਤੁਸੀਂ ਪਹਿਲੇ ਮਾਤਾ ਦੇ ਪੇਟ ਵਿਚ ਸਓ ਤਾਂ ਤੁਸੀਂ ਪ੍ਰਮਾਤਮਾ ਨਾਲ ਇਕਰਾਰ ਕੀਤੇ ਸਨ ਕਿ ਅਸੀਂ ਜਨਮ ਲੈ ਕੇ ਸਾਧ ਸੰਗਤ ਵਿਚ ਜਾ ਕੇ ਸੁਭਾਇਮਾਨ ਗੁਰਾਂ ਨੂੰ ਯਾਦ ਕਰਾਂਗੇ ਇਸ ਇਕਰਾਰ ਨੂੰ ਵਾਹਿਗੁਰੂ ਨੇ ਮੰਨ ਕੇ ਤੁਹਾਨੂੰ ਜਨਮ ਦਿਤਾ ਅਤੇ ਨਾਲੇ ਖਾਨ ਪਹਿਰਾਨ ਵਾਸਤੇ ਅਮੋਲਕ ਵਸਤੂਆਂ ਦਿਤੀਆਂ। ਏਥੇ ਆ ਕੇ ਵਾਹਿਗੁਰੂ ਨੂੰ ਭੁਲਾ ਕੇ ਦੌਲਤ ਨਾਲ ਚੰਬੜ ਗਏ ਅਤੇ ਏਸੇ ਲਈ ਪੰਜ ਚੁਗਲ ਖੋਰ ਭੂਤਨੇ (ਕਾਮ ਆਦਿਕ) ਅਸਾਧ ਭਰਮ ਵਿਚ ਭਰਮਾਉਂਦੇ ਹਨ। ਮਰਨ

ਸੀ ਸਚ ਸੋ ਛਡ ਦਿਤਾ ਅਤੇ ਜਿਊਣ ਸੀ ਸੰਸਾਰ ਵਿਚ ਝੂਠਾ ਸੋ ਸਚਾ ਜਾਣ ਲਿਆ ਇਕੁਰ ਦੇ ਮੂਰਖ ਹੋ ਕੇ ਸਮਝਦੇ ਨਹੀਂ ਕਿ ਅਸੀਂ ਹਾਰਨਾ ਜਿੱਤਣਾ ਕਿਕੁਰ ਹੈ। ਵੇਲਾ ਗੁਜਰਦਾ ਜਾਂਦਾ ਹੈ ਜਨਮ ਨੂੰ ਜਿੱਤ ਲਓ ਅਤੇ ਬਾਹਲੇ ਡੂੰਘੇ ਆਸ਼ੇ ਵਾਲੀ ਸਤਿ ਸੰਗਤ ਵਿਚ ਪ੍ਰੀਤੀ ਕਰੋ।

ਕਬਿਤ—ਸਫਲ ਜਨਮ ਗੁਰ ਚਰਨ ਸਰਨ ਲਿਵ, ਸਫਲ ਦ੍ਰਿਸ਼ਟਿ ਗੁਰ ਦਰਸ ਅਲੋਈਐ ॥ ਸਫਲ ਸੁਰਤਿ ਗੁਰ ਸਬਦ ਸੁਨਤ ਨਿਤ, ਜਿਹਵਾ ਸਫਲ ਗੁਨ ਨਿਧ ਗੁਨ ਗੋਈਐ ॥ ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ, ਸਫਲ ਚਰਨ ਪਰਦੱਖਣਾ ਕੈ ਪੋਈਐ ॥ ਸੰਗਤ ਸਫਲ ਸਾਧ ਸੰਗਤ ਸਹਜ ਘਰ, ਹਿਰਦਾ ਸਫਲ ਗੁਰਮਤਿ ਕੈ ਸਮੋਈਐ ॥ ੪੯੯ ॥

ਜਨਮ ਓਸੇ ਦਾ ਹੀ ਸਫਲ ਹੈ ਜਿਹੜਾ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਬ੍ਰਿਤੀ ਲਾਉਂਦਾ ਹੈ ਅਤੇ ਨਜ਼ਰ ਓਸੇ ਦੀ ਹੀ ਸਫਲ ਹੈ ਜੋ ਨੇਤਰਾਂ ਨਾਲ ਗੁਰਾਂ ਦਾ ਦਰਸ਼ਨ ਕਰਦਾ ਹੈ। ਕੰਨ ਤਦ ਹੀ ਸਫਲ ਹੁੰਦੇ ਹਨ ਜੇ ਗੁਰਾਂ ਦੇ ਸ਼ਬਦ ਨੂੰ ਨਿਤ ਹੀ ਸੁਣੀਏ ਅਤੇ ਜੀਭ ਤਦ ਸਫਲ ਹੁੰਦੀ ਹੈ ਜੇ ਗੁਣਾਂ ਦੇ ਖਜਾਨੇ ਦੇ ਗੁਣ ਉਚਾਰਨ ਕਰੀਏ। ਹਥ ਤਦ ਹੀ ਸਫਲ ਹੁੰਦੇ ਹਨ ਜੇ ਗੁਰਾਂ ਦੇ ਚਰਨਾਂ ਦੀ ਪੂਜਾ ਅਤੇ ਨਮਸ਼ਕਾਰ ਕਰੀਏ ਅਤੇ ਚਰਨ ਗੁਰਾਂ ਦੀ ਪਰਦੱਖਣਾ ਸਹਿਜੇ ਸਹਿਜੇ ਟੁਰਕੇ ਸਫਲ ਹੁੰਦੇ ਹਨ। ਸਾਥੀ ਸਾਰੇ ਘਰ ਦੇ ਬਾਹਰ ਦੇ ਓਹਨਾਂ ਦੇ ਹੀ ਸਫਲ ਹਨ ਜਿਹਨਾਂ ਨੇ ਸਹਿਜ ਸਰੂਪ ਵਾਹਿਗੁਰੂ ਦੀ ਸਾਧ ਸੰਗਤ ਵਿਚ ਘਰ ਕੀਤਾ ਹੈ ਅਤੇ ਹਿਰਦਾ ਗੁਰਮਤਿ ਦੇ ਹਿਰਦੇ ਵਿਚ ਸਮਾਉਣ ਨਾਲ ਹੀ ਸਫਲ ਹੁੰਦਾ ਹੈ।

ਕਬਿਤ—ਕਤ ਪੁਨ ਮਾਨਸ ਜਨਮ ਕਤ ਸਾਧ ਸੰਗ, ਨਿਸਦਿਨ ਕੀਰਤਨ ਸਮੇ ਚਲ ਜਾਈਐ ॥ ਕਤ ਪੁਨ ਦ੍ਰਿਸ਼ਟਿ ਦਰਸ ਹ੍ਵੈ ਪਰਸ ਪਰ, ਭਾਵਨੀ ਭਗਤਿ ਭਾਇ ਸੇਵਾ ਲਿਵ ਲਾਈਐ ॥ ਕਤ ਪੁਨ ਰਾਗ ਨਾਦ ਬਾਦ ਹੈ ਸੰਗੀਤ ਗੀਤ, ਸ੍ਰੀ ਗੁਰ ਸਬਦ ਧੁਨਿ ਸੁਨ ਪੁਨ ਗਾਈਐ ॥ ਕਤ ਪੁਨ ਕਰ ਕਿਰਤਾਸ ਲੇਖ ਮਸਵਾਨੀ ਸ੍ਰੀ ਗੁਰ ਸਬਦ ਲਿਖ ਨਿਜ ਪਦੁ ਪਾਈਐ ॥ ੫੦੦ ॥

ਕਿਥੇ ਫਿਰ ਮਨੁਖਾ ਜਨਮ ਬਾਰ ਬਾਰ ਮਿਲਣਾ ਹੈ ਅਤੇ (ਬੁਢੇਪੇ ਵੇਲੇ) ਕਿਥੇ ਫਿਰ ਸ਼ਬਦ ਕੀਰਤਨ ਦੇ ਵੇਲੇ ਰਾਤ ਦਿਨ ਦੇ ਵੇਲੇ ਸਾਧ ਸੰਗਤ ਵਿਚ ਤੁਰ ਕੇ

ਜਾਇਆ ਜਾਣਾ ਹੈ। ਫਿਰ ਕਿਥੇ ਨੇਤਰਾਂ ਦੀ ਨਜਰ ਨਾਲ ਆਪਸ ਵਿਚ ਦਰਸ਼ਨ ਹੋਣੇ ਹਨ ਅਤੇ ਸਰਧਾ ਪਰੇਮਾ ਭਗਤੀ ਸੇਵਾ ਵਿਚ ਕਦ ਬ੍ਰਿਤੀ ਲਾਈ ਜਾਣੀ ਹੈ। ਕਿਥੇ ਫਿਰ ਵਾਜਿਆਂ ਦੇ ਅਵਾਜ਼ ਸੰਗੀਤ ਰੀਤੀ ਅਨੁਸਾਰ ਬੜੇ ਬੜੇ ਸੋਹਣੇ ਰਾਗਾਂ ਵਿਚ ਸੁਭਾਇਮਾਨ ਗੁਰਾਂ ਦੇ ਸ਼ਬਦ ਦੀ ਧੁਨੀ ਉਚਾਰਨ ਹੁੰਦੀ ਸੁਣੀ ਜਾਣੀ ਹੈ। ਕਿਥੇ ਫਿਰ ਆਪ ਗਾਈ ਜਾਣੀ ਹੈ। ਫਿਰ ਕਿਥ ਹਥਾਂ ਨਾਲ ਸੁਭਾਇਮਾਨ ਗੁਰਾਂ ਦੇ ਸ਼ਬਦਾਂ ਨੂੰ ਕਲਮ ਦਵਾਤ ਲੈ ਕੇ ਕਾਗਜ਼ ਤੇ ਲਿਖਣਾ ਮਿਲਣਾ ਹੈ? ਅਤੇ ਇਸ ਦੇ ਪ੍ਰਤਾਪ ਕਰਕੇ ਫਿਰ ਆਪਣਾ ਮਰਤਬਾ ਪਾਇਆ ਜਾਣਾ ਹੈ ਭਾਵ ਗੁਰਾਂ ਦੀ ਬਾਣੀ ਲਿਖਣੀ ਵੀ ਬੜੇ ਉਤਮ ਕਰਮ ਹਨ।

ਕਬਿਤ—ਜੈਸੇ ਤੌ ਪਲਾਸ ਪੱਤ੍ਰ ਨਾਗਬੇਲ ਮੇਲ ਭਏ, ਪਹੁਚਤ ਕਤ ਨਰਪਤਿ ਜਗ ਜਾਨੀਐ ॥ ਜੈਸੇ ਤੌ ਕੁਚੀਲ ਨੀਲ ਬਰਨ ਬਰਨ ਬਿਖੈ, ਹੀਰ ਚੀਰ ਸੰਗ ਨਿਰਦੋਖ ਉਨਮਾਨੀਐ ॥ ਸਾਲਗ੍ਰਾਮ ਸੇਵਾ ਸਮੇ ਮਹਾਂ ਅਪਵਿੱਤ੍ਰ ਸੰਖ, ਪਰਮ ਪਵਿਤ੍ਰ ਜਗ ਭੋਗ ਬਿਖੈ ਆਨੀਐ ॥ ਤੈਸੇ ਮਨ *ਕਾਗ ਸਾਧ ਸੰਗਤ ਮਰਾਲ ਮਾਲ, ਮਾਰ ਨ ਉਠਾਵਤ ਗਾਵਤ ਗੁਰਬਾਨੀਐ ॥੫੦੧॥

ਜਿਕੁਰ ਛਿਛਰੇ ਦੇ ਪਤੇ ਪਾਨਾਂ ਦੇ ਪਤਿਆਂ ਨਾਲ ਮਿਲਕੇ ਰਾਜੇ ਪਾਸ ਪੁਜ ਜਾਂਦੇ ਹਨ। ਇਕੁਰ ਜਗ ਜਾਣਦਾ ਹੈ। ਜਿਕੁਰ ਨੀਲਾ ਰੰਗ ਰੰਗਾਂ ਵਿਚ ਮੈਲਾ ਹੁੰਦਾ ਹੈ ਪਰ ਹੀਰੇ ਕਪੜੇ ਨਾਲ ਲੱਗ ਕੇ ਦੋਸ਼ਾਂ ਤੋਂ ਬਿਨਾਂ ਵਿਚਾਰੀਦਾ ਹੈ। ਜਿਕੁਰ ਸੰਖ ਬਾਹਲਾ ਮੈਲਾ ਹੈ ਪਰ ਠਾਕਰਾਂ ਦੀ ਪੂਜਾ ਦੇ ਵੇਲੇ ਅਤੇ ਯੱਗ ਦੇ ਭੋਗ ਲੈਣ ਵੇਲੇ ਵਡਾ ਹਛਾ ਲਿਆ ਕੇ ਮੰਨੀਂਦਾ ਹੈ। ਤਿਕੁਰ ਹੀ ਮੈਂ ਕਾਂ ਵਾਂਗਰ ਹਾਂ ਅਤੇ ਸਾਧ ਸੰਗਤ ਹੰਸਾਂ ਦੀ ਛਾਰ ਵਾਂਗਰ ਹੈ ਪਰ ਫਿਰ ਵੀ ਮੈਨੂੰ ਗੁਰਾਂ ਦੀ ਬਾਣੀ ਪੜ੍ਹਦਿਆਂ ਹੋਇਆਂ (ਸਾਧ ਸੰਗਤ ਵਿਚੋਂ) ਮਾਰ ਕੇ ਨਹੀਂ ਉਠਾਉਣਗੇ।

ਕਬਿਤ—ਜੈਸੇ ਜਲ ਮਧ ਮੀਨ ਮਹਿਮਾ ਨ ਜਾਨੈ ਪੁਨ, ਜਲ ਬਿਨ ਤਲਫ ਤਲਫ ਮਰ ਜਾਤ ਹੈ ॥ ਜੈਸੇ ਬਨ ਬਸਤ ਮਹਾਤਮੈ ਨ ਜਾਨੈ ਪੁਨ, ਪਰ ਬਸ ਭਏ ਖਗ ਮ੍ਰਿਗ ਅਕੁਲਾਤ ਹੈ ॥ ਜੈਸੇ ਪ੍ਰਿਯਾ

---

*ਵਾਰਾਂ ਸਟੀਕ ਵਾਰ ੩੬ ਪੰਨਾ ੧੧੯ ਜੋ ੧੯੨੫ ਵਿਚ 'ਓਅੰਕਾਰ ਪ੍ਰੈਸ' ਛਪੀ ਹੈ, ਓਸ ਪਉੜੀ ਵਿਚ ਬੜੀ ਨਿੰਮ੍ਰਤਾ ਦੱਸੀ ਹੈ ਜੋ ਭਾਈ ਜਵਾਹਰ ਸਿੰਘ ਨੇ ੧੯੪੫-੪੮-੫੦ ਵਿਚ ਛਾਪੀਆਂ ਹਨ ਓਥੇ ਤਤਕਰਾ ਨਹੀਂ ਹੈ।

ਸੰਗਮ ਕੋ ਸੁਖ ਹੈ ਨ ਜਾਨੈ ਤ੍ਰਿਯਾ, ਬਿਛੁਰਤ ਬਿਰਹ ਬ੍ਰਿਥਾ ਕੈ ਬਿਲਲਾਤ ਹੈ ॥ ਤੈਸੇ ਗੁਰ ਚਰਨ ਸਰਨ ਆਤਮਾ ਅਚੇਤ, ਅੰਤਰ ਪਰਤ ਸਿਮਰਤ ਪਛੁਤਾਤ ਹੈ ॥੫੦੨॥

ਪਾਣੀ ਵਿਚ ਮੱਛੀ ਰਹਿ ਕੇ ਕਦਰ ਨਹੀਂ ਜਾਣਦੀ ਅਤੇ ਫਿਰ ਜਦ ਕਿਧਰੇ ਪਾਣੀ ਤੋਂ ਬਿਨਾਂ ਹੋ ਜਾਵੇ ਤਾਂ ਤੜਫ ਤੜਫ ਕੇ ਮਰ ਜਾਂਦੀ ਹੈ। ਪੰਛੀ ਹਰਨ ਜੰਗਲ ਵਿਚ ਰਹਿ ਕੇ ਕਦਰ ਨਹੀਂ ਜਾਣਦੇ ਅਤੇ ਫਿਰ ਕਿਧਰੇ ਜੇ ਪਰਾਏ ਦੇ ਵਸ ਹੋ ਜਾਣ ਤਾਂ ਦੁਖੀ ਹੁੰਦੇ ਹਨ। ਇਸਤਰੀ ਪਤੀ ਦੇ ਨਾਲ ਰਹਿਣ ਦੇ ਸੁਖ ਨਹੀਂ ਜਾਣਦੀ ਪਰ ਜਦ ਪਤੀ ਦਾ ਵਿਛੋੜਾ ਹੁੰਦਾ ਹੈ ਤੇ ਤਦ ਪਰੇਮ ਦੀ ਪੀੜ ਕਰਕੇ ਰੋਂਦੀ ਹੈ। ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਤਾਂ ਮਨ ਬੇ ਸਮਝ ਹੋ ਕੇ ਰਹਿੰਦਾ ਹੈ ਪਰ ਜਦ ਕਿਧਰੇ ਫਰਕ ਪੈ ਜਾਵੇ ਤੇ ਯਾਦ ਕਰਕੇ ਪਛਤਾਉਂਦਾ ਹੈ।

(ਅਰਦਾਸ)

ਕਬਿਤ—ਭਗਤ ਵਛਲ ਸੁਨ ਹੋਤ ਹੌਂ ਨਿਰਾਸ ਰਿਦੈ, ਪਤਿਤ ਪਾਵਨ ਸੁਨ ਆਸਾ ਉਰਧਾਰ ਹੌਂ ॥ ਅੰਤਰਜਾਮੀ ਸੁਨ ਕੰਪਤ ਹੌਂ ਅੰਤਰ ਗਤ, ਦੀਨ ਕੈ ਦਯਾਲ ਸੁਨ ਭੈ ਭਰਮ ਟਾਰ ਹੌਂ ॥ ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ, ਚੰਦਨ ਸੁਗੰਧਿ ਸਨਬੰਧ ਮਲਗਾਰ ਹੌਂ ॥ ਆਪਨੀ ਕਰਨੀ ਕਰ ਨਰਕ ਨ ਪਾਵੌਂ ਠੌਰ, ਤੁਮਰੇ ਬਿਰਦ ਕਰ ਆਸਰੋ ਸਮਾਰ ਹੌਂ ॥੫੦੩॥

ਮੈਂ ਵਾਹਿਗੁਰੂ ਨੂੰ ਭਗਤਾਂ ਦਾ ਪਿਆਰਾ ਸੁਣਕੇ ਰਿਦੇ ਵਿਚ ਉਦਾਸ ਹੁੰਦਾ ਹਾਂ ਅਤੇ ਪਾਪੀਆਂ ਦੇ ਪਵਿੱਤਰ ਕਰਨ ਵਾਲਾ ਸੁਣਕੇ ਆਸ਼ਾ ਦਿਲ ਵਿਚ ਧਾਰਦਾ ਹਾਂ ਕਿ ਮੈਂ ਪਿਆਰਿਆਂ ਭਗਤਾਂ ਵਿਚੋਂ ਨਹੀਂ। ਦਿਲ ਦੀ ਜਾਨਣ ਵਾਲਾ ਸੁਣ ਕੇ ਦਿਲ ਅੰਦਰ ਕੰਬਦਾ ਹਾਂ। ਬੱਦਲ ਦੇ ਵਰ੍ਹਨ ਨਾਲ ਸਿੰਮਲ ਰੁਖ ਫਲ ਤੋਂ ਬਿਨਾਂ ਰਹਿੰਦਾ ਹੈ ਅਤੇ ਚੰਦਨ ਦੀ ਸੁਗੰਧੀ ਦੇ ਮੇਲ ਕਰਕੇ ਓਹੋ ਹੀ ਸਿੰਮਲ ਰੁਪ ਚੰਦਨ ਵਾਂਗਰ ਸੁਗੰਧੀ ਦੇਣਾ ਵਾਲਾ ਹੋ ਜਾਂਦਾ ਹੈ। ਆਪਣੀ ਕਮਾਈ ਕਰਕੇ ਤੇ ਮੈਂ ਨਰਕ ਵਿਚ ਵੀ ਥਾਂ ਨਹੀਂ ਪਾਉਂਦਾ ਪਰ ਆਪ ਦੇ ਧਰਮ ਦਾ ਆਸਰਾ ਸੰਭਾਲਦਾ ਹਾਂ।

(ਬਿਨਤੀ)

ਕਬਿਤ—ਜੌ ਪੈ ਹਮ ਅਧਮ ਕਰੱਮ ਕੈ ਪਤਿਤ ਭਏ, ਪਤਿਤ ਪਾਵਨ ਪ੍ਰਭ ਨਾਮ ਪ੍ਰਗਟਾਯੋ ਹੈ ॥ ਜੋ ਭਏ ਦੁਖਤ ਅਰੁ ਦੀਨ ਪਰਚੀਨ

ਲਗ, ਦੀਨ ਦੂਖ ਭੰਜਨ ਬਿਰਦ ਬਿਰਦਾਯੋ ਹੈ ॥ ਜੌ ਗੁਸੇ ਅਰਕ ਸੁਤ ਨਰਕ ਨਿਵਾਸੀ ਭਏ, ਨਰਕ ਨਿਵਾਰਨ ਜਗਤ ਜਸ ਗਾਯੋ ਹੈ ॥ ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ, ਅਵਗੁਨ ਕੀਏ ਗੁਨ ਤੋਹੀ ਬਨ ਆਯੋ ਹੈ ॥੫੦੪॥

ਜੇਕਰ ਅਸੀਂ ਪਾਪੀਆਂ ਵਾਲੇ ਕੰਮ ਕਰਕੇ ਪਾਪੀ ਹੋਏ ਹਾਂ ਤੇ ਤਦ ਹੀ ਆਪ ਦਾ ਪਾਪੀਆਂ ਨੂੰ ਪਵਿਤਰ ਕਰਨ ਵਾਲਾ ਨਾਮ ਮਸ਼ਹੂਰ ਹੋਇਆ । ਜੇਕਰ ਅਸੀਂ ਪਹਿਲੇ ਤੋਂ ਹੀ ਪਾਪਾਂ ਵਿਚ ਲੱਗਕੇ ਦੁਖੀ ਅਰ ਗਰੀਬ ਹੋਏ ਹਾਂ ਅਤੇ ਗਰੀਬੀ ਤੇ ਦੁਖਾਂ ਨੂੰ ਭੰਨਣ ਵਾਲਾ ਆਪ ਦਾ ਧਰਮ ਪ੍ਰਗਟ ਹੋਇਆ । ਜੇਕਰ ਧਰਮ ਰਾਜਾ ਦੇ ਫੜੇ ਹੋਇ ਨਰਕਾਂ ਵਿਚ ਪੈਣ ਵਾਲੇ ਹੋ ਗਏ ਤਾਂ ਨਰਕਾਂ ਤੋਂ ਹਟਾਉਣ ਵਾਲੇ ਜਗਤ ਦਾ ਜਸ ਗਾਉਂਦਾ ਹੈ । ਹੇ ਵਾਹਿਗੁਰੂ ! ਉਪਕਾਰ ਕਰਨ ਵਾਲੇ ਨਾਲ ਤਾਂ ਸਾਰੇ ਹੀ ਉਪਕਾਰ ਕਰਦੇ ਹਨ ਪਰ ਜਿਹੜਾ ਕਿਸੇ ਨਾਲ ਵੈਰ ਕਰੇ ਤੇ ਓਹ ਅਗੋਂ ਭਲਾ ਕਰੇ ਇਹ ਗੁਣ ਆਪ ਵਿਚ ਹੀ ਬਣ ਆਉਂਦਾ ਹੈ ।

(ਹਰਾਮ ਦਾ ਪੈਸਾ ਇਕੁਰ ਦੁਖਦਾਈ ਹੈ)

ਕਬਿਤ—ਜੈਸੇ ਤੌ ਅਰੋਗ ਭੋਗ ਭੋਗਵੈ ਨਾਨਾ ਪ੍ਰਕਾਰ, ਬ੍ਰਿਥਾਵੰਤ ਖਾਨ ਪਾਨ ਰਿਦੈ ਨ ਹਿਤਾਵਈ ॥ ਜੈਸੇ ਮਹਿਖੀ ਸਹਨ ਸੀਲ ਕੈ ਧੀਰਜ ਧੁਜਾ, ਅਜਿਆ ਮੈ ਤਨਕ ਕਲੇਜੋ ਨ ਸਮਾਵਈ ॥ ਜੈਸੇ ਜੌਹਰੀ ਬਿਸਾਹੈ ਵੇਚੈ ਹੀਰਾ ਮਾਨਕਾਦਿ, ਰੰਕ ਪੈ ਨ ਰਾਖਯੇ ਪਰੇ ਜੋਗ ਨ ਜੁਗਾਵਈ ॥ ਤੈਸੇ ਗੁਰ ਪਰਚੇ ਪਵਿਤ੍ਰ ਹੈ ਪੂਜਾ ਪ੍ਰਸਾਦਿ, ਅਪਰੁ ਅਪਰਚੇ ਦੁਸਹ ਦੁਖ ਪਾਵਈ॥੫੦੫॥

ਜਿਕੁਰ ਸੁਖੀਆ ਕਈ ਤਰ੍ਹਾਂ ਦੇ ਖਾਣਿਆਂ ਨੂੰ ਖਾਂਦਾ ਹੈ ਪਰ ਪੀੜਾ ਵਾਲੇ ਆਦਮੀ ਨੂੰ ਕੋਈ ਵੀ ਖਾਣਾ ਪੀਣਾ ਰਿਦੇ ਵਿਚ ਹਛਾ ਨਹੀਂ ਲਗਦਾ । ਜਿਕੁਰ ਮਹੀਂ ਸੀਤਲ ਸੁਭਾ ਸਹਾਰਨ ਵਾਲੀ ਧੀਰਜ ਦੀ ਧੁਜਾ (ਅਡੋਲ) ਹੁੰਦੀ ਹੈ ਅਤੇ ਬਕਰੀ ਦੇ ਕਲੇਜੇ ਵਿਚ ਥੋਹੜਾ ਜਿਹਾ ਵੀ ਧੀਰਜ ਨਹੀਂ ਸਮਾ ਸਕਦਾ । ਜਿਕੁਰ ਜੌਹਰੀ ਹੀਰੇ ਮਾਣਕ ਆਦਿਕਾਂ ਨੂੰ ਖ੍ਰੀਦਦਾ ਅਤੇ ਵੇਚਦਾ ਹੈ ਪਰ ਕੰਗਾਲ ਪਾਸੋਂ ਨਹੀਂ ਰਖੇ ਜਾਂਦੇ ਅਤੇ ਨਾ ਹੀ ਓਹ ਉਹਨਾਂ ਦੇ ਲਾਇਕ ਤੇ (ਜੁਗਾਵਈ) ਲੇਖੇ ਦੇ (ਹਿਸਾਬ) ਕਰਨ ਜਾਣਦਾ ਹੈ । ਤਿਕੁਰ ਹੀ ਜਿਹੜਾ ਸਿਖ ਗੁਰਮਤਿ ਪ੍ਰਚਾਰ ਕਰਦਾ ਹੈ ਅਤੇ ਭਜਨ ਸਿਮਰਨ ਵਿਚ ਦਿਨ ਬਿਤਾਉਂਦਾ ਹੈ ਤਬਾ ਆਪਣੇ ਆਪ ਨੂੰ ਪੂਜਜ

ਬਨਾਉਣ ਦੀ ਇਛਾ ਛਡ ਕੇ ਕੇਵਲ ਸਰੀਰ ਦੇ ਨਿਰਬਾਹ ਮਾਤ੍ਰ ਪਦਾਰਥ ਨੂੰ ਗ੍ਰਹਿਣ ਕਰਦਾ ਹੈ ਉਸ ਨੂੰ ਪੂਜਾ ਦਾ ਪ੍ਰਸ਼ਾਦਿ ਪਚਦਾ ਹੈ ਅਤੇ ਜਿਹੜੇ ਉਪਦੇਸ਼ ਦਾ ਪ੍ਰਚਾਰ ਨਹੀਂ ਕਰਦੇ ਓਹ ਆਪਣਾ ਲੋਕ ਪ੍ਰਲੋਕ ਨਸ਼ਟ ਕਰ ਲੈਂਦੇ ਹਨ ਅਤੇ ਬਾਹਲਾ ਔਖਾ ਦੁਖ ਪਾਉਂਦੇ ਹਨ।

ਕਬਿਤ—ਜੈਸੇ ਬਿਖ ਤਨਕ ਹੀ ਖਾਤ ਮਰ ਜਾਤ ਤਾਤ, ਗਾਤ ਮੁਰਛਾਤ ਪੂਤਿ ਪਾਲੀ ਬਰਖਾਨ ਕੀ ॥ ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰ, ਪਰਤ ਕਾਂਜੀ ਕੀ ਬੂੰਦ ਬਾਦ ਨ ਰਖਾਨ ਕੀ ॥ ਜੈਸੇ ਕੋਟ ਭਾਰ ਤੂਲ ਰੰਚਕ ਚਿਨਗ ਪਰੇ, ਹੋਤ ਭਸਮਾਤ ਛਿਨ ਮੈ ਅਕਰਖਾਨ ਕੀ ॥ ਤੈਸੇ ਪਰ ਤਨ ਧਨ ਦੂਖਨਾ ਵਿਕਾਰ ਕੀਏ, ਹਰੈ ਨਿਧਿ ਸੁਕ੍ਰਿਤ ਸਹਜ ਹਰਖਾਨ ਕੀ ॥੫੦੬॥

ਜਿਕੁਰ ਬਾਹਲੇ ਵਰ੍ਹਿਆਂ ਦੀ ਦੇਹ ਪਾਲੀ ਹੋਈ ਥੋਹੜੀ ਜਿਹੀ ਵਿਹੁ ਖਾਣ ਨਾਲ ਛੇਤੀ ਮੂਰਛਾ ਹੋ ਕੇ ਮਰ ਜਾਂਦੀ ਹੈ। ਜਿਕੁਰ ਮਹੀਂ ਚੁਵਾ ਕੇ ਦੁਧ ਭਾਂਡੇ ਵਿਚ ਭਰਕੇ ਰੱਖੀਏ ਤੇ ਤਦ ਜੇ ਇਕ ਛਿਟ ਕਾਂਜੀ ਦੀ ਪੈ ਜਾਵੇ ਤਾਂ ਉਸ ਤੋਂ ਉਪਰੰਤ ਉਸ ਦੇ ਰੱਖਣ ਦੀ ਵਿਧੀ ਕੋਈ ਨਹੀਂ ਹੋ ਸਕਦੀ। ਜਿਕੁਰ ਕਰੋੜਾਂ ਮਣ ਰੂੰ ਇਕੱਠਾ ਕੀਤਾ ਹੋਇਆ ਇਕ ਨਿਕੀ ਜਿਹੀ ਚੰਗਿਆੜੀ ਦੇ ਪੈਣ ਨਾਲ ਇਕ ਛਿਨ ਵਿਚ ਸੁਆਹ ਹੋ ਜਾਂਦਾ ਹੈ। ਪਰਾਇਆ ਧਨ ਚੁਰਾਉਣ ਅਤੇ ਇਸਤਰੀ ਆਦਿਕ ਵਿਚ ਵਿਕਾਰ ਕਰਨ ਨਾਲ ਅਤੇ ਗੁਣਾਂ ਵਿਚ ਦੂਸ਼ਨ ਵਿਚਾਰਨ ਨਾਲ ਸਹਿਜੇ ਹੀ ਬਾਹਲੇ ਭਲੇ ਕੰਮ ਅਤੇ ਅਨੰਦ ਨਾਸ ਹੋ ਜਾਂਦੇ ਹਨ।

ਕਬਿਤ—ਚੰਦਨ ਸਮੀਪ ਬਸ ਮਹਿਮਾ ਨ ਜਾਨੀ ਬਾਂਸ, ਆਨ ਦ੍ਰੁਮ ਦੂਰੋਂ ਭਏ ਵਾਸਨਾ ਕੈ ਬੋਹੇ ਹੈ॥ ਦਾਦਰ ਸਰੋਵਰ ਮੈ ਜਾਨੀ ਨ ਕੌਮਲ ਗਤਿ, ਮਧੁਕਰ ਮਨ ਮਕਰੰਦ ਕੈ ਬਿਮੋਹੇ ਹੈ ॥ ਤੀਰਥ ਬਸਤ ਬਗ ਮਰਮੁ ਨ ਜਾਨਜੋ ਕਛ, ਸਰਧਾ ਕੈ ਜਾਤ੍ਰਾ ਹੇਤ ਜਾਤ੍ਰੀ ਜਨ ਸੋਹੇ ਹੈ॥ ਨਿਕਟ ਬਸਤ ਮਮ ਗੁਰ ਉਪਦੇਸ਼ ਹੀਨ, ਦੂਰੰਤਰ ਸਿਖ ਉਰ ਅੰਤਰ ਲੈ ਪੋਹੇ ਹੈ ॥੫੦੭॥

ਚੰਦਨ ਦੇ ਪਾਸ ਰਹਿਕੇ ਵਾਂਸ ਨੇ ਮਹਿਮਾ ਨਾ ਜਾਣੀ ਅਤੇ ਹੋਰ ਬ੍ਰਿਛ ਦੂਰੋਂ ਆਣ ਕੇ ਆਪ ਵਾਸ਼ਨਾ ਵਾਲੇ ਹੋ ਕੇ ਅਗੇ ਵਾਸ਼ਨਾ ਵਾਲੇ ਕਰਨ ਵਾਲੇ ਹੋ ਗਏ। ਡੱਡੂ ਨੇ ਤਲਾਬ ਵਿਚ ਰਹਿ ਕੇ ਕੌਲ ਫੁਲ ਦੀ ਰੀਤੀ ਨਾ ਜਾਣੀ ਅਤੇ ਭੌਰੇ ਦਾ ਮਨ

ਫੁਲਾਂ ਦੀ ਧੂੜੀ ਤੇ ਮੋਹਤ ਹੋ ਗਿਆ। ਤੀਰਥ ਉਤੇ ਵਸ ਕੇ ਬਗਲੇ ਨੇ ਕੁਝ ਵੀ ਭੇਦ ਨਾ ਜਾਣਿਆਂ ਅਤੇ ਜਿਹੜੇ ਸਰਧਾ ਕਰ ਕੇ ਤੀਰਥਾਂ ਦੀ ਯਾਤਰਾ ਵਾਸਤੇ ਆਉਂਦੇ ਹਨ ਓਹ ਯਾਤਰੀ ਆਦਮੀ ਬੜੇ ਹਛੇ ਸੋਭਦੇ ਹਨ। ਪਾਸ ਵੱਸ ਕੇ ਮੇਰੇ ਜਿਹੇ (ਸਿਖ) ਗੁਰ ਉਪਦੇਸ਼ ਤੋਂ ਰਹਿਤ ਹੁੰਦੇ ਹਨ ਅਤੇ ਦੂਰੋਂ ਜਿਹੜੇ ਸਿਖ ਆਉਂਦੇ ਹਨ ਓਹ ਰਿਦੇ ਵਿਚ ਮਾਲਾ ਵਾਕੁਰ ਪਰੋ ਲੈਂਦੇ ਹਨ।

(ਪੁਜਾਰੀ)

ਕਬਿਤ—ਜੈਸੇ ਪਰਦਾਰਾ ਕੋ ਦਰਸ ਦ੍ਰਿਗ ਦੇਖਯੋ ਚਾਹੈ, ਤੈਸੇ ਗੁਰ ਦਰਸਨ ਦੇਖ ਹੈ ਨ ਚਾਹਿ ਕੈ॥ ਜੈਸੇ ਪਰਨਿੰਦਾ ਸੁਨੇ ਸਾਵਧਾਨ ਸੁਰਤਿ ਕੈ, ਤੈਸੋ ਗੁਰ ਸਬਦ ਨ ਸੁਨੇ ਉਤਸਾਹਿ ਕੈ॥ ਜੈਸੇ ਪਰ ਦਰਬ ਹਰਨ ਕੌ ਚਰਨ ਧਾਵੈ, ਤੈਸੇ ਕੀਰਤਨ ਸਾਧ ਸੰਗ ਨ ਉਮਾਹਿ ਕੈ॥ ਉਲੂ ਕਾਗ ਨਾਗ ਧਯਾਨ ਖਾਨ ਪਾਨ ਕੌ ਨ ਜਾਨੈ, ਊਚ ਪਦ ਪਾਵੈ ਨਹੀ ਨੀਚ ਪਦ ਗਹਿ ਕੈ॥੫੦੮॥

ਜਿਵੇਂ ਪਰਾਈ ਇਸਤ੍ਰੀ ਦੇ ਦਰਸ਼ਨ ਨੂੰ ਨੇਤ੍ਰਾਂ ਨਾਲ ਵੇਖਿਆ ਚਾਹੁੰਦਾ ਹੈ ਤਿਕੁਰ ਗੁਰਾਂ ਦੇ ਦਰਸ਼ਨ ਨੂੰ ਚਾਹ ਕਰਕੇ ਨਹੀਂ ਵੇਖਦਾ। ਜਿਕੁਰ ਪਰਾਈ ਨਿੰਦਿਆ ਨੂੰ ਕੰਨ ਲਾ ਕੇ ਅਤੇ ਤਕੜਾ ਹੋ ਕੇ ਸੁਣਦਾ ਹੈ ਤਿਕੁਰ **ਗੁਰ ਸ਼ਬਦ** ਨੂੰ ਖੁਸ਼ੀ ਨਾਲ ਨਹੀਂ ਸੁਣਦਾ। ਜਿਕੁਰ ਪਰਾਏ ਧਨ ਦੇ ਚੁਰਾਉਣ ਲਈ ਪੈਰ ਦੌੜਦੇ ਹਨ ਤਿਕੁਰ ਸਾਧ ਸੰਗਤ ਵਿਚ ਕੀਰਤਨ ਸੁਣਨ ਲਈ (ਖੁਸ਼ੀ ਨਾਲ) ਨਹੀਂ ਆਉਂਦੇ। ਉਲੂ, ਗੁਰੂ ਸੂਰਜ ਦਾ ਵਿਰੋਧੀ ਹੈ, ਕਾਂ ਮਲ ਭਖਛੀ, ਕਪੂਰ ਦਾ ਗੁਣ ਨਹੀਂ ਜਾਣਦਾ। ਸਪ ਦੁਧ ਦੀ ਕਦਰ ਨਹੀਂ ਜਾਣਦਾ, ਨੀਚ ਨੂੰ ਕੇਵਲ ਖਾਣ ਪੀਣ ਦਾ ਹੀ ਧਿਆਨ ਹੈ। ਉਦਰ ਪਰਾਇਣ ਹੋ ਕੇ ਉਚ ਪਦਵੀ ਨੂੰ ਨਹੀਂ ਜਾਣਦਾ।

ਕਬਿਤ—ਜੈਸੇ ਰੈਨ ਸਮੈ ਸਭ ਲੋਗ ਮੈ ਸੰਜੋਗ ਭੋਗ, ਚਕਈ ਬਿਯੋਗ ਸੋਗ ਭਾਗ ਹੀਨ ਜਾਨੀਐ॥ ਜੈਸੇ ਦਿਨਕਰ ਕੈ ਉਦੋਤਿ ਜੋਤਿ ਜਗ ਮਗ, ਉਲੂ ਅੰਧ ਕੰਧ ਪਰਚੀਨ ਉਨਮਾਨੀਐ॥ ਸਰਵਰ ਸਰਿਤਾ ਸਮੁੰਦਰ ਜਲ ਪੂਰਨ ਹੈ, ਤ੍ਰਿਖਾਵੰਤ ਚਾਤ੍ਰਿਕ ਰਹਤ ਬਕ ਬਾਨੀਐ॥ ਤੈਸੇ ਮਿਲ ਸਾਧ ਸੰਗ ਸਕਲ ਸੰਸਾਰ ਤਰਯੋ, ਮੋਹਿ ਅਪਰਾਧੀ ਅਪਰਾਧਨ ਬਿਹਾਨੀਐ॥੫੦੯॥

ਜਿਕੁਰ ਰਾਤ ਦੇ ਵੇਲੇ ਸਾਰੇ ਲੋਕਾਂ ਨੂੰ ਭੋਗਾਂ ਦਾ ਮਿਲਾਪ ਹੁੰਦਾ ਹੈ ਪਰ ਚਕਵੀ

ਵਿਚਾਰੀ ਭਾਗਾਂ ਤੋਂ ਰਹਿਤ ਵਿਛੋੜੇ ਦੇ ਦੁਖ ਵਿਚ ਸ਼ੋਕ ਕਰਦੀ ਜਾਣੀਦੀ ਹੈ। ਜਿਕੁਰ ਸੂਰਜ ਦੀ ਸਵੇਰੇ ਜੋਤ ਪ੍ਰਕਾਸ਼ ਵਾਲੀ ਉਗਣ ਨਾਲ ਹੋਰ ਲੋਕੀ ਸਭ ਕੁਝ ਚੰਗੀ ਤਰਾਂ ਜਾਣ ਲੈਂਦੇ ਹਨ ਪਰ ਉਲੂ ਦਾ ਸਰੀਰ ਅੰਨ੍ਹਾਂ ਹੀ ਕੰਧ ਕੋਠੇ ਦੀ ਵਾਕੁਰ ਵਿਚਾਰੀਦਾ ਹੈ। ਜਿਕੁਰ ਤਾਲ, ਨਦੀਆਂ ਸਮੁੰਦਰ ਪਾਣੀ ਨਾਲ ਭਰੇ ਹੋਏ ਹਨ ਪਰ ਪਪੀਹਾ ਤਿਹਾਇਆ ਹੀ ਰਹਿੰਦਾ ਹੈ ਅਤੇ ਬਾਣੀ ਬੋਲਦਾ ਹੈ। ਸਾਧ ਸੰਗਤ ਵਿਚ ਮਿਲ ਕੇ ਸਾਰਾ ਹੀ ਸੰਸਾਰ ਤਰ ਗਿਆ ਪਰ ਮੈਂ ਅਪਰਾਧੀ ਦੀ ਸਾਰੀ ਉਮਰ ਗੁਜਰ ਗਈ।

ਕਬਿਤ—ਜੈਸੇ ਫਲ ਫੂਲ ਕੋ ਲਿਜਾਇ ਬਨਰਾਇ ਪ੍ਰਤਿ, ਕਰੈ ਅਭਿਮਾਨ ਕਹੋ ਕੈਸੇ ਬਨਿ ਆਵੈ ਜੀ॥ ਜੈਸੇ ਮੁਕਤਾਹਲ ਸਮੁੰਦਰ ਕੋ ਦਿਖਾਵੈ ਜਾਇ, ਬਾਰ ਬਾਰ ਹੀ ਸਰਾਹੈ ਸੋਭਾ ਤੋ ਨ ਪਾਵੈ ਜੀ॥ ਜੈਸੇ ਕਨੀ ਕੰਚਨ ਸੁਮੇਰ ਸਨਮੁਖ ਰਾਖ, ਮਨ ਮੈ ਗਰਬ ਕਰੈ ਬਾਵਰੋ ਕਹਾਵੈ ਜੀ॥ ਤੈਸੇ ਗਯਾਨ ਧਯਾਨ ਠਾਨ ਪ੍ਰਾਨ ਦੈ ਰਿਝਾਇ ਚਾਹੈ ਪ੍ਰਾਨਪਤਿ ਸਤਿਗੁਰ ਕੈਸੇ ਕੈ ਰਿਝਾਵੈ ਜੀ॥੫੧੦॥

ਜਿਕੁਰ ਕੋਈ ਫਲਾਂ ਫੁਲਾਂ ਨੂੰ ਖੜ ਕੇ ਬਾਗਾਂ ਬਗੀਚਿਆਂ ਦੇ ਮਾਲਕ ਤਾਈਂ (ਪ੍ਰਸੰਨ ਕਰਨਾ ਚਾਹਵੇ) ਅਤੇ ਹੰਕਾਰ ਕਰੇ ਤਾਂ ਤੁਸੀਂ ਦਸੋ ਖਾਂ ਭਲਾ ਭਾਈ ਇਹ ਗਲ਼ ਕਿਕੁਰ ਬਣ ਆਉਂਦੀ ਹੈ? ਜਿਕੁਰ ਕੋਈ ਮੋਤੀ ਲਿਜਾ ਕੇ ਸਮੁੰਦਰ ਨੂੰ ਵਿਖਾਵੇ ਅਤੇ ਵਾਰ ਵਾਰ ਸਲਾਹਵੇ ਤਾਂ ਓਹ ਸੋਭਾ ਨਹੀਂ ਪਾਉਂਦਾ। ਜਿਕੁਰ ਕੋਈ ਸੋਨੇ ਦੀ ਨਿੱਕੀ ਜਿਹੀ ਟੁਕੜੀ ਸੋਨੇ ਦੇ ਪਹਾੜ ਦੇ ਅਗੇ ਰਖ ਕੇ ਮਨ ਵਿਚ ਹੰਕਾਰ ਕਰੇ ਤਾਂ ਬੌਰਾ ਹੀ ਅਖਵਾਉਂਦਾ ਹੈ। ਤਿਕੁਰ ਹੀ ਜਿਹੜਾ ਸਿਖ ਗਿਆਨ, ਧਿਆਨ (ਠਾਨ) ਅਗੇ ਰਖ ਕੇ ਅਤੇ ਪ੍ਰਾਣਾਂ ਨੂੰ ਦੇ ਕੇ ਪ੍ਰਾਣਾਂ ਦੇ ਪਤੀ ਸਤਿਗੁਰਾਂ ਨੂੰ ਪ੍ਰਸੰਨ ਕਰਨਾ ਚਾਹਵੇ ਤਾਂ ਕਿਕੁਰ ਰਿਝਾ ਸਕਦਾ ਹੈ?

ਕਬਿਤ—ਜੈਸੇ ਚੋਆ ਚੰਦਨ ਔ ਧਾਨ ਪਾਨ ਬੇਚਨ ਕੌ ਪੂਰਬ ਦਿਸ਼ਾ ਲੈ ਜਾਇ ਕੈਸੇ ਬਨਿ ਆਵੈ ਜੀ॥ ਪਛਮ ਦਿਸਾ ਲੈ ਦਾਖ ਦਾਰਨ ਲਿਜਾਇ ਜੈਸੇ, ਮ੍ਰਿਗਮਦ ਕੇਸਰ ਲੈ ਉਤਰ ਕੋ ਧਾਵੈ ਜੀ॥ ਦੱਖਨ ਦਿਸਾ ਲੈ ਜਾਇ ਲਾਇਚੀ ਲਵੰਗ ਲਾਦਿ, ਬਾਦ ਆਸਾ ਉਦਮ ਹੈ ਬਿੜਤੋ ਨ ਪਾਵੈ ਜੀ॥ ਤੈਸੇ ਗੁਨ ਨਿਧਿ ਗੁਰ ਸਾਗਰ ਕੈ ਵਿਦਮਾਨ, ਗਯਾਨ ਗੁਨ ਪ੍ਰਗਟ ਕੈ ਬਾਵਰੋ ਕਹਾਵੈ ਜੀ॥ ੫੧੧॥

ਜਿਕੁਰ ਅਤਰ, ਚੰਦਨ ਅਤੇ ਧਾਈਆਂ, ਪਾਨਾਂ ਨੂੰ ਚੜ੍ਹਦੇ ਵਲ ਵੇਚਣ ਲੈ ਜਾਵੇ

ਤਾਂ ਕਿਕੁਰ ਬਣ ਆਉਂਦਾ ਹੈ ? ਜਿਕੁਰ ਲੈਂਹਦੇ ਵਲ ਦਾਖ ਅਨਾਰ ਲੈ ਜਾਵੇ ਅਤੇ ਉਤਰ ਵਲ ਕਸਤੂਰੀ ਕੇਸਰ ਲੈ ਕੇ ਦੌੜੇ (ਤਾਂ ਕੀ ਨਫ਼ਾ ਹੋ ਸਕਦਾ ਹੈ ?) ਲਾਚੀਆਂ ਅਤੇ ਲੌਂਗ ਲੱਦ ਕੇ ਦੱਖਣ ਦਿਸ਼ਾ ਵਲ ਲੈ ਜਾਵੇ ਤਾਂ ਉਸ ਦੀ ਆਸ਼ਾ ਉਦਮ ਬੇਅਰਥ ਹੈ (ਓਹ) (ਬਿੜਤੋ) ਲਾਭ ਨਹੀਂ ਪਾਉਂਦਾ । ਤਿਕੁਰ ਹੀ (ਜੇ ਕੋਈ) ਗੁਣਾਂ ਦੇ ਖਜਾਨੇ ਸਮੁੰਦਰ ਵਤ ਗੁਰੂ ਵਿਦਵਾਨ ਜੀ ਦੇ ਹੁੰਦਿਆਂ (ਅਗੇ) ਹੀ ਆਪਣਾ ਗਿਆਨ ਗੁਣ ਪ੍ਰਗਟ ਕਰੇ ਤਾਂ ਬੌਰਾ ਹੀ ਅਖਵਾਉਂਦਾ ਹੈ ।

ਕਬਿਤ—ਚਲਨੀ ਮੈ ਜੈਸੇ ਦੇਖੀਅਤਿ ਹੈ ਅਨੇਕ ਛਿਦ੍ਰ, ਕਰੈ ਕਰਵਾ ਕੀ ਨਿੰਦਾ ਕੈਸੋ ਬਨਿ ਆਵੈ ਜੀ ॥ ਬਿਰਖ ਬੰਬੂਰ ਭਰਪੂਰ ਬਹੁ ਸੂਰਨ ਸੈਂ, ਕਮਲੈ ਕਟੀਲੋ ਕਹੈ ਕਾਂਹੂ ਨ ਸੁਖਾਵੈ ਜੀ ॥ ਜੈਸੇ ਉਪਹਾਸ ਕਰੇ ਬਾਇਸ ਮਰਾਲ ਪ੍ਰਤਿ. ਛਾਡ ਮੁਕਤਾਹਲ ਦੁਰਗੰਧਿ ਲਿਵ ਲਾਵੈ ਜੀ ॥ ਤੈਸੇ ਹਮ ਮਹਾਂ ਅਪਰਾਧੀ ਅਪਰਾਧ ਭਰਜੋ ਸੰਕਲ ਸੰਸਾਰ ਕੋ ਵਿਕਾਰ ਮੋਹ ਭਾਵੈ ਜੀ ॥ ੫੧੨ ॥

ਜਿਕੁਰ ਛਾਨਣੀ ਵਾਕੁਰ ਆਪਣੇ ਚਾਲ ਚਲਣ ਵਿਚ ਤਾਂ ਬਾਹਲੇ ਛੇਕ ਹਨ ਅਤੇ ਨਿੰਦਾ ਮਿਟੀ ਦੇ ਕਟੋਰੇ ਦੀ ਕਰਦਾ ਹੈ ਤਾਂ ਕਿਕੁਰ ਬਣ ਆਉਂਦਾ ਹੈ ? ਕਿੱਕਰ ਦਾ ਬੂਟਾ ਬਾਹਰਲੀਆਂ ਸੂਲਾ ਨਾਲ ਭਰਿਆ ਹੋਇਆ ਹੈ ਅਤੇ ਕੌਲ ਫੁਲ ਨੂੰ ਕਹੇ ਤੂੰ ਕੰਡਿਆਂ ਵਾਲਾ ਹੈਂ ਇਹ ਗਲ ਕਿਸ ਨੂੰ ਸੁਖਾਉਂਦੀ ਹੈ । ਜਿਕੁਰ ਕਾਂ ਹੰਸ ਨੂੰ ਮਖੌਲ ਕਰ, ਮੋਤੀਆਂ ਨੂੰ ਛਡਕੇ ਦੁਰਗੰਧੀ ਨਾਲ ਬ੍ਰਿਤੀ ਲਾਵੇ । ਮੈਂ ਬਾਹਲੇ ਸਾਰੇ ਅਪਰਾਧਾਂ ਨਾਲ ਅਪਰਾਧੀ ਭਰਿਆ ਹੋਇਆ ਹਾਂ ਕਿਉਂਕਿ ਸਾਰੇ ਸੰਸਾਰ ਦੇ ਵਿਕਾਰ ਮੈਨੂੰ ਹੀ ਹਛੇ ਲਗਦੇ ਹਨ ।

ਕਬਿਤ—ਅਪਦਾ ਅਧੀਨ ਜੈਸੇ ਦੁਖਤ ਦੁਹਾਗਨ ਕੋ, ਸਹਜ ਸੁਹਾਗੁ ਨ ਸੁਹਾਗਨ ਕੋ ਭਾਵਈ ॥ ਬਿਰਹਨੀ ਬਿਰਹ ਬਿਯੋਗ ਮੈ ਸੰਜੋਗਨਿ ਕੋ, ਸੁੰਦਰ ਸਿੰਗਾਰ ਅਧਿਕਾਰੁ ਨ ਸੁਹਾਵਈ ॥ ਜੈਸੇ ਤਨ ਮਾਂਝਿ ਬਾਂਝਿ ਰੋਗ ਸੋਗ ਸੰਸੇ ਸੂਮ, ਸੌਤਨ ਕੋ ਸੁਤ ਪੇਖ ਮਹਾਂ ਦੁਖ ਪਾਵਈ ॥ ਤੈਸੇ ਪਰ ਤਮ ਧਨ ਦੂਖਨ ਤ੍ਰਿਦੋਖ ਮਮ, ਸਾਧਨ ਕੋ ਸੁਕ੍ਰਿਤ ਨ ਹਿਰਦੈ ਹਿਤਾਵਈ ॥੫੧੩॥

ਜਿਕੁਰ ਪਤੀ ਤੋਂ ਵਿਛੜ ਕੇ ਬਿਪਤਾ ਦੇ ਵਸ ਦੁਖੀ ਹੋਈਆਂ ਹੋਈਆਂ ਛੁਟੜਾਂ ਇਸਤ੍ਰੀਆਂ ਨੂੰ ਸਹਿਜੇ ਹੀ ਸੁਹਾਗ ਹਛੀਆਂ ਇਸਤਰੀਆਂ ਦਾ ਨਹੀਂ ਭਾਉਂਦਾ ।

ਜਿਕੁਰ ਪਰੇਮ ਕਰਕੇ ਵਿਛੋੜੇ ਵਿਚ ਪਤੀ ਤੋਂ ਵਿਛੜੀ ਹੋਈ ਇਸਤਰੀ ਨੂੰ ਪਾਸ ਰਹਿਣ ਵਾਲੀ ਇਸਤਰੀ ਦਾ ਸੁੰਦਰ ਸ਼ਿੰਗਾਰ ਯੋਗ ਨਹੀਂ ਸੁਹੌਂਦਾ । ਜਿਕੁਰ ਸੰਢ ਇਸਤਰੀ ਦੇ ਸਰੀਰ ਵਿਚ ਰੋਗ ਹੋਣ ਕਰਕੇ ਸ਼ੋਕ ਸੰਸੇ ਦਾ ਥਕੇਵਾਂ ਚੜ੍ਹਿਆ ਰਹਿੰਦਾ ਹੈ ਅਤੇ ਪੁਤਰਾਂ ਵਾਲੀ ਦੇ ਪੁਤਰ ਵੇਖ ਕੇ ਬਾਹਲਾ ਦੁਖ ਪਾਉਂਦੀ ਹੈ । ਤਿਕੁਰ ਹੀ ਪਰਾਏ ਸਰੀਰ ਧਨ ਵਿਚ ਦੋਸ਼ ਅਰੋਪਣ ਕਰਨ ਕਰਕੇ ਇਹ ਤਿੰਨ ਦੁਖ ਮੈਨੂੰ ਲਗੇ ਹੋਏ ਹਨ ਕਿ ਸੰਤਾਂ ਦੇ ਪੁੰਨ ਹਿਰਦੇ ਵਿਚ ਚੰਗੇ ਨਹੀਂ ਲਗਦੇ ।

ਕਬਿਤ—ਜਲ ਸੈਂ ਨਿਕਾਸ ਮੀਨ ਰਾਖੀਐ ਪਟੰਬਰ ਮੈ, ਬਿਨ ਜਲ ਤਲਫ਼ ਤਜਤ ਪ੍ਰਿਯਾ ਪ੍ਰਾਨ ਹੈ ॥ ਬਨ ਸੈਂ ਪਕਰ ਪੰਛੀ ਪਿੰਜਰੀ ਮੈ ਰਾਖੀਐ, ਤੌ ਬਿਨ ਬਨ ਮਨ ਉਨਮਨ ਉਨਮਾਨ ਹੈ ॥ ਭਾਵਨੀ ਭਤਾਰ ਬਿਛੁਰਤ ਅਤਿ ਛੀਨ ਦੀਨ, ਬਿਲਖ ਬਦਨ ਤਾਂਹਿ ਭਵਨ ਭੈ ਆਨ ਹੈ ॥ ਤੈਸੇ ਗੁਰ ਸਿਖ ਬਿਛਰਤ ਸਾਧ ਸੰਗਤ ਸੈਂ, ਜੀਵਨ ਜਤਨ ਬਿਨ ਸੰਗਤਿ ਨ ਆਨ ਹੈ ॥ ੫੧੪ ॥

ਜਿਕੁਰ ਜੇ ਪਾਣੀ ਵਿਚੋਂ ਕੱਢ ਕੇ ਮੱਛੀ ਨੂੰ ਨਰਮ ਕਪੜੇ ਵਿਚ ਵਲੇਟ ਰੱਖੀਏ ਭਾਵੇਂ ਪਰ ਫਿਰ ਵੀ ਪਾਣੀ ਤੋਂ ਬਿਨਾਂ ਤੜਫ ਕੇ ਪਿਆਰੇ ਪ੍ਰਾਣਾਂ ਨੂੰ ਛਡ ਦਿੰਦੀ ਹੈ ! ਜਿਕੁਰ ਉਜਾੜ ਵਿਚੋਂ ਪੰਛੀ ਪਕੜ ਕੇ ਪਿੰਜਰੇ ਵਿਚ ਰਖੀਏ ਤੇ ਤਦ ਵੀ ਬਿਨਾਂ ਜੰਗਲ ਤੋਂ ਮਨ ਉਸ ਦਾ ਉਦਾਸ ਹੀ (ਵਿਚਾਰੀ ਦਾ) ਰਹਿੰਦਾ ਹੈ । ਜਿਕੁਰ ਇਸਤਰੀ ਪਤੀ ਨਾਲੋਂ ਵਿਛੜ ਕੇ ਬਾਹਲੀ ਮਾੜੀ ਅਤੇ ਗਰੀਬਣੀ ਮੂੰਹੋਂ ਰੋਂਦੀ ਅਤੇ ਤਿਸ ਨੂੰ ਘਰ ਵੀ ਡਰਾਉਣਾ ਲਗਦਾ ਹੈ । ਤਿਕੁਰ ਹੀ ਗੁਰ ਸਿਖ ਸਾਧ ਸੰਗਤ ਤੋਂ ਜਦ ਵਿਛੜ ਜਾਂਦੇ ਹਨ ਓਹਨਾਂ ਦੇ ਜੀਉਣ ਦਾ ਉਪਾਅ ਬਿਨਾਂ ਸਾਧ ਸੰਗਤ ਤੋਂ ਹੋਰ ਨਹੀਂ ।

ਕਬਿਤ—ਜੈਸੇ ਟੂਟੇ ਨਾਗ ਬੇਲ ਸੈਂ ਬਿਦੇਸ ਚਲ ਜਾਤਿ, ਸਲਲ ਸੰਜੋਗ ਚਿਰੰਕਾਲ ਜੁਗਵਤ ਹੈ ॥ ਜੈਸੇ ਕੂੰਜ ਬਚਰਾ ਤਿਆਗ ਦਿਸੰਤਰਿ ਜਾਤਿ, ਸਿਮਰਨ ਚਿਤ ਨਿਰਵਿਘਨ ਰਹਤ ਹੈ ॥ ਗੰਗੋਦਿਕ ਜੈਸੇ ਭਰਿ ਭਾਂਜਨ ਲੈ ਜਾਤ ਜਾਤ੍ਰੀ,ਸੁਜਸ ਅਧਾਰ ਨਿਰਮਲ ਨਿਬਰਤ ਹੈ ॥ ਤੈਸੇ ਗੁਰ ਚਰਨ ਸ਼ਰਨ ਕੈ ਅੰਤਰ ਸਿਖ, ਸ਼ਬਦ ਸੰਗਤ ਗੁਰ ਧਯਾਨ ਕੈ ਜੀਅਤ ਹੈ ॥੫੧੫॥

ਜਿਕੁਰ ਪਾਨਾਂ ਦੇ ਪਤੇ ਵੇਲ ਨਾਲੋਂ ਟੁਟ ਕੇ ਹੋਰਨਾਂ ਦੇਸਾਂ ਤੇ ਚਲੇ ਜਾਂਦੇ

ਹਨ ਪਰ ਪਾਣੀ ਦੇ ਮਿਲਾਪ ਨਾਲ ਬਾਹਲਾ ਚਿਰ ਹਰੇ ਭਰੇ ਵੇਖੀਦੇ ਹਨ । ਜਿਕੁਰ ਕੂੰਜ ਬੱਚਿਆਂ ਨੂੰ ਛੱਡ ਕੇ ਹੋਰਨਾਂ ਦਿਸ਼ਾਂ ਦੇ ਅੰਦਰ ਚਲੀ ਜਾਂਦੀ ਹੈ ਪਰ ਜੋ ਕੂੰਜ ਬੱਚਿਆਂ ਨੂੰ ਯਾਦ ਚਿਤ ਵਿਚ ਰੱਖਦੀ ਹੈ ਇਸ ਲਈ ਬਿਨਾਂ ਵਿਘਨ ਤੋਂ ਰਹਿੰਦੇ ਹਨ । ਜਿਕੁਰ ਗੰਗਾ ਦੇ ਯਾਤਰੀ ਗੰਗਾ ਦੇ ਪਾਣੀ ਨੂੰ ਭਾਂਡੇ ਵਿਚ ਭਰ ਕੇ ਲੈ ਜਾਂਦੇ ਹਨ ਸੋ ਉਹਨਾਂ ਦੇ ਆਸਰੇ ਗੰਗਾ ਦਾ ਪਾਣੀ ਸ਼ੁਧ ਤੋੜ ਤਕ ਪਹੁੰਚਦਾ ਹੈ ਅਤੇ ਉਹਨਾਂ ਦਾ ਸਰੇਸ਼ਟ ਜਸ ਹੁੰਦਾ ਹੈ । ਜੇ ਗੁਰ ਚਰਨ ਸ਼ਰਨ ਤੋਂ ਸਿਖ ਦਾ ਭੇਦ(ਵਿਛੋੜਾ) ਪੈ ਜਾਵੇ ਤਾਂ ਸਾਧ ਸੰਗਤ ਵਿਚ ਗੁਰਾਂ ਦੇ ਸ਼ਬਦ ਨੂੰ ਸੁਣ ਕੇ ਅਤੇ ਗੁਰਾਂ ਦਾ ਧਿਆਨ ਕਰਕੇ (ਸਿਖ ਜੀਉਂਦੇ) ਹਨ ।

ਕਬਿਤ—ਜੈਸੇ ਬਿਨ ਪਵਨ ਕਵਨ ਗੁਨ ਚੰਦਨ ਕੈ, ਬਿਨ ਮਲਿਆਗਰ ਪਵਨ ਕਤ ਬਾਸ ਹੈ ॥ ਜੈਸੇ ਬਿਨ ਬੈਦ ਅਵਖਦ ਗੁਨ ਗੋਪ ਹੋਤ ਅਵਖਦ ਬਿਨੁ ਬੈਦ ਰੋਗ ਕੋ ਨ ਗ੍ਰਾਸ ਹੈ ॥ ਜੈਸੇ ਬਿਨੁ ਬੋਹਿਥ ਨ ਪਾਰ ਪਰੈ ਖੇਵਟ ਸੈ, ਖੇਵਟ ਬਿਹੂਨ ਕਤ ਬੋਹਿਥ ਬਿਸ੍ਵਾਸ ਹੈ ॥ ਤੈਸੇ ਗੁਰ ਨਾਮ ਬਿਨ ਗੰਮ ਨ ਪਰਮ ਪਦੁ, ਬਿਨ ਗੁਰ ਨਾਮ ਨਿਹਕਾਮ ਨ ਪ੍ਰਗਾਸ ਹੈ ॥੫੧੬॥

ਜਿਕੁਰ ਹਵਾ ਤੋਂ ਬਿਨਾਂ ਕੀ ਗੁਣ ਚੰਦਨ ਦਾ ਹੈ ਅਤੇ ਚੰਦਨ ਤੋਂ ਬਿਨਾਂ ਹਵਾ ਕੀ ਕਿਸੇ ਵਿਚ ਵਾਸ਼ਨਾ ਵਸਾ ਸਕਦੀ ਹੈ ? ਜਿਕੁਰ ਹਕੀਮ ਤੋਂ ਬਿਨਾਂ ਦਵਾ ਦੇ ਗੁਣ ਲੁਕ ਜਾਂਦੇ ਹਨ ਅਤੇ ਦਵਾ ਤੋਂ ਬਿਨਾਂ ਹਕੀਮ ਰੋਗਾਂ ਦਾ ਨਾਸ ਨਹੀਂ ਕਰ ਸਕਦਾ । ਜਿਕੁਰ ਜਹਾਜ਼ ਮਲਾਹ ਤੋਂ ਬਿਨਾਂ ਪਾਰ ਨਹੀਂ ਹੋਇਆ ਜਾਂਦਾ ਅਤੇ ਮਲਾਹ ਦਾ ਜਹਾਜ਼ ਤੋਂ ਬਿਨਾਂ ਕੀ ਭਰੋਸਾ ਹੈ । ਤਿਕੁਰ ਹੀ ਗੁਰੂ ਨਾਮ ਤੋਂ ਬਿਨਾਂ ਹਛੇ ਮਰਤਬੇ ਨੂੰ ਨਹੀਂ ਪਹੁੰਚ ਸਕਦੇ ਅਤੇ ਬਿਨਾਂ ਗੁਰਾਂ ਤੋਂ ਨਾਮ ਜਪਣਾ ਲਾਭਦਾਇਕ ਨਹੀਂ ਹੁੰਦਾ ਅਤੇ ਨਾ ਹੀ ਇਛਾ ਤੋਂ ਬਿਨਾਂ ਹੋ ਕੇ ਵਾਹਿਗੁਰੂ ਦਾ ਪ੍ਰਕਾਸ਼ ਹੁੰਦਾ ਹੈ ।

(ਆਪ ਗੁਰੂ ਨਾ ਧਾਰੇ ਅਤੇ ਗੁਰੂ ਬਣਕੇ ਲੋਕਾਂ ਤੋਂ ਪੂਜਾ ਕਰਾਵੇ ਅਤੇ)
(ਓਨ੍ਹਾਂ ਦਾ ਉਧਾਰ, ਭਲਾ, ਆਦਿਕ ਕੁਝ ਨਾ ਕਰੇ ਉਸ ਨੂੰ ਓਹ)
(ਧਨ ਲੋਕਾਂ ਦਾ ਇਕੁਰ ਦੁਖਦਾਈ ਹੁੰਦਾ ।)

ਕਬਿਤ—ਜੈਸੇ ਕਾਚੋ ਪਾਰੋ ਖਾਤ ਉਪਜੈ ਵਿਕਾਰ ਗਾਤ, ਰੋਮ ਰੋਮ ਕੈ ਪਿਰਾਤ ਮਹਾਂ ਦੁਖ ਪਾਈਐ ॥ ਜੈਸੇ ਤੌ ਲਸਨ ਖਾਇ ਮੋਨ ਕੈ ਸਭਾ ਮੈ ਬੈਠੇ, ਪ੍ਰਗਟੈ ਦੂਰਗੰਧ ਨਾਂਹਿ ਦੂਰਤ ਦੂਰਾਈਐ ॥ ਜੈਸੇ

ਮਿਸਟਾਨ ਪਾਨ ਸੰਗਮ ਕੈ ਮਾਖੀ ਲੀਲੇ, ਹੋਤ ਉਕਲੇਦ ਖੇਦੁ ਸੰਕਟ ਸਹਾਈਐ॥ ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖ੍ਯਾ ਖਾਇ, ਅੰਤਕਾਲ ਭਾਰੀ ਹੋਇ ਯਮ ਲੋਕ ਜਾਈਐ ॥੫੧੮॥

ਜਿਕੁਰ ਕੱਚਾ ਪਾਰਾ ਖਾਣ ਨਾਲ ਸਰੀਰ ਵਿਚ ਰੋਗ ਪ੍ਰਗਟ ਹੁੰਦੇ ਹਨ ਅਤੇ ਵਾਲ ਵਾਲ ਨੂੰ ਪੀੜ ਕੇ ਬਾਹਰ (ਰੋਗ ਹੋਕੇ) ਨਿਕਲਦਾ ਹੈ ਅਤੇ ਓਹ (ਨਕਲੀ ਗੁਰੂ) ਬਾਹਲਾ ਦੁਖ ਪਾਉਂਦਾ ਹੈ। ਜਿਕੁਰ ਕੋਈ ਲਸਣ ਖਾ ਕੇ ਸਭਾ ਵਿਚ (ਮੌਨ) ਚੁਪ ਕਰ ਕੇ ਜਾ ਬਹੇ ਤਾਂ ਦੁਰਗੰਧੀ ਪ੍ਰਗਟ ਹੋ ਆਉਂਦੀ ਹੈ ਛਪਾਈ ਹੋਈ ਛੁਪਦੀ ਨਹੀਂ। ਜਿਕੁਰ ਕੋਈ ਮਿਠਾ ਖਾਣ ਨਾਲ ਮਖੀ ਨਿਗਲ ਲਵੇ ਤਾਂ ਕੈਯ ਦੇ ਦੁਖ ਦਾ ਸਹਾਰਨਾ ਪੈਂਦਾ ਹੈ। ਜਿਹੜਾ ਗੁਰੂ ਉਪਦੇਸ਼ ਦਾ ਪਰਚਾ ਨਹੀਂ ਕਰਦਾ ਅਤੇ ਸਿਖਾਂ ਕ੍ਰਿਤੀਆਂ ਦੇ ਘਰੋਂ ਮੰਗ ਕੇ ਖਾਂਦਾ ਹੈ ਅਤੇ ਅੱਛੀ ਤਰਾਂ ਵੇਹਲਾ ਬਹਿ ਕੇ ਸਰੀਰ ਨੂੰ ਪਾਲਦਾ ਹੈ। ਅੱਤ ਨੂੰ ਓਹ ਧਰਮ ਰਾਜਾ ਦੇ ਲੋਕ ਨੂੰ ਜਾਵੇਗਾ।

ਕਬਿਤ—ਜੈਸੇ ਮੇਘ ਬਰਸਤ ਹਰਖਤ ਹੈ ਕ੍ਰਿਸਾਨ, ਬਿਲਖ ਬਦਨ ਲੋਧਾ ਲੋਨ ਗਰਜਾਤਿ ਹੈ॥ ਜੈਸੇ ਪ੍ਰਫੁਲਤ ਹੈ ਸਕਲ ਬਨਾਸਪਤੀ, ਸੂਕਸ ਜਵਾਸੋਂ ਆਕ ਮੂਲ ਮੁਰਝਾਤ ਹੈ॥ ਜੈਸੇ ਖੇਤ ਸਰਵਰ ਪੂਰਨ ਕਿਰਖ ਜਲ, ਊਚ ਥਲ ਕਾਲਰ ਨ ਜਲ ਠਹਿਰਾਤ ਹੈ॥ ਗੁਰ ਉਪਦੇਸ ਪਰਵੇਸ ਗੁਰ ਸਿਖ ਰਿਦੈ, ਸਾਕਤਿ ਸਕਤਿ ਮਨ ਸੁਨ ਸਕੁਚਾਤ ਹੈ॥੫੧੯॥

ਜਿਕੁਰ ਮੀਂਹ ਵਰ੍ਹਦਿਆਂ ਜਟ ਖੁਸ਼ੀ ਹੁੰਦਾ ਹੈ ਅਤੇ ਜੁਲਾਹਾ ਰੋਂਦਾ ਹੈ ਲੂਣ ਵਾਂਗਰ ਗਲ ਜਾਂਦਾ ਹੈ। ਸਾਰੀ ਬਨਾਸਪਤੀ ਖਿੜਦੀ ਹੈ ਅਤੇ ਜਵਾਹਾ ਸੁਕ ਜਾਂਦਾ ਹੈ ਅਰ ਅੱਕ ਦਾ ਮੁੱਢ ਕੁਮਲਾ ਜਾਂਦਾ ਹੈ। ਖੇਤ ਖੇਤੀਆਂ ਤਾਲ ਭਰ ਜਾਂਦੇ ਹਨ ਅਤੇ ਉਚੇ ਥਾਂ ਕੱਲਰ ਵਿਚ ਪਾਣੀ ਨਹੀਂ ਠਹਿਰਦਾ। ਗੁਰ ਸਿਖਾਂ ਦੇ ਰਿਦੇ ਵਿਚ ਤਾਂ ਗੁਰਾਂ ਦਾ ਉਪਦੇਸ਼ ਪ੍ਰਵੇਸ਼ ਕਰ ਜਾਂਦਾ ਹੈ ਪਰ ਜੋ ਕਰੜੇ ਰਿਦੇ ਵਾਲੇ ਆਸ਼ਕਤ ਹੋਏ ਹੋਏ ਹਨ ਓਹਨਾਂ ਦਾ ਮਨ ਸੁਣਕੇ ਸੁੰਗੜ ਜਾਂਦਾ ਹੈ।

ਕਬਿਤ—ਜੈਸੇ ਰਾਜਾ ਰਵਤ ਅਨੇਕ ਰਵਨੀ ਸਹੇਤ, ਸਕਲ ਸਪੂਤੀ ਏਕ ਬਾਂਝ ਨ ਸੰਤਾਨ ਹੈ॥ ਸੀਚਤ ਸਲਿਲ ਜੈਸੇ ਸਫਲ ਸਕਲ ਦ੍ਰੁਮ ਨਿਹਫਲ ਸੇਂਬਲ ਸਲਿਲ ਨਿਰਬਾਨ ਹੈ॥ ਦਾਦਰ ਕਮਲ ਜੈਸੇ ਏਕ ਸਰਵਰ ਬਿਖੈ, ਉਤਮ ਔ ਨੀਚ ਨੀਰ ਦਿਨਕਰ

ਧਿਆਨ ਹੈ ॥ ਤੈਸੇ ਗੁਰ ਚਰਨ ਸ਼ਰਨ ਹੈ ਸਕਲ ਜਗੁ, ਚੰਦਨ ਬਨਾਸਪਤੀ ਬਾਸ ਉਨਮਾਨ ਹੈ ॥੫੧੯॥

ਜਿਕੁਰ ਰਾਜਾ ਬਾਹਲੀਆਂ ਸਾਰੀਆਂ ਇਸਤਰੀਆਂ ਨਾਲ ਇਕੋ ਜਿਹਾ ਪਿਆਰ ਕਰਕੇ ਰਮਦਾ ਹੈ ਅਤੇ ਸਾਰੀਆਂ ਹੀ ਪੁਤਰਾਂ ਵਾਲੀਆਂ ਹੋ ਜਾਂਦੀਆਂ ਹਨ ਪਰ ਇਕ ਸੰਢ ਦੇ ਘਰ ਔਲਾਦ ਨਹੀਂ ਹੁੰਦੀ । ਜਿਕੁਰ ਪਾਣੀ ਸਿੰਜਣ ਨਾਲ ਸਾਰੇ ਬ੍ਰਿਛ ਸਹਿਤ ਫਲਾਂ ਹੋ ਜਾਂਦੇ ਹਨ ਅਤੇ ਸਿੰਮਲ ਰੁਖ ਬੇ ਫਲਾ ਹੀ ਰਹਿੰਦਾ ਹੈ ਪਰ ਪਾਣੀ ਦਾ ਇਸ ਵਿਚ ਕੋਈ ਔਗੁਣ ਨਹੀਂ । ਜਿਕੁਰ ਡੱਡੂ ਅਤੇ ਕੌਲ ਇਕ ਤਾਲ ਵਿਚ ਰਹਿੰਦੇ ਹਨ ਕੌਲ ਸੂਰਜ ਦਾ ਧਿਆਨ ਕਰਕੇ ਉਤਮ ਅਤੇ ਡੱਡੂ ਚਿੱਕੜ ਦਾ ਧਿਆਨ ਕਰ ਕੇ ਨੀਚ (ਬਣ ਗਿਆ ਪਰ ਤਾਲ ਦਾ ਕੋਈ ਦੋਸ਼ ਨਹੀਂ ਹੈ ।) ਤਿਕੁਰ ਹੀ ਗੁਰ ਚਰਨ ਸ਼ਰਨ ਸਾਰਾ ਜਗਤ ਆ ਕੇ ਇਕੁਰ ਜਿਕੁਰ ਚੰਦਨ ਦੇ ਬ੍ਰਿਛ ਪਾਸ ਸਾਰੀ ਬਨਾਸਪਤੀ ਅਤੇ ਵਾਂਸ ਦਾ ਵਿਚਾਰ ਹੈ ਸਾਰ ਲੋਕ ਗੁਰਾਂ ਪਾਸ ਰਹਿ ਕੇ ਭਗਤੀ ਵਾਲੇ ਹੋ ਜਾਂਦੇ ਹਨ ਪਰ ਇਕ ਮਨਮੁਖ ਨਹੀਂ ਹੁੰਦਾ ।

ਕਬਿਤ—ਜੈਸੇ ਤੌ ਬਛਰਾ ਬਿਲਲਾਤ ਮਾਤ ਮਿਲਬੇ ਕੋ, ਬੰਧਨ ਕੈ ਬਸ ਕਛੁ ਬਸੁ ਨ ਬਸਾਤ ਹੈ ॥ ਜੈਸੇ ਤੌ ਬਿਗਾਰੀ ਚਾਹੈ ਭਵਨ ਗਵਨ ਕੀਓ, ਪਰ ਬਸ ਪਰੇ ਚਿਤਵਤ ਹੀ ਬਿਹਾਤ ਹੈ ॥ ਜੈਸੇ ਬਿਰਹਨੀ ਪ੍ਰਿਅ ਸੰਗਮ ਸਨੇਹ ਚਾਹੇ, ਲਾਜ ਕੁਲ ਅੰਕਸ ਕੈ ਦੂਰਬਲ ਗਾਤ ਹੈ ॥ ਤੈਸੇ ਗੁਰ ਚਰਨ ਸ਼ਰਨ ਸੁਖ ਚਾਹੈ ਸਿਖ, ਆਗਜਾ ਬੱਧ ਰਹਤ ਬਿਦੇਸ ਅਕੁਲਾਤ ਹੈ ॥ ੫੨੦ ॥

ਜਿਕੁਰ ਵੱਛਾ ਗਾਂ ਦੇ ਮਿਲਣ ਨੂੰ ਅੜੌਂਦਾ ਹੈ ਪਰ ਰੱਸਿਆਂ ਦੇ ਵਸ ਪਏ ਹੋਏ ਦਾ ਕੁਝ ਵਸ ਨਹੀਂ ਚੱਲਦਾ । ਜਿਕੁਰ ਵਿਗਾਰੀ ਘਰ ਨੂੰ ਜਾਣਾ ਚਾਹੁੰਦਾ ਹੈ ਪਰ ਪਰਾਏ ਵਸ ਪਏ ਹੋਏ ਹੋਣ ਕਰਕੇ ਯਾਦ ਕਰ ਕੇ ਹੀ ਗੁਜਰ ਜਾਂਦਾ ਹੈ । ਜਿਕੁਰ ਪਰੋਖਤ ਪਤੜਾ ਨਾਇਕਾ ਪਿਆਰੇ ਪਤੀ ਨਾਲ ਪਰੇਮ ਕਰਨਾ ਚਾਹੁੰਦੀ ਹੈ ਪਰ ਜਿਕੁਰ ਹਾਥੀ ਕੁੰਡੇ ਦੇ ਵਸ ਬੱਧਾ ਹੁੰਦਾ ਹੈ ਉਕਰ ਹੀ ਉਹ ਕੁਲ ਦੀ ਲੱਜਿਆ ਰੂਪ ਕੁੰਡੇ ਕਰਕੇ ਬੱਧੀ ਹੁੰਦੀ ਹੈ ਅਤੇ ਏਸੇ ਲਈ ਉਸ ਦਾ ਸਰੀਰ ਮਾੜਾ ਹੁੰਦਾ ਜਾਂਦਾ ਹੈ । ਤਿਕੁਰ ਹੀ ਗੁਰ ਚਰਨ ਸ਼ਰਨ ਦਾ ਸੁਖ ਸਿਖ ਚਾਹੁੰਦੇ ਹਨ ਪਰ ਗੁਰਾਂ ਦੀ ਆਗਿਆ ਦੇ ਬੰਨ੍ਹੇ ਹੋਏ ਪ੍ਰਦੇਸ ਵਿਚ ਰਹਿੰਦੇ ਹਨ ਪਰ ਕਾਹਲੇ ਬਾਹਲੇ ਪੈਂਦੇ ਹਨ।

ਕਬਿਤ—ਪਰਤਨ ਪਰਧਨ ਪਰ ਅਪਵਾਦ ਬਾਦ, ਬਲ ਛਲ ਬੰਚ ਪਰਪੰਚ ਹੀ ਕਮਾਤ ਹੈ ॥ ਮਿੱਤ੍ਰ ਗੁਰ ਸ੍ਵਾਮਿ ਦ੍ਰੋਹ, ਕਾਮ ਕ੍ਰੋਧ ਲੋਭ ਮੋਹ ਗੋਬਧ੍ਰ, ਬਿਸ੍ਵਾਸ ਬੰਸ ਬਿਪ੍ਰ ਘਾਤ ਹੈ ॥ ਰੋਗ ਸੋਗ ਹ੍ਵੈ ਬਿਯੋਗ ਅਪਦਾ ਦਰਿਦ੍ਰ ਛਿੱਦ੍ਰ, ਜਨਮ ਮਰਨ ਜਮ ਲੋਕ ਬਿਲਲਾਤ ਹੈ ॥ ਕ੍ਰਿਤਘਨ ਬਿਸਖ ਬਿਖਾਦੀ ਕੋਟਿ ਦੋਖੀ ਦੀਨ, ਅਧਮ ਅਸੰਖ ਮਮ ਰੋਮ ਨ ਪੁਜਾਤ ਹੈ ॥ ੫੨੧ ॥

ਪਰਾਏ ਧਨ ਸਰੀਰ, ਨਿੰਦਾ ਝਗੜੇ ਜ਼ੋਰ ਨਾਲ ਠੱਗਾਂ ਵਾਂਗਰ ਛਲ ਕਰ ਕੇ ਛਲ ਹੀ ਕਮਾਉਂਦੇ ਹਨ। ਦੋਸਤ, ਗੁਰੂ, ਸੁਆਮੀ ਨਾਲ ਛਲ ਕਰਨਾ ਅਤੇ ਕਾਮ, ਕਰੋਧ, ਲੋਭ, ਮੋਹ ਕਰਦੇ ਗੋ ਬਧ੍ਰ (ਗਊ ਦਾ ਮਰਨਾ) ਅਤੇ ਇਸਤਰੀ ਤੇ ਭਰੋਸਾ ਰੱਖਣਾ ਅਤੇ (ਵਾਂਸ ਵਾਂਗਰ) ਆਪਣੀ ਬੰਸ ਤੇ ਬ੍ਰਾਹਮਣਾਂ ਦਾ (ਘਾਤ) ਨਾਸ ਕਰਨਾ। ਰੋਗੀ, ਸੋਗੀ, ਵਿਛੜਿਆ ਹੋਇਆ, ਵਿਪਤਾ ਵਾਲਾ, ਕੰਗਾਲ, ਦੋਸ਼ੀ ਜਿਤਨੇ ਕੁ ਹੈਨ ਅਤੇ ਜਨਮ ਮਰਨ ਦੇ ਦੁਖ ਕਰਕੇ ਧਰਮ ਰਾਜਾ ਦੇ ਲੋਕ ਜਿਤਨੇ ਕੁ ਰੋਂਦੇ ਕੁਰਲਾਂਦੇ ਹਨ। ਕੀਤੇ ਨਾ ਜਾਨਣ ਵਾਲੇ ਵਿਹੁ ਵਾਕੁਰ ਕੌੜੇ ਵਾ ਤੀਰ ਵਾਕੁਰ ਤਿਖੇ ਤੇ ਵਿਸ਼ੇ ਆਦਿਕਾਂ ਦੇ ਭੋਗਣ ਵਾਲੇ ਅਤੇ ਕਰੋੜਾਂ ਹੀ ਦੋਸ਼ੀ ਤੇ ਗਰੀਬ ਅਤੇ ਅਨਗਿਣਤ ਨੀਚ ਆਦਮੀ ਇਹ ਸਾਰੇ ਮੇਰੇ ਇਕ ਵਾਲ ਦੇ ਬਰਾਬਰ ਨਹੀਂ ਪੁਜ ਸਕਦੇ।

ਕਬਿਤ—ਬੇਸ੍ਵਾ ਕੇ ਸੰਗਾਰ ਬਿਭਚਾਰ ਕੋ ਨ ਪਾਰ ਪਾਈਐ, ਬਿਨ ਭਰਤਾਰ ਕਾਕੀ ਨਾਰ ਕੈ ਬੁਲਾਈਐ ॥ ਬਗੁ ਸੇਤ ਜੀਵ ਘਾਤ ਕਰ ਖਾਤ ਕੇਤੇ ਕੋ ਹੈ, ਮੋਨ ਗਹਿ ਧ੍ਯਾਨ ਧਰੇ ਜੁਗਤਿ ਨ ਪਾਈਐ ॥ ਭਾਂਡ ਕੀ ਭੰਡਾਈ ਮੈ ਬੁਰਾਈ ਨ ਕਹਤ ਆਵੈ, ਅਤਿ ਹੀ ਢਿਠਾਈ ਸਕੁਚਤ ਨ ਲਜਾਈਐ ॥ ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ, ਅਧਮ ਅਨੇਕ ਏਕ ਰੋਮ ਨ ਪੁਜਾਈਐ ॥ ੫੨੨ ॥

ਜਿਕੁਰ ਵੇਸਵਾ ਦੇ ਸ਼ਿੰਗਾਰਾਂ ਤੇ ਬਿਭਚਾਰਾਂ ਦਾ ਅੰਤ ਨਹੀਂ ਪਾਇਆ ਜਾਂਦਾ ਪਰ ਓਹ ਬਿਨਾਂ ਪਤੀ ਤੋਂ ਹੈ ਸੋ ਉਸ ਨੂੰ ਕਿਸ ਦੀ ਇਸਤਰੀ ਕਰ ਕੇ ਬੁਲਾਈਏ। ਜਿਕੁਰ ਚਿਟਾ ਬਗਲਾ ਬਾਹਲਿਆਂ ਜੀਵਾਂ ਨੂੰ ਮਾਰ ਮਾਰ ਕੇ ਖਾਂਦਾ ਹੈ ਪਰ ਚੁਪ ਕਰ ਰਹਿਣ ਨਾਲ ਯੋਗੀਆਂ ਵਾਲੇ ਧਿਆਨ ਧਰਨ ਦੀ ਯੁਕਤੀ ਤੇ ਨਹੀਂ ਉਸ ਨੇ ਪਾ ਲਈ। ਨਕਲੀਏ ਦੀਆਂ ਨਕਲਾਂ ਸੁਣ ਕੇ ਬੁਰਿਆਈ ਨਹੀਂ ਕਹੀ ਆਉਂਦੀ, ਕਿਉਂਕਿ ਬਾਹਲੀਆਂ ਹੀ ਨੀਚਪੁਣੇ ਦੀਆਂ ਗੱਲਾਂ ਹੁੰਦੀਆਂ ਹਨ ਪਰ ਓਹ. ਓਹਨਾਂ

ਗੱਲਾਂ ਤੋਂ ਸੰਕੋਚ ਕਰਕੇ ਲੱਜਾ ਵਾਲਾ ਨਹੀਂ ਹੁੰਦਾ। ਤਿਕੁਰ ਹੀ ਪਰਾਏ ਸਰੀਰ ਧਨ ਦੋਸ਼ ਵਿਚਾਰਨਾ ਇਹ ਤਿੰਨ ਰੋਗ ਮੇਰੇ ਵਿਚ ਬੜੇ ਅਸਾਧ ਹਨ, ਬਾਹਲੇ ਸਾਰੇ ਨੀਚ ਆਦਮੀ ਮੇਰੇ ਇਕ ਰੋਮ ਦੇ ਬਰਾਬਰ ਨਹੀਂ ਪੁਜ ਸਕਦੇ।

ਕਬਿਤ—ਜੈਸੇ ਚੋਰ ਚਾਹੀਐ ਚੜ੍ਹਯੋ ਸੂਰੀ ਚੌਬਟਾ ਮੈ, ਚੁਹਟੀ ਲਗਾਇ ਛਾਡਿਯੈ ਤੌ ਕਹਾਂ ਮਾਰ ਹੈ॥ ਖੋਟ ਸ਼ਰੀਓ ਨਿਕਾਰਯੋ ਚਾਹੀਐ ਨਗਰ ਹੂੰ ਸੈ, ਤਾਂਕੀ ਓਰ ਮੋਰ ਮੁਖ ਬੈਠੇ ਕਹਾਂ ਆਰ ਹੈ॥ ਮਹਾਂ ਬੱਜ੍ਰ ਭਾਰ ਡਾਰਿਯੋ ਚਾਹੀਐ ਜੌ ਹਾਥੀ ਪਰ, ਤਾਂਹਿ ਸਿਰ ਛਾਰ ਕੇ ਉਡਾਇ ਕਹਾ ਭਾਰ ਹੈ॥ ਤੈਸੇ ਹੀ ਪਤਿਤ ਪਤਿ ਕੋਟਨ ਪਾਸੰਗ ਭਰ, ਮੋਹ ਜਮ ਡੰਡ ਐ ਨਰਕ ਉਪਕਾਰ ਹੈ॥੫੨੩॥

ਜਿਸ ਤਰ੍ਹਾਂ ਚੋਰ ਨੂੰ ਚੁਰਸਤੇ ਵਿਚ ਸੂਲੀ ਚੜ੍ਹਾਉਣਾ ਚਾਹੀਦਾ ਸੀ ਪਰ ਜੇ ਇਕ ਦੋ ਉਂਗਲਾਂ ਲਾ ਕੇ ਜੂੰਡਾ ਵੱਢ ਛੱਡੀਏ ਤਾਂ ਕਿਆ ਸੂਲੀ ਦੇ ਬਰਾਬਰ ਦੁਖ ਹੋ ਸਕਦਾ ਹੈ? ਜਿਕੁਰ ਸ਼ਰ੍ਹਾ ਤੋਂ ਬਰਖਿਲਾਫ ਖੋਟੇ ਆਦਮੀ ਨੂੰ ਪਿੰਡੋਂ ਕੱਢਣਾ ਹੀ ਚਾਹੀਦਾ ਹੈ ਪਰ ਸਗੋਂ ਉਸ ਦੀ ਵਲੋਂ ਮੂੰਹ ਮੋੜ ਕੇ ਬਹਿ ਜਾਵੇ ਉਸ ਨੂੰ ਜਿਤਨਾ ਕੁ ਆਰਾ ਲੱਕੜ ਨੂੰ ਦੁਖ ਦੇਂਦਾ ਹੈ ਓਨਾ ਕੁ ਦੁਖ ਓਹਨੂੰ ਹੋ ਸਕਦਾ ਹੈ? ਜਿਕੁਰ ਬਾਹਲੇ ਪੱਥਰਾਂ ਦਾ ਭਾਰ ਹਾਥੀ ਤੇ ਪਾਉਣਾ ਚਾਹੀਦਾ ਸੀ ਤਿਸ ਦੇ ਸਿਰ ਉਤੋਂ ਦੀ ਸੁਆਹ ਉਡਾ ਕੇ ਪਰੇ ਨੂੰ ਸੁਟ ਦੇਈਏ ਤਦ ਉਸ ਨੂੰ ਕੁਝ ਭਾਰ ਹੋ ਸਕਦਾ ਹੈ। ਮੈਂ ਪਾਪੀਆਂ ਦਾ ਵੱਡਾ ਪਾਪੀ ਰਾਜਾ ਹਾਂ ਅਤੇ ਕਰੋੜਾਂ ਹੀ ਪਾਪੀ ਮੇਰੇ ਪਾਸਕੂ ਬਰਾਬਰ ਤੱਕੜੀ ਵਿਚ ਭਰ ਕੇ ਨਹੀਂ ਤੁਲ ਸਕਦੇ ਸਗੋਂ ਮੈਨੂੰ ਨਰਕ ਵਿਚ ਪਾਉਣਾ ਵੀ ਉਪਕਾਰ ਦਾ ਕੰਮ ਹੈ।

ਕਬਿਤ—ਜੌ ਪੈ ਚੋਰ ਚੋਰੀ ਕੈ ਬਤਾਵੈ ਹੰਸ ਮਾਨਸਰ, ਛੂਟੈ ਕੈ ਨ ਜਾਇ ਘਰ ਸੂਰੀ ਚਾੜ੍ਹ ਮਾਰੀਐ॥ ਬਾਟਮਾਰ ਬਾਟਪਾਰ ਬਗ ਮੀਨ ਜੋ ਬਤਾਵੈ, ਤਤਖਿਨ ਤਤਕਾਲ ਮੂੰਡ ਕਾਟ ਡਾਰੀਐ॥ ਜੌਪੈ ਪਰਦਾਰਾ ਭਜ ਮ੍ਰਿਗਨ ਬਤਾਵੈ ਬਿਟੂ, ਕਾਨ ਨਾਕ ਖੰਡ ਡੰਡ ਨਗਰ ਨਿਕਾਰੀਐ॥ ਚੋਰੀ ਬਾਟਪਾਰੀ ਪਰਨਾਰੀ ਕੈ ਤ੍ਰਿਦੋਖ ਮਮ, ਨਰਕ ਅਰਕ ਸੁਤ ਡੰਡ ਦੇਤ ਹਾਰੀਐ॥੫੨੪॥

ਜਿਕੁਰ ਕੋਈ ਚੋਰ ਚੋਰੀ ਕਰਕੇ ਦਸੇ ਕਿ (ਮਾਨ ਸਰੋਵਰ ਵਾਲੇ ਹੰਸਾਂ) ਭਲੇ ਮਾਣਸਾਂ ਨੇ ਕੀਤੀ ਹੈ ਅਤੇ ਮੈਂ ਨਹੀਂ। ਸੋ ਛੁਟ ਕੇ ਘਰ ਨਹੀਂ ਜਾਂਦਾ ਉਸ ਨੂੰ ਓਸੇ

ਸੂਲੀ ਤੇ ਚਾੜ੍ਹ ਕੇ ਮਾਰ ਦਿੰਦੇ ਹਨ। ਜਿਕੁਰ ਬਗਲਾ ਮਛੀਆਂ ਨੂੰ ਮਾਰ ਕੇ ਹੋਰ ਕਿਸੇ ਦਾ ਨਾਮ ਲਏ ਤਾਂ ਬਗਲੇ ਨੂੰ ਹੀ ਮਾਰਿਆ ਜਾਂਦਾ ਹੈ ਇਕੁਰ ਹੀ ਜੋ ਰਾਹ ਮਾਰ ਰਸਤੇ ਵਿਚ ਕਿਸੇ ਨੂੰ ਲੁਟ ਕੇ ਹੋਰ ਕਿਸੇ ਦਾ ਨਾਮ ਲਵੇ ਤਾਂ ਉਸ ਵੇਲੇ ਉਸ ਦਾ ਛਾਤੀ ਨਾਲ ਸਿਰ ਵਢ ਦਿਤਾ ਜਾਂਦਾ ਹੈ। ਜਿਕੁਰ ਜੇ ਕੋਈ ਪਰਾਈ ਇਸਤਰੀ ਨਾਲ ਸਬੰਧ ਕਰਕੇ (ਹਰਨਾਂ ਦੇ ਪੁਤਰਾਂ) ਕਿਸੇ ਜੰਗਲ ਵਿਚ ਰਹਿਣ ਵਾਲੇ ਮਹਾਤਮਾਂ ਦਾ ਨਾਮ ਲੈ ਦੇਵੇ ਤਾਂ ਉਸੇ ਦਾ ਹੀ ਨਕ ਕੰਨ ਟੁਕੜੇ ਟੁਕੜੇ ਕਰਕੇ ਤੇ ਦੰਡ ਦੇ ਕੇ ਪਿੰਡੋਂ ਕੱਢ ਦੇਂਦੇ ਹਨ। ਚੋਰੀ, ਰਾਹ ਮਾਰੀ, ਪਰਾਈ ਇਸਤਰੀ ਦਾ ਭੋਗਣਾ, ਇਹ ਤਿੰਨ ਦੋਖ ਮੇਰੇ ਵਿਚ ਵੀ ਹਨ ਇਸ ਲਈ ਨਰਕ ਵਿਚ ਧਰਮ ਰਾਜਾ ਮੈਨੂੰ ਸਜ਼ਾ ਦੇਂਦਾ ਹਾਰ ਜਾਵੇਗਾ, ਇਕ ਕੰਮ ਨਾਲ ਇਕਰ ਦਾ ਹਾਲ ਹੋਇਆ ਸੀ ਤੇ ਮੇਰੇ ਵਿਚ ਤਾਂ ਇਕਰ ਦੇ ਬਾਹਲੇ ਦੂਸ਼ਨ ਹਨ।

ਕਬਿਤ—ਜਾਤ ਹੈ ਜਗਤ ਜੈਸੇ ਤੀਰਥ ਯਾਤ੍ਰਾ ਨਮਿਤ, ਮਾਂਝ ਹੀ ਬਸਤ ਬਗ ਮਹਿਮਾ ਨਾ ਜਾਨੀ ਹੈ॥ ਪੂਰਨ ਪ੍ਰਗਾਸ ਭਾਸ ਕਰ ਜਗ ਮਗ ਜੋਤਿ, ਉਲੂ ਅੰਧ ਕੰਧ ਬੂਰੀ ਕਰਨੀ ਕਮਾਨੀ ਹੈ॥ ਜੈਸੇ ਤੌ ਬਸੰਤ ਸਮੈ ਸਫਲ ਬਨਾਸਪਤੀ, ਨਿਹਫਲ ਸੈਂਬਲ ਬਡਾਈ ਉਰ ਆਨੀ ਹੈ॥ ਮੋਹਿ ਗੁਰ ਸਾਗਰ ਮੈ ਚਾਖਯੋ ਨਹੀਂ ਪ੍ਰੇਮ ਰਸ, ਤ੍ਰਿਖਾਵੰਤ ਚਾਤ੍ਰਿਕ ਜੁਗਤ ਬਕ ਬਾਨੀ ਹੈ॥ ੫੨੫॥

ਜਿਕੁਰ ਦੂਰੋਂ ਦੂਰੋਂ ਤੁਰਕੇ ਤੀਰਥਾਂ ਦੀ ਯਾਤਰਾ ਵਾਸਤੇ ਜਗਤ ਆਉਂਦਾ ਹੈ ਅਰ ਬਗਲਾ ਤੀਰਥ ਦੇ ਵਿਚ ਹੀ ਰਹਿੰਦਾ ਹੈ ਪਰ ਮਹਿਮਾ ਨਹੀਂ ਜਾਣਦਾ। ਸੂਰਜ ਆਪਣੀਆਂ ਕਿਰਨਾਂ ਦੁਆਰਾ ਸਾਰੇ ਪੂਰਨ ਚਾਨਣ ਜੋਤੀ ਦਾ ਲਿਸ਼ਕਣ ਵਾਲਾ ਕਰਦਾ ਹੈ ਪਰ ਉਲੂ ਅੰਨ੍ਹੇ ਸਰੀਰ ਵਾਲੇ ਹਨ ਬੁਰੀ ਕਮਾਈ ਕੀਤੀ ਹੈ। ਜਿਕੁਰ ਬਸੰਤ ਰੁਤ ਦੇ ਵੇਲੇ ਸਾਰੇ ਦਰਖਤ ਫਲੇ ਹੁੰਦੇ ਹਨ ਪਰ ਸਿੰਮਲ਼ ਰੁਖ ਬੇ ਫਲਾ ਹੀ ਰਹਿੰਦਾ ਹੈ ਕਿਉਂਕਿ ਉਸ ਨੇ ਆਪਣੀ ਲੰਮਾਣ ਦੀ ਵਡਿਆਈ ਆਂਦੀ ਹੈ। ਮੈਂ ਪਪੀਹੇ ਦੀ (ਯੁਕਤੀ) ਵਾਕੁਰ ਹਾਂ। ਜਿਕਰ ਪਪੀਹਾ ਭਰੇ ਹੋਏ ਸਮੁੰਦਰ ਦਾ ਪਾਣੀ ਛਡ ਕੇ ਬਰਖਾ ਦੇ ਪਾਣੀ ਨੂੰ ਟੀਂ ਟੀਂ ਕਰਦਾ ਰਹਿੰਦਾ ਹੈ ਅਤੇ ਤਿਸ ਨਾਲ ਵੀ ਰੱਜਦਾ ਨਹੀਂ ਹੈ।

ਕਬਿਤ—ਜੈਸੇ ਗਜ ਰਾਜ ਗਾਜ ਮਾਰਤ ਮਨੁਖ ਸਿਰ, ਡਾਰਤ ਹੈ ਛਾਰ ਤਾਹਿ ਕਹਤ ਅਰੋਗ ਜੀ॥ ਜੈਸੇ ਸੂਆ ਪਿੰਜਰੇ ਮੈ ਕਹਤ ਬਨਾਇ ਬਾਤੇ, ਪੇਖ ਸੁਨ ਕਹੇ ਤਾਂਹਿ ਰਾਜ ਗ੍ਰਿਹ ਜੋਗ ਸੀ॥ ਤੈਸੇ

ਸੁਖ ਸੰਪਤ ਮਦੋਨ ਮੱਤ ਪਾਪ ਕਰੈ, ਤਾਂਹਿ ਕਹੈਂ ਸੁਖੀਆ ਰਮਤ ਰਸ ਭੋਗ ਜੀ ॥ ਜਤੀ ਸਤੀ ਔ ਸੰਤੋਖੀ ਸਾਧਨ ਕੀ ਨਿੰਦਾ ਕਰੈ, ਉਲਟੋ ਹੀ ਗਿਆਨ ਧਯਾਨ ਹੈ ਅਗਯਾਨ ਲੋਗ ਜੀ ॥੫੨੬॥

ਜਿਕੁਰ ਹਾਥੀ ਚੀਕ ਮਾਰ ਕੇ ਆਦਮੀਆਂ ਨੂੰ ਮਾਰਦਾ ਹੈ ਅਤੇ ਸਿਰ ਵਿਚ ਸਵਾਹ ਸੁਟਦਾ ਹੈ ਤਾਂ ਉਸ ਨੂੰ ਅਰੋਗ ਆਂਹਦੇ ਹਨ । ਜਿਕੁਰ ਤੋਤਾ ਪਿੰਜਰੇ ਵਿਚ ਬਣਾ ਕੇ ਗਲਾਂ ਕਰਦਾ ਹੈ ਤਾਂ ਉਸ ਨੂੰ ਵੇਖ ਕੇ ਅਤੇ ਤਿਸ ਦੀਆਂ ਗੱਲਾਂ ਸੁਣ ਕੇ ਆਂਹਦੇ ਹਨ ਇਹ (ਤੋਤਾ) ਤਾਂ ਰਾਜੇ ਦੇ ਘਰ ਦੇ ਲਾਇਕ ਪੜ੍ਹਿਆ ਹੋਇਆ ਹੈ । ਤਿਕੁਰ ਹੀ ਜਿਹੜਾ ਰਾਜ ਭਾਗ ਦੇ ਸੁਖ ਵਿਚ ਪੈ ਕੇ ਅਤੇ ਅਕਲ ਨੂੰ ਹੰਕਾਰ ਨਾਲ ਮਸਤ ਕਰਕੇ ਵਾਹਿਗੁਰੂ ਦੇ ਅਨੰਦ ਰਮਦਾ ਅਤੇ ਭੋਗਦਾ ਹੈ । ਇਹ ਆਖਦਾ ਹੈ ਜਤੀ ਸਤੀ ਅਤੇ ਸੰਤੋਖੀਆਂ ਸੰਤਾਂ ਦੀ ਨਿੰਦਿਆ ਕਰਕੇ ਇਕੁਰ ਦਾ ਅਗਿਆਨੀਆਂ ਲੋਕਾਂ ਦੇ ਗਿਆਨ ਦਾ ਧਿਆਨ ਪੁਠਾ ਹੀ ਹੈ ।

ਸਵੈਯਾ—ਜੌ ਗਰਬੈ ਬਹੁ ਬੂੰਦ ਚਿਤੰਤਰਿ, ਸਨਮੁਖ ਸਿੰਧ ਸੋਭਾ ਨਹੀਂ ਪਾਵੈ ॥ ਜੌ ਬਹੁ ਉਡੈ ਖੱਗ ਧਾਰ ਮਹਾਬਲ, ਪੇਖ ਅਕਾਸ ਰਿਦੈ ਸੁਕਚਾਵੈ ॥ ਜਯੋਂ ਬ੍ਰਹਮੰਡ ਪ੍ਰਚੰਡ ਬਿਲੋਕਤ, ਗੂਲਰ ਜੰਤ ਉਡੰਤ ਲਜਾਵੈ ॥ ਤੂੰ ਕਰਤਾ ਹਮ ਕੀਏ ਤਿਹਾਰੇ ਜੀ, ਤੋਪਹਿ ਬੋਲਨ ਕਯੋਂ ਬਨ ਆਵੈ ॥ ੫੨੭ ॥

ਜੇ ਇਕ ਬੂੰਦ ਪਾਣੀ ਦੀ ਸਮੁੰਦਰ ਸਾਹਮਣੇ ਜਾ ਕੇ ਹੰਕਾਰ ਕਰੇ ਤਾਂ ਸ਼ੋਭਾ ਨਹੀਂ ਪਾ ਸਕਦੀ । ਜੇ ਬਾਹਲਾ ਬਲ ਧਾਰ ਕੇ ਪੰਛੀ ਬਹੁਤਾ ਅਕਾਸ਼ ਨੂੰ ਉਡੇ ਤਾਂ ਵੇਖ ਕੇ ਰਿਦੇ ਵਿਚ ਸ਼ਰਮਾਉਂਦਾ ਹੈ । ਜਿਕੁਰ ਬ੍ਰਿਛ ਦਾ ਜੀਵ ਹੰਕਾਰ ਕਰਕੇ ਉਡੇ ਤਾਂ ਉਸ ਨੇ ਬ੍ਰਹਮੰਡ ਦਾ ਪ੍ਰਤਾਪ ਵੇਖ ਕੇ ਸ਼ਰਮ ਹੀ ਕਰਨੀ ਹੈ । ਤਿਕੁਰ ਹੀ ਹੇ ਸੁਆਮੀ ਜੀ ! ਤੂੰ ਸਭਨਾਂ ਦੇ ਕਰਨ ਵਾਲਾ ਹੈਂ ਅਤੇ ਅਸੀਂ ਤੇਰੇ ਕੀਤੇ ਹੋਏ ਜੀਵ ਹਾਂ ਤੇਰੇ ਪਾਸ ਸਾਡਾ ਬੋਲਣਾ ਕਿਕੁਰ ਬਣ ਆਉਂਦਾ ਹੈ ।

ਸਵੈਯਾ—*ਤੋਸੋ ਨ ਨਾਮ, ਅਨਾਥ ਨ ਮੋਸਰ, ਤੋਸੋ ਨ ਦਾਨਿ, ਨ ਮੋਸੋ ਭਿਖਾਰੀ ॥ ਮੋਸੋ ਨ ਦੀਨ, ਦਯਾਲ ਨ ਤੋ ਸਰ, ਮੋਸੋ

---

*ਇਸ ਦਾ ਪਾਠ ਕਈ ਲਿਖਾਰੀਆਂ ਨੇ ਵਿਗਾੜਿਆ ਹੋਇਆ ਹੈ ਪਰ ਸ੍ਰਦਾਰ ਕਾਹਨ ਸਿੰਘ 'ਮਹਾਨ ਕੋਸ਼' ਦੇ ਕਰਤਾ ਨੇ ਇਕੁਰ ਦੇ ਪਾਠਾਂ ਨੂੰ ਬੜਾ ਸ਼ੁਧ ਲਿਖਿਆ ਹੈ । (ਗਿਆਨੀ ਬਿਸ਼ਨ ਸਿੰਘ)

ਅਗਯਾਨਿ ਨ ਤੋਸੋ ਵਿਚਾਰੀ ॥ ਮੋਸੋ ਪਤੱਤ, ਨ ਪਾਵਨ ਤੋ ਸਰ, ਮੋਸੋ ਵਿਕਾਰ ਨ ਤੋਸੋ ਪਕਾਰੀ ॥ ਮੋਰੇ ਹੈਂ ਔਗੁਨ, ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ ॥੫੨੮॥

ਤੇਰੇ ਵਰਗਾ ਸੁਆਮੀ ਨਹੀਂ (ਮੋਸਰ) ਮੇਰੇ ਵਰਗਾ ਗਰੀਬ ਨਹੀਂ, ਤੇਰੇ ਵਰਗਾ ਦਾਨੀ ਨਹੀਂ, ਮੇਰੇ ਵਰਗਾ ਭਿਖਾਰੀ ਨਹੀਂ । ਮੇਰੇ ਜਿਹਾ ਗਰੀਬ ਨਹੀਂ, ਤੇਰੇ ਜਿਹਾ ਦਯਾ ਦਾ ਘਰ ਨਹੀਂ, ਮੇਰੇ ਜਿਹਾ ਅਗਿਆਨੀ ਨਹੀਂ, ਤੇਰੇ ਜਿਹਾ ਵਿਚਾਰਵਾਨ (ਸਿਆਣਾ) ਨਹੀਂ । ਮੇਰੇ ਜਿਹਾ ਪਾਪੀ ਨਹੀਂ, ਤੇਰੇ ਜਿਹਾ ਪਵਿਤਰ ਕਰਨ ਵਾਲਾ ਨਹੀਂ, ਮੇਰੇ ਜਿਹਾ ਵਿਸ਼ੇ ਵਿਕਾਰੀ ਨਹੀਂ, ਤੇਰੇ ਜਿਹਾ ਉਪਕਾਰੀ ਨਹੀਂ । ਮੇਰੇ ਵਿਚ ਤਾਂ ਔਗੁਣ ਹਨ ਅਤੇ ਆਪ ਗੁਰੂ ਜੀ ਗੁਣਾਂ ਦੇ ਸਮੁੰਦਰ ਹੋ (ਤ੍ਰਾਹਿ ਤ੍ਰਾਹਿ) ਹੁਣ ਮੈਂ ਪਤਾਲ (ਨਰਕ) ਨੂੰ ਜਾਂਦਾ ਹਾਂ ਪਰ ਇਕ ਆਪ ਦੀ ਓਟ ਹੈ ।

ਕਬਿਤ—*ਉਲਟ ਪਵਨ ਮਨ ਮੀਨ ਕੀ ਚਪਲ ਗਤਿ ਦਸਮ ਦੁਆਰ ਪਾਰ ਅਗਮ ਨਿਵਾਸ ਹੈ ॥ ਤਹ ਨ ਪਾਵਕ ਪਵਨ ਜਲ ਪ੍ਰਿਥਮੀ ਅਕਾਸ, ਨਾਂਹਿ ਸਸਿ ਸੂਰ ਉਤਪਤ ਨਾ ਬਨਾਸ ਹੈ ॥ ਨਾਂਹਿ ਪਰਕਿਰਤ ਵਿਰਤ ਪਿੰਡ ਪ੍ਰਾਨ ਗਯਾਨ, ਸਬਦ ਸੁਰਤਿ ਨਾਂਹਿ ਦ੍ਰਿਸ਼ਟਿ ਪ੍ਰਗਾਸ ਹੈ ॥ ਸ੍ਵਾਮੀ ਨ ਸੇਵਕ ਉਨਮਾਨ ਅਨਹਦ ਪਰੇ, ਨਿਰਾਲੰਬ ਸੁੰਨ ਮੈ ਨ ਬਿਸਨ ਬਿਸਵਾਸ ਹੈ ॥੫੨੯॥

ਮਛੀ ਵਾਂਗਰ ਜਿਹੜਾ ਚੰਚਲ ਮਨ ਹੈ ਇਸ ਨੂੰ ਸਵਾਸਾਂ ਨਾਲ ਰਲਾ ਕੇ ਰੋਕਿਆ ਅਤੇ ਦਸਵੇਂ ਦਰਵਾਜੇ ਦੇ ਪਾਰ ਜਿਥੇ ਵਾਹਿਗੁਰੂ ਬੇਅੰਤ ਦਾ ਘਰ ਹੈ ਉਸ ਵਿਚ ਇਸਥਿਤ ਹੋਏ ਹਨ । (ਜਿਸ ਵਾਹਿਗੁਰੂ ਨਾਲ ਗੁਰਮੁਖ ਅਭੇਦ ਹੋਏ ਹਨ ਓਹੇ) ਓਸ ਵਿਚ ਨਾ ਅੱਗ, ਪੌਣ, ਪਾਣੀ, ਧਰਤੀ ਅਕਾਸ਼ ਅਤੇ ਨਾ ਹੀ ਚੰਦਰਮਾ, ਸੂਰਜ ਅਤੇ ਨਾ ਹੀ ਜੰਮਣਾ ਤੇ ਮਰਨਾ ਹੈ । ਜਿਥੇ ਗੁਰਾਂ ਨੇ ਬਿਸਰਾਮ ਕੀਤਾ ਹੈ ਨਾ ਹੀ ਮਾਇਆ ਦੀ ਬ੍ਰਿਤੀ ਦਾ ਜ਼ੋਰ ਹੈ ਨਾ ਹੀ ਸਰੀਰ ਪ੍ਰਾਣ ਗਿਆਨ ਬੁਧੀ ਸ਼ਬਦ ਸੁਰਤਿ ਤੇ ਦ੍ਰਿਸ਼ਟੀ ਦਾ ਪ੍ਰਕਾਸ਼ ਹੈ ਨਾ ਹੀ ਸੁਆਮੀ ਸੇਵਕ ਦਾ ਵਿਚਾਰ ਇਕ ਰਸ ਪਰੇ ਬਿਨਾਂ ਆਸਰੇ ਤੋਂ ਸੁੰਨ ਮੁੰਨ ਵਿਚ ਹੀ ਨਹੀਂ ਇਕਰ ਦੀ ਜਗਾ ਵਿਚ ਸਤਿਗੁਰਾਂ ਦਾ ਭਰੋਸਾ ਹੈ ।

---

*ਇਸ ਕਬਿਤ ਦੇ ਭਾਵ ਅਰਥ ਦਾ ਸ਼ਬਦ ਸ੍ਰੀ ਕਬੀਰ ਜੀ ਦਾ ਗਉੜੀ ਰਾਗ ਵਿਚ ਵੇਖੋ ਸਟੀਕ ਦੂਸਰੀ ਪੋਥੀ ਦੂਸਰਾ ਐਡੀਸ਼ਨ 'ਵਜੀਰ ਹਿੰਦ ਪ੍ਰੈਸ' ਵਿਚ ਛਪਿਆ, ਪੰਨਾ ੬੪੪ ।

ਕਬਿਤ—ਜੈਸੇ ਅਹਿਨਿਸਿ ਮਦ ਰਹਤ ਭਾਂਜਨ ਬਿਖੈ, ਜਾਨਤ ਨ ਮਰਮ ਕਿਧੌਂ ਕਵਨ ਪ੍ਰਕਾਰੀ ਹੈ ॥ ਜੈਸੇ ਬੇਲੀ ਭਰ ਭਰ ਬਾਂਟਿ ਦੀਜੀਅਤਿ ਸਭਾ, ਪਾਵਤ ਨ ਭੇਦ ਕਛੁ ਬਿਧਿ ਨ ਬਿਚਾਰੀ ਹੈ॥ ਜੈਸੇ ਦਿਨ ਪ੍ਰਤਿ ਮਦ ਬੇਰਤ ਕਲਾਲ ਬੈਠੇ, ਮਹਿਮਾ ਨ ਜਾਨਈ ਦਰਬ ਹਿਤਕਾਰੀ ਹੈ ॥ ਤੈਸੇ ਗੁਰ ਸ਼ਬਦ ਕੋ ਲਿਖ ਪੜ੍ਹ ਗਾਵਤ ਹੈ, ਵਿਰਲੋ ਅੰਮ੍ਰਿਤ ਰਸ ਪਦ ਅਧਿਕਾਰੀ ਹੈ ॥ ੫੩੦ ॥

ਜਿਕੁਰ ਸ਼ਰਾਬ ਰਾਤ ਦਿਨੇ ਬੋਤਲ ਵਿਚ ਰਹਿੰਦੀ ਹੈ ਪਰ ਓਹ ਭਾਂਡਾ ਭੇਦ ਨੂੰ ਨਹੀਂ ਜਾਣਦਾ ਕਿ ਕਿਕੁਰ ਦੀ ਹੈ ? ਜਿਕੁਰ ਸ਼ਰਾਬ ਨੂੰ (ਬੇਲੀ) ਪਿਆਲੀ ਭਰ ਭਰ ਕੇ ਸਭਾ ਵਿਚ ਵੰਡਦੀ ਹੈ ਅਰ ਆਪ ਨਾ ਹੀ ਕੁਝ ਭੇਦ ਪਾਉਂਦੀ ਹੈ ਕਿ ਕਿਕੁਰ ਦਾ ਸਵਾਦ ਹੈ ਅਤੇ ਨਾ ਹੀ ਕੁਝ ਵਿਧੀ ਦੀ ਰੀਤੀ ਵਿਚਾਰਦੀ ਹੈ। ਜਿਕੁਰ ਸਾਰੇ ਦਿਨ ਤਕ ਕਲਾਲ ਬੈਠਾ ਸ਼ਰਾਬ ਵੇਚਦਾ ਰਹਿੰਦਾ ਹੈ ਪਰ ਧਨ ਦਾ ਪਰਮੀ ਹੋਣ ਕਰ ਕੇ ਸ਼ਰਾਬ ਦੀ ਕੁਝ ਮਹਿਮਾ ਨਹੀਂ ਜਨਦਾ। ਤਿਕਰ ਹੀ ਗਰ ਸ਼ਬਦ ਨੂੰ ਲਿਖ ਪੜ੍ਹ ਕੇ ਭਾਵੇਂ ਬਾਹਲੇ ਸਾਰੇ ਰਾਗੀ ਆਦਿਕ ਗਾਉਂਦ ਹਨ ਗੁਰਾਂ ਦ ਨਾਮ ਅੰਮ੍ਰਿਤ ਰਸ ਦੀ ਪਦਵੀ ਦਾ ਅਧਿਕਾਰੀ ਲਾਇਕਤਾ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

ਕਬਿਤ—ਤਿਨ ਤਿਨ ਮੇਲ ਜੈਸੇ ਛਾਨ ਛਾਈਅਤਿ ਪੁਨ, ਅਗਨਿ ਪ੍ਰਕਾਸ਼ ਤਾਸ ਭਸਮ ਕਰਤ ਹੈ ॥ ਸਿੰਧ ਕੇ ਕਿਨਾਰੇ ਜੈਸੇ ਬਾਲੂ ਗ੍ਰਹ ਬਾਲ ਰਚੈ, ਲਹਰ ਉਮਗ ਭਏ ਧੀਰ ਨ ਧਰਤ ਹੈ॥ ਜੈਸੇ ਬਨ ਬਿਖੈ ਮਿਲ ਬੈਠਤ ਅਨੇਕ ਮ੍ਰਿਗ, ਏਕ ਮ੍ਰਿਗਰਾਜ ਗਾਜੇ ਰਹਜੋ ਨ ਪਰਤ ਹੈ॥ ਦ੍ਰਿਸ਼ਟਿ ਸ਼ਬਦ ਅਰੁ ਸੁਰਤਿ ਸੇ ਗਜਾਨ ਧਜਾਨ, ਪ੍ਰਗਟੇ ਪੂਰਨ ਪ੍ਰੇਮ ਸਗਲ ਰਹਤ ਹੈ॥ ੫੩੧ ॥

ਜਿਕੁਰ ਕਖ ਕਖ ਇਕਠਾ ਕਰਕੇ ਛੰਨ ਬਣਾਈਦੀ ਹੈ ਅਤੇ ਜੇ ਕਿਤੇ ਰਤਾ ਕੁ ਅੱਗ ਚਮਕ ਪਏ ਤਾਂ ਇਸ ਨੂੰ ਸੁਆਹ ਕਰ ਦਿੰਦੀ ਹੈ। ਜਿਕੁਰ ਸਮੁੰਦਰ ਦੇ ਕੰਢੇ ਮੁੰਡੇ ਘਰ ਬਣਾਉਂਦੇ ਹਨ ਪਰ ਸਮੁੰਦਰ ਦੀਆਂ ਲਹਿਰਾਂ ਦੀ ਛਲ ਆਉਣ ਨਾਲ ਧੀਰਜ ਨਹੀਂ ਧਰਦਾ। ਜਿਕੁਰ ਬਣ ਵਿਚ ਬਾਹਲੇ ਹਰਨ ਮਿਲ ਕੇ ਬਹਿੰਦੇ ਹਨ ਪਰ ਇਕ ਸ਼ੇਰ ਦੇ ਬੋਲਣ ਨਾਲ ਰਹਿਣਾ ਨਹੀਂ ਪਾਉਂਦਾ। ਤਿਕੁਰ ਹੀ ਨੇਤ੍ਰਾਂ ਦੀ ਨਜ਼ਰ, ਮੂੰਹ ਦੀ ਅਵਾਜ਼ ਅਤੇ ਕੰਨਾਂ ਦੀ ਸਰੋਤ ਹੋਰ ਦੇ ਅਨਮਤੀਆਂ ਦੇ ਵਲ ਛਲ ਕਰਨੇ, ਗਿਆਨ ਧਿਆਨ ਦਾ ਗੁਰਾਂ ਦੇ ਪੂਰੇ ਪਰੇਮ ਪ੍ਰਗਟਣ ਅਗੇ ਸਾਰੇ ਹੀ

(ਉਪਰੋਕਤ) ਰਹਿ ਜਾਂਦੇ ਹਨ ਭਾਵ ਜਦ ਪੂਰਾ ਚਾਨਣ ਹੋ ਜਾਂਦਾ ਹੈ ਤਾਂ ਹੋਰ ਕਾਸੇ ਦੀ ਲੋੜ ਨਹੀਂ ਰਹਿੰਦੀ।

ਕਬਿਤ–ਚੰਦਨ ਕੀ ਬਾਰ ਜੈਸੇ ਦੀਜੀਐ ਬੰਬੂਰ ਦ੍ਰੁਮ, ਕੰਚਨ ਸੰਪਟ ਮਧਿ ਕਾਚ ਗਹਿ ਰਾਖੀਐ ॥ ਜੈਸੇ ਹੰਸੁ ਪਾਸ ਬੈਠ ਬਾਇਸ ਗਰਬ ਕਰੈ, ਮ੍ਰਿਗ ਪਤਿ ਭਵਨ ਮੈਂ ਜੰਬਕ ਭਲਾਖੀਐ॥ ਜੈਸੇ ਗਰਦਬ ਗਜ ਪ੍ਰਤਿ ਉਪਹਾਸ ਕਰੈ, ਚਕ੍ਰਵੈ ਕੋ ਚੋਰ ਡਾਂਡੈ ਦੂਧ ਮਧ ਮਾਖੀਐ॥ ਸਾਧਨ ਦੁਰਾਇ ਕੈ ਅਸਾਧ ਅਪਰਾਧ ਕਰੈ, ਉਲਟੀ ਐ ਚਾਲ ਕਲੀ ਕਾਲ ਭ੍ਰਮ ਭਾਖੀਐ॥੫੩੨॥

ਜਿਕੁਰ ਚੰਦਨ ਦੇ ਬ੍ਰਿਛ ਨੂੰ ਵਢ ਕੇ ਕਿੱਕਰਾਂ ਦੇ ਦਰਖਤਾਂ ਨੂੰ ਵਾੜ ਦੇਂਦੇ ਹਨ ਅਤੇ ਸੋਨੇ ਦੇ ਡਬੇ ਵਿਚ ਕਚ ਨੂੰ ਫੜਕੇ ਰਖਦੇ ਹਨ। ਜਿਕੁਰ ਹੰਸ ਪਾਸ ਬਹਿ ਕੇ ਕਾਂ ਹੰਕਾਰ ਕਰੇ ਅਤੇ ਸ਼ੇਰ ਦੇ ਘਰ ਵਿਚ ਗਿਦੜ ਇਛਾ ਕਰੇ। ਜਿਕੁਰ ਖੋਤਾ ਹਾਥੀ ਨੂੰ ਮਖੌਲ ਕਰੇ ਅਤੇ ਚੱਕ੍ਰਵਰਤੀ ਰਾਜੇ ਨੂੰ ਚੋਰ ਤਾੜੇ, ਦੁਧ ਵਿਚ ਮਖੀ ਹੰਕਾਰ ਕਰੇ ਕਿ ਮੈਂ ਹੀ ਵਡੀ ਹਾਂ। (ਜਿਨ੍ਹਾਂ ਦਾ ਕਦੀ ਦੋਸ਼ ਨਾ ਉਤਰੇ) ਅਪਰਾਧ ਕਰਦੇ ਹਨ ਇਸ ਲਈ ਪੁਠੀ ਹੀ ਭਰਮ ਰੂਪ ਚਾਲ ਕਲਜੁਗ ਦੇ ਸਮੇਂ ਦੀ ਆਖੀਦੀ ਹੈ।

ਕਬਿਤ–ਜੈਸੇ ਬਿਨ ਲੋਚਨ ਬਿਲੋਕੀਐ ਨ ਰੂਪ ਰੰਗ, ਸ੍ਰਵਨ ਬਿਹੂਨ ਰਾਗ ਨਾਦ ਨ ਸੁਨੀਜੀਐ॥ ਜੈਸੇ ਬਿਨ ਜਿਹਵਾ ਨ ਉਚਰੈ ਬਚਨ ਅਰ ਨਾਸਕਾ ਬਿਹੂਨ ਬਾਸੁ ਬਾਸਨਾ ਨ ਲੀਜੀਐ ॥ ਜੈਸੇ ਬਿਨ ਕਰ ਕਰ ਸਕੈ ਨ ਕ੍ਰਿਤ ਕ੍ਰਮ ਚਰਨ ਬਿਹੂਨ ਭੌਨ ਗੌਨ ਕਤ ਕੀਜੀਐ॥ ਅਸਨ ਬਸਨ ਬਿਨ ਧੀਰਜ ਨ ਧਰੈ ਦੇਹ, ਬਿਨ ਗੁਰ ਸਬਦ ਨ ਪ੍ਰੇਮ ਰਸੁ ਪੀਜੀਐ॥੫੩੩॥

ਜਿਕੁਰ ਨੇਤਰਾਂ ਤੋਂ ਬਿਨਾਂ ਰੂਪ ਰੰਗ ਨਹੀਂ ਵੇਖਿਆ ਜਾਂਦਾ ਅਤੇ ਕੰਨਾਂ ਤੋਂ ਬਿਨਾਂ ਰਾਗ ਦਾ ਸ਼ਬਦ ਨਹੀਂ ਸੁਣਿਆਂ ਜਾਂਦਾ। ਜਿਕੁਰ ਜੀਭ ਤੋਂ ਬਿਨਾਂ ਬਚਨ ਨਹੀਂ ਉਚਾਰੇ ਜਾਂਦੇ ਅਤੇ ਨਾਸਾਂ ਤੋਂ ਬਿਨਾਂ ਵਾਸ਼ਨਾਂ ਵਿਚੋਂ ਵਾਸ਼ਨਾ ਨਹੀਂ ਲਈ ਜਾਂਦੀ। ਜਿਕੁਰ ਹਥਾਂ ਤੋਂ ਬਿਨਾਂ ਕੁਝ ਕੰਮ ਨਹੀਂ ਕਰਿਆ ਜਾਂਦਾ ਅਤੇ ਚਰਨਾਂ ਤੋਂ ਬਿਨਾਂ ਘਰ ਵਿਚ ਜਾਣਾ ਕਿਕੁਰ ਕਰੀਏ ? ਜਿਕੁਰ ਅੰਨ ਬਸਤਰ ਤੋਂ ਬਿਨਾਂ ਦੇਹ ਧੀਰਜ ਨਹੀਂ ਧਰਦੀ ਤਿਕੁਰ ਹੀ ਗੁਰ ਸ਼ਬਦ ਤੋਂ ਬਿਨਾਂ ਪਰੇਮ ਰਸ ਨਹੀਂ ਪੀਤਾ ਜਾਂਦਾ।

ਕਬਿਤ—ਜੈਸੇ ਫਲ ਸੈਂ ਬਿਰਖ, ਬਿਰਖ ਸੈਂ ਹੋਤ ਫਲ, ਅਦਭੁਤਿ ਗਤਿ ਕਛੁ ਕਹਨੁ ਨ ਆਵੈ ਜੀ॥ ਜੈਸੇ ਬਾਸ ਬਾਵਨ ਮੈ, ਬਾਵਨ ਹੈ ਬਾਸੁ ਬਿਖੈ, ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ॥ ਕਾਸ਼ਟ ਮੈ ਅਗਨਿ ਹੈ, ਅਗਨਿ ਮੈ ਕਾਸਟ ਹੈ, ਅਤਿ ਅਸਚਰਜ ਹੈ ਕੌਤਕ ਕਹਾਵੈ ਜੀ॥ ਸਤਿਗੁਰ ਮੈ ਸਬਦ, ਸਬਦ ਮੈ ਸਤਿਗੁਰ ਹੈ, ਨਿਰਗੁਣ ਗਿਆਨ ਧਿਆਨ ਸਮਝਾਵੈ ਜੀ॥੫੩੪॥

ਜਿਕੁਰ ਫਲ ਤੋਂ ਬ੍ਰਿਛ ਅਤੇ ਬ੍ਰਿਛ ਤੋਂ ਫਲ ਹੁੰਦਾ ਹੈ ਇਹ ਅਸਚਰਜ ਰੀਤੀ ਹੈ ਕੁਝ ਕਹਿਣ ਵਿਚ ਨਹੀਂ ਆਉਂਦੀ। ਜਿਕੁਰ ਵਾਸ਼ਨਾ ਚੰਦਨ ਵਿਚ ਅਤੇ ਚੰਦਨ ਵਾਸ਼ਨਾ ਵਿਚ ਹੈ ਇਹ ਅਸਚਰਜ ਤਮਾਸ਼ਾ ਹੈ,ਕੋਈ ਇਸਦਾ ਭੇਦ ਨਹੀਂ ਪਾ ਸਕਦਾ। ਜਿਕੁਰ ਲਕੜੀ ਵਿਚ ਅੱਗ ਹੈ ਅਤੇ ਅੱਗ ਵਿਚ ਲਕੜੀ ਹੈ ਇਹ ਬਾਹਲਾ ਅਸਚਰਜ ਤਮਾਸ਼ਾ ਕਹਾਉਂਦਾ ਹੈ। ਤਿਕੁਰ ਹੀ ਸਤਿਗੁਰਾਂ ਵਿਚ ਵਾਹਿਗੁਰੂ ਹੈ ਅਤੇ ਵਾਹਿਗੁਰੂ ਵਿਚ ਸਤਿਗੁਰੂ ਹਨ ਪਰ ਇਹ ਗਲ ਵਾਹਿਗੁਰੂ ਦੇ ਗਿਆਨ ਦਾ ਧਿਆਨ ਦਸਦਾ ਹੈ।

ਕਬਿਤ—ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਸੈਂ, ਤਾਂਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ॥ ਜੈਸੇ ਤੌ ਔਟਾਇ ਦੂਧ ਜਾਮਨ ਜਮਾਇ ਮਥ, ਸੰਜਮੁ ਸਹਤ ਘ੍ਰਿਤ ਪ੍ਰਗਟ ਕੈ ਮਾਨੀਐ॥ ਜੈਸੇ ਕੂਆ ਖੋਦ ਕੈ੍ਸੇ ਬਸੁਧਾ ਧਸਾਇ ਕੋਰੀ,ਲਾਜੁ ਕੈ ਬਹਾਇ ਡੋਲ ਕਾਢ ਜਲ ਆਨੀਐ॥ ਗੁਰ ਉਪਦੇਸ਼ ਤੈਸੇ ਭਾਵਨੀ ਭਗਤਿ ਭਾਇ, ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ॥੫੩੫॥

ਜਿਕੁਰ ਤਿਲ ਫੁਲਾਂ ਨਾਲ ਮਿਲ ਕੇ ਆਪਣੇ ਵਿਚ ਵਾਸ਼ਨਾ ਵਸਾ ਲੈਂਦਾ ਹੈ ਫਿਰ ਉਸ ਤੋਂ ਫੁਲੇਲ ਹੋ ਜਾਂਦਾ ਹੈ ਪਰ ਇਹ ਯਤਨ ਕਰਕੇ ਜਾਣਿਆਂ ਜਾਂਦਾ ਹੈ। ਜਿਕੁਰ ਦੁਧ ਨੂੰ ਕਾਹੜ ਕੇ ਜਾਗ ਲਾ ਕੇ ਜਮਾਈਦਾ ਹੈ ਅਤੇ ਸੰਜਮ ਦੇ ਸੰਜੁਗਤ ਰਖ ਕੇ ਸਵੇਰੇ ਰਿੜਕ ਕੇ ਘਿਓ ਕੱਢੀਦਾ ਹੈ। ਜਿਕੁਰ ਧਰਤੀ ਵਿਚ ਚੱਕ ਧਸਾ ਕੇ ਖੂਹ ਪੁਟੀਦਾ ਹੈ ਅਤੇ ਭੌਣੀ ਨਾਲ ਲੱਜ ਬੰਨ੍ਹ ਕੇ ਡੋਲ ਲਮਕਾ ਕੇ ਪਾਣੀ ਕੱਢ ਲਿਆਈਦਾ ਹੈ। ਤਿਕੁਰ ਹੀ ਗੁਰੂ ਉਪਦੇਸ਼ ਦੀ ਪਰੇਮਾ ਭਗਤੀ ਦੀ ਸਰਧਾ ਕਰ ਕੇ ਘਟਾਂ ਘਟਾਂ ਵਿਚ ਫੈਲੇ ਹੋਏ ਵਾਹਿਗੁਰੂ ਨੂੰ ਪਛਾਣ ਲਈਦਾ ਹੈ।

ਕਬਿਤ—ਜੈਸੇ ਤੌ ਸਰਿਤਾ ਜਲੁ ਕਾਸ਼ਟ ਕੋ ਨ ਬੋਰਤ, ਕਰਤ ਚਿਤ ਲਾਜ ਅਪਨੋ ਹੀ ਪ੍ਰਤਿਪਾਰਯੋ ਹੈ॥ ਜੈਸੇ ਤੌ ਕਰਤ ਸੁਤ ਅਨਿਕ ਅਯਾਨਪਨ, ਤਊ ਨ ਜਨਨਿ ਅਵਗੁਨ ਉਰ ਧਾਰਯੋ ਹੈ ॥ ਜੈਸੇ ਤੌ ਸਰਨਿ ਸੂਰ ਪੂਰਨ ਪ੍ਰਤੱਗਯਾ ਰਾਖੈ, ਲਖ ਅਪਰਾਧ ਕੀਏ ਮਾਰ ਨ ਬਿਡਾਰਯੋ ਹੈ॥ ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ, ਸਿਖਨ ਕੋ ਕ੍ਰਿਤ ਕ੍ਰਮੁ ਕਛੁ ਨ ਬਿਚਾਰਯੋ ਹੈ॥ ੫੩੬॥

ਜਿਕੁਰ ਨਦੀ ਦਾ ਪਾਣੀ ਲੱਕੜ ਨੂੰ ਨਹੀਂ ਡੋਬਦਾ ਆਪਣਾ ਪਾਲਿਆ ਹੋਇਆ (ਬੂਟਾ ਵਿਚਾਰ ਕੇ) ਚਿਤ ਵਿਚ ਸ਼ਰਮ ਕਰਦਾ ਹੈ। ਜਿਕੁਰ ਪੁਤ੍ਰ ਭਾਵੇਂ ਬਾਹਲੀਆਂ ਬੇਸਮਝੀਆਂ ਕਰਦਾ ਹੈ ਪਰ ਫਿਰ ਵੀ ਮਾਂ ਇਕ ਵੀ ਔਗੁਣ ਰਿਦੇ ਵਿਚ ਨਹੀਂ ਭਰਦੀ। ਜਿਕੁਰ ਸੂਰਮਾ ਸ਼ਰਨ ਆਏ ਦੀ ਪੂਰੀ ਪ੍ਰਤਿਗਿਆ ਰਖਦਾ ਹੈ ਭਾਵੇਂ ਓਹ ਓਸੇ ਦੇ ਹੀ ਲੱਖਾਂ ਅਪਰਾਧ ਕਰਦਾ ਆਇਆ ਹੋਵੇ ਪਰ ਫਿਰ ਵੀ ਸੂਰਮਾ ਮਾਰ ਕੇ ਉਸ ਨੂੰ ਪਰੇ ਨਹੀਂ ਸੁਟ ਦਿੰਦਾ। ਜਿਕੁਰ ਪਾਰਸ ਦੀ ਰੀਤ ਹੈ ਕਿ ਜਿਹੜੀ ਪਾਰਸ ਨਾਲ ਧਾਂਤ ਛੋਹ ਜਾਵੇ ਓਹੋ ਹੀ ਸੋਨਾ ਹੋ ਜਾਂਦੀ ਹੈ ਤਿਕੁਰ ਹੀ ਹਛੇ ਉਤਮ ਗੁਰਾਂ ਦੀ ਰੀਤੀ ਹੈ ਕਿ ਸਿਖਾਂ ਨੂੰ ਸ਼ੁਧ ਕਰ ਦੇਂਦੇ ਹਨ ਅਤੇ ਤਿਨ੍ਹਾਂ ਦਾ ਕੋਈ ਮਾੜਾ ਕੰਮ ਕੀਤਾ ਹੋਇਆ ਕੁਝ ਨਹੀਂ ਵਿਚਾਰਦੇ।

ਕਬਿਤ—ਜੈਸੇ ਜਲ ਧੋਇ ਬਿਨ ਅੰਬਰ ਮਲੀਨ ਹੋਤ, ਬਿਨ ਤੇਲ ਮੇਲੇ ਤੈਸੇ ਕੇਸ ਹੂ ਭਯਾਨ ਹੈ॥ ਜੈਸੇ ਬਿਨ ਮਾਂਜੇ ਦਰਪਨ ਜੋਤਿ ਹੀਨ ਹੋਤ, ਬਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ ॥ ਜੈਸੇ ਬਿਨ ਦੀਪਕ ਭਵਨ ਅੰਧਕਾਰ ਹੋਤ, ਲੋਨ ਘ੍ਰਿਤ ਬਿਨ ਜੈਸੇ ਭੋਜਨ ਮਸਾਨ ਹੈ॥ ਤੈਸੇ ਬਿਨ ਸਾਧ ਸੰਗ ਜਨਮ ਮਰਨ ਦੁਖ, ਮਿਟਤ ਨ ਭੈ ਭਰਮ ਬਿਨ ਗੁਰ ਗਯਾਨ ਹੈ॥ ੫੩੭॥

ਜਿਕੁਰ ਪਾਣੀ ਨਾਲ ਧੋਣ ਤੋਂ ਬਿਨਾਂ ਕਪੜਾ ਮੈਲਾ ਹੁੰਦਾ ਹੈ ਅਤੇ ਤੇਲ ਲਾਏ ਬਿਨਾਂ ਜਿਕੁਰ ਵਾਲ ਡਰਾਉਣੇ ਹੁੰਦੇ ਹਨ। ਜਿਕੁਰ ਮਾਂਜਣ ਤੋਂ ਬਿਨਾਂ ਸ਼ੀਸ਼ੇ ਦੀ ਜੋਤੀ ਹੀਨ ਹੁੰਦੀ ਹੈ ਅਤੇ ਜਿਕੁਰ ਬਰਖਾ ਤੋਂ ਬਿਨਾਂ ਖੇਤ ਵਿਚ ਧਾਨ ਨਹੀਂ (ਉਗਦੇ) ਜਿਕੁਰ ਦੀਵੇ ਤੋਂ ਬਿਨਾਂ ਘਰ ਵਿਚ ਹਨੇਰਾ ਹੁੰਦਾ ਹੈ ਅਤੇ ਜਿਕੁਰ ਲੂਣ ਘਿਓ ਤੋਂ ਬਿਨਾਂ ਅੰਨ (ਰਸੋਈ) ਮਸਾਣਾਂ ਦੀ ਸੁਆਹ ਵਾਂਗਰ ਹੁੰਦਾ ਹੈ। ਤਿਕੁਰ ਹੀ ਸਾਧ

ਸੰਗਤ ਤੋਂ ਬਿਨਾਂ ਜਨਮ ਮਰਨ ਦਾ ਦੁਖ ਅਤੇ ਗੁਰ ਗਿਆਨ ਤੋਂ ਬਿਨਾਂ ਜਮਾਂ ਦਾ ਡਰ ਦਿਲ ਦਾ ਭਰਮ ਨਹੀਂ ਮਿਟਦਾ।

ਕਬਿਤ—ਜੈਸੇ ਮਾਂਝਿ ਬੈਠੇ ਬਿਨ ਬੋਹਿਥ ਨ ਪਾਰ ਪਰੈ, ਪਾਰਸ ਪਰਸ ਬਿਨ ਧਾਤ ਨ ਕਨਿਕ ਹੈ॥ ਜੈਸੇ ਬਿਨੁ ਗੰਗਾ ਨਾਹਿ ਪਾਵਨ ਹੈ ਆਨ ਜਲ, ਨਾਰਿ ਨ ਭਤਾਰ ਬਿਨ ਸੁਤ ਨ ਅਨਿਕ ਹੈ॥ ਜੈਸੇ ਬਿਨ ਬੀਜ ਬੋਇ ਨਿਪਜੈ ਨ ਧਾਨ ਧਾਰਾ, ਸੀਪ ਸ੍ਵਾਂਤਿ ਬੂੰਦ ਬਿਨੁ ਮੁਕਤਾ ਨ ਮਨਿਕ ਹੈ॥ ਤੈਸੇ ਹੀ ਸੋ ਚਰਨ ਸ਼ਰਨ ਗੁਰ ਭੇਟੇ ਬਿਨ, ਜਨਮ ਮਰਨ ਮੇਟ ਜਨਨਿ ਜਨਕ ਹੈ॥੫੩੯॥

ਜਿਕੁਰ ਜਹਾਜ਼ ਵਿਚ ਬੈਠਣ ਤੋਂ ਬਿਨਾਂ ਪਾਰ ਨਹੀਂ ਪੈ ਸਕਦੇ, ਪਾਰਸ ਨੂੰ ਛੋਹੇ ਤੋਂ ਬਿਨਾਂ ਧਾਤਾਂ (ਪਿਤਲ ਲੋਹਾ) ਸੋਨਾ ਨਹੀਂ ਹੋ ਸਕਦੀਆਂ। ਜਿਕੁਰ ਗੰਗਾ ਨਦੀ ਦੇ ਪਾਣੀ ਤੋਂ ਬਿਨਾਂ ਹੋਰ ਪਾਣੀ ਪਵਿਤਰ ਨਹੀਂ ਹੋ ਸਕਦਾ, ਇਸਤਰੀ ਪਤੀ ਤੋਂ ਬਿਨਾਂ ਪੁਤਰ ਪ੍ਰਗਟ ਨਹੀਂ ਕਰ ਸਕਦੀ। ਜਿਕੁਰ ਬੀ ਬੀਜੇ ਤੋਂ ਬਿਨਾਂ ਧਾਈਆਂ ਦੇ ਅੰਗੂਰੀ ਦੇ ਇਕੱਠ ਨਹੀਂ ਉਗਦੇ ਅਤੇ ਸਿਪੀ ਵਿਚ ਸਵਾਂਤੀ ਬੂੰਦ ਪਈ ਤੋਂ ਬਿਨਾਂ ਮੋਤੀ ਦਾ ਮਣਕਾ ਨਹੀਂ ਬਣਦਾ। ਤਿਕੁਰ ਹੀ ਗੁਰਾਂ ਦੀ ਚਰਨ ਸ਼ਰਨ ਆ ਕੇ ਮਿਲੇ ਤੋਂ ਬਿਨਾਂ ਮਾਤਾ ਪਿਤਾ ਤੇ ਘਰ ਦਾ ਜਨਮ ਮਰਨ ਦਾ ਦੁਖ ਕਿਸ ਤਰਾਂ ਮਿਟ ਸਕਦਾ ਹੈ?

ਕਬਿਤ—ਜੈਸੇ ਤੌ ਮੰਜਾਰ ਕਹੈ ਕਰੋਂ ਨ ਅਹਾਰ ਮਾਸ, ਮੂਸਾ ਦੇਖ ਪਾਛੈ ਦੌਰੇ ਧੀਰ ਨ ਧਰਤ ਹੈ॥ ਜੈਸੇ ਕਾਗ ਰੀਸ ਕੈ ਮਰਾਲ ਸਭਾ ਜਾਇ ਬੈਠੇ, ਛਾਡ ਮੁਕਤਾਹਲ ਦੁਰੰਧ ਸਿਮਰੱਤ ਹੈ॥ ਜੈਸੇ ਮੋਨ ਗਹਿ ਸਿਆਰ ਜਤਨ ਅਨੇਕ ਕਰ, ਸੁਨਤ ਸਿਆਰ ਭਾਖਜਾ ਰਹਜੋ ਨ ਪਰਤ ਹੈ॥ ਤੈਸੇ ਪਰ ਤਨ ਧਨ ਦੂਖਨਾ ਤ੍ਰਿਦੋਖ ਮਨ, ਕਹਤ ਕੈ ਛੋਡਿਐ ਚਾਹੈ ਟੇਵ ਨ ਟਰਤ ਹੈ॥੫੩੯॥

ਜਿਕੁਰ ਬਿੱਲਾ ਆਖੇ ਕਿ ਮੈਂ ਮਾਸ ਨਹੀਂ ਖਾਂਦਾ ਪਰ ਚੂਹੇ ਨੂੰ ਵੇਖ ਕੇ ਪਿਛੇ ਦੌੜੇ ਅਤੇ ਧੀਰਜ ਨਾ ਧਰੇ। ਜਿਕੁਰ ਕਾਂ ਬਰਾਬਰੀ ਕਰਕੇ ਹੰਸਾਂ ਦੀ ਸਭਾ ਵਿਚ ਜਾ ਬੈਠੇ ਤਾਂ ਓਹ ਮੋਤੀਆਂ ਦਾ ਖਾਣਾ ਛਡਕੇ ਖੋਟੀ ਬਾਸ਼ਨਾਂ ਨੂੰ ਹੀ ਯਾਦ ਕਰਦਾ ਹੈ। ਜਿਕੁਰ ਗਿੱਦੜ ਬਾਹਲੇ ਉਪਾਉ ਕਰਕੇ ਚੁਪ ਕਰ ਛਡਦਾ ਹੈ ਪਰ ਹੋਰਨਾਂ ਭਰਾਵਾਂ ਦੀ

ਬੋਲੀ ਸੁਣ ਕੇ ਉਸ ਪਾਸੋਂ ਰਿਹਾ ਨਹੀਂ ਜਾਂਦਾ। ਤਿਕੁਰ ਹੀ ਪਰਾਏ ਸਰੀਰ ਧਨ ਵਿਚ ਦੂਸ਼ਨ ਅਰੋਪਣ ਕਰਦਾ ਹੈ ਇਹ ਮਨ ਨੂੰ ਤਿੰਨ ਤਰ੍ਹਾਂ ਦਾ ਅਸਾਧ ਰੋਗ ਲਗਾ ਹੋਇਆ ਹੈ ਮਨੋਂ ਤਾਂ ਆਦਮੀ ਇਹ ਕਹਿ ਕੇ ਛਡਿਆ ਚਾਹੁੰਦਾ ਹੈ ਕਿ ਮੈਂ ਕਿਸੇ ਦੀ ਨਿੰਦਿਆ ਆਦਿਕ ਨਾ ਕਰਾਂ ਪਰ ਇਹ ਜਿਹੜੀ ਬੁਰੀ ਆਦਤ ਪਈ ਹੋਈ ਹੈ ਇਹ ਨਹੀਂ ਟਲਦੀ।

ਝੂਲਨਾ ਛੰਦ—ਸਿੰਮ੍ਰਿਤ ਪੁਰਾਨ ਕੋਟਾਨ ਬਖਾਨ ਬਹੁ, ਭਾਗਵਤ ਬੇਦ ਬਿਆਕਰਣ ਗੀਤਾ ॥ ਸੇਸ ਮਰਜੇਸ ਅਖਲੇਸ ਸੁਰ ਮਹੇਸ ਮੁਨਿ, ਜਗਤ ਅਰ ਭਗਤ ਸੁਰ ਨਰ ਅਤੀਤਾ ॥ ਗਜਾਨ ਅਰੁ ਧਜਾਨ ਉਨਮਾਨ ਉਨਮਨ ਉਕਤ, ਰਾਗ ਨਾਦਿ ਦਿਜ ਸੁਰ ਮਤਿ ਨੀਤਾ ॥ ਅਰਧ ਲਗ ਮਾਤ੍ਰ ਗੁਰ ਸਬਦ ਅਖਰ ਮੇਕ ਅਗਮ ਅਤਿ ਅਗਮ ਅਗਾਧ ਮੀਤਾ ॥ ੫੪੦ ॥

(ਗੁਰੂ ਸ਼ਬਦ ਅੱਖਰ ਨੂੰ) ਸਿੰਮ੍ਰਤੀਆਂ ਪੁਰਾਨ ਬਾਹਲੇ ਅਤੇ ਭਾਗਵਤ ਵੇਦ ਵਿਆਕਰਣ, ਗੀਤਾ ਆਦਿਕ ਕਰੋੜਾਂ ਕਰੋੜਾਂ ਹੀ (ਭਾਵੇਂ) ਕਹਿਣ । (ਸ਼ੇਸ਼ਨਾਗ) ਸਪ, (ਮਰਜੇਸ) ਮੌਤ ਦਾ ਈਸ਼ਰ (ਧਰਮਰਾਜਾ), (ਅਖਲੇਸ) ਸਾਰਿਆਂ ਦਾ ਈਸ਼ਰ, ਵਡੇ ਦੇਵਤ, ਸ਼ਿਵਜੀ, ਮੁਨੀ, ਸੰਸਾਰ, ਭਗਤ, ਛੋਟੇ, ਦੇਵਤੇ, ਆਦਮੀ, ਸੰਤ (ਭਾਵੇਂ ਕਹਿਣ। ਗਿਆਨ, ਧਿਆਨ, ਵਿਚਾਰ ਮਸਤ ਮਨ, ਕਥਨ ਬਾਹਲਾ ਕਰਨਾ ਜਾਂ ਯੁਗਤੀ, ਰਾਗ ਦੇ ਅਵਾਜ, ਬ੍ਰਾਹਮਣਾਂ ਦਾ ਵਡਾ ਦੇਵਤਾ ਵਸ਼ਿਸ਼ਟ ਆਦਿਕ ਦੀ ਅਕਲ ਸਦਾ ਹੀ, ਵਾ ਰਾਜਨੀਤ ਵਾਲੇ (ਕਹਿਣ ਭਾਵੇਂ ਗੁਰ ਸ਼ਬਦ ਦੇ ਅਧੇ ਅੱਖਰ ਨੂੰ।

ਹੇ ਮਿੱਤ੍ਰ ਜੀ ! ਗੁਰਾਂ ਦਾ ਸ਼ਬਦ ਜੋ ਵਾਹਿਗੁਰੂ ਨਾਲ ਮਿਲਾਉਣ ਵਾਲਾ ਹੈ ਉਸ ਦੇ ਅਧੇ ਅੱਖਰ ਦੀ ਲਗ ਮਾਤ੍ਰ ਦੀ ਕੀਮਤ ਵੇਦਾਂ ਸ਼ਾਸਤਰਾਂ ਤੋਂ ਬਾਹਲੀ ਡੂੰਘੀ ਹੈ।

ਕਬਿਤ—ਦਰਸਨ ਦੇਖਯੋ ਦੇਖਯੋ ਸਕਲ ਸੰਸਾਰ ਕਹੈ, ਕਵਨ ਸੋ ਦ੍ਰਿਸਟਿ ਮਨ ਦਰਸ ਸਮਾਈਐ॥ ਗੁਰ ਉਪਦੇਸ ਸੁਨਯੋ ਸੁਨਯੋ ਸਭ ਕੋਊ ਕਹੈ, ਕਵਨ ਸੁਰਤ ਸੁਨ ਅਨਤ ਨ ਧਾਈਐ॥ ਜੈ ਜੈ ਕਾਰ ਜਪਤ ਜਪਤ ਗੁਰ ਮੰਤ੍ਰ ਜੀਹ, ਕਵਨ ਜੁਗਤ ਜੋਤੀ ਜੋਤਿ ਲਿਵ ਲਾਈਐ॥ ਦ੍ਰਿਸ਼ਟਿ ਸੁਰਤਿ ਗਜਾਨ ਧਜਾਨ ਸਰਬੰਗ ਹੀਨ, ਪਤਿਤ ਪਾਵਨ ਗੁਰ ਮੂੜ ਸਮਝਾਈਐ ॥੫੪੧॥

ਗੁਰੂ ਪ੍ਰਮਾਤਮਾ ਦਾ ਦਰਸ਼ਨ ਵੇਖਿਆ ਵੇਖਿਆ ਤਾਂ ਸਾਰਾ ਸੰਸਾਰ ਹੀ ਕਹਿੰਦਾ ਹੈ ਪਰ ਓਹ ਨੇਤਰਾਂ ਦੀ ਨਜ਼ਰ ਕਿਹੜੀ ਹੈ ਜਿਸ ਕਰ ਕੇ ਮਨ ਨੂੰ (ਗੁਰ) ਪ੍ਰਮਾਤਮਾ ਦੇ ਦਰਸ਼ਨ ਵਿਚ ਮਿਲਾਈਏ ? ਗੁਰ ਉਪਦੇਸ਼ ਸੁਣਿਆਂ ਸੁਣਿਆਂ ਸਭ ਕੋਈ ਆਖਦਾ ਹੈ ਪਰ ਓਹ ਕੇਹੜੀ ਸਰੋਤ ਸੁਣਨੀ ਹੈ ਜਿਸ ਨੂੰ ਸੁਣ ਕੇ ਹੋਰ ਦੇ ਨਾ ਦੌੜੀਏ ? ਉਚੀ ਉਚੀ ਅਵਾਜ਼ ਨਾਲ ਸਾਰਾ ਜਗਤ ਹੀ ਜੀਭ ਨਾਲ (ਗੁਰ ਮੰਤ੍ਰ) ਸਤਿਨਾਮ ਨੂੰ ਜਪਦਾ ਹੈ ਪਰ ਓਹ ਕਿਹੜੀ ਜੁਗਤੀ ਹੈ ਜਿਸ ਕਰ ਕੇ ਵਾਹਿਗੁਰੂ ਦੀ ਜੋਤੀ ਵਿਚ ਬ੍ਰਿਤੀ ਲਾਈਏ ? ਦ੍ਰਿਸ਼ਟੀ, ਸਰੋਤ, ਗਿਆਨ, ਧਿਆਨ ਇਤਿਆਦਿਕ ਸਾਰੇ ਅੰਗਾਂ ਤੋਂ ਹੀਨ ਆਦਮੀ ਹੈ ਪਰ ਪਾਪੀਆਂ ਨੂੰ ਪਵਿਤ੍ਰ ਕਰ ਕੇ ਅਤੇ ਮੂਰਖਾਂ ਨੂੰ ਗੁਰੂ ਹੀ ਸਮਝਾਉਣ ਵਾਲੇ ਹਨ ।

ਕਬਿਤ—ਜੈਸੇ ਖਾਂਡੁ ਖਾਂਡੁ ਕਹੈ ਮੁਖ ਨਹੀਂ ਮੀਠਾ ਹੋਇ, ਜਬ ਲਗੁ ਜੀਭ ਸ੍ਵਾਦਿ ਖਾਂਡੁ ਨਹੀਂ ਖਾਈਐ ॥ ਜੈਸੇ ਰਾਤ ਅੰਧਰੀ ਮੈ ਦੀਪਕ ਦੀਪਕ ਕਹੈ. ਤਿਮਰ ਨ ਜਾਇ ਜਬ ਲਗ ਨ ਜਰਾਈਐ ॥ ਜੈਸੇ ਗਯਾਨ ਗਯਾਨ ਕਹੈ ਗਯਾਨ ਹੂੰ ਨ ਹੋਤ ਕਛੁ, ਜਬ ਲਗੁ ਗੁਰ ਗਯਾਨ ਅੰਤਰ ਨ ਪਾਈਐ ॥ ਤੈਸੇ ਗੁਰ ਧ੍ਯਾਨ ਕਹੈ ਧ੍ਯਾਨ ਹੂੰ ਨ ਪਾਵਤ ਹੈ, ਜਬ ਲਗ ਗੁਰ ਦਰਸ ਜਾਇ ਨ ਸਮਾਈਐ ॥੫੪੨॥

ਜਿਕੁਰ ਖੰਡ ਖੰਡ ਆਖਿਆਂ ਮੂੰਹ ਮਿਠਾ ਨਹੀਂ ਹੁੰਦਾ ਜਿਤਨਾ ਚਿਰ ਜੀਭ ਨਾਲ ਸਵਾਦ ਲੈ ਕੇ ਖੰਡ ਨਾ ਖਾਈਏ । ਜਿਕੁਰ ਰਾਤ ਹਨੇਰੀ ਵਿਚ ਦੀਵਾ ਦੀਵਾ ਕਿਹਾਂ ਹਨੇਰਾ ਨਹੀਂ ਜਾਂਦਾ ਜਿਤਨਾਂ ਚਿਰ (ਦੀਵਾ) ਨਾ ਬਾਲੀਏ । ਜਿਕੁਰ ਗਿਆਨ ਗਿਆਨ ਕਹਿਣ ਨਾਲ ਕੁਝ ਗਿਆਨ ਨਹੀਂ ਹੋ ਜਾਂਦਾ ਜਿਤਨਾਂ ਚਿਰ ਗੁਰ ਗਿਆਨ ਨੂੰ ਰਿਦੇ ਅੰਦਰ ਨਾ ਧਾਰੀਏ । ਤਿਕੁਰ ਹੀ ਗੁਰਾਂ ਦਾ ਧਿਆਨ ਕਹਿੰਦਾ ਰਹੇ ਤਾਂ ਗੁਰਾਂ ਦਾ ਧਿਆਨ ਨਹੀਂ ਪਾ ਲੈਂਦਾ ਜਿਤਨਾਂ ਚਿਰ ਗੁਰਾਂ ਦੇ ਦਰਸ਼ਨ ਵਿਚ ਜਾ ਨਾ ਸਮਾਵੇ ।

ਕਬਿਤ—ਸਿੰਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਬਿਰੰਚ ਬ੍ਯਾਸ, ਨੇਤਿ ਨੇਤਿ ਨੇਤਿ ਸੁਕ ਸੇਖ ਜਸ ਗਾਯੋ ਹੈ ॥ ਸਿਵ ਸਨਕਾਦਿ ਨਾਰਦਾਦਿਕ ਰਖੀਸਰਾਦਿ, ਸੁਰ ਨਰ ਨਾਥ ਜੋਗ ਧ੍ਯਾਨ ਮੈ ਨ ਆਯੋ ਹੈ ॥ ਗਿਰ ਤਰ ਤੀਰਥ ਗਵਨ ਪੁੰਨ ਦਾਨ ਬ੍ਰਤ ਹੋਮ ਜਗ ਭੋਗ ਨਈ

ਵੇਦ ਕੈ ਨ ਪਾਯੋ ਹੈ ॥ ਅਸ ਵਡ ਭਾਗ ਮਾਯਾ ਮਧ ਗੁਰ ਸਿਖਨ ਕੌ, ਪੂਰਨ ਬ੍ਰਹਮ ਗੁਰ ਰੂਪ ਹ੍ਵੈ ਦਿਖਾਯੋ ਹੈ ॥੫੪੩॥

(ਜਿਸ ਵਾਹਿਗੁਰੂ ਦਾ ਜਸ) ਸਿੰਮ੍ਰਤੀਆਂ ਪੁਰਾਨ ਵੇਦ ਸ਼ਾਸਤਰ ਬ੍ਰਹਮਾ ਵੇਦ ਵਿਆਸ ਸੁਕਦੇਵ ਸ਼ੇਸ਼ਨਾਗ ਜੀ ਨੇ (ਮਨ ਬਾਣੀ ਸਰੀਰ) ਕਰ ਕੇ ਗਾਇਆ ਹੈ। (ਜਿਹੜਾ ਵਾਹਿਗੁਰੂ) ਸ਼ਿਵ ਜੀ ਸਨਕ, ਸਨਤ ਕੁਮਾਰ, ਸਨੰਦਨ, ਸਨਾਤਨ ਆਦਿਕ ਨਾਰਦ ਆਦਿਕ ਰਿਖੀਆਂ ਦੇ ਈਸ਼ਰ ਆਦਿਕ। (ਤੇਤੀ ਕਰੋੜ) ਦੇਵਤੇ, ਸਾਰੇ ਜਗਤ ਦੇ ਆਦਮੀਆਂ ੧੫ ਜੋਗੀਆਂ ੧੬ ਦੇ ਧਿਆਨ ਵਿਚ ਨਹੀਂ ਆਇਆ। (ਜਿਹੜੇ ਵਾਹਿਗੁਰੂ ਨੂੰ) ਪਹਾੜਾਂ ਵਿਚ ਫਿਰਨ ਕਰਕੇ ਬ੍ਰਿਛਾਂ ਦੀ ਛਾਵੇਂ (ਘਰ ਮੰਦਰ ਛਡ ਕੇ) ਬਹਿਣ ਕਰਕੇ ਅਤੇ ਤੀਰਥਾਂ ਦੇ ਭੌਣ ਕਰਕੇ ਪੁੰਨ, ਦਾਨ, ਵਰਤ, ਹੋਮ, ਯੱਗਾਂ ਦੇ ਭੋਗਾਂ ਦੇ ਲਵਾਉਣ ਕਰਕੇ ਠਾਕਰਾਂ ਦੀ ਮੂਰਤ ਨੂੰ ਤਨ ਮਨ ਅਰਪਣ ਕਰਕੇ ਨਹੀਂ ਪਾਇਆ ਹੈ। ਇਕੁਰ ਦੇ ਵਡੇ ਕਰਮਾਂ ਵਾਲਿਆਂ ਗੁਰ ਸਿਖਾਂ ਨੂੰ ਮਾਇਆ ਦੇ ਵਿਚ ਹੀ ਗੁਰਾਂ ਨੇ ਵਿਆਪਕ ਵਾਹਿਗੁਰੂ ਦਾ ਰੂਪ ਬਣ ਕੇ ਆਪਣਾ ਆਪ ਵਿਖਾਇਆ ਹੈ।

ਕਬਿਤ—ਬਾਹਰ ਕੀ ਅਗਨਿ ਜਰੋਂ ਬੁਝੈ ਜਲ ਸਰਿਤਾ ਕੈ, ਨਾਉ ਮੈ ਜੋ ਆਗ ਲਾਗੈ ਕੈਸੇ ਕੈ ਬੁਝਾਈਐ ॥ ਬਾਹਰ ਸੈਂ ਭਾਗ ਓਟ ਲੀਜੀਅਤ ਕੋਟ ਗੜ, ਗੜ ਮੈ ਜੋ ਲੂਟ ਲੀਜੈ ਕਹੋ ਕਤ ਜਾਈਐ॥ ਚੋਰਨ ਕੈ ਤ੍ਰਾਸ ਜਾਇ ਸਰਨ ਨਰਿੰਦ ਗਹੈ, ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ॥ ਮਾਯਾ ਡਰ ਡਰਪਤ ਹਾਰ ਗੁਰਦਵਾਰੇ ਜਾਵੈ, ਤਹਾਂ ਜੋ ਬਿਆਪੈ ਮਾਯਾ ਕਹਾਂ ਠਹਿਰਾਈਐ॥ ੫੪੪॥

ਜਿਕੁਰ ਬਾਹਰ ਦੀ ਅੱਗ ਤਾਂ ਨਦੀ ਦੇ ਪਾਣੀ ਨਾਲ ਬੁਝ ਜਾਂਦੀ ਹੈ ਪਰ ਜੇ ਬੇੜੀ ਵਿਚ ਅੱਗ ਲਗ ਜਾਵੇ ਤਾਂ ਕਿਕੁਰ ਬੁਝਾਈਏ। ਬਾਹਰੋਂ ਭੱਜ ਕੇ ਪੱਕੇ ਕਿਲੇ ਦਾ ਆਸਰਾ ਲਈਏ ਪਰ ਜੇ ਕਿਲੇ ਵਿਚ ਹੀ ਕੋਈ ਲੁਟ ਲਵੇ ਤਾਂ ਦਸੋ ਖਾਂ ਕਿਧਰ ਜਾਈਏ? (ਜਿਕੁਰ) ਚੋਰਾਂ ਦੇ ਡਰ ਕਰਕੇ ਰਾਜੇ ਦੀ ਸ਼ਰਨ ਫੜੀਏ ਤੇ ਤਦ ਜੇ ਰਾਜਾ ਹੀ ਜਿੰਦ ਤੋਂ ਮਾਰ ਦੇਵੇ ਤਾਂ ਫਿਰ ਦਸੋ ਜੀਅ ਕਿਕੁਰ ਬਚਾਈਏ? ਤਿਕੁਰ ਹੀ ਮਾਇਆ ਦੇ ਡਰ ਨਾਲ ਡਰ ਕਰ ਹਾਰ ਕੇ ਗੁਰਦਵਾਰੇ ਜਾਵੇ (ਜੀਵ) ਤੇ ਤਦ ਜੇ ਓਥੇ ਹੀ ਉਸ ਜੀਵ ਨੂੰ ਮਾਇਆ ਆਨ ਨੱਪੇ ਤਾਂ ਕਹੋ ਖਾਂ ਕਿਸ ਜਗਾ ਖੜੋਈਏ?

ਕਬਿਤ—ਸ੍ਰਪ ਕੇ ਤ੍ਰਾਸ ਸ਼ਰਨ ਗਹੈ ਖਗਪਤਿ ਜਾਇ, ਤਹਾਂ ਜੋ ਸਰਪ ਗ੍ਰਸੈ ਕਹੋ ਕੈਸੇ ਕੀਜੀਐ ॥ ਜੰਬਕ ਸੋਂ ਭਾਗ ਮ੍ਰਿਗ ਰਾਜ ਕੀ ਸਰਨ ਗਹੈ, ਤਹਾਂ ਜੋ ਜੰਬਕ ਹਰੈ ਕਹੋ ਕਹਾਂ ਕੀਜੀਐ ॥ ਦਾਰਿਦ ਕੈ ਚਾਂਪੇ ਜਾਹਿ ਸਰਨ ਸੁਮੇਰ ਸਿੰਧ, ਤਹਾਂ ਜੌ ਦਾਰਿਦ੍ਰ ਦਹੈ ਕਾਹਿ ਦੋਸ਼ ਦੀਜੀਐ ॥ ਕਰਮ ਭਰਮ ਕੈ ਸ਼ਰਨ ਗੁਰਦੇਵ ਗਹੈ, ਤਹਾਂ ਨ ਮਿਟੈ ਕਰਮੁ ਕੌਨ ਓਟ ਲੀਜੀਐ ॥ ੫੪੫ ॥

(ਜਿਕੁਰ) ਜੇ ਸਪ ਦੇ ਡਰ ਕਰਕੇ ਗਰੜ ਦੀ ਸ਼ਰਨ ਜਾ ਫੜੇ (ਕੋਈ ਤੇ ਤਦ) ਜੇ ਓਥੇ ਸੱਪ ਹੀ ਖਾ ਲਵੇ ਦਸੋ ਖਾਂ ਭਲਾ ਕਿਕੁਰ ਜੀਵੀਏ ? (ਜਿਕੁਰ) ਗਿੱਦੜ ਪਾਸੋਂ ਨੱਸ ਕੇ ਸ਼ੇਰ ਦੀ ਸ਼ਰਨ ਫੜੇ ਤੇ ਤਦ ਜੇ ਸ਼ੇਰ ਹੀ ਓਥੇ ਮਾਰ ਸੁਟੇ ਤੇ ਤਦ ਫਿਰ ਦਸੋ ਖਾਂ ਭਲਾ ਕੀ ਕਰੀਏ ? ਕੰਗਾਲ ਪੁਣੇ ਦਾ ਨੱਪਿਆ ਹੋਇਆ ਆਦਮੀ ਜੇ ਸੋਨੇ ਦੇ ਪਹਾੜ ਤੇ ਸਮੁੰਦਰ ਦੀ ਸ਼ਰਨ ਚਲਾ ਜਾਵੇ ਜੇ ਫਿਰ ਵੀ ਦਰਿੱਦਰ ਸਾੜੇ ਤਾਂ ਫਿਰ ਕਿਸ ਨੂੰ ਦੋਸ਼ ਦੇਣਾ ਚਾਹੀਦਾ ਹੈ ? (ਤਿਕੁਰ ਹੀ) ਕਰਮਾਂ ਦੇ ਭਰਮਾਏ ਜੇ (ਜੀਵ) ਗੁਰਦੇਵ ਜੀ ਦੀ ਸ਼ਰਨ ਫੜਨ ਤੇ ਤਦ ਫਿਰ ਓਥੇ ਵੀ ਕਰਮ ਨਾ ਦੂਰ ਹੋਏ (ਤੇ ਤਾਂ ਫਿਰ) ਕਿਸ ਦੀ ਸ਼ਰਨ ਲੈਣ ਚਾਹੀਦੀ ਹੈ ?

ਕਬਿਤ—ਜੈਸੇ ਤੌ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੇ, ਹੰਸ ਮਰਜੀਵ ਨਿਰਭੈ ਪ੍ਰਸਾਦਿ ਪਾਵਈ ॥ ਜੈਸੇ ਪਰਬਤ ਹੀਰਾ ਮਾਨਿਕ ਪਾਰਸ ਸਿਧ, ਖਨਵਾਰਾ ਖਨਿ ਜਗ ਵਿਖੇ ਪ੍ਰਗਟਾਵਈ ॥ ਜੈਸੇ ਬਨ ਬਿਖੇ ਮਲਿਆਗਰ ਕਪੂਰ ਸੋਧਾ, ਸੋਧ ਕੇ ਸੁਬਾਸੀ ਸੁਬਾਸ ਬਿਹਸਾਵਈ ॥ ਤੈਸੇ ਗੁਰਬਾਨੀ ਬਿਖੇ ਸਕਲ ਪਦਾਰਥ ਹੈ, ਜੋਈ ਜੋਈ *ਖੋਜੈ ਸੋਈ ਸੋਈ ਨਿਪਜਾਵਈ ॥੫੪੬॥

---

*ਅੱਜ ਕਲ ਦੇ ਪੂਰੇ ਗੁਰਬਾਨੀ ਦੇ ਖੋਜੀ—

ਪਾਰਥ ਮ੍ਰਿਗਿੰਦ ਚੀਫ ਬਾਗੜੀਆਂ ਮਾਲਵੇਸ,
ਸੂਰਜ ਸਮਾਨ ਤੇਜ ਚਾਨਣ ਮੁਨਾਰਾ ਹੈ।
ਗੁਣੀ ਗਿਆਨੀਆਂ ਤੇ ਰਾਗੀਆਂ ਰਬਾਬੀਆਂ ਦਾ,
ਗੁਣਾਂ ਦਾ ਸਮੁੰਦਰ ਆਪ ਕਦਰਦਾਨ ਭਾਰਾ ਹੈ।

(ਬਾਕੀ ਪੰਨਾ ੩੨੪ ਪਰ ਵੇਖੋ)

ਜਿਕੁਰ ਸਾਰੀਆਂ ਹੀ ਨਿਧੀਆਂ ਸਮੁੰਦਰ ਵਿਚ ਭਰੀਆਂ ਹੋਈਆਂ ਹਨ, (ਵਾ ਸਮੁੰਦਰ ਨਦੀਆਂ ਨਾਲ ਭਰਿਆ ਹੋਇਆ ਹੈ) ਪਰਮ ਹੰਸ ਅਤੇ (ਮਰਜੀਵਾ) ਸਮੁੰਦਰ ਵਿਚ ਗੋਤੇ ਲਾਉਣ ਵਾਲਾ (ਜਿਸ ਨੇ ਸਵਾਸਾਂ ਦੇ ਰੋਕਣ ਦੀ ਸਾਧਨਾ ਕੀਤੀ ਹੋਈ ਹੈ) ਓਹ ਠੀਕ ਠੀਕ ਅਨੰਦ (ਓਹ ਰਤਨ ਆਦਿਕਾਂ ਦਾ) ਪਾ ਲੈਂਦੇ ਹਨ । ਜਿਕੁਰ ਪਹਾੜਾਂ ਵਿਚ ਹੀਰੇ, ਮਾਣਕ, ਪਾਰਸ ਹੁੰਦੇ ਹਨ ਸੋ ਸਿਧ (ਜਿਨ੍ਹਾਂ ਨੇ ਜੋਤਸ਼ ਆਦਿਕ ਨੂੰ) ਸਿਧ ਕੀਤਾ ਹੋਇਆ ਹੈ ਪਹਾੜਾਂ ਵਿਚੋਂ ਪਾਰਸ ਨੂੰ ਅਤੇ (ਖਨਿ) ਖਾਣਾਂ ਵਿਚੋਂ ਹੀਰੇ ਮਾਣਕਾਂ ਨੂੰ (ਖਨਵਾਰਾਂ) ਖਾਣ ਪੁਟਣ ਵਾਲੇ ਜਗਤ ਵਿਚ ਪ੍ਰਗਟਾ ਦਿੰਦੇ ਹਨ । ਜਿਕੁਰ ਬਨ ਵਿਚੋਂ ਚੰਦਨ ਕਪੂਰ ਸੁਗੰਧੀ ਵਾਲਿਆਂ ਨੂੰ ਚਿਟੇ ਵਾਸ਼ਨਾਂ ਦੀ ਪਛਾਣ, ਪਛਾਣ ਕੇ ਹੱਛੀ ਵਾਸ਼ਨਾਂ ਨੂੰ (ਜੋ ਮਹਿਕਾਵਈ) ਫੈਲਾ ਦਿੰਦਾ ਹੈ (ਨਹੀਂ ਤਾਂ ਹਸਾਉਂਦਾ ਹੈ) । ਤਿਕੁਰ ਹੀ ਗੁਰਬਾਣੀ ਵਿਚ ਸਾਰੇ ਹੀ ਪਦਾਰਥ ਹਨ (ਪਰ ਜਿਸ ਜਿਸ ਤਰ੍ਹਾਂ ਦਾ) ਜਿਹੜਾ ਜਿਹੜਾ ਖੋਜੇ ਸੋ ਸੋ ਪ੍ਰਗਟ ਕਰ ਸਕਦਾ ਹੈ ।

ਕਬਿਤ—ਪਰ ਤ੍ਰਿਯਾ ਦੀਰਘ ਸਮਾਨ ਲਘੁ ਜਾਵਦੇਕ, ਜਨਨਿ ਭਗਨਿ ਸੁਤਾ ਰੂਪ ਕੈ ਨਿਹਾਰੀਐ ॥ ਪਰ ਦੁਰਬਾਸਾ ਗਊ ਮਾਸ ਤੁਲ ਜਾਨੀ ਰਿਦੈ, ਕੀਜੈ ਨ ਸਪਰਸ ਅਪਰਸ ਸਿਧਾਰੀਐ ॥ ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤ ਪੋਤ, ਅਵਗੁਨ ਗੁਨ ਕਾਹੂ ਰਿਦੈ ਨ ਬਿਚਾਰੀਐ ॥ ਗੁਰ ਉਪਦੇਸ ਮਨ ਧਾਵਤ ਬਰਜ ਰਾਖੈ, ਪਰ ਤਨ ਧਨ ਪਰ ਦੂਖਨਾ ਨਿਵਾਰੀਐ ॥ ੫੪੭ ॥

ਜਿਤਨੀਆਂ ਕੁ ਪਰਾਈਆਂ ਇਸਤ੍ਰੀਆਂ ਹਨ, ਆਪ ਤੋਂ ਵਡੀ ਨੂੰ ਮਾਤਾ ਕਰਕੇ ਆਪਣੇ (ਸਮਾਨ) ਹਾਣ ਦੀ ਨੂੰ ਭੈਣ ਕਰਕੇ, ਆਪ ਤੋਂ ਛੋਟੀ ਨੂੰ ਧੀ ਦਾ ਰੂਪ ਕਰਕੇ ਵੇਖੋ । ਪਰਾਏ ਧਨ ਦੀ ਇਛਾ ਨੂੰ ਗਊ ਦੇ ਮਾਸ ਬਰਾਬਰ ਰਿਦੇ ਵਿਚ ਜਾਣ,

---

(ਪੰਨਾ ੩੨੩ ਦੀ ਬਾਕੀ)

ਸਾਰੀਆਂ ਰਿਆਸਤਾਂ ਦਾ ਗੁਰੂ ਹੈ ਬਿਆਸ ਵਾਂਗ,
ਪੰਥ ਗੁਰੂ ਖਾਲਸੇ ਦਾ ਭਾਈ ਵੀ ਪਿਆਰਾ ਹੈ ।
ਮੇਰਾ ਵੀ ਪਿਆਰਾ ਅਤੇ ਤੇਰਾ ਵੀ ਪਿਆਰਾ ਭਾਈ,
ਸੁੰਦਰ ਦੀਦਾਰਾ ਦੁਧ ਵਾਂਗ ਸਿੱਧਾ ਦਾੜ੍ਹਾ ਹੈ ।

(ਇਹਨਾਂ ਦੇ ਪਾਸ ਪੂਰਨ ਗੁਰਬਾਣੀ ਦੇ ਪਰੇਮੀ ਭਾਈ ਬੁਲੰਦ ਸਿੰਘ ਜੀ ਹਨ)

ਹਥ ਨਾ ਲਾਉਣਾ ਕਰੇ ਅਛੋਹਿ ਪਰੇ ਦੌੜ ਜਾਵੇ। ਸਾਰਿਆਂ ਜੀਵਾਂ ਦੇ ਹਿਰਦੇ ਵਿਚ ਵਿਆਪਕ ਵਾਹਿਗੁਰੂ ਤਾਣੇ ਪੇਟੇ ਵਾਂਗਰ ਆਪਣੀ ਜੋਤੀ ਕਰਕੇ ਪੂਰਨ ਹੋ ਰਿਹਾ ਹੈ, ਇਸ ਲਈ ਕਿਸੇ ਦਾ ਵੀ ਗੁਣ ਔਗੁਣ ਰਿਦੇ ਵਿਚ ਨਹੀਂ ਵਿਚਾਰਨਾ ਚਾਹੀਦਾ। ਤਿਕੁਰ ਹੀ ਗੁਰ ਉਪਦੇਸ਼ ਨੂੰ ਸੁਣ ਕੇ ਸਿਖ ਆਪਣੇ ਮਨ ਦੌੜਦੇ ਨੂੰ ਵਰਜ ਰਖੇ ਅਤੇ ਪਰਾਏ ਸਰੀਰ ਧਨ ਅਤੇ ਪਰਾਏ ਦੋਸ਼ ਨੂੰ ਹਟਾ ਦੇਵੇ।

ਕਬਿਤ—ਜੈਸੇ ਪ੍ਰਾਤ ਸਮੇ ਖਗ ਜਾਤ ਉਡ ਬਿਰਖ ਸੈਂ, ਬਹੁਰਾਇ ਬੈਠਤ ਬਿਰਖ ਹੀ ਪੈ ਆਇਕੈ ॥ ਚੀਟੀ ਚੀਟਾ ਬਿਲ ਸੇ ਨਿਕਸ ਧਰ ਗਵਨ ਕੈ, ਬਹੁਰੁ ਪੈਸਤ ਜੈਸੇ ਬਿਲ ਹੀ ਮੈ ਜਾਇਕੈ ॥ ਲਰਕਾ ਲਰੈ ਕੈ ਰੂਠ ਜਾਤ ਮਾਤ ਤਾਤ ਸਨ, ਭੂਖ ਲਾਗੇ ਤਜਾਗੇ ਹਠ ਆਵੈ ਪਛੁਤਾਇਕੈ ॥ ਤੈਸੇ ਗ੍ਰਿਹ ਤਜਾਗ ਭਾਗ ਯੁਵਤ ਉਦਾਸ ਬਾਸ, ਆਸਰੋ ਤਕਤ ਪੁਨਾ ਗ੍ਰਸਤ ਕੋ ਧਾਇਕੈ ॥੫੪੮॥

ਜਿਕੁਰ ਵਡੇ ਵੇਲੇ ਖਗ ਜਨੌਰ ਦਰਖਤ ਉਤੋਂ ਉਡ ਜਾਂਦੇ ਹਨ ਅਤੇ ਫਿਰ ਤ੍ਰਕਾਲਾਂ ਨੂੰ ਦਰਖਤ ਤੇ ਹੀ ਆ ਕੇ ਬਹਿੰਦੇ ਹਨ। ਕੀੜੀ ਕੀੜਾ ਰੁਡ ਵਿਚੋਂ ਨਿਕਲ ਕੇ ਧਰਤੀ ਉਤੇ ਫਿਰਦਾ ਹੈ ਅਤੇ ਫਿਰ ਰੁਡ ਵਿਚ ਹੀ ਜਾ ਕੇ ਵੜ ਜਾਂਦਾ ਹੈ। ਜਿਕੁਰ ਮਾਂ ਪਿਓ ਨਾਲ ਲੜਕਾ ਲੜ ਕੇ ਰੁਸ ਜਾਂਦਾ ਹੈ ਅਤੇ ਜਦ ਭੁਖ ਲਗਦੀ ਹੈ ਤਦ ਹਠ ਨੂੰ ਛਡ ਕੇ ਆਪੇ ਹੀ ਪਛਤਾ ਕੇ ਆ ਜਾਂਦਾ ਹੈ। ਤਿਕੁਰ ਹੀ ਭੇੜੇ ਸਾਧੂ ਕਿਸੇ ਗਲ ਤੋਂ ਉਦਾਸ ਹੋ ਕੇ ਅਤੇ ਘਰ ਵਿਚ ਇਸਤ੍ਰੀ ਨੂੰ ਛਡ ਕੇ ਬਨਬਾਸ ਨੂੰ ਦੌੜ ਜਾਂਦੇ ਹਨ ਅਤੇ ਫਿਰ ਮੁੜ ਕੇ ਗ੍ਰਿਹਸਤ ਦਾ ਹੀ ਆਸਰਾ ਦੌੜ ਕੇ ਤੱਕਦੇ ਹਨ।

ਕਬਿਤ—ਕਾਹੂੰ ਦਿਸਾ ਕੋ ਪਵਨ ਗਵਨ ਕੈ ਬਰਖਾ ਹੈ, ਕਾਹੂੰ ਦਿਸਾ ਕੋ ਪਵਨ ਬਾਦਰ ਬਿਲਾਤ ਹੈ॥ ਕਾਹੂੰ ਜਲ ਪਾਨ ਕੀਏ ਰਹਤ ਅਰੋਗ ਦੇਹੀ, ਕਾਹੂ ਜਲ ਪਾਨ ਬਜਾਪੈ ਬ੍ਰਿਥਾ ਬਿਲਲਾਤ ਹੈ॥ ਕਾਹੂੰ ਗ੍ਰਿਹ ਕੀ ਅਗਨ ਪਾਕ ਸਾਕ ਸਿਧ ਕਰੈ, ਕਾਹੂ ਗ੍ਰਿਹਿ ਕੀ ਅਗਨਿ ਭਵਨ ਜਰਾਤ ਹੈ॥ ਕਾਹੂ ਕੀ ਸੰਗਤ ਮਿਲ ਜੀਵਨ ਮੁਕਤਿ ਹੋਇ, ਕਾਹੂ ਕੀ ਸੰਗਤ ਮਿਲ ਜਮ ਪੁਰ ਜਾਤ ਹੈ ॥੫੪੯॥

ਕਿਸੇ ਦਿਸਾ ਵਲੋਂ ਪਵਨ ਆਵੇ ਤਾਂ ਬਰਖਾ ਹੁੰਦੀ ਹੈ ਅਤੇ ਕਿਸੇ ਦਿਸਾ ਵਲੋਂ ਪੌਣ (ਬਾਦਰ) ਬੱਦਲਾਂ ਨੂੰ ਉਡਾਉਂਦੀ ਚਲੀ ਆਉਂਦੀ ਹੈ। ਭਾਵ ਚੜ੍ਹਦੇ ਵਲੋਂ

ਹਵਾ ਵਗੇ ਤਾਂ ਬੱਦਲ ਉਡ ਜਾਂਦੇ ਹਨ ਅਤੇ ਜੇ ਪੂਰੇ ਪੱਛਮ ਦੇ ਵਲ ਹਵਾ ਵਗੇ ਤਾਂ ਬੱਦਲ ਆ ਜਾਂਦੇ ਹਨ । ਕਿਸੇ ਪਾਣੀ ਦੇ ਪੀਣ ਕਰਕੇ ਦੇਹੀ ਅਰੋਗ ਰਹਿੰਦੀ ਹੈ ਅਤੇ ਕਿਸੇ ਪਾਣੀ ਦੇ ਪੀਣ ਕਰਕੇ ਅਸਾਧ ਪੀੜ ਸਰੀਰ ਨੂੰ ਨੱਪ ਲੈਂਦੀ ਹੈ ਅਤੇ ਕਿਸੇ ਘਰ ਦੀ ਅੱਗ ਰਸੋਈ ਵਿਚ ਨਾਨਾ ਪ੍ਰਕਾਰ ਦੇ ਭੋਜਨ ਸਿਧ ਕਰਦੀ ਹੈ ਅਤੇ ਕਿਸੇ ਘਰ ਦੀ ਅੱਗ ਘਰਾਂ ਨੂੰ ਸਾੜਦੀ ਹੈ । ਕਿਸੇ ਦੀ ਸੰਗਤ ਨਾਲ ਮਿਲ ਕੇ ਜਿਊਂਦਿਆਂ ਹੀ ਆਦਮੀ (ਮੁਕਤਿ) ਸੁਖ ਨੂੰ ਪ੍ਰਾਪਤ ਹੁੰਦੇ ਹਨ ਅਤੇ ਕਿਸੇ ਦੀ ਸੰਗਤ ਨੂੰ ਮਿਲ ਕੇ ਜਮਾਂ ਦੇ ਪਿੰਡ ਨੂੰ ਜਾਂਦੇ ਹਨ ।

ਆਦਮੀ ਨਾਲੋਂ ਸਗੋਂ ਜਾਨਵਰ ਆਪਣਿਆਂ ੨ ਪਿਆਰਿਆਂ ਵਿਚ
ਅੱਛਾ ਪਰੇਮ ਕਰਦੇ ਹਨ—

ਕਬਿਤ—ਪ੍ਰੀਤਮ ਕੇ ਮੇਲ ਖੇਲ ਪ੍ਰੇਮ ਨੇਮ ਕੈ ਪਤੰਗ, ਦੀਪਕ ਪ੍ਰਗਾਸ ਜੋਤੀ ਜੋਤਿ ਹੂੰ ਸਮਾਵਈ ॥ ਸਹਜ ਸੰਜੋਗ ਅਰ ਬਿਰਹ ਬਿਯੋਗ ਬਿਖੈ, ਜਲ ਮਿਲ ਬਿਛੁਰਤ ਮੀਨ ਹ੍ਵੈ ਦਿਖਾਵਈ ॥ ਸਬਦ ਸੁਰਤਿ ਲਿਵ ਥਕਤ ਚਕਤ ਹੋਇ, ਸਬਦ ਬੇਧੀ ਕੁਰੰਗ ਜੁਗਤ ਏ ਜਤਾਵਈ ॥ ਮਿਲ ਬਿਛੁਰਤ ਅਰੁ ਸਬਦ ਸੁਰਤਿ ਲਿਵ, ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥੫੫੦॥

ਪਤੰਗਾ ਪਰੇਮ ਦਾ ਨੇਮ ਕਰਕੇ ਆਪਣੇ (ਪ੍ਰੀਤਮ) ਪਿਆਰੇ ਦੀਵੇ ਦੇ ਮੇਲ ਵਿਚ ਮਿਲ ਕੇ ਖੇਡਦਾ ਪ੍ਰਕਾਸ਼ ਵੇਖ ਕੇ ਅੰਤ ਨੂੰ ਵਿਚੇ ਹੀ ਸਮਾ (ਮਰ) ਜਾਂਦਾ ਹੈ । ਮੱਛੀ ਸਹਿਜੇ ਹੀ ਆਪਣੇ ਪਿਆਰੇ ਪਾਣੀ ਦੇ ਸੰਜੋਗ ਵਿਚ ਮਿਲ ਕੇ ਸੁਖੀ ਹੁੰਦੀ ਹੈ ਅਤੇ ਪਰੇਮ ਦੇ ਵਿਛੋੜੇ ਵਿਚ ਵਿਛੜ ਕੇ ਮੱਛੀ ਦੁਖੀ ਹੋ ਕੇ ਦਿਖਾਉਂਦੀ ਹੈ । ਹਰਨ ਘੰਡੇ ਹੇੜੇ ਦੇ ਸ਼ਬਦ ਦੀ ਸਰੋਤ ਵਿਚ ਬ੍ਰਿਤੀ ਨਾਲ ਸੁਣ ਕੇ ਤੇ ਚਕ੍ਰਿਤ ਹੋ ਕੇ ਥਕ ਜਾਂਦਾ ਹੈ ਪਰ ਫਿਰ ਜਾਨ ਦੇ ਦੇਂਦਾ ਹੈ ਅਤੇ ਤਦ ਘੰਡੇ ਹੇੜੇ ਦੇ ਸ਼ਬਦ ਨਾਲ ਵਿੰਨ੍ਹਿਆਂ ਜਾਣ ਵਾਲਾ ਅਖਵਾਉਂਦਾ ਹੈ । ਪਤੰਗੇ ਨੇ ਮਿਲ ਕੇ ਮਰ ਜਾਣਾ ਅਤੇ ਮੱਛੀ ਨੇ ਵਿਛੜ ਕੇ ਮਰ ਜਾਣਾ ਤੇ ਹਰਨ ਨੇ ਘੰਡੇ ਹੇੜੇ ਦੀ ਸੁਰੋਤ ਵਿਚ ਬ੍ਰਿਤੀ ਲਾ ਕੇ ਮਰ ਜਾਣਾ ਪਰ ਖੋਟੇ ਪਰੇਮ ਕਰਕੇ ਆਪਣੇ ਆਪ ਨੂੰ ਪਰੇਮੀ ਨਹੀਂ ਅਖਵਾਉਂਦੇ ।

ਕਬਿਤ—ਦਰਸਨ ਦੀਪ ਦੇਖ ਹੋਇ ਨ ਮਿਲੈ ਪਤੰਗ, ਪਰਚਾ ਬਿਹੂਨ ਗੁਰ ਸਿਖ ਨ ਕਹਾਵਈ ॥ ਸੁਨਤ ਸਬਦ ਧੁਨਿ ਹੋਇ ਨ ਮਿਲਤ ਮ੍ਰਿਗ, ਸਬਦ ਸੁਰਤਿ ਹੀਨ ਜਨਮੁ ਲਜਾਵਈ ॥ ਗੁਰ

ਚਰਨਾਮ੍ਰਿਤ ਕੈ ਚਾਤ੍ਰਿਕ ਨ ਹੋਇ ਮਿਲੈ, ਰਿਦੈ ਨ ਬਿਸ੍ਵਾਸ ਗੁਰ ਦਾਸ ਹ੍ਵੈ ਹਸਾਵਈ ॥ ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ, ਏਕ ਟੇਕ ਸਿਖ ਜਲ ਮੀਨ ਹ੍ਵੈ ਦਿਖਾਵਈ ॥੫੫੧॥

ਜਿਕੁਰ ਦੀਵੇ ਦਾ ਦਰਸ਼ਨ ਕਰਕੇ ਜਿਹੜਾ ਪਤੰਗਾ ਦੀਵੇ ਨਾਲ ਨਾ ਮਿਲੇ ਓਹ ਪਤੰਗਾ ਨਹੀਂ ਹੁੰਦਾ ਤਿਕੁਰ ਹੀ ਗੁਰਾਂ ਦੇ ਪਰਚੇ ਤੋਂ ਬਿਨਾਂ ਜਿਹੜਾ ਸਿਖ ਹੋਵੇ ਓਹ ਸਿਖ ਨਹੀਂ ਅਖਵਾਉਂਦਾ। ਜਿਕੁਰ ਜਿਹੜਾ ਹਰਨ ਘੰਡੇ ਹੇੜੇ ਦੀ ਅਵਾਜ਼ ਨੂੰ ਸੁਣ ਕੇ ਅਤੇ ਮਿਲ ਕੇ ਨਾਲ ਸ਼ਹੀਦ ਨਹੀਂ ਹੁੰਦਾ ਓਹ ਹਰਨ ਨਹੀਂ ਹੁੰਦਾ। ਇਕੁਰ ਹੀ ਜਿਹੜਾ ਸਿਖ ਗੁਰ ਸ਼ਬਦ ਦੀ (ਪ੍ਰੀਤੀ) ਸਰੋਤ ਤੋਂ ਹੀਨ ਹੈ ਓਹ ਸਿਖ ਨਹੀਂ ਹੁੰਦਾ ਅਤੇ ਉਹ ਬੇਮੁਖ ਆਪਣੇ ਜਨਮ ਨੂੰ ਲੱਜਾ ਲਗਾਉਂਦਾ ਹੈ। ਜਿਕੁਰ ਮੀਂਹ ਵਰ੍ਹਦਿਆਂ ਜਿਹੜਾ ਪਪੀਹਾ ਪਾਣੀ ਨਾ ਪੀਵੇ ਓਹ ਪਪੀਹਾ ਨਹੀਂ ਹੁੰਦਾ ਇਕੁਰ ਹ ਜਿਹੜਾ ਸਿਖ ਗੁਰਾਂ ਦੇ ਚਰਨਾਂ ਦੇ ਅੰਮ੍ਰਿਤ ਵਿਚ ਮਿਲ ਕੇ ਪਰੇਮ ਨਹੀਂ ਕਰਦਾ ਓਹ ਸਿਖ ਨਹੀਂ ਹੋ ਸਕਦਾ, ਕਿਉਂਕਿ ਓਸ ਦੇ ਰਿਦੇ ਵਿਚ ਭਰੋਸਾ ਨਹੀਂ ਹੁੰਦਾ। ਜਿਹੜੇ ਵਾਹਿਗੁਰੂ (ਸਚੇ ਸਰੂਪ) ਦੇ ਰੂਪ ਸਤਿਗੁਰਾਂ ਦੇ ਸਤਿਨਾਮ ਦੇ ਗਿਆਨ ਧਿਆਨ ਦੀ ਇਕ ਓਟ ਲੈਂਦੇ ਹਨ ਅਸਲੀ ਸਿਖ ਓਹ ਹਨ ਕਿ ਜਿਕੁਰ ਮੱਛੀ ਪਾਣੀ ਨਾਲ ਪ੍ਰੀਤੀ ਕਰ ਕੇ ਵਿਖਾਉਂਦੀ ਹੈ ਇਕੁਰ ਹੀ ਉਹ ਗੁਰਾਂ ਦੇ ਨਾਮ ਨਾਲ ਪ੍ਰੀਤੀ ਕਰ ਕੇ ਵਿਖਾਉਂਦੇ ਹਨ।

ਕਬਿਤ—ਉੱਤਮ ਮੱਧਿਮ ਅਰ ਅਧਮ ਤ੍ਰਿਬਿਧਿ ਜਗ, ਆਪਨੋ ਸੁਅੰਨ ਕਾਹੂ ਬੁਰੋ ਤੌ ਨ ਲਾਗ ਹੈ ॥ ਸਭ ਕੋਊ ਬਨਜ ਕਰਤ ਲਾਭ ਲਬਧ ਕੌ, ਆਪਨੇ ਬਿਓਹਾਰ ਭਲੋ ਜਾਨ ਅਨੁਰਾਗ ਹੈ ॥ ਤੈਸੇ ਆਪਨੇ ਆਪਨੇ ਇਸ਼ਟ ਚਾਹਤ ਸਭੈ, ਆਪਨੇ ਪਹਿਰੇ ਸਭ ਜਗਤ ਸੁਜਾਗ ਹੈ ॥ ਸ੍ਰੂਨ ਸਮਰਥ ਭਏ ਬਨਜ ਬਿਕਾਨੇ ਜਾਨੈ, ਇਸ਼ਟ ਪ੍ਰਤਾਪ ਅੰਤਕਾਲ ਅੱਗ੍ਰ ਭਾਗ ਹੈ ॥੫੫੨॥

ਉਤਮ, ਮੱਧਮ, ਅਧਮ ਤਿੰਨ ਤਰ੍ਹਾਂ ਦਾ ਜਗਤ ਹੈ ਪਰ ਆਪੋ ਆਪਣਾ ਪੁਤਰ ਕਿਸੇ ਨੂੰ ਵੀ ਬੁਰਾ ਨਹੀਂ ਲੱਗਦਾ। ਸਭ ਲੋਕੀਂ ਨਫੇ ਵਾਸਤੇ ਸੌਦਾ ਕਰਦੇ ਹਨ ਆਪੋ ਆਪਣਾ ਵਿਵਹਾਰ ਭਲਾ ਚੰਗਾ ਜਾਣ ਕੇ ਸਭ ਆਪੋ ਆਪਣੇ ਵਿਹਾਰ ਵਿਚ ਪਰੇਮ ਕਰਦੇ ਹਨ। ਤਿਕੁਰ ਹੀ ਆਪਣੇ ਆਪਣੇ ਪਿਆਰੇ ਧਰਮ ਨੂੰ ਸਭ ਚਾਹੁੰਦੇ ਹਨ ਅਤੇ ਆਪੋ ਆਪਣੇ ਪਹਿਰੇ ਵਿਚ ਸਾਰਾ ਜਗਤ ਜਾਗਦਾ ਹੈ। (ਜਿਸ ਦੇ ਘਰ

ਵਿਚ) ਪੁਤਰ ਤਕੜਾ ਤਿਆਰ ਬਰ ਤਿਆਰ ਹੋ ਜਾਵੇ ਵਣਜ ਦੇ ਜਾਨਣ ਵਿਕਾਉਣ ਵਿਚ ਤਾਂ ਉਹ ਕਿਸੇ ਪਾਸੋਂ ਧੋਖਾ ਨਹੀਂ ਖਾਂਦਾ ਇਕੁਰ ਹੀ ਆਪੋ ਆਪਣੇ (ਇਸ਼ਟ) ਪਿਆਰੇ ਧਰਮ ਦਾ ਪ੍ਰਤਾਪ ਅੰਤ ਨੂੰ ਮਰਨ ਲਗਿਆਂ ਅਗੇ ਹੁੰਦਾ ਹੈ।

ਕਬਿਤ—ਆਪਨੋ ਸੁਅੰਨ ਸਭ ਕਾਹੂਐ ਸੁੰਦਰ ਲਾਗੇ, ਸਫਲ ਸੁੰਦਰਤਾ ਸੰਸਾਰ ਮੈ ਸਰਾਹੀਐ॥ ਆਪਨੋ ਬਨਜੁ ਬੁਰੋ ਲਾਗਤ ਨ ਕਾਹੂ ਰਿਦੇ, ਜਾਹਿ ਜਗ ਭਲੋ ਕਹੈ ਸੋਈ ਤੌ ਬਿਸਾਹੀਐ॥ ਆਪਨੋ ਕਰਮ ਕੁਲਾ ਧਰਮ ਕਰਤ ਸਭੈ, ਉਤਮ ਕਰਮ ਲੋਗ ਬੇਦ ਅਵਗਾਹੀਐ॥ ਗੁਰ ਬਿਨੁ ਮੁਕਤਿ ਨ ਹੋਇ ਸਭ ਕੋਊ ਕਹੈ, ਮਾਯਾ ਮੈ ਉਦਾਸ ਰਾਖੈ ਸੋਈ ਗੁਰ ਚਾਹੀਐ ॥੫੫੩॥

ਆਪਣਾ ਪੁਤਰ ਸਭ ਕਿਸੇ ਨੂੰ ਹੱਛਾ ਲਗਦਾ ਹੈ ਪਰ ਸੁੰਦਰਤਾ ਸਫਲ ਸੋਈ ਹੈ ਜਿਸ ਨੂੰ ਸੰਸਾਰ ਵਿਚ ਸਲਾਹਿਆ ਜਾਵੇ। ਆਪਣਾ ਵਪਾਰ ਕਿਸੇ ਨੂੰ ਵੀ ਰਿਦੇ ਵਿਚ ਬੁਰਾ ਨਹੀਂ ਲੱਗਦਾ ਪਰ ਜਿਸ ਨੂੰ ਜਗਤ ਭਲਾ ਆਖੇ ਉਸ (ਸੌਦੇ ਨੂੰ) ਖਰੀਦਣਾ ਚਾਹੀਦਾ ਹੈ। ਆਪਣੀ ਕੁਲ ਦੇ ਧਰਮ ਦਾ ਕੰਮ ਸਾਰੇ ਹੀ ਕਰਨਾ ਹੱਛਾ ਆਖਦੇ ਹਨ ਪਰ ਉਤਮ ਕੰਮ ਓਹੋ ਹੀ ਹੈ ਜਿਸ ਨੂੰ ਲੋਕਾਂ ਅਤੇ ਵਡੇ ਵਡੇ ਵੇਦਾਂ ਵਤ ਪੁਸਤਕਾਂ ਵਿਚ ਮਹਾਤਮਾਂ ਨੇ ਵਿਚਾਰਿਆ ਹੋਵੇ। ਗੁਰਾਂ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ ਇਹ ਗਲ ਸਭ ਕੋਈ ਆਖਦਾ ਹੈ ਪਰ ਜਿਹੜਾ ਮਾਇਆ ਵਿਚ ਉਦਾਸ ਰਖੇ ਉਹ ਗੁਰੂ ਚਾਹੀਦਾ ਹੈ।

ਸਵੈਯਾ—ਵੇਦ ਬਿਰੰਚ ਬਿਚਾਰ ਨ ਪਾਵਤ, ਚੱਕ੍ਰਤ ਸੇਖ ਸ਼ਿਵਾਦ ਭਏ ਹੈ॥ ਜੋਗ ਜਮਾਦਿ ਅਰਾਧਤ ਨਾਰਦ, ਸਾਰਦ ਸ਼ੱਕ੍ਰ ਸਨਾਤ ਨਏ ਹੈ॥ ਆਦਿ ਅਨਾਦਿ ਅਗਾਧ ਅਗੋਚਰ, ਨਾਮ ਨਿਰੰਜਨ ਜਾਪ ਜਏ ਹੈ॥ ਸ੍ਰੀ ਗੁਰ ਦੇਵ ਸਮੇਵ ਸੁ ਸੰਗਤ, ਪੈਰਿ ਪਏ ਭਾਈ ਪੈਰਿ ਪਏ ਹੈ॥ ੫੫੪॥

ਬ੍ਰਹਮਾਂ ਵੇਦਾਂ ਨੂੰ ਵਿਚਾਰ ਦਾ ਵਾਹਿਗੁਰੂ ਦਾ ਅੰਤ ਨਹੀਂ ਪਾਉਂਦਾ ਅਤੇ ਸ਼ੇਸ਼ਨਾਗ ਤੇ ਸ਼ਿਵਜੀ ਆਦਿਕ ਹੈਰਾਨ ਹੀ ਹੋਏ ਰਹਿੰਦੇ ਹਨ ਭਾਵ ਸ਼ੇਸ਼ਨਾਗ ਹਜ਼ਾਰ ਮੂੰਹ ਕਰਕੇ ਅਤੇ ਸ਼ਿਵਜੀ ਹਜ਼ਾਰ ਹਜ਼ਾਰ ਵਰੇ ਦੀ ਤਾੜੀ ਕਰ ਕੇ ਵਾਹਿਗੁਰੂ ਦਾ ਅੰਤ ਨਹੀਂ ਪਾਉਂਦਾ। (ਜਿਸ ਵਾਹਿਗੁਰੂ ਨੂੰ) ਤਾੜੀ ਲਾ ਕੇ ਨਾਰਦ,

ਦੇਵੀ, ਇੰਦਰ ਬ੍ਰਹਮਾ ਦੇ ੪ ਪੁਤਰ (ਨਏ) ਨਵੀਂ (ਜਵਾਨ ਉਮਰ ਵਾਲੇ) ਅਤੇ ਜੋਗੀ ਜਨ ਜੋਗ ਕਰਕੇ (ਅਰਾਧਦੇ ਹਨ)। ਸਭ ਦਾ ਪਹਿਲ, ਹੋਰਨਾਂ ਦੇ ਪਹਿਲੋਂ ਦਾ, ਥਿਅੰਤ ਡੂੰਘਾ ਨੇਤ੍ਰ ਆਦਿਕ ਤੋਂ ਛਪਿਆ ਹੋਇਆ, ਜਿਹੜਾ ਮਾਇਆ ਤੋਂ ਰਹਿਤ ਵਾਹਿਗੁਰੂ ਹੈ ਉਸਦੇ ਨਾਮ ਦਾ ਉਪਰੋਕਤ ਸਾਰੇ ਜੈ ਜੈ ਕਾਰ ਕਰਕੇ ਜਾਪ ਜਪਦੇ ਹਨ। ਸੋ ਸੁਭਾਇਮਾਨ ਪ੍ਰਕਾਸ਼ ਸਰੂਪ ਵਾਹਿਗੁਰੂ ਦਾ ਰੂਪ ਗੁਰੂ ਨਾਨਕ ਜੀ ਸਾਧ ਸੰਗਤ ਵਿਚ ਸਮਾਇ ਹੋਏ ਹਨ ਓਸ ਦੀ ਦੋਹੀਂ ਪੈਰੀਂ ਪੈਂਦੇ ਹਾਂ।

ਕਬਿਤ—ਜੈਸੇ ਮਧੁ ਮਾਖੀ ਸੀਂਚ ਸੀਂਚ ਕੈ ਇਕੱਤ੍ਰ ਕਰੈ, ਹਰੈ ਮਧੁ ਆਇ ਤਾਂਕਿ ਮੁਖ ਛਾਰ ਡਾਰ ਕੈ॥ ਜੈਸੇ ਬੱਛ ਹੇਤ ਗਊ ਸੰਚਤ ਹੈ ਛੀਰ, ਤਾਂਹਿ ਲੇਤ ਹੈ ਅਹੀਰ ਦੁਹਿ ਬਛੁਰੇ ਬਿਟਾਰ ਕੈ॥ ਜੈਸੇ ਧਰ ਖੋਦ ਖੋਦ ਕਰ ਬਿਲ ਸਾਜੈ ਮੂਸਾ, ਪੈਸਤ ਸਰਪ ਧਾਇ ਖਾਇ ਤਾਹਿ ਮਾਰ ਕੈ॥ ਤੈਸੇ ਕੋਟ ਪਾਪ ਕਰ ਮਾਯਾ ਜੋਰ ਜੋਰ ਮੂੜ੍ਹ, ਅੰਤ ਕਾਲ ਛਾਡ ਚਲੇ ਦੋਨੋ ਕਰ ਝਾਰ ਕੈ॥ ੫੫੫॥

ਜਿਕੁਰ ਮਾਖਿਓ ਦੀ ਮੱਖੀ ਸ਼ਹਿਤ ਨੂੰ ਥੋਹੜਾ ਥੋਹੜਾ ਸਿੰਜ ਸਿੰਜ ਕੇ ਇਕੱਠਾ ਕਰਦੀ ਹੈ ਅਤੇ ਉਸ ਮੱਖੀ ਦੇ ਮੂੰਹ ਵਿਚ ਸੁਆਹ ਪਾ ਕੇ ਸ਼ਹਿਤ ਲੈਣ ਵਾਲਾ ਆ ਕੇ ਓਹਨਾਂ ਮੱਖੀਆਂ ਨੂੰ ਮਾਰ ਕੇ ਖੋਹ ਲੈਂਦਾ ਹੈ। ਜਿਕੁਰ ਗਾਂ ਵਛੇ ਵਾਸਤੇ ਦੁਧ ਇਕੱਠਾ ਕਰਦੀ ਹੈ ਅਤੇ ਗੁਜਰ ਵਛੇ ਨੂੰ ਹਟਾ ਕੇ ਤਿਸ ਗਊ ਨੂੰ ਚੋ ਲੈਂਦੇ ਹਨ। ਜਿਕੁਰ ਧਰਤੀ ਪੁਟ ਪੁਟ ਕੇ ਚੂਹਾ ਖੁਡ ਬਣਾਉਂਦਾ ਹੈ ਅਤੇ ਸੱਪ ਉਸ ਵਿਚ ਦੌੜ ਕੇ ਵੜ ਜਾਂਦਾ ਹੈ ਅਤੇ ਉਸ ਚੂਹੇ ਨੂੰ ਮਾਰ ਖਾਂਦਾ ਹੈ। ਤਿਕੁਰ ਹੀ ਮੂਰਖ ਆਦਮੀ ਕਰੋੜਾਂ ਪਾਪ ਕਰਕੇ ਮਾਇਆ ਨੂੰ ਜੋੜ ਕੇ ਅੰਤ ਦੇ ਵੇਲੇ ਦੋਵੇਂ ਹਥ ਝਾੜ ਕੇ ਚਲੇ ਜਾਂਦੇ ਹਨ।

ਕਬਿਤ—ਜਾਂਕੇ ਏਕ ਫਨਿ ਅਗ੍ਰ ਭਾਗ ਹੈ ਧਰਣ ਧਾਰੀ, ਤਾਂਹਿ ਗਿਰਧਰ ਕਹੈ ਕੌਨ ਸੀ ਬਡਾਈ ਹੈ॥ ਜਾਂਕੋ ਏਕ ਬਾਵਰੋ ਹੂ ਪਸੂਨਾਥ ਨਾਮ ਕਹੈ, ਤਾਂਹਿ ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ॥ ਅਨਿਕ ਅਕਾਰ ਓਅੰਕਾਰ ਕੈ ਬਿਥਾਰ ਤਾਂਹਿ, ਨੰਦ ਕੇ ਨੰਦਨ ਕਹੇ ਕੌਨ ਪ੍ਰਭੁਤਾਈ ਹੈ॥ ਜਾਨੈ ਉਸਤਤਿ ਔਰ ਕਰਤ ਹੈ ਨਿੰਦਾ ਮੂੜ੍ਹ, ਐਸੇ ਹੀ ਅਰਾਧਬੇ ਤੇ ਮੌਨ ਸੁਖਦਾਈ ਹੈ॥ ੫੫੬॥

ਜਿਸ ਦੀ ਇਕ ਫਣ ਅਗੇ ਧਰਤੀ ਢੁਕੀ ਹੋਈ ਹੈ ਤਿਸ ਨੂੰ ਪਹਾੜ ਚੁਕਣ ਵਾਲਾ ਆਖ ਦਈਏ ਤਾਂ ਉਸ ਦੀ ਕੀ ਉਪਮਾ ਹੁੰਦੀ ਹੈ ? ਜਿਸ ਦਾ ਇਕ ਬੋਂਗ ਸਾਰੇ ਸੰਸਾਰ ਦਾ ਸੁਆਮੀ ਇਕਰਦਾ ਨਾਮ ਕਹਿੰਦਾ ਹੈ ਤਿਸ ਨੂੰ ਤੁਸੀਂ ਇਕ ਬ੍ਰਿਜ ਪਿੰਡ ਦਾ ਸੁਆਮੀ ਆਖਦੇ ਹੋ ਇਸ ਵਿਚ ਉਹਦੀ ਕੀ ਅਧਿਕਤਾ ਹੈ ? ਜਿਸ ਵਾਹਿਗੁਰੂ ਦੇ ਅਕਾਰ (ਸਰੂਪ) ਦੇ ਬਾਹਲੇ ਸਾਰੇ ਫੈਲਾਉ ਹਨ, ਉਸ ਨੂੰ ਨੰਦ ਬਾਬੇ ਦਾ ਨੰਦਨ (ਪੁਤਰ) ਕਿਹਾਂ ਹੋਇਆਂ ਉਸ ਦੀ ਕਿਹੜੀ ਪ੍ਰਭਤਾਈ ਹੈ।

ਹੇ ਲੋਕੋ ! ਤੁਸੀਂ ਆਖਦੇ ਹੋ ਅਸੀਂ ਕ੍ਰਿਸ਼ਨ ਜੀ ਦੀ ਉਸਤਤ ਕਰਦੇ ਹਾਂ। ਪਰ ਉਸਦੀ ਕਰਦੇ ਤੁਸੀਂ ਨਿੰਦਿਆ ਹੋ, ਇਸ ਲਈ ਇਕੁਰ ਦੇ ਅਰਾਧਣ ਤੋਂ ਤੁਸੀਂ ਚੁਪ ਕਰ ਰਹੋ ਤਾਂ ਹੱਛੀ ਹੈ।

⁂ ਕਬਿੱਤ ਸਵੱਈਏ ਟੀਕਾ ਸੰਪੂਰਨ ⁂



ਪਹਿਲੀ ਵਾਰ ੧੯੧੧, ਦੂਸਰੀ ਵਾਰ ੧੯੨੧, ਤੀਸਰੀ ਵਾਰ ੧੯੪੬
ਚੌਥੀ ਵਾਰ ੧੯੫੨, ਪੰਜਵੀਂ ਵਾਰ ੧੯੬੭।

(ਟੀਕਾਕਾਰ–ਬਿਸ਼ਨ ਸਿੰਘ ਗਿਆਨੀ, ਖਾਲਸਾ ਕਾਲਜ ਅੰਮ੍ਰਿਤਸਰ)



ਲੋਕ ਸੇਵਕ ਪ੍ਰੈਸ ਜੀ. ਟੀ. ਰੋਡ ਛੇਹਰਟਾ ਵਿਖੇ ਛਪੇ।

ਪ੍ਰਿੰਟਰ–ਸ੍ਰ: ਕ੍ਰਿਪਾਲ ਸਿੰਘ

[illegible] ২২৭

[illegible] ২৯৫

[illegible] ১৫৭

[illegible]

[illegible] ৩০৭

[illegible] ১১৫

ਸ਼੍ਰੋਮਣੀ ਸੰਪ੍ਰਦਾਈ ਟਕਸਾਲ ਦੇ ਸਟੀਕ ਗ੍ਰੰਥ

ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਸਿ

ਸ੍ਰੀ ਮਾਨ ਵਿਦਿਆ ਮਾਰਤੰਡ, ਗਿਆਨੀ ਕ੍ਰਿਪਾਲ ਸਿੰਘ ਜੀ

ਦੀ ਅਲੌਕਿਕ ਕਲਮ ਤੋਂ ਲਿਖੀਆਂ ਹੋਈਆਂ ਪੁਸਤਕਾਂ:-

ਸ੍ਰੀ ਅਮੀਰ ਭੰਡਾਰ ਅਰਥਾਤ ਸ੍ਰੀ ਜਪੁਜੀ ਸਾਹਿਬ ਸਟੀਕ

ਰਹਿਰਾਸ; ਕੀਰਤਨ ਸੋਹਿਲਾ ਉਥਾਨਕਾਂ ਪ੍ਰਮਾਣ ਤੇ ੧੨੨ ਸਾਖੀਆਂ ਸਹਿਤ
ਕਥਾ ਤੇ ਮਹਾਤਮ ਸਮੇਤ, ਸੰਪ੍ਰਦਾਈ ਟੀਕਾ ਕਪੜਾ ਜਿਲਦ ਭੇਟਾ ੧੪) ਸਾਦਾ ੧੨)

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਸੈਂਚੀ ਪਹਿਲੀ)

ਜਪੁਜੀ ਸਾਹਿਬ, ਰਹਿਰਾਸ ਕੀਰਤਨ ਸੋਹਿਲਾ ਭੇਟਾ ੧੨)

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਸੈਂਚੀ ਦੂਜੀ)

ਜਿਸ ਵਿਚ ਸ੍ਰੀ ਰਾਗ—ਮਾਝ ਰਾਗ ਦਾ ਮੁਕੰਮਲ ਟੀਕਾ ਹੈ। ਭੇਟਾ ੧੮)

ਸ੍ਰੀ ਆਸਾ ਜੀ ਦੀ ਵਾਰ

ਦਾ ਛਕੇ ਛੰਦ ਨੌਧੁਨਾ, ਸਤੇ ਬਲਵੰਡ ਦੀ ਵਾਰ ਅਰਥਾਤ ਟਿਕੇ ਦੀ ਵਾਰ
ਉਥਾਨਕਾਂ ਪ੍ਰਮਾਣਾਂ ਤੇ ਸਾਖੀਆਂ ਸਹਿਤ ਸੰਪ੍ਰਦਾਇਕ ਟੀਕਾ। ਭੇਟਾ ੫)

ਜ਼ਫਰਨਾਮਹ ਸਟੀਕ

ਸ੍ਰੀ ਦਸਮ ਪਾਤਸ਼ਾਹ ਜੀ ਦੀ ਔਰੰਗਜ਼ੇਬ ਵੱਲ ਫਤਹ ਦੀ ਚਿੱਠੀ
ਸਮੇਤ ਬਾਰਾਂ ਹਕਾਯਤਾਂ ਦਾ ਠੇਠ ਪੰਜਾਬੀ ਬੋਲੀ ਵਿਚ ਸੰਪ੍ਰਦਾਈ ਟੀਕਾ। ਭੇਟਾ ੫)

ਅਨੰਦ ਸਾਗਰ:- ਅਰਥਾਤ

ਅਨੰਦ ਸਾਹਿਬ, ਰਾਮਕਲੀ ਸੱਦ ਸਹੰਸਰ ਨਾਮਾ, ਅਲਹ ਅਗਮ ਖੁਦਾਈ ਬੰਦੇ ਦਾ
ਵਿਸਥਾਰ ਪੂਰਬਕ ਵਿਚਾਰ ਉਥਾਨਕਾਂ ਪ੍ਰਮਾਣਾਂ, ਸਾਖੀਆ ਸੰਯੁਕਤ ਸੰਪ੍ਰਦਾਈ ਟੀਕਾ। ਭੇਟਾ ੫

ਸ੍ਰੀ ਅਮੀਰ ਸਿਧਾਂਤ ਅਰਥਾਤ ਸੰਪ੍ਰਦਾ[illegible]ਭਗਤ ਬਾਨੀ ਸਟੀਕ

ਪਹਿਲਾ ਭਾਗ-ਸ੍ਰੀ ਰਾਗ ਤੋਂ ਲੈ ਕੇ ਗੌਂਡ ਰਾਗ ਤਕ ਭੇਟਾ ੧੫)
ਦੂਜਾ ਭਾਗ-ਰਾਮਕਲੀ ਤੋਂ ਲੈ ਕੇ ਚਉਬੋਲੇ ਤਕ ਭੇਟਾ ੧੨)
ਤੀਜਾ ਭਾਗ-ਰਾਮਕਲੀ ਤੋਂ ਲੈ ਕੇ ਰਾਗ ਮਾਲਾ ਤਕ ਭੇਟਾ ੧੫)
ਦਸਾਂ ਗੁਰੂਆਂ ਦੀ ਬੰਸਾਵਲੀ ਤੇ ਲਾਭਦਾਇਕ ਗਿਣਤੀ

ਮੰਗਾਉਣ ਦਾ ਪਤਾ—ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ